# ਗੁਰੂ ਰਾਮਦਾਸ-ਕਾਵਿ ਦਾ ਆਲੋਚਨਾਤਮਕ ਅਧਿਐਨ

# CRITICAL STUDY OF THE POETRY OF GURU RAM DASS

**A THESIS**

SUBMITTED TO THE PANJAB UNIVERSITY

FOR THE AWARD OF

**Doctor of Philosophy**

IN THE FACULTY OF LANGUAGES

**1981**


Superviby :

**Dr. S. KOHLI**

M./ng. and Pbi.), Ph.D.

FormerProf. and Head,
Depart of Panjabi
Panjabversity Chandigarh

Submitted by :

**DEVINDER SINGH**

Lecturer in Panjabi

Directorate of Correspondence
Courses
Panjab University Chandigarh

# ਆਤਮ - ਕਥਨ

ਗੁਰਬਾਣੀ ਨਾਲ ਮੇਰੀ ਸ਼ਰਧਾਪੂਰਣ ਸਾਂਝ ਉਦੋਂ ਦੀ ਹੈ ਜਦੋਂ ਦੀ ਮੈਂ ਹੋਸ਼ ਸੰਭਾਲੀ ਹੈ। ਆਪਣੇ ਸਵਰਗਵਾਸੀ ਪਿਤਾ ਜੀ ਦਾ ਗੁਰਬਾਣੀ ਪ੍ਰਤੀ ਅਥਾਹ ਪ੍ਰੇਮ ਅਤੇ ਉਨ੍ਹਾਂ ਦੀ ਬਾਣੀ ਦੇ ਭਾਵਾਂ ਨੂੰ ਮਨ ਅੰਦਰ ਡੂੰਘੇ ਲਾਹੁਣ ਦੀ ਬਿਰਤੀ, ਮੇਰੇ ਅੰਦਰ ਕਿਤੇ ਸੰਸਕਾਰ ਬਣੀ ਬੈਠੀ ਸੀ। ਜਦੋਂ ਮੈਂ ਇਸ ਦੁਰਗਮ, ਪਰ ਕਦਮ ਕਦਮ ਤੇ ਆਨੰਦ ਦੇਣ ਵਾਲੇ ਮਾਰਗ ਦੀ ਆਪਣੀ ਰੁਚੀ ਬਾਰੇ ਖਿਆਲ ਸਤਿਕਾਰਯੋਗ ਡਾ. ਸੁਰਿੰਦਰ ਸਿੰਘ ਕੋਹਲੀ ਨਾਲ ਸਾਂਝੇ ਕੀਤੇ ਤਾਂ ਉਨ੍ਹਾਂ ਦੇ ਉਤਸ਼ਾਹਵਰਧਕ ਹੁੰਗਾਰੇ ਨੇ ਹਲਾਸ਼ੇਰੀ ਦੇ ਕੇ, ਮੈਨੂੰ ਇਸ ਪਾਸੇ ਵਲ ਤੋਰ ਦਿਤਾ। ਜਿਉਂ ਜਿਉਂ ਇਸ ਵਿਸ਼ੇ ਪ੍ਰਤੀ ਸੰਲਗਨਤਾ ਵਧਦੀ ਗਈ, ਗੁਰੂ ਰਾਮਦਾਸ - ਕਾਵਿ ਦੇ ਅਥਾਹ ਗੁਣਾਂ ਨਾਲ ਪਰਿਚੈ ਹੋਇਆ। ਆਪਣੇ ਵਿਰਸੇ ਨਾਲ ਇਹ ਪਹਿਚਾਨ ਮੇਰੇ ਲਈ ਨਿਜੀ ਤੌਰ ਤੇ ਵਰਦਾਨ ਸਾਬਤ ਹੋਈ ਹੈ, ਕਿਉਂਕਿ ਅਧਿਅਨ-ਮਗਨਤਾ ਦੀਆਂ ਕੁਝ ਵਿਸ਼ੇਸ਼ ਘੜੀਆਂ ਵਿਚ, 'ਗੁਰੂ ਰਾਮਦਾਸ-ਬਾਣੀ' ਦੀ ਰਚਨਾ ਦੇ ਵਹਾਉ ਨੇ ਅੰਮ੍ਰਿਤ-ਆਨੰਦ ਦੇ ਕੇ ਰੂਹ ਨੂੰ ਠਾਰਿਆ ਹੈ।

ਗੁਰੂ ਰਾਮਦਾਸ ਜੀ ਦੀ ਸਾਰੀ ਰਚਨਾ ਦਾ ਆਧਾਰ ਮੈਂ ਸ਼ਬਦਾਰਥ — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਹੀ ਬਣਾਇਆ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਦੇ ਵਿਵਧ ਪੱਖਾਂ ਬਾਰੇ ਖੋਜ ਕਰਨ ਦਾ ਇਹ ਉਪਰਾਲਾ ਹੈ। ਇਸ ਅਧਿਅਨ ਨੂੰ ਮੈਂ ਮੁਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਜੀਵਨ ਅਤੇ ਕਾਲ ਹੈ। ਇਸ ਅਧਿਆਇ ਵਿਚ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ, ਰਚਨਾ ਬਿਉਰਾ ਅਤੇ ਇਤਿਹਾਸਕ, ਸਮਾਜਕ ਪ੍ਰਸਥਿਤੀਆਂ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ। ਦੂਜੇ ਭਾਗ ਵਿਚ ਧਰਮ ਅਤੇ ਵਿਚਾਰ ਦੇ ਪੱਖ ਨੂੰ ਸਾਹਮਣੇ ਰੱਖਿਆ ਗਿਆ ਹੈ। ਤੱਤ੍ਵ-ਮੀਮਾਂਸਾ, ਨੀਤੀ ਸ਼ਾਸਤਰ ਅਤੇ ਰਹੱਸਵਾਦ ਵਰਗੇ ਨਿਰੋਲ ਵਿਚਾਰਾਤਮਕ ਅਧਿਅਨ ਕਰਨ ਦਾ ਇਹ ਪਹਿਲਾ ਨਿਮਾਣਾ ਯਤਨ ਹੈ। ਮੈਂ ਇਸ ਪੱਖੋਂ ਚੇਤੰਨ ਸਾਂ ਕਿ ਗੁਰੂ ਰਾਮਦਾਸ ਜੀ ਦੀ ਕਵਿਤਾ ਬਾਰੇ ਜਿਹੜਾ ਵੀ ਪਹਿਲਾਂ ਕੋਈ ਯਤਨ ਹੋਇਆ ਹੈ, ਉਸ ਨਾਲ ਇਹ ਪੱਖ ਇਤਨਾ ਸਪਸ਼ਟ ਉਘੜ ਕੇ ਸਾਹਮਣੇ ਨਹੀਂ ਆ ਸਕਿਆ, ਜਿਤਨਾ ਇਸ ਨੂੰ ਆਉਣਾ ਚਾਹੀਦਾ ਸੀ।

ਤੀਜੇ ਭਾਗ ਦੇ ਅੰਤਰਗਤ ਗੁਰੂ ਸਾਹਿਬ ਦੇ ਕਾਵਿ ਦੇ ਸ਼ਿਲਪ-ਵਿਧਾਨ ਦਾ ਅਧਿਅਨ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਦੀ ਕਾਵਿ-ਕਲਾ ਦੇ ਪ੍ਰਮੁਖ ਅੰਗਾਂ — ਭਾਸ਼ਾ, ਸੰਗੀਤ, ਛੰਦ, ਕਾਵਿ-ਰੂਪ, ਅਲੰਕਾਰ, ਰਸ, ਬਿੰਬ ਅਤੇ ਪ੍ਰਤੀਕ ਦਾ ਵਿਵਧ-ਪਖੀ ਅਧਿਅਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ ਰਾਮਦਾਸ ਜੀ ਦੀ ਕਵਿਤਾ ਦੇ ਹਰ ਪਖ ਦੀ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਨਾਲ ਇਕ ਸਾਂਝ ਪੁਆਈ ਜਾ ਸਕੇ।

ਮੈਂ ਧੰਨਵਾਦੀ ਹਾਂ ਆਪਣੇ ਪਥ-ਪ੍ਰਦਰਸ਼ਕ ਡਾ. ਸੁਰਿੰਦਰ ਸਿੰਘ ਕੋਹਲੀ ਦਾ, ਜਿਨ੍ਹਾਂ ਦੀ ਸੁਯੋਗ ਅਗਵਾਈ ਥਲੇ ਇਸ ਕੰਮ ਨੂੰ ਸਿਰੇ ਚਾੜ੍ਹ ਸਕਿਆ ਹਾਂ। ਮੈਂ ਧੰਨਵਾਦੀ ਹਾਂ ਡਾ. ਵਿਸ਼ਵਾਨਾਥ ਤਿਵਾੜੀ ਦਾ, ਜਿਨ੍ਹਾਂ ਦੀ ਸਮੇਂ ਸਮੇਂ ਸਿਰ ਮਿਲਦੀ ਪ੍ਰੇਰਣਾ ਨਾਲ ਹਮੇਸ਼ਾਂ ਉਤਸ਼ਾਹ ਦੇ ਭਾਵ ਬਣੇ ਰਹੇ। ਡਾ. ਨਰੇਸ਼ ਅਤੇ ਡਾ. ਮਨਮੋਹਨ ਸਿੰਘ ਦਾ ਮੈਂ ਨਿਜੀ ਤੌਰ ਤੇ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਦੇ ਸੁਹਿਰਦ ਸੁਝਾਵਾਂ ਦਾ ਇਸ ਸ਼ੋਧ-ਪ੍ਰਬੰਧ ਨੂੰ ਨਿਸ਼ਚਿਤ ਰੂਪ ਦੇਣ ਵਿਚ ਵੱਡਾ ਹਿੱਸਾ ਹੈ। ਮੈਂ ਸ਼ੁਕਰ-ਗੁਜ਼ਾਰ ਹਾਂ, ਉਹਨਾਂ ਵਿਦਵਾਨ ਲੇਖਕਾਂ ਦਾ ਜਿਨ੍ਹਾਂ ਦੀਆਂ ਰਚਨਾਵਾਂ ਦੇ ਗਿਆਨ ਦਾ ਆਧਾਰ ਲੈ ਕੇ ਮੈਂ ਇਸ ਅਧਿਐਨ ਨੂੰ ਇਕ ਰੂਪ ਦੇ ਸਕਿਆ ਹਾਂ। ਅੰਤ ਵਿਚ ਮੈਂ ਧੰਨਵਾਦੀ ਹਾਂ ਆਪਣੀ ਪਤਨੀ ਕੁਲਦੀਸ਼ ਦਾ, ਜਿਨ੍ਹਾਂ ਨੇ ਇਸ ਸ਼ੋਧ-ਪ੍ਰਬੰਧ ਦੀ ਸੁਧਾਈ ਵਿਚ ਮੇਰੀ ਮਦਦ ਕੀਤੀ।

ਦੇਵਿੰਦਰ ਸਿੰਘ

(ਦੇਵਿੰਦਰ ਸਿੰਘ)

# ਤ ਤ ਕ ਰਾ


**ਪ੍ਰਵੇਸ਼ਿਕਾ।** ਪੰ. ੧ ਤੋਂ ਪੰ. ੯

ਵੈਸ਼ਨਵ ਸੰਪਰਦਾ— ਪੁਸ਼ਟੀ ਮਾਰਗ, ਬ੍ਰਹਮ ਸੰਪਰਦਾ, ਨਿੰਬਾਰਕ ਸੰਪਰਦਾ, ਚੈਤੰਨਯ ਸੰਪਰਦਾ; ਸ਼ੈਵਮਤ — ਲਿੰਗਾਇਤ ਸੰਪਰਦਾ, ਯੋਗ ਸੰਪਰਦਾ; ਸੂਫ਼ੀਮਤ; ਨਿਰਗੁਣ ਵਿਚਾਰਧਾਰਾ; ਗੁਰੂ ਨਾਨਕ ਦੇਵ ਜੀ ਦੀ ਭਗਤੀ ਅੰਦੋਲਨ ਨੂੰ ਦੇਣ।

**ਅਧਿਆਇ I — ਗੁਰੂ ਰਾਮਦਾਸ : ਜੀਵਨ, ਰਚਨਾ ਅਤੇ ਕਾਲ** ਪੰ. ੧੦ ਤੋਂ ਪੰ. ੫੧

1. ਜੀਵਨ: ਜਨਮ ਤੇ ਮੁਢਲਾ ਜੀਵਨ, ਪ੍ਰਸਥਿਤੀਆਂ ਅਤੇ ਪ੍ਰਭਾਵ, ਸ਼ਖ਼ਸੀਅਤ ਦਾ ਵਿਕਾਸ ਬੀਬੀ ਭਾਨੀ ਨਾਲ ਸ਼ਾਦੀ, ਗੁਰ-ਭਗਤੀ ਅਤੇ ਸੇਵਾ, ਅਕਬਰ ਦੇ ਦਰਬਾਰ ਵਿਚ ਜਾਣਾ, ਲੋਕ- ਕਲਿਆਣ ਹਿਤ ਤੀਰਥ ਯਾਤਰਾ, ਸੰਤੋਖਸਰ ਦੀ ਖੁਦਾਈ ਦਾ ਆਰੰਭ, ਅੰਮ੍ਰਿਤਸਰ ਦੀ ਸਥਾਪਨਾ, ਗੁਰ-ਗੱਦੀ, ਬੀਬੀ ਭਾਨੀ ਦੀ ਸ਼ਖ਼ਸੀਅਤ, ਸੰਤਾਨ।
   ਸ਼ਖ਼ਸੀਅਤ: ਨਿਮ੍ਰਤਾ ਦੇ ਪੁੰਜ ਤੇ ਸ੍ਰੇਸ਼ਟ ਸੇਵਾਦਾਰ, ਸਹਿਨਸ਼ੀਲ, ਮਹਾਨ ਸੰਤ, ਸਮਾਜ ਸੁਧਾਰਕ, ਰਾਮਦਾਸਪੁਰ (ਅੰਮ੍ਰਿਤਸਰ) ਨੂੰ ਵਪਾਰਕ ਕੇਂਦਰ ਬਣਾਉਣਾ, ਮਸੰਦਾਂ ਦੀ ਪ੍ਰਥਾ ਤੋਰਨੀ, ਇਤਿਹਾਸਕਾਰ, ਮਹਾਨ ਕਵੀ ਅਤੇ ਸੰਗੀਤਕਾਰ।
2. ਰਚਨਾ ਬਿਓਰਾ: ਗੁਰੂ ਰਾਮਦਾਸ ਜੀ ਅਤੇ ਗੁਰਬਾਣੀ ਪਰੰਪਰਾ, ਰਚਨਾਕਾਲ, ਰਾਗਾਂ ਅਨੁਸਾਰ ਰਚਨਾ, ਰਾਗ-ਪ੍ਰਣਾਲੀ ਵਿਚ ਵਾਧਾ, ਭਿੰਨ ਭਿੰਨ ਕਾਵਿ ਰੂਪਾਂ ਵਿਚ ਰਚਨਾ, ਪ੍ਰਮੁਖ ਵਾਰਕਾਰ, ਕੁਲ ਰਚਨਾ ਦਾ ਵੇਰਵਾ।
3. ਇਤਿਹਾਸਕ, ਰਾਜਨੀਤਕ ਅਤੇ ਸਮਾਜਕ ਪ੍ਰਸਥਿਤੀਆਂ : ਇਤਿਹਾਸਕ ਪਿਠ-ਭੂਮੀ, ਰਾਜਨੀਤਕ ਅਵਸਥਾ, ਅਕਬਰ ਦੀ ਨੀਤੀ, ਸਮਾਜਕ ਅਵਸਥਾ, ਗੁਰੂ ਰਾਮਦਾਸ ਜੀ ਦੀ ਦੇਣ।

**ਅਧਿਆਇ II — ਤੱਤ੍ਵ-ਮੀਮਾਂਸਾ** ਪੰ. ੫੨ ਤੋਂ ਪੰ. ੬੩

ਤੱਤ੍ਵ - ਮੀਮਾਂਸਾ ਅਤੇ ਇਸਦੇ ਭੇਦ, ਤੱਤ੍ਵ-ਮੀਮਾਂਸਾ ਅਤੇ ਵਿਗਿਆਨ।

ਗੁਰੂ ਰਾਮਦਾਸ ਕਾਵਿ ਵਿਚ ਤੱਤ੍ਵ-ਮੀਮਾਂਸਾ :

1. ਪਰਮ-ਸੱਤਾ ਜਾਂ ਬ੍ਰਹਮ ਦਾ ਸਰੂਪ: ਨਿਰਗੁਣ ਬ੍ਰਹਮ, ਨਿਰਗੁਣ-ਸਗੁਣ ਬ੍ਰਹਮ।
2. ਸ੍ਰਿਸ਼ਟੀ-ਵਿਧਾਨ: ਵੈਦਿਕ ਅਤੇ ਪੱਛਮੀ ਪਰੰਪਰਾ; ਗੁਰੂ ਰਾਮਦਾਸ ਜੀ ਦੀ ਸਥਾਪਨਾ; ਸ੍ਰਿਸ਼ਟੀ ਅਤੇ ਬ੍ਰਹਮ।

**ਅਧਿਆਇ III — ਨੀਤੀ ਸ਼ਾਸਤਰ** ਪੰ. ੬੪ ਤੋਂ ਪੰ. ੧੦੦

ਮਨੁੱਖੀ ਜ਼ਿੰਦਗੀ ਦਾ ਨਕਸ਼ ਅਤੇ ਨੀਤੀ ਸ਼ਾਸਤਰ, ਨੀਤੀ ਸ਼ਾਸਤਰ ਅਤੇ ਧਰਮ।

ਗੁਰੂ ਰਾਮਦਾਸ ਜੀ ਦੀ ਨੈਤਿਕਤਾ ਦਾ ਸੰਕਲਪ: ਮਨੁੱਖੀ ਜੀਵਨ: ਨੈਤਿਕ ਕੀਮਤਾਂ ਅਤੇ ਗੁਣ, ਕਰਮ ਅਤੇ ਭਗਤੀ; ਜੀਵ-ਭੇਦ; ਗੁਰਮੁਖ ਅਤੇ ਮਨਮੁਖ।

ਅਧਿਆਇ IV — ਰਹੱਸਵਾਦ ਪੰ. 101 ਤੋਂ ਪੰ. 146.

ਰਹੱਸਵਾਦ ਸ਼ਬਦ ਅਤੇ ਇਸ ਦੇ ਅਰਥ, ਰਹੱਸਵਾਦ ਅਤੇ ਧਰਮ, ਰਹੱਸਵਾਦ ਅਤੇ ਮਨੋਵਿਗਿਆਨ, ਰਹੱਸਵਾਦੀ ਅਨੁਭਵ ਦਾ ਸਰੂਪ ਅਤੇ ਵਿਸ਼ਾ, ਰਹੱਸਵਾਦੀ ਅਨੁਭਵ ਅਤੇ ਰਹੱਸਵਾਦੀ ਕਵੀ।

ਗੁਰੂ ਰਾਮਦਾਸ ਜੀ ਦਾ ਰਹੱਸਵਾਦ:— ਰਹੱਸਵਾਦੀ ਅਨੁਭਵ: ਅਕਥ, ਰਹੱਸਵਾਦੀ ਅਨੁਭਵ: ਸਰਵੋਤਮ ਅਤੇ ਵਿਲੱਖਣ; ਜੀਵ-ਆਤਮਾ ਅਤੇ ਪਰਮਾਤਮਾ; ਸਮਕਾਲੀ ਧਾਰਮਕ ਸਾਧਨ ਪਧਤੀਆਂ ਦੀ ਆਲੋਚਨਾ; ਪਰਮਾਤਮਾ - ਮੇਲ ਦਾ ਰਸਤਾ: ਹਉਮੈ ਦਾ ਨਾਸ਼, ਹੁਕਮ (ਨੇਮ) ਦੀ ਪਹਿਚਾਨ ਪ੍ਰਭੂ-ਪ੍ਰੇਮ ਅਤੇ ਸ਼ਰਧਾ: ਪ੍ਰਭੂ-ਮੇਲ ਦੀ ਤੀਬਰ ਤਾਂਘ, ਵੈਰਾਗ, ਭਉ; ਸੇਵਾ; ਨਾਮ: ਨਾਮ ਦੀ ਤਾਂਘ, ਗੁਣ-ਗਾਇਣ, ਨਾਮ ਸਿਮਰਨ: ਸਰਵੋਤਮ ਆਸਰਾ, ਸ੍ਰੇਸ਼ਟ ਕਰਮ, ਭਗਤੀ, ਸਰਵੋਤਮ ਧਨ, ਸਮੱਗਰ ਸੁੱਖਾਂ ਦਾ ਸ੍ਰੋਤ, ਨਾਮ ਰਾਹੀਂ ਸਹਜ-ਸੁਖ ਦੀ ਪ੍ਰਾਪਤੀ, ਨਾਮ ਰਾਹੀਂ ਆਤਮਕ ਚੇਤਨਤਾ, ਨਾਮ ਸਿਮਰਨ ਤੇ ਗ੍ਰਹਿਸਤ ਜੀਵਨ, ਨਾਮ ਗਿਆਨ: ਸਹਜ ਮਾਰਗ; ਗੁਰੂ ਦੀ ਆਵਸ਼ਕਤਾ, ਗੁਰੂ ਭਗਤੀ ਦਾ ਭੰਡਾਰ, ਗੁਰੂ ਰਾਹੀਂ ਸਿਵ ਅਤੇ ਆਨੰਦ ਦੀ ਪ੍ਰਾਪਤੀ, ਗੁਰੂ ਰਾਹੀਂ ਆਤਮਕ ਜੀਵਨ ਦੀ ਸੂਝ, ਗੁਰੂ-ਮੇਲ ਅਤੇ ਪ੍ਰਭੂ ਦੀ ਕ੍ਰਿਪਾ, ਗੁਰ ਬਚਨ, ਗੁਰ-ਸ਼ਬਦ, ਗੁਰਬਾਣੀ, ਸਤਿ-ਸੰਗਤ।

ਅਧਿਆਇ V— ਭਾਸ਼ਾ: ਪੰ. 147 ਤੋਂ ਪੰ. 182.

ਧੁਨੀ ਪਖ: ਸੁਰ ਪਰਿਵਰਤਨ; ਵਿਆਕਰਣਕ ਪਖ: ਨਾਂਵ: ਵਿਅਕਤੀਵਾਚਕ, ਜਾਤੀਵਾਚਕ ਭਾਵਵਾਚਕ; ਲਿੰਗ; ਵਚਨ; ਕਾਰਕ: ਕਰਤਾ ਕਾਰਕ, ਕਰਮ ਕਾਰਕ, ਕਰਣ ਕਾਰਕ, ਅਪਾਦਾਨ ਕਾਰਕ, ਸੰਬੰਧ ਕਾਰਕ; ਪੜਨਾਂਵ: ਪੁਰਖ ਵਾਚਕ ਪੜਨਾਂਵ; ਉਤਮ ਪੁਰਖ, ਮਧਮ ਪੁਰਖ, ਅਨਯ ਪੁਰਖ; ਵਿਸ਼ੇਸ਼ਣ: ਅਰਥ ਪਰਕ: ਗੁਣ ਵਾਚਕ, ਪਰਿਮਾਣਵਾਚਕ, ਸੰਖਿਆ ਬੋਧਕ, ਕਿਰਿਆ ਮੂਲਕ (ਕਿਰਦੰਤ); ਰੂਪ ਵਾਚਕ: ਸਥਾਨ ਵਾਚਕ, ਸਥਿਤੀ ਸੂਚਕ, ਗੁਣ ਸੂਚਕ, ਪਰਿਮਾਣ ਵਾਚਕ, ਪੜਨਾਂਵੀ ਵਿਸ਼ੇਸ਼ਣ: ਪੁਰਖ ਵਾਚਕ, ਸੰਬੰਧ ਵਾਚਕ, ਨਿਸਚੇਵਾਚਕ: ਨਿਕਟਵਰਤੀ, ਦੂਰਵਰਤੀ, ਅਨਿਸਚਿਤ ਵਾਚਕ, ਨਿਜ ਵਾਚਕ; ਸੰਖਿਆ ਬੋਧਕ: ਪੂਰਣ ਬੋਧਕ, ਅਪੂਰਣ ਬੋਧਕ।

ਕ੍ਰਿਆ—ਰੂਪ-ਰਚਨਾ: ਮੂਲ ਧਾਤੂ, ਸੰਯੁਕਤ ਕ੍ਰਿਆਵਾਂ, ਨਾਂਵ ਧਾਤੂ; ਭੇਦ: ਅਕਰਮਕ, ਸਕਰਮਕ ਪ੍ਰੇਰਣਾਰਥਮਕ; ਕਾਲ: ਵਰਤਮਾਨ, ਭੂਤ ਅਤੇ ਭਵਿਖ ਕਾਲ; ਅੱਵੈ।

ਸ਼ਬਦ ਸਮੂਹ:ਸਭਿਆਚਾਰਕ ਦ੍ਰਿਸ਼ਟੀ ਤੋਂ: ਸ਼ਬਦਾਵਲੀ: ਪਰਮਾਤਮਾ ਸੰਬੰਧੀ, ਪੌਰਾਣਕ ਅਤੇ ਅਧਿਆਤਮਕ, ਜੀਵ ਜੰਤੂਆਂ ਅਤੇ ਪ੍ਰਾਣੀ ਜਗਤ ਸੰਬੰਧੀ, ਪ੍ਰਕ੍ਰਿਤੀ ਅਤੇ ਪਦਾਰਥ ਸੰਬੰਧੀ ਸਰੀਰ ਸੰਬੰਧੀ, ਘਰੇਲੂ, ਸਮਾਜਕ, ਵਪਾਰਕ, ਪ੍ਰੇਮ ਅਤੇ ਸੁੰਦਰਤਾ ਸੰਬੰਧੀ।

ਇਤਿਹਾਸਕ ਦ੍ਰਿਸ਼ਟੀ ਤੋਂ: ਸੰਸਕ੍ਰਿਤ ਤੋਂ ਤਤਸਮ, ਅਰਧ ਤਤਸਮ, ਤਦਭਵ ਸ਼ਬਦ; ਪਾਲੀ ਅਤੇ ਪ੍ਰਾਕ੍ਰਿਤ ਦੇ ਸ਼ਬਦ, ਪ੍ਰਾਕ੍ਰਿਤ ਤੋਂ ਬੇਲੇ, ਬਦਲੇ ਸ਼ਬਦ-ਰੂਪ; ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ; ਤੁਰਕੀ, ਅਰਬੀ, ਫ਼ਾਰਸੀ ਅਤੇ ਪਸ਼ਤੋ ਦੀ ਸ਼ਬਦਾਵਲੀ, ਦੇਸੀ ਭਾਸ਼ਾਵਾਂ ਤੋਂ ਸ਼ਬਦ: ਬ੍ਰਜ ਭਾਸ਼ਾ ਦੇ ਸ਼ਬਦ; ਪੰਜਾਬੀ ਉਪ ਭਾਸ਼ਾਵਾਂ ਦੇ ਸ਼ਬਦ: ਮੁਲਤਾਨੀ, ਲਹਿੰਦੀ, ਮਾਝੀ ਦੇ ਸ਼ਬਦ।

**ਅਧਿਆਇ VI — ਸੰਗੀਤ** ਪੰ. 183 ਤੋਂ ਪੰ. 220.

ਸੰਗੀਤ ਅਤੇ ਇਸਦਾ ਉਦੇਸ਼, ਸੰਗੀਤ ਅਤੇ ਕਾਵਿ, ਭਾਰਤੀ ਕਾਵਿ ਅਤੇ ਸੰਗੀਤ, ਗੁਰੂ ਕਾਵਿ ਅਤੇ ਸੰਗੀਤ।

ਗੁਰੂ ਰਾਮਦਾਸ ਜੀ ਇਕ ਮਹਾਨ ਸੁਹਜਵਾਦੀ ਕਵੀ ਅਤੇ ਸੰਗੀਤਕਾਰ: ਗੁਰਮਤਿ ਸੰਗੀਤ ਨੂੰ ਦੇਣ; ਗੁਰੂ ਰਾਮਦਾਸ - ਕਾਵਿ ਵਿਚ ਸੰਗੀਤ ਦਾ ਮਹੱਤਵ; ਗੁਰੂ ਰਾਮਦਾਸ ਇਕ ਲੋਕ ਸੰਗੀਤਕਾਰ ਅਤੇ ਵਾਰਕਾਰ; ਗੁਰੂ ਰਾਮਦਾਸ-ਕਾਵਿ ਵਿਚ ਸੰਗੀਤ ਦੇ ਉਪਾਦਾਨ: ਰਾਗ ਅਤੇ ਭਾਸ਼ਾ।

**ਅਧਿਆਇ VII — ਛੰਦ, ਕਾਵਿ-ਰੂਪ, ਅਲੰਕਾਰ - ਵਿਧਾਨ ਅਤੇ ਰਸ** ਪੰ. 221 ਤੋਂ ਪੰ. 275.

1. ਛੰਦ ਅਤੇ ਕਾਵਿ-ਰੂਪ

ਛੰਦ ਕੀ ਹੈ? ਕਾਵਿ ਰੂਪ: ਪਦਾ, ਵਾਰ: ਸਿਰੀ ਰਾਗ ਕੀ ਵਾਰ, ਬਿਹਾਗੜਾ ਕੀ ਵਾਰ, ਵਡਹੰਸ ਕੀ ਵਾਰ, ਸੋਰਠ ਕੀ ਵਾਰ, ਬਿਲਾਵਲ ਕੀ ਵਾਰ, ਸਾਰੰਗ ਕੀ ਵਾਰ, ਕਾਨੜਾ ਕੀ ਵਾਰ; ਸ਼ਲੋਕ, ਪਹਰੇ, ਘੋੜੀਆਂ, ਕਰਹਲੇ, ਵਣਜਾਰਾ।

2. ਅਲੰਕਾਰ-ਵਿਧਾਨ

ਅਲੰਕਾਰ ਅਤੇ ਇਸਦਾ ਕਾਵਿ ਵਿਚ ਸਥਾਨ,

ਸ਼ਬਦ ਅਲੰਕਾਰ: ਅਨੁਪ੍ਰਾਸ; ਅਰਥ ਅਲੰਕਾਰ: ਉਪਮਾ: ਪੂਰਣ ਉਪਮਾ, ਲੁਪਤ ਉਪਮਾ; ਰੂਪਕ: ਪਰਮਾਤਮਾ ਸੰਬੰਧੀ, ਸਮਾਜਕ ਜੀਵਨ ਸੰਬੰਧੀ, ਰਾਜ-ਸੱਤਾ ਅਤੇ ਆਰਥਕ ਅਧਿਕਾਰੀ, ਕੁਦਰਤ, ਬਨਸਪਤੀ, ਜੀਵ-ਜੰਤੂ ਅਤੇ ਅਮੋਲਕ ਪਦਾਰਥਾਂ ਸੰਬੰਧੀ, ਪ੍ਰਕਾਸ਼ ਸੰਬੰਧੀ, ਦ੍ਰਿਸ਼ਟਾਂਤ ਅਲੰਕਾਰ।

3. ਰਸ: ਰਸ ਦਾ ਸਰੂਪ; ਗੁਰੂ ਰਾਮਦਾਸ-ਕਾਵਿ ਅਤੇ ਰਸ: ਸ਼ਿੰਗਾਰ ਰਸ: ਸੰਯੋਗ-ਸ਼ਿੰਗਾਰ,

ਵਿਯੋਗ-ਸ਼ਿੰਗਾਰ, ਹਾਸ ਰਸ, ਕਰੁਣ ਰਸ, ਰੌਦ੍ਰ ਰਸ, ਬੀਰ ਰਸ, ਬੀਭਤਸ ਰਸ, ਅਦਭੁਤ ਰਸ, ਭਿਆਨਕ ਰਸ, ਸ਼ਾਂਤ ਰਸ, ਵਾਤਸਲਯ ਰਸ ਅਤੇ ਭਗਤੀ ਰਸ।

<u>ਅਧਿਆਇ VIII—ਬਿੰਬ ਵਿਧਾਨ ਅਤੇ ਪ੍ਰਤੀਕ-ਯੋਜਨਾ</u> ਪੰ. 276 ਤੋਂ ਪੰ. 323

1. ਬਿੰਬ ਵਿਧਾਨ

ਮਨੋਵਿਗਿਆਨਕ ਦ੍ਰਿਸ਼ਟੀ ਅਤੇ ਬਿੰਬ, ਬਿੰਬ ਅਤੇ ਕਲਪਨਾ, ਕਵੀ ਅਤੇ ਕਲਪਨਾ, ਕਾਵਿਆਤਮਕ ਦ੍ਰਿਸ਼ਟੀ ਅਤੇ ਬਿੰਬ, ਕਾਵਿ ਬਿੰਬ।

ਗੁਰੂ ਰਾਮਦਾਸ ਜੀ ਦਾ ਬਿੰਬ-ਵਿਧਾਨ: ਦ੍ਰਿਸ਼ਟੀਪਰਕ: ਪ੍ਰਕ੍ਰਿਤੀ ਸੰਬੰਧੀ: ਪਾਣੀ, ਆਕਾਸ਼ ਅਤੇ ਦਿਨ-ਰਾਤ ਸੰਬੰਧੀ, ਬਨਸਪਤੀ ਸੰਬੰਧੀ, ਪ੍ਰਾਣੀ ਸੰਬੰਧੀ: ਪੁਰਖ ਅਤੇ ਇਸਤਰੀ ਸੰਬੰਧੀ, ਪੰਛੀਆਂ ਸੰਬੰਧੀ, ਜਾਨਵਰਾਂ ਸੰਬੰਧੀ, ਸਮਾਜਕ ਜੀਵਨ ਸੰਬੰਧੀ, ਘਰੇਲੂ ਜੀਵਨ ਸੰਬੰਧੀ, ਪਦਾਰਥਾਂ ਸੰਬੰਧੀ, ਵਣਜ ਅਤੇ ਵਪਾਰ ਸੰਬੰਧੀ, ਧਰਤੀ ਅਤੇ ਖੇਤੀਬਾੜੀ ਸੰਬੰਧੀ, ਲਲਿਤ ਕਲਾਵਾਂ ਸੰਬੰਧੀ ਅਤੇ ਖੇਡਾਂ ਸੰਬੰਧੀ, ਹਥਿਆਰਾਂ ਸੰਬੰਧੀ; ਰਾਜਨੀਤਕ ਜੀਵਨ ਸੰਬੰਧੀ, ਪੌਰਾਣਿਕ ਬਿੰਬ।

ਸਪਰਸ਼ ਬਿੰਬ, ਨਾਦ ਬਿੰਬ, ਗੰਧ ਬਿੰਬ ਅਤੇ ਰਸ ਬਿੰਬ।

2. ਪ੍ਰਤੀਕ

ਪ੍ਰਤੀਕ ਕੀ ਹੈ? ਗੁਰੂ ਰਾਮਦਾਸ ਜੀ ਦੀ ਪ੍ਰਤੀਕ ਯੋਜਨਾ: ਦੇਵੀ ਅਤੇ ਦੇਵੀ ਦੇਵਤਿਆਂ ਸੰਬੰਧੀ ਪ੍ਰਤੀਕ, ਭਗਤ-ਜਨਾਂ ਸੰਬੰਧੀ ਪ੍ਰਤੀਕ, ਯੁਗ ਬੋਧਿਕ ਪ੍ਰਤੀਕ, ਸਮਾਜ ਸੰਬੰਧੀ ਪ੍ਰਤੀਕ ਅਤੇ ਪ੍ਰਕ੍ਰਿਤੀ ਸੰਬੰਧੀ ਪ੍ਰਤੀਕ।

<u>ਨਿਸ਼ਕਰਸ਼</u> ਪੰ. 324 ਤੋਂ 334.

<u>ਪੁਸਤਕ-ਸੂਚੀ</u> ਪੰ. 335 ਤੋਂ 349.

## ਪੂਰਵਿਕਾ

ਭਗਤੀ ਕਾਲ ਨੂੰ ਅਸੀਂ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤਕ ਸੀਮਾ-ਬੱਧ ਕਰ ਸਕਦੇ ਹਾਂ। ਇਸ ਕਾਲ ਦੇ ਅਸ਼ਾਂਤੀ ਅਤੇ ਅਸੰਗਤੀਆਂ ਦੇ ਇਤਿਹਾਸ ਵਿਚ ਸੰਤ ਕਵੀਆਂ ਨੇ ਪ੍ਰੇਮ, ਸ਼ਾਂਤੀ ਅਤੇ ਸਦਾਚਾਰ ਦਾ ਸੰਦੇਸ਼ ਦਿੱਤਾ। ਇਨ੍ਹਾਂ ਸੰਤ ਕਵੀਆਂ ਦੇ ਕਾਵਿ ਰਾਹੀਂ ਭਾਰਤ ਵਿਚ ਇਕ ਨਵੀਂ ਸਾਂਸਕ੍ਰਿਤਿਕ ਚੇਤਨਾ ਪੈਦਾ ਹੋਈ, ਜਿਸ ਨੇ ਸਾਰੇ ਦੇਸ਼ ਵਿਚ ਏਕਤਾ ਦੀ ਲਹਿਰ ਪੈਦਾ ਕੀਤੀ।[1]

ਇਸ ਕਾਲ ਵਿਚ ਮੁਸਲਮਾਨ ਸ਼ਾਸਕ ਸਥਾਈ ਰੂਪ ਵਿਚ ਉੱਤਰੀ ਭਾਰਤ ਵਿਚ ਸ਼ਾਸਨ ਕਰ ਰਹੇ ਸਨ। ਇਸ ਇਤਿਹਾਸਕ ਤੱਥ ਦੇ ਆਧਾਰ ਤੇ ਕਈ ਵਿਚਾਰਵਾਨ ਸਮੁੱਚੇ ਭਗਤੀ ਸਾਹਿਤ ਨੂੰ ਸੰਤਾਂ ਦੀ ਅਪਸਾਰਵਾਦੀ ਰੁਚੀ ਵਿਚੋਂ ਪੈਦਾ ਹੋਇਆ ਮੰਨਦੇ ਹਨ। ਪਰ ਸਾਡੇ ਵਿਚਾਰ ਵਿਚ ਐਸੀ ਧਾਰਨਾ ਗਲਤ ਹੈ ਕਿਉਂਕਿ ਭਗਤੀ ਅੰਦੋਲਨ ਦੇ ਉਦੈ ਅਤੇ ਵਿਕਾਸ ਲਈ ਪਿੱਠ-ਭੂਮੀ ਵਿਭਿੰਨ ਉਪਾਸ਼ਨਾ-ਪ੍ਰਣਾਲੀਆਂ ਅਤੇ ਸੰਪਰਦਾਵਾਂ ਨੇ ਪ੍ਰਸਤੁਤ ਕੀਤੀ, ਜਿਨ੍ਹਾਂ ਦਾ ਬੀਜ ਰੂਪ ਵੇਦ ਅਤੇ ਉਪਨਿਸ਼ਦ ਸਾਹਿਤ ਵਿਚ ਮੌਜੂਦ ਸੀ। ਦੱਖਣ ਵਿਚ ਮੁਸਲਮਾਨ ਹਮਲਾਵਰਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਭਗਤੀ ਅੰਦੋਲਨ ਦਾ ਬੀਜ ਰੂਪ ਪੁੰਗਰ ਪਿਆ ਸੀ।

ਭਗਤੀ ਅੰਦੋਲਨ ਨੂੰ ਮੁਖ ਰੂਪ ਵਿਚ ਅਸੀਂ ਸਗੁਣ ਅਤੇ ਨਿਰਗੁਣ ਵਿਚਾਰਧਾਰਾ ਵਿਚ ਵੰਡ ਸਕਦੇ ਹਾਂ। ਸਗੁਣ ਵਿਚਾਰਧਾਰਾ ਦੇ ਅੰਤਰਗਤ, ਵੈਸ਼ਨਵ, ਸ਼ੈਵ, ਸ਼ਾਕਤ, ਗਣਪਤਯ, ਸ਼ੌਰਯ ਮਤ ਪੈਦਾ ਹੋਏ, ਜਿਨ੍ਹਾਂ ਬਾਰੇ ਇਥੇ ਵਿਸਤਾਰ ਵਿਚ ਜਾਣਾ ਲੋੜ ਨਹੀਂ ਹੋਵੇਗਾ। ਇਸ ਸਮੇਂ ਦੇ ਭਗਤੀ ਅੰਦੋਲਨ ਨੂੰ ਅਸੀਂ ਮੁਖ ਤੌਰ ਤੇ ਹੇਠ ਲਿਖੇ ਰੂਪਾਂ ਵਿਚ ਵੰਡ ਸਕਦੇ ਹਾਂ:-

1. ਵੈਸ਼ਨਵ ਸੰਪਰਦਾ
2. ਸ਼ੈਵ ਮਤ
3. ਸੂਫ਼ੀ ਮਤ
4. ਨਿਰਗੁਣ ਵਿਚਾਰਧਾਰਾ

### 1. ਵੈਸ਼ਨਵ ਸੰਪਰਦਾ

ਵੈਸ਼ਨਵ ਮਤ ਵੈਦਿਕ ਧਰਮ ਦਾ ਰੂਪਾਂਤਰ ਹੈ।[2] ਭਾਵੇਂ ਨਾਥਮੁਨੀ, ਯਾਮਨਾਚਾਰਯ ਦੁਆਰਾ ਸ਼ੈਵਮਤ ਦੀ ਰੂਪ-ਰੇਖਾ ਤਿਆਰ ਹੋ ਗਈ ਸੀ, ਪਰ ਵੈਸ਼ਨਵ ਸੰਪਰਦਾ ਦਾ ਪਹਿਲਾ ਮਹਾਨ

---

1. ਐਮ. ਜਾਰਜ, (ਡਾ:), ਭਗਤੀ ਅੰਦੋਲਨ ਔਰ ਸਾਹਿਤਯ,(ਆਗਰਾ,1978),ਪੰ. 134.
2. ਰਾਮਧਾਰੀ ਸਿੰਘ ਦਿਨਕਰ (ਡਾ:), ਸੰਸਕ੍ਰਿਤੀ ਕੇ ਚਾਰ ਅਧਿਆਇ,(ਦਿੱਲੀ,1956),ਪੰ.60.

ਪ੍ਰਵਰਤਕ, ਰਾਮਾਨੁਜ ਹੈ।[3] ਰਾਮਾਨੁਜ ਤੋਂ ਪਹਿਲਾਂ ਵੀ ਦੱਖਣ ਵਿਚ ਅਲਵਾਰ ਸੰਤਾਂ ਦੀ ਭਗਤੀ ਪਰੰਪਰਾ ਪਾਈ ਜਾਂਦੀ ਹੈ। ਅਲਵਾਰਾਂ ਦੇ ਦੁਆਰਾ ਭਗਤੀ ਮਾਰਗ ਦਾ ਜੋ ਨਵਾਂ ਰੂਪ ਦਿਤਾ ਗਿਆ, ਉਸਨੂੰ ਭਗਤੀ ਅੰਦੋਲਨ ਦਾ ਨਾਮ ਦਿਤਾ ਗਿਆ ਅਤੇ ਉਥੋਂ ਹੀ ਵੈਸ਼ਨਵ ਭਗਤੀ ਦਾ ਆਰੰਭ ਮੰਨਿਆ ਜਾਂਦਾ ਹੈ। ਆਮ ਜਨਤਾ ਸ਼ੰਕਰ ਦੇ ਅਦ੍ਵੈਤ ਬ੍ਰਹਮ ਦੀ ਦਾਰਸ਼ਨਿਕਤਾ ਨੂੰ ਗ੍ਰਹਿਣ ਕਰਨ ਤੋਂ ਅਸਮਰਥ ਸੀ। ਅਜੇਹੇ ਸਮੇਂ ਸਾਧਾਰਣ ਲੋਕਾਂ ਨੂੰ ਈਸ਼੍ਵਰ ਦੇ ਐਸੇ ਸਰੂਪ ਦੀ ਲੋੜ ਸੀ ਜਿਸ ਨਾਲ ਉਹ ਭਾਵਨਾ ਦੀ ਪੱਧਰ ਤੇ ਸਾਂਝ ਸਥਾਪਤ ਕਰ ਸਕਦੇ। ਰਾਮਾਨੁਜ ਨੇ ਆਤਮਸ਼ੁਧੀ ਅਤੇ ਸਵਾਰਥ ਦੇ ਤਿਆਗ ਲਈ ਗਿਆਨ, ਕਰਮ ਅਤੇ ਭਗਤੀ ਵਿਚੋਂ, ਭਗਤੀ ਨੂੰ ਹੀ ਸੌਖਾ ਮਾਰਗ ਮੰਨਿਆ। ਇਸ ਮਾਰਗ ਦੇ ਲਈ ਨਾ ਤਾਂ ਨਿਰੇ ਬੁਧੀ ਦੇ ਬਲ (ਗਿਆਨ ਮਾਰਗ) ਅਤੇ ਨਾ ਹੀ ਯੋਗ ਸਾਧਨਾ ਦੀ ਲੋੜ ਹੈ। ਇਸ ਮਾਰਗ ਅਨੁਸਾਰ ਜਿਹੜਾ ਮਨੁੱਖ ਪੂਰੀ ਭਾਵਨਾ ਨਾਲ ਪਰਮਾਤਮਾ ਦੇ ਚਰਨਾਂ ਵਿਚ ਆ ਪੈਂਦਾ ਹੈ ਉਸਨੂੰ ਪਰਮਾਤਮਾ ਆਪ ਤੁਰੰਤ ਅਪਣਾ ਲੈਂਦਾ ਹੈ।[4]

ਰਾਮਾਨੁਜ ਨੇ ਸ਼ੰਕਰ ਦੇ ਵਿਚਾਰਾਂ ਦਾ ਖੰਡਨ ਕੀਤਾ ਹੈ। ਸ਼ੰਕਰ ਨੇ ਪਰਮਾਤਮਾ ਦੀ ਸੱਤਾ ਨੂੰ ਸਵੀਕਾਰ ਕਰਦੇ ਹੋਏ ਸੰਸਾਰ ਨੂੰ ਮਾਇਆ (ਮਿਥਿਆ) ਮੰਨਿਆ ਹੈ। ਰਾਮਾਨੁਜ ਨੇ ਈਸ਼ਵਰ ਨੂੰ ਵੀ ਸੱਚ ਅਤੇ ਜਗਤ ਨੂੰ ਵੀ ਸਾਪੇਖਕ ਸੱਚ ਮੰਨਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸ਼ੰਕਰ ਦੇ ਮਾਇਆਵਾਦ ਦਾ ਖੰਡਨ ਕੀਤਾ ਹੈ।

ਰਾਮਾਨੁਜ ਪਿਛੋਂ ਵੈਸ਼ਨਵ ਸੰਪਰਦਾ ਨੂੰ ਕਈ ਸ਼੍ਰੇਸ਼ਟ ਆਚਾਰੀਆਂ ਦੀ ਪਰੰਪਰਾ ਪ੍ਰਾਪਤ ਹੋਈ, ਜਿਸ ਨੇ ਵੈਸ਼ਨਵ ਸੰਪਰਦਾ ਦੇ ਵਿਕਾਸ ਵਿਚ ਮਹੱਤਵ-ਪੂਰਣ ਸਹਿਯੋਗ ਦਿੱਤਾ।[5] ਰਾਮਾਨੁਜ ਦੇ ਅਨੁਯਾਈ ਰਾਮਾਵਤ ਕਹਿਲਾਂਦੇ ਹਨ ਅਤੇ ਰਾਮਾਨੁਜ ਦੀ ਸੰਪਰਦਾ ਵੈਸ਼ਨਵ ਸ੍ਰੀ ਸੰਪਰਦਾ ਕਹਿਲਾਈ। ਇਸ ਤਰ੍ਹਾਂ ਹੀ ਰਾਮਾਨੰਦ ਨੇ ਰਾਮਾਨੁਜ ਦੇ ਵਿਚਾਰਾਂ ਨਾਲੋਂ ਥੋੜੀ ਜਿਹੀ ਭਿੰਨਤਾ ਵਿਖਾਈ ਅਤੇ ਵੈਸ਼ਨਵ ਸੰਪਰਦਾ ਨੂੰ ਅਪਨਾਂਦੇ ਹੋਏ ਵੀ ਜਾਤ-ਪਾਤ ਦੇ ਬੰਧਨ ਤੋੜਨ ਤੇ ਜ਼ੋਰ ਦਿੱਤਾ।[6]

(ੳ) ਪੁਸ਼ਟੀ ਮਾਰਗ।

ਇਸ ਸੰਪਰਦਾ ਦੇ ਸੰਚਾਲਕ ਵਲਭਾਚਾਰੀਆ ਵਿਸ਼ਨੂੰ ਸਵਾਮੀ ਦੀ ਗੱਦੀ ਤੇ ਸੋਲ੍ਹਵੀਂ ਸਦੀ

---

3. ਮਲਿਕ ਮੁਹੰਮਦ (ਡਾ:), ਵੈਸ਼ਣਵ ਭਕਤੀ ਅੰਦੋਲਨ ਕਾ ਅਧਿਅਨ, (ਦਿੱਲੀ, 1971), ਪੰ. 237.
4. ਰਾਮਧਾਰੀ ਸਿੰਘ ਦਿਨਕਰ(ਡਾ:) ਸੰਸਕ੍ਰਿਤੀ ਕੇ ਚਾਰ ਅਧਿਆਇ, ਪੰ. 301.
5. ਮਲਿਕ ਮੁਹੰਮਦ (ਡਾ:) ਉਹੀ ਰਚਨਾ, ਪੰ. 244.
6. ਮੁਨਸ਼ੀ ਰਾਮ ਸ਼ਰਮਾ, (ਪੰ:), ਭਕਤੀ ਦਾ ਵਿਕਾਸ, (ਵਾਰਾਣਸੀ, 1958), ਪੰ.382)

ਵਿਚ ਬੈਠੇ।[7] ਅਚਾਰੀਆ ਸ਼ੁਕਲ ਅਨੁਸਾਰ ਦਾਰਸ਼ਨਿਕ ਪੱਖ ਵਿਚ ਵਲਭਾਚਾਰੀਆ ਦਾ ਮਤ ਜਿਸ ਤਰ੍ਹਾਂ ਸ਼ੁਧ ਦ੍ਵੈਤ ਕਹਿਲਾਂਦਾ ਹੈ, ਉਸੇ ਤਰ੍ਹਾਂ ਭਗਤੀ ਮਾਰਗ ਵਿਚ ਪੁਸ਼ਟੀ ਮਾਰਗ ਕਹਿਲਾਂਦਾ ਹੈ।[8] ਵਲਭਾਚਾਰੀਆ ਦਾ ਕਥਨ ਸੀ ਕਿ ਭਗਵਾਨ ਦੇ ਅਨੁਗ੍ਰਹ ਤੋਂ ਹੀ ਜੀਵ ਦੀ ਪ੍ਰਵਿਰਤੀ ਹੁੰਦੀ ਹੈ।ਉਸੇ ਅਨੁਗ੍ਰਹਿ ਨੂੰ ਪੁਸ਼ਟੀ ਜਾਂ ਪੋਸ਼ਣ ਕਿਹਾ ਗਿਆ ਹੈ। ਇਸ ਤੋਂ ਪੁਸ਼ਟੀ ਮਾਰਗ ਕਹਿਲਾਂਦਾ ਹੈ।

ਵੈਦਿਕ ਯੁੱਗ ਤੋਂ ਬਾਲ ਰੂਪ ਵਿਚ ਈਸ਼ਵਰ ਦੀ ਉਪਾਸ਼ਨਾ ਕਰਨ ਦੀ ਪ੍ਰਥਾ ਮੌਜੂਦ ਸੀ। ਇਸ ਸੰਪਰਦਾ ਵਿਚ ਬਾਲ ਗੁਪਾਲ ਦੀ ਉਪਾਸ਼ਨਾ ਨੂੰ ਪ੍ਰਮੁੱਖ ਸਥਾਨ ਮਿਲਿਆ, ਜਿਸ ਕਰਕੇ ਵੈਸ਼ਨਵ ਸੰਪਰਦਾ ਵਿਚ ਇਕ ਨਵਾਂ ਮੋੜ ਆਇਆ।[9]

(ਅ) ਬ੍ਰਹਮ ਸੰਪਰਦਾ:

ਦੱਖਣ ਵਿਚ ਮਧਵਾਚਾਰੀਆ ਨੇ ਆਪਣੀ ਦ੍ਵੈਤਵਾਦੀ ਸੰਪਰਦਾ ਚਲਾਈ, ਜਿਸਦਾ ਸਮਾਂ ਆਚਾਰੀਆ ਰਾਮ ਚੰਦਰ ਸ਼ੁਕਲ ਨੇ 1254 - 1313 ਈਸਵੀ ਮੰਨਿਆ ਹੈ।[10] ਵਿਸ਼ਨੂੰ ਨੂੰ ਬ੍ਰਹਮ ਸਿਧ ਕਰਨ ਦੇ ਕਾਰਣ ਉਨ੍ਹਾਂ ਦੀ ਸੰਪਰਦਾ ਦਾ ਨਾਮ ਬ੍ਰਹਮ ਸੰਪਰਦਾ ਪਿਆ। ਇਸ ਸੰਪਰਦਾ ਨੇ ਸ਼ੈਵ ਅਤੇ ਵੈਸ਼ਨਵ ਸੰਪਰਦਾ ਦੇ ਵਿਚ ਸਮਿਨਵੈ ਸਥਾਪਿਤ ਕਰਨ ਦਾ ਯਤਨ ਕੀਤਾ।[11]

(ੲ) ਨਿੰਬਾਰਕ ਸੰਪਰਦਾ:

ਆਚਾਰੀਆ ਨਿੰਬਾਰਕ ਨੇ ਰਾਧਾ, ਕ੍ਰਿਸ਼ਣ ਦੀ ਉਪਾਸ਼ਨਾ ਤੇ ਬਲ ਦਿੱਤਾ। ਉਨ੍ਹਾਂ ਨੇ ਦ੍ਵੈਤਾ—ਦ੍ਵੈਤ ਮਤ ਦਾ ਸਮਰਥਨ ਕੀਤਾ। ਇਸ ਮਤ ਅਨੁਸਾਰ ਜੀਵ, ਜਗਤ ਅਤੇ ਬ੍ਰਹਮ ਵਿਚ ਦ੍ਵੈਤ ਵੀ ਹੈ ਅਤੇ ਅਦ੍ਵੈਤ ਵੀ।

ਉੱਤਰੀ ਭਾਰਤ ਵਿਚ ਰਾਧਾ ਕ੍ਰਿਸ਼ਣ ਦੀ ਭਗਤੀ ਦਾ ਸ਼ਾਸਤਰੀ ਢੰਗ ਨਾਲ ਪ੍ਰਚਾਰ ਕਰਨ ਵਿਚ ਨਿੰਬਾਰਕ ਆਚਾਰੀਆ ਨੇ ਮਹੱਤਵ ਪੂਰਣ ਯੋਗਦਾਨ ਦਿੱਤਾ। ਉਨ੍ਹਾਂ ਤੋਂ ਪਹਿਲਾਂ ਰਾਮਾਨੁਜ ਅਤੇ ਮਧਵ ਨੇ ਆਪੋ ਆਪਣਾ ਪ੍ਰਚਾਰ ਕੇਂਦਰ ਦੱਖਣ ਭਾਰਤ ਨੂੰ ਹੀ ਬਣਾਇਆ ਸੀ। ਨਿੰਬਾਰਕ ਦੇ ਮੱਤ ਤੋਂ ਹੀ ਰਾਧਾਵਲਭੀ ਅਤੇ ਹਰੀਦਾਸੀ ਮਤਾਂ ਦੀ ਉਤਪਤੀ ਹੋਈ ਜਿਨ੍ਹਾਂ ਵਿਚ ਰਾਧਾ ਨੂੰ ਕ੍ਰਿਸ਼ਣ ਤੋਂ ਵੀ ਵਧੇਰੇ ਉੱਚਾ ਸਥਾਨ ਦਿੱਤਾ ਗਿਆ।[12]

---

7. ਐਮ.ਜਾਰਜ, (ਡਾ:) ਭਗਤੀ ਅੰਦੋਲਨ ਔਰ ਸਾਹਿਤਯ, ਪੰ. 174.
8. ਦੇਖੋ, ਸੁਦਰਸ਼ਨ ਸਿੰਘ ਮਜੀਠੀਆ, (ਡਾ:), ਸੰਤ ਸਾਹਿਤਯ, (ਦਿੱਲੀ, 1962), ਪੰ.62.
9. ਐਮ.ਜਾਰਜ (ਡਾ:), ਉਹੀ ਰਚਨਾ, ਪੰ.
10. ਦੇਖੋ, ਸੁਦਰਸ਼ਨ ਸਿੰਘ, (ਡਾ:) ~~ਸੰਤ ਸਾਹਿਤਯ~~ ਉਹੀ ਰਚਨਾ, ਪੰਨੇ 61–62.
11. ਐਮ.ਜਾਰਜ, (ਡਾ:) ਉਹੀ, ਰਚਨਾ, ਪੰ. 177.
12. ਮਨਮੋਹਨ ਸਿੰਘ, (ਡਾ:) ਗੁਰੂ ਨਾਨਕ ਅਤੇ ਭਗਤੀ ਅੰਦੋਲਨ, (ਨਵੀਂ ਦਿੱਲੀ, 1970), ਪੰ.33.

<u>(ਸ) ਚੈਤਨਯ ਸੰਪਰਦਾ:</u>

ਰਾਮਾਨੁਜ ਦੇ ਵਾਂਗ ਚੈਤਨਯ ਨੇ ਵੀ ਆਪਣੀ ਸੰਪਰਦਾ ਚਲਾਈ। ਉਨ੍ਹਾਂ ਨੇ ਭਗਤੀ ਦਾ ਪ੍ਰਚਾਰ ਬੰਗਾਲ ਵਿਚ ਕੀਤਾ। ਚੈਤਨਯ ਦੇ ਅਨੁਯਾਈ ਭਗਤੀ ਨੂੰ ਰਾਗਾਨੁਗਾ ਕਹਿ ਕੇ ਕਰੁਣਾ ਭਾਵ ਨਾਲ ਭਗਵਾਨ ਦੇ ਧਾਮ ਵਿਚ ਪ੍ਰਵੇਸ਼ ਪਾ ਲੈਣਾ ਆਪਣਾ ਪਰਮ-ਉਦੇਸ਼ ਸਮਝਦੇ ਹਨ। ਰਾਧਾ ਅਤੇ ਕ੍ਰਿਸ਼ਣ ਦੀ ਆਰਾਧਨਾ ਨੂੰ ਉਨ੍ਹਾਂ ਨੇ ਆਪਣੀ ਸੰਪਰਦਾ ਵਿਚ ਮਹੱਤਵ ਪੂਰਣ ਸਥਾਨ ਦਿੱਤਾ।

ਵੈਸ਼ਨਵ ਸੰਪਰਦਾਵਾਂ ਦੀ ਸਾਧਨਾ ਪ੍ਰਣਾਲੀ ਵਿਚ ਅਨੇਕ ਅਨੇਕ ਆਚਾਰੀਆਂ ਰਾਹੀਂ ਅੰਤਰ ਵੇਖਿਆ ਜਾ ਸਕਦਾ ਹੈ। ਕੋਈ ਭਗਤ ਨੂੰ ਈਸ਼ਵਰ ਦੇ ਸਮਾਨ ਹੋ ਕੇ, ਉਸਦੇ ਸਾਹਮਣੇ ਤੁੱਛ ਹੋ ਕੇ ਰਹਿਣ ਨੂੰ, ਮੁਕਤੀ ਦਾ ਪਰਮ ਲਕਸ਼ ਮੰਨ ਰਹੇ ਸਨ, ਤੇ ਕੋਈ ਈਸ਼ਵਰ ਵਿਚ ਪ੍ਰਵੇਸ਼ ਕਰਕੇ ਉਸਦੇ ਨਾਲ ਆਨੰਦ ਦਾ ਸਾਰਾ ਉਪਭੋਗ ਕਰਨ ਨੂੰ ਮੁਕਤੀ ਜਾਂ ਮੋਕਸ਼ ਦਾ ਪਰਮ ਲਕਸ਼ ਮੰਨਦੇ ਸਨ। ਕੋਈ ਭਗਤੀ ਨੂੰ ਰਾਗਾਨੁਗਾ ਕਹਿ ਰਿਹਾ ਸੀ, ਕਿਸੇ ਦਾ ਇਸ਼ਟ ਰਾਮ ਸੀ ਤੇ ਕਿਸੇ ਦਾ ਲਛਮਣ ਜਾਂ ਹਨੂਮਾਨ। ਇਸੇ ਤਰ੍ਹਾਂ ਲਕਸ਼ਮੀ ਜਾਂ ਨਾਰਾਇਨ, ਰਾਧਾ ਜਾਂ ਕ੍ਰਿਸ਼ਣ ਆਪੋ ਆਪਣੀ ਥਾਂ ਇਸ਼ਟ ਸਨ। ਕਹਿਣ ਤੋਂ ਭਾਵ ਹੈ ਕਿ ਵੈਸ਼ਨਵ - ਸੰਪਰਦਾ ਵਿਚ ਵੀ ਅਨੇਕਾਂ ਮਤ-ਮਤਾਂਤਰ ਪੈਦਾ ਹੋ ਗਏ ਸਨ।

## <u>2. ਸ਼ੈਵ ਮਤ</u>

ਪ੍ਰਾਚੀਨ ਕਾਲ ਤੋਂ ਹੀ ਸ਼ਿਵ ਦੀ ਉਪਾਸਨਾ ਚਲੀ ਆ ਰਹੀ ਹੈ। ਦ੍ਰਾਵਿੜਾਂ ਵਿਚ ਸ਼ਿਵ ਭਗਤੀ ਦਾ ਪ੍ਰਚਲਨ ਸੀ। ਉਹ ਆਪਣੇ ਬਾਕੀ ਦੇ ਦੇਵਤਿਆਂ ਨਾਲ ਸ਼ਿਵ ਦੀ ਪੂਜਾ ਵੀ ਕਰਦੇ ਸਨ। ਸ਼ੈਵ ਸੰਪਰਦਾ ਦੀ ਵਿਚਾਰਧਾਰਾ ਨੂੰ ਦੱਖਣ ਵਿਚ ਇਕ ਨਿਸ਼ਚਿਤ ਰੂਪ ਦੇਣ ਦਾ ਸਿਹਰਾ ਕੁਮਾਰਿਲ ਭੱਟ ਨੂੰ ਹੈ। ਅਸਲ ਵਿਚ ਕੁਮਾਰਿਲ ਭੱਟ ਦੇ ਵਿਚਾਰਾਂ ਦੇ ਪਰਿਣਾਮ ਸਰੂਪ ਹੀ ਸ਼ੈਵ ਮਤ ਨੇ ਸੁਤੰਤਰ ਰੂਪ ਧਾਰਣ ਕਰਕੇ ਆਪਣਾ ਵਿਕਾਸ ਕੀਤਾ। ਸ਼ੈਵ ਮਤ ਨੇ ਬੁੱਧ ਅਤੇ ਜੈਨ ਧਰਮਾਂ ਦੇ ਵਿਰੁਧ ਇਕ ਘੋਰ ਸੰਘਰਸ਼ ਛੇੜਿਆ ਅਤੇ ਇਸ ਸੰਘਰਸ਼ ਦਾ ਅੰਤ ਤਦ ਹੀ ਹੋਇਆ ਜਦ ਦੱਖਣ ਵਿਚ ਇਹ ਧਰਮ ਬੁਰੀ ਤਰ੍ਹਾਂ ਉਖੇੜੇ ਗਏ।[13]

ਜਿਸ ਸਮੇਂ ਦੱਖਣ ਵਿਚ ਅਨੇਕ ਸੰਤ ਅਤੇ ਵਿਦਵਾਨ ਸ਼ੈਵਮਤ ਨੂੰ ਪ੍ਰਧਾਨਤਾ ਦਿਵਾਉਣ ਅਤੇ ਉਸਦੇ ਦਾਰਸ਼ਨਿਕ ਪੱਖ ਦਾ ਵਿਕਾਸ ਕਰਨ ਵਿਚ ਲਗੇ ਹੋਏ ਸਨ, ਉਸੀ ਸਮੇਂ ਭਾਰਤ ਦਾ ਇਕ ਹੋਰ ਭਾਗ ਕਸ਼ਮੀਰ ਵੀ ਸ਼ੈਵ ਵਿਦਵਾਨਾਂ ਦਾ ਕੇਂਦਰ ਬਣਿਆ। ਇਹ ਕਹਿਣਾ ਔਖਾ ਹੈ ਕਿ ਠੀਕ ਕਿਸ ਸਮੇਂ, ਕਿਸ ਰੂਪ ਵਿਚ, ਕਸ਼ਮੀਰ ਵਿਚ ਸ਼ੈਵ ਮਤ ਦਾ ਪ੍ਰਚਾਰ ਹੋਇਆ, ਪਰ ਅਤਿ ਪ੍ਰਾਚੀਨ ਕਾਲ

---

13. ਚਤੁਰਵੇਦੀ (ਡਾ:), <u>ਸ਼ੈਵਮਤ</u>, (ਪਟਨਾ, 1955), ਪੰ. 147.

ਤੋਂ ਹੀ ਕਸ਼ਮੀਰ ਉਤਰੀ ਭਾਰਤ ਦੇ ਸਾਂਸਕ੍ਰਿਤਕ ਖੇਤਰ ਦੇ ਅੰਤਰਗਤ ਰਿਹਾ ਹੈ ਅਤੇ ਉਤਰੀ ਭਾਰਤ ਵਿਚ ਜਿਹੜੇ ਅੰਦੋਲਨ ਹੋਏ, ਉਨ੍ਹਾਂ ਸਾਰਿਆਂ ਦਾ ਪ੍ਰਭਾਵ ਜ਼ਰੂਰੀ ਰੂਪ ਵਿਚ ਕਸ਼ਮੀਰ ਤੇ ਵੀ ਪਿਆ।

(ੳ) ਲਿੰਗਾਇਤ ਸੰਪਰਦਾ:

ਲਿੰਗਾਇਤਾਂ ਨੂੰ ਅਸੀਂ ਸ਼ੈਵਾਂ ਦਾ ਇਕ ਸੁਧਾਰਵਾਦੀ ਦਲ ਕਹਿ ਸਕਦੇ ਹਾਂ।[14] ਵਿਜਲ ਦੇ ਰਾਜਕਾਲ ਵਿਚ ਲਿੰਗਾਇਤ ਸੰਪਰਦਾ ਦੀ ਉਤਪਤੀ ਹੋਈ। ਇਸ ਸੰਪਰਦਾ ਦੇ ਅਨੁਯਾਈ ਸ਼ਿਵ ਦੀ ਪੂਜਾ ਲਿੰਗ ਦੇ ਰੂਪ ਵਿਚ ਕਰਦੇ ਹਨ। ਉਹ ਵੇਦਾਂ ਦੇ ਸਿਧਾਂਤਾਂ ਨੂੰ ਨਹੀਂ ਮੰਨਦੇ ਅਤੇ ਬਾਲ ਵਿਆਹ, ਪੁਨਰ ਜਨਮ ਆਦਿ ਦੇ ਸਿਧਾਂਤਾਂ ਨੂੰ ਵੀ ਨਹੀਂ ਮੰਨਦੇ।[15]

(ਅ) ਸ਼ਾਕਤ ਸੰਪਰਦਾ:

ਸ਼ੈਵ ਮੱਤ ਵਿਚ ਜੋ ਸ਼ਿਵ ਦਾ ਸਥਾਨ ਹੈ ਉਹੀ ਸ਼ਾਕਤ ਸੰਪਰਦਾਵਾਂ ਵਿਚ ਸ਼ਕਤੀ ਦਾ ਸਥਾਨ ਹੈ। ਸ਼ਾਕਤਹਰੇ ਅਨੁਸਾਰ ਸ਼ਕਤੀ ਸ਼ੈਵ ਸੰਪਰਦਾਵਾਂ ਵਿਚ ਸ਼ਿਵ ਦੇ ਆਦੇਸ਼ਾਂ ਦਾ ਪਾਲਨ ਕਰਦੀ ਹੈ ਪਰ ਸ਼ਾਕਤ ਸੰਪਰਦਾਵਾਂ ਵਿਚ ਸ਼ਿਵ ਸ਼ਕਤੀ ਦੇ ਸਾਹਮਣੇ ਨਿਰਸਹਾਈ ਦੱਸੇ ਜਾਂਦੇ ਹਨ।[16]

(ੲ) ਯੋਗ ਸੰਪਰਦਾ:

ਯੋਗ ਸੰਪਰਦਾ ਦੇ ਉਤੇ ਵੀ ਬੁਧ ਧਰਮ ਅਤੇ ਸ਼ੈਵ ਸੰਪਰਦਾ ਦਾ ਪ੍ਰਭਾਵ ਸਪਸ਼ਟ ਰੂਪ ਵਿਚ ਮਿਲਦਾ ਹੈ। ਯੋਗੀਆਂ ਦੀ ਪਰੰਪਰਾ ਵੀ ਪੁਰਾਤਨ ਕਾਲ ਤੋਂ ਹੀ ਚਲੀ ਆਉਂਦੀ ਸੀ। ਕਿਸੇ ਨਾ ਕਿਸੇ ਰੂਪ ਵਿਚ ਇਸ ਦਾ ਵਿਕਾਸ ਵੇਦਾਂ ਵਿਚ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਵਿਚ ਨਾਥ ਯੋਗੀਆਂ ਦੀ ਪਰੰਪਰਾ ਹੈ। ਆਚਾਰੀਆ ਪਰਸ਼ੂਰਾਮ ਚਤੁਰਵੇਦੀ ਦੇ ਮਤ ਅਨੁਸਾਰ ਨਾਥ ਯੋਗੀ ਸੰਪਰਦਾ ਅਤੇ ਯੋਗ ਮਾਰਗੀ ਸੰਪਰਦਾ ਇਕ ਹੀ ਹੈ।[17] ਇਸ ਦਾ ਵਿਕਾਸ ਨੌਵੀਂ ਅਤੇ ਦਸਵੀਂ ਸਦੀ ਦੇ ਬਾਦ ਵਿਚ ਹੋਇਆ ਮੰਨਿਆ ਜਾਂਦਾ ਹੈ। ਇਸ ਸੰਪਰਦਾ ਦੇ ਸਰਬ-ਪ੍ਰਧਾਨ ਯੋਗੀ ਗੋਰਖ ਨਾਥ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਇਸ ਸੰਪਰਦਾ ਦਾ ਸੰਗਠਨ ਕੀਤਾ ਹੈ। ਯੋਗੀਆਂ ਦੀ ਸੰਪਰਦਾ ਨੇ ਕਿਸੇ ਨਾ ਕਿਸੇ ਰੂਪ ਨਾਲ ਭਗਤੀ ਅੰਦੋਲਨ ਨੂੰ ਪ੍ਰਭਾਵਿਤ ਜ਼ਰੂਰ ਕੀਤਾ।

## 3. ਸੂਫ਼ੀ ਮਤ

ਸੂਫ਼ੀਆਂ ਦਾ ਪੂਰਣ ਵਿਕਾਸ ਮੁਹੰਮਦ ਦੇ ਬਾਦੀ ਤਿੰਨ ਸੌ ਵਰ੍ਹੇ ਦੇ ਬਾਅਦ ਹੀ ਪਾਇਆ

---

14. ਯਦੁਵੰਸ਼ੀ, ਡਾ.) ਸ਼ੈਵ ਮਤ, ਪੰ. 159.
15. ਸੁਦਰਸ਼ਨ ਸਿੰਘ ਮਜੀਠੀਆ, (ਡਾ.), ਸੰਤ ਸਾਹਿਤਯ, ਪੰ. 65.
16. ਵੇਖੋ, ਐਮ. ਜਾਰਜ (ਡਾ:), ਭਕਤੀ ਅੰਦੋਲਨ ਔਰ ਸਾਹਿਤਯ, ਪੰ. 158.
17. ਸੁਦਰਸ਼ਨ ਸਿੰਘ ਮਜੀਠੀਆ (ਡਾ.), [illegible], ਪੰ. 16.

ਜਾਂਦਾ ਹੈ। ਖਲੀਫ਼ਿਆਂ ਦੇ ਜ਼ਮਾਨੇ ਤੋਂ ਹੀ ਇਕੇਸ਼ਵਰ – ਵਾਦ ਆਪਣੀ ਚਰਮ-ਸੀਮਾਂ ਤਕ ਪਹੁੰਚ ਚੁਕਿਆ ਸੀ। ਮਨਸੂਰ ਸੂਲੀ ਚੜ੍ਹਾਇਆ ਗਿਆ, ਪਰ ਉਸ ਦਾ ਅਨਲਹਕ (ਮੈਂ ਬ੍ਰਹਮ ਹਾਂ) ਦਾ ਨਾਅਰਾ ਬੰਦ ਨਹੀਂ ਹੋਇਆ।

ਭਾਰਤ ਵਿਚ ਸੂਫ਼ੀ ਮੁਸਲਮਾਨ ਸ਼ਾਸਕਾਂ ਨਾਲੋਂ ਵੀ ਪਹਿਲੇ ਆਏ। ਦੱਖਣੀ ਸਿੰਧ ਵਿਚ ਸਭ ਤੋਂ ਪਹਿਲਾਂ ਇਨ੍ਹਾਂ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਸੂਫ਼ੀ ਮੁਸਲਮਾਨ ਹੁੰਦੇ ਹੋਏ ਵੀ ਕੱਟੜ ਨਹੀਂ ਸਨ, ਇਸੇ ਕਰਕੇ ਇਹ ਭਾਰਤੀ ਸਮਾਜ ਵਿਚ ਰਚ ਮਿਚ ਗਏ। ਸੂਫ਼ੀ ਫ਼ਕੀਰਾਂ ਦੀ ਨਿਰਗੁਣ ਧਾਰਾ ਦੇ ਸੰਤਾਂ ਨਾਲ ਜੋ ਗਲ ਸਾਂਝੀ ਸੀ, ਉਹ ਇਹ ਕਿ ਦੋਨੋਂ ਧਰਮ ਦੇ ਮਸਲੇ ਵਿਚ ਉਦਾਰਵਾਦੀ ਸਨ।

ਉਤਰੀ ਭਾਰਤ ਤੇ ਦੱਖਣੀ ਭਾਰਤ ਵਿਚ ਭਗਤੀ ਸੰਪਰਦਾਵਾਂ ਦਾ ਵਿਕਾਸ ਹੋਇਆ। ਸ਼ੈਵ, ਵੈਸ਼ਨਵ ਤੇ ਹੋਰ ਭਗਤੀ ਸੰਪਰਦਾਵਾਂ ਇਥੇ ਪ੍ਰਚਲਿਤ ਹੋਈਆਂ। ਅਚਾਰੀਆ ਪਰਸ਼ੂਰਾਮ ਚਤੁਰਵੇਦੀ ਦੇ ਅਨੁਸਾਰ ਇਹ ਕਹਿਣਾ ਕਠਿਨ ਹੈ ਕਿ ਕਿਹੜੀ ਪਰੰਪਰਾ ਨੇ ਕਿਸਨੂੰ ਵਧ ਪ੍ਰਭਾਵਿਤ ਕੀਤਾ ਅਤੇ ਨਾ ਹੀ ਇਹਨਾਂ ਦੇ ਵਿਚ ਕਿਸੇ ਪ੍ਰਤਖ ਸੰਬੰਧ ਦਾ ਪਤਾ ਚਲਦਾ ਹੈ। ਇਹ ਗੱਲ ਮੰਨੀ ਜਾਂਦੀ ਹੈ ਕਿ ਦੱਖਣੀ ਭਾਰਤ ਦੇ ਸੰਤ ਨਾਮਦੇਵ ਨੇ ਪੰਜਾਬ ਪ੍ਰਾਂਤ ਵਿਚ ਕੁਛ ਦਿਨਾਂ ਤਕ ਯਾਤਰਾ ਕਰਕੇ ਆਪਣੇ ਉਪਦੇਸ਼ ਦਿਤੇ ਅਤੇ ਇਹ ਵੀ ਅਨੁਮਾਨ ਕੀਤਾ ਜਾਂਦਾ ਹੈ ਕਿ ਕਬੀਰ ਨੇ ਵੀ ਸ਼ਾਇਦ ਮਹਾਰਾਸ਼ਟਰ ਪ੍ਰਾਂਤ ਤਕ ਆਪਣੀ ਯਾਤਰਾ ਕੀਤੀ ਸੀ।[18]

ਭੂਗੋਲਿਕ ਸਥਿਤੀ, ਸੰਤ ਮਹਾਤਮਾਵਾਂ ਦੇ ਵਿਅਕਤਿਤਵ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਂਸਕ੍ਰਿਤਕ ਤੱਤਾਂ ਤੇ ਭਗਤੀ ਅੰਦੋਲਨ ਦਾ ਵਿਕਾਸ ਨਿਰਭਰ ਕਰ ਰਿਹਾ ਸੀ। ਇਨ੍ਹਾਂ ਤੱਤਾਂ ਦੇ ਆਧਾਰ ਤੇ ਭਗਤੀ ਅੰਦੋਲਨ ਦੀ, ਦੱਖਣ ਦੀ, ਵੇਦਾਂਤ ਭਗਤੀ ਪਰੰਪਰਾ, ਉਤਰੀ ਭਾਰਤ ਦੀ ਸੰਤ ਮਤ ਅਤੇ ਸਗੁਣ ਭਗਤੀ ਪਰੰਪਰਾਵਾਂ ਆਪਣਾ ਯੋਗ ਦਾਨ ਦੇ ਰਹੀਆਂ ਸਨ।

ਸੰਖੇਪ ਵਿਚ ਭਗਤੀ ਅੰਦੋਲਨ ਦੀਆਂ ਕਾਵਿ ਖੇਤਰ ਵਿਚ ਤਿੰਨ ਪ੍ਰਮੁਖ ਧਾਰਾਵਾਂ ਸਨ। ਇਕ ਕਥਾ-ਕਾਵਿ ਦੀ ਪ੍ਰਣਾਲੀ ਰਾਹੀਂ ਆਪਣੇ ਰਹੱਸਵਾਦੀ ਅਨੁਭਵ ਨੂੰ ਬਿਆਨ ਕਰ ਰਹੇ ਸਨ, ਜਿਨ੍ਹਾਂ ਦੇ ਪ੍ਰਧਾਨ ਜਾਇਸੀ ਹਨ। ਦੂਜੀ, ਨਿਰਗੁਣ ਧਾਰਾ ਦੇ ਉਹ ਕਵੀ ਜੋ ਵਰਣ-ਆਸ਼ਰਮ ਨੂੰ ਨਹੀਂ ਮੰਨਦੇ ਸਨ, ਜਿਨ੍ਹਾਂ ਵਿਚ ਮੁਖ ਤੌਰ ਤੇ ਕਬੀਰ ਅਤੇ ਗੁਰੂ ਨਾਨਕ ਆਉਂਦੇ ਹਨ। ਤੀਜੀ, ਉਹ ਜੋ ਵਰਣ ਆਸ਼ਰਮ ਦੇ ਨਾਲ ਸਨ। ਇਸ ਧਾਰਾ ਦੇ ਪ੍ਰਸਿਧ ਕਵੀ ਵਿਦਿਆਪਤੀ, ਚੰਡੀਦਾਸ, ਸੂਰਦਾਸ ਅਤੇ ਤੁਲਸੀਦਾਸ ਹਨ।[19]

---

18. ਪਰਸ਼ੂਰਾਮ ਚਤੁਰਵੇਦੀ, (ਆਚਾਰੀਆ), ਭੂਮਿਕਾ, ਉਤਰੀ ਭਾਰਤ ਕੀ ਸੰਤ ਪਰੰਪਰਾ, (ਇਲਾਹਾਬਾਦ, 1972), ਪੰ. 9.
19. ਰਾਮਧਾਰੀ ਸਿੰਘ ਦਿਨਕਰ, (ਡਾ:), ਸੰਸਕ੍ਰਿਤੀ ਕੇ ਚਾਰ ਅਧਿਆਇ, ਪੰ. 305.

## 4. ਨਿਰਗੁਣ ਵਿਚਾਰਧਾਰਾ

ਡਾ. ਰਾਮਧਾਰੀ ਸਿੰਘ ਦਿਨਕਰ ਮੱਧ-ਕਾਲ ਦੀ ਨਿਰਗੁਣ ਵਿਚਾਰਧਾਰਾ ਨੂੰ ਬੁੱਧ-ਕਾਲ ਤੋਂ ਆਉਂਦੀ ਹੋਈ ਫਕੜ-ਮਿਜਾਜ਼ ਸਿਧ ਸਾਧੂਆਂ ਦੀ ਪਰੰਪਰਾ ਦਾ ਵਿਕਾਸ ਮੰਨਦਾ ਹੈ।[20] ਪਰ ਭਗਤੀ ਕਾਲ ਦੇ ਹੋਰ ਕਵੀਆਂ ਰੈਦਾਸ, ਤ੍ਰਿਲੋਚਨ, ਸੰਤ ਵੇਣੀ, ਰਵਿਦਾਸ, ਧੰਨਾ, ਪੀਪਾ, ਸੈਨ ਆਦਿ ਨੇ ਭਗਤੀ ਰਸ ਨਾਲ ਸਿੰਜ ਕੇ ਇਸਨੂੰ ਸਜੀਵ ਬਣਾ ਦਿੱਤਾ ਅਤੇ ਉਸ ਜੀਵਨ ਆਧਾਰ ਤੇ ਅਜਿਹੇ ਭਗਤੀਭਾਵੀ ਪ੍ਰਸਾਦ ਦਾ ਨਿਰਮਾਣ ਕੀਤਾ ਜਿਹੜਾ ਤੱਤਕਾਲੀਨ ਧਾਰਮਿਕ ਜਨਤਾ ਦਾ ਇਕ ਮਾਤਰ ਆਸਰਾ ਬਣਿਆ।[21]

ਇਸ ਤਰ੍ਹਾਂ ਕਬੀਰ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਤਕ ਪ੍ਰਾਰੰਭਕ ਭਗਤੀ ਕਾਲ ਮੰਨਿਆ ਜਾ ਸਕਦਾ ਹੈ। ਉਤਰੀ ਭਾਰਤ ਵਿਚ ਭਗਤੀ ਅੰਦੋਲਨ ਜਿਸਤਰ੍ਹਾਂ ਸੰਗਠਿਤ ਹੋ ਰਿਹਾ ਸੀ ਉਸ ਉਤੇ ਪੂਰਵ ਵਰਣਿਤ ਸੰਤਾਂ ਦਾ ਸਭ ਤੋਂ ਵਧੇਰੇ ਯੋਗਦਾਨ ਸੀ। ਪੀਪਾ, ਰੈਦਾਸ, ਸੈਨ ਵਰਗੇ ਸੰਤਾਂ ਦੀ ਸਾਧਨਾ ਵਿਚ ਭਗਤੀ ਦਾ ਰੂਪ ਦੇਖਣ ਦੀ ਵੈਸ਼ਨਵ ਭਾਵਨਾ ਦੇ ਨੇੜੇ ਸੀ।

ਕਬੀਰ ਉਤਰੀ ਭਾਰਤ ਦਾ ਅਤੇ ਨਿਰਗੁਣ ਧਾਰਾ ਦਾ ਮਹਾਨ ਕਵੀ ਹੈ। ਕਬੀਰ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਕੋਈ ਸੰਗਠਨ ਨਹੀਂ ਬਣਾਇਆ, ਭਾਵੇਂ ਉਸ ਦੇ ਅਨੁਯਾਈਆਂ ਨੇ ਬਾਅਦ ਵਿਚ ਕਬੀਰ-ਪੰਥ ਚਲਾ ਲਿਆ। ਹਿਰਦੇ ਪਰਿਵਰਤਨ ਦਾ ਜ਼ੋਰ ਦੇ ਕੇ ਉਨ੍ਹਾਂ ਨੇ ਭਗਤੀ ਦੇ ਬਾਹਰਮੁਖੀ ਸਾਧਨਾ ਦੀ ਆਲੋਚਨਾ ਕੀਤੀ। ਕਬੀਰ ਇਹ ਆਲੋਚਨਾ ਕੇਵਲ ਅਧਿਆਤਮਕ ਪੱਖ ਤੇ ਪ੍ਰਗਟ ਕਰਦੇ ਹਨ, ਬ੍ਰਾਹਮਣ ਸ਼੍ਰੇਣੀ ਦੇ ਵਿਰੁਧ ਜਾਂ ਹੋਰ ਧਾਰਮਕ ਅਤਿਆਚਾਰ ਕਰਨ ਵਾਲਿਆਂ ਵਿਰੁਧ ਪਰ ਰਾਜਸੀ ਤੇ ਸਮਾਜਕ ਖੇਤਰਾਂ ਬਾਰੇ ਉਹ ਲਗਭਗ ਚੁੱਪ ਹਨ।

### ਗੁਰੂ ਨਾਨਕ ਦੇਵ ਜੀ ਦੀ ਭਗਤੀ ਅੰਦੋਲਨ ਨੂੰ ਦੇਣ:

ਉੱਤਰੀ ਭਾਰਤ ਵਿਚ, ਵਿਸ਼ੇਸ਼ ਕਰਕੇ ਪੰਜਾਬ ਵਿਚ, ਭਗਤੀ ਅੰਦੋਲਨ ਨੂੰ ਸਿਖਰ ਤੇ ਪਹੁੰਚਾਣ ਵਿਚ ਗੁਰੂ ਨਾਨਕ ਦੇਵ ਜੀ ਦਾ ਮਹੱਤਵ ਪੂਰਣ ਯੋਗਦਾਨ ਹੈ।[23] ਮੱਧਯੁਗੀਨ ਭਗਤੀ ਅੰਦੋਲਨ, ਬ੍ਰਾਹਮਣਵਾਦ ਦੇ ਪ੍ਰਤੀਕਰਮ ਦੀ ਇਕ ਉਪਜ ਸੀ। ਬ੍ਰਾਹਮਣਵਾਦ ਦੇ ਪਰੰਪਰਾਗਤ ਅਤੇ ਰੂੜ੍ਹ ਹੋ ਜਾਣ ਦੇ ਕਾਰਣ ਧਾਰਮਕ ਕਰਮ-ਕਾਂਡ ਥੋਥੇ ਅਤੇ ਅਰਥ ਹੀਣ ਹੋ ਗਏ ਸਨ।[24]

---

20. ਰਾਮਧਾਰੀ ਸਿੰਘ ਦਿਨਕਰ(ਡਾ.), ਸੰਸਕ੍ਰਿਤੀ ਕੇ ਚਾਰ ਅਧਿਆਇ, ਪੰ. 212
21. ਧਰਮਪਾਲ ਮੈਣੀ,(ਡਾ.),'ਨਿਰਗੁਣ ਕਾਵਿ ਦਾ ਵਿਕਾਸ ਤੇ ਗੁਰੂ ਰਾਮਦਾਸ', ਪੰਜਾਬੀ ਦੁਨੀਆਂ ਗੁਰੂ ਰਾਮਦਾਸ ਅੰਕ, ਪੰ. 93
22. ਦੀਵਾਨ ਸਿੰਘ (ਡਾ.),'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ', ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, (ਅੰਮ੍ਰਿਤਸਰ, 1968), ਪੰ. 12
23. ਮਨਮੋਹਨ ਸਿੰਘ (ਡਾ.), ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ,(ਨਵੀਂ ਦਿੱਲੀ, 1975) ਪੰ. 13

ਧਰਮ ਵਿਚ ਮੋਕਸ਼ ਜਾਂ ਮੁਕਤੀ ਪ੍ਰਾਪਤੀ ਦੇ ਚਿੰਨ੍ਹ ਜਦ ਆਪਣਾ ਅਰਥ ਖੋ ਲੈਂਦੇ ਹਨ ਤਾਂ ਉਹ ਆਤਮ-ਵਿਕਾਸ ਵਿਚ ਸਹਾਈ ਹੋਣ ਤੋਂ ਉਲਟ ਰੁਕਾਵਟ ਬਣਦੇ ਹਨ। ਵੈਦਿਕ ਕਾਲ ਤੋਂ ਚਲੇ ਆ ਰਹੇ ਆਤਮ-ਸਿਧੀ ਦੇ ਸਾਧਨ, ਯੋਗ, ਤਪ ਅਤੇ ਪੂਜਾ ਪਾਠ (ਸੰਧਿਆ ਗਾਇਤ੍ਰੀ ਆਦਿ) ਅੰਤਿਮ ਮਨੋਰਥ ਬਣ ਗਏ ਸਨ ਅਤੇ ਆਪਣਾ ਮੰਤਵ ਖੋ ਚੁਕੇ ਸਨ।

ਭਗਤੀ ਸਾਹਿਤ ਵਿਚ ਥੋਥੇ ਅਤੇ ਅਰਥ ਹੀਣ ਬ੍ਰਾਹਮਣੀ ਕਰਮ-ਕਾਂਡ ਦਾ ਵਿਰੋਧ ਕੀਤਾ ਗਿਆ। ਬਾਹਰੀ ਕਰਮ-ਕਾਂਡ ਦਾ ਖੰਡਨ ਭਗਤੀ ਸਾਹਿਤ ਦਾ ਵਿਸ਼ਾ ਬਣ ਗਿਆ ਸੀ।[25] ਗੁਰੂ ਨਾਨਕ ਅਤੇ ਉਤਰਾਧਿਕਾਰੀ ਗੁਰੂ ਕਵੀਆਂ ਨੇ ਇਕ ਸੁਚੇਤ ਯਤਨ ਰਾਹੀਂ ਇਨ੍ਹਾਂ ਕੀਮਤਾਂ ਦਾ ਖੰਡਨ ਕਰਕੇ ਨਵੀਆਂ ਕੀਮਤਾਂ ਦੀ ਜਾਗ੍ਰਿਤੀ ਪ੍ਰਦਾਨ ਕੀਤੀ। ਉਹਨਾਂ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਸਿਧਾ ਤੇ ਸਪਸ਼ਟ ਮਾਰਗ ਦਸਿਆ।

ਗੁਰੂ ਨਾਨਕ ਨੇ ਧਰਮ ਲਈ 'ਰੋਟੀਆਂ ਕਾਰਣਿ ਤਾਲ ਪੂਰਦਿਆਂ' ਨੂੰ ਪਾਖੰਡੀ ਕਿਹਾ। ਉਨ੍ਹਾਂ ਨੇ ਧਾਰਮਿਕ ਭੇਖਾਂ, ਮੂਰਤੀ ਪੂਜਾ, ਸ਼ਰਾਧ, ਸੂਤਕ, ਤੀਰਥ ਅਸਥਾਨਾਂ ਦਾ ਇਸ਼ਨਾਨ, ਸੁੱਚ ਆਦਿ ਦਾ ਖੰਡਨ ਕੀਤਾ।[26] ਵੇਦ ਸ਼ਾਸਤਰਾਂ, ਜੋਤਸ਼ ਵਿਦਿਆ ਦੇ ਓਪਰੇ ਗਿਆਨ ਦੀ ਆਲੋਚਨਾ ਕੀਤੀ।

ਭਗਤੀ ਅੰਦੋਲਨ, ਨਾਥ ਯੋਗੀਆਂ ਦੀਆਂ ਔਖੀਆਂ ਸਰੀਰਕ ਕਿਰਿਆਵਾਂ, ਅੰਤਰਮੁਖੀ ਦੁਖੀਆਂ ਸਾਧਨਾਵਾਂ, ਕਰਾਮਾਤਾਂ, ਬਾਹਰੀ ਚਿੰਨ੍ਹਵਾਦ ਅਤੇ ਥੋਥੇ ਭੇਖਾਚਾਰ ਦਾ ਪ੍ਰਤੀਕਰਮ ਸੀ।[27] ਗੁਰੂ ਨਾਨਕ ਅਤੇ ਉਤਰਾਧਿਕਾਰੀ ਗੁਰੂ ਕਵੀਆਂ ਨੇ ਯੋਗੀਆਂ ਦੇ ਬਾਹਰੀ ਭੇਖ ਅਤੇ ਦੁਨਿਆਵੀ ਪਦਾਰਥਾਂ ਦੀ ਲਾਲਸਾ ਤੇ ਟਕੋਰ ਕੀਤੀ। ਯੋਗੀਆਂ ਦੀ ਜ਼ਿੰਦਗੀ ਪ੍ਰਤੀ ਅਪਸਾਰਵਾਦੀ ਰੁਚੀ ਦਾ ਵਿਰੋਧ ਕਰਦੇ ਗ੍ਰਹਿਸਤ ਜੀਵਨ ਦਾ ਮਾਰਗ ਅਪਨਾਉਣ ਦਾ ਸੰਦੇਸ਼ ਦਿੱਤਾ।

ਮੱਧਕਾਲੀਨ ਸਮਾਜ ਵਿਚ ਵੈਦਿਕ ਕਾਲ ਤੋਂ ਚਲੀ ਆ ਰਹੀ ਜਾਤਪਾਤ ਅਤੇ ਵਰਣ ਆਸ਼ਰਮ ਦੀ ਪ੍ਰਥਾ ਉਸੇ ਤਰ੍ਹਾਂ ਚਲੀ ਆ ਰਹੀ ਸੀ। ਭਾਵੇਂ ਕੁਝ ਮਧ-ਕਾਲੀਨ ਸੰਤ ਕਵੀਆਂ ਨੇ ਇਸ ਦਾ ਖੰਡਨ ਕੀਤਾ, ਪਰ ਸੁਚੇਤ ਰੂਪ ਵਿਚ ਕੋਈ ਐਸਾ ਸਮਾਜਕ, ਰਾਜਨੀਤਕ ਅਤੇ ਆਰਥਕ ਕਦਮ ਨਹੀਂ ਉਠਾਇਆ ਜੋ ਨਾ ਸਿਰਫ਼ ਇਸ ਦਾ ਖੰਡਨ ਹੀ ਕਰਦਾ, ਸਗੋਂ ਆਪਣੇ ਵਿਚਾਰਾਂ ਨੂੰ ਵਿਹਾਰਕ ਰੂਪ ਦੇਂਦਾ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪ੍ਰਥਾਵਾਂ ਦੀ ਆਲੋਚਨਾ ਕਰਦੇ ਹੋਏ ਇਕ ਐਸੇ ਪੰਥ ਦਾ ਨਿਰਮਾਣ ਕੀਤਾ ਜਿਸ ਵਿਚ ਇਨ੍ਹਾਂ ਭੇਦਾਂ ਭਾਵਾਂ ਨੂੰ ਖ਼ਤਮ ਕੀਤਾ।

---

25. ਮਨਮੋਹਨ ਸਿੰਘ(ਡਾ.), ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਪੰ. 24.
26. ਵੇਖੋ, ਉਹੀ, ਪੰਨੇ 26-28.
27. ਵੇਖੋ, ਉਹੀ, ਪੰ. 29.

ਮੱਧਕਾਲੀਨ ਸਮਾਜ ਵਿਚ ਸੂਦਰ ਵਾਂਗ ਨਾਰੀ ਨੂੰ ਵੀ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਭਾਵੇਂ ਉਹ ਸਮਾਜਕ ਪੱਖ ਸੀ ਜਾਂ ਧਾਰਮਕ, ਪੱਖ, ਇਸਤ੍ਰੀ ਨੂੰ ਇਕ ਬੋਝ ਜਾਂ ਰੁਕਾਵਟ ਸਮਝਿਆ ਜਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਅਜਿਹੀਆਂ ਪ੍ਰਸਥਿਤੀਆਂ ਵਿਚ ਹੀ ਜਗਤ ਨੂੰ ਯਾਦ ਦਿਵਾਇਆ ਕਿ ਜਿਸਨੂੰ ਸਮਾਜ ਬੁਰਾ ਕਰਾਰ ਦੇ ਰਿਹਾ ਹੈ, ਉਹੀ ਜਗਤ-ਜਨਨੀ ਹੈ।[੨੮]

ਗੁਰੂ ਨਾਨਕ ਦੇਵ ਜੀ ਦੀ ਦੇਣ ਰਾਹੀਂ ਭਗਤੀ ਅੰਦੋਲਨ ਇਕ ਨਵੇਂ ਪੜਾਅ ਤੇ ਪੁਜਿਆ। ਬਹੁਤ ਸਾਰੇ ਸੰਤ-ਕਵੀਆਂ ਦੇ ਕਾਵਿ ਵਿਚ ਸਮਾਜਕ ਵਿਰੋਧ ਇਕ ਲੁਕਵੇਂ ਰੂਪ ਵਿਚ ਪ੍ਰਗਟ ਹੋਇਆ ਮਿਲਦਾ ਹੈ। ਪਰ ਗੁਰੂ ਨਾਨਕ ਨੇ ਧਾਰਮਕ ਅਤੇ ਸਮਾਜਕ ਵਿਸ਼ਿਆਂ ਦੇ ਨਾਲ ਰਾਜਨੀਤਕ ਵਿਸ਼ੇ ਤੇ ਬੜੀ [29] ਦਲੇਰੀ ਅਤੇ ਸਾਫ਼ ਬਿਆਨੀ ਨਾਲ ਆਪਣੇ ਸਮੇਂ ਦੇ ਹਾਕਮਾਂ ਨੂੰ ਸ਼ੇਰ ਕੁਤੇ ਅਤੇ ਕਸਾਈ ਆਦਿ ਆਖਿਆ। ਆਸਾ ਦੀ ਵਾਰ ਦੇ ਸ਼ਬਦ ਵਿਚ ਉਹ ਇਤਿਹਾਸਕ ਯਥਾਰਥ ਨੂੰ ਬੜੇ ਕਲਾਤਮਕ ਰੂਪ ਵਿਚ ਪੇਸ਼ ਕਰਦੇ ਹਨ।

ਗੁਰੂ ਨਾਨਕ ਨੇ ਲੋਕ-ਰਾਜ ਦੇ ਹੱਕ ਵਿਚ ਆਪਣੀ ਸਮਕਾਲੀ ਸੋਚ ਤੋਂ ਉਚਾ ਉਠ ਕੇ ਅਵਾਜ਼ ਉਠਾਈ। ਉਨ੍ਹਾਂ ਨੇ ਕਿਹਾ ਕਿ ਰਾਜਾ ਲੋਕਾਂ ਲਈ ਹੈ। ਲੋਕਾਂ ਦੀ ਸਲਾਹ ਨਾਲ ਪੰਚਾਇਤੀ ਢੰਗ ਵਿਚ ਰਹਿਣ ਵਾਲਾ ਰਾਜਾ ਹੀ ਕਾਫ਼ੀ ਦੇਰ ਤਕ ਟਿਕਿਆ ਰਹਿ ਸਕਦਾ ਹੈ:-

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣੁ ਰਤੁ। (ਮਾਰੂ ਮਹਲਾ ੧)

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭਗਤੀ ਅੰਦੋਲਨ ਨੂੰ ਸਮਾਜਕ ਅਤੇ ਸਮੂਹਕ ਰੂਪ ਦੇ ਕੇ ਇਸ ਦੀ ਕਾਇਆ ਕਲਪ ਕਰ ਦਿੱਤੀ। ਸਿਧਾਂਤ ਨਾਲੋਂ ਵਿਹਾਰ ਉਤੇ ਅਤੇ ਕਥਨੀ ਨਾਲੋਂ ਕਰਨੀ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਾਂ ਅੰਦਰ ਚੇਤੰਨਤਾ ਲਿਆਉਣ ਦਾ ਯਤਨ ਕੀਤਾ। ਜਿਥੇ ਇਕ ਪਾਸੇ ਇਹ ਚੇਤੰਨਤਾ 'ਸਵੈ' ਦੀ ਖੋਜ ਵਲ ਮੁਖਰਿਤ ਸੀ ਦੂਜੇ ਪਾਸੇ ਇਸ ਚੇਤੰਨਤਾ ਦਾ ਮੁਖ ਸਮਾਜ ਵਲ ਸੀ।

ਗੁਰੂ ਰਾਮਦਾਸ ਜੀ ਗੁਰੂ ਨਾਨਕ-ਪਰੰਪਰਾ ਦੇ ਪ੍ਰਮੁਖ ਕਵੀ ਹਨ। ਭਗਤੀ ਅੰਦੋਲਨ ਦੇ ਵਿਕਾਸ ਵਿਚ ਸਿਖ ਵਿਚਾਰਧਾਰਾ ਨੇ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਜੋ ਰਾਜਨੀਤਕ ਅਤੇ ਇਤਿਹਾਸਕ ਰੋਲ ਨਿਭਾਇਆ, ਇਸ ਸਭ ਦਾ ਸੰਗਠਨ ਉਨ੍ਹਾਂ ਰਾਹੀਂ ਹੋਇਆ।

---

28. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ। (ਆਸਾ ਕੀ ਵਾਰ, ਆਦਿ ਗ੍ਰੰਥ, ਪੰ. 462)

29. (ੳ) ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨ੍ਹਿ ਬੈਠੇ ਸੁਤੇ॥ (ਮਲਾਰ ਕੀ ਵਾਰ, ਆਦਿ ਗ੍ਰੰਥ, ਪੰ. 1288)
(ਅ) ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ॥ (ਮਾਝ ਕੀ ਵਾਰ, ਆਦਿ ਗ੍ਰੰਥ, ਪੰ. 145)

## ਅਧਿਆਇ 1

## ਜੀਵਨ, ਰਚਨਾ ਅਤੇ ਕਾਲ

### 1. ਜੀਵਨ ਤੇ ਸ਼ਖ਼ਸੀਅਤ

#### (ੳ) ਜਨਮ ਤੇ ਮੁਢਲਾ ਜੀਵਨ:

ਗੁਰੂ ਰਾਮਦਾਸ ਜੀ ਦਾ ਜਨਮ 26 ਅੱਸੂ (ਕਤਕਵਦੀ 2) ਸੰਮਤ 1591 (ਸੰਨ 1534) ਨੂੰ ਚੂਨਾ ਮੰਡੀ ਲਾਹੌਰ ਦੇ ਮਕਾਨ ਤੇ ਹੋਇਆ।[1] ਆਪ ਦੇ ਪਿਤਾ ਦਾ ਨਾਮ ਹਰਿਦਾਸ ਤੇ ਮਾਤਾ ਦਾ ਨਾਮ ਅਨੂਪ ਕੌਰ ਸੀ, ਜਿਸਨੂੰ ਵਿਆਹ ਪਿਛੋਂ ਦਯਾ ਕੌਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ।[2] ਆਪ ਦੇ ਪਿਤਾ ਸੋਢੀ ਕੁਲ ਦੇ ਖਤਰੀ ਸਨ, ਜੋ ਦੁਕਾਨਦਾਰੀ ਦਾ ਸਾਧਾਰਣ ਕਿੱਤਾ ਕਰਦੇ ਸਨ। ਪਲੇਠੀ ਦੇ ਪੁਤਰ ਹੋਣ ਕਰਕੇ ਆਪਦਾ ਨਾਮ 'ਜੇਠਾ' ਪੈ ਗਿਆ।

#### (ਅ) ਪ੍ਰਸਥਿਤੀਆਂ ਅਤੇ ਪ੍ਰਭਾਵ:

ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਉਸਦੇ ਘਰ ਦੇ ਵਾਤਾਵਰਣ ਦਾ ਮਹੱਤਵਪੂਰਣ ਹਿੱਸਾ ਹੁੰਦਾ ਹੈ। ਜੇਠਾ ਜੀ ਦੇ ਜੀਵਨ ਵਿਚ ਵੀ ਘਰ ਦੇ ਵਾਤਾਵਰਣ ਨੇ ਮਹੱਤਵਪੂਰਣ ਹਿੱਸਾ ਪਾਇਆ। ਸਮਕਾਲੀ ਜੀਵਨ ਵਿਚ ਬਹੁ - ਈਸ਼ਵਰਵਾਦ ਦੇ ਪ੍ਰਚਲਤ ਹੋਣ ਤੋਂ ਉਲਟ, ਆਪਦੇ ਮਾਂ-ਬਾਪ ਇਕ ਰੱਬ ਵਿਚ ਵਿਸ਼ਵਾਸ ਰੱਖਣ ਵਾਲੇ, ਮਿਹਨਤੀ ਤੇ ਸੰਤੋਖੀ ਜੀਵ ਸਨ।[3] ਭਾਈ ਜੇਠਾ ਜੀ ਉਤੇ ਬਾਲ-ਉਮਰ ਵਿਚ ਆਪਣੀ ਮਾਤਾ ਦਾ ਵਿਸ਼ੇਸ਼ ਪ੍ਰਭਾਵ ਪਿਆ। ਦਯਾ ਕੌਰ ਧਾਰਮਕ ਖਿਆਲਾਂ ਅਤੇ ਭਗਤੀ ਵਿਚ ਲੀਨ ਰਹਿਣ ਵਾਲੀ, ਉਚ ਜੀਵਨ ਦੀ ਮਾਲਕ, ਔਰਤ ਸੀ। ਉਸਦੇ ਅਸਰ ਥਲੇ ਆਪ ਵੀ ਛੋਟੀ ਉਮਰ ਤੋਂ ਹੀ ਅਧਿਆਤਮਕਤਾ ਵਲ ਪ੍ਰੇਰੇ ਗਏ।

ਜਦ ਆਪ ਥੋੜੇ ਜਿਹੇ ਵੱਡੇ ਹੋਏ ਤਾਂ ਘਰ ਦੀ ਗਰੀਬੀ ਕਾਰਣ ਮਾਂ-ਬਾਪ ਨੇ ਵਿਚਾਰ ਬਣਾਇਆ ਕਿ ਉਹ ਕੋਈ ਕਾਰ-ਵਿਹਾਰ ਸਿਖਣ ਅਤੇ ਕਿਸੇ ਰੁਜ਼ਗਾਰ ਦੇ ਕਾਬਲ ਬਣਨ। ਆਖਰ ਇਕ ਗੁਆਂਢੀ ਦੇ ਕਹਿਣ ਤੇ ਉਹਨਾਂ ਲਈ ਘੁੰਗਣੀਆਂ ਰਿੰਨ੍ਹ ਕੇ ਛਾਬੜੀ ਲਾ ਦਿੱਤੀ ਗਈ। ਪਰ ਇਹ ਕੰਮ ਉਨ੍ਹਾਂ ਨੂੰ ਰਤਾ ਔਖਾ ਨਾ ਲੱਗਿਆ। ਉਨ੍ਹਾਂ ਦੇ ਬੋਲਾਂ ਵਿਚ ਏਨੀ ਮਿਠਾਸ ਸੀ ਕਿ ਉਨ੍ਹਾਂ ਦੀਆਂ ਘੁੰਗਣੀਆਂ ਜਲਦੀ ਹੀ ਵਿਕ ਜਾਂਦੀਆਂ ਸਨ।

ਬਾਲ ਉਮਰ ਵਿਚ ਹੀ ਉਹ ਸਾਧਾਂ ਸੰਤਾਂ ਦੀ ਸੰਗਤ ਦੇ ਅਭਿਲਾਸ਼ੀ ਸਨ। ਇਕ ਵਾਰ ਦਾ ਪ੍ਰਸੰਗ ਹੈ ਕਿ ਉਹ ਘੁੰਗਣੀਆਂ ਲੈ ਕੇ ਰਾਵੀ ਦੇ ਕੰਢੇ, ਸੰਤਾਂ, ਮਹਾਤਮਾਵਾਂ ਦੇ ਦਰਸ਼ਨ ਕਰਨ ਗਏ

---

1. ਕਾਨ੍ਹ ਸਿੰਘ (ਭਾਈ) ਮਹਾਨ ਕੋਸ਼(ਪਟਿਆਲਾ, 1974),ਪੰ. 1035.
2. Max Authur Macauliffe, The Sikh Religion (N.Delhi 1963),Vol.II,pp.6 66.
3. Ibid, P. 87.

ਅਤੇ ਉਬਲੇ ਆਪਣੀਆਂ ਘੁੰਗਣੀਆਂ ਭੁੱਖੇ ਸਾਧੂ, ਸੰਤਾਂ ਨੂੰ ਖੁਆ ਕੇ, ਖਾਲੀ ਹੱਥ ਵਾਪਸ ਘਰ ਪਰਤ ਆਏ।[4] ਇਸ ਉਮਰ ਵਿਚ ਹੀ ਆਪ ਦੀ ਮਾਤਾ ਸਦੀਵੀ ਵਿਛੋੜਾ ਦੇ ਗਈ। ਆਪ ਅਜੇ ਮਸਾਂ ਸੱਤ ਵਰ੍ਹਿਆਂ ਦੇ ਬਾਲ ਹੀ ਸਨ ਕਿ 1541 ਈਸਵੀ ਵਿਚ ਆਪਦੇ ਪਿਤਾ ਸੋਢੀ ਹਰਿਦਾਸ ਜੀ ਦੀ ਮ੍ਰਿਤੂ ਵੀ ਹੋ ਗਈ।[5] ਕੁਝ ਅਰਸਾ ਉਹ ਆਪਣੇ ਚਾਚੇ ਪਾਸ ਲਾਹੌਰ ਰਹੇ, ਫਿਰ ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਪਿੰਡ ਲੈ ਆਈ। ਭਾਈ ਜੇਠਾ ਜੀ ਦੀ ਪਰਵਰਿਸ਼ ਬਾਸਰਕੇ ਹੀ ਉਨ੍ਹਾਂ ਦੇ ਨਾਨਕਿਆਂ ਨੇ ਕੀਤੀ।[6]

**(ਙ) ਸ਼ਖ਼ਸੀਅਤ ਦਾ ਵਿਕਾਸ:**

ਛੋਟੀ ਉਮਰ ਵਿਚ ਅਨਾਥ ਹੋ ਜਾਣ ਤੇ, ਮਾਂ ਬਾਪ ਦੀ ਅਣਹੋਂਦ ਨੇ, ਆਪਦੇ ਸੁਭਾਅ ਵਿਚ ਨਿਮ੍ਰਤਾ, ਮਿਠਾਸ ਅਤੇ ਸਹਿਣਸ਼ੀਲਤਾ ਜਿਹੇ ਸਦੀਵੀ ਗੁਣਾਂ ਨੂੰ ਦ੍ਰਿੜ ਕਰ ਦਿੱਤਾ। ਜਿਹੜਾ ਖਿਲਾਅ ਮਾਂ ਬਾਪ ਦੀ ਅਣਹੋਂਦ ਕਾਰਨ ਆਇਆ ਉਸਨੂੰ ਉਨ੍ਹਾਂ ਨੇ ਰੱਬੀ ਪਿਆਰ ਨਾਲ ਪੂਰਾ ਕਰਨਾ ਆਰੰਭ ਲਿਆ।

ਬਾਸਰਕੇ ਗੁਰੂ ਅਮਰਦਾਸ ਜੀ ਦਾ ਜੱਦੀ ਪਿੰਡ ਸੀ। ਗੁਰੂ ਅਮਰਦਾਸ ਜਿਨ੍ਹਾਂ ਦਾ ਧਿਆਨ ਉਸ ਵੇਲੇ ਪੂਰਨ ਤੌਰ ਤੇ ਸਿਖੀ ਮਾਰਗ ਵਲ ਹੋ ਚੁਕਿਆ ਸੀ, ਭਾਈ ਜੇਠਾ ਜੀ ਦੇ ਨਾਨਕੇ ਪਿੰਡ ਦੇ ਸਾਕ ਸੰਬੰਧੀਆਂ ਨਾਲ ਦਿਲਾਸਾ ਦੇਣ ਆਏ, ਤਾਂ ਇਸ ਅਨਾਥ ਬਾਲਕ ਦੇ ਵਿਚ ਨਿਮ੍ਰਤਾ ਅਤੇ ਮਿਠਾਸ ਦੇ ਗੁਣਾਂ ਨੂੰ ਦੇਖ ਕੇ, ਬਹੁਤ ਪ੍ਰਭਾਵਿਤ ਹੋਏ।

ਭਾਈ ਜੇਠਾ ਜੀ ਬਾਸਰਕੇ ਪੰਜ ਵਰ੍ਹੇ ਰਹੇ।[7] ਇਸ ਅਰਸੇ ਦੌਰਾਨ ਉਨ੍ਹਾਂ ਦਾ ਮੇਲ ਗੁਰੂ ਅਮਰਦਾਸ ਨਾਲ ਹੁੰਦਾ ਰਿਹਾ ਅਤੇ ਹੌਲੀ ਹੌਲੀ ਨੇੜਤਾ ਵਧਦੀ ਗਈ।

ਜਦ ਗੁਰੂ ਅੰਗਦ ਦੇਵ ਜੀ ਦੇ ਕਹਿਣ ਤੇ ਅਤੇ ਗੋਂਦੇ ਖਤਰੀ ਦੇ ਅਨੁਰੋਧ ਤੇ (ਗੁਰੂ) ਅਮਰਦਾਸ ਜੀ ਨੇ ਗੋਇੰਦਵਾਲ ਨਿਵਾਸ ਕਰ ਲਿਆ ਤਾਂ ਭਾਈ ਜੇਠਾ ਜੀ ਵੀ ਆਪਣੀ ਨਾਨੀ ਨਾਲ [redacted]।

---

4. ਜੋਧ ਸਿੰਘ (ਡਾ:ਭਾਈ), ਗੁਰੂ ਰਾਮਦਾਸ, <u>ਪੰਜਾਬੀ ਸਾਹਿਤ ਦਾ ਇਤਿਹਾਸ</u>, ਸੰਪਾ: ਡਾ: ਸੁਰਿੰਦਰ ਸਿੰਘ ਕੋਹਲੀ, (ਚੰਡੀਗੜ੍ਹ, 1973), ਭਾਗ ਪਹਿਲਾ, ਪੰ:241.
5. <u>Guru Granth Ratnavali</u>, (Patiala, Pbi. University,n.d.), p. 51.
6. ਮਾਤ ਪਿਤਾ ਪਰਲੋਕ ਸਿਧਾਰੇ॥ ਰਹਯੋ ਨਾਨਕੇ, ਸੁਖੀ ਅਪਾਰੇ॥
   ਬਾਸਰਕੇ ਪਿੰਡ ਸੋਊ ਰਹਾਵੈਂ।। ਬੇਚ ਘੁੰਗਣੀਆਂ ਕਿਰਤ ਚਲਾਵੈਂ।।(ਗਿ: ਗਿਆਨ ਸਿੰਘ, <u>ਪੰਥ ਪ੍ਰਕਾਸ਼</u>, ਪੰਨ
7. ਸਤਿਬੀਰ ਸਿੰਘ, <u>ਸਾਡਾ ਇਤਿਹਾਸ</u>, (ਜਲੰਧਰ, 1957), ਭਾਗ ਪਹਿਲਾ, ਪੰ: 136.

ਬਾਸਰਕੇ ਤੋਂ ਗੋਇੰਦਵਾਲ ਆ ਗਏ।*

ਗੁਰੂ ਅਮਰਦਾਸ 1552 ਈ: (ਸੰਮਤ 1609) ਵਿਚ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਖਡੂਰ ਸਾਹਿਬ ਤੋਂ ਗੋਇੰਦਵਾਲ ਸਦਾ ਲਈ ਆ ਟਿਕੇ ਸਨ। ਗੋਇੰਦਵਾਲ ਗੁਰੂ ਦੀ ਸੁਸ਼ੋਭਿਤ ਦੇ ਦਰਸ਼ਨਾਂ ਨੂੰ ਅਨੇਕ ਯਾਤਰੀ ਹੋਰ ਆਉਂਦੇ ਸਨ। ਭਾਈ ਜੇਠਾ ਜੀ ਆਪਣੇ ਜੀਵਨ ਦੇ ਨਿਰਬਾਹ ਲਈ ਇਹਨਾਂ ਆਉਂਦੇ ਜਾਂਦੇ ਯਾਤਰੀਆਂ ਨੂੰ ਘੁੰਗਣੀਆਂ ਵੇਚਿਆ ਕਰਦੇ ਸਨ।[8] ਜਦ ਆਪਣਾ ਗੁਜ਼ਾਰਾ ਵੀ ਅਸਲੋਂ ਮੁਸ਼ਕਲ ਨਾਲ ਹੁੰਦਾ ਸੀ, ਅਜੇਹੀ ਅਵਸਥਾ ਵਿਚ ਵੀ ਆਪਣੀ ਕਮਾਈ ਦਾ ਦਸਵੰਧ ਗਰੀਬ ਲੋਕਾਂ ਵਿਚ ਵੰਡ ਦਿੰਦੇ ਸਨ।[9] ਬਾਕੀ ਦਾ ਸਮਾਂ ਗੁਰ ਸੰਗਤ ਵਿਚ ਬਿਤਾਉਂਦੇ ਅਤੇ ਮਨ ਵਿਚ ਹਮੇਸ਼ਾਂ ਸੇਵਾ-ਭਾਵ ਨਾਲ ਭਰੇ ਰਹਿੰਦੇ।[10]

(ਸ) ਬੀਬੀ ਭਾਨੀ ਨਾਲ ਸ਼ਾਦੀ :

ਪ੍ਰਸਿੱਧ ਹੈ ਕਿ ਗੁਰੂਅਮਰਦਾਸ ਜੀ ਦੀ ਦੂਜੀ ਪੁਤਰੀ ਬੀਬੀ ਭਾਨੀ ਵਰ ਦੇ ਯੋਗ ਹੋ ਗਈ ਤਾਂ ਇਕ ਵਾਰ ਜਦ ਪ੍ਰੋਹਤ ਨੂੰ ਸੁੰਦਰ ਯੋਗ ਵਰ ਢੂੰਡਣ ਨੂੰ ਆਖਿਆ ਜਾ ਰਿਹਾ ਸੀ ਤਾਂ ਲੜਕੀ ਦੇ ਮਾਤਾ ਜੀ ਨੇ ਗਲੀ ਵਿਚੋਂ ਲੰਘ ਰਹੇ ਜੇਠਾ ਜੀ ਵਲ ਧਿਆਨ ਦਿਵਾਇਆ ਅਤੇ ਗੁਰੂ ਅਮਰਦਾਸ ਜੀ ਤੋਂ ਮੰਗ ਕੀਤੀ ਕਿ ਵਰ ਇਸ ਲੜਕੇ ਵਰਗਾ ਸੁਨੱਖਾ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਉੱਤਰ ਦਿੱਤਾ

---

* ਪ੍ਰਸਿੱਧ ਇਤਿਹਾਸਕਾਰ ਮੁਹੰਮਦ ਲਤੀਫ਼ ਨੂੰ ਇਕ ਗੱਲ ਵਿਚ ਟਪਲਾ ਲੱਗਾ ਪ੍ਰਤੀਤ ਹੁੰਦਾ ਹੈ, ਜਦ ਉਹ ਲਿਖਦਾ ਹੈ ਕਿ 'ਆਪਣੇ ਮਾਂ-ਬਾਪ ਅਤਿ ਗਰੀਬੀ ਦੀ ਦਸ਼ਾ ਕਰਕੇ ਗੋਇੰਦਵਾਲ ਆ ਵਸੇ।' ਇਸ ਵਿਚ ਧਿਆਨ ਯੋਗ ਗਲ ਸਿਰਫ਼ ਏਨੀ ਹੀ ਹੈ ਕਿ ਮਾਂ-ਬਾਪ ਦੀ ਮ੍ਰਿਤੂ ਤਾਂ ਜਦ ਜੇਠਾ ਜੀ ਸੱਤ ਵਰ੍ਹਿਆਂ ਦੇ ਸਨ ਹੋ ਚੁਕੀ ਸੀ। (History of Punjab,N.Delhi,1964),p.252.

8. ਮਹਿਤਾਬ ਸਿੰਘ (ਮਾਸਟਰ), ਸ੍ਰੀ ਗੁਰੂ ਸਾਹਿਬ ਜੀ ਵਿਚ ਦਿਤੇ ਨਾਵਾਂ ਤੇ ਥਾਵਾਂ ਦਾ ਕੋਸ਼, (ਅੰਮ੍ਰਿਤਸਰ, 1928), ਪੰਨੇ 55-57.

9. ਜੋਧ ਸਿੰਘ (ਡਾ:, ਭਾਈ), ਗੁਰੂ ਰਾਮਦਾਸ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 241.

10. ਸੰਗਤ ਕੀ ਬਹੁ ਸੇਵ ਕਮਾਇ।।
ਤੇਗ ਤਯਾਰ ਦੇਹਿ ਆਹਾਰਾ।।
ਪੰਕਤ ਕੇ ਬਠਾਇ ਏਕ ਸਾਰਾ॥17॥
ਸੀਤਲ ਜਲ ਕੋ ਭਰ ਭਰ ਲਯਾਵੈ॥
ਸੁਭ ਬੂਝ ਸੰਗਤ ਕੇ ਪਯਾਵੈ॥
ਤ੍ਰਿਖਾ ਪਿਆਸਾ ਸਭ ਕੀ ਹਰੈ।।
ਬਾਂਛਤ ਸਿਖਯਨ ਟੈਬ ਕਰੈ।।14॥
ਕਰ ਮਹਿੰ ਗਹੇ ਬੀਜਨੇ ਫੇਰ।।
ਬਾਯੂ ਕਰਤ ਉਸਨ ਬਹੁ ਹੇਰ।।
ਸਭ ਸੰਗਤ ਕੇ ਸੁਖੀ ਕਰੰਤਾ॥
ਇਤ ਤ ਫਿਰਕੇ ਸੇਵ ਤਾ॥ ਕਵੀ ਸੰਤ ਰੇਣ ਸਿੰਘ ਰ

ਕਿ ਇਹੋ ਜਿਹਾ ਲੜਕਾ ਤਾਂ ਸਿਰਫ਼ ਇਹੀ ਹੋ ਸਕਦਾ ਹੈ।[11]

ਅਸਲ ਵਿਚ ਜੇਠਾ ਜੀ ਵਿਚ ਉਹ ਸਾਰੇ ਗੁਣ ਸਨ ਜੋ ਕਿਸੇ ਦੂਰ ਦਰਸ਼ੀ ਮਹਾਂ ਪੁਰਖ ਦਾ ਮਨ ਮੋਹ ਸਕਣ। ਗੁਰੂ ਅਮਰਦਾਸ ਜੀ ਨੇ ਆਪਣੇ ਫ਼ੈਸਲੇ ਅਨੁਸਾਰ ਜੇਠਾ ਜੀ ਨੂੰ ਸੱਦਕੇ ਸ਼ਗਨ ਪਾ ਦਿੱਤਾ। ਸ਼ਾਦੀ ਦੀ ਰਸਮ ਸੰਮਤ 1610 ਨੂੰ ਭਾਈ ਗੁਰਦਾਸ ਜੀ ਦੇ ਪ੍ਰਬੰਧ ਹੇਠ ਕਰ ਦਿੱਤੀ ਗਈ।[12*]

---

11. ਮਹਲ ਕਹਯੋ ਜਿਮਿ ਗੁਰ ਪ੍ਰਤਿ ਬਾਨੀ।

'ਮਹਾਰਾਜ ਸੁਨੀਏ ਸਚ ਮੇਰਾ।
ਭਾਨੀ ਬਡੀ ਭਈ ਮੈਂ ਹੇਰ॥12॥
ਇਸ ਕੀ ਬਨਹਿ ਸਗਾਈ ਕਰੀ॥
ਇਮਿ ਮਾਤਾ ਤਬਿ ਗਿਰਾ ਉਚਰੀ।
ਇਮਿ ਸੁਨਿ ਗੁਰ ਆਏ ਨਿਜ ਥਾਨਾ।
ਬੈਠੇ ਬਾਰੀ ਬੀਚ ਨਿਧਾਨਾ॥13॥
ਬਿਪ੍ਰ ਬੁਲਾਇ ਕਹਯੋ ਸੁਨ ਪ੍ਰੋਧਾ,
ਕਰੋ ਸਗਾਈ ਭਾਨੀ ਸੋਧਾ।'
ਸੁਨਿ ਦਿਜ ਕਹਯੋ ਕਿ 'ਸੁਨੋ ਕ੍ਰਿਪਾਲੂ !
ਏਸ ਬਾਲ ਸਮ ਹੋਵੈ ਬਾਲੂ ?
ਸੁਨ ਬਚ ਬਿੱਪ੍ਰ, ਮੋਨ ਗਹਿਲੀਨੀ।
'ਇਸੈ ਬੁਲਾਵਹੁ' ਗੁਰ ਕਹਿ ਦੀਨੀ। (ਗੁਰ ਪ੍ਰਤਾਪ ਸੂਰਜ — ਪੰਨੇ 1492-93)

12. ਲਾਲ ਸਿੰਘ (ਗਿਆਨੀ), ਗੁਰਦਾਸ ਦਰਸ਼ਨ (ਸੰਗਰੂਰ, 1952), ਪੰ:15.

* ਐਮ. ਕੌਰਰ ਬਿਨਾਂ ਕਿਸੇ ਖੋਜ ਅਤੇ ਪ੍ਰਮਾਣ ਤੇ ਲਿਖਦਾ ਹੈ ਕਿ ਭਾਈ ਜੇਠਾ ਜੀ ਜਦ ਕਿਸੇ ਕੰਮ ਲਈ ਗੋਇੰਦਵਾਲ ਗਏ ਤਾਂ ਬੀਬੀ ਭਾਨੀ ਅਤੇ ਉਨ੍ਹਾਂ ਦਾ ਪਿਆਰ ਸੰਬੰਧ ਬਣ ਗਿਆ। ਆਪਣੇ ਇਸ ਪਿਆਰ ਸੰਬੰਧ ਨੂੰ ਪੱਕਾ ਕਰਨ ਲਈ ਉਹ ਗੁਰੂ ਅਮਰਦਾਸ ਪਾਸ ਠਹਿਰੇ ਅਤੇ ਆਪਣੀ ਪਿਆਰ-ਸਾਧਨਾ ਰਾਹੀਂ ਆਪਣੇ ਆਪ ਨੂੰ ਬੀਬੀ ਭਾਨੀ ਦੇ ਯੋਗ ਸਾਬਤ ਕੀਤਾ।

ਅਜੇਹੇ ਖਿਆਲਾਂ ਨੂੰ ਪ੍ਰਗਟਾਉਣ ਵਿਚ ਇਤਿਹਾਸਕਾਰ ਨੇ ਆਪਣੇ ਭਰਮ ਅਤੇ ਕਲਪਨਾ ਦਾ ਸਹਾਰਾ ਲਿਆ ਜਾਪਦਾ ਹੈ। ਇਸ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਉਸਨੂੰ ਭਾਈ ਜੇਠਾ ਜੀ ਦੀ ਮਹਾਨ ਸ਼ਖ਼ਸੀਅਤ ਜਿਸ ਵਿਚ ਬਚਪਨ ਤੋਂ ਰੱਬੀ ਪ੍ਰੇਮ ਤੇ ਸਿਮਰਨ ਮਨ ਵਿਚ ਵਸਿਆ ਪਿਆ ਸੀ— ਬਾਰੇ ਕਿਆਸ ਤਕ ਨਹੀਂ ਹੋ ਸਕਦਾ।

ਇਕ ਹੋਰ ਇਤਿਹਾਸਕਾਰ ਮੁਨਸ਼ੀ ਖੁਸ਼ਬਖਤ ਰਾਇ ਗੁਰੂ ਰਾਮਦਾਸ ਜੀ ਦੀਆਂ ਦੋ ਸ਼ਾਦੀਆਂ ਹੋਈਆਂ ਮੰਨਦਾ ਹੈ। ਇਸ ਦਲੀਲ ਦਾ ਆਧਾਰ ਉਹ ਗੁਰੂ ਰਾਮਦਾਸ ਜੀ ਦੀ ਵਡੇ ਪੁਤ ਦੀ ਥਾਂ ਛੋਟੇ ਪੁਤ ਨੂੰ ਗੁਰਗਦੀ ਦੇਣ ਦੀ ਗੱਲ ਨੂੰ ਬਣਾਉਂਦਾ ਹੈ। ਸਪਸ਼ਟ ਹੈ ਕਿ ਇਤਿਹਾਸਕਾਰ ਸਿਖ ਗੁਰੂ ਸਾਹਿਬਾਨ ਦੇ ਮਹਾਨ ਜੀਵਨ ਉਦੇਸ਼ ਤੋਂ ਨਾਵਾਕਫ਼ ਹੋ ਕੇ ਕਿਆਸ ਦੀਆਂ ਗੱਲਾਂ ਕਰਦਾ ਜਾਪਦਾ ਹੈ। ਗੁਰ-ਗੱਦੀ ਕੋਈ ਦੁਨਿਆਵੀ ਵਸਤ ਨਹੀਂ ਸੀ। ਰੂਹਾਨੀ ਜੀਵਨ ਦਾ ਸੰਦੇਸ਼ ਦੇਣ ਲਈ ਇਕ ਭਾਰੀ ਜ਼ਿੰਮੇਵਾਰੀ ਸੀ ਜੋ ਸਿਰਫ਼ ਸਿਖ-ਮਾਰਗ ਤੇ ਚਲਣ ਵਾਲੀ ਮਹਾਨ ਆਤਮਾ ਨੂੰ ਮਿਲ ਸਕਦੀ ਸੀ। (ਵੇਖੋ: 'ਗੁਰ ਸਾਹਿਬਾਨ ਤੇ ਤਵਾਰੀਖਿ ਸਿਖਾਂ' ਸਿਖ ਤੇ ਸਿਖੀ ਇਤਿਹਾਸ, ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ, (ਲੁਧਿਆਣਾ, 1951), ਪੰ: 50.

ਬੀਬੀ ਭਾਨੀ ਦੀ ਉਮਰ ਉਸ ਵੇਲੇ ਉਨ੍ਹੀਂ ਵਰ੍ਹਿਆਂ ਦੀ ਸੀ।

ਪ੍ਰਸਿੱਧ ਹੈ ਕਿ ਜਦ ਭਾਈ ਜੇਠਾ ਜੀ ਲਾੜੇ ਦੇ ਰੂਪ ਵਿਚ ਗੁਰੂ ਅਮਰਦਾਸ ਦੇ ਨਿਵਾਸ ਅਸਥਾਨ ਤੇ ਦਾਖਲ ਹੋਏ ਤਾਂ ਗੁਰੂ ਅਮਰਦਾਸ ਨੇ ਲੋਕ ਮਰਿਆਦਾ ਅਨੁਸਾਰ ਲੜਕੀ ਦੇ ਬਾਪ ਹੋਣ ਕਰਕੇ ਕੁਝ ਮੰਗਣ ਲਈ ਕਿਹਾ। ਭਾਈ ਜੇਠਾ ਜੀ ਨੇ ਸਿਰਫ ਇਹ ਹੀ ਮੰਗ ਕੀਤੀ ਕਿ ਨਾਮ ਦਾਨ ਮਿਲ ਜਾਵੇ। ਇਹ ਸੁਣਕੇ ਗੁਰੂ ਅਮਰਦਾਸ ਭਾਈ ਜੇਠਾ ਜੀ ਦੀ ਭਗਤੀ-ਭਾਵਨਾ ਤੇ ਪ੍ਰਸੰਨ ਹੋਏ ਅਤੇ ਨਾਮ ਦੀ ਵਡਿਆਈ ਦਾਨ ਕੀਤੀ।[13]

## (ਬ) ਗੁਰੂ-ਭਗਤੀ ਅਤੇ ਸੇਵਾ :

ਭਾਈ ਜੇਠਾ ਜੀ ਵਿਆਹ ਉਪਰੰਤ ਗੁਰੂ ਅਮਰਦਾਸ ਪਾਸ ਹੀ ਰਹਿਣ ਲੱਗੇ। ਉਹ ਲੰਗਰ ਦੀ ਸੇਵਾ, ਦਰਿਆ ਤੋਂ ਪਾਣੀ ਲਿਆਉਣਾ, ਜੰਗਲ ਵਿਚੋਂ ਲਕੜੀਆਂ ਇਕੱਠੀਆਂ ਕਰਨੀਆਂ, ਬਉਲੀ ਦੀ ਕਾਰ ਢੋਣ, ਸੰਗਤ ਵਿਚ ਪੱਖਾ ਝੱਲਣ ਆਦਿ ਦੀ ਸੇਵਾ ਕਰਦੇ।[14] ਭਾਈ ਜੇਠਾ ਜੀ ਸੇਵਾ ਵਿਚ ਬਹੁਤ ਮਗਨ ਰਹਿੰਦੇ ਅਤੇ ਆਪਣੇ ਸੁਖ ਅਰਾਮ ਦਾ ਖਿਆਲ ਭੁਲਾ ਕੇ ਅਥੱਕ ਮਿਹਨਤ ਕਰਦੇ।[15] ਉਨ੍ਹਾਂ ਵਿਚ ਗੁਰੂ ਅਮਰਦਾਸ ਜੀ ਦੇ ਜਵਾਈ ਹੋਣ ਦਾ ਕੋਈ ਝੂਠਾ ਅਭਿਮਾਨ ਨਹੀਂ ਸੀ। ਉਹ ਕਿਸੇ ਨੂੰ ਮੰਦਾ ਬੋਲ ਨਾ ਬੋਲਦੇ। ਭਾਈ ਜੇਠਾ ਜੀ ਦੀ ਨਿਸ਼ਕਾਮ ਸੇਵਾ, ਸਨਿਮਰ ਅਤੇ ਮਿਠ ਬੋਲੜੇ ਸੁਭਾਅ ਕਰਕੇ ਸਿਖ ਸੰਗਤਾਂ ਨੇ ਉਨ੍ਹਾਂ ਨੂੰ 'ਰਾਮਦਾਸ' ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ।[16]

ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਤੇ ਚਲਦਾ ਹੋਇਆ ਸਿੱਖੀ-ਮਾਰਗ ਅਗੇ ਵੱਧ ਰਿਹਾ ਸੀ। ਗੁਰੂ ਅਮਰਦਾਸ ਜੀ ਦੀ ਸੁਯੋਗ ਅਗਵਾਈ ਥੱਲੇ ਨਗਰ ਵਿਚ ਹਰ ਵਕਤ ਨਾਮ ਦੇ ਕੀਰਤਨ ਦੀ ਧੁਨ ਵਜਦੀ ਰਹਿੰਦੀ ਜਾਤਪਾਤ ਦੇ ਵਖਰੇਵੇਂ, ਬੁਤ ਪੂਜਾ ਆਦਿ ਨੂੰ ਸਮਕਾਲੀ ਜੀਵਨ ਨੇ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਜਾਤਪਾਤ ਦੇ ਅਭਿਮਾਨੀ ਉੱਚੀ ਕੁਲ ਦੇ ਕੋਹੜੇ ਖੱਤਰੀ ਵਰਗੇ ਮਨੁੱਖ ਅਤੇ ਧਾਰਮਕ ਭੇਦ-ਭਾਵਾਂ ਵਿਚ ਵਿਸ਼ਵਾਸ ਰੱਖਣ ਵਾਲੇ ਤਪੇ ਵਰਗੇ ਪੁਰਖਾਂ ਨੇ, ਨੀਵਾਂ ਵਰਨ ਦੇ ਲੋਕਾਂ ਨੂੰ ਜਦ ਖੂਹ ਤੋਂ ਪਾਣੀ ਭਰਨ ਤੋਂ ਰੋਕ ਦਿੱਤਾ, ਤਾਂ 1559 ਈ. ਵਿਚ ਗੁਰੂ ਅਮਰਦਾਸ ਨੇ ਸਭ ਦੇ ਹਿੱਤ ਲਈ ਬਉਲੀ ਬਨਾਉਣ ਦਾ ਵਿਚਾਰ ਬਣਾਇਆ। ਸੰਮਤ 1616 ਤੋਂ 1621 ਬਿ: ਤਕ ਬਉਲੀ ਦੀ ਸੇਵਾ ਹੁੰਦੀ ਰਹੀ ਅਤੇ ਸਿਖ ਸੰਗਤਾਂ ਦੂਰ ਦੂਰ ਤੋਂ ਇਸ ਬਉਲੀ ਦੀ ਸੇਵਾ ਕਰਨ ਲਈ ਆਉਂਦੀਆਂ ਰਹੀਆਂ।

---

13. Narain Singh, Guru Nanak and his Images, (Amritsar, 1970), p.399.

14. ਰਾਮ ਮੋਕਉ ਹਰਿ ਜਨ ਕਾਰੈ ਲਾਈਐ॥
ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ॥੧॥ ਰਹਾਉ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ: 881)

15. Macauliffe, The Sikh Religion, Vol.II, p.89.

16. ਪੂਰਨ ਸਿੰਘ (ਪ੍ਰੋ:) ਦਸ ਗੁਰ ਦਰਸ਼ਨ, (ਅਨੁ: ਕਿਰਪਾਲ ਸਿੰਘ ਕਸੇਲ), (ਪਟਿਆਲਾ, 1972), ਪੰ:

### (ਕ) ਅਕਬਰ ਦੇ ਦਰਬਾਰ ਵਿਚ ਜਾਣਾ।

ਉਸ ਸਮੇਂ ਦੇ ਧਾਰਮਕ,ਸਮਾਜਕ ਅਤੇ ਰਾਜਨੀਤਕ ਹਾਲਾਤ ਵਿਚ ਸਿਖ - ਮਾਰਗ ਆਪਣਾ ਇਕ ਵਿਸ਼ੇਸ਼ ਸਥਾਨ ਬਣਾ ਰਿਹਾ ਸੀ। ਆਪਣੀ ਉਦਾਰ-ਚਿਤ ਨੀਤੀ ਜਾਤ-ਪਾਤ ਅਤੇ ਛੂਤ-ਛਾਤ ਦੇ ਘੋਰ ਵਿਰੋਧੀ ਹੋਣ ਦੇ ਨਾਲ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਦਿਆਂ, ਪਰਮਾਰਥ ਦਾ ਲਕਸ਼ ਪ੍ਰਾਪਤ ਕਰਨ ਲਈ ਨਾਮ ਸਿਮਰਨ ਦਾ ਸੌਖਾ ਮਾਰਗ ਦਸ ਦਿੱਤਾ ਸੀ।

ਸਮਕਾਲੀ ਸਮਾਜ ਵਿਚ ਸਿਖ ਮੱਤ ਦੀ ਵਧਦੀ ਸ਼ਕਤੀ ਨਾ ਤਾਂ ਮੁਸਲਮਾਨਾਂ ਨੂੰ ਸੁਖਾਵੀਂ ਸੀ ਤੇ ਨਾ ਹੀ ਸਮਾਜ ਵਿਚ ਅਭਿਮਾਨੀ ਅਤੇ ਧਾਰਮਕ ਸੰਕੀਰਣਤਾ ਰੱਖਣ ਵਾਲਿਆਂ ਨੂੰ। ਉਹ ਸਾਰੇ ਇਸ ਦੇ ਵਿਰੋਧ ਤੇ ਤੁਲ ਗਏ।

ਰੌਦੇ ਖਤਰੀ ਅਤੇ ਨਗਰ ਦੇ ਕੁਝ ਹੋਰ ਲੋਕਾਂ ਨੇ ਅਕਬਰ ਬਾਦਸ਼ਾਹ ਨੂੰ, ਜੋ ਉਸ ਵੇਲੇ ਹਿੰਦੁਸਤਾਨ ਦੇ ਰਾਜ ਸਿੰਘਾਸਣ ਤੇ ਬਿਰਾਜਮਾਨ ਸੀ ਅਤੇ ਲਾਹੌਰ ਠਹਿਰਿਆ ਸੀ, ਗੁਰੂ ਅਮਰਦਾਸ ਵਿਰੁਧ ਸ਼ਿਕਾਇਤ ਕੀਤੀ ਕਿ ਗੁਰੂ ਦਾ ਲੋਕਾਂ ਨੂੰ ਸਨਾਤਨੀ ਧਰਮ ਤੋਂ ਗੁਮਰਾਹ ਕਰਨ ਦਾ ਨਤੀਜਾ, ਰਾਜਨੀਤਕ ਉਥਲ-ਪੁਥਲ ਜਾਂ ਬਗ਼ਾਵਤ ਹੋ ਸਕਦਾ ਹੈ।[17] ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਨੂੰ ਲਾਹੌਰ ਸੱਦ ਭੇਜਿਆ। ਗੁਰੂ ਅਮਰਦਾਸ ਸਿਖ ਪੰਥ ਦੇ ਰੁਝੇਵਿਆਂ ਅਤੇ ਬਿਰਧ ਅਵਸਥਾ ਕਾਰਣ ਆਪ ਨਹੀਂ ਜਾ ਸਕਦੇ ਸਨ। ਅਜੇਹੀ ਅਵਸਥਾ ਵਿਚ ਉਨ੍ਹਾਂ ਨੇ (ਗੁਰੂ) ਰਾਮਦਾਸ ਜੀ ਨੂੰ ਭੇਜਣ ਦਾ ਫ਼ੈਸਲਾ ਲਿਆ, ਕਿਉਂਕਿ ਐਸੇ ਵਿਅਕਤੀ ਨੂੰ ਭੇਜਿਆ ਜਾ ਸਕਦਾ ਸੀ ਜੋ ਸਿਖੀ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਸਮਝਣ ਵਾਲਾ ਹੁੰਦਾ ਅਤੇ ਸਨਾਤਨੀ ਧਰਮ ਦੇ ਮੁਕਾਬਲੇ ਤੇ ਦਲੀਲਾਂ ਦੇ ਸਕਦਾ।

ਗੁਰੂ ਰਾਮਦਾਸ ਜੀ ਨੇ ਅਕਬਰ ਦੀ ਸਭਾ ਵਿਚ ਸਭ ਤੋਂ ਪਹਿਲਾਂ ਤਾਂ ਸ਼ਿਕਾਇਤ ਲਗਾਉਣ ਵਾਲਿਆਂ ਦੇ ਇਸ ਦਾਅਵੇ ਦਾ ਖੰਡਨ ਕੀਤਾ ਕਿ ਉਨ੍ਹਾਂ ਨੂੰ ਗਾਇਤ੍ਰੀ ਆਦਿ ਦੀ ਲੋੜ ਨਹੀਂ, ਫਿਰ ਇਹ ਸਿੱਧ ਕੀਤਾ ਕਿ ਗੁਰਬਾਣੀ ਨਵੀਂ ਰਚਨਾ ਹੈ ਅਤੇ ਕਿਸੇ ਵੀ ਧਾਰਮਕ ਬਾਣੀ ਵਾਂਗ ਮਹਾਨ ਹੈ।[18] ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਆਪਣੇ ਪ੍ਰਬੀਨ ਦਰਸ਼ਨ-ਵੇਤਾ ਤੇ ਉਤਮ ਵਕਤਾ ਹੋਣ ਦਾ ਪ੍ਰਮਾਣ ਦਿੱਤਾ।[19]

---

17. Max Arthur Macauliffe, The Sikh Religion (Vol.II),p.106.

18. ਵੀਰ ਸਿੰਘ (ਡਾ:,ਭਾਈ), ਫੁਟ ਨੋਟ, ਸ੍ਰੀ ਗੁਰ ਪ੍ਰਤਾਪ ਸੂਰਜ (ਸੰਪਾ:) (ਅੰਮ੍ਰਿਤਸਰ,1954), ਪੰ: 1507.

19. ਤ੍ਰਿਲੋਚਨ ਸਿੰਘ (ਡਾ:)'ਗੁਰੂ ਰਾਮਦਾਸ ਦਾ ਸਾਹਿਤਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ',ਪੰਜਾਬੀ ਦੁਨੀਆ (ਅਕਤੂਬਰ-ਨਵੰਬਰ, 1962), ਪੰ. 45.

### (ਖ) ਲੋਕ-ਕਲਿਆਣ ਹਿੱਤ ਤੀਰਥ ਯਾਤਰਾ:

ਗੁਰੂ ਅਮਰਦਾਸ ਜੀ ਦੀ ਲੋਕ-ਹਿੱਤ ਲਈ ਕੀਤੀ ਤੀਰਥ ਯਾਤਰਾ ਵਿਚ ਗੁਰੂ ਰਾਮਦਾਸ ਜੀ ਵੀ ਹੋਰ ਸਿਖਾਂ ਨਾਲ ਸ਼ਾਮਿਲ ਸਨ।[20] ਭਾਵੇਂ ਇਹ ਯਾਤਰਾ ਹਿੰਦੂਆਂ ਦੀ ਸ਼ਿਕਾਇਤ ਦੂਰ ਕਰਨ ਲਈ ਬਾਦਸ਼ਾਹ ਦੇ ਕਹਿਣ ਤੇ ਕੀਤੀ ਗਈ ਸੀ ਪਰ ਤੀਰਥ ਅਸਥਾਨਾਂ ਦੀ ਯਾਤਰਾ ਸਿਖ ਗੁਰੂ ਸਾਹਿਬਾਨ ਆਪਣੇ ਸਿਧਾਂਤਾਂ ਨੂੰ ਪ੍ਰਚਾਰਣ ਅਤੇ ਪ੍ਰਚਲਤ ਕੁਰੀਤੀਆਂ ਨੂੰ ਦੂਰ ਕਰਨ ਲਈ ਕਰਦੇ ਰਹੇ। ਇਸ ਸੰਬੰਧੀ ਗੁਰੂ ਰਾਮਦਾਸ ਜੀ ਦੇ ਵਿਚਾਰ ਹੇਠ ਲਿਖੀ ਤੁਕ ਵਿਚ ਅੰਕਿਤ ਹਨ:-

ਜਿਨ ਸਿਖ ਮੈਲੁ ਭਰੇ ਪਰੇ ਹਮਰੈਂ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗੁਆਈ॥

(ਰਾਗ ਮਲਾਰ, ਆਦਿ ਗ੍ਰੰਥ, ਪੰ:126 3)

### (ਗ) ਸੰਤੋਖਸਰ ਦੀ ਖੁਦਾਈ ਦਾ ਆਰੰਭ:

ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ (ਗੁਰੂ) ਰਾਮਦਾਸ ਜੀ ਨੇ ਸੰਮਤ 1621 ਵਿਚ ਸੁਲਤਾਨ ਵਿੰਡ ਦੇ ਪੱਛਮ ਵਲ ਇਕ ਤਾਲ ਖੁਦਵਾਇਆ। ਸੰਮਤ 1621 ਤੋਂ ਬਾਦ ਇਹ ਤਾਲ ਅਧਵਾਟੇ ਪਿਆ ਰਿਹਾ, ਪਰ ਬਾਦ ਵਿਚ (ਸੰਮਤ 1645 ਬਿ.) ਗੁਰੂ ਅਰਜਨ ਨੇ ਇਸ ਦਾ ਨਾਮ ਸੰਤੋਖਸਰ ਰੱਖਿਆ ਅਤੇ ਮੁਕੰਮਲ ਕੀਤਾ।[21]

### (ਘ) ਅੰਮ੍ਰਿਤਸਰ ਦੀ ਸਥਾਪਨਾ:

ਸੰਮਤ 1631 ਵਿਚ (ਗੁਰੂ) ਰਾਮਦਾਸ ਨੇ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਗੁਮਟਾਲਾ ਸੁਲਤਾਨ ਵਿੰਡ ਆਦਿ ਪਿੰਡਾਂ ਦੇ ਨੇੜੇ ਇਕ ਪਿੰਡ ਬੰਨ੍ਹਿਆ, ਜਿਸ ਦਾ ਨਾਮ 'ਗੁਰੂ ਕਾ ਚੱਕ' ਥਾਪਿਆ ਅਤੇ ਆਪਣੇ ਰਹਿਣ ਲਈ ਮਕਾਨ ਬਣਵਾਏ, ਜੋ 'ਗੁਰੂ ਕੇ ਮਹਿਲ' ਦੇ ਨਾਮ ਤੋਂ ਪ੍ਰਸਿਧ ਹੋਏ।[22]

ਤਵਾਰੀਖ ਖਾਲਸਾ ਅਨੁਸਾਰ (ਗੁਰੂ) ਰਾਮਦਾਸ ਜੀ ਨੇ ਸੰਮਤ 1630 ਬਿ. ਵਿਚ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਅੰਮ੍ਰਿਤ ਸਰੋਵਰ ਦਾ ਤਾਲ ਪੁਟਵਾਉਣਾ ਸ਼ੁਰੂ ਕੀਤਾ ਸੀ ਅਜੇ ਇਹ ਤਾਲ ਸੰਪੂਰਣ ਨਹੀਂ ਹੋਇਆ ਸੀ ਕਿ ਉਹ ਫਿਰ ਗੋਇੰਦਵਾਲ ਚਲੇ ਗਏ। ਫੇਰ ਸੰਮਤ 1635 ਵਿਚ ਇਸ

---

20. ਈਸ਼ਰ ਸਿੰਘ ਨਾਰਾ, ਗੁਰੂ ਰਾਮਦਾਸ ਪ੍ਰਕਾਸ਼ (ਨਵੀਂ ਦਿੱਲੀ, 1977), ਪੰਨੇ 48-49.
21. ਵੀਰ ਸਿੰਘ (ਡਾ: ਭਾਈ), ਸ੍ਰੀ ਅਸ਼ਟ ਗੁਰ ਚਮਤਕਾਰ, (ਨਵੀਂ ਦਿੱਲੀ, 1971), ਪੰ: 219.
22. ਮਹਾਨ ਕੋਸ਼, ਪੰ. 76.

ਤਾਲ ਨੂੰ ਪੱਕਾ ਕਰਨ ਦਾ ਕੰਮ ਆਰੰਭਿਆ।[23*]

'ਗੁਰੂ ਕਾ ਚਕ' ਦਾ ਨਾਮ ਗੁਰੂ ਰਾਮਦਾਸ ਜੀ ਦੇ ਜੀਵਨ ਕਾਲ ਵਿਚ ਹੀ ਰਾਮਦਾਸ ਪੁਰ ਪੈ ਗਿਆ। ਸੰਭਵ ਹੈ ਇਹ ਨਾਮ ਗੁਰੂ ਅਮਰਦਾਸ ਜੀ ਨੇ ਦਿਤਾ।[24]

ਇਸ ਨੂੰ ਮੁਕੰਮਲ ਹੋਣ ਵਿਚ ਕਈ ਸਾਲ ਲੱਗ ਗਏ। ਗੁਰੂ ਅਮਰਦਾਸ ਜੀ ਦੇ ਦੋਨੋਂ ਲੜਕਿਆਂ, ਮੋਹਨ ਤੇ ਮੋਹਰੀ ਨੇ ਰਾਮਦਾਸ ਪੁਰ ਦੇ ਕੰਮ ਵਿਚ ਕੋਈ ਮਦਦ ਨਾ ਕੀਤੀ। ਬਾਅਦ ਵਿਚ ਗੁਰੂ ਅਰਜਨ ਵੇਲੇ ਇਸ ਤਾਲ ਦਾ ਨਾਮ ਅੰਮ੍ਰਿਤਸਰ ਰੱਖਿਆ ਗਿਆ ਅਤੇ ਨਗਰ ਦਾ ਨਾਮ ਭੀ ਅੰਮ੍ਰਿਤਸਰ ਕਹਿਲਾਣ ਲੱਗਾ।[26*]

ਰਾਮਦਾਸ ਪੁਰ ਦੀ ਜ਼ਮੀਨ ਅਕਬਰ ਬਾਦਸ਼ਾਹ ਤੋਂ ਗੁਰੂ-ਘਰ ਨੂੰ ਮਿਲੀ ਮੰਨੀ ਜਾਂਦੀ ਹੈ। 'ਸੂਰਜ ਪ੍ਰਕਾਸ਼' ਅਨੁਸਾਰ ਇਹ ਜ਼ਮੀਨ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਨੂੰ ਭੇਟ ਕੀਤੀ ਸੀ ਜੋ

---

23. ਵੇਖੋ, ਵੀਰ ਸਿੰਘ (ਡਾ. ਭਾਈ), ਸ੍ਰੀ ਅਸ਼ਟ ਗੁਰ ਚਮਤਕਾਰ, (ਨਵੀਂ ਦਿੱਲੀ, 1971), ਪੰ. 220।

* ਮਹਾਨ ਕੋਸ਼ ਅਨੁਸਾਰ ਤਾਲ ਨੂੰ ਪੱਕਾ ਕਰਾਉਣ ਦਾ ਕੰਮ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਮਤ 1643 ਵਿਚ ਕੀਤਾ ਗਿਆ ਮੰਨਿਆ ਗਿਆ ਹੈ। (ਪੰ. 76.)

24. ਵੇਖੋ: ਵੀਰ ਸਿੰਘ (ਡਾ. ਭਾਈ), ਉਹੀ ਰਚਨਾ, ਪੰ. 219.

25. Duncan Greenless ed. The Gospel of the Guru Granth (Madras, 1952) p. XXIX.

26. ਮਹਾਨ ਕੋਸ਼, ਪੰ. 76.

* ਇਹ ਵੀ ਕਿਹਾ ਜਾਂਦਾ ਹੈ ਕਿ ਇਹ ਨਾਮ ਬਾਬਾ ਸ੍ਰੀ ਚੰਦ ਨੇ ਦਿਤਾ, ਸ੍ਰੀ ਚੰਦ ਪ੍ਰਕਾਸ਼ ਵਿਆਣੇ ਵਿਚ ਕਥਿਤ ਹੈ:–

ਰਾਮ ਦਾਸ ਜੀ ਗਿਰਾ ਅਲਾਈ।
ਰਾਮਦਾਸ ਚੱਕ ਕਹਤ ਲੁਕਾਈ।
ਸ੍ਰੀ ਚੰਦ ਟੇਰਤ ਇਹ ਨਾਮੂ।
ਇਹ ਤੋ ਹੈ ਹਰਿਜੀ ਕਾ ਧਾਮੂ।
ਤਾਲ ਨਾਮ ਅੰਮ੍ਰਿਤਸਰ ਰਾਖੋ।
ਇਹੀ ਨਾਮ ਨਿਜ ਪੁਰ ਕਾ ਭਾਖੋ।
ਰਿਧ ਸਿਧ ਬਾਸੈ ਇਸ ਥਾਈ।
ਬਸਨਹਾਰ ਦੁਖ ਪਾਵੈ ਨਾਹੀ।
ਦੇ ਕਰ ਵਰ ਸਿਰ ਪਾਊ ਦਿਵਾਇਆ।
ਰਾਮਦਾਸ ਗੁਰ ਵਿਦਾ ਕਰਾਇਆ।

ਈਸ਼ਰ ਸਿੰਘ ਨਾਰਾ, ਬਾਬਾ ਸ੍ਰੀ ਚੰਦ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ, (ਨਵੀਂ ਦਿੱਲੀ, 1

ਜੋ ਬਾਦ ਵਿਚ 12 ਪਿੰਡਾਂ ਦੀ ਇਹ ਥਾਂ ਉਨ੍ਹਾਂ ਨੇ ਬੀਬੀ ਭਾਨੀ ਦੇ ਨਾਂ ਕਰ ਦਿਤੀ।[27] ਇਸ ਗੱਲ ਬਾਰੇ ਮਤਭੇਦ ਹੈ ਕਿ ਇਹ ਜ਼ਮੀਨ ਗੁਰੂ-ਘਰ ਨੇ ਦਾਨ ਵਜੋਂ ਸਵੀਕਾਰ ਕੀਤੀ। ਪ੍ਰੋ. ਸਾਹਬ ਸਿੰਘ ਅਨੁਸਾਰ ਜਿਹੜੀ ਜ਼ਮੀਨ ਗੁਰੂ ਅਮਰਦਾਸ ਨੇ ਗੁਰੂ-ਚੱਕ ਵਾਸਤੇ ਲਈ ਸੀ ਬਾਦ ਵਿਚ ਉਨ੍ਹਾਂ ਨੇ ਸੰਨ 1578 ਦੇ ਸ਼ੁਰੂ ਵਿਚ ਪਿੰਡ ਤੁੰਗ ਦੇ ਮਾਲਕਾਂ ਪਾਸੋਂ ਸੱਤ ਸੌ ਅਕਬਰਸ਼ਾਹੀ ਰੁਪਏ ਦੇ ਕੇ ਪੰਜ ਸੌ ਵਿਘੇ ਹੋਰ ਜ਼ਮੀਨ ਲਈ ਅਤੇ ਬਾਦਸ਼ਾਹ ਪਾਸੋਂ ਇਸ ਦਾ ਪੱਟਾ ਲੈ ਲਿਆ।[28]

ਅੰਮ੍ਰਿਤਸਰ ਥਾਂ ਦੀ ਇਤਿਹਾਸਕਤਾ ਅਤੇ ਇਸਦੇ ਮਹਾਤਮ ਬਾਰੇ ਸਿਖ ਇਤਿਹਾਸ ਵਿਚ ਅਨੇਕਾਂ ਕਥਾਵਾਂ ਮਿਲਦੀਆਂ ਹਨ, ਪਰ ਥਾਵਾਂ ਦੀ ਪਵਿਤਰਤਾ ਮਹਾਨ ਆਤਮਾਵਾਂ ਦੇ ਵਾਸੇ ਨਾਲ ਹੁੰਦੀ ਹੈ ਅਤੇ ਇਸ ਬਾਰੇ ਗੁਰੂ ਰਾਮਦਾਸ ਜੀ ਦਾ ਆਪਣਾ ਕਥਨ ਹੈ:—

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ॥

(ਰਾਗ ਗੂਜਰੀ, ਆਦਿ ਗ੍ਰੰਥ, ਪੰ:493)

ਗੁਰੂ ਰਾਮਦਾਸ ਜੀ ਦਾ ਤੀਰਥ ਅਸਥਾਨ ਦਾ ਸੰਕਲਪ ਪਰਮਾਤਮਾ ਦੇ ਨਾਮ ਦਾ ਸੰਚਾਰ ਕਰਨ ਵਾਲੀ ਥਾਂ ਤੋਂ ਹੈ। ਸ਼੍ਰੇਸ਼ਟਤਾ ਗੁਰੂ ਪਾਤਿਸ਼ਾਹ ਦੀ ਹੀ ਹੈ, ਜਿਸਦੇ ਚਰਨ-ਪਾਰਸ ਮਿਟੀ ਨੂੰ ਸੋਨਾ ਬਣਾ ਦਿੰਦੇ ਹਨ, ਜਿਸਦੇ ਰੱਖੀ ਗੀਤ ਜਲ ਨੂੰ ਅੰਮ੍ਰਿਤ ਕਰ ਦਿੰਦੇ ਹਨ।[29] ਗੁਰੂ ਰਾਮਦਾਸ ਦਾ ਕਥਨ ਹੈ:—

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ।

(ਰਾਗ ਆਸਾ, ਆਦਿ ਗ੍ਰੰਥ, ਪੰ: 450)

<u>(ਙ) ਗੁਰ ਗੱਦੀ:</u>

ਗੁਰੂ ਰਾਮਦਾਸ ਜੀ ਦੀ ਭਗਤੀ ਭਾਵਨਾ, ਪ੍ਰੇਮ-ਸਾਧਨਾ, ਨਿਸ਼ਕਪਟ ਸੇਵਾ ਦਾ ਸਿੱਟਾ

---

27. ਸ੍ਰੀ ਸਤਿਗੁਰ ਬ੍ਰਿਧ ਅਮਰ ਜੀ ਆਇ ਤਿਨਹੁ ਕੇ ਪਾਸ।
ਗ੍ਰਾਮ ਕਿਤਕ ਅਰਪਨ ਕਰੇ ਅਕਬਰ ਬਿਠੈ ਪ੍ਰਕਾਸ॥61॥
ਸੋ ਸਗਰੇ ਹੀ ਗ੍ਰਾਮ ਗਨ ਗੁਰਤਾ ਗਾਦੀ ਸਾਥ।
ਰਾਮਦਾਸ ਗੁਰ ਕੋ ਦਏ ਕੁਲ ਭਲਾਪਨ ਕੇ ਨਾਥ॥62॥

28. Gopal Chand Narang, Glorious History of Sikhism (N.Delhi), pp.38-39
29. ਸਾਹਿਬ ਸਿੰਘ (ਪ੍ਰੋ:) ਆਦਿ ਬੀੜ ਬਾਰੇ (ਅੰਮ੍ਰਿਤਸਰ, 1977), ਪੰ. 142.

ਇਹ ਨਿਕਲਿਆ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਦੋਨੋਂ ਲੜਕੇ ਮੋਹਨ ਤੇ ਮੋਹਰੀ ਅਤੇ ਵੱਡੇ ਜਵਾਈ ਰਾਮਾ ਨੂੰ ਛੱਡ ਕੇ (ਗੁਰੂ) ਰਾਮਦਾਸ ਨੂੰ ਗੁਰਗੱਦੀ ਦੇ ਯੋਗ ਸਮਝਿਆ।[30] (ਗੁਰੂ) ਰਾਮਦਾਸ ਜੀ ਨੂੰ 2 ਅੱਸੂ ਸੰਮਤ 1631 (ਸੰਨ 1574) ਨੂੰ ਗੁਰਤਾ ਬਖਸ਼ੀ ਗਈ। ਉਸ ਵੇਲੇ ਆਪ ਦੀ ਉਮਰ 40 ਵਰ੍ਹੇ ਦੀ ਸੀ। ਕਥਿਤ ਹੈ ਕਿ ਗੁਰਗੱਦੀ ਦੀ ਰਸਮ ਸਮੇਂ ਗੁਰੂ ਅਮਰਦਾਸ ਜੀ ਨੇ ਆਪਣੇ ਦੋਨ੍ਹਾਂ ਲੜਕਿਆਂ ਮੋਹਨ ਅਤੇ ਮੋਹਰੀ ਨੂੰ ਸੱਦਿਆ ਅਤੇ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕ ਕੇ ਗੁਰੂ ਮੰਨਣ ਲਈ ਆਖਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਮੋਹਨ ਨੇ ਸਾਰੀ ਸੰਗਤ ਸਾਹਮਣੇ ਨਾਂਹ ਕਰ ਦਿੱਤੀ।[31] ਸੁੰਦਰ ਦਾਸ ਦੀ ਲਿਖੀ ਹੋਈ 'ਸੱਦ' ਵੀ ਇਸ ਗੱਲ ਵਲ ਇਸ਼ਾਰਾ ਕਰਦੀ ਹੈ ਕਿ ਸਿਰਫ ਮੋਹਰੀ ਜੀ ਨੇ ਹੀ ਗੁਰੂ ਰਾਮਦਾਸ ਨੂੰ ਗੁਰੂ ਮੰਨਿਆ।[32] ਪਰ ਸਿਖ ਇਤਿਹਾਸ ਵਿਚ ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਇਸ ਤੋਂ ਪਹਿਲਾਂ ਬਾਬਾ ਸ੍ਰੀ ਚੰਦ ਅਤੇ ਭਾਈ ਦਾਤੂ ਜੀ ਦੀਆਂ ਉਦਾਹਰਣਾਂ ਮੌਜੂਦ ਸਨ।

(ਬ) ਬੀਬੀ ਭਾਨੀ ਦੀ ਸ਼ਖ਼ਸੀਅਤ :

ਸਿਖ ਇਤਿਹਾਸ ਵਿਚ ਗੁਰੂ ਰਾਮਦਾਸ ਨੂੰ ਗੁਰਗੱਦੀ ਮਿਲਣ ਸੰਬੰਧੀ ਬੜੇ ਪ੍ਰਸੰਗ ਮਿਲਦੇ ਹਨ। ਇਨ੍ਹਾਂ ਸਾਰਿਆਂ ਵਿਚ ਇਕ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਥੇ ਗੁਰੂ ਰਾਮਦਾਸ ਨਿਮ੍ਰਤਾ ਦੇ ਪੁੰਜ, ਸੇਵਾ ਵਿਚ ਹਮੇਸ਼ਾਂ ਮਸਤ, ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਨਿਰਲਿਪਤ ਸਨ, ਉਥੇ ਬੀਬੀ ਭਾਨੀ ਦੀ ਆਪਣੀ ਗੁਰ-ਸੇਵਾ ਅਤੇ ਸ਼ਰਧਾ ਕਰਕੇ ਹਮੇਸ਼ਾਂ ਯਾਦ ਕੀਤੀ ਜਾਂਦੀ ਹੈ।

ਬੀਬੀ ਭਾਨੀ ਆਪਣੇ ਜੀਵਨ ਦੇ ਆਰੰਭਲੇ ਕਾਲ ਤੋਂ ਹੀ ਗੁਰੂ - ਘਰ ਦੀ ਸੇਵਾ ਵਿਚ ਅਰਪਿਤ ਹੋ ਚੁਕੀ ਸੀ। ਇਸ਼ਟ-ਗੁਰੂ ਪਿਤਾ ਦੀ ਸੇਵਾ ਨੂੰ ਆਪਣੇ ਵਿਆਹ ਤੋਂ ਬਾਅਦ ਵੀ ਉਹ ਸੰਲਗਨਤਾ ਨਾਲ ਨਿਭਾਂਦੀ ਰਹੀ। ਪ੍ਰਸੰਗ ਹੈ ਕਿ ਇਕ ਵਾਰ ਗੁਰੂ ਅਮਰਦਾਸ ਨਹਾ ਰਹੇ ਸਨ ਤਾਂ ਚੌਕੀ ਦਾ ਪਾਵਾ ਟੁੱਟ ਗਿਆ। ਬੀਬੀ ਭਾਨੀ ਨੇ ਚੌਕੀ ਦੇ ਟੁੱਟੇ ਪਾਵੇ ਥੱਲੇ ਆਪਣਾ ਹੱਥ ਦੇ ਦਿੱਤਾ ਤਾਂ ਕਿ ਗੁਰੂ ਅਮਰਦਾਸ ਜੀ ਦੇ ਸਿਮਰਨ ਵਿਚੋਂ ਸੁਰਤੀ ਨਾ ਉਖੜੇ। ਜਦ ਗੁਰੂ ਅਮਰਦਾਸ ਜੀ ਇਸ਼ਨਾਨ ਕਰ ਹਟੇ ਤਾਂ ਵਗੇ ਹੋਏ ਖੂਨ ਨੂੰ ਵੇਖ ਕੇ ਹੈਰਾਨ ਹੋਏ। ਉਹ ਬੀਬੀ ਭਾਨੀ ਦੇ ਅਥਾਹ ਪਿਆਰ ਤੇ ਸ਼ਰਧਾ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ ਅਤੇ ਉਹਨੂੰ ਗੁਰਗੱਦੀ ਦਾ ਵਰ ਦਿੱਤਾ।[33]

---

30. ਮਹਾਨ ਕੋਸ਼, ਪੰ: 1035.

31. ਗੁਰ ਪ੍ਰਤਾਪ ਸੂਰਜ, ਪੰ. 1621.

32. See, G.S. Chhabra, Advanced Study in History of Punjab (Ludhiana, n.d.) Vol. I, p. 142.

33. ਗੁਰ ਪ੍ਰਤਾਪ ਸੂਰਜ, ਪੰ. 1612-13.

(ਚਲਦਾ)

ਗੁਰੂ ਰਾਮਦਾਸ ਜੀ ਦੇ ਘਰ ਤਿੰਨ ਸਪੁੱਤਰ ਹੋਏ। ਸਭ ਤੋਂ ਵੱਡੇ ਪ੍ਰਿਥੀਚੰਦ ਦਾ ਜਨਮ ਸੰਮਤ 1615 ਵਿਚ ਹੋਇਆ।[34] ਮਝਲੇ ਲੜਕੇ ਮਹਾਂਦੇਵ ਦਾ ਜਨਮ ਸੰਮਤ 1617 ਵਿਚ ਹੋਇਆ।[35] ਸਭ ਤੋਂ ਛੋਟੇ ਲੜਕੇ ਅਰਜਨ ਦੇਵ ਦਾ ਜਨਮ ਸੰਮਤ 1620 ਨੂੰ ਹੋਇਆ।[36]

ਗੁਰੂ ਰਾਮਦਾਸ ਜੀ ਦੇ ਜੀਵਨ-ਕਾਲ ਵਿਚ ਗੁਰੂ ਨਾਨਕ ਦੇ ਚਲਾਏ ਸਿਖ-ਮਤ ਦੀ ਪ੍ਰਸਿਧੀ ਦੂਰ ਦੂਰ ਤਕ ਪਹੁੰਚ ਗਈ ਸੀ। ਮਸੰਦ ਅਤੇ ਹੋਰ ਸਿਖ ਸ਼ਰਧਾਲੂ ਲੋਕਾਂ ਵਿਚ ਜਾ ਕੇ ਗੁਰੂ ਦੇ ਉਪਦੇਸ਼ਾਂ ਦਾ ਪਰਚਾਰ ਕਰਦੇ ਸਨ ਅਤੇ ਉਨ੍ਹਾਂ ਦੇ ਜੀਵਨ ਵਿਚ ਆਏ ਭਰਮ-ਭੁਲੇਖਿਆਂ ਨੂੰ ਦੂਰ ਕਰਦੇ ਸਨ। ਦੂਰ ਅਤੇ ਨੇੜੇ ਦੀਆਂ ਸੰਗਤਾਂ ਅੰਮ੍ਰਿਤਸਰ ਭੇਟਾ ਲੈ ਕੇ ਆਉਂਦੀਆਂ। ਗੁਰੂ ਰਾਮਦਾਸ ਦਾ ਵੱਡਾ ਲੜਕਾ ਪ੍ਰਿਥੀ ਚੰਦ ਗੁਰੂ-ਘਰ ਵਿਚ ਆਏ ਪੈਸੇ ਦੀ ਸੰਭਾਲ ਕਰਦਾ ਅਤੇ ਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਸੰਗਤ ਦੀ ਸੇਵਾ, ਲੰਗਰ ਅਤੇ ਨਵੇਂ ਨਗਰ ਉਤੇ ਖਰਚ ਕਰਦਾ। ਇਸ ਕਾਰਣ ਮਸੰਦਾਂ ਅਤੇ ਵਿਹਾਰਕ ਲੋਕਾਂ ਵਿਚ ਉਸਦਾ ਰਸੂਖ ਵੀ ਵਧ ਗਿਆ। ਉਸਦੇ ਮਨ ਵਿਚ ਇਹ ਗੱਲ ਪੱਕੀ ਬੈਠ ਗਈ ਕਿ ਪਿਤਾ ਪਿਛੋਂ ਗੁਰ-ਗੱਦੀ ਉਸਨੂੰ ਹੀ ਮਿਲਣੀ ਹੈ, ਇਸ ਧਾਰਨਾ ਦਾ ਨਤੀਜਾ ਇਹ ਨਿਕਲਿਆ ਕਿ ਉਹ ਆਪਣੇ ਵਿਚ ਕੋਈ ਆਤਮਕ ਗੁਣ ਪੈਦਾ ਨਾ ਕਰ ਸਕਿਆ ਜਿਨ੍ਹਾਂ ਦਾ 'ਗੁਰੂ' ਬਣਨ ਵਾਸਤੇ ਹੋਣਾ ਜ਼ਰੂਰੀ ਸੀ।[37]

ਮਝਲਾ ਲੜਕਾ ਮਹਾਂਦੇਵ ਉਦਾਸੀਨ ਤਬੀਅਤ ਦਾ ਸੀ। ਦੁਨੀਆਂ ਦੇ ਧੰਦਿਆਂ ਵਿਚ ਅਤੇ ਕ੍ਰਿਆਸ਼ੀਲਤਾ ਵਿਚ ਉਸਦਾ ਧਿਆਨ ਨਾ ਪਿਆ।

(ਜ) ਗੁਰੂ ਅਰਜਨ ਦੇਵ:

ਛੋਟਾ ਲੜਕਾ (ਗੁਰੂ)ਅਰਜਨ ਦੇਵ, ਗੁਰੂ ਰਾਮਦਾਸ ਪਾਸ ਸੰਗਤ ਦੀ ਸੇਵਾ ਅਤੇ ਸ਼ਬਦ ਕੀਰਤਨ ਵਿਚ ਸਮਾਂ ਬਿਤਾਂਦਾ।

ਪ੍ਰਸੰਗ ਹੈ ਕਿ ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁਤਰ ਸਹਾਰੀ ਮਲ ਜਦ ਆਪਣੇ ਪੁਤਰ ਦੇ ਵਿਆਹ ਦਾ ਸੱਦਾ ਦੇਣ ਪਹੁੰਚਿਆ ਤਾਂ ਗੁਰੂ ਰਾਮਦਾਸ ਜੀ ਨੇ ਪ੍ਰਿਥੀਚੰਦ ਨੂੰ ਜਾਣ ਦੀ ਆਗਿਆ

---

34. ਮਹਾਨ ਕੋਸ਼, ਪੰ. 805.

35. ਉਹੀ, ਪੰ. 935.

36. ਉਹੀ, ਪੰ. 80

37. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ (ਲੁਧਿਆਣਾ, 1971), ਦੂਜਾ ਭਾਗ, ਪੰ. 117.

ਦਿੱਤੀ। ਪ੍ਰਿਥੀ ਚੰਦ ਦਾ ਮੋਹ ਗੁਰ-ਹੁਕਮ ਨਾਲੋਂ ਚੜ੍ਹਾਵੇ ਦੀ ਮਾਇਆ ਨਾਲ ਵਧੇਰੇ ਸੀ, ਇਸ ਲਈ ਉਸ ਨੇ ਜਾਣ ਤੋਂ ਸਾਫ਼ ਇਨਕਾਰ ਕਰ ਦਿਤਾ। ਜਦ (ਗੁਰੂ) ਅਰਜਨ ਦੇਵ ਨੂੰ ਕਿਹਾ ਗਿਆ ਤਾਂ ਉਹ ਤੁਰੰਤ ਮੰਨ ਗਏ।

(ਗੁਰੂ) ਅਰਜਨ ਦੇਵ ਗੁਰੂ ਰਾਮਦਾਸ ਜੀ ਦੀ ਇੱਛਾ ਅਨੁਸਾਰ ਵਿਆਹ ਤੋਂ ਬਾਅਦ ਬਹੁਤ ਦਿਨ ਲਾਹੌਰ ਰਹੇ। ਦਿਨ ਬੀਤਣ ਤੇ ਉਨ੍ਹਾਂ ਦੇ ਮਨ ਵਿਚ ਇਸ਼ਟ-ਗੁਰੂ ਨੂੰ ਮਿਲਣ ਦੀ ਇੱਛਾ ਤੀਬਰ ਹੁੰਦੀ ਗਈ, ਪਰ ਕਿਉਂਕਿ ਵਾਪਸ ਪਰਤਣ ਲਈ ਗੁਰੂ ਦੇ ਹੁਕਮ ਦੀ ਲੋੜ ਸੀ ਇਸ ਲਈ ਉਹ ਲਾਹੌਰ ਹੀ ਟਿਕੇ ਰਹੇ।

ਸਿਖ ਇਤਿਹਾਸ, ਇਸ ਘਟਨਾ ਦੇ ਮਾਰਮਿਕ ਬਿਆਨ ਨਾਲ ਭਰਿਆ ਪਿਆ ਹੈ। ਜਦ (ਗੁਰੂ) ਅਰਜਨ ਦੇਵ ਦੀਆਂ ਭੇਜੀਆਂ ਪਹਿਲੀਆਂ ਦੋਵੇਂ ਚਿੱਠੀਆਂ ਪ੍ਰਿਥੀ ਚੰਦ ਨੇ ਈਰਖਾ-ਵਸ ਕਾਬੂ ਕਰ ਲਈਆਂ ਤਾਂ ਤੀਜੀ ਚਿੱਠੀ ਉਨ੍ਹਾਂ ਨੇ ਸੇਵਕ ਨੂੰ ਇਸ਼ਟ-ਗੁਰੂ ਨੂੰ ਹੀ ਦੇਣ ਲਈ ਕਿਹਾ। ਗੁਰੂ ਰਾਮਦਾਸ ਜੀ ਦੇ ਚਿਠੀ ਪੜ੍ਹਣ ਉਪਰੰਤ ਸਾਰਾ ਭੇਦ ਖੁਲ੍ਹ ਗਿਆ ਅਤੇ (ਗੁਰੂ) ਅਰਜਨ ਦੇਵ ਜੀ ਵਾਪਸ ਬੁਲਾ ਲਏ ਗਏ।[38]

(ਗੁਰੂ) ਅਰਜਨ ਦੇਵ ਦੀਆਂ ਤਿੰਨ ਚਿੱਠੀਆਂ ਜੋ ਰਾਗ ਮਾਝ ਵਿਚ ਰਚਿਤ ਸ਼ਬਦ ਦੇ ਪਹਿਲੇ ਤਿੰਨ ਅੰਕ ਹਨ, ਵੈਰਾਗ ਅਤੇ ਬ੍ਰਿਹਾ ਦੀ ਭਾਵਨਾ ਨੂੰ ਮੂਰਤੀਮਾਨ ਕਰਦੀਆਂ ਹਨ। ਗੁਰੂ-ਮੇਲ ਉਪਰੰਤ (ਗੁਰੂ) ਅਰਜਨ ਦੇਵ ਵਲੋਂ ਉਚਾਰੇ ਗਏ ਸ਼ਬਦ ਦਾ ਚੌਥਾ ਅੰਕ ਗੁਰੂ-ਮੇਲ ਦੇ ਵਿਸਮਾਦੀ ਅਨੁਭਵ ਦੀ ਅਲੌਕਿਕ ਕ੍ਰਿਤ ਹੈ।

ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਦੇ ਗੁਣਾਂ ਨੂੰ ਦੇਖਦਿਆਂ ਗੁਰਗੱਦੀ ਦੀ ਸੌਂਪਣਾ ਦਾ ਐਲਾਨ ਕਰ ਦਿੱਤਾ। ਗੁਰੂ ਅਰਜਨ ਮੁਢ ਤੋਂ ਹੀ ਬੜੇ ਨਿਮਰ ਤੇ ਸ਼ੀਲ ਸੁਭਾ ਵਾਲੇ ਪ੍ਰਤਿਭਾ-ਸ਼ਾਲੀ ਅਤੇ ਮਹਾਨ ਗੁਣਾਂ ਨਾਲ ਭਰਪੂਰ ਸਨ।[39] ਇਨ੍ਹਾਂ ਗੁਣਾਂ ਸਦਕਾ ਹੀ ਉਹ ਸਿੱਖ-ਮਤ ਦੇ ਵਿਕਾਸ ਵਿਚ ਇਕ ਮਹੱਤਵਪੂਰਣ ਹਿੱਸਾ ਪਾ ਸਕੇ। ਪਰ ਇਸ ਤੋਂ ਉਲਟ ਪ੍ਰਿਥੀਚੰਦ ਈਰਖਾਲੂ ਤਬੀਅਤ ਕਰਕੇ ਜੀਵਨ ਨੂੰ ਸਹੀ ਮਾਰਗ ਤੇ ਨਾ ਲਿਆ ਸਕਿਆ ਅਤੇ ਜੀਵਨ ਦੇ ਮੰਤਵ ਦੀ ਪ੍ਰਾਪਤ ਨਾ ਕਰ ਸਕਿਆ। ਉਹ ਸਦੈਂ ਧਨ ਲੋਭ ਦੇ ਲਾਲਚ ਵਿਚ ਪਿਤਾ ਨਾਲ ਝਗੜਾ ਕਰਦਾ ਰਿਹਾ।[40] ਗੁਰੂ ਰਾਮਦਾਸ ਜੀ ਦੇ ਆਪਣੇ

---

38. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਦੂਜਾ ਭਾਗ, ਪੰਨੇ 118-120.
39. ਕਰਤਾਰ ਸਿੰਘ ਸੂਰੀ (ਡਾ:) ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ (ਚੰਡੀਗੜ੍ਹ, 1969), ਪੰ.71.
40. ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ ਰਹਾਉ॥
ਜਿਸ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨ ਕਿਸਹਿ ਨਾ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥੧॥ (ਬਾਕੀ ਅਗਲੇ ਪੰਨੇ ਤੇ.......)

ਸ਼ਬਦਾਂ ਵਿਚ ਹੀ ਅੰਕਿਤ ਹੈ:-

ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥

(ਰਾਗ ਸੂਹੀ, ਆਦਿ ਗ੍ਰੰਥ, ਪੰ: 733)

ਗੁਰੂ ਅਰਜਨ ਦੇਵ ਨੇ ਸੇਵਾ-ਭਾਵਨਾ ਰਾਹੀਂ ਉਸ ਆਤਮ-ਪਦਵੀ ਦੀ ਪ੍ਰਾਪਤੀ ਕਰਕੇ ਹੀ ਆਤਮਕ ਕਲਿਆਣ ਦਾ ਬੀੜਾ ਚੁਕਿਆ। ਗੁਰੂ ਰਾਮਦਾਸ ਗੁਰੂ ਅਰਜਨ ਦੇਵ ਨੂੰ ਗੁਰਗੱਦੀ ਦੀ ਸੌਂਪਣਾ ਕਰਕੇ ਆਪ ਰਾਮਦਾਸ ਪੁਰ (ਅੰਮ੍ਰਿਤਸਰ) ਤੋਂ ਗੋਇੰਦਵਾਲ ਆ ਟਿਕੇ। ਥੋੜੇ ਸਮੇਂ ਪਿਛੋਂ ਆਪ ਭਾਦਰੋਂ ਸੁਦੀ ਤਿਨ ਸ਼ੁਕਰਵਾਰ, ਦੋ ਅੱਸੂ 1638 ਬਿ. (1 ਸਤੰਬਰ, 1581 ਈ:) ਨੂੰ ਜੋਤੀ ਜੋਤ ਸਮਾ ਗਏ।[41]

## 11. ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ

### (ੳ) ਨਿੰਮ੍ਰਤਾ ਦੇ ਪੁੰਜ ਤੇ ਸ੍ਰੇਸ਼ਟ ਸੇਵਾਦਾਰ:

ਗੁਰੂ ਰਾਮਦਾਸ ਜੀ ਦਾ ਰੰਗ ਗੋਰਾ, ਸੋਹਣਾ ਤੇ ਸੁਹਾਵਾ ਮੁਖ, ਨੈਨ ਖੁਲ੍ਹੇ, ਚੌੜਾ ਮਸਤਕ ਅਤੇ ਚੇਹਰੇ ਤੇ ਕਾਲੀ, ਲੰਮੀ, ਚਮਕੀਲੀ ਦਾਹੜੀ ਸੋਭਦੀ ਸੀ।[42] ਮਨ ਵਿਚ ਨਿੰਮ੍ਰਤਾ ਅਤੇ ਮਿਠਾਸ, ਸਹਿਜ ਤੇ ਗੰਭੀਰਤਾ ਭਰੇ ਅੰਮ੍ਰਿਤ ਭਿੰਨੇ ਬੋਲ ਅਤੇ ਉਤੋਂ ਭਗਤੀ ਦਾ ਰੰਗ, ਆਪਦੀ ਸ਼ਖ਼ਸੀਅਤ ਨੂੰ ਅਲੌਕਿਕਤਾ ਬਖਸ਼ਦਾ ਸੀ।

ਇਕ ਵਾਰ ਜਦ ਬਾਬਾ ਸ੍ਰੀ ਚੰਦ ਨੇ ਗੁਰੂ ਰਾਮਦਾਸ ਜੀ ਦੇ ਕਾਲੇ ਚਮਕੀਲੇ ਅਤੇ ਲੰਮੇ ਦਾਹੜੇ ਨੂੰ ਵੇਖਕੇ ਮਜ਼ਾਕ ਕੀਤਾ ਕਿ ਇਤਨਾ ਲੰਮਾ ਦਾਹੜਾ ਕਿਉਂ ਵਧਾਇਆ ਹੈ। (ਗੁਰੂ ਰਾਮਦਾਸ ਉਸ ਵੇਲੇ ਗੁਰਗੱਦੀ ਦੇ ਮਾਲਕ ਸਨ ਅਤੇ ਅੰਮ੍ਰਿਤਸਰ ਦੇ ਸਥਾਨ ਤੇ ਸਨ, ਸੰਮਤ 1636) ਗੁਰੂ ਰਾਮਦਾਸ ਜੀ ਜੋ ਹਲੀਮਤਾ ਅਤੇ ਨਿੰਮ੍ਰਤਾ ਦੇ ਪੁੰਜ ਸਨ ਨੇ ਆਪਣੀ ਥਾਂ ਤੋਂ ਉਠਦਿਆਂ ਕਿਹਾ ਕਿ ਆਪ ਜਿਹੇ ਮਹਾਨ ਪੁਰਖਾਂ ਦੇ ਚਰਨ ਝਾੜਨ ਨੂੰ ਵਧਾਇਆ ਹੈ ਅਤੇ ਹੱਥ ਨਾਲ ਆਪਣਾ ਦਾਹੜਾ ਫੜ ਕੇ ਬਾਬਾ

---

(ਪਿਛਲੇ ਪੰਨੇ ਦੀ ਬਾਕੀ....

ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨਕੇ ਜਾਪਹੁ ਜਾਪੇ ॥
ਉਪਦੇਸ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥2॥੧॥7॥

(ਰਾਗ ਸਾਰੰਗ, ਆਦਿ ਗ੍ਰੰਥ, ਪੰ: 1200)

41. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਪੰ: 121.

42. ਈਸ਼ਰ ਸਿੰਘ ਨਾਰਾ (ਗਿਆਨੀ), ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ, ਪੰ. 372.

ਸ੍ਰੀ ਚੰਦ ਦੇ ਪੈਰ ਝਾੜਨੇ ਸ਼ੁਰੂ ਕਰ ਦਿੱਤੇ।[43]

ਸ੍ਰੀ ਚੰਦ ਜੀ ਇਸ ਗੱਲ ਤੇ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਕਿਹਾ ਕਿ ਇਹਨਾਂ ਗੁਣਾਂ ਸਦਕਾ ਹੀ ਗੁਰੂ ਨਾਨਕ ਪਰੰਪਰਾ ਦੇ ਹੱਕਦਾਰ ਬਣੇ ਹਨ। ਇਸ ਘਟਨਾ ਦੀ ਇਤਿਹਾਸਕ ਮਹਾਨਤਾ ਸਦਕਾ ਜੋ ਉਦਾਸੀ ਪੰਥ ਗੁਰੂ ਅਮਰਦਾਸ ਦੇ ਸਮੇਂ ਤਕ ਗੁਰੂ ਸਾਹਿਬਾਨ ਦਾ ਵਿਰੋਧ ਕਰਦਾ ਆਇਆ ਸੀ ਨੇ ਮਿਤ੍ਰਤਾ ਦਾ ਰਵਈਆ ਅਪਨਾ ਲਿਆ।

(ਅ) ਸਹਿਨਸ਼ੀਲ :

ਗੁਰੂ ਰਾਮਦਾਸ ਜੀ ਦੇ ਜੀਵਨ ਦਾ ਇਕ ਪ੍ਰਸੰਗ ਹੈ ਕਿ ਜਦ ਬਾਉਲੀ ਦੀ ਸੇਵਾ ਹੋ ਰਹੀ ਸੀ ਤਾਂ ਇਕ ਵਾਰ ਲਾਹੌਰ ਦੀ ਸੰਗਤ ਹਰਦੁਆਰ ਕੁੰਭ ਦੇ ਮੇਲੇ ਤੇ ਜਾ ਰਹੀ ਸੀ। ਇਨ੍ਹਾਂ ਵਿਚ ਗੁਰੂ ਰਾਮਦਾਸ ਦੇ ਸਾਕ ਸੰਬੰਧੀ ਸਨ। ਇਸ ਸਮੇਂ ਗੁਰੂ ਰਾਮਦਾਸ ਗੁਰੂ ਅਮਰਦਾਸ ਦੇ ਜਵਾਈ ਬਣ ਚੁਕੇ ਸਨ। (ਗੁਰੂ)ਰਾਮਦਾਸ ਨੂੰ ਨਿਸ਼ਕਾਮਤਾ ਨਾਲ ਸੇਵਾ ਕਰਦਿਆਂ ਦੇਖ ਕੇ ਉਨ੍ਹਾਂ ਦੇ ਸੰਸਾਰਕ ਮਨਾਂ ਨੇ ਵਿਰੋਧ ਕੀਤਾ ਅਤੇ ਗੁਰੂ ਅਮਰਦਾਸ ਜੀ ਸਾਹਮਣੇ ਗੁਸਤਾਖੀ ਭਰੇ ਸ਼ਬਦ ਵੀ ਬੋਲੇ। ਗੁਰੂ ਰਾਮਦਾਸ ਜੀ ਨੇ ਉਨ੍ਹਾਂ ਵਲੋਂ ਗੁਰੂ ਅਮਰਦਾਸ ਪਾਸੋਂ ਮੁਆਫ਼ੀ ਮੰਗੀ।[44]

ਉਨ੍ਹਾਂ ਨੇ ਆਪਣੇ ਦਿਲ ਵਿਚ ਰਿਸ਼ਤੇ ਦਾ ਮਾਣ ਕਦੇ ਵੀ ਨਹੀਂ ਸੀ ਆਉਣ ਦਿੱਤਾ ਅਤੇ ਜੀਵਨ ਦਾ ਉਦੇਸ਼ ਗੁਰ-ਭਗਤੀ ਹੀ ਬਣਾਇਆ ਸੀ।[45]

(ੲ) ਮਹਾਨ ਸੰਤ: ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਮੁਕਤ।

ਪ੍ਰਸੰਗ ਹੈ ਕਿ ਇਕ ਵਾਰ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਦੇ ਗਲ ਵਿਚ ਕੀਮਤੀ ਹਾਰ ਪਾ ਦਿਤਾ। ਜਦ ਕਿਸੇ ਮੰਗਤੇ ਨੇ ਉਨ੍ਹਾਂ ਤੋਂ ਇਸ ਹਾਰ ਦੀ ਮੰਗ ਕੀਤੀ ਤਾਂ ਉਨ੍ਹਾਂ ਬਿਨਾਂ ਕਿਸੇ ਵਿਚਾਰ ਦੇ ਇਹ ਹਾਰ ਉਸ ਨੂੰ ਦੇ ਦਿੱਤਾ।[46]

ਇਸੇ ਤਰ੍ਹਾਂ ਇਕ ਵਾਰ ਸਰੋਵਰ ਦੀ ਸੇਵਾ ਕਰਾਂਦਿਆਂ ਇਕ ਦਿਨ ਆਪਣੇ ਲਾਹੌਰ ਦੇ ਕੁਝ ਸੰਬੰਧੀ ਮਿਲਣ ਆਏ। ਉਨ੍ਹਾਂ ਮੰਗ ਕੀਤੀ ਕਿ ਗੁਰੂ ਰਾਮਦਾਸ ਲਾਹੌਰ ਚਲ ਕੇ ਸਿਖੀ ਪ੍ਰਚਾਰ ਕਰਨ।

---

43. ਬੀਰੂਰ ਸਿੰਘ ਨਾਰਾ (ਗਿਆਨੀ), ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ, ਪੰ.372.
44. ਵੇਖੋ, ਗੁਰਪ੍ਰਤਾਪ ਸੂਰਜ, ਪੰ: 143.
45. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਦੂਜਾ ਭਾਗ, ਪੰਨੇ: 109-110.
46. Duncan Greenlees,(ed.) The Gospel of the Guru Granth. P. ix

ਗੁਰੂ ਰਾਮਦਾਸ ਨੇ ਲਾਹੌਰ ਰਹਿਣ ਦੇ ਦੌਰਾਨ ਆਪਣੇ ਘਰ ਨੂੰ ਬੁਲਾ ਕੇ ਧਰਮਸ਼ਾਲ ਬਣਾ ਦਿਤਾ ਤਾਂ ਕਿ ਪਰਮਾਤਮਾ ਦੇ ਨਾਮ ਸਿਮਰਨ ਦੇ ਪ੍ਰਚਾਰ ਵਿਚ ਵਾਧਾ ਹੋ ਸਕੇ।[47]

<u>(ਸ) ਸਮਾਜ ਸੁਧਾਰਕ ਵ</u>

ਜਦ (ਗੁਰੂ) ਰਾਮਦਾਸ ਗੁਰੂ ਅਮਰਦਾਸ ਜੀ ਦੇ ਵਲੋਂ ਸ਼ਾਹੀ ਦਰਬਾਰ ਦੇ ਹਿੰਦੂ ਅਫ਼ਸਰਾਂ ਦੀ ਸ਼ਿਕਾਇਤ ਤੇ, ਅਕਬਰ ਨੂੰ ਮਿਲੇ ਤਾਂ ਉਹ ਆਪ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹੋਇਆ। ਆਪਨੇ ਹਿੰਦੂਆਂ ਉਤੇ ਤੀਰਥ ਟੈਕਸ ਅਤੇ ਸਤੀ ਦੀ ਰਸਮ ਨੂੰ ਰੋਕਣ ਲਈ ਬਾਦਸ਼ਾਹ ਨੂੰ ਕਿਹਾ। ਇਹ ਉਹ ਸਮਾਂ ਸੀ ਜਦੋਂ ਬਾਦਸ਼ਾਹ ਅਕਬਰ ਸਿਕੰਦਰ ਸੂਰੀ ਨੂੰ ਈਨ ਮਨਾਉਣ ਲਈ ਲਾਹੌਰ ਆਇਆ ਸੀ। (1557 ਈਸਵੀ) ਵਿਚ ਸ਼ਾਹੀ ਫ਼ੌਜ ਦੇ ਲਾਹੌਰ ਡੇਰੇ ਲਾਉਣ ਨਾਲ ਅਨਾਜ ਦੀਆਂ ਕੀਮਤਾਂ ਵਧ ਗਈਆਂ ਸਨ ਅਤੇ ਡੇਰਾ ਛੱਡਣ ਨਾਲ ਕੀਮਤਾਂ ਗਿਰ ਜਾਣੀਆਂ ਸਨ ਜਿਸ ਨਾਲ ਕਿਸਾਨਾਂ ਨੂੰ ਨੁਕਸਾਨ ਪੁਜਦਾ ਸੀ। (ਗੁਰੂ) ਰਾਮਦਾਸ ਨੇ ਇਕ ਸਾਲ ਦੇ ਲਗਾਨ ਦੀ ਮਾਫ਼ੀ ਦਾ ਬਾਦਸ਼ਾਹ ਤੋਂ ਹੁਕਮ ਕਰਵਾ ਦਿੱਤਾ।[48]

ਹਿੰਦੂ ਸਮਾਜ, ਜੰਮਣ, ਮਰਨ ਅਤੇ ਵਿਆਹੁਣ ਆਦਿ ਦੀਆਂ ਰਸਮਾਂ ਪੂਰੀਆਂ ਕਰਨ ਵਿਚ ਪੂਰੀ-ਤਰ੍ਹਾਂ ਪੰਡਤ-ਵਰਗ ਦੇ ਅਧੀਨ ਸੀ। ਉਸ ਵੇਲੇ ਸਿਖ ਅਖਵਾਉਣ ਵਾਲੇ ਵੀ ਇਹ ਰਸਮਾਂ ਪੰਡਤਾਂ ਰਾਹੀਂ ਹੀ ਨੇਪਰੇ ਚਾੜ੍ਹਦੇ ਸਨ। ਗੁਰੂ ਰਾਮਦਾਸ ਜੀ ਨੇ ਸਿੱਖਾਂ ਵਿਚ ਇਹਨਾਂ ਰਸਮਾਂ ਦੀ ਨਵੀਂ ਮਰਿਆਦਾ ਚਲਾਈ। ਗੁਰੂ ਅਮਰਦਾਸ ਦੀ ਬਾਣੀ 'ਅਨੰਦ' ਪਹਿਲਾਂ ਹੀ ਮੌਜੂਦ ਸੀ। ਗੁਰੂ ਰਾਮਦਾਸ ਨੇ ਰਾਗ ਸੂਹੀ ਵਿਚ ਲਾਵਾਂ ਦੇ ਚਾਰ ਸ਼ਬਦ ਰਚ ਕੇ ਵਿਆਹ ਦੀ ਰਸਮ ਨੂੰ ਪੂਰਨ ਬਣਾ ਦਿੱਤਾ। ਇਸ ਦੇ ਨਾਲ ਹੀ ਸਿਖ ਸੰਗਤਾਂ ਨੂੰ ਹੁਕਮ ਦਿੱਤਾ ਕਿ ਅਗੇ ਤੋਂ ਇਹ ਸਾਰੀਆਂ ਰਸਮਾਂ ਗੁਰ ਮਰਿਆਦਾ ਅਨੁਸਾਰ ਕੀਤੀਆਂ ਜਾਣ ਅਤੇ ਇਹ ਕੇਵਲ ਪੰਡਤ ਹੀ ਨਹੀਂ ਕਿਸੇ ਵੀ ਸਿਖ ਦੇ ਪ੍ਰਬੰਧ ਵਿਚ ਕਰਵਾਈਆਂ ਜਾ ਸਕਦੀਆਂ ਹਨ। ਸਿਖਾਂ ਵਿਚ ਅਨੰਦ ਦੀ ਰਸਮ ਉਨ੍ਹਾਂ ਦੇ ਸਮੇਂ ਤੋਂ ਹੀ ਪ੍ਰਚਲਤ ਹੋ ਗਈ।[49]

ਜਿਥੇ ਗੁਰੂ ਰਾਮਦਾਸ ਨੇ ਜ਼ਿੰਦਗੀ ਦੀਆਂ ਰਸਮਾਂ ਰੀਤਾਂ ਨੂੰ ਨਵਾਂ ਰੂਪ ਦਿੱਤਾ, ਉਥੇ ਸਿਖ ਦੀ ਰੋਜ਼ਾਨਾ ਰਹਿਣ-ਸਹਿਣ ਦੀ ਜ਼ਿੰਦਗੀ ਉਤੇ ਬੜਾ ਬਲ ਦਿੱਤਾ ਹੈ।[50] ਸਿਟੇ ਵਜੋਂ ਸੰਗਤਾਂ

---

47. ਵੀਰ ਸਿੰਘ (ਭਾਈ, ਡਾ:) <u>ਸ੍ਰੀ ਅਸ਼ਟ ਗੁਰ ਚਮਤਕਾਰ</u>, ਪੰ. 220.
48. Khazan Singh, <u>History of Sikh Religion</u>,Patiala,1970),pp.119-20.
49. ਕਾਨ੍ਹ ਸਿੰਘ, <u>ਹਮ ਹਿੰਦੂ ਨਹੀਂ</u> (ਅੰਮ੍ਰਿਤਸਰ, 1973), ਪੰਨੇ 211-12.
50. ਮੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਪੰਨੇ 123-24.

ਨੇ ਗੁਰੂ ਰਾਮਦਾਸ ਜੀ ਦੇ ਸ਼ਬਦ 'ਕੀਤਾ ਲੋੜੀਐ ਕੰਮ ਸੁ ਹਰਿ ਪੈ ਆਖੀਐ' ਨੂੰ ਜੰਮਣ, ਵਿਆਹ ਅਤੇ ਮ੍ਰਿਤੂ ਦੇ ਅਵਸਰਾਂ ਤੇ ਸੰਸਕਾਰ ਵਜੋਂ ਗਾਉਣਾ ਸ਼ੁਰੂ ਕਰ ਦਿੱਤਾ।[51]

**(ਖ) ਰਾਮਦਾਸਪੁਰ (ਅੰਮ੍ਰਿਤਸਰ) ਨੂੰ ਵਪਾਰਕ ਕੇਂਦਰ ਬਣਾਉਣਾ:**

ਗੁਰੂ ਰਾਮਦਾਸ ਜੀ ਨੇ ਜਦ 'ਗੁਰੂ ਕਾ ਚੱਕ' ਸਥਾਪਤ ਕੀਤਾ ਤਾਂ ਦੂਰੋਂ ਨੇੜਿਓਂ ਆ ਕੇ ਸਿਖ ਵਸਣ ਲੱਗੇ। ਉਨ੍ਹਾਂ ਨੇ ਆਪ ਸਾਰੇ ਪਾਸਿਆਂ ਤੋਂ ਵਪਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਉਥੇ ਆ ਕੇ ਵੱਸਣ।[52] ਨਤੀਜੇ ਵਜੋਂ ਉਨ੍ਹਾਂ 52 ਵਖੋ ਵਖਰੇ ਕਿਰਤੀ ਘਰਾਣੇ ਵਸਾਏ ਅਤੇ ਉਨ੍ਹਾਂ ਨੂੰ ਵਪਾਰਕ ਰਹਿਣ-ਸਹਿਣ ਦੀਆਂ ਸਹੂਲਤਾਂ ਦਿੱਤੀਆਂ।[53] ਇਨ੍ਹਾਂ ਕਿਰਤੀ ਘਰਾਣਿਆਂ ਵਿਚ ਲੁਹਾਰ, ਤਖਾਣ, ਜੁਲਾਹੇ, ਮੋਚੀ, ਸੁਨਿਆਰੇ, ਠਠਿਆਰ ਆਦਿ ਕਿੱਤਿਆਂ ਦੇ ਹੁਨਰਮੰਦ ਲੋਕ ਸ਼ਾਮਲ ਸਨ।[54]

ਅੰਮ੍ਰਿਤਸਰ ਜ਼ਮੀਨ ਦੇ ਉਪਜਾਊ ਹੋਣ ਕਰਕੇ ਮਹੱਤਵਪੂਰਣ ਕਿਰਸਾਨੀ ਇਲਾਕਾ ਸੀ। ਅੰਮ੍ਰਿਤਸਰ ਨਗਰ ਦੀ ਸਥਾਪਨਾ ਨਾਲ ਵਪਾਰ ਅਤੇ ਵਣਜ ਦਾ ਕੇਂਦਰ ਵੀ ਸਥਾਪਤ ਹੋਣਾ ਸ਼ੁਰੂ ਹੋ ਗਿਆ। ਸਿੱਖਾਂ ਨੂੰ ਇਕ ਕੇਂਦਰੀ ਸਥਾਨ ਮਿਲ ਗਿਆ, ਜਿਥੇ ਉਨ੍ਹਾਂ ਦੀਆਂ ਅਧਿਆਤਮਕ ਪੂਰਤੀਆਂ ਦੇ ਨਾਲ ਵਿਹਾਰਕ ਲੋੜਾਂ ਦੇ ਲਈ ਵੀ ਇਕ ਵਪਾਰਕ ਕੇਂਦਰ ਮਿਲ ਗਿਆ।

ਸਾਂਸਕ੍ਰਿਤਕ ਪਹਿਲੂ ਤੋਂ ਇਕ ਸੁੰਦਰ ਸ਼ਹਿਰ ਵਸਾਉਣਾ, ਜਿਥੇ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਣ, ਕੋਈ ਘਟ ਮਹੱਤਵਪੂਰਣ ਕਦਮ ਨਹੀਂ ਸੀ।

**(ਗ) ਮਸੰਦਾਂ ਦੀ ਪ੍ਰਥਾ ਤੋਰਨੀ:**

ਗੁਰੂ ਰਾਮਦਾਸ ਜੀ ਨੇ ਸਿਖ ਮਤ ਦੇ ਪ੍ਰਚਾਰ ਦਾ ਕਾਰਜ ਬੜੇ ਉਤਸ਼ਾਹ ਨਾਲ ਸ਼ੁਰੂ ਕੀਤਾ ਅਤੇ ਇਸ ਦੇ ਪ੍ਰਸਾਰ ਲਈ ਦੇਸ਼ ਦੇ ਵਖ ਵਖ ਭਾਗਾਂ ਵਿਚ ਪ੍ਰਚਾਰਕ ਭੇਜੇ।[55] ਉਦਾਹਰਣ ਲਈ ਉਨ੍ਹਾਂ ਨੇ ਭਾਈ ਗੁਰਦਾਸ ਨੂੰ ਸਿਖ-ਮਤ ਦੇ ਪ੍ਰਚਾਰ ਲਈ ਆਗਰੇ ਭੇਜਿਆ। 'ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ'

---

51. G. S. Chhabra, The Advanced Study in the History of Punjab, Vol. I, p. 145.
52. Sri Guru Granth, ed. (English Version), Translated by Dr. Gopal Singh, Vol. I, (Delhi, 1960),p.XLI.
53. ਜੋਗਿੰਦਰ ਸਿੰਘ (ਐਮ.ਏ.) ਗੁਰਦਾਸ ਤੇ ਸਾਡਾ ਇਤਿਹਾਸ,(ਦਿੱਲੀ,1967), ਪੰ. 61.
54. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਦੂਜਾ ਭਾਗ, ਪੰ. 114.
55. ਆਈ.ਬੀ. ਬੈਨਰਜੀ, ਖ਼ਾਲਸੇ ਦੀ ਉਤਪਤੀ, ਅਨੁ: ਪ੍ਰਿਤਪਾਲ ਸਿੰਘ, (ਪਟਿਆਲਾ, 1976) ਪੰ. 144.

ਵਿਚ ਅੰਕਿਤ ਹੈ। :-

ਅਬ ਤੁਮ ਆਪੈ ਓਰ ਸਿਧਾਵਹੁ॥
ਸਤਿਗੁਰ ਸਿਖੀ ਜਗ ਪ੍ਰਗਟਾਵਹੁ॥

ਗੁਰੂ ਰਾਮਦਾਸ ਜੀ ਨੇ ਸਿਖੀ ਅਸੂਲਾਂ ਤੇ ਚਲਣ ਵਾਲੇ ਸ੍ਰਧਾਵਾਨ ਭਾਈ ਹਿੰਦਾਲ ਨੂੰ ਵੀ ਜੰਡਿਆਲੇ ਪ੍ਰਚਾਰ ਦਾ ਕੰਮ ਕਰਨ ਲਈ ਭੇਜਿਆ। ਗੁਰੂ ਰਾਮਦਾਸ ਨੇ ਆਪ ਵੀ ਪ੍ਰਚਾਰ -ਕੇਂਦਰ ਗੋਇੰਦਵਾਲ ਤੋਂ ਬਦਲ ਕੇ ਅੰਮ੍ਰਿਤਸਰ ਨੂੰ ਆਂਦਾ।[56]

ਆਮ ਇਲਾਕਿਆਂ ਵਿਚੋਂ ਪਰਚਾਰ ਦੀਆਂ ਰਿਪੋਰਟਾਂ ਲੈਣ ਲਈ ਅਤੇ ਇਕ ਇਲਾਕੇ ਦੇ ਦੂਜੇ ਇਲਾਕੇ ਦੇ ਸਿਖਾਂ ਨਾਲ ਮੇਲ ਜੋਲ ਰੱਖਣ ਲਈ, ਦਿਵਾਲੀ ਤੇ ਵਿਸਾਖੀ ਦਾ ਮੇਲਾ ਮੁਕਰਰ ਕਰ ਦਿੱਤਾ, ਤੇ ਇਉਂ ਦੂਰ ਦੂਰ ਤੋਂ ਆਈਆਂ ਸੰਗਤਾਂ ਵਿਚ ਪ੍ਰਚਾਰ ਦਾ ਵਾਧਾ ਕੀਤਾ।[57]

ਆਪਦੇ ਸਮੇਂ ਗੁਰਸਿਖੀ ਪੰਜਾਬ ਤੋਂ ਬਾਹਰ ਪੂਰਬ, ਮਧ ਦੇਸ਼, ਸਿੰਧ ਤੇ ਦੱਖਣ ਤਕ, ਉੱਤਰ ਵਿਚ ਬੁਖਾਰੇ ਤਕ ਫੈਲ ਗਈ।[58]

(ਖ) ਇਤਿਹਾਸਕਾਰ ਦੇ ਤੌਰ ਤੇ:-

ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਸਮਕਾਲੀ ਪ੍ਰਸਥਿਤੀਆਂ ਬਾਰੇ ਕਈ ਗੱਲਾਂ ਮਿਲਦੀਆਂ ਹਨ। ਮੁਕਤੀ ਅਤੇ ਸੁਧਾਰ ਦੇ ਕਾਰਜ ਵਿਚ ਗੁਰੂਆਂ ਨੂੰ ਜੋਗੀਆਂ ਵਲੋਂ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਵੇਂ ਕਿ ਗੁਰੂ ਅਮਰਦਾਸ ਜੀ ਵੇਲੇ ਇਕ ਕੰਨ ਪਾਟੇ ਜੋਗੀ ਨੇ ਬੜੀ ਵਿਰੋਧਤਾ ਕੀਤੀ।[59] ਗੁਰੂ ਅਮਰਦਾਸ ਜੀ ਵਲੋਂ ਕਰਾਏ ਜੱਗ ਵਿਚ ਜਦ ਉਸ ਨੂੰ ਸੱਦਿਆ ਗਿਆ ਤਾਂ ਇਕ ਵਾਰ ਤਾਂ ਉਸ ਨੇ ਇਨਕਾਰ ਕਰ ਦਿਤਾ। ਫਿਰ ਕਿਸੇ ਨੇ ਉਹਦੇ ਕੰਨ ਵਿਚ ਭਿਣਕ ਪਾ ਦਿਤੀ ਕਿ ਗੁਰੂ ਅਮਰਦਾਸ ਜੀ ਪੰਡਤਾਂ ਤੇ ਸਾਧੂਆਂ ਨੂੰ ਸੋਨੇ ਦੀਆਂ ਮੋਹਰਾਂ ਦੱਛਣਾ ਵਜੋਂ ਦੇਣਗੇ। ਇਹ ਸੁਣਕੇ ਤਪਾ ਆਪਣੇ ਲਾਲਚ ਤੇ ਕਾਬੂ ਨਾ ਪਾ ਸਕਿਆ। ਉਸ ਨੇ ਆਪਣੇ ਪੁਤਰ ਨੂੰ ਭੇਜ ਦਿਤਾ। ਉਹ ਚੁਪ-ਚੁਪੀਤਾ ਹੀ ਸਾਧੂਆਂ ਤੇ ਪੰਡਤਾਂ ਦੀ ਪੰਗਤ ਵਿਚ ਆ ਬੈਠਾ। ਜਾਣੂੰ ਲੋਕ ਤਪੇ ਦੀ ਇਹ ਕਰਤੂਤ ਵੇਖ ਕੇ ਵਿਚੇ ਵਿਚ ਹੱਸਣ ਲੱਗੇ।[60]

ਇਸ ਘਟਨਾ ਕਾਰਨ ਤਪੇ ਦੀ ਬਹੁਤ ਬਦਨਾਮੀ ਹੋਈ ਅਤੇ ਬਾਅਦ ਵਿਚ ਉਸਨੂੰ ਆਪਣੇ

---

56. Guru Granth Ratnavali, (Patiala,n.d.),p.52.

57. ਮਹਿਤਾਬ ਸਿੰਘ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 17.

58. ਵੀਰ ਸਿੰਘ (ਭਾਈ, ਡਾ:) ਸ੍ਰੀ ਗੁਰ ਅਸਟ ਗੁਰ ਚਮਤਕਾਰ, ਪੰ. 220.

59. ਆਈ. ਬੀ. ਬੈਨਰਜੀ, ਖਾਲਸੇ ਦੀ ਉਤਪਤੀ, (ਅਨੁ: ਪ੍ਰੀਤਪਾਲ ਸਿੰਘ), ਜਿਲਦ ਪਹਿਲੀ, ਪੰ. 132.

60. ਸੋਹਣ ਸਿੰਘ ਸੀਤਲ, ਮਨੁੱਖਤਾ ਦੇ ਗੁਰੂ, ਦੂਜਾ ਭਾਗ, ਪੰ. 132.

ਵਿਭਚਾਰ ਦੇ ਦੋਸ਼ ਕਾਰਨ ਸਜ਼ਾ ਵੀ ਭੁਗਤਣੀ ਪਈ।[61] ਗੁਰੂ ਰਾਮਦਾਸ ਜੀ ਦੀ ਪੰਕਤੀ – 'ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ।' ਉਨ੍ਹਾਂ ਦੀ ਇਤਿਹਾਸਕ ਬਿਰਤੀ ਦੀ ਲਖਾਇਕ ਹੈ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਸਮੇਂ 'ਗੁਰਗੱਦੀ' ਬਾਰੇ ਜੋ ਵਿਰੋਧਤਾ ਫੈਲੀ ਹੋਈ ਸੀ, ਉਸਨੂੰ ਮਿਟਾਣ ਬਾਰੇ ਆਪਣੀ ਲਿਖਤ ਵਿਚ ਬਹੁਤ ਜ਼ੋਰ ਦਿਤਾ। ਉਨ੍ਹਾਂ ਨੇ ਅਜੇਹੇ ਨਿੰਦਕਾਂ ਦਾ ਜ਼ਿਕਰ

---

61. ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ
ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਦਯਿ ਮਾਰਿਆ।
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ
ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥
ਧਰਮ ਰਾਇ ਜਮ ਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ
ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥
ਸੋ ਬੂਝੈ ਸੁ ਦਯਿ ਸਵਾਰਿਆ॥੧॥

(ਗਉੜੀ ਕੀ ਵਾਰ, ਸ਼ਲੋਕ, ਆਦਿ ਗ੍ਰੰਥ, ਪੰਨੇ 315–16)

ਗਉੜੀ ਕੀ ਵਾਰ ਵਿਚ ਕੀਤਾ ਹੈ।[62]

ਗੁਰੂ ਅਮਰਦਾਸ ਜੀ ਦੀਆਂ ਯਾਤ੍ਰਾਵਾਂ ਦਾ ਹਾਲ ਗੁਰੂ ਰਾਮਦਾਸ ਜੀ ਨੇ ਰਾਗ-ਤੁਖਾਰੀ ਦੇ ਛੰਤਾਂ ਵਿਚ ਅੰਕਿਤ ਕੀਤਾ ਹੈ।[63] ਗੁਰੂ ਅਮਰਦਾਸ ਜੀ ਦੀ ਮਹਾਨਤਾ ਇਕ ਸਾਂਝੇ ਨੇਤਾ, ਰਾਜਸੀ ਇਨਕਲਾਬੀ ਤੇ ਬ੍ਰਿਧ-ਜਵਾਨ ਦੇ ਤੌਰ ਤੇ ਪ੍ਰਗਟ ਕੀਤੀ ਹੈ।[64] ਉਨ੍ਹਾਂ ਨੇ ਮਾਰੂ ਰਾਗ ਦੇ ਪਦਿਆਂ ਵਿਚ ਚੌਹਾਂ ਜੁਗਾਂ ਤੇ ਭਗਤਾਂ ਦਾ ਇਤਿਹਾਸ ਉਲੀਕਿਆ ਹੈ। ਡਾ. ਤਾਰਨ ਸਿੰਘ ਅਨੁਸਾਰ ਗੁਰੂ ਰਾਮਦਾਸ ਰਚਿਤ ਵਾਰਾਂ ਸੰਸਾਰ ਵਿਕਾਸ ਦਾ ਇਤਿਹਾਸ ਹਨ।[65]

**(ਗ) ਮਹਾਨ ਸੰਗੀਤਕਾਰ ਤੇ ਕਵੀ:**

ਗੁਰੂ ਰਾਮਦਾਸ ਜੀ ਦੀ ਪ੍ਰੇਮ ਭਾਵਾਂ ਦੇ ਨਾਲ ਪਰੁਚੀ ਹੋਈ ਰਹੱਸਵਾਦੀ ਕਵਿਤਾ ਆਪਣੇ ਸੰਗੀਤਕ ਗੁਣਾਂ ਕਰਕੇ ਪੰਜਾਬੀ ਸਾਹਿਤ ਵਿਚ ਮਹਾਨ ਸਥਾਨ ਰੱਖਦੀ ਹੈ।

ਗੁਰੂ ਗ੍ਰੰਥ ਵਿਚ ਸਭ ਤੋਂ ਵਧੇਰੇ ਰਾਗਾਂ ਵਿਚ ਰਚੀ ਆਪਦੀ ਬਾਣੀ ਮਿਲਦੀ ਹੈ। ਆਪਦੇ ਰਚੇ ਛਕੇ ਛੰਤਾਂ ਅਤੇ ਆਸਾ ਦੀ ਵਾਰ ਨਾਲ ਗਾਈਆਂ ਜਾਂਦੀਆਂ ਪਉੜੀਆਂ ਦੇ ਸੰਗੀਤਕ ਗੁਣਾਂ ਤੋਂ ਕਿਹੜਾ ਪੰਜਾਬੀ ਪਾਠਕ/ਸ੍ਰੋਤਾ ਵਾਕਫ਼ ਨਹੀਂ।

---

62. (ੳ) ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥
(ਗਉੜੀ ਕੀ ਵਾਰ, ਸਲੋਕ, ਆਦਿ ਗ੍ਰੰਥ,ਪੰ.307)

(ਅ) ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥
ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥
ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 317)

(ੲ) ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ॥
ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 312)

63. ਵੇਖੋ, ਆਦਿ ਗ੍ਰੰਥ, ਪੰਨੇ 1116-17.

64. ਤਾਰਨ ਸਿੰਘ (ਡਾ:) ਭਗਤੀ ਤੇ ਸ਼ਕਤੀ (ਅੰਮ੍ਰਿਤਸਰ, 1962), ਪੰ: 247.

65. ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, (ਅੰਮ੍ਰਿਤਸਰ, 1963), ਪੰ. 375.

## 2. ਰਚਨਾ ਬਿਉਰਾ

### ਗੁਰੂ ਰਾਮਦਾਸ ਜੀ ਅਤੇ ਗੁਰਬਾਣੀ ਪਰੰਪਰਾ:

ਗੁਰੂ ਰਾਮਦਾਸ ਜੀ ਮੱਧ-ਕਾਲ ਵਿਚ ਪੈਦਾ ਹੋਈ ਬਾਣੀ ਪਰੰਪਰਾ ਦੇ ਸ੍ਰੇਸ਼ਟ ਕਵੀ ਹਨ। ਗੁਰਬਾਣੀ ਪਰੰਪਰਾ ਤੋਂ ਪਹਿਲਾਂ ਨਾਥ-ਬਾਣੀ, ਸਿੱਧ-ਬਾਣੀ, ਸੰਤ-ਬਾਣੀ ਆਦਿ ਕਾਵਿ ਪਰੰਪਰਾਵਾਂ ਮੌਜੂਦ ਸਨ। ਗੁਰੂ ਰਾਮਦਾਸ ਜੀ ਦਾ ਕਾਵਿ ਬਾਣੀ ਪਰੰਪਰਾ ਦੇ ਅਮੋਲ ਖਜ਼ਾਨੇ 'ਆਦਿ ਗ੍ਰੰਥ' ਵਿਚ ਸੰਕਲਿਤ ਹੈ। ਭਾਵੇਂ ਆਪਦੀ ਰਚਨਾ ਬਾਰੇ ਕੋਈ ਵਿਵਾਦ-ਪਦ ਪ੍ਰਸ਼ਨ ਨਹੀਂ ਉਠਾਇਆ ਗਿਆ, ਪਰ ਗੁਰਬਾਣੀ ਪਰੰਪਰਾ ਦੀ ਸੰਭਾਲ ਵਿਚ ਆਪਦੇ ਬਾਰੇ ਕੁਝ ਅਜਿਹੀਆਂ ਗੱਲਾਂ ਵਰਣਿਤ ਹਨ, ਜਿਨ੍ਹਾਂ ਦੇ ਆਧਾਰ ਤੇ ਕੁਝ ਸਿਖ ਵਿਦਵਾਨਾਂ ਨੇ ਇਹ ਨਤੀਜਾ ਕਢਿਆ ਹੈ ਕਿ ਜਿਸ ਗੁਰਬਾਣੀ ਨੂੰ ਸੰਕਲਨ ਕਰਨ ਦਾ ਕਾਰਜ ਗੁਰੂ ਅਰਜਨ ਨੇ ਸੰਭਾਲਿਆ, ਉਹ ਰਚਨਾ ਆਪ ਤੋਂ ਪ੍ਰਾਪਤ ਨਹੀਂ ਹੋਈ। ਪਰ ਇਹ ਗੱਲ ਧਿਆਨ ਯੋਗ ਹੈ ਕਿ ਜਿਸ ਬਾਣੀ ਨੂੰ ਇਕ ਥਾਂ ਇਕੱਠਾ ਕਰਨ ਦਾ ਉਪਰਾਲਾ ਗੁਰੂ ਨਾਨਕ ਦੇਵ ਜੀ ਕਰ ਗਏ ਸਨ, ਗੁਰੂ ਰਾਮਦਾਸ ਜੀ ਉਸ ਪ੍ਰਤੀ ਬੇਖਬਰ ਰਹੇ ਹੋਣ। ਇਹ ਗੱਲ ਸਰਬ ਪ੍ਰਮਾਣਿਤ ਹੈ ਕਿ ਆਪ ਨੇ ਜੀਵਨ ਭਰ ਆਪਣਾ ਸਾਰਾ ਬਲ ਸਿਖਮਤ ਨੂੰ ਸੰਗਠਤ ਕਰਨ ਤੇ ਹੀ ਲਗਾਇਆ।

ਸਿਖ ਇਤਿਹਾਸ ਵਿਚ ਵਰਣਿਤ ਗੁਰੂ ਅਰਜਨ ਦੇਵ ਜੀ ਦੇ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈ ਜਾਣ ਦੇ ਪ੍ਰਸੰਗ ਨੂੰ ਕੁਝ ਵਿਦਵਾਨਾਂ ਨੇ ਇਸ ਪ੍ਰਮਾਣ ਵਜੋਂ ਮੰਨਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਿਤਾ ਕੋਲੋਂ ਗੁਰਬਾਣੀ ਦਾ ਕੋਈ ਸੰਗ੍ਰਹਿ ਨਹੀਂ ਮਿਲਿਆ ਸੀ।[1]

ਪਰ ਬਹੁਤ ਸਾਰੇ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਬਾਣੀ ਦੇ ਕਈ ਉਤਾਰੇ ਗੁਰੂ ਨਾਨਕ ਦੇਵ ਜੀ ਤੋਂ ਬਾਦ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਹੋ ਚੁਕੇ ਸਨ। ਸਿਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਕਲਨ ਵੇਲੇ ਦੂਰ - ਨੇੜੇ ਦੇ ਸਿਖਾਂ ਨੂੰ ਹੁਕਮਨਾਮੇ ਘਲੇ ਸਨ। ਹੋ ਸਕਦਾ ਹੈ ਇਸੇ ਪ੍ਰਸੰਗ ਵਿਚ ਉਹ ਮੋਹਨ ਜੀ ਨੂੰ ਮਿਲੇ ਹੋਣ। ਪ੍ਰੋ: ਸਾਹਿਬ ਸਿੰਘ ਦਾ ਮਤ ਹੈ ਕਿ ਗੁਰੂ ਅਮਰਦਾਸ ਜੀ ਨੇ ਬਾਣੀ ਦਾ ਖ਼ਜ਼ਾਨਾ ਗੁਰੂ ਰਮਦਾਸ ਜੀ ਨੂੰ ਸੌਂਪਿਆ ਅਤੇ ਗੁਰੂ ਰਾਮਦਾਸ ਜੀ ਨੇ ਸਵੈ-ਉਚਰਿਤ ਬਾਣੀ ਗੁਰੂ ਅਰਜਨ ਦੇਵ ਜੀ ਨੂੰ ਸੌਂਪੀ।[2]

ਗੁਰੂ ਰਾਮਦਾਸ ਜੀ ਦੀ ਬਾਣੀ ਦੇ ਅੰਦਰੂਨੀ ਹਵਾਲਿਆਂ ਤੋਂ ਵੀ ਇਹ ਪ੍ਰਗਟ ਹੁੰਦਾ ਹੈ ਕਿ ਬਾਣੀ ਦਾ ਸਾਰਾ ਅਣਮੋਲ ਖਜ਼ਾਨਾ ਉਨ੍ਹਾਂ ਦੇ ਪਾਸ ਸੀ। ਗੁਰੂ ਰਾਮਦਾਸ ਜੀ ਦੀ ਬਹੁਤ ਸਾਰੀ ਰਚਨਾ

---

1. ਮਹਿੰਦਰ ਕੌਰ ਗਿੱਲ (ਡਾ:), ਬਾਣੀ ਚਿੰਤਨ (ਦਿੱਲੀ, 1977), ਪੰ. 93.
2. ਸਾਹਿਬ ਸਿੰਘ, ਗੁਰਬਾਣੀ ਤੇ ਇਤਿਹਾਸ ਬਾਰੇ (ਅੰਮ੍ਰਿਤਸਰ, 1960), ਪੰ. 32.

ਗੁਰੂ ਨਾਨਕ ਦੇਵ ਜੀ ਦੀ ਕਠਿਨ ਬਾਣੀ ਦੀ ਸਰਲ ਵਿਆਖਿਆ ਹੈ। ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿਚ ਸਾਨੂੰ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ ਦੀ ਭਾਵਾਰਥ ਵਿਆਖਿਆ ਮਿਲ ਜਾਂਦੀ ਹੈ। ਸ਼ੇਖ ਫਰੀਦ ਦੇ ਸ਼ਲੋਕਾਂ ਉਤੇ ਗੁਰੂ ਰਾਮਦਾਸ ਜੀ ਦੀ ਟੀਕਾ-ਟਿਪਣੀ ਦਸਦੀ ਹੈ ਕਿ ਉਨ੍ਹਾਂ ਨੇ ਭਗਤ ਬਾਣੀ ਦਾ ਬੜਾ ਡੂੰਘਾ ਅਧਿਐਨ[3] ਕੀਤਾ। ਰਵਿਦਾਸ, ਸੈਣ ਅਤੇ ਧੰਨਾ ਦਾ ਉਚੇਚਾ ਜ਼ਿਕਰ ਆਪਦੀ ਰਚਨਾ ਵਿਚ ਆਉਂਦਾ ਹੈ।

<u>ਰਚਨਾ ਕਾਲ</u>:

ਗੁਰੂ ਰਾਮਦਾਸ ਜੀ ਦੀ ਕਾਵਿ-ਰਚਨਾ ਦਾ ਕਾਲ 1574 ਈ: ਤੋਂ 1581 ਈ: ਮੰਨਿਆ ਗਿਆ ਹੈ।[4] ਇਸ ਅਨੁਸਾਰ ਕੁਲ ਸਤ ਸਾਲ ਬਣਦੇ ਹਨ, ਜਿਸ ਦੌਰਾਨ ਉਨ੍ਹਾਂ ਨੇ ਕਾਵਿ ਰਚਨਾ ਕੀਤੀ।

<u>ਰਾਗਾਂ ਅਨੁਸਾਰ ਰਚਨਾ:-</u>

ਗੁਰਬਾਣੀ ਪਰੰਪਰਾ ਵਿਚ ਗੁਰੂ ਰਾਮਦਾਸ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਬਾਣੀ ਰਚੀ। ਇਹ ਰਾਗ ਸਨ : ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਰਾਗਾਂ ਦੀ ਇਸ ਵਿਵਿਧਤਾ ਦੇ ਦਰਸ਼ਨ ਨਹੀਂ ਹੁੰਦੇ। ਉਹਨਾਂ ਨੇ ਕੇਵਲ 63 ਸ਼ਲੋਕ ਹੀ ਰਚੇ ਹਨ। ਉਸ ਤੋਂ ਬਾਦ ਗੁਰੂ ਅਮਰ ਦਾਸ ਜੀ ਨੇ ਸਿਰਫ 17 ਰਾਗਾਂ ਵਿਚ ਬਾਣੀ ਰਚੀ। ਰਾਗ ਤਿਲੰਗ ਤੇ ਰਾਗ ਤੁਖਾਰੀ ਨੂੰ ਛੱਡ ਕੇ ਉਹਨਾਂ ਨੇ ਉਹੀ ਰਾਗ ਵਰਤੇ ਜੋ ਗੁਰੂ ਨਾਨਕ ਨੇ ਪਹਿਲਾਂ ਵਰਤੇ ਸਨ।

ਗੁਰੂ ਰਾਮਦਾਸ ਜੀ ਨੇ ਕੁਲ 30 ਰਾਗਾਂ ਵਿਚ ਕਾਵਿ ਦੀ ਰਚਨਾ ਕੀਤੀ ਹੈ। ਆਪ ਤੋਂ ਪਹਿਲਾਂ ਸ਼ਾਇਦ ਹੀ ਭਾਰਤ ਦੇ ਕਿਸੇ ਹੋਰ ਕਵੀ ਨੇ ਇਨੇ ਰਾਗਾਂ ਵਿਚ ਬਾਣੀ ਰਚੀ ਹੋਵੇ।[5] ਆਦਿ ਗ੍ਰੰਥ ਵਿਚ ਕੁਲ 31 ਰਾਗਾਂ ਵਿਚ ਬਾਣੀ ਦਰਜ ਹੈ। ਇਕੱਤੀਵਾਂ ਰਾਗ ਜੈਜਾਵੰਤੀ ਹੈ ਜੋ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਵਰਤਿਆ।

---

3. ਤ੍ਰਿਲੋਚਨ ਸਿੰਘ (ਡਾ:) "ਗੁਰੂ ਰਾਮਦਾਸ ਜੀ ਦਾ ਸਾਹਿਤਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ", <u>ਪੰਜਾਬੀ ਦੁਨੀਆਂ</u> (ਅਕਤੂਬਰ-ਨਵੰਬਰ, 1962), ਪੰਨੇ 44-45.
4. ਤਾਰਨ ਸਿੰਘ (ਡਾ:), <u>ਗੁਰੂ ਗ੍ਰੰਥ ਦਾ ਸਾਹਿਤਕ ਇਤਿਹਾਸ</u> (ਅੰਮ੍ਰਿਤਸਰ, 1963), ਪੰ. 363.
5. ਤ੍ਰਿਲੋਚਨ ਸਿੰਘ (ਡਾ:) "ਗੁਰੂ ਰਾਮਦਾਸ ਦਾ ਸਾਹਿਤਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ", <u>ਪੰਜਾਬੀ ਦੁਨੀਆਂ</u>, (ਅਕਤੂਬਰ-ਨਵੰਬਰ, 1962), ਪੰ. 46.

<u>ਰਾਗ ਪ੍ਰਣਾਲੀ ਵਿਚ ਵਾਧਾ:</u>

ਗੁਰਬਾਣੀ ਪਰੰਪਰਾ ਵਿਚ ਗੁਰੂ ਰਾਮਦਾਸ ਜੀ ਨੇ ਹੇਠ ਲਿਖੇ ਨਵੇਂ ਰਾਗਾਂ ਵਿਚ ਵਾਧਾ ਕੀਤਾ:- 1. ਦੇਵ ਗੰਧਾਰੀ, 2. ਬਿਹਾਗੜਾ, 3. ਜੈਤਸਰੀ, 4. ਟੋਡੀ, 5. ਬੈਰਾੜੀ, 6. ਗੋਂਡ, 7. ਨਟ ਨਰਾਇਨ, 8. ਮਾਲੀ ਗਉੜਾ, 9. ਕੇਦਾਰਾ, 10. ਕਾਨੜਾ, 11. ਕਲਿਆਨ।

ਇਨ੍ਹਾਂ ਰਾਗਾਂ ਦੀ ਪ੍ਰਵਿਧੀ ਕਰਕੇ ਉਨ੍ਹਾਂ ਨੇ ਗੁਰੂ ਗ੍ਰੰਥ ਦੀ ਯੋਜਨਾ ਵਿਚ ਵਿਸ਼ਾਲਤਾ ਲਿਆਂਦੀ ਅਤੇ ਇਸ ਦੀ ਰਾਗ ਨੀਂਹ ਦਾ ਵਿਸਤੀਰਣ ਕੀਤਾ। ਇਹ ਇਕ ਮਹਾਨ ਸਾਹਿਤਕ ਅਤੇ ਇਤਿਹਾਸਕ ਦੇਣ ਸੀ।[6]

<u>ਭਿੰਨ ਕਾਵਿ-ਰੂਪਾਂ ਵਿਚ ਰਚਨਾ।</u>

ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਵਿਚ ਸ਼ਾਮਲ ਲਗਭਗ ਹਰ ਰਾਗ ਅਤੇ ਕਾਵਿ-ਰੂਪ ਵਿਚ ਰਚਨਾ ਕੀਤੀ ਹੈ।

<u>ਪ੍ਰਮੁੱਖ ਵਾਰਕਾਰ :</u>

ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਕਵੀਆਂ ਵਾਂਗ ਹੀ ਕਾਵਿ-ਰੂਪਾਂ ਅਤੇ ਕਾਵਿ-ਭੇਦਾਂ ਨੂੰ ਅਪਣਾਇਆ। ਪ੍ਰਮੁਖ ਤੌਰ ਤੇ ਉਹ ਇਕ ਵਾਰਕਾਰ ਹਨ। ਗੁਰੂ ਗ੍ਰੰਥ ਵਿਚ ਹੋਰ ਸਾਰੇ ਕਵੀਆਂ ਨੇ ਮਿਲਕੇ 14 ਵਾਰਾਂ ਲਿਖੀਆਂ ਅਤੇ ਇਨ੍ਹਾਂ ਵਿਚ ਸਤੇ ਬਲਵੰਡ ਦੀ ਵਾਰ ਵੀ ਸ਼ਾਮਿਲ ਹੈ। ਗੁਰੂ ਰਾਮਦਾਸ ਜੀ ਨੇ ਇਕੱਲਿਆਂ ਅਠ ਵਾਰਾਂ ਲਿਖੀਆਂ ਹਨ ਜੋ ਨਿਮਨਲਿਖਤ ਹਨ:—

ਸਿਰੀ ਰਾਗ ਕੀ ਵਾਰ, ਗਉੜੀ ਕੀ ਵਾਰ, ਬਿਹਾਗੜੇ ਕੀ ਵਾਰ, ਵਡਹੰਸ ਕੀ ਵਾਰ, ਸਾਰੰਗ ਕੀ ਵਾਰ ਅਤੇ ਕਾਨੜੇ ਕੀ ਵਾਰ। ਇਨ੍ਹਾਂ ਅੱਠ ਵਾਰਾਂ ਵਿਚ ਕੁਲ 183 ਪਉੜੀਆਂ ਹਨ। ਪਹਿਲੇ ਪਹਿਲ ਇਹ ਵਾਰਾਂ ਦੇਸ਼ ਦੀ ਪ੍ਰਚਲਤ ਰਚਨਾ ਸ਼ੈਲੀ ਅਨੁਸਾਰ ਕੇਵਲ ਪਉੜੀ ਰੂਪ ਵਿਚ ਹੀ ਸਨ। ਬਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਲੋੜ ਅਨੁਸਾਰ ਹਰ ਪਉੜੀ ਨਾਲ ਸ਼ਲੋਕ ਵੀ ਦਰਜ ਕੀਤੇ।[7]

ਗੁਰੂ ਨਾਨਕ ਤੇ ਗੁਰੂ ਅਮਰਦਾਸ ਦੀਆਂ ਵਾਰਾਂ ਵਾਂਗ ਗੁਰੂ ਰਾਮਦਾਸ ਦੀਆਂ ਵਾਰਾਂ ਦਾ ਵਿਸ਼ਾ ਵੀ ਜੰਗੀ ਕਥਾ ਨਾ ਹੋ ਕੇ ਅਧਿਆਤਮਕ ਹੈ। ਗੁਰੂ ਰਾਮਦਾਸ ਜੀ ਨੇ ਕਾਵਿ ਦੀ ਇਸ ਪ੍ਰਚਲਤ ਰਚਨਾ ਨੂੰ ਲੈ ਕੇ ਪਰਮਾਤਮਾ ਦੀ ਉਸਤਤੀ ਲਈ ਵਰਤਿਆ ਹੈ। ਸਿਰੀ ਰਾਗ ਕੀ ਵਾਰ ਦਾ 'ਗੁਰਿ ਪੂਰੈ ਹਰਿਨਾਮੁ ਦ੍ਰਿੜਾਇਆ' ਦੀ ਤੁਕ ਵਾਲਾ ਸ਼ਲੋਕ ਗੁਰੂ ਅਮਰਦਾਸ ਜੀ (ਮਹੱਲਾ 3) ਦਾ ਹੈ ਪਰ

---

6. ਜੀਤ ਸਿੰਘ ਸ਼ੀਤਲ (ਡਾ:), ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,(ਪਟਿਆਲਾ,ਮਿਤੀਹੀਨ), ਪੰ: 151.

7. ਪਿਆਰਾ ਸਿੰਘ ਪਦਮ, <u>ਸੋਲਾਂ ਕਲਾਂ</u>, (ਲੁਧਿਆਣਾ, 1951), ਪੰ. 123.

ਆਦਿ ਗ੍ਰੰਥ ਦੇ ਪੰਨਾ ਇਕ ਹਜ਼ਾਰ ਚਾਰ ਸੌ ਚੌਵੀ ਉਤੇ ਇਹ ਗੁਰੂ ਰਾਮਦਾਸ ਜੀ (ਮਹਲਾ 4) ਦੇ ਅਠਾਈਵੇਂ ਸ਼ਲੋਕ ਕਰਕੇ ਸਮਿਲਤ ਹੈ। ਇਸ ਵਾਰ ਦੀ ਖੂਬੀ ਇਹ ਹੈ ਕਿ ਇਸ ਵਿਚ ਗੁਰੂ ਰਾਮਦਾਸ ਜੀ ਦਾ ਇਕ ਵੀ ਸ਼ਲੋਕ ਨਹੀਂ। ਇਸ ਤੋਂ ਸਪਸ਼ਟ ਹੈ ਕਿ ਆਦਿ ਗ੍ਰੰਥ ਵਿਚ ਦਰਜ ਹੋਣ ਤੋਂ ਪਹਿਲਾਂ ਇਹ ਵਾਰ ਸਿਰਫ਼ ਪਉੜੀਆਂ ਵਿਚ ਹੀ ਸੀ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਕਲਨ ਵੇਲੇ, ਨਾਲ ਸ਼ਲੋਕ ਸ਼ਾਮਲ ਕੀਤੇ। ਗਉੜੀ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਨੇ ਸਿਖ-ਮਤ ਦਾ ਇਤਿਹਾਸ ਉਲੀਕਿਆ ਹੈ। ਗੁਣ ਅਤੇ ਔਗੁਣ, ਚੰਗਿਆਈ ਅਤੇ ਬੁਰਿਆਈ ਦੀ ਟੱਕਰ ਨੂੰ ਉਨ੍ਹਾਂ ਨੇ ਇਸ ਵਾਰ ਵਿਚ ਉਭਾਰਿਆ ਹੈ। ਇਸ ਵਾਰ ਵਿਚ ਆਦਿ ਗ੍ਰੰਥ ਪੰਨਾ ਤਿੰਨ ਸੌ ਇਕ ਉਤੇ ਆਇਆ ਸ਼ਲੋਕ 'ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ' ਕਾਨੜੇ ਕੀ ਵਾਰ ਵਿਚ ਪੰਨਾ ਇਕ ਹਜ਼ਾਰ ਤਿੰਨ ਸੌ ਸਤਾਰਾਂ ਪੰਨੇ ਤੇ ਵੀ ਆਉਂਦਾ ਹੈ ਅਤੇ ਫਿਰ ਇਹੀ ਸ਼ਲੋਕ ਆਦਿ ਗ੍ਰੰਥ ਵਿਚ ਪੰਨਾ ਇਕ ਹਜ਼ਾਰ ਚਾਰ ਸੌ ਇਕੀ ਉਤੇ ਸ਼ਲੋਕ ਵਾਰਾਂ ਤੇ ਵਧੀਕ ਵਿਚ ਵੀ ਸਮਿਲਿਤ ਹੈ।

ਗਉੜੀ ਕੀ ਵਾਰ ਵਿਚ ਆਈ ਆਦਿ ਗ੍ਰੰਥ ਦੇ ਪੰਨਾ ਤਿੰਨ ਸੌ ਛੇ ਉਤੇ ਪਉੜੀ 'ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ', ਬਹੁਤ ਮਾਮੂਲੀ ਭੇਦ ਨਾਲ ਇਸੇ ਹੀ ਵਾਰ ਵਿਚ ਅਤੇ ਪੰਨਾ ਤਿੰਨ ਸੌ ਸੋਲਾਂ ਉਤੇ ਗੁਰੂ ਅਰਜਨ ਦੇਵ ਜੀ ਦੇ ਨਾਮ ਤੇ ਅੰਕਿਤ ਹੈ। ਸੋਰਠਿ ਕੀ ਵਾਰ ਦਾ ਨਿਮਨਲਿਖਤ ਸ਼ਲੋਕ ਦਿੱਤੀ ਗਈ ਨਿਸ਼ਾਨੀ ਤੋਂ ਅਤੇ ਗੁਰੂ ਗ੍ਰੰਥ ਵਿਚ ਵਾਰਾਂ ਤੇ ਵਧੀਕ ਸ਼ਲੋਕ ਵਿਚ ਪੰਨਾ ਇਕ ਹਜ਼ਾਰ ਚਾਰ ਸੌ ਚੌਵੀ ਉਤੇ ਤੀਹਵੇਂ ਸ਼ਲੋਕ ਕਰਕੇ ਦਿੱਤਾ ਗਿਆ ਹੈ।

ਗੁਰ ਪੁਰਖੁ ਮਨਾਵੰ ਆਪਣਾ ਗੁਰਮਤੀ ਹਰਿ ਹਰਿ ਬੋਲੇ॥
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੈ॥

(ਆਦਿ ਗ੍ਰੰਥ, ਪੰ. 642)

ਗੁਰੂ ਰਾਮਦਾਸ ਜੀ ਨੇ ਕਾਨੜੇ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਦੀਆਂ 'ਸੁਣਿਐ' ਦੀਆਂ ਪਉੜੀਆਂ ਦਾ ਆਤਮਕ ਟੀਕਾ ਪਉੜੀ ਛੇ, ਸੱਤ ਅਤੇ ਅੱਠ ਵਿਚ ਕੀਤਾ ਹੈ। ਇਸ ਤਰ੍ਹਾਂ ਪਉੜੀਆਂ ਨੌ, ਦਸ, ਗਿਆਰਾਂ, ਬਾਰਾਂ 'ਮੰਨੈ' ਦੀਆਂ ਪਉੜੀਆਂ ਦੀ ਸਰਲ ਵਿਆਖਿਆ ਹੈ।

ਕੁਲ ਰਚਨਾ ਦਾ ਵੇਰਵਾ :

ਆਪ ਦੀ ਕੁਲ ਰਚਨਾ 641 ਸ਼ਬਦਾਂ ਦੀ ਹੈ। ਜਿਸ ਵਿਚ ਦੁਪਦੇ, ਪੜਤਾਲ ਦੁਪਦੇ, ਤਿਪਦੇ, ਚਉਪਦੇ, ਪੜਤਾਲ ਚਉਪਦੇ, ਨਾੜੀਆਂ ਚਉਪਦੇ, ਪੰਚਪਦੇ, ਛਿਪਦੇ, ਅਸ਼ਟਪਦੀਆਂ, ਪਹਰੇ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ, ਸ਼ਲੋਕ ਅਤੇ ਪਉੜੀਆਂ ਸ਼ਾਮਲ ਹਨ।

ਆਪ ਨੇ ਕੁਲ 223 ਪਦ ਰਚੇ ਜਿਨ੍ਹਾਂ ਵਿਚ ਚੌਪਦੇ, ਦੁਪਦੇ ਅਤੇ ਪੰਚਪਦੇ ਵਿਸ਼ੇਸ਼ ਹਨ ਆਮ ਤੌਰ ਤੇ ਬਾਣੀ ਸਾਹਿਤ ਵਿਚ ਸ਼ਬਦ/ ਪਦੇ ਨੂੰ ਇਕਾਈ ਮੰਨ ਲਿਆ ਜਾਂਦਾ ਹੈ। ਗੁਰੂ ਰਾਮਦਾਸ

ਜੀ ਨੇ ਸ਼ਬਦ ਦੀ ਇਸ ਇਕਾਈ ਨੂੰ ਕਈ ਰੂਪਾਂ ਵਿਚ ਵਰਤਿਆ ਹੈ। ਜਿਸ ਤਰ੍ਹਾਂ ਕਿ ਅਸੀਂ ਜ਼ਿਕਰ ਕਰ ਆਏ ਹਾਂ ਕਿ ਉਨ੍ਹਾਂ ਨੇ ਵਧੇਰੇ ਚਉਪਦਿਆਂ ਦੀ ਵਰਤੋਂ ਕੀਤੀ ਹੈ ਆਮ ਤੌਰ ਤੇ ਚਾਰ ਬੰਦਾਂ ਦੇ ਪਦ ਨੂੰ (ਆਦਿ ਗ੍ਰੰਥ 94–96) ਚਉਪਦਾ ਜਾਂ ਸ਼ਬਦ ਦੀ ਇਕ ਇਕਾਈ ਮੰਨਿਆ ਹੈ।(ਵੇਖੋ: ਆਦਿ ਗ੍ਰੰਥ, ਪੰਨੇ 59–41) ਚਾਰ ਬੰਦਾਂ ਦੇ ਪਦ ਨੂੰ ਦੁਤੁਕੇ ਵੀ ਲਿਖਿਆ ਮਿਲਦਾ ਹੈ। (ਵੇਖੋ ਆਦਿ ਗ੍ਰੰਥ, ਪੰ. 607) ਪੰਜ ਅਤੇ ਛੇ ਬੰਦਾਂ ਵਾਲੇ ਪਦ ਨੂੰ ਸ਼ਬਦ ਦੀ ਇਕ ਇਕਾਈ ਦੇ ਤੌਰ ਤੇ ਲਿਆ ਹੈ (ਵੇਖੋ: ਆਦਿ ਗ੍ਰੰਥ ਪੰ. 348 ਅਤੇ ਪੰਨੇ 719-20)।

ਪੰਜਾਬੀ ਸਾਹਿਤ ਵਿਚ ਛੰਤ ਆਪ ਦੀ ਇਕ ਵਿਸ਼ੇਸ਼ ਰਚਨਾ ਹੈ। ਆਪ ਨੇ ਕੁਲ 38 ਛੰਤ ਲਿਖੇ। ਇਸ ਕਾਵਿ-ਰੂਪ ਵਿਚ ਵੀ ਗੁਰੂ ਰਾਮਦਾਸ ਜੀ ਨੇ ਚਾਰ, ਪੰਜ ਅਤੇ ਛੇ ਬੰਦ ਦੇ ਪਦਾਂ ਨਾਲ ਛੰਤ ਦੀ ਰਚਨਾ ਕੀਤੀ ਹੈ।[8]

ਪੰਜਾਬੀ ਕਵਿਤਾ ਵਿਚ ਆਪਨੇ ਇਕ ਨਵੇਂ ਕਾਵਿ-ਰੂਪ ਛੱਕੇ ਦੀ ਸਿਰਜਨਾ ਕੀਤੀ। ਦੋ ਬੰਦਾਂ ਦੇ ਪਦਿਆਂ[9] ਚਾਰ ਬੰਦਾਂ ਦੇ ਪਦਿਆਂ ਅਤੇ ਛੰਤਾਂ ਦੇ ਛੇ ਛੇ ਦੇ ਜੁਟਾਂ ਨੂੰ ਛੱਕੇ ਦਾ ਨਾਮ ਦਿਤਾ ਗਿਆ।[10] ਇਸ ਤਰ੍ਹਾਂ ਹੀ ਅਠ ਬੰਦਾਂ ਦੀ ਅਸ਼ਟਪਦੀਆਂ ਦੇ ਛੇ ਛੇ ਦੇ ਜੁਟਾਂ ਨੂੰ ਛੱਕੇ ਦਾ ਨਾਮ ਦਿੱਤਾ ਹੈ।

ਆਪ ਨੇ ਕੁਲ 29 ਅਸ਼ਟਪਦੀਆਂ ਲਿਖੀਆਂ ਹਨ। ਇਸ ਵਿਚ ਵੀ ਪਹਿਲੇ ਕਾਵਿ-ਰੂਪਾਂ ਵਾਂਗ ਭਿੰਨਤਾ ਹੈ। ਅਠ ਪਦਿਆਂ ਤੋਂ ਇਲਾਵਾ ਅਸ਼ਟਪਦੀ ਚੌਦਾਂ ਅਤੇ ਬੱਤੀ ਪਦਿਆਂ ਦੀ ਵੀ ਹੈ।[11]

ਆਪਨੇ ਹੇਠ ਲਿਖੇ ਲੋਕ-ਕਾਵਿ-ਰੂਪਾਂ ਵਿਚ ਵੀ ਰਚਨਾ ਕੀਤੀ ਹੈ : ਸਲੋਕ, ਛੰਤ, ਪਹਰੇ, ਵਣਜਾਰਾ, ਕਰਹਲੇ ਅਤੇ ਘੋੜੀਆਂ।

ਆਪਨੇ ਕੁਲ 136 ਸ਼ਲੋਕ ਰਚੇ ਹਨ। ਇਕ 'ਪਹਿਰੇ', ਇਕ 'ਵਣਜਾਰਾ', ਦੋ 'ਕਰਹਲੇ' ਅਤੇ ਦੋ 'ਘੋੜੀਆਂ'।

ਰਾਗਾਂ ਦੇ ਆਧਾਰ ਤੇ ਅਤੇ ਵੱਖ ਵਖ ਕਾਵਿ-ਰੂਪਾਂ ਵਿਚ ਹੋਈ ਗੁਰੂ ਰਾਮਦਾਸ ਜੀ ਦੀਆਂ ਰਚਨਾਵਾਂ ਦੀ ਤਾਲਿਕਾ ਉਕਤ ਸਰਵੇਖਣ ਨੂੰ ਸੰਖੇਪ ਰੂਪ ਵਿਚ ਪੇਸ਼ ਕਰਦੀ ਹੈ।

---

8. ਵੇਖੋ: ਆਦਿ ਗ੍ਰੰਥ, ਪੰਨੇ 537-41, ਪੰ:690 ਅਤੇ ਪੰਨੇ 113-17.
9. ਆਦਿ ਗ੍ਰੰਥ, ਪੰਨੇ 527-28.
10. ਆਦਿ ਗ੍ਰੰਥ, ਪੰਨੇ 859–861 ਅਤੇ ਪੰਨੇ 537–541.
11. ਵੇਖੋ: ਆਦਿ ਗ੍ਰੰਥ ਪੰਨੇ (') 129-30, 506–507, 833-37.
(") 758-59
(''') 757-58.

| + ਰਾਗ | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸਿਰੀ ਰਾਗ | | | | 6 | | | | 1 | 1 | 1 | | | | 1 | 21 | |
| ਮਾਝ | | | | [illegible] | | | | | | | | | 2 | | | |
| ਗਉੜੀ | | | | | 2 | | | | | | | | | 1 | 28 | 53 |
| ਆਸਾ | 2 | | | 1 | 1 | | | | 1 | | | | | | | |
| ਗੂਜਰੀ | | | | | 1 | | 1 | | | | | | | | | |
| ਦੇਵਗੰਧਾਰੀ | 6 | | | | | | | | | | | | | | | |
| ਬਿਹਾਗੜਾ | | | | | | | | | 6 | | | | | 1 | 21 | 2 |
| ਵਡ | | | | 1 | 1 | 1 | | | | | 2 | | | 1 | 21 | |
| ਸੋਰਠਿ | | | | 8 | 1 | | | | | | | | | 1 | 29 | 7 |
| ਧਨਾਸਰੀ | 6 | | | 7 | | | | | 1 | | | | | | | |
| ਟੋਡੀ | | | | 1 | | | | | | | | | | | | |
| | 6 | | | | | | | | | | | | | | | |
| ਤਿਲੰਗ | 2 | | | | | | | | | | | | | | | |
| ਸੂਹੀ | | | | 1 | | 1 | 2 | | 6 | | | | | | | |
| | 1 | | | 6 | | | 6 | | | | | | 1 | 1 | 13 | 1 |
| ਗੋਂਡ | | | | | | | | | | | | | | | | |
| | | | | 5 | 1 | | | | | | | | | | | |
| | 3 | | | 6 | | | 6 | | | | | | | | | |
| ਮਾਲੀ ਗਉੜਾ | | | | 6 | | | | | | | | | | | | |
| ਮਾਰੂ | | | | 6 | 2 | | | | | | | 2 | 4 | | | |
| ਤੁਖਾਰੀ | | | | | | | | | 4 | | | | | | | |
| ਕੇਦਾਰਾ | | | | | | | | | | | | | | | | |
| ਭੈਰਉ | | | | 7 | | | | | | | | | | | | |
| ਬਸੰਤ | | | | 7 | | | 1 | | | | | | | | | |
| ਸਾਰੰਗ | 1 | 6 | | | | | | | | | | | | 1 | 35 | 6 |
| ਮਲਾਰ | | | | | 1 | | | | | | | | | | | |
| ਕਾਨੜਾ | | | | | | | | | | | | | | 1 | 15 | 30 |
| | | 1 | 6 | | | | | | | | | | | | | |
| ਪ੍ਰਭਾਤੀ | | 1 | | 6 | | | | | | | | | | | | |

28. 15, 6, 174, 1 2, 12 9. 39 1. 38 1. 2 2. 2. 7 8. 183. 99. 30.

## 3. ਇਤਿਹਾਸਕ, ਰਾਜਨੀਤਕ ਅਤੇ ਸਮਾਜਕ ਪ੍ਰਸਥਿਤੀਆਂ

ਗੁਰੂ ਰਾਮਦਾਸ ਜੀ ਦੇ ਸਮੇਂ ਦੀਆਂ ਇਤਿਹਾਸਕ, ਰਾਜਨੀਤਕ, ਆਰਥਕ, ਸਮਾਜਕ ਅਤੇ ਧਾਰਮਕ ਸਥਿਤੀਆਂ ਦਾ ਸਰਵੇਖਣ ਕਰਨ ਤੋਂ ਪਹਿਲਾਂ ਉਸ ਇਤਿਹਾਸਕ ਪਿਠ-ਭੂਮੀ ਦਾ ਜਾਨਣਾ ਆਵੱਸ਼ਕ ਹੈ, ਜਿਸ ਦੀਆਂ ਪ੍ਰਸਥਿਤੀਆਂ ਵਿਚ ਰਹਿ ਕੇ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਗਿਆਨ-ਨੇਤਰ ਪ੍ਰਦਾਨ ਕਰਕੇ ਸੱਚ ਦੀ ਪਹਿਚਾਨ ਵਲ ਤੋਰਿਆ ਸੀ। ਅਸਲ ਵਿਚ ਸਲਤਨਤਾਂ ਦੇ ਰਦੋ-ਬਦਲ ਵਿਚ ਕਈ ਅਜੇਹੇ ਇਤਿਹਾਸਕ ਉਤਰਾਅ-ਚੜ੍ਹਾਵਾਂ ਦੀਆਂ ਘਟਨਾਵਾਂ ਹਨ, ਜਿਹੜੀਆਂ ਪੰਜਾਬ ਦੇ ਸਮੁੱਚੇ ਵਾਤਾਵਰਣ ਤੇ ਅਸਰ ਕਰ ਰਹੀਆਂ ਸਨ। ਪਰ ਵਿਸ਼ੇ ਦੀ ਸੀਮਾ ਕਰਕੇ ਅਸੀਂ ਇਨ੍ਹਾਂ ਦੇ ਵਿਸਤਾਰ ਵਿਚ ਨਾ ਜਾਂਦੇ ਹੋਏ, ਇਤਿਹਾਸਕ, ਰਾਜਨੀਤਕ, ਆਰਥਕ ਅਤੇ ਧਾਰਮਕ ਹਾਲਾਤ ਦੇ ਸੰਖੇਪ ਵਿਵਰਣ ਦੇ ਨਾਲ ਸਮੁੱਚੇ ਸਮਾਜ ਅਤੇ ਵਿਸ਼ੇਸ਼ ਰੂਪ ਵਿਚ ਪੰਜਾਬ ਦੇ ਸਮਾਜ ਉਤੇ ਕੁਝ ਮੋਟੇ ਪ੍ਰਭਾਵ ਹੀ ਉਲੀਕ ਸਕਾਂਗੇ।

### ਇਤਿਹਾਸਕ ਪਿਠ-ਭੂਮੀ:-

ਇਕ ਹਜ਼ਾਰ ਈਸਵੀ ਤੋਂ ਲੈ ਕੇ ਪੰਜਾਬ ਵਿਚ ਬਦੇਸ਼ੀ ਰਾਜ ਸਥਾਪਤ ਹੋ ਚੁਕਿਆ ਸੀ।[1] ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਉਤੇ ਸਤਾਰਾਂ ਹਮਲੇ ਕਰਕੇ ਤੁਰਕਾਂ ਦੇ ਰਾਜ ਨੂੰ ਸਥਾਪਤ ਕੀਤਾ। ਉਸ ਤੋਂ ਬਾਦ ਅਗਲੀ ਸ਼ਤਾਬਦੀ ਦੇ ਉਤਰਾਰਧ (1183 ਈ:) ਤਕ ਗੌਰੀ ਤੁਰਕਾਂ ਦੇ ਖ਼ਾਨਦਾਨ ਦਾ ਰਾਜ (1206 ਈ: ਤਕ) ਰਿਹਾ। ਗੌਰੀਆਂ ਦੇ ਆਗੂ ਸ਼ੁਹਾਬ-ਉਦ-ਦੀਨ ਦੀ ਮੌਤ (1206 ਈ:) ਤੋਂ ਬਾਦ ਉਸ ਦਾ ਗੁਲਾਮ ਕੁਤਬ-ਦੀਨ ਐਬਕ ਉਤਰੀ ਭਾਰਤ ਦਾ ਹਾਕਮ ਬਣਿਆ। ਉਸ ਤੋਂ ਬਾਦ ਦਿੱਲੀ ਦੇ ਬਾਦਸ਼ਾਹਾਂ ਦੀ ਸਲਤਨਤ (ਗੁਲਾਮ ਖਾਨਦਾਨ) ਦਾ ਆਰੰਭ ਹੋਇਆ ਜੋ 1288 ਈਸਵੀ ਤਕ ਰਾਜ ਕਰਦੇ ਰਹੇ। 1288 ਈ: ਤੋਂ ਬਾਦ ਦਾਸ ਵੰਸ਼ ਦੀ ਥਾਂ ਖ਼ਲਜੀ ਵੰਸ਼ ਨੇ ਲੈ ਲਈ। ਖ਼ਲਜੀਆਂ ਤੋਂ ਬਾਦ ਤੁਗ਼ਲਕਾਂ ਨੇ ਆਪਣੀ ਸੱਤਾ ਦੀ ਸਥਾਪਨਾ ਕੀਤੀ।

ਤੁਗ਼ਲਕ ਵੰਸ਼ ਤੈਮੂਰ ਦੇ ਤੂਫ਼ਾਨੀ ਧਾਵੇ ਹੇਠ 1398 ਈ: ਵਿਚ ਖ਼ਤਮ ਹੋਇਆ, ਜਿਸ ਨਾਲ ਤੈਮੂਰ ਦੇ ਨਾਇਬ ਖ਼ਿਜ਼ਰ ਖਾਂ ਨੇ ਸੱਯਦ ਘਰਾਣੇ ਦੇ ਰਾਜ ਦੀ ਨੀਂਹ ਰੱਖੀ।[2] ਪਰ ਸੱਯਦ ਰਾਜ ਉਤੇ ਪਕੜ ਮਜ਼ਬੂਤ ਨਾ ਰੱਖ ਸਕੇ ਅਤੇ ਇਸ ਕਮਜ਼ੋਰ ਪੈਂਦੀ ਤਾਕਤ ਦਾ ਲਾਭ ਉਠਾਕੇ ਲੋਧੀ ਸੁਲਤਾਨਾਂ ਨੇ ਫਿਰ 1450 ਈ: ਵਿਚ ਦਿੱਲੀ ਤੇ ਕਬਜ਼ਾ ਕਰ ਲਿਆ।

---

1. ਤੇਜਾ ਸਿੰਘ (ਡਾ:), ਭੂਮਿਕਾ, ਪੰਜਾਬ ਦਾ ਇਤਿਹਾਸ, (ਪਟਿਆਲਾ, 1968), ਜਿਲਦ ਤੀਜੀ, ਪੰ: XX
2. ਉਹੀ, ਪੰ: XXIII

ਬਾਬਰ ਨੇ ਭਾਰਤ ਵਿਚ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ। ਪਰ ਦਿੱਲੀ ਦਾ ਤਖ਼ਤ ਸੰਭਾਲਣ ਤੋਂ ਪਹਿਲਾਂ ਉਸਨੇ ਪੰਜਾਬ ਉਤੇ ਕਈ ਹਮਲੇ ਕੀਤੇ। 1526 ਈ: ਵਿਚ ਮੁਗ਼ਲ ਰਾਜ ਸਥਾਪਤ ਹੋਇਆ ਪਰ 1540 ਈ: ਵਿਚ ਸੂਰ ਖ਼ਾਨਦਾਨ ਨੇ ਦਿੱਲੀ ਦੀ ਵਾਗ ਡੋਰ ਫਿਰ ਸੰਭਾਲ ਲਈ।

ਅਕਬਰ ਦੇ ਦਿੱਲੀ ਦੇ ਤਖ਼ਤ ਤੇ ਬੈਠਣ ਸਮੇਂ (1556 ਈ.) ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਕ ਹਿੱਸਾ ਸੁਤੰਤਰ ਅਤੇ ਦੂਜਾ ਮੁਗ਼ਲਾਂ ਦੇ ਅਧੀਨ ਸੀ। ਦਿੱਲੀ ਦੇ ਤਖ਼ਤ ਤੇ ਬੈਠਣ ਤੋਂ ਇਕ ਦਿਨ ਪਹਿਲਾਂ ਉਸਨੇ ਹੇਮੂੰ ਨੂੰ ਪਾਣੀਪਤ ਦੇ ਇਤਿਹਾਸਕ ਸਥਾਨ ਤੇ ਹਰਾਇਆ ਸੀ ਅਤੇ ਇਸਦੇ ਅਸਰ ਥੱਲੇ ਹੀ ਨਗਰ ਕੋਟ ਦੇ ਰਾਜਿਆਂ ਨੇ ਅਧੀਨਗੀ ਸਵੀਕਾਰ ਕਰ ਲਈ ਸੀ। ਬਾਅਦ ਵਿਚ ਸਿਕੰਦਰ ਸੂਰ ਨੇ ਵੀ ਹਾਰ ਮੰਨ ਲਈ। ਇਸ ਨਾਲ ਅਕਬਰ ਦੀ ਪੰਜਾਬ ਉਤੇ ਪਕੜ ਮਜ਼ਬੂਤ ਹੋਈ।

ਇਕ ਮਹੱਤਵਪੂਰਣ ਸਰਹੱਦੀ ਇਲਾਕਾ ਹੋਣ ਕਰਕੇ ਦਿੱਲੀ ਦੇ ਸ਼ਾਸਕਾਂ ਦਾ ਧਿਆਨ ਪੰਜਾਬ ਵਲ ਹੀ ਰਹਿੰਦਾ ਸੀ। ਅਕਬਰ ਪੰਜਾਬ ਵਿਚ ਸਥਾਪਤ ਹੋਣ ਕਰਕੇ ਹੀ ਕਸ਼ਮੀਰ ਅਤੇ ਆਸ ਪਾਸ ਦੇ ਇਲਾਕਿਆਂ ਦੀ ਬਗ਼ਾਵਤ ਨੂੰ ਦਬਾਉਣ ਵਿਚ ਕਾਮਯਾਬ ਰਿਹਾ। ਪੰਜਾਬ, ਦਿੱਲੀ, ਕਸ਼ਮੀਰ ਅਤੇ ਕਾਬਲ ਦੇ ਦਰਮਿਆਨ ਇਕ ਛਾਉਣੀ ਦਾ ਕੰਮ ਕਰਦਾ ਰਿਹਾ। ਇਥੋਂ ਦੇ ਸਾਰੇ ਮਹੱਤਵਪੂਰਣ ਸਥਾਨ ਸੜਕਾਂ ਤੇ ਸ਼ਹਿਰ ਫ਼ੌਜੀ ਛਾਉਣੀਆਂ ਨਾਲ ਭਰੇ ਰਹਿੰਦੇ ਸੀ। ਬਹੁਤ ਸਾਰੇ ਕਿਲ੍ਹੇ ਉਸਾਰੇ ਗਏ ਅਤੇ ਇਨ੍ਹਾਂ ਵਿਚ ਤਕੜੀ ਤੋਂ ਤਕੜੀ ਸੈਨਾ ਨਿਯੁਕਤ ਕੀਤੀ ਗਈ। ਆਰਥਿਕਤਾ ਦੇ ਪੱਖੋਂ ਪੰਜਾਬ ਉਤੇ ਇਕ ਬਹੁਤ ਵੱਡਾ ਬੋਝ ਸੀ। ਅਕਬਰ ਦਾ ਦਿੱਲੀ ਦੇ ਤਖ਼ਤ ਸੰਭਾਲਣ ਵਾਲੇ ਸਾਲ ਉਤਰੀ ਭਾਰਤ ਵਿਚ ਬਹੁਤ ਸਖ਼ਤ ਕਾਲ ਪਿਆ ਸੀ। ਇਸ ਕਾਲ ਤੋਂ ਪੈਦਾ ਹੋਈ ਭੁੱਖ ਮਰੀ, ਕੰਗਾਲੀ ਅਤੇ ਹੈਵਾਨੀਅਤ ਦਾ ਜ਼ਿਕਰ ਬਦਾਯੂਨੀ ਵੀ ਅਕਬਰਨਾਮਾ ਵਿਚ ਕਰਦਾ ਹੈ।[3]

ਅਕਬਰ ਦੇ ਵੇਲੇ ਵੀ ਉਤਪਾਦਕ ਸਾਧਨਾਂ ਨੂੰ ਪੈਦਾ ਕਰਨ ਵਾਲਿਆਂ ਦੀ ਹਾਲਤ ਵਿਚ ਕੋਈ ਵਿਸ਼ੇਸ਼ ਸੁਧਾਰ ਨਹੀਂ ਸੀ ਆਇਆ। ਅਮੀਰਾਂ ਦੀ ਐਸ਼-ਪ੍ਰਸਤੀ ਅਤੇ ਉਨ੍ਹਾਂ ਦੇ ਟੁਕੜਿਆਂ ਤੇ ਪਲਣ ਵਾਲੇ ਟੁਕੜਖੋਰ ਹੀ ਐਸ਼ ਕਰਦੇ ਸਨ। ਆਦਮੀ, ਔਰਤਾਂ, ਬੱਚੇ ਅਤੇ ਬੁੱਢੇ ਭੁੱਖ ਮਰੀ ਦੀ ਹਾਲਤ ਵਿਚ ਜੀ ਰਹੇ ਸਨ। ਗ਼ੁਲਾਮੀ ਇਕ ਮੰਨੀ ਹੋਈ ਪ੍ਰਥਾ ਸੀ। ਗ਼ੁਲਾਮਾਂ ਨੂੰ ਉਚ ਦਰਜੇ ਦੇ ਅਧਿਕਾਰੀ ਆਪਣਾ ਨੌਕਰ ਰੱਖਦੇ ਸਨ। ਇਨ੍ਹਾਂ ਦੀ ਗਿਣਤੀ ਵਿਚ ਕੈਦੀ, ਫ਼ੌਜੀ, ਸਰਕਾਰ ਨੂੰ ਲਗਾਨ ਨਾ ਦੇ ਸਕਣ ਵਾਲੇ ਅਤੇ ਗ਼ਰੀਬੀ ਦੀ ਅਵਸਥਾ ਵਿਚ ਦਿਨੇ, ਗ਼ੁਲਾਮ ਹੁੰਦੇ।[4]

---

3. ਦੇਖੋ : ਸਾਵਿਤ੍ਰੀ ਚੰਦਰ ਸ਼ੋਭਾ (ਡਾ:) <u>ਸਮਾਜ ਔਰ ਸੰਸਕ੍ਰਿਤੀ</u> (ਨਵੀ ਦਿੱਲੀ, 1976), ਪੰ. 51.

4. W.H.Moreland, *From Akbar to Aurangzeb* (N.Delhi, 1972) pp. 303-306.

**ਅਕਬਰ ਦੀ ਨੀਤੀ:**

ਅਕਬਰ ਉਦਾਰ ਦਿਲ, ਨੇਕ ਦਿਲ, ਧਾਰਮਕ ਵਿਸ਼ਵਾਸ ਦਾ ਮਾਲਕ, ਮੁਗ਼ਲ ਬਾਦਸ਼ਾਹ ਸੀ। ਅਕਬਰ ਤੋਂ ਪਹਿਲਾਂ ਮੁਸਲਮਾਨ ਸੁਲਤਾਨ ਧਾਰਮਕ ਕੱਟੜਪੁਣੇ ਅਧੀਨ ਗ਼ੈਰ ਮੁਸਲਮਾਨਾਂ ਨੂੰ ਦੁੱਖ ਦਿੰਦੇ ਅਤੇ ਹਿੰਦੂਆਂ ਤੋਂ ਜਜ਼ੀਆ ਪ੍ਰਾਪਤ ਕਰਕੇ ਉਨ੍ਹਾਂ ਨੂੰ ਨਿੰਦਦੇ ਸਨ। ਅਕਬਰ ਨੇ ਉਨ੍ਹਾਂ ਤੋਂ ਉਲਟ ਮੇਲ-ਮਿਲਾਪ ਦੀ ਨੀਤੀ ਅਪਣਾਈ।[5] ਆਪਣੇ ਰਾਜ ਕਾਲ ਦੇ ਸਤਵੇਂ ਸਾਲ ਉਸਨੇ ਹੁਕਮ ਦਿਤਾ ਕਿ ਕੈਦ ਕੀਤੇ ਗਏ ਸਿਪਾਹੀਆਂ ਦੀਆਂ ਔਰਤਾਂ ਤੇ ਬੱਚਿਆਂ ਨੂੰ ਗ਼ੁਲਾਮ ਨਾ ਬਣਾਇਆ ਜਾਵੇ। ਰਾਜਕਾਲ ਦੇ ਅਠਵੇਂ ਤੇ ਨੌਵੇਂ ਸਾਲਾਂ ਵਿਚ ਤੀਰਥ ਅਸਥਾਨਾਂ ਤੇ ਲੱਗੇ ਟੈਕਸ ਅਤੇ ਜਜ਼ੀਆ ਨੂੰ ਮਾਫ਼ ਕੀਤਾ ਅਤੇ ਇਸ ਤਰ੍ਹਾਂ ਰਾਜਕਾਲ ਦੇ ਅਠਾਈਵੇਂ ਵਰ੍ਹੇ ਵਿਚ ਸਤੀ ਦੀ ਰਸਮ ਖ਼ਤਮ ਕੀਤੀ।[6]

**ਸਮਾਜਕ ਅਵਸਥਾ:**

ਅਕਬਰ ਦੇ ਰਾਜਕਾਲ ਤਕ ਭਾਰਤੀ ਸਮਾਜ ਵਿਚ ਬਹੁਤ ਸਾਰੀਆਂ ਜਾਤੀਆਂ ਰਲ ਚੁਕੀਆਂ ਸਨ। ਇਨ੍ਹਾਂ ਵਿਚੋਂ ਮੁੱਖ ਅਰਬ, ਈਰਾਨੀ, ਅਫ਼ਗਾਨ, ਖ਼ਿਲਜੀ, ਮੰਗੋਲ ਅਤੇ ਤੁਰਕੀ (ਚਗ਼ਤਈ ਅਤੇ ਉਜ਼ਬਾਕ)ਸਨ। ਇਨ੍ਹਾਂ ਦੇ ਨਾਲ ਹੀ ਹੋਰ ਜਾਤੀਆਂ ਜਿਵੇਂ ਪਾਰਸੀ, ਸੀਰੀਅਨ, ਆਰਮੀਨੀਅਨ, ਇਸਾਈ ਅਤੇ ਯਹੂਦੀ ਆਦਿ ਵੀ ਸ਼ਾਮਲ ਸਨ। ਮੁਸਲਮਾਨ, ਸਮਾਜ ਦਾ ਅਤਿ ਪ੍ਰਭਾਵਸ਼ਾਲੀ ਅੰਗ ਸਨ। ਇਨ੍ਹਾਂ ਵਿਚ ਬਦੇਸ਼ੀਆਂ ਅਤੇ ਭਾਰਤ ਵਾਸੀਆਂ ਦੇ ਸਮੀਕਰਨ ਤੋਂ ਪੈਦਾ ਹੋਏ ਭਾਰਤੀ ਮੁਸਲਮਾਨ ਵੀ ਸਨ। ਹਿੰਦੂਆਂ ਦੀ ਰੀਸੋ ਰੀਸੀ ਮੁਸਲਮਾਨ ਸੁੰਨੀ ਅਤੇ ਸ਼ੀਆ, ਸਯੀਅਦ ਅਤੇ ਸ਼ੇਖ਼, ਪਠਾਨ ਅਤੇ ਮੁਗ਼ਲ ਜਾਤੀਆਂ ਵਿਚ ਵੰਡ ਚੁਕੇ ਸਨ।[7] ਸਮਾਜਕ ਖੇਤਰ ਵਿਚ ਦਰਵੇਸ਼ ਅਤੇ ਫ਼ਕੀਰਾਂ ਨੂੰ ਇੱਜ਼ਤ ਨਾਲ ਵੇਖਿਆ ਜਾਂਦਾ ਸੀ।

ਹਿੰਦੂ ਧਰਮ ਜੋ ਕਿ ਬਹੁ-ਗਿਣਤੀ ਵਿਚ ਸੀ, ਇਸਦਾ ਵਰਗੀਕਰਣ ਵਰਣ-ਆਸ਼੍ਰਮ ਦੇ ਆਧਾਰ ਤੇ ਸੀ। ਵਰਣ-ਆਸ਼ਰਮ ਵਿਵਸਥਾ ਅਤੇ ਅਨੇਕ ਭੇਦਾਂ ਵਿਚ ਵੰਡੀ ਜਾ ਚੁਕੀ ਸੀ। ਹਿੰਦੂ

---

5. ਸੁਜਾਨ ਰਾਏ, ਭੰਡਾਰੀ, ਖ਼ੁਲਾਸਤੁਤ ਤਵਾਰੀਖ਼ (ਅਨੁ: ਰਣਜੀਤ ਸਿੰਘ ਗਿੱਲ),(ਪਟਿਆਲਾ, 1972) ਪੰ: 375.
6. Edward S. H-olden, The Moghul Emperors of Hindustan, (Delhi,1975) p. 171.
7. Frederick Augustus, The Emperor Akbar, (Translated by Annette S. Beveridge) (1973), Vol. I, Asiatica, Patna. p.

ਸਮਾਜ ਵਿਚ ਵੀ ਕਈ ਅੰਤਰ-ਜਾਤੀ ਵਿਰੋਧ ਉਪਸਥਿਤ ਹੋ ਗਏ ਸਨ। ਹਿੰਦੂਆਂ ਦੇ ਸੰਸਕਾਰਾਂ (ਜਾਤ ਕਰਮ, ਨਾਮ ਕਰਮ, ਆਦਿ) ਦੀ ਲੀਹ ਪੁਰਾਣੀਆਂ ਲੀਹਾਂ ਤੇ ਹੀ ਚਲੀ ਆ ਰਹੀ ਸੀ। ਸਮਾਜ ਵਿਚ ਔਰਤ ਦਾ ਦਰਜਾ ਸਤਿਕਾਰ ਯੋਗ ਨਹੀਂ ਸੀ। ਬਾਲ ਵਿਆਹ ਤੇ ਸਤੀ ਦੀ ਰਸਮ ਆਮ ਸੀ। ਧਰਮ ਵਿਚ ਤੀਰਥ ਅਸਥਾਨਾਂ ਦੇ ਦਰਸ਼ਨ ਅਤੇ ਇਸ਼ਨਾਨ, ਪੁੰਨਦਾਨ ਆਦਿ ਨੂੰ ਜ਼ਰੂਰੀ ਸਮਝਿਆ ਜਾਂਦਾ ਸੀ। ਧਰਮ ਦੇ ਆਮ ਆਚਾਰ ਬਾਹਰਲੇ ਆਡੰਬਰਾਂ ਦੇ ਰੂਪ ਵਿਚ ਹੀ ਰਹਿ ਗਏ ਸਨ।

ਇਸਲਾਮ ਤੇ ਇਸਲਾਮੀ ਹਕੂਮਤ ਦਾ ਪ੍ਰਭਾਵ ਪੰਜਾਬ ਦੇ ਹਿੰਦੂ ਸਮਾਜ ਤੇ ਪਿਆ। ਇਕ ਪਾਸੇ ਸਮਾਜਕ ਸੁਰੱਖਿਆ ਦੇ ਅਧੀਨ ਧਰਮ ਨੂੰ ਕਵਚ ਦੇ ਰੂਪ ਵਿਚ ਬਾਹਰੀ ਭੇਖਾਂ ਵਿਚ ਓਤ ਕੀਤਾ ਗਿਆ ਅਤੇ ਦੂਜੇ ਪਾਸੇ ਦੋਹਾਂ ਧਰਮਾਂ ਦੇ ਸਾਂਝੇ ਗੁਣਾਂ ਤੇ ਜ਼ੋਰ ਦੇ ਕੇ ਸਮਾਜਕ ਚੇਤੰਨਤਾ ਦੀ ਇਕ ਲਹਿਰ ਜਾਗੀ, ਜਿਸ ਦੇ ਆਗੂ ਗੁਰੂ ਨਾਨਕ ਦੇਵ ਜੀ (1469–1539 ਈ:) ਸਨ।

ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਾਂ, 'ਜੋਗੀਆਂ' ਅਤੇ ਸਿੱਧਾਂ ਦੀ ਕਰੜੀ ਆਲੋਚਨਾ ਕੀਤੀ। ਕਿਉਂਕਿ ਉਨ੍ਹਾਂ ਦੇ ਵਿਚਾਰ ਵਿਚ ਇਹਨਾਂ ਦਾ ਰਵੱਈਆ ਸਮਾਜ ਨੂੰ ਰੋਗੀ ਤੇ ਗਤੀਹੀਨ ਬਣਾ ਰਿਹਾ ਸੀ। ਉਨ੍ਹਾਂ ਨੇ ਮੁਸਲਮਾਨੀ ਸਮਾਜ ਵਿਚ ਪਸਰ ਰਹੀਆਂ ਕੁਰੀਤੀਆਂ ਦੀ ਵੀ ਕਰੜੀ ਆਲੋਚਨਾ ਕੀਤੀ। ਸਮਾਜ ਦੇ ਹਾਕਮ ਵਰਗ ਦੀ ਵੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਨੇ ਹਿੰਦੂ ਅਤੇ ਮੁਸਲਮਾਨੀ ਧਰਮ-ਸਮਾਜਾਂ ਦੇ ਡੂੰਘੇ ਅਧਿਐਨ ਬਾਦ ਸਾਂਝੇ ਤੱਤਾਂ ਦੇ ਆਧਾਰ ਤੇ ਇਕ ਨਵੇਂ ਸਮਾਜ ਦੀ ਉਸਾਰੀ ਆਰੰਭੀ ਅਤੇ ਇਕ ਸਰਲ ਤੇ ਵਿਹਾਰਕ ਸਿਧਾਂਤ ਪੇਸ਼ ਕੀਤਾ ਜਿਸ ਦੀਆਂ ਜੜ੍ਹਾਂ ਤਾਂ ਜ਼ਰੂਰ ਇਨ੍ਹਾਂ ਧਰਮਾਂ ਵਿਚ ਸਨ, ਪਰ ਜਿਸਦੀ ਨੁਹਾਰ ਆਪਣੀ ਹੀ ਸੀ।[8]

ਭਗਤੀ ਅੰਦੋਲਨ ਦੇ ਸੰਤ ਕਵੀਆਂ ਵਿਚ ਗੁਰੂ ਨਾਨਕ ਦੇਵ ਜੀ ਪਹਿਲੇ ਸੰਤ - ਕਵੀ ਹਨ ਜਿਨ੍ਹਾਂ ਨੇ ਆਤਮਕ ਉਨਤੀ ਅਤੇ ਸਮਾਜਕ ਉਨਤੀ, ਦੋਨਾਂ ਦੇ ਮਹੱਤਵ ਨੂੰ ਪਛਾਣਿਆ। ਇਸ ਲਈ ਉਨ੍ਹਾਂ ਨੇ ਵਰਣ-ਆਸ਼ਰਮ ਵਿਵਸਥਾ ਧਰਮ ਦੇ ਬਾਹਰੀ ਭੇਖਾਂ ਅਤੇ ਰੀਤੀਆਂ ਤੋਂ ਮੁਕਤ ਨਵੇਂ ਸਮਾਜ ਦੀ ਨੀਂਹ ਰੱਖੀ। ਜਿਸ ਤਰ੍ਹਾਂ ਕਿ ਅਸੀਂ ਜ਼ਿਕਰ ਕਰ ਆਏ ਹਾਂ ਕਿ ਅਕਬਰ ਦੀ ਨੀਤੀ ਆਪਣੇ ਤੋਂ ਪਹਿਲੇ ਸ਼ਾਸਕਾਂ ਨਾਲੋਂ ਬਹੁਤ ਭਿੰਨ ਸੀ ਧਰਮ ਪ੍ਰਤੀ ਉਸ ਦਾ ਰਵੱਈਆ ਸੁਲ੍ਹਾ ਵਾਲਾ ਸੀ। ਉਸ ਨੇ ਕਿਹਾ ਕਿ ਪਰਮਾਤਮਾ ਧਰਮ ਅਤੇ ਮਤ ਦਾ ਖਿਆਲ ਕੀਤੇ ਬਿਨਾਂ ਆਪਣੇ ਬੰਦਿਆਂ ਉਤੇ ਕਿਰਪਾ ਕਰਦਾ ਹੈ। ਕਿਰਪਾ ਅਤੇ ਮਿਹਰਬਾਨੀ ਦਾ ਦਰ ਹਰ ਜੀਵ ਲਈ ਖੁਲ੍ਹਾ ਰਹਿੰਦਾ ਹੈ। ਉਸ ਦੀ ਧਾਰਨਾ ਸੀ ਕਿ ਹਿੰਦੂ, ਮੁਸਲਮਾਨ, ਇਸਾਈ ਅਤੇ ਦੂਜੇ ਧਰਮਾਂ ਦੇ ਅਨੁਯਾਈ-ਮੇਲ-ਜੋਲ ਦਾ ਵਤੀਰਾ ਧਾਰਨ ਕਰਕੇ

---

8. ਫ਼ੌਜਾ ਸਿੰਘ (ਡਾ:) 'ਭੂਮਿਕਾ', ਪੰਜਾਬ ਦਾ ਇਤਿਹਾਸ, ਜਿਲਦ ਤੀਜੀ, ਪੰ. xxiii

ਆਪਣੇ ਨੇਮ ਅਨੁਸਾਰ ਸੱਚੇ ਪਰਮਾਤਮਾ ਦੀ ਪੂਜਾ ਕਰਨ।[9] ਇਹੀ ਕਾਰਣ ਸੀ ਕਿ ਧਰਮ ਦੀ ਸੁਧਾਰ-ਵਾਦੀ ਪ੍ਰਵਿਰਤੀ ਨੂੰ ਲੈ ਕੇ ਅਲੱਗ ਅਲੱਗ ਪੈਦਾ ਹੋਈਆਂ ਧਰਮ-ਸੰਪਰਦਾਵਾਂ ਨੂੰ ਅਕਬਰ ਦੀ ਸਹਿਨਸ਼ੀਲਤਾ ਵਾਲੀ ਨੀਤੀ ਕਰਕੇ ਵਧੇਰੇ ਵਿਰੋਧ ਦਾ ਸਾਹਮਣਾ ਕਰਨਾ ਨਹੀਂ ਸੀ ਪੈ ਰਿਹਾ। ਸੋਲ੍ਹਵੀਂ ਸਦੀ ਦੇ ਉੱਤਰਾਰਧ ਵਿਚ ਇਨ੍ਹਾਂ ਨੂੰ ਵਿਗਸਣ ਦਾ ਮੌਕਾ ਤਾਂ ਮਿਲਿਆ ਪਰ ਜਿਹੜੇ ਮੰਤਵ ਨੂੰ ਲੈ ਕੇ ਇਹ ਭਗਤੀ ਲਹਿਰਾਂ ਚਲੀਆਂ ਸਨ, ਉਨ੍ਹਾਂ ਵਿਚ ਇਕ ਖੜੋਤ ਦੀ ਅਵਸਥਾ ਆ ਚੁਕੀ ਸੀ। ਸੰਤਾਂ ਨੇ ਦੇਵੀ ਪੂਜਾ ਨੂੰ ਕਿਸੇ ਹੱਦ ਤਕ ਸਵੀਕਾਰ ਕਰ ਲਿਆ ਸੀ। ਵੈਸ਼ਨਵ ਮੱਤ ਵਿਚ ਭਗਤੀ ਤੇ ਪ੍ਰੇਮਾ ਭਾਵ ਦੇ ਨਾਂ ਥਲੇ ਲਿੰਗਕ ਰੁਚੀਆਂ ਦੀ ਤ੍ਰਿਪਤੀ ਹੋਣ ਲਗ ਪਈ ਸੀ।[10]

<u>ਗੁਰੂ ਰਾਮਦਾਸ ਜੀ ਦੀ ਦੇਣ:</u>

ਭਾਵੇਂ ਸੰਤ ਮਤ ਦੇ ਵਧੇਰੇ ਕਵੀਆਂ ਨੇ ਸਮਾਜ ਦਾ ਵਰਗੀਕਰਨ ਗੁਣਾਂ ਦੇ ਆਧਾਰ ਤੇ ਕੀਤਾ ਪਰ ਇਸ ਪ੍ਰਤੀ ਕੋਈ ਸਮਾਜੀਕਰਨ ਦਾ ਕਦਮ ਨਾ ਉਠਾਇਆ ਗਿਆ। ਗੁਰੂ ਰਾਮਦਾਸ ਜੀ ਦੇ ਸਮਕਾਲੀ ਸੰਤ ਕਵੀ ਤੁਲਸੀਦਾਸ ਵਰਗੇ ਵਰਣ-ਆਸ਼੍ਰਮ ਦਾ ਪਾਲਣ ਕਰਨ ਨੂੰ ਹੀ ਉੱਤਮ ਮੰਨ ਰਹੇ ਸਨ।[11]

ਉੱਤਰੀ ਭਾਰਤ ਵਿਚ, ਵਿਸ਼ੇਸ਼ ਕਰਕੇ ਪੰਜਾਬ ਵਿਚ, ਜੋਗੀ ਆਪਣੀ ਅਧਿਆਤਮ ਸ਼ਕਤੀ ਨਾਲੋਂ ਵਧੇਰੇ ਕਰਾਮਾਤੀ ਸ਼ਕਤੀਆਂ ਕਰਕੇ, ਸਾਧਾਰਨ ਲੋਕਾਂ ਨੂੰ ਡਰਾ ਰਹੇ ਸਨ। ਉਨ੍ਹਾਂ ਦੇ ਸੰਗਠਿਤ ਰੂਪ ਵਿਚ ਟਿੱਲੇ ਸਨ ਜਿਨ੍ਹਾਂ ਤੇ ਗੱਦੀਆਂ ਦੀ ਪੂਜਾ ਚਲਦੀ ਸੀ।[12]

ਵਿਸਤ੍ਰਿਤ ਰੂਪ ਵਿਚ ਭਾਰਤੀ ਸਮਾਜ ਵਿਚ ਸਦੀਆਂ ਤੋਂ ਚਲੀਆਂ ਆਉਂਦੀਆਂ ਕੁਰੀਤੀਆਂ ਵਿਚ ਤਬਦੀਲੀ ਨਾ ਮਾਤਰ ਹੀ ਹੋਈ ਸੀ। ਜਿਵੇਂ ਕਿ ਅਸੀਂ ਜ਼ਿਕਰ ਕੀਤਾ ਹੈ ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਅਲੱਗ ਅਲੱਗ ਸੰਪਰਦਾਵਾਂ ਦੇ ਸਿਧਾਂਤ ਅਤੇ ਆਪਸੀ ਵਿਰੋਧਾਂ ਨੇ ਇਨ੍ਹਾਂ ਕੁਰੀਤੀਆਂ ਨੂੰ ਬਦਲਣ ਲਈ ਕੋਈ ਸਮਾਜਕ ਮਹੱਤਵ ਦਾ ਕਦਮ ਨਹੀਂ ਉਠਾਇਆ ਸੀ।

ਭਾਈ ਗੁਰਦਾਸ ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਨੇ ਸਿਖ ਥਾਪਿਆ ਅਤੇ ਆਪਣਾ ਮਸੰਦ

---

9. ਸੁਜਾਨ ਰਾਏ ਭੰਡਾਰੀ, <u>ਖੁਲਾਸਤੁਤ ਤਵਾਰੀਖ</u>, ਪੰਨੇ 374-75.
10. ਰਾਂਗੇਯ ਰਾਘਵ (ਡਾ:) <u>ਭਾਰਤੀਯ ਸੰਤ ਪਰੰਪਰਾ ਔਰ ਸਮਾਜ</u>, (ਇਲਾਹਾਬਾਦ 1884 ਪ੍ਰਕਾਸ਼ਦ), ਪੰ.65.
11. ਬਰਨਾਸ਼ਰਮ ਨਿਜ ਨਿਜ ਧਰਮ ਨਿਰਤ ਬੇਦ ਪਥ ਲੋਗ।
    ਚਲਹਿ ਸਦਾ ਪਵਹਿ ਸੁਖਹਿ ਨਹਿ ਭਯ ਸੋਕ ਨ ਰੋਗ। (ਮਾਨਸ 7/20)
12. J.S.Grewal (Dr.), <u>From Guru Nanak to Maharaja Ranjit Singh</u> (Amritsar 1972) p.28.

ਨਿਯੁਕਤ ਕਰਕੇ ਆਗਰੇ ਭੇਜਿਆ ਸੀ ਸਮਾਜ ਦੀ ਸਥਿਤੀ ਦਾ ਨਿਰੂਪਣ ਹੇਠ ਲਿਖੇ ਰੂਪ ਵਿਚ ਕਰਦੇ ਹਨ:—

ਕੋਈ ਨਾ ਕਿਸੇ ਵਰਜਈ ਸੋਈ ਕਰੇ ਜੋਈ ਮਨ ਭਾਵੇ।
ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੇ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹ ਵਿਰੋਧ ਬਹੁਵਾਦ ਵਧਾਵੇ।
ਆਪੋ ਧਾਪੀ ਹੋਇ ਕੇ ਨਯਾਰੇ ਨਯਾਰੇ ਧਰਮ ਚਲਾਵੇ।
ਕੋਈ ਪੂਜੈ ਚੰਦ੍ਰ ਸੂਰ ਕੋਈ ਧਰਤਿ ਆਕਾਸ ਮਨਾਵੇ।
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੇ।
ਫੋਕਟ ਧਰਮੀ ਭਰਮ ਭੁਲਾਵੇ। (1/18)

ਗੁਰੂ ਨਾਨਕ ਤੋਂ ਲੈ ਕੇ ਗੁਰੂ ਰਾਮਦਾਸ ਤਕ ਕਿਸੇ ਵੀ ਸਿਖ ਗੁਰੂ ਨੇ ਕਦੇ ਵੀ ਹਾਕਮ ਸ੍ਰੇਣੀ ਤੋਂ ਕੋਈ ਸਰਪਰਸਤੀ ਨਹੀਂ ਲੈਣੀ ਚਾਹੀ ਸੀ।[13] ਅਕਬਰ ਦੀ ਉਦਾਰ-ਨੀਤੀ ਦੇ ਹੁੰਦਿਆਂ ਗੁਰੂ ਅਮਰਦਾਸ ਨੂੰ ਆਪਣੇ ਮੁਸਲਮਾਨ ਗੁਆਂਢੀਆਂ ਤੋਂ ਤਕਲੀਫ ਉਠਾਣੀ ਪਈ ਸੀ।[14] ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਅਕਬਰ ਦਾ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਪ੍ਰਤੀ ਸਨੇਹ, ਅਤੇ ਸਿਖ ਮਤ ਦੇ ਫੈਲਾਉ ਨਾਲ ਸਿਖਮਤ ਅਤੇ ਇਸਲਾਮ ਦੇ ਸਾਂਝੇ ਅਸੂਲਾਂ ਦੀ ਚਰਚਾ ਹੋਈ ਜਿਸ ਸਦਕੇ ਪੰਜਾਬ ਵਿਚ ਮਿਤਰਤਾ-ਪੂਰਵਕ ਇਕੱਠੇ ਰਹਿਣ ਦੀ ਭਾਵਨਾ ਪੈਦਾ ਹੋਈ।

ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿਖਮਤ ਨੂੰ ਇਕ ਸੇਧ ਮਿਲ ਚੁਕੀ ਸੀ। ਸਿਖਮਤ ਦਾ ਅੰਮ੍ਰਿਤਸਰ ਦੀ ਸਥਾਪਨਾ ਨਾਲ ਕੇਂਦਰੀਕਰਨ ਵੀ ਹੋ ਰਿਹਾ ਸੀ। ਇਕ ਵਖਰਤਾ ਅਤੇ ਸਵੈ-ਚੇਤੰਨਤਾ ਸਿਖ ਮਤ ਦੀ ਹੋਂਦ ਵਿਚ ਆਉਣੀ ਸ਼ੁਰੂ ਹੋ ਗਈ ਸੀ। ਵਪਾਰ ਅਤੇ ਵਣਜ ਦਾ ਕੇਂਦਰ ਸਥਾਪਤ ਹੋ ਰਿਹਾ ਸੀ। ਇਸ ਤੋਂ ਇਲਾਵਾ ਪੰਜਾਬ ਦੀ ਪੇਂਡੂ ਕਿਰਸਾਨੀ ਜੋ ਇਸ ਦੀ ਆਰਥਿਕਤਾ ਦੀ ਨੀਂਹ ਸੀ ਨੂੰ ਵੀ ਇਕ ਅਧਿਆਤਮਕ ਅਤੇ ਵਪਾਰਕ ਕੇਂਦਰ ਮਿਲ ਗਿਆ ਸੀ।

ਗੁਰਬਾਣੀ ਦੀ ਰਚਨਾ ਪੰਜਾਬੀ ਵਿਚ ਹੋਣ ਕਰਕੇ ਆਮ ਲੋਕਾਂ ਵਿਚ ਹਰਮਨ ਪਿਆਰੀ ਹੋ ਰਹੀ ਸੀ। ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੇ ਗ੍ਰੰਥਾਂ ਨੂੰ ਆਮ ਲੋਕ ਨਾ ਤਾਂ ਸਮਝ ਸਕਦੇ ਸਨ ਅਤੇ ਨਾ ਹੀ ਪੜ੍ਹ ਸਕਦੇ ਸਨ। ਪੰਜਾਬੀ ਸਮਾਜ ਉਤੋਂ, ਪੰਡਤਾਂ ਅਤੇ ਮੁਲਾਂ ਦੀ ਪਕੜ ਢਿਲੀ ਪੈਣੀ ਸ਼ੁਰੂ ਹੋ ਗਈ ਸੀ।[15]

---

13. Gokal Chand Narang, Transformation of Sikhism (N.Delhi,1960),p.36.
14. Anil Chandra Banerjee, Guru Nanak and his times (Patiala,1971), P. 71.
15. Khushwant Singh, A history of Sikhs, (New Jersey,1963),p.53.

ਅਕਬਰ ਦੇ ਰਾਹੀਂ ਜੇ ਦੇਸ਼ ਦੀ ਰਾਜਨੀਤਕ ਸ਼ਕਤੀ ਸਥਾਪਤ ਹੋਈ ਤਾਂ ਦੂਜੇ ਪਾਸੇ ਗੁਰੂ ਰਾਮਦਾਸ ਜੀ ਰੂਹਾਨੀਅਤ ਦੇ ਪੈਰੋਕਾਰ ਸਮਾਜ ਨੂੰ ਚੇਤੰਨਤਾ ਦਾ ਵਰਦਾਨ ਦੇ ਰਹੇ ਸਨ। ਇਸੇ ਕਰਕੇ ਪੰਜਾਬ ਦੀ ਧਰਤੀ ਤੇ ਗੁਰੂ ਰਾਮਦਾਸ 'ਸਚੇ ਪਾਤਸ਼ਾਹ' ਦੇ ਰੂਪ ਵਿਚ ਉਭਰੇ।[16]

ਕੁਝ ਵਿਦਵਾਨ ਗੁਰੂ ਰਾਮਦਾਸ ਜੀ ਦੇ ਸਮੇਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਘਟਨਾਵਾਂ-ਹੀਣ ਮੰਨ ਕੇ ਇਸ ਪ੍ਰਤੀ ਮੈਂਤਲੀ ਨਜ਼ਰ ਮਾਰਦੇ ਹਨ।[17] ਵੇਖਿਆ ਜਾਵੇ ਤਾਂ ਅਸਲ ਵਿਚ ਗੁਰੂ ਰਾਮਦਾਸ-ਕਾਲ ਸਿਖਮਤ ਦੇ ਇਤਿਹਾਸਕ ਵਿਕਾਸ ਵਿਚ ਬਹੁਤ ਹੀ ਮਹੱਤਵਪੂਰਣ ਕਾਲ ਹੈ ਜਿਸ ਤਰ੍ਹਾਂ ਕਿ ਅਸੀਂ ਪਹਿਲੇ ਵੀ ਜ਼ਿਕਰ ਕੀਤਾ ਹੈ। ਇਹ ਉਹ ਸਮਾਂ ਸੀ ਜਦ ਸਿਖਮਤ ਸੰਗਠਤ ਹੋ ਰਿਹਾ ਸੀ। ਸਮਾਜਕ ਰੂਪ ਵਿਚ ਨਵੇਂ ਰੀਤੀ, ਤਿਉਹਾਰਾਂ, ਸੰਸਕਾਰਾਂ ਦਾ ਜਨਮ ਹੋ ਰਿਹਾ ਸੀ। ਇਨ੍ਹਾਂ ਵਿਚੋਂ ਵਿਆਹ ਦਾ ਸੰਸਕਾਰ ਵਿਸ਼ੇਸ਼ ਵਰਣਨ-ਯੋਗ ਹੈ। ਗੁਰੂ ਰਾਮਦਾਸ ਜੀ ਨੇ ਇਸ ਰਸਮ ਨੂੰ ਨਵਾਂ ਰੂਪ ਦੇ ਕੇ ਅਧਿਆਤਮਕ ਅਤੇ ਸਮਾਜਕ ਤਰ੍ਹਾਂ ਦਾ ਸੁੰਦਰ ਸੁਮੇਲ ਪ੍ਰਗਟ ਕੀਤਾ।

ਮੁਸਲਮਾਨੀ ਰਾਜ ਦੇ ਸ਼ਾਸਕਾਂ ਦੇ ਰਾਜ ਅਧੀਨ ਅਤੇ ਸਮਾਜਕ ਰੂਪ ਵਿਚ ਜਾਤ-ਅਭਿਮਾਨੀ ਲੋਕਾਂ ਦੇ ਪ੍ਰਭਾਵ ਤੋਂ ਮੁਕਤ, ਇਕ ਨਵੀਂ ਕੌਮ ਪੈਦਾ ਹੋ ਰਹੀ ਸੀ। ਇਹ ਕੌਮ ਆਪਣੇ ਧਾਰਮਕ ਦ੍ਰਿਸ਼ਟੀਕੋਣ, ਸਮਾਜਕ ਰਸਮਾਂ ਅਤੇ ਰਾਜਨੀਤਕ ਆਦਰਸ਼ਾਂ ਵਿਚ ਬਾਕੀਆਂ ਨਾਲੋਂ ਭਿੰਨ ਸੀ।

ਉਪਰਲੇ ਸਰਵੇਖਣ ਤੋਂ ਸਪਸ਼ਟ ਹੈ ਕਿ ਗੁਰੂ ਰਾਮਦਾਸ ਜੀ ਨੇ ਸੋਲ੍ਹਵੀਂ ਸਦੀ ਉਤਰਾਰਧ ਦੇ ਪੰਜਾਬ ਵਿਚ ਧਾਰਮਕ, ਸਮਾਜਕ, ਸਾਂਸਕ੍ਰਿਤਕ ਅਤੇ ਇਤਿਹਾਸਕ ਪੱਖ ਤੋਂ ਮਹੱਤਵਪੂਰਣ ਯੋਗਦਾਨ ਦਿਤਾ।। ਉਨ੍ਹਾਂ ਨੇ ਗੁਰੂ ਨਾਨਕ ਦੇ ਦੱਸੇ ਮਾਰਗ ਤੇ ਚਲਦਿਆਂ, ਮਨੁਖ ਨੂੰ ਸਰਬਤ ਦੇ ਭਲੇ ਲਈ, ਜੀਵਨ ਦੇ ਕਲਿਆਣਕਾਰੀ ਮਨੋਰਥ ਲਈ, ਇਕ ਸਮਾਜਕ ਚੇਤੰਨਤਾ ਪ੍ਰਦਾਨ ਕੀਤੀ। ਇਹ ਸਮਾਜਕ ਚੇਤੰਨਤਾ ਗੁਰੂ ਅਰਜਨ ਦੇਵ ਜੀ ਦੇ ਸਮਾਜੀ ਕਿਰਦਾਰ ਰਾਹੀਂ ਉਹਨਾਂ ਦੀ ਮਹਾਨ ਕੁਰਬਾਨੀ ਵਿਚ ਪ੍ਰਗਟ ਹੁੰਦੀ ਹੈ।

---

16. Anil Chandra Banerjee, Guru Nanak and his times, p.71.
17. Pran Nath Chopra, Some Aspects of Society and Culture during the Mughal age (1526-1707)(Agra, 1963), p. 16.

## ਅਧਿਆਇ II

## ਤੱਤ੍ਵ - ਮੀਮਾਂਸਾ

ਗੁਰੂ ਰਾਮਦਾਸ ਜੀ ਇਕ ਤੱਤ੍ਵ - ਮੀਮਾਂਸੀ ਨਹੀਂ ਬਲਕਿ ਮੂਲ ਰੂਪ ਵਿਚ ਇਕ ਰਹੱਸਵਾਦੀ ਕਵੀ ਹਨ। ਨਿਰਪੇਖ ਸੱਤਾ (Absolute Reality ) ਪ੍ਰਤੀ ਉਨ੍ਹਾਂ ਦੀ ਜਗਿਆਸਾ ਇਕ ਅਧਿਆਤਮਵਾਦੀ ਵਾਲੀ ਹੈ, ਇਸ ਲਈ ਨਿਰਪੇਖ-ਸੱਤਾ ਬਾਰੇ ਉਨ੍ਹਾਂ ਦੇ ਵਿਚਾਰ ਕਿਸੇ ਸਿਧਾਂਤ-ਵਾਦੀ ਦੇ ਰੂਪ ਵਿਚ ਨਹੀਂ, ਇਕ ਰਹੱਸਵਾਦੀ ਦੇ ਰੂਪ ਵਿਚ ਪ੍ਰਗਟ ਹੋਏ ਹਨ। ਉਨ੍ਹਾਂ ਨੇ ਵਾਸਤਵਿਕ ਜਗਤ ਪਿਛੇ ਵਿਦਮਾਨ ਵਿਆਪਕ ਸੱਚ ਨੂੰ ਜਾਨਣ ਦਾ ਯਤਨ, ਪ੍ਰਤਖ ਅਨੁਭਵ ਰਾਹੀਂ ਹੀ ਕੀਤਾ ਅਤੇ ਨਿਰਪੇਖ ਸੱਤਾ ਜਾਂ ਪਰਮ ਸਤਿ ਨੂੰ ਭਗਤੀ -ਭਾਵਨਾ ਰਾਹੀਂ ਜਾਨਣ ਉਤੇ ਹੀ ਜ਼ੋਰ ਦਿੱਤਾ। ਉਨ੍ਹਾਂ ਦੇ ਕਾਵਿ ਵਿਚ ਪ੍ਰਯੁਕਤ ਤੱਤ੍ਵ - ਮੀਮਾਂਸਾ ਬਾਰੇ ਚਰਚਾ ਕਰਨ ਤੋਂ ਪਹਿਲੇ ਤੱਤ੍ਵ - ਮੀਮਾਂਸਾ ਬਾਰੇ ਗੱਲ ਕਰਨੀ ਉਪਯੁਕਤ ਹੋਵੇਗੀ।

### (ੳ) ਤੱਤ੍ਵ ਮੀਮਾਂਸਾ ਅਤੇ ਇਸ ਦੇ ਭੇਦ:

'ਤੱਤ੍ਵ - ਮੀਮਾਂਸਾ' ( Metaphysics) ਦਰਸ਼ਨ-ਸ਼ਾਸਤਰ ਵਿਚ ਮੁਢ ਤੋਂ ਹੀ ਵਾਦ-ਵਿਵਾਦ ਦਾ ਵਿਸ਼ਾ ਰਿਹਾ ਹੈ ਅਤੇ ਦਾਰਸ਼ਨਿਕਾਂ ਦੇ ਇਸ ਬਾਰੇ ਹਮੇਸ਼ਾਂ ਮਤ-ਭੇਦ ਰਹੇ ਹਨ। ਆਮ ਤੌਰ ਤੱਤ੍ਵ -ਮੀਮਾਂਸਾ ਨੂੰ ਗਿਆਨ ਦੀਆਂ ਬਾਕੀ ਧਾਰਾਵਾਂ ਦਾ ਸ੍ਰੋਤ ਮੰਨਿਆ ਜਾਂਦਾ ਹੈ। ਡੇਕਾਰਟੇ (Descartes) ਨੇ 'ਪ੍ਰਿੰਸੀਪਲਜ਼' (Principles ) ਦੀ ਭੂਮਿਕਾ ਵਿਚ ਲਿਖਿਆ ਹੈ ਕਿ ਗਿਆਨ ਇਕ ਦਰੱਖ਼ਤ ਦੀ ਨਿਆਈਂ ਹੈ, ਜਿਸ ਦੀਆਂ ਜੜ੍ਹਾਂ ਤੱਤ੍ਵ - ਮੀਮਾਂਸਾ ਵਿਚ ਹਨ, ਜਿਸ ਦਾ ਤਨਾ ਭੌਤਿਕ ਵਿਗਿਆਨ ਹੈ ਅਤੇ ਜਿਸ ਦੀਆਂ ਟਾਹਣੀਆਂ ਬਾਕੀ ਸਾਰੇ ਵਿਗਿਆਨ ਹਨ।[1] ਡੇਕਾਰਟੇ ਦੇ ਕਥਨ ਤੋਂ ਭਾਵ ਇਹ ਹੈ ਕਿ ਤੱਤ੍ਵ - ਮੀਮਾਂਸਾ ਉਹ ਮੂਲ ਹੈ ਜਿਸ 'ਤੇ ਸਾਰਾ ਗਿਆਨ ਆਧਾਰਿਤ ਹੈ।

ਤੱਤ੍ਵ-ਮੀਮਾਂਸਾ ਅੰਤਿਮ ਸਤਿ (ਜਾਂ ਪਰਮ-ਤੱਤ) ਦੀ ਅੰਤ੍ਰਿਮ ਪ੍ਰਕਿਰਤੀ ਕੀ ਹੈ ਨਾਲ ਸੰਬੰਧਿਤ ਸਮੱਸਿਆਵਾਂ ਦਾ ਸਿਲਸਿਲੇਵਾਰ ਅਧਿਐਨ ਹੈ।[2]

ਤੱਤ੍ਵ-ਮੀਮਾਂਸਾ ਨੂੰ ਆਮ ਤੌਰ ਤੇ ਨਿਮਨਲਿਖਤ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ:-

(1) ਸੱਤਾ-ਮੀਮਾਂਸਾ ( Ontology) ਅਸਤਿਤ੍ਵ ਜਾਂ ਵਾਸਤਵਿਕਤਾ ਦਾ ਸਿਲਸਿਲੇਵਾਰ ਅਧਿਐਨ।[3]

---

1. W.E. Kennick, ed., Metaphysics, eds. W.E. Kennick and Lazerovitz (New Jersey, 1966), p. 1.
2. Encyclopaedia Britanica (London,1959),Vol.XV, p.328.
3. Chamber's Encyclopaedia (London,1967),Vol.IX,p.33.

(2) ਗਿਆਨ-ਮੀਮਾਂਸਾ (Epistemology or Theory of Knowledge )

ਮਨੁੱਖੀ ਗਿਆਨ ਦੀਆਂ ਸਮੱਸਿਆਵਾਂ ਦਾ ਸਿਲਸਿਲੇਵਾਰ ਅਧਿਐਨ।[4]

ਤੱਤ੍ਵ-ਮੀਮਾਂਸਾ ਦੇ ਪਦ ਦੀ ਸਹੀ ਵਰਤੋਂ ਸੱਤਾ-ਮੀਮਾਂਸਾ (Ontology) ਅਤੇ ਗਿਆਨ-ਮੀਮਾਂਸਾ (Epistemology), ਦੋਹਾਂ ਦੇ ਸਮਿਲਵੇਂ ਕਰਨ ਵਿਚ ਹੈ।[5] ਇਹ ਗਿਆਨ ਦੀਆਂ ਦੋ ਅੰਤਰ-ਸੰਬੰਧਿਤ ਸ਼ਾਖਾਵਾਂ ਹਨ। ਤੱਤ੍ਵ-ਮੀਮਾਂਸਾ ਦੀਆਂ ਪਰੰਪਰਾਗਤ ਸ਼ਾਖਾਵਾਂ ਸੱਤਾ-ਮੀਮਾਂਸਾ (Ontology) ਅਤੇ ਬ੍ਰਹਿਮੰਡ-ਵਿਗਿਆਨ (Cosmology) ਨੂੰ ਮੰਨਿਆ ਜਾਂਦਾ ਹੈ। ਬ੍ਰਹਿਮੰਡ-ਵਿਗਿਆਨ ਵਿਚ ਇਸ ਗੱਲ ਤੇ ਵਿਚਾਰ ਕੀਤਾ ਜਾਂਦਾ ਹੈ ਕਿ ਬ੍ਰਹਿਮੰਡ ਦੇ ਕਾਰਜ ਬਗੈਰ ਕਿਸੇ ਪ੍ਰਯੋਜਨ ਦੇ ਹਨ ਜਾਂ ਇਹਨਾਂ ਦਾ ਕੋਈ ਮਨੋਰਥ ਜਾਂ ਉਦੇਸ਼ ਹੈ ਜਾਂ ਇਸ ਵਿਚ ਸੰਜੋਗ ਦਾ ਹੀ ਹਿੱਸਾ ਹੈ।[6] ਪਰ ਇਹ ਫਰਜ਼ ਕਰ ਲੈਣਾ ਵੀ ਗ਼ਲਤ ਹੋਵੇਗਾ ਕਿ ਤੱਤ੍ਵ-ਮੀਮਾਂਸਾ ਦੇ ਸਿਧਾਂਤ ਬ੍ਰਹਿਮੰਡ ਦਾ ਕੋਈ ਸਮੁੱਚਾ ਸਿਧਾਂਤ ਪੇਸ਼ ਕਰਨ। ਹਰ ਵਿਅਕਤੀ ਜੋ ਗਿਆਨ ਅਤੇ ਸਤਿ ਦੀਆਂ ਅੰਤਿਮ ਸਮੱਸਿਆਵਾਂ ਬਾਰੇ ਸੋਚਦਾ ਹੈ, ਉਸ ਲਈ ਸਮੁੱਚੇ ਬ੍ਰਹਿਮੰਡ ਬਾਰੇ ਸੋਚਣ ਦਾ ਯਤਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਉਸ ਅੰਤਿਮ-ਸਤਿ ਨੂੰ ਸਮਝਣ ਜਾਂ ਉਸ ਤਕ ਪਹੁੰਚਣ ਲਈ ਗਿਆਨ ਦੀਆਂ ਅਨੇਕ ਸ਼ਾਖਾਵਾਂ ਹਨ, ਜਿਸ ਵਿਚ ਤਰਕ-ਸ਼ਾਸਤਰ, ਗਣਿਤ-ਸ਼ਾਸਤਰ, ਪ੍ਰਾਕ੍ਰਿਤਕ ਵਿਗਿਆਨ, ਸੌਂਦਰਯ-ਸ਼ਾਸਤਰ, ਨੀਤੀ-ਸ਼ਾਸਤਰ ਆਦਿ ਸਭ ਸ਼ਾਮਿਲ ਹਨ।

ਮਨੁੱਖੀ ਜੀਵਨ ਦੇ ਅਨੁਭਵ ਤੋਂ ਇਕ ਗੱਲ ਦ੍ਰਿੜ੍ਹ ਹੁੰਦੀ ਹੈ ਕਿ ਸਾਨੂੰ ਇਹ ਪਹਿਚਾਣ ਕਰਨੀ ਪੈਂਦੀ ਹੈ ਕਿ ਜੋ ਹਮੇਸ਼ਾਂ ਦਿਖਾਈ ਦਿੰਦਾ ਹੈ, ਸੱਚ ਨਹੀਂ ਹੁੰਦਾ। ਮਨੁੱਖੀ ਗਿਆਨ-ਇੰਦਰੇ ਅੰਤਿਮ-ਸਤਿ ਨੂੰ ਆਂਸ਼ਿਕ ਰੂਪ ਵਿਚ ਹੀ ਗ੍ਰਹਿਣ ਕਰਦੇ ਹਨ।[7]

ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਕਿਸੇ ਇਕ ਸੱਚ ਤੇ ਪਹੁੰਚਣਾ ਲੋਚਦੀਆਂ ਹਨ। ਪਰ ਮਨੁੱਖੀ ਗਿਆਨ ਅੰਤਰ-ਵਿਰੋਧੀ ਪ੍ਰਕਿਰਤੀ ਦਾ ਹੈ। ਇਸ ਲਈ ਵਿਗਿਆਨਕ ਨਿਯਮ, ਜੋ ਤੱਥਾਂ ਨੂੰ ਪਰਖਣ ਅਤੇ ਨਿਰੀਖਣ ਤੋਂ ਬਾਦ ਨਿਕਾਲੇ ਜਾਂਦੇ ਹਨ, ਆਪਸ ਵਿਚ ਏਨੇ ਅੰਤਰ-ਵਿਰੋਧੀ ਹੁੰਦੇ ਹਨ ਕਿ ਉਸ ਅੰਤਿਮ-ਸਤਿ ਬਾਰੇ ਰੌਸ਼ਨੀ ਨਹੀਂ ਪਾਈ ਜਾ ਸਕਦੀ।[8]

---

4. Encyclopaedia Britanica, Loc. cit.
5. Encyclopaedia B--ritanica, Vol.XV,p.328.
6. C.J.Ducasse,'What metaphysics is good for', Self,Religion and Metaphysics, ed. Gerald E.Myers,(N.Y.,1961),pp.127-28.
7. A.E.Taylor, Elements of Metaphysics,(London,1946),p.3
8. Ibid, p.4.

(ਅ) ਤੱਤ੍ਵ-ਮੀਮਾਂਸਾ ਦਾ ਵਿਸ਼ਾ:

ਤੱਤ੍ਵ-ਮੀਮਾਂਸਾ ਦਾ ਵਿਸ਼ਾ ਸਮਸਤ ਸੱਤਾ ਹੈ। ਏ. ਈ. ਟੇਲਰ (A.E. Taylor ) ਦੇ ਸ਼ਬਦਾਂ ਵਿਚ ਤੱਤ੍ਵ-ਮੀਮਾਂਸਾ 'ਜੋ ਦਿਖਦਾ ਹੈ' ਅਤੇ 'ਜੋ ਹੈ' ਦੇ ਵਿਚ ਇਕ ਵਿਗਿਆਨਕ ਪੜਤਾਲ ਹੈ, ਜਿਸ ਨਾਲ ਕਿ ਵਾਸਤਵਿਕਤਾ ਜਾਂ ਵਾਸਤਵਿਕ - ਸਤ (Real Being) ਨੂੰ ਆਮ ਵਿਖਾਈ ਦੇ ਰਹੇ ਨਾਲੋਂ ਨਿਖੇੜਿਆ ਜਾਂਦਾ ਹੈ। ਪਰ ਇਹ ਅਧਿਅਨ ਦੇ ਕਿਸੇ ਇਕ ਖੇਤਰ ਵਿਚ ਨਹੀਂ ਕੀਤਾ ਜਾਂਦਾ ਸਗੋਂ ਸਮੱਗਰ ਰੂਪ ਵਿਚ ਕੀਤਾ ਜਾਂਦਾ ਹੈ।[9] ਪਰ ਏ. ਈ. ਟੇਲਰ ਦਾ ਇਹ ਨੁਕਤਾ ਪੂਰਣ ਸਪਸ਼ਟ ਨਹੀਂ, ਕਿਉਂਕਿ ਇਸ ਕੰਮ ਦਾ ਸਾਇੰਸ ਵੀ ਦਾਅਵਾ ਕਰਦੀ ਹੈ। ਇਸਦਾ ਅਰਥ ਇਹ ਵੀ ਨਹੀਂ ਕਿ ਤੱਤ੍ਵ - ਮੀਮਾਂਸਾ ਸਾਰੇ ਵਿਗਿਆਨਾਂ ਦਾ ਸਮੂਹ ਹੈ। ਅਸਲ ਵਿਚ ਵਿਗਿਆਨ ਅਤੇ ਤੱਤ੍ਵ ਮੀਮਾਂਸਾ ਦੇ ਦ੍ਰਿਸ਼ਟੀਕੋਣਾਂ ਵਿਚ ਹੀ ਮੂਲਭੇਦ ਹੈ। ਬਰਟਰੰਡ ਰੱਸੇਲ ਤੱਤ੍ਵ - ਮੀਮਾਂਸਾ ਨੂੰ ਦੋ ਵਿਰੋਧੀ ਮਨੁੱਖੀ ਪ੍ਰਵਿਰਤੀਆਂ ਦੇ ਮੇਲ ਅਤੇ ਦਵੰਦ ਦਾ ਵਿਕਾਸ ਮੰਨਦਾ ਹੈ, ਜਿਸ ਵਿਚ ਵਿਚਾਰ ਰਾਹੀਂ ਸ੍ਰਿਸ਼ਟੀ ਨੂੰ ਇਕ ਸਮੱਗਰ ਰੂਪ ਵਿਚ ਚਿਤਵਿਆ ਜਾਂਦਾ ਹੈ। ਇਹਨਾਂ ਦੋਨਾਂ ਪ੍ਰਵਿਰਤੀਆਂ ਦੀ ਸੇਧ ਇਕ ਦੂਜੇ ਤੋਂ ਵਿਰੋਧੀ ਦਿਸ਼ਾਵਾਂ, ਰਹੱਸਵਾਦ ਅਤੇ ਵਿਗਿਆਨ ਵੱਲ ਹੈ।[10]

ਤੱਤ੍ਵ-ਗਿਆਨੀ ਭੌਤਿਕ ਦੁਨੀਆਂ ਦੇ ਕਾਰਨਾਂ ਨੂੰ ਨਹੀਂ ਵੰਗਾਰਦੇ। ਉਹ ਇਕ ਵਿਗਿਆਨਕ ਵਾਂਗ ਇਹ ਦਾਅਵਾ ਨਹੀਂ ਕਰਦੇ ਕਿ ਜੋ ਕੁਝ ਹੋਂਦ ਵਿਚ ਹੈ, ਉਹ ਪਦਾਰਥ ਹੈ। ਪਰ ਉਹਨਾਂ ਦਾ ਸੰਬੰਧ ਅਜੇਹੇ ਪ੍ਰਸ਼ਨਾਂ ਨਾਲ ਵਧੇਰੇ ਹੈ ਕਿ ਮਨ ਅਤੇ ਪਦਾਰਥ ਦੋ ਅਲੱਗ ਅਲੱਗ ਕਿਸਮ ਦੀਆਂ ਚੀਜ਼ਾਂ ਹਨ ? ਕੀ ਪਹਿਲੀ ਪਦਾਰਥ ਦੀ ਹੀ ਉਪਜ ਜਾਂ ਪ੍ਰਗਟਾਅ ਹੈ ਜਾਂ ਇਸ ਤੋਂ ਵੱਖਰੀ ? ਕੀ ਕੋਈ ਐਸੀ ਸੱਤਾ ਹੈ ਜੋ ਰੋਜ਼ਾਨਾ ਜੀਵਨ ਦੇ ਅਨੁਭਵ ਤੋਂ ਪਰ੍ਹੇ ਦੀ ਹੈ ਅਤੇ ਜਿਸਦੀ ਪ੍ਰਕਿਰਤੀ ਪਦਾਰਥਕ ਨਹੀਂ।[11]

(ੲ) ਤੱਤ੍ਵ - ਮੀਮਾਂਸਾ ਅਤੇ ਵਿਗਿਆਨ:

ਵਿਗਿਆਨ ਰਾਹੀਂ ਸ੍ਰਿਸ਼ਟੀ ਦਾ ਵਸਤੂਗਤ ਅਨੁਭਵ ( Phenomenal experience) ਸਮਝ ਆਉਣ ਯੋਗ ਦ੍ਰਿਸ਼ਟਾਂਤਾਂ ਰਾਹੀਂ ਦਰਸਾਇਆ ਜਾਂਦਾ ਹੈ। ਵਿਗਿਆਨਕ ਸਿੱਟੇ ਲਗਾਤਾਰ ਅਨੁਭਵ ਰਾਹੀਂ ਪ੍ਰਾਪਤ ਕੀਤੇ ਸਿੱਟਿਆਂ ਦੇ ਆਧਾਰ ਤੇ ਹੁੰਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਵਿਗਿਆਨ ਦੇ ਖੇਤਰ ਵਿਚ ਸਿਧਾਂਤ ਦੀ ਥਾਂ ਕੇਵਲ ਤੱਥਾਂ ਦੇ ਆਧਾਰ ਤੇ ਹੀ ਬਣਾਈ ਹੋਈ ਪ੍ਰਣਾਲੀ ਹੁੰਦੀ ਹੈ, ਜਿਸ ਵਿਚ ਨਿਆਏ ਦਾ ਸੂਖਮ ਸੰਬੰਧ ਸਥਾਪਤ ਕੀਤਾ ਹੁੰਦਾ ਹੈ। ਉਹ ਨਿਯਮ ਜਿਸ ਉਤੇ ਨਿਆਏਸ਼ੀਲ

---

9. Elements of Metaphysics, (London, 1951), p.4.

10. Mysticism and Other Essays, (London, 1951), p.1.

11. W.H. Walsh, Philosophy, ed. R.J. Hirst, (London, 1968), p.57.

ਵਿਗਿਆਨ ਨਿਰਭਰ ਕਰਦਾ ਹੈ, ਉਹ ਇਕ ਸਾਧਾਰਣ ਨਿਯਮ ਹੈ ਜਿਹੜਾ ਜਾਣੇ ਹੋਏ ਤੱਥਾਂ ਦੇ ਅਨੁਕੂਲ ਹੁੰਦਾ ਹੈ ਅਤੇ ਜਿਹੜੇ ਤੱਥਾਂ ਦੀ ਇਸ ਤੋਂ ਬਾਦ ਵੀ ਖੋਜ ਹੋਵੇਗੀ, ਉਸਦੇ ਵੀ ਅਨੁਕੂਲ ਹੋਵੇਗਾ। ਵਿਗਿਆਨ ਸਿਰਫ਼ ਮੁਢਲੀ ਮਨੌਤ (Hypotheses ) ਦੇ ਰੂਪ ਵਿਚ ਸਿਧ ਹੁੰਦਾ ਹੈ। ਅਸੀਂ ਇਸ ਦਲੀਲ ਨੂੰ ਇਕ ਹੋਰ ਢੰਗ ਨਾਲ ਵੀ ਪੇਸ਼ ਕਰ ਸਕਦੇ ਹਾਂ ਕਿ ਵਿਗਿਆਨ ਸਿਰਫ਼ ਖੋਜ ਵਿਗਿਆਨ ਦੇ ਸਾਧਾਰਣ ਨਿਯਮਾਂ ਦੀ ਸੰਭਾਵਨਾ ਤੇ ਨਿਰਭਰ ਕਰਦਾ ਹੈ ਅਤੇ ਜਦ ਇਹ ਨਿਯਮ ਸਾਫ਼ ਤੌਰ ਤੇ ਪ੍ਰਕ੍ਰਿਤੀ ਵਿਚ ਮਿਲ ਜਾਂਦੇ ਹਨ ਤਾਂ ਪ੍ਰਕ੍ਰਿਤੀ ਇਨ੍ਹਾਂ ਨਿਯਮਾਂ ਦੀ ਧਾਰਣੀ ਬਣੀ ਪ੍ਰਤੀਤ ਹੁੰਦੀ ਹੈ। ਇਸ ਲਈ ਵਿਗਿਆਨ ਦੀ ਪ੍ਰਕ੍ਰਿਤੀ ਵਿਚ ਅੰਤਰ-ਦ੍ਰਿਸ਼ਟੀ (insight ) ਪ੍ਰਕ੍ਰਿਤੀ ਦੇ ਆਪਣੇ ਸਰੂਪ ਨੂੰ ਦੇਖਣ ਦੇ ਬਰਾਬਰ ਹੈ। ਪਰ ਇਸ ਬਾਰੇ ਵਿਗਿਆਨਕ ਸਿਧਾਂਤ ਜਾਣੇ ਹੋਏ ਤੱਥਾਂ ਦੇ ਆਧਾਰ ਤੇ ਸਫ਼ਲ ਮੁਢਲੀ ਮਨੌਤ (successful hypotheses) ਦੇ ਰੂਪ ਵਿਚ ਹੁੰਦੇ ਹਨ। ਇਹ ਵੀ ਸੰਭਵ ਹੋ ਸਕਦਾ ਹੈ ਕਿ ਸਾਰੇ ਵਿਗਿਆਨਕ ਸਿਧਾਂਤ ਗ਼ਲਤ ਹੋਣ, ਕਿਉਂਕਿ ਜੋ ਵਿਗਿਆਨ ਮੰਨਦਾ ਹੈ ਉਸਦੀ ਹੁਣ ਦੀ ਸੀਮਾਂ ਵਿਚ ਹੀ ਪਰਖ ਹੋ ਸਕਦੀ ਹੈ।[12] ਤੱਥਾਂ ਤੋਂ ਇਲਾਵਾ 'ਕੀਮਤ' (Value) ਦਾ ਵੀ ਕੋਈ ਅਸਤਿਤ੍ਵ ਹੈ? ਵਿਗਿਆਨ 'ਕੀਮਤ' ਦੇ ਅਸਤਿਤ੍ਵ ਬਾਰੇ ਵਿਚਾਰ ਨਹੀਂ ਕਰਦਾ। ਤੱਤ੍ਵ-ਮੀਮਾਂਸਾ ਆਦਰਸ਼ਾਂ ਨੂੰ ਆਪਣੇ ਅਧਿਅਨ ਖੇਤਰ ਵਿਚ ਉੱਚਾ ਸਥਾਨ ਦਿੰਦਾ ਹੈ। ਇਹ ਆਦਰਸ਼ ਸੌਂਦਰਯ ਅਤੇ ਸ਼ੁਭ ਦੇ ਰੂਪ ਵਿਚ ਵਿਅਕਤ ਹੁੰਦਾ ਹੈ। ਇਸ ਲਈ ਕੁਝ ਲੋਕਾਂ ਦਾ ਇਹ ਵੀ ਵਿਚਾਰ ਹੈ ਕਿ ਤੱਤ੍ਵ-ਮੀਮਾਂਸਾ ਦਾ ਵਿਸ਼ਾ ਕੇਵਲ ਸਤਿ ਸੌਂਦਰਯ ਤੇ ਸ਼ੁਭ (Truth, Beauty and Goodness) ਹੈ। ਤੱਤ੍ਵ-ਮੀਮਾਂਸਾ ਵਿਗਿਆਨ ਦੀ ਤਰ੍ਹਾਂ ਕੁਝ ਧਾਰਨਾਵਾਂ ਨੂੰ ਫਰਜ਼ ਕਰਕੇ ਆਰੰਭ ਨਹੀਂ ਕਰਦਾ। ਇਸੇ ਲਈ ਤੱਤ੍ਵ ਮੀਮਾਂਸਾ ਵਿਗਿਆਨ ਦੀ ਤਰ੍ਹਾਂ ਆਪਣੇ ਆਪ ਨੂੰ ਪ੍ਰਕਟਨਾ (dimensions ) ਵਿਚ ਬੰਦ ਨਹੀਂ ਕਰਦਾ ਬਲਕਿ ਇਹ ਤਾਂ ਦੇਖਦਾ ਹੈ ਕਿ ਪ੍ਰਕਟਨਾ ਤੋਂ ਪਰੇ, ਅਤੇ ਇਨ੍ਹਾਂ ਤੋਂ ਥੱਲੇ ਕੋਈ ਸੱਤਾ ਹੈ ਜਾਂ ਨਹੀਂ? ਤੱਤ੍ਵ-ਮੀਮਾਂਸਾ ਦਾ ਮੂਲ ਟੀਚਾ ਇਸ ਦਿਸਦੇ ਜਗਤ ਦੇ ਪਿਛੇ ਅੰਤਿਮ ਸਦੀਵੀ ਸਤਿ ਨੂੰ ਪਹਿਚਾਣਨਾ ਹੀ ਹੈ।

ਕਾਂਟ ਨੇ ਇਹ ਪ੍ਰਸ਼ਨ ਉਠਾਇਆ ਹੈ ਕਿ ਕੀ ਤੱਤ-ਮੀਮਾਂਸਾ ਸੰਭਵ ਹੈ? ਉਸ ਦਾ ਉਤਰ 'ਨਹੀਂ' ਵਿਚ ਹੈ।[13] ਸਾਡਾ ਗਿਆਨ ਦੇਸ਼ (Space) ਅਤੇ ਕਾਲ (Time) ਨਾਲ ਸੀਮਤ ਹੁੰਦਾ ਹੈ ਕਿਉਂਕਿ ਦੁਨੀਆਂ ਵਿਚ ਦੋ ਚੀਜ਼ਾਂ ਮਿਲਦੀਆਂ ਹਨ—ਵਸਤੂਆਂ ਅਤੇ ਵਸਤੂਆਂ ਵਿਚ ਤਬਦੀਲੀ। ਜਿਹੜੀਆਂ ਵਸਤੂਆਂ ਦੇਸ਼ (Space) ਤੋਂ ਬਿਨਾਂ ਹਨ ਉਹ ਸਾਡੇ ਲਈ ਸਮਝ ਵਿਚ ਨਾ ਆਉਣ ਵਾਲੀਆਂ ਹਨ। ਅਸੀਂ ਸਾਰੀਆਂ ਵਸਤਾਂ ਦੇਸ਼ (Space) ਵਿਚ ਦੇਖਦੇ ਹਾਂ। ਕਾਲ (Time) ਤੋਂ

---

12. J.W.N. Sullivan, The Limitations of Science (New York, 1952), P. 158.

13. W.E. Kennick, eds., Metaphysics, p.2

ਬਗੈਰ ਕੋਈ ਵੀ ਤਬਦੀਲੀ ਸੰਭਵ ਨਹੀਂ। ਕਾਂਟ ਅਨੁਸਾਰ ਦੇਸ਼, ਕਾਲ ਵਸਤੂਪਰਕ ਵਾਸਤਵਿਕਤਾਵਾਂ (Objective reali--ties) ਨਹੀਂ ਹਨ। ਇਹ ਸਿਰਫ ਵਾਸਤਵਿਕਤਾ ਨੂੰ ਸਮਝਣ ਦੀਆਂ ਸਾਡੀਆਂ ਵਿਧੀਆਂ (Modes) ਹਨ। ਇਸ ਦਾ ਅਰਥ ਇਹ ਕਿ ਉਹ ਵਿਅਕਤੀਪਰਕ (Subjective) ਹਨ, ਵਿਸ਼ਈ (Subject) ਤੋਂ ਬਿਨਾਂ ਉਨ੍ਹਾਂ ਦਾ ਕੋਈ ਅਸਤਿਤ੍ਵ ਨਹੀਂ। ਸੋ ਇਸ ਲਈ ਦੇਸ਼-ਕਾਲ ਦੇ ਵਿਅਕਤੀਪਰਕ (Subjective) ਹੋਣ ਨਾਲ ਅਤੇ ਸਾਡੀਆਂ ਵਸਤੂਆਂ ਦਾ ਦੇਸ਼ ਕਾਲ ਦੇ ਵਿਚ ਹੋਣ ਕਰਕੇ, ਜੋ ਕੁਝ ਅਸੀਂ ਦੇਖਦੇ ਹਾਂ ਉਹ ਗੋਚਰ-ਜਗਤ (Ph-enomena) ਹੈ। ਵਸਤਾਂ ਆਪਣੇ ਆਪ ਵਿਚ ਕੀ ਹਨ ? (Things as they are in t hemselves i.e.Noumen) ਹਮੇਸ਼ਾ ਸਾਡੀ ਸਮਝ ਤੋਂ ਬਾਹਰ ਰਹਿੰਦਾ ਹੈ।[14] ਇਸੇ ਲਈ ਕਾਂਟ ਦੇ ਵਿਚਾਰ ਇਹ ਪ੍ਰਗਟ ਕਰਦੇ ਹਨ ਕਿ ਤੱਤ੍ਵ-ਮੀਮਾਂਸਾ ਸੰਭਵ ਨਹੀਂ। ਇਹ ਗੱਲ ਮੰਨਣ ਵਿਚ ਇਤਰਾਜ਼ ਨਹੀਂ ਹੋ ਸਕਦਾ ਕਿ ਦੇਸ਼ ਕਾਲ ਵਸਤੂਪਰਕ (Objective) ਨਹੀਂ ਉਹ ਵਿਅਕਤੀਪਰਕ (Subjective) ਹਨ। ਪਰ ਕਾਂਟ ਨੇ ਦੇਸ਼-ਕਾਲ ਦੀ ਇਸ ਵਿਅਕਤੀਪਰਕਤਾ (Subjectivity) ਤੋਂ ਇਹ ਨਤੀਜਾ ਕੱਢਿਆ ਕਿ ਸਾਡਾ ਸਾਰਾ ਗਿਆਨ ਗੋਚਰ-ਪਦਾਰਥ (Phenomenan) ਦਾ ਹੈ।[15] ਕਾਂਟ ਸਹੀ ਹੈ ਪਰ ਉਥੋਂ ਤੱਕ ਜਿਥੋਂ ਤਕ ਇਕ ਸਾਧਾਰਣ ਅਨੁਭਵ ਦੇ ਪੱਧਰ ਦਾ ਸੰਬੰਧ ਹੈ ਪਰ ਕੀ ਸਾਧਾਰਣ ਕਿਸਮ ਦਾ ਅਨੁਭਵ ਹੀ ਇਕੋ ਇਕ ਅਨੁਭਵ ਹੈ ? ਅਸੀਂ ਕਦੇ ਵੀ ਪੂਰੀ ਤਰ੍ਹਾਂ ਵਸਤੂਨਿਸ਼ਠ (Objective) ਨਹੀਂ ਹੋ ਸਕਦੇ ?

ਜੋ ਕੁਝ ਇਨਸਾਨ ਦੇਖਦਾ ਹੈ, ਉਹ ਸੱਚ ਨਹੀਂ। ਉਦਾਹਰਣ ਲਈ ਜੋ ਚੀਨੀ ਦਾ ਦਾਣਾ ਅਸੀਂ ਚਾਹ ਵਿਚ ਪਾਉਂਦੇ ਹਾਂ ਇਕ ਮਾਈਕਰੋਸਕੋਪ ਥੱਲੇ ਬਿਲਕੁਲ ਵਖਰਾ ਬਿੰਬ (Image) ਛੱਡਦਾ ਹੈ ਕਿਉਂਕਿ ਉਸ ਵਿਚ ਅੰਕਿਤ ਕਣ ਦੇਖਣ ਨੂੰ ਮਿਲਦੇ ਹਨ ਜੋ ਨੰਗੀ ਅੱਖ ਨਹੀਂ ਦੇਖ ਸਕਦੀ। ਅਸੀਂ ਹਰ ਵਸਤ ਨੂੰ ਇਕ ਪਰਿਪੇਖ (Perspective) ਵਿਚ ਹੀ ਦੇਖ ਸਕਦੇ ਹਾਂ ਭਾਵੇਂ ਉਹ ਸਾਡੇ ਗਿਆਨ ਇੰਦਰੇ (Sense organs) ਹੋਣ ਜਾਂ ਦਿਮਾਗ ਰਾਹੀਂ ਪੈਦਾ ਕੀਤੇ ਗਏ ਵਿਗਿਆਨਕ ਔਜ਼ਾਰ (Scien-tific instruments) ਹੋਣ। ਦੇਸ਼ ਅਤੇ ਕਾਲ ਜਿਨ੍ਹਾਂ ਨੂੰ ਕਾਂਟ ਨੇ ਸਮੁੱਚੇ ਅਨੁਭਵ ਦਾ ਰੂਪ (Form of all experience) ਕਿਹਾ ਹੈ ਗਤੀਹੀਣ ਨਹੀਂ ਹਨ ਅਤੇ ਨਾ ਹੀ ਆਪਣੇ ਅਰਥ ਵਿਚ ਸਥਿਰ ਹਨ। ਇਨ੍ਹਾਂ ਦਾ ਅਰਥ ਪਰਿਵਰਤਨਸ਼ੀਲ ਹੈ ਅਤੇ ਇਹ ਮਾਨਸਿਕ ਤਾਕਤ (Psychic Power) ਦੇ ਵਧਣ ਘਟਣ ਤੇ ਨਿਰਭਰ ਕਰਦਾ ਹੈ। ਲਗਦਾ ਹੈ ਦੇਸ਼-ਕਾਲ ਦਾ ਜੋ ਭੇਦ ਅਸੀਂ ਪਾਇਆ ਹੈ ਇਸ

---

14. Martin Heidegger, Kant and the Problem of Metaphysics (Bloomington, 1972), p. 48.

15. Bertrand Russel, 'Kant's Theory of Space," Metaphysics(ed.) p. 120.

ਬਾਰੇ ਕੁਦਰਤ ਕੁਝ ਨਹੀਂ ਜਾਣਦੀ।[16] ਜੋ ਭੇਦ ਅਸੀਂ ਪਾਉਂਦੇ ਹਾਂ ਇਹ ਸਾਡੀ ਆਪਣੀ ਮਨੋਵਿਗਿਆਨਕ ਖਾਸੀਅਤ ਤੇ ਨਿਰਭਰ ਕਰਦਾ ਹੈ। ਸੋ ਇਸ ਨਾਲ ਇਹ ਸੰਭਾਵਨਾ ਪੈਦਾ ਹੋ ਜਾਂਦੀ ਹੈ ਕਿ ਇਕ ਸਾਧਾਰਣ ਦੇਸ਼-ਕਾਲਿਕ (Spatio - temporal) ਅਨੁਭਵ ਤੋਂ ਬਿਨਾ ਅਨੁਭਵ ਦੇ ਕੁਝ ਹੋਰ ਭੀ ਪੱਧਰ ਹਨ ਜਿਸ ਤਕ ਕਾਂਟ ਨੇ ਗਿਆਨ ਸੀਮਤ ਕਰ ਦਿੱਤਾ ਹੈ। ਜੇ ਸਾਧਾਰਣ ਅਨੁਭਵ ਹੀ ਸਾਰੇ ਅਨੁਭਵਾਂ ਦੀ ਅੰਤਲੀ ਅਵਸਥਾ ਹੋਵੇ ਤਾਂ ਤੱਤ੍ਵ-ਮੀਮਾਂਸਾ ਦੀ ਕੋਈ ਆਵੱਸ਼ਕਤਾ ਨਹੀਂ ਰਹਿੰਦੀ ਪਰ ਐਸਾ ਨਹੀਂ ਹੈ। ਸਾਧਾਰਣ ਅਨੁਭਵ ਦੇ ਪੱਧਰ ਤੋਂ ਉਪਰ ਵੀ ਇਕ ਅਨੁਭਵ ਹੈ ਅਤੇ ਉਹ ਹੈ ! ਰਹੱਸਵਾਦੀ ਅਨੁਭਵ। ਇਹ ਆਪਣੀ ਹੀ ਕਿਸਮ ਦਾ ਬਾਕੀ ਸਾਰੇ ਅਨੁਭਵਾਂ ਨਾਲੋਂ ਵੱਖਰਾ ਅਨੁਭਵ ਹੈ। ਇਹ ਅਨੁਭਵ ਇੰਦ੍ਰਿਆਵੀ ਬੋਧ (Perception) ਅਤੇ ਵਿਚਾਰ (thought) ਦੋਵਾਂ ਨਾਲੋਂ ਵੱਖਰਾ ਹੈ। ਇਹ ਅਨੁਭਵ ਤੱਤ੍ਵ-ਮੀਮਾਂਸਾ ਦੇ ਘੇਰੇ ਵਿਚ ਨਹੀਂ ਆਉਂਦਾ। ਇਹ ਨਿਰੋਲ ਅਧਿਆਤਮਕ ਅਨੁਭਵ ਹੈ, ਜਿਸ ਬਾਰੇ ਵਿਸਤਾਰ ਨਾਲ ਅਸੀਂ ਅਗਲੇਰੇ ਕਾਂਡ ਵਿਚ ਗੱਲ ਕਰਾਂਗੇ।

ਅੰਤਿਮ ਸਤਿ (Ultimate Reality) ਬਾਰੇ ਵਿਸ਼ਵ ਦੀਆਂ ਅਨੇਕ ਅਨੇਕ ਧਾਰਮਿਕ ਪੁਸਤਕਾਂ ਵਿਚ ਬਹੁਤ ਕੁਝ ਕਿਹਾ ਗਿਆ ਹੈ। ਆਪਣੇ ਵਿਸ਼ੇ ਦੀ ਸੀਮਾਂ ਨੂੰ ਪਹਿਚਾਣਦੇ ਹੋਏ, ਅਸੀਂ ਵਧੇਰੇ ਵਿਸਤਾਰ ਵਿਚ ਨਾ ਜਾਂਦੇ ਹੋਏ ਲੋੜ ਅਨੁਸਾਰ, ਵੇਦ, ਉਪਨਿਸ਼ਦਾਂ ਦੇ ਕੁਝ ਹਵਾਲੇ ਦਿੰਦੇ ਹੋਏ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਸ ਅੰਤਿਮ ਸਤਿ ਦੇ ਸਰੂਪ ਬਾਰੇ ਵਿਚਾਰ ਕਰ ਰਹੇ ਹਾਂ।

## 2. ਗੁਰੂ ਰਾਮਦਾਸ ਕਾਵਿ ਵਿਚ ਤੱਤ੍ਵ-ਮੀਮਾਂਸਾ

ਇਕ ਤੱਤ੍ਵ-ਮੀਮਾਂਸੀ ਲਈ ਕੋਈ ਗੱਲ ਗਿਆਨ-ਮੰਡਲ ਦੇ ਅੰਗ ਦੀ ਸਥਿਤੀ ਵਿਚ ਹੀ ਮਹੱਤਵ ਰੱਖਦੀ ਹੈ। ਗੁਰੂ ਰਾਮਦਾਸ ਜੀ ਕੋਈ ਅਜੇਹੇ ਸਿਧਾਂਤਵਾਦੀ ਨਹੀਂ ਸਨ। ਉਨ੍ਹਾਂ ਦਾ ਪ੍ਰਯੋਜਨ ਤਾਂ ਪਰਮਾਤਮਾ ਦੀ ਕ੍ਰਿਪਾ ਦੇ ਫਲ-ਸਰੂਪ ਗੁਰੂ ਦੇ ਦਿਤੇ ਆਤਮਕ ਗਿਆਨ ਰਾਹੀਂ ਪ੍ਰਾਪਤ ਕੀਤੇ ਸੱਚ ਨੂੰ ਆਮ ਪੱਧਰ ਦੀ ਚੇਤਨਾ ਤਕ ਪਹੁੰਚਾਉਣ ਦਾ ਹੈ। ਇਸ ਲਈ ਉਨ੍ਹਾਂ ਨੇ ਪਰਮ-ਸੱਤਾ ਜਾਂ ਬ੍ਰਹਮ ਬਾਰੇ ਵਿਚਾਰ ਵਿਅਕਤ ਕਰਨ ਵਿਚ ਸ਼ੰਕਰਾਚਾਰੀਆ, ਰਾਮਾਨੁਜ ਆਚਾਰੀਆ ਜਾਂ ਪੱਛਮ ਦੇ ਦਾਰਸ਼ਨਿਕਾਂ ਡੇਕਾਰਟੇ, ਸਿਪਨੋਜ਼ਾ, ਲਾਇਬਨਤੇਜ਼, ਹੀਗਲ ਵਾਂਗ ਤਰਕ-ਵਿਤਰਕ, ਪ੍ਰਮਾਣ, ਦ੍ਰਿਸ਼ਟਾਂਤ ਆਦਿ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਬਾਕੀ ਗੁਰੂ-ਕਵੀਆਂ ਵਾਂਗ ਇਹ ਵਿਸ਼ਵਾਸ ਸੀ ਕਿ ਪਰਮ-ਸੱਤਾ ਜਾਂ ਬ੍ਰਹਮ ਬਾਰੇ ਬੁਨਿਆਦੀ ਸਿਆਣਪ ਰਾਹੀਂ ਦੱਸਣਾ ਸੰਭਵ ਨਹੀਂ। ਉਹ ਤੱਤ੍ਵ-ਗਿਆਨੀਆਂ ਵਾਂਗ ਬ੍ਰਹਮ ਨੂੰ ਪ੍ਰਕ੍ਰਿਤੀ, ਆਤਮਾ ਜਾਂ ਇਕਾਈ ਵਿਚ ਵੰਡ ਕੇ ਨਹੀਂ ਵਿਚਾਰਦੇ। ਕੀ ਪਰਮ-ਸੱਤਾ ਪ੍ਰਮਾਣੂ ਰੂਪ ਹੈ ?

---

16. Sullivan, J.W.N., Limitations of Science, (Mentor, 1958), p.55.

ਪ੍ਰਕ੍ਰਿਤੀ ਵਿਚ ਕਿਸ ਮੌੜਨ ਤੋਂ ਬਾਅਦ ਚੇਤਨਾ ਪੈਦਾ ਹੋਈ ? ਪ੍ਰਕ੍ਰਿਤੀ ਦਾ ਕੋਈ ਵੱਖਰਾ ਅਸਤਿਤਵ ਹੈ ਜਾਂ ਨਹੀਂ ? ਸ੍ਰਿਸ਼ਟੀ ਦੀ ਰਚਨਾ ਦਾ ਕੀ ਪ੍ਰਯੋਜਨ ਹੋ ਸਕਦਾ ਹੈ ਆਦਿ ਪ੍ਰਸ਼ਨ ਉਨ੍ਹਾਂ ਲਈ ਚਿੰਤਾ ਦਾ ਕਾਰਣ ਨਹੀਂ ਬਣਦੇ। ਕੀ, ਕਿਵੇਂ ਅਤੇ ਕਿਉਂ ਦਾ ਉੱਤਰ ਪਰਮਾਤਮਾ ਆਪ ਹੀ ਹੈ। ਇਹੀ ਗੁਰੂ ਰਾਮਦਾਸ ਜੀ ਦਾ ਜੀਵਨ ਫ਼ਲਸਫ਼ਾ ਹੈ ਜੋ ਉਨ੍ਹਾਂ ਦੀ ਕਵਿਤਾ ਵਿਚ ਵਿਅਕਤ ਹੋਇਆ ਮਿਲਦਾ ਹੈ। ਉਨ੍ਹਾਂ ਲਈ ਸ੍ਰਿਸ਼ਟੀ ਦੀ ਉਤਪਤੀ, ਵਿਕਾਸ, ਜੀਵ ਅਤੇ ਉਸਦਾ ਪਰਮ-ਸੱਤਾ ਨਾਲ ਜਾਂ ਬ੍ਰਹਮ ਨਾਲ ਸੰਬੰਧ ਆਤਮਕ ਹੈ।

## (ੳ) ਪਰਮ-ਸੱਤਾ ਜਾਂ ਬ੍ਰਹਮ ਦਾ ਸਰੂਪ:

ਭਾਰਤੀ ਦਰਸ਼ਨ ਵਿਚ ਅੰਤਿਮ ਸਤਿ(Ultimate Reality) ਪਰਮ-ਸੱਤਾ, ਬ੍ਰਹਮ ਹੀ ਹੈ।[17] ਉਪਨਿਸ਼ਦਾਂ ਵਿਚ 'ਸਤਿ' ਸ਼ਬਦ ਨੂੰ ਪਾਰਬ੍ਰਹਮ ਦਾ ਹੀ ਵਾਚਕ ਅਰਥ ਮੰਨਿਆ ਗਿਆ ਹੈ।[18]

ਗੁਰੂ ਰਾਮਦਾਸ ਜੀ ਨੇ ਬ੍ਰਹਮ ਦੇ ਪ੍ਰਥਾਇ ਕਈ ਸ਼ਬਦ ਵਰਤੇ ਹਨ ਜਿਵੇਂ:-ਪਾਰਬ੍ਰਹਮ, ਪਰਮੇਸਰ, ਪ੍ਰਭੂ, ਪੁਰਖ, ਪੁਰਖੋਤਮੁ, ਸੁਆਮੀ, ਸਾਹਿਬੁ, ਸਾਹ, ਗੋਵਿੰਦ, ਜਗਦੀਸ, ਨਾਥੁ, ਜਗੰਨਾਥ, ਬਨਵਾਰੀ, ਮੁਰਾਰੀ ਆਦਿ।

## (ਅ) ਨਿਰਗੁਣ ਬ੍ਰਹਮ :

ਗੁਰੂ ਰਾਮਦਾਸ ਜੀ ਦਾ ਇਹ ਵਿਸ਼ਵਾਸ ਹੈ ਕਿ ਉਹ ਪਰਮ-ਸੱਤਾ ਜਾਂ ਬ੍ਰਹਮ ਇਕ ਹੈ, ਅਤੇ ਸਤਿ-ਸਰੂਪ ਹੈ।[19] ਸਤਿ ਤੋਂ ਭਾਵ ਉਹ ਸਦਾ ਵਿਦਮਾਨ ਰਹਿਣ ਵਾਲਾ ਤੱਤ੍ਵ ਹੈ, ਜੋ ਸਾਰੀਆਂ ਥਾਵਾਂ ਤੇ ਪ੍ਰਸਥਿਤੀਆਂ ਵਿਚ ਸਤਿ ਹੀ ਰਹਿੰਦਾ ਹੈ।[20]

'ਬ੍ਰਹਮ' ਸ਼ਬਦ ਦਾ ਨਿਕਾਸ 'ਬ੍ਰਿਹਤੀ' ਧਾਤੂ ਤੋਂ ਹੋਇਆ ਹੈ ਜਿਸ ਦਾ ਭਾਵ ਹੈ ਸਦੀਵੀ ਅਨੰਤਤਾ।[21] ਡਾ: ਰਾਧਾ ਕ੍ਰਿਸ਼ਨਨ ਇਸ ਨੂੰ ਅਰੁਕ ਵਾਧਾ (Ceaseless growth)

---

17. Surinder Singh Kohli,(Dr.), <u>Outlines of Sikh Thought</u>,(N.D.,1966) p.18.
18. ਦਲੀਪ ਸਿੰਘ ਦੀਪ,(ਡਾ:), <u>ਜਪੁਜੀ (ਇਕ ਤੁਲਨਾਤਮਕ ਅਧਿਐਨ)</u>,(ਦਿੱਲੀ,1969),ਪੰ.45.
19. (ੳ) ਓਅੰਕਾਰਿ ਏਕੋ..........................|| (ਰਾਗ ਕਾਨੜਾ, ਆਦਿ ਗ੍ਰੰਥ,ਪੰ. 1310)
    (ਅ) ਤੂ ਸਤਿ ਪਰਮੇਸਰੁ ....................|| (ਰਾਗ ਆਸਾ, ਆਦਿ ਗ੍ਰੰਥ, ਪੰ. 448)
20. ਰਤਨ ਸਿੰਘ ਜੱਗੀ (ਡਾ.) <u>ਗੁਰੂ ਨਾਨਕ ਦੀ ਵਿਚਾਰਧਾਰਾ</u>,(ਦਿੱਲੀ,1969),ਪੰ.126.
21. ਵੇਖੋ, ਦਲੀਪ ਸਿੰਘ ਦੀਪ,(ਡਾ.),<u>ਜਪੁਜੀ (ਇਕ ਤੁਲਨਾਤਮਕ ਅਧਿਐਨ)</u>,ਪੰ.46.

ਦੱਸਦੇ ਹਨ।[22] ਗੁਰੂ ਰਾਮਦਾਸ ਜੀ ਅਨੁਸਾਰ ਪਰਮ-ਸੱਤਾ, ਅਦ੍ਰਿਸ਼ਟ, ਅਗਮ, ਅਗੋਚਰ, ਅਥਾਹ ਅਪਾਰ, ਅਗਾਧ, ਅਰੂਪ, ਅਨੂਪ, ਅਤੁਲ ਅਤੇ ਅਲਖ਼ ਹੈ। ਮਨੁੱਖੀ ਗਿਆਨ-ਇੰਦਰੇ ਨਿਰਹੇ ਹੀ ਇਸ ਤਕ ਪਹੁੰਚ ਨਹੀਂ ਸਕਦੇ।[23] ਉਸਨੂੰ 'ਅਕਲ' ਬੁਧੀ ਤੇ ਦਲੀਲ ਦੇ ਮਾਧਿਅਮ ਰਾਹੀਂ ਜਾਣਿਆ ਨਹੀਂ ਜਾ ਸਕਦਾ। ਉਸ ਬ੍ਰਹਮ ਦੇ ਸਰੂਪ ਬਾਰੇ ਅੰਤਮ ਰੂਪ ਵਿਚ ਕੁਝ ਕਿਹਾ ਨਹੀਂ ਜਾ ਸਕਦਾ।[24] ਉਸਨੂੰ ਨਾ ਤਾਂ ਕਿਸੇ ਆਕਾਰ ਨਾਲ ਮੇਚਿਆ ਜਾਂ ਨਾਪਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਬ੍ਰਹਮੰਡ ਦੇ ਬਾਹਰਲੇ ਰੂਪ ਵਾਂਗ ਸਮਝਿਆ ਜਾ ਸਕਦਾ ਹੈ।[25] ਪੂਰਣ ਰੂਪ ਵਿਚ ਇਸ ਤੱਤ੍ਵ ਦਾ ਕੋਈ ਉਪਯੁਕਤ ਵਿਚਾਰ ਨਹੀਂ ਕਰ ਸਕਦਾ।[26] ਉਪਨਿਸ਼ਦਾਂ ਵਿਚ ਵੀ ਬ੍ਰਹਮ ਦੀ ਏਕਤਾ ਦਾ ਪ੍ਰਤਿਪਾਦਨ ਹੋਇਆ ਹੈ। ਕਠੋਪਨਿਸ਼ਦ ਬ੍ਰਿਹਦਆਰਣਯਕ ਉਪਨਿਸ਼ਦ ਅਨੁਸਾਰ ਪਰਮਾਤਮਾ ਤੋਂ ਬਿਨਾ ਕਿਸੇ ਨਾਨਾਤਵ ਦੀ ਗੁੰਜਾਇਸ਼ ਨਹੀਂ।

"ਨੇਹ ਨਾਨਾਸਿਤ ਕਿੰਚਨ"[27]

ਛਾਂਦੋਗ ਉਪਨਿਸ਼ਦ ਦੇ ਇਹਨਾਂ ਵਿਚਾਰਾਂ ਦੇ ਅਨੁਕੂਲ ਹੀ ਗੁਰੂ ਰਾਮਦਾਸ ਜੀ ਦੇ ਵਿਚਾਰ ਹਨ ਕਿ

---

22. ਵੇਖੋ, [redacted] ਦਲੀਪ ਸਿੰਘ ਦੀਪ (ਡਾ.) ਜਪੁਜੀ (ਇਕ ਤੁਲਨਾਤਮਕ ਅਧਿਐਨ) ਪੰ. ੫੬.
23. (ੳ) ਹਰ ਅਗਮੁ ਅਗੋਚਰੁ ਪਾਰਬ੍ਰਹਮ ਹੈ..........॥ (ਰਾਗ ਗਉੜੀ, ਆਦਿ ਗ੍ਰੰਥ, ਪੰ. 171)
    (ਅ) ਹਰਿ ਅਗਮ ਅਗਮ ਅਗਾਧਿ ਬੋਧਿ......॥੧॥ (ਰਹਾਉ॥ (ਰਾਗ ਮਾਲੀ ਗਉੜੀ, ਆਦਿ ਗ੍ਰੰਥ, ਪੰ. ੯੮੫.
    (ੲ) ਤੁਮ ਵਡ ਅਗਮ ਅਗਾਧਿ ਬੋਧਿ................॥ (ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1336)
    (ਸ) ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ॥
    (ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1114)
    (ਹ) ਤੂੰ ਅਲਖ ਅਭੇਉ ਅਗੰਮੁ.........................॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ.1114)
    (ਕ) ਤੂੰ ਸਚਾ ਸਾਹਿਬੁ ਅਲਖੁ ..............॥ 14 ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)
    (ਖ) ਤਾ ਕੀ ਗਤਿ ਕਹੀ ਨ ਜਾਈ.................॥ (ਰਾਗ ਆਸਾ, ਆਦਿ ਗ੍ਰੰਥ, ਪੰ. 448)
    (ਗ) ਅਗਮ ਅਗੋਚਰ ਮਿਤਿ ਨਹੀਂ ਪਾਈ॥ (ਰਾਗ ਮਾਝ, ਆਦਿ ਗ੍ਰੰਥ, ਪੰ. 130)
24. (ੳ) ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ..............48॥6॥ਛਕਾ॥
    (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.541)
    (ਅ) ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਪ ਵਖਾਣੈ॥
    (ਰਾਗ ਆਸਾ, ਆਦਿ ਗ੍ਰੰਥ, ਪੰ.448)
25. (ੳ) ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰਿ॥ 18॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.555)
    (ਅ) ਵੇਪਰਵਾਹੁ ਅਥਾਹੁ ਅਤੁਲ ਕਿਉ ਤੁਲੀਐ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 304)
26. ਪੀਤਾਂਬਰ ਬੜਥਵਾਲ (ਡਾ.), ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਇ, (ਲਖਨਊ ਮਿਤੀਹੀਨ), ਪੰ.76.
27. ਵੇਖੋ, ਜੈ ਰਾਮ ਮਿਸ਼ਰ (ਡਾ.), ਸ੍ਰੀ ਗੁਰੂ ਗ੍ਰੰਥ-ਦਰਸ਼ਨ, (ਇਲਾਹਾਬਾਦ, 1960), ਪੰ.62.

ਪਰਮਾਤਮਾ ਤੋਂ ਬਿਨਾਂ ਕੋਈ ਦੂਜੀ ਵਸਤੂ ਹੈ ਹੀ ਨਹੀਂ ਜਿਸ ਨੂੰ ਉਸਦੀ ਬਰਾਬਰੀ ਦੇ ਕੇ ਉਸ ਵਰਗੀ ਜਾਂ ਉਸ ਦੇ ਤੁਲ ਬਿਆਨ ਕੀਤਾ ਜਾ ਸਕੇ।[28] ਉਪਨਿਸ਼ਦਾਂ ਵਿਚ ਵੀ ਬ੍ਰਹਮ ਦੇ ਇਸ ਸਰੂਪ ਦੀ ਸਥਾਪਨਾ ਹੋਈ ਹੈ ਅਤੇ ਬ੍ਰਹਮ ਦੇ ਵਿਅਕਤ, ਅਵਿਅਕਤ, ਨਿਰਗੁਣ, ਨਿਰੰਕਾਰ, ਅਜਨਮਾ, ਅਕਰਤਾ ਆਦਿ ਸਰੂਪ ਦੱਸੇ ਗਏ ਹਨ।[29]

ਗੁਰੂ ਰਾਮਦਾਸ ਜੀ ਇਕ ਤੰਤ੍ਰ-ਮੀਮਾਂਸੀ ਤੋਂ ਉਲਟ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲੇ ਭਗਤ ਕਵੀ ਸਨ। ਉਹ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਜ਼ਿਕਰ ਕਰਦੇ ਹੋਏ ਉਸ ਲਈ ਨਿਰਭਉ, ਨਿਰਵੈਰ, ਅਬਿਨਾਸ਼ੀ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ। ਗੁਰੂ ਰਾਮਦਾਸ ਜੀ ਅਨੁਸਾਰ ਬ੍ਰਹਮ ਜਾਂ ਪਰਮ-ਸੱਤਾ ਸਦਾਥਿਰ ਤੇ ਕਾਲ ਰਹਿਤ ਹੈ। ਪਰਮਾਤਮਾ ਦੇ ਇਸ ਰੂਪ ਨੂੰ ਪ੍ਰਗਟਾਉਣ ਲਈ ਉਹ 'ਅਮਰੁ', 'ਅਬਿਨਾਸ਼ੀ' ਆਦਿ ਸ਼ਬਦ ਰੂਪਾਂ ਦੀ ਵਰਤੋਂ ਕਰਦੇ ਹਨ।[30] ਪਰਮ ਸੱਤਾ ਆਦਿ-ਰਹਿਤ ਹੈ। ਕਿਉਂਕਿ ਜਿਸ ਦਾ ਆਦਿ ਹੋਵੇ ਉਸਦਾ ਅੰਤ ਅਵੱਸ਼ ਹੈ। ਇਸ ਲਈ ਉਹ ਦੋਵਾਂ ਸਿਰਿਆਂ ਤੋਂ ਕਾਲ ਸੁਤੰਤਰ ਹੈ।[31] ਉਪਨਿਸ਼ਦਾਂ ਵਿਚ ਵੀ ਪਰਮ-ਸਤਾ ਨੂੰ ਕਾਲ ਤੋਂ ਪਰ੍ਹੇ ਮੰਨਿਆ ਗਿਆ ਹੈ।[32]

---

28. (ੳ) ਤੇਰਾ ਸਰੀਕੁ ਕੋ ਨਹੀ ਜਿਸ ਨੋ ਲਵੈ ਲਾਇ ਸੁਣਾਈਐ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 301)
    (ਅ) [redacted], ਜਿਸ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ॥੧॥ ਰਹਾਉ॥
    (ਰਾਗ ਤਿਲੰਗ, ਆਦਿ ਗ੍ਰੰਥ, ਪੰ. 723)
29. ਰਤਨ ਸਿੰਘ ਜੱਗੀ (ਡਾ:) ਗੁਰੂ ਨਾਨਕ ਦੀ ਵਿਚਾਰਧਾਰਾ, ਪੰ. 115.
30. (ੳ) ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.301)
    (ਅ) ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ॥
    (ਰਾਗ ਆਸਾ, ਆਦਿ ਗ੍ਰੰਥ, ਪੰ. 448)
    (ੲ) ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ॥
    (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 302)
    (ਸ) ਨਿਰਭਉ ਨਿਰੰਕਾਰਿ ਸਤਿਨਾਮੁ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 998)
    (ਹ) ਹਰਿ ਅਗਮ ਅਗੋਚਰੁ ਸਦਾ ਅਬਿਨਾਸੀ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 1070)
    (ਕ) ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ॥੩॥
    (ਰਾਗ ਆਸਾ, ਆਦਿ ਗ੍ਰੰਥ, ਪੰ.448)
31. ਸਤਿਬੀਰ ਸਿੰਘ, ਜਪੁ ਤੇ ਉਹਦੇ ਪੱਖ, (ਜਲੰਧਰ, 1971), ਪੰ. 13.
32. ਭਗਤ ਸਿੰਘ ਹੀਰਾ, ੴ ਦਰਸ਼ਨ, (ਨਵੀਂ ਦਿੱਲੀ, 1977), ਪੰ. 91.

ਬ੍ਰਿਹਦਆਰਣਯਕ ਉਪਨਿਸ਼ਦ ਵਿਚ ਬ੍ਰਹਮ ਨੂੰ 'ਅਭਯ' ਕਿਹਾ ਗਿਆ ਹੈ।[33] 'ਅਭਯ' ਜਾਂ ਅਭਯ 'ਨਿਰਭਉ' ਸ਼ਬਦ ਦੇ ਸਮਾਨਾਰਥਕ ਹੈ।[34] ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਵੀ ਪਰਮ-ਸੱਤਾ ਜਾਂ ਪਰਮਾਤਮਾ ਨੂੰ ਨਿਰਭਉ, ਨਿਰਵੈਰ, ਬੇਪਰਵਾਹ, ਅਥਾਹ ਅਤੋਲ ਅਤੇ ਅਭੁਲ ਆਦਿ ਦੇ ਲੱਛਣਾਂ ਰਾਹੀਂ ਜਾਣਿਆ ਗਿਆ ਹੈ।[35]

## (ੲ) ਨਿਰਗੁਣ-ਸਗੁਣ ਬ੍ਰਹਮ:

ਉਪਰੋਕਤ ਚਰਚਾ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਨਿਰੂਪਤ ਪਰਮ-ਸੱਤਾ ਜਾਂ ਬ੍ਰਹਮ ਦੇ ਨਿਰਗੁਣ ਸਰੂਪ ਬਾਰੇ ਕੀਤੀ ਗਈ ਹੈ। ਭਾਵੇਂ ਨਿਰਗੁਣ ਦਾ ਸ਼ਾਬਦਿਕ ਅਰਥ ਬਿਨਾਂ ਸਿਫ਼ਤ ਜਾਂ ਗੁਣਹੀਨ ਹੈ।[36] ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਹ ਆਪਣੇ ਪਰਿਭਾਸ਼ਕ ਅਰਥਾਂ ਵਿਚ ਗੁਣ ਅਤੀਤ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਇਸ ਦਾ ਅਰਥ ਮਾਇਆ ਦੇ ਸਤ ਰਜ ਅਤੇ ਤਮ ਗੁਣਾਂ ਤੋਂ ਰਹਿਤ ਹੋਣਾ ਹੈ। ਗੁਰੂ ਰਾਮਦਾਸ ਇਸ ਲਈ ਨਿਰੰਜਨ ਪਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਅਨੁਸਾਰ ਬ੍ਰਹਮ ਜਾਂ ਪਰਮਾਤਮਾ ਦਾ ਨਿਰਗੁ, ਨਿਰਾਕਾਰ ਰੂਪ ਵੀ ਸਗੁਣ ਸੰਪੰਨ ਹੈ। ਕਿਉਂਕਿ ਉਸ ਨਿਰਾਕਾਰ ਸਦ-ਥਿਰ ਵਿਆਪਕ ਪਰਮ-ਸੱਤਾ ਦੀ ਜੋਤਿ ਹੀ ਸ੍ਰਿਸ਼ਟੀ ਵਿਚ ਵਿਦਮਾਨ ਹੈ।[37] ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਪਰਮਾਤਮਾ ਬੇਅੰਤ ਗੁਣਾਂ ਦਾ ਧਾਰਣੀ ਹੈ।[38]

ਬ੍ਰਹਮ ਜਾਂ ਪਰਮ-ਸਤਾ ਜੋ ਕਾਲ-ਰਹਿਤ ਕਾਲ ਤੋਂ ਪਰ੍ਹੇ, ਨਿਰਾਕਾਰ ਹੈ, ਨੂੰ ਇਕ ਅਧਿਆਤਮਵਾਦੀ ਇਕ ਸਰੂਪ ਵਿਚ ਕਿਸਤਰ੍ਹਾਂ ਚਿਤਵਦਾ ਅਤੇ ਪ੍ਰਤਖ ਦੇਖਦਾ ਹੈ, ਇਹ ਹੀ ਧਰਮ ਜਾਂ ਰਹੱਸਵਾਦੀ ਅਨੁਭਵ ਦਾ ਖੇਤਰ ਹੈ, ਜਿਸ ਬਾਰੇ ਅਸੀਂ ਅਗਲੇਰੇ ਕਾਂਡ ਵਿਚ ਚਰਚਾ ਕਰਾਂਗੇ। ਗੁਰੂ ਰਾਮਦਾਸ ਜੀ ਪਰਮ-ਸੱਤਾ ਦੇ ਅਨੇਕਤਵ ਵਿਚੋਂ ਏਕਤਾ ਦਾ ਬੋਧ ਰਖਣ ਵਾਲੇ ਰਹੱਸਵਾਦੀ ਕਵੀ ਹਨ। ਉਹ ਲਿਖਦੇ ਹਨ:—

ਸਹਜ ਮੂਰਤਿ ਏਕੋ ਪ੍ਰਭੁ ਠਾਕੁਰੁ..................॥
(ਰਾਗ ਨਟ ਨਾਰਾਇਨ, ਅਸਟਪਦੀਆਂ, ਆਦਿ ਗ੍ਰੰਥ, ਪੰ. 980)

---

33. ~~ਉਹੀ, ਉਹੀ, ਪੰ. 91.~~ ਤਗਤ ਸਿੰਘ ਗੋਰਾ, ਉ ਦਰਸ਼ਨ, ਪ. ੧੧.
34. ਜੈ ਰਾਮ ਮਿਸ਼ਰ (ਡਾ:) ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ. 68.
35. (ੳ) ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 304)
    (ਅ) ਆਪਿ ਅਭੁਲੁ ਨ ਭੁਲੈ ਕਬਹੀ..........॥ (ਬਿਹਾਗੜਾ ਕੀ ਵਾਰ, ਆਦਿ ਗ੍ਰੰਥ, ਪੰ. 553)
36. ਕਾਹਨ ਸਿੰਘ, (ਭਾਈ), ਮਹਾਨ ਕੋਸ਼, (ਪਟਿਆਲਾ, 1974), ਪੰ. 710.
37. ਅਲਖ ਨਿਰੰਜਨੁ ਏਕੋ ਵਰਤੈ ਏਕੋ ਜੋਤਿ ਮੁਰਾਰੀ॥ (ਰਾਗ ਗੂਜਰੀ, ਆਦਿ ਗ੍ਰੰਥ, ਪੰ. 507)
38. ਤੂੰ ਪਾਰਬ੍ਰਹਮ, ਬੇਅੰਤੁ ਬੇਅੰਤ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥
    (ਰਾਗ ਆਸਾ, ਆਦਿ ਗ੍ਰੰਥ, ਪੰ. 348)

ਇਥੇ ਹੀ ਉਹ ਤੰਤ੍ਰ-ਮੀਮਾਂਸੀ ਵਿਚਾਰਕਾਂ ਤੋਂ ਅਲੱਗ ਪੱਧਰ ਤੇ ਵਿਚਾਰ ਸਥਾਪਤ ਕਰਦੇ ਹਨ। 'ਮੂਰਤਿ' ਪਦ ਬ੍ਰਹਮ ਦੇ ਸਰਗੁਣੀ ਪੱਖ ਨਾਲ ਸੰਬੰਧ ਰਖਦਾ ਹੈ।[39] ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦਾ ਇਹ ਸਰੂਪ ਸਿਰਜਕ ਅਤੇ ਨਾਸ਼ਕ ਦਾ ਹੈ।[40] ਉਨ੍ਹਾਂ ਦੀ ਕਵਿਤਾ ਵਿਚ ਪਰਮ-ਸੱਤਾ ਦੇ ਕਰਤਾਰੀ ਸਰੂਪ ਉਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਉਪਨਿਸ਼ਦਾਂ ਵਿਚ ਵੀ ਥਾਂ ਥਾਂ ਤੇ ਪਰਮਾਤਮਾ ਨੂੰ ਕਰਤਾ ਕਿਹਾ ਗਿਆ ਹੈ ਅਰਥਾਤ ਉਹ ਪਰਮਾਤਮਾ ਕਰਤਾ ਹੈ, ਈਸ਼ਵਰ ਹੈ, ਪੁਰਸ਼ ਹੈ ਅਤੇ ਬ੍ਰਹਮਾ ਦਾ ਵੀ ਉਤਪਤੀ ਸਥਾਨ ਹੈ।[41] ਵੇਦਾਂਤ ਅਨੁਸਾਰ ਜਦੋਂ ਨਿਰਗੁਣ ਬ੍ਰਹਮ ਸਗੁਣ ਵਿਚ ਵਟਦਾ ਹੈ ਤਾਂ ਰਚਨਾ ਹੁੰਦੀ ਹੈ। ਬ੍ਰਹਮ ਦੇ ਕਰਤਾ ਰੂਪ ਨੂੰ ਹੀ ਸ਼ੰਕਰਾਚਾਰੀਆ ਨੇ ਈਸ਼ਵਰ ਕਿਹਾ ਹੈ।[42] ਗੁਰੂ ਰਾਮਦਾਸ ਜੀ ਅਨੁਸਾਰ ਨਿਰਾਕਾਰ ਪਰਮਾਤਮਾ ਆਪ ਹੀ ਆਪਣੇ ਆਪ ਨੂੰ ਰਚਣ ਵਾਲਾ ਹੈ।[43] ਉਸਨੂੰ ਸਥਾਪਤ ਕਰਨ ਵਾਲਾ ਕੋਈ ਹੋਰ ਨਹੀਂ ਉਹ ਆਪ ਹੀ ਹੈ:-

ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ॥

(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ. 59 2)

ਉਨ੍ਹਾਂ ਅਨੁਸਾਰ ਪਰਮਾਤਮਾ ਦਾ ਇਹ ਸਰੂਪ ਕਰਤਾ ਪੁਰਖ ਦਾ ਹੈ। ਜਿਸਰੇ ਹੀ ਇਹ ਸਰੂਪ ਸਾਂਖ-ਵਾਦੀਆਂ ਦੇ ਦ੍ਵੈਤ-ਸਿਧਾਂਤ ਪ੍ਰਕ੍ਰਿਤੀ ਅਤੇ ਪੁਰਖ ਤੋਂ ਵਖਰਾ ਹੈ।

ਗੁਰੂ ਰਾਮਦਾਸ ਜੀ ਉਸ ਪਰਮਾਤਮਾ ਨੂੰ ਸ੍ਰਿਸ਼ਟੀ ਦੇ ਰਚਨਹਾਰ ਆਦਿ ਪੁਰਖ ਦੇ ਰੂਪ ਵਿਚ ਚਿਤਵਦੇ ਹਨ।[44] ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਵਿਅਕਤ ਹੋਇਆ ਆਦਿ ਪੁਰਖ ਨਾਲ

---

39. ਭਗਤ ਸਿੰਘ ਹੀਰਾ, ੬ ਦਰਸ਼ਨ, ਪੰ. 100
40. ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ॥ (ਸਿਰੀ ਰਾਗ, ਆਦਿ ਗ੍ਰੰਥ, ਪੰ. 82)
41. ਜੈ ਰਾਮ ਮਿਸ਼ਰ (ਡਾ.) ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨੇ 65-66.
42. ਸਤਿਬੀਰ ਸਿੰਘ, ਜਪੁ ਤੇ ਉਹਦੇ ਪੱਖ, ਪੰ. 11.
43. ਆਪਿ ਨਿਰੰਕਾਰਿ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 551)
44. (ੳ) ਆਦਿ ਪੁਰਖੁ ਅਪਰੰਪਰੁ ਆਪੈ॥
    ਆਪੇ ਥਾਪੇ ਥਾਪਿ ਉਥਾਪੈ॥ (ਰਾਗ ਮਾਝ, ਆਦਿ ਗ੍ਰੰਥ, ਪੰ. 129)
    (ਅ) ਤੁਮ ਵਡ ਪੁਰਖ ਵਡ ਅਗਮ ਅਗੋਚਰ ਤੁਮ ਆਪੇ ਆਪਿ ਅਪਾਰੀ॥
    (ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)
    (ੲ) ਤੂੰ ਘਟਿ ਘਟਿ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥
    (ਰਾਗ ਆਸਾ, ਆਦਿ ਗ੍ਰੰਥ, ਪੰ. 348)
    (ਸ) ਜੇਤਾ ਜੀਉ ਪਿੰਡੁ ਸਭ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ॥
    (ਰਾਗ ਸੂਹੀ, ਆਦਿ ਗ੍ਰੰਥ, ਪੰ. 734)

ਜੋਗੀਆਂ ਦਾ ਆਦਿ ਪੁਰਖ 'ਸ਼ੰਕਰ' ਨਹੀਂ, ਪਰ ਸ਼ੰਕਰ ਨੂੰ ਵੀ ਰਚਣ ਵਾਲਾ ਪਰਮਾਤਮਾ ਆਪ ਹੈ ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਵੇਦ-ਬ੍ਰਹਮਾ ਦਾ ਵੀ ਉਹ ਉਤਪਤੀ ਸਥਾਨ ਹੈ।[45]

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਸਰਬ-ਸ਼ਕਤੀਮਾਨ ਹੀ ਨਹੀਂ ਸਗੋਂ ਕਰਤਾ-ਪੁਰਖ ਅੰਤਰਜਾਮੀ, ਰੋਜ਼ੀ, ਸੁਘੜੁ, ਸੁਜਾਣੁ, ਦਿਆਲੂ, ਦਾਤਾ, ਪ੍ਰਿਤਪਾਲਕ, ਆਸਰਾ, ਦੁਖ ਹਰਤਾ, ਹਾਕਮ, ਸਾਹਿਬੁ, ਠਾਕੁਰ, ਧਨੀ, ਸ਼ਾਹ ਅਤੇ ਸੁਆਮੀ ਹੈ। ਗੁਰੂ ਰਾਮਦਾਸ ਜੀ ਦੀ ਧਾਰਣਾ ਅਨੁਸਾਰ ਪਰਮਾਤਮਾ ਸਰਬ-ਗੁਣ ਸੰਪੰਨ ਹੈ। ਉਹ ਸਭ ਵਿਚ ਵਿਆਪਤ ਹੋ ਕੇ ਵੀ ਸਭ ਤੋਂ ਬਾਹਰ ਹੈ।[46] ਤੱਤ੍ਵ-ਮੀਮਾਂਸੀ ਪਰਮਾਤਮਾ ਦੇ ਅਵਿਅਕਤ ਰੂਪ ਨਾਲ ਹੀ ਸੰਤੁਸ਼ਟ ਰਹਿੰਦੇ ਹਨ। ਬ੍ਰਹਮ ਦੇ ਅਦ੍ਵੈਤ-ਤਤ੍ਵ ਨੂੰ ਤਾਂ ਉਹ ਮੰਨਦੇ ਹਨ ਅਤੇ ਉਸ ਸ਼ਕਤੀ ਜਾਂ ਤੱਤ ਨੂੰ ਜਾਣਦੇ ਹਨ ਜੋ ਸਾਰੀ ਉਤਪਤੀ ਦਾ ਆਧਾਰ ਹੈ ਜਿਸਨੂੰ ਸੰਕਰਾਚਾਰੀਆ ਮਾਇਆ ਅਤੇ ਬਰੈਡਲੇ ਅਪੀਅਰੈਂਸ (Appearance) ਕਹਿੰਦਾ ਹੈ। ਤਤ੍ਵ-ਮੀਮਾਂਸੀ ਜੀਵ-ਆਤਮਾ ਨੂੰ ਵਾਸਤਵਿਕ ਨਹੀਂ ਮੰਨਦੇ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਹ ਵਿਚਾਰ ਉਭਰ ਕੇ ਆਉਂਦਾ ਹੈ ਕਿ ਨਿਰਾਕਾਰ ਨਿਰੰਜਨ ਸੱਤਾ ਆਪਣੇ ਆਪ ਵਿਚੋਂ ਹੀ ਜੀਵ-ਆਤਮਾਵਾਂ ਪ੍ਰਗਟ ਕਰਦੀ ਹੈ ਅਤੇ ਉਨ੍ਹਾਂ ਵਿਚ ਵਿਆਪਤ ਹੋ ਕੇ ਉਹਨਾਂ ਤੋਂ ਬਾਹਰ ਰਹਿੰਦੀ ਹੈ। ਇਹ ਉਸਦੀ ਅੰਤਰਯਾਮਤਾ ਤੇ ਸੂਖਮ ਸਿਆਣਪਤਾ ਹੈ ਕਿ ਇਹ ਕਾਰਜ ਉਸ ਲਈ ਇਕ ਖੇਡ, ਇਕ ਰੋਜ਼ ਦੀ ਤਰ੍ਹਾਂ ਹੈ। ਇਹ ਹੀ ਉਸਦੇ ਅਨਾਦਿ ਗੁਣਾਂ ਦਾ ਕਰਤੱਵ ਹੈ। ਅਪੇਖ ਵਾਸਤਵਿਕ ਸੱਤਾ (Absolute Reality) ਦਾ ਆਪਣੇ ਆਪ ਨੂੰ ਕਾਲਿਕ ਅਸਥਾਈ ਸਾਪੇਖਕ ਕੇਂਦਰਾਂ (Finite transitory relative objects) ਦੀ ਅਵਚੇਤਨਾ ਵਿਚ ਵੰਡ ਕੇ ਭਾਵ ਦ੍ਵੈਤ ਭਾਵ ਵਿਚ ਉਤਪੰਨ ਹੋ ਕੇ ਆਪਣੇ ਅਦ੍ਵੈਤ ਭਾਵ ਨੂੰ ਕਾਇਮ ਰਖਣਾ ਹੀ ਅਜਿਹੀ ਇੱਛਾ-ਸ਼ਕਤੀ 'ਹੁਕਮ' ਹੈ ਜੋ ਸਿਰਫ਼ ਉਸਦੇ ਹਿੱਸੇ ਹੀ ਆਈ ਹੈ, ਹੋਰ ਕਿਸੇ ਦੇ ਨਹੀਂ। ਇਹ ਪਰਮ-ਸੱਤਾ, ਪਰਮਾਤਮਾ, ਵਸਤੂਗਤ ਜਗਤ ਦਾ ਆਧਾਰ ਬਣਦੀ ਹੈ। ਉਹ ਪਰਮ-ਸੱਤਾ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ, ਸਾਹਿਬੁ, ਠਾਕੁਰ, ਧਨੀ, ਸ਼ਾਹ ਅਤੇ ਸੁਆਮੀ ਦੇ ਰੂਪਾਂ ਵਿਚ ਵਿਅਕਤ ਹੋਈ

---

45. (ੳ) ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1115)
(ਅ) ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ॥
(ਬਿਹਾਗੜਾ ਕੀ ਵਾਰ, ਆਦਿ ਗ੍ਰੰਥ, ਪੰ. 551)

46. ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥
ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥ (ਵਾਰ ਬਿਹਾਗੜਾ, ਆਦਿ ਗ੍ਰੰਥ, ਪੰ. 555)

ਮਿਲਦੀ ਹੈ। ਇਥੇ ਇਕ ਭੁਲੇਖਾ ਦੂਰ ਕਰ ਦੇਣਾ ਜ਼ਰੂਰੀ ਹੋਵੇਗਾ ਕਿ ਪਰਮਾਤਮਾ ਸਰਗੁਣ ਰੂਪ ਅਖ-ਤਿਆਰ ਕਰਕੇ ਆਪਣੀ ਨਿਰਗੁਣੀ ਅਵਸਥਾ ਤੋਂ ਬਾਹਰ ਨਹੀਂਆਉਂਦਾ।[47]

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਸੇ ਲਈ ਅਦ੍ਵੈਤ ਅਤੇ ਦ੍ਵੈਤ ਦੀ ਕੋਈ ਸਿਧਾਂਤਕ ਰੇਖਾ ਖਿਚਣੀ ਅਸੰਭਵ ਜਾਪਦੀ ਹੈ ਕਿਉਂਕਿ ਉਹ ਦ੍ਵੈਤਤਵ ਦਾ ਸੋਮਾ ਬ੍ਰਹਮ ਨੂੰ ਮੰਨਕੇ ਜਦ ਉਹ ਉਸਨੂੰ ਦਿਆਲੂ, ਦਾਤਾ, ਪ੍ਰਿਤਪਾਲਕ, ਆਸਰਾ ਦੁਖਹਰਤਾ ਦੇ ਰੂਪ ਵਿਚ ਪ੍ਰਗਟ ਕਰਦੇ ਹਨ ਤਾਂ ਉਥੇ ਪਰਮ-ਸੱਤਾ ਆਪਣੇ ਨਿਰਗੁਣੀ ਰੂਪ ਵਿਚ ਨਹੀਂ ਰਹਿੰਦੀ। ਉਹ ਇਕ ਕਰਤਾ - ਪੁਰਖ ਦੇ ਰੂਪ ਵਿਚ ਮਨੁੱਖੀ ਬੁਧੀ ਵਿਚ ਸੰਕਲਪ-ਬਧ ਹੁੰਦੀ ਹੈ ਕਿਉਂਕਿ ਇਕ ਤੱਤ੍ਵ-ਮੀਮਾਂਸੀ ਪਰਮ-ਸੱਤਾ ਸਾਪੇਖ-ਸੱਤਾ (Absolute Reality) ਜਾਂ ਬ੍ਰਹਮ ਨੂੰ ਇਕ ਕਰਤਾ ਪੁਰਖ, ਮਾਲਕ, ਦਿਆਲੂ ਆਦਿ ਰੂਪ ਵਿਚ ਧਰਮ ਦੇ ਵਿਸ਼ਵਾਸ ਤੋਂ ਬਿਨਾਂ ਨਹੀਂ ਚਿਤਵ ਸਕਦਾ।

ਗੁਰੂ ਰਾਮਦਾਸ ਜੀ ਅਨੁਸਾਰ ਜੀਵ-ਆਤਮਾ ਅਤੇ ਪਰਮਾਤਮਾ ਵਿਚ ਕੋਈ ਤਾਤਵਿਕ ਭੇਦ ਨਹੀਂ। ਇਹ ਦ੍ਰਿਸ਼ਟਮਾਨ ਸੰਸਾਰ ਉਸਦਾ ਮਾਇਆ ਰੂਪ ਹੀ ਹੈ। ਜਿਸ ਵਿਚ ਉਸਦੀ ਜੋਤੀ ਵਿਦਮਾਨ ਹੈ।[48] ਉਹ ਬ੍ਰਹਮ ਜਾਂ ਪਰਮਾਤਮਾ ਦੇ ਇਸ ਅਦ੍ਵੈਤ ਦ੍ਵੈਤ ਨੂੰ ਅਨੇਕ ਅਨੇਕ ਰੂਪਕਾਂ ਰਾਹੀਂ ਬੜੇ ਸੁਚੱਜੇ ਢੰਗ ਨਾਲ ਪ੍ਰਗਟ ਕਰਦੇ ਹਨ। ਇਨ੍ਹਾਂ ਰੂਪਕਾਂ ਵਿਚੋਂ ਪ੍ਰਮੁੱਖ, ਜੋਗੀ ਦੀ ਤਾੜੀ ਲਾਉਣਾ[49] ਮੱਛੀ ਜਲ

---

47. (ੳ) ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ॥ (ਰਾਗ ਬਿਹਾਗੜਾ, ਆਦਿ ਗ੍ਰੰਥ,ਪੰ.554)

(ਅ) ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ॥ (ਰਾਗ ਬਿਹਾਗੜਾ, ਆਦਿ ਗ੍ਰੰਥ,ਪੰ.553)

(ੲ) ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਸਾਰਾ॥
(ਰਾਗ ਬੈਰਾੜੀ, ਆਦਿ ਗ੍ਰੰਥ,ਪੰ. 720)

(ਸ) ਆਪੇ ਸਾਹਿਬ ਆਪੇ ਹੈ ਰਾਖਾ ਆਪੇ ਰਹਿਆ ਸਮਾਏ॥ (ਰਾਗ ਬਿਹਾਗੜਾ, ਆਦਿ ਗ੍ਰੰਥ,ਪੰ.5 54)

(ਹ) ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ॥ (ਰਾਗ ਆਸਾ, ਆਦਿ ਗ੍ਰੰਥ,ਪੰ.442)

(ਕ) ਸਚੁ ਸਾਹਿਬ ਸਚਾ ਖੇਲ ਸਭੁ ਹਰਿ ਧਨੀ॥14॥ (ਰਾਗ ਤਿਲੰਗ, ਆਦਿ ਗ੍ਰੰਥ,ਪੰ. 7[illegible])

(ਖ) ਤੂੰ ਅਪਰੰਪਰ ਸੁਆਮੀ ਅਤਿ ਅਗਾਹੁ॥ (ਰਾਗ ਕਾਨੜਾ, ਆਦਿ ਗ੍ਰੰਥ,ਪੰ.1297)

48. ਆਪੇ ਦੀਪ ਲੋਅ ਦੀਪਾਰਾ॥ (ਰਾਗ ਜੈਤਸਰੀ, ਆਦਿ ਗ੍ਰੰਥ,ਪੰ.699)

49. ਹਰਿ ਆਪੇ ਜੋਗੀ ਡੰਡਾਧਾਰੀ॥
ਹਰਿ ਆਪੇ ਰਵਿ ਰਹਿਆ ਬਨਵਾਰੀ॥
ਹਰਿ ਆਪੇ ਤਪੁ ਤਾਪੈ ਲਾਇ ਤਾੜੀ॥੧॥ (ਰਾਗ ਗਉੜੀ, ਆਦਿ ਗ੍ਰੰਥ,ਪੰ.165)

ਅਤੇ ਜਾਲ,[50] ਅਤੇ ਕੰਵਲ,[51] ਤੀਰਥ ਅਤੇ ਤੁਲਹੜਾ[52] ਅਤੇ ਧਰਤੀ ਤੇ ਹਾਲੀ[53] ਹਨ, ਜਿਨ੍ਹਾਂ ਰਾਹੀਂ ਪਰਮਾਤਮਾ ਦੇ ਅਦ੍ਵੈਤ ਤੱਤ੍ਵ ਨੂੰ ਪ੍ਰਗਟ ਕੀਤਾ ਗਿਆ ਹੈ।

<u>(ਅ) ਸ੍ਰਿਸ਼ਟੀ - ਵਿਧਾਨ:</u>

<u>(ੳ) ਵੈਦਿਕ ਅਤੇ ਪੱਛਮੀ ਪਰੰਪਰਾ:</u>

ਵੈਦਿਕ ਕਾਲ ਵਿਚ ਸ੍ਰਿਸ਼ਟੀ ਦੇ ਮੂਲ ਬਾਰੇ ਅਨੇਕਾਂ ਮਿਥਿਹਾਸਕ ਕਥਾਵਾਂ ਪ੍ਰਚਲਿਤ ਸਨ। ਵੈਦਿਕ ਯੁਗ ਵਿਚ ਅਜਿਹਾ ਮੰਨਿਆ ਗਿਆ ਕਿ ਇੰਦਰ, ਸੋਮ, ਅਗਨੀ ਆਦਿ ਦੇਵਤਿਆਂ ਨੇ ਰਲ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ। 'ਅਦਿੱਤੀ ਅਤੇ ਦਕਸ਼' ਦੀ ਕਥਾ ਪ੍ਰਚਲਿਤ ਰਹੀ। ਇਸੇ ਤਰ੍ਹਾਂ ਵੇਦਾਂ ਦੇ ਬ੍ਰਾਹਮਣ ਤੇ ਉਪਨਿਸ਼ਦ ਭਾਗਾਂ ਵਿਚ 'ਪਰਜਾਪਤੀ' ਦੀਆਂ ਸ੍ਰਿਸ਼ਟੀ ਰਚਨਾ ਬਾਰੇ ਕਥਾਵਾਂ ਪ੍ਰਚਲਿਤ ਰਹੀਆਂ। ਵੈਸ਼ੇਸਿਖ ਸਾਸ਼ਤ੍ਰ ਦੇ ਅਣੂਆਂ ਪ੍ਰਮਾਣੂਆਂ ਦੇ ਸੰਜੋਗ ਸਿਧਾਂਤ, ਬੁੱਧ ਮਤ ਦੀ ਤ੍ਰਿਸ਼ਨਾ ਅਤੇ ਇਸਤਰ੍ਹਾਂ ਹੀ ਸਾਂਖ ਸ਼ਾਸਤਰ ਵਿਚ ਸ੍ਰਿਸ਼ਟੀ ਦੇ ਉਤਪਤੀ ਦੇ ਸਿਧਾਂਤ ਪੇਸ਼ ਹੋਏ। ਭਾਵ ਇਹ ਹੈ ਕਿ ਵਿਸ਼ਵ ਦੇ ਹਰ ਖੇਤਰ ਵਿਚ ਮਿਥਿਹਾਸ, ਧਰਮ, ਅਤੇ ਸਾਇੰਸ ਕੋਲ ਸ੍ਰਿਸ਼ਟੀ ਦੇ ਰਚਨਾ ਬਾਰੇ ਅਨੇਕਾਂ ਕਥਾਵਾਂ ਸਿਧਾਂਤ ਅਤੇ ਕਿਆਸ ਹਨ।

ਪੱਛਮ ਵਿਚ ਥੇਲਜ਼, ਅਨੈਕਸੀਮੈਂਡਰ ਅਨੈਕਸੀਮਨੀਜ਼, ਲਿਊਸਿਪਸ, ਡਿਮੋਕਰਾਈਟਸ, ਅਰਸਤੂ, ਪਲੈਟੋ, ਟਾਮਸ ਐਕਵਾਈਨਸ, ਗਲੈਲੀਓ, ਹਾਬਜ਼, ਡਾਰਵਿਨ, ਸਪੈਂਸਰ, ਹਕਸਲੇ, ਆਦਿ ਅਨੇਕਾਂ ਵਿਚਾਰਵਾਨਾਂ ਨੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ।

ਸ੍ਰਿਸ਼ਟੀ ਰਚਨਾ ਬਾਰੇ ਭਾਵੇਂ ਕਿੰਨੀਆਂ ਭਿੰਨ ਭਿੰਨ ਰਾਵਾਂ ਹੋਣ ਸਾਰੇ ਇਕ ਕੇਂਦਰੀ ਨੁਕਤੇ ਤੇ ਸਹਿਮਤ ਹਨ ਕਿ ਸਾਰੀ ਵਿਸ਼ਵ ਕਿਰਿਆ ਇਕ ਸੂਤਰ ਵਿਚ ਬੱਝੀ ਹੋਈ ਹੈ। ਕਿਸੇ ਨੇ ਇਸ ਨਿਯਮ ਨੂੰ ਅੰਤਿਮ ਸੱਚ, ਕਿਸੇ ਨੇ ਮਾਦਾ ਅਤੇ ਕਿਸੇ ਨੇ ਰੱਬ ਜਾਂ ਪਰਮਾਤਮਾ ਦਾ ਨਾਮ ਦਿੱਤਾ ਹੈ।

ਸ੍ਰਿਸ਼ਟੀ ਸ਼ਬਦ ਦੇ ਲਈ ਆਮ ਤੌਰ ਤੇ ਜਗਤ, ਪ੍ਰਕ੍ਰਿਤੀ, ਮਾਇਆ, ਬ੍ਰਹਿਮੰਡ, ਵਿਸ਼ਵ,

---

50. (ੳ) ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ॥
ਤੂੰ ਆਪੇ ਜਾਲ ਵਤਾਇਦਾ ਆਪੇ ਵਿਚਿ ਸੇਬਾਲੁ॥ (ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 85)
(ਅ) ਆਪੇ ਜਾਲੁ ਵਛਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 605)

51. ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ॥ (ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 85)

52. ਆਪੇ ਤੀਰਥੁ ਤੁਲਹੜਾ ਪਿਆਰਾ ਆਪਿ ਤਰੈ ਪ੍ਰਭੁ ਆਪੈ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ. 605)

53. ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 550)

ਰਚਨਾ, ਕੁਦਰਤ ਸ਼ਬਦ ਪ੍ਰਯੋਗ ਵਿਚ ਹੁੰਦੇ ਰਹੇ ਹਨ। ਭਾਰਤੀ ਦਰਸ਼ਨ ਵਿਚ ਸ੍ਰਿਸ਼ਟੀ ਸ਼ਬਦ ਲਈ ਵਧੇਰੇ ਸ਼ਬਦ 'ਮਾਇਆ' ਹੀ ਵਰਤਿਆ ਗਿਆ ਹੈ। ਸ੍ਰਿਸ਼ਟੀ ਸ਼ਬਦ ਤੋਂ ਭਾਵ ਸਾਰੀ ਰਚਨਾ ਜਾਂ ਪਸਾਰਾ ਤੋਂ ਹੈ। ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਸ੍ਰਿਸ਼ਟੀ ਸ਼ਬਦ 'ਸ੍ਰਿਸ਼ਟੀ', 'ਸਿਸ੍ਰਟਿ' 'ਜਗੁ,'ਜਗਤੁ' ਰੂਪ ਵਿਚ ਵਰਤਿਆ ਮਿਲਦਾ ਹੈ।

ਕਪਿਲਮੁਨੀ ਦੇ ਸਾਂਖ ਸ਼ਾਸਤਰ ਅਨੁਸਾਰ ਸ੍ਰਿਸ਼ਟੀ-ਰਚਨਾ ਦੇ ਮੂਲ ਕਾਰਣ 'ਪੁਰਸ਼' ਅਤੇ ਪ੍ਰਕ੍ਰਿਤੀ (ਕੁਦਰਤ-ਮਾਇਆ) ਹਨ। ਇਹ ਸੰਸਾਰ ਪੁਰਸ਼ ਤੇ ਪ੍ਰਕ੍ਰਿਤੀ ਦੇ ਸੰਜੋਗ ਤੋਂ ਹੀ ਹੋਂਦ ਵਿਚ ਆਉਂਦਾ ਹੈ। ਪੁਰਸ਼ ਨੂੰ ਆਤਮਾ ਵੀ ਕਿਹਾ ਗਿਆ ਹੈ। ਪੁਰਸ਼ ਅਥਵਾ ਆਤਮਾ ਦੀ ਸੱਤਾ ਆਪਣੇ ਆਪ ਸਿਧ ਹੈ, ਪ੍ਰਮਾਣ ਦੀ ਲੋੜ ਨਹੀਂ। ਪੁਰਸ਼ ਦਾ ਰੂਪ ਇਕ ਪਾਸੇ ਪ੍ਰਕ੍ਰਿਤੀ ਤੋਂ ਅਤੇ ਦੂਜੇ ਪਾਸੇ ਵਿਅਕਤ ਪਦਾਰਥਾਂ ਤੋਂ ਭਿੰਨ ਹੈ। ਪੁਰਸ਼ ਸਰੀਰ ਇੰਦ੍ਰੀਆਂ ਅਤੇ ਮਨ ਤੋਂ ਅਲੱਗ ਅਤੇ ਸੁਤੰਤਰ ਹੁੰਦਾ ਹੈ। ਪੁਰਸ਼ ਅਥਵਾ ਆਤਮਾ ਪ੍ਰਕ੍ਰਿਤੀ ਦੇ ਘੇਰੇ ਤੋਂ ਬਾਹਰ ਸ਼ੁਧ ਚੈਤੰਨਯ ਸਰੂਪ ਅਤੇ ਗਿਆਤਾ ਹੈ, ਸਾਖੀ ਅਤੇ ਉਦਾਸੀਨ ਹੈ। ਸ੍ਰਿਸ਼ਟੀ ਨੂੰ ਉਤਪੰਨ ਕਰਨਾ ਪ੍ਰਕ੍ਰਿਤੀ ਹੈ। ਪੁਰਸ਼ ਉਸਦੀ ਲੀਲ੍ਹਾ ਵੇਖਦਾ ਹੋਇਆ ਸਾਖੀ ਬਣਿਆ ਰਹਿੰਦਾ ਹੈ। ਸਾਂਖ ਅਨੁਸਾਰ ਸ੍ਰਿਸ਼ਟੀ ਤ੍ਰੈਗੁਣੀ ਹੈ ਜਿਸਦੇ ਸਤ, ਰਜ, ਤਮ ਤਿੰਨੇ ਗੁਣ ਜੜ੍ਹ ਹਨ। ਇਸ ਲਈ ਪੁਰਸ਼ ਦੀ ਹਸਤੀ ਨੂੰ ਮੰਨਣਾ ਪਿਆ। ਕਿਸੇ ਇਕ ਗੁਣ ਦੇ ਅਭਾਵ ਤੇ ਵੀ ਸ੍ਰਿਸ਼ਟੀ ਦੀ ਰਚਨਾ ਨਹੀਂ ਹੁੰਦੀ। ਜਦੋਂ ਪ੍ਰਕ੍ਰਿਤੀ ਦੇ ਤਿੰਨੇ ਗੁਣ ਪੁਰਸ਼ ਦੇ ਅਸਰ ਹੇਠ ਆ ਕੇ ਸੰਤੁਲਿਤ ਨਹੀਂ ਰਹਿੰਦੇ ਤਾਂ ਇਹ ਸ਼ੁਰੂ ਹੋ ਜਾਂਦੀ ਹੈ। ਸ੍ਰਿਸ਼ਟੀ ਦਾ ਪਾਸਾਰਾ ਆਰੰਭ ਹੁੰਦਾ ਹੈ। ਪੁਰਸ਼ ਇਕ ਨਹੀਂ, ਅਨੇਕ ਹਨ। ਹਰ ਇਕ ਜੀਵ ਦੀ ਵਖ ਵਖ ਆਤਮਾ ਹੈ।

(ਘ) ਗੁਰੂ ਰਾਮਦਾਸ ਜੀ ਦੀ ਸਥਾਪਨਾ:

ਗੁਰੂ ਰਾਮਦਾਸ ਜੀ ਪਰਮਾਤਮਾ ਨੂੰ ਸ੍ਰਿਸ਼ਟੀ-ਰਚਨਾ ਦਾ ਮੂਲ ਕਾਰਣ ਮੰਨਦੇ ਹਨ। ਗੁਰੂ ਰਾਮਦਾਸ ਅਨੁਸਾਰ ਮਾਇਆ ਦੇ ਤਿੰਨ ਗੁਣ ਉਸ ਨਿਰੰਜਨ ਪਰਮਾਤਮਾ ਨੇ ਬਣਾਏ ਹਨ ਅਤੇ ਮਾਇਆ ਦੇ ਮੋਹ ਦਾ ਪਾਸਾਰ ਵੀ ਉਸਨੇ ਹੀ ਪ੍ਰਬਲ ਕੀਤਾ ਹੈ।[54] ਗੁਰੂ ਰਾਮਦਾਸ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਇਕ ਇਹੋ ਜਿਹੇ ਸਮੇਂ ਦੀ ਕਲਪਣਾ ਕੀਤੀ ਜਦ ਕਿ ਸ੍ਰਿਸ਼ਟੀ ਦਾ ਨਾਮ ਤੇ ਨਿਸ਼ਾਨ ਵੀ ਨਹੀਂ ਸੀ। ਉਨ੍ਹਾਂ ਦਾ ਵਿਚਾਰ ਹੈ ਕਿ ਬੇਸ਼ੁਮਾਰ ਯੁੱਗ ਪਹਿਲੇ ਇਕ ਮਹਾਨ ਅੰਧਕਾਰ ਸੀ। ਨਾ ਇਹ ਪ੍ਰਿਥਵੀ ਸੀ ਅਤੇ ਨਾ ਹੀ ਇਹ ਆਕਾਸ਼, ਚੰਦ ਤਾਰੇ ਤੇ ਸੂਰਜ ਸਨ, ਬਸ ਉਸ ਵੇਲੇ ਇਕ ਪ੍ਰਭੂ ਦਾ ਹੁਕਮ ਸੀ। ਨਾ ਦਿਨ ਸੀ, ਨਾ ਰਾਤ ਸੀ। ਉਹ ਪਰਮਾਤਮਾ

---

54. ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥੧॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1237)

ਅਲਖ ਨਿਰੰਜਨ ਉਸ ਸਮੇਂ ਆਪੇ ਨੂੰ ਪ੍ਰਦਰਸ਼ਿਤ ਕਰ ਰਿਹਾ ਸੀ।[55] ਰਿਗਵੇਦ ਦੇ ਨਾਸਦੀਯ ਸੂਕਤ ਵਿਚ ਸ੍ਰਿਸ਼ਟੀ ਰਚਨਾ ਦੀ ਪੂਰਵ-ਅਵਸਥਾ ਦਾ ਵਰਣਨ ਇਸ ਤਰ੍ਹਾਂ ਦਿੱਤਾ ਗਿਆ ਹੈ, 'ਤਦ ਅਰਥਾਤ ਮੂਲ ਅਰੰਭ ਵਿਚ ਅਸਤ ਨਹੀਂ ਸੀ ਅਤੇ ਸਤਿ ਵੀ ਨਹੀਂ ਸੀ। ਅੰਤਰਿਕਸ਼ (ਬ੍ਰਹਿਮੰਡ) ਨਹੀਂ ਸੀ। ਅਤੇ ਉਸਦੇ ਪਰ੍ਹੇ ਦਾ ਆਕਾਸ਼ ਵੀ ਨਹੀਂ ਸੀ (ਅਜੇਹੀ ਅਵਸਥਾ ਵਿਚ) ਕਿਸਨੇ (ਕਿਸ ਤੇ) ਪਰਦਾ ਸੁਟਿਆ ? ਕਿਥੇ ? ਕਿਸ ਸੁਖ ਦੇ ਲਈ ? ਅਗਾਧ ਅਤੇ ਡੂੰਘਾ ਜਲ ਵੀ ਨਹੀਂ ਸੀ।[56]

ਗੁਰੂ ਰਾਮਦਾਸ ਜੀ ਅਨੁਸਾਰ ਸ੍ਰਿਸ਼ਟੀ ਪਰਮਾਤਮਾ ਆਪਣੇ ਆਪ ਵਿਚੋਂ ਪੈਦਾ ਕਰਦਾ ਹੈ। ਉਹ ਸ੍ਰਿਸ਼ਟੀ ਦੀ ਇਸ ਅਵਸਥਾ ਬਾਰੇ ਕਹਿੰਦੇ ਹਨ ਕਿ ਪਰਮਾਤਮਾ ਆਪ ਹੀ ਕਈ ਜੁੱਗ ਘੁਪ ਹਨੇਰਾ ਕਰਕੇ ਸੁੰਨ ਅਵਸਥਾ (ਅਫੁਰ ਹਾਲਤ) ਵਿਚ ਵਰਤਦਾ ਹੈ।[57] ਪ੍ਰਾਚੀਨ ਵਿਦਵਾਨਾਂ ਦੀ ਕਲਪਨਾ ਅਨੁਸਾਰ ਪ੍ਰਲੈ ਹੋਣ ਪਿਛੋਂ ਛਤੀਹ ਜੁੱਗ ਦੇ ਸਮੇਂ ਤਕ ਸੁੰਨ ਦਸ਼ਾ ਰਹਿੰਦੀ ਹੈ।[58] ਇਸ ਬਾਰੇ ਗੁਰੂ ਰਾਮਦਾਸ ਜੀ ਵੀ ਇਸ਼ਾਰਾ ਕਰਦੇ ਹਨ।[59] 'ਸੁੰਨ ਅਵਸਥਾ' ਵਿਚ ਸ੍ਰਿਸ਼ਟੀ ਹਾਲੇ ਪੈਦਾ ਨਹੀਂ ਹੋਈ ਹੁੰਦੀ, ਪਰ ਅਪ੍ਰਗਟ ਅਵਸਥਾ ਵਿਚ, ਸੁੰਨ ਵਿਚ ਲੁਪਤ ਹੁੰਦੀ ਹੈ, ਜਿਸਨੂੰ ਗੁਰੂਰਾਮਦਾਸ ਜੀ ਨੇ 'ਗੁਬਾਰੁ' ਦੀ ਸੰਗਿਆ ਦਿੱਤੀ ਹੈ। 'ਸੁੰਨ' ਜਾਂ 'ਗੁਬਾਰੁ' ਤੋਂ ਭਾਵ ਖਾਲੀ ਜਾਂ ਅਣਹੋਂਦ ਤੋਂ ਨਹੀਂ। 'ਸੁੰਨ' ਅਵਸਥਾ ਵਿਚ ਸ੍ਰਿਸ਼ਟੀ ਦੀ ਸੰਭਾਵਨਾ ਮੌਜੂਦ ਸੀ। ਸ੍ਰਿਸ਼ਟੀ ਰਚਨ ਤੋਂ ਪਹਿਲਾਂ ਪਰਮਾਤਮਾ ਆਪਣੇ ਬ੍ਰਹਮ ਸਰੂਪ ਵਿਚ ਵਿਦਮਾਨ ਸੀ। ਸੁੰਨ ਅਵਸਥਾ ਦਾ ਅਰਥ ਉਸ ਨਿਰੰਕਾਰੀ ਅਵਸਥਾ ਦਾ ਹੈ ਜਦ ਸਾਰੀਆਂ ਸ਼ਕਤੀਆਂ ਇਕ ਮਾਤਰ ਨਿਰਗੁਣ ਬ੍ਰਹਮ ਵਿਚ ਕੇਂਦ੍ਰਿਤ ਸਨ।[60]

## (ੲ) ਸ੍ਰਿਸ਼ਟੀ ਅਤੇ ਬ੍ਰਹਮ:

ਵੈਸੇ ਸ੍ਰਿਸ਼ਟੀ ਦਾ ਪ੍ਰਬੰਧ ਕਦੋਂ ਸ਼ੁਰੂ ਹੋਇਆ। ਇਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ

---

55. ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨ ਦਿਨੁ ਰੈਨਿ ਨਾ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨਾ ਬਾਣੀ ਪਉਣ ਨ ਪਾਣੀ ਓਪਤਿ ਖਪਤਿ ਨਾ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰ ਵਹਾਇਦਾ॥
..... .... .... .... ... ... ...
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥ (ਰਾਗ ਮਾਰੂ ਮ.1, ਆਦਿ ਗ੍ਰੰਥ, ਪੰ. 1035)
56. ਵੇਖੋ, ਜੈ ਰਾਮ ਮਿਸ਼ਰ (ਡਾ.), ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ. 66.
57. ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 555)
58. ਕਾਨ੍ਹ ਸਿੰਘ ਨਾਭਾ (ਭਾਈ), ਮਹਾਨ ਕੋਸ਼, ਪੰ. 485.
59. ਵੇਖੋ, ਉਹੀ, ਪੰ. 555.
60. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਦਰਸ਼ਨ, (ਦਿੱਲੀ, 1965), ਪੰ. 146.

ਅਤੇ ਨਾ ਹੀ ਇਸ ਬਾਰੇ ਕੋਈ ਕੁਝ ਜਾਣ ਸਕਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਨਿਰਗੁਣ ਪਰਮਾਤਮਾ ਹੀ ਸ੍ਰਿਸ਼ਟੀ ਦਾ ਮੂਲ ਹੈ।[61] ਸ੍ਰਿਸ਼ਟੀ ਦੇ ਤਿੰਨ ਗੁਣ ਸਤ, ਰਜ, ਤਮ ਉਸ ਦੇ ਪੈਦਾ ਕੀਤੇ ਹੋਏ ਹਨ।[62] ਸੋ ਉਹ ਤ੍ਰੈਗੁਣਾਤਮਕ ਨਹੀਂ ਸਗੋਂ ਨਿਰਗੁਣ ਹੈ। ਉਹ ਸ੍ਰਿਸ਼ਟੀ ਦਾ ਕਾਰਜ ਅਤੇ ਕਾਰਣ ਆਪ ਹੈ।[63] ਨਿਰੰਕਾਰ ਪਰਮਾਤਮਾ ਨੇ ਹੀ ਸ੍ਰਿਸ਼ਟੀ ਦਾ ਮੁਢ ਬਣਾਇਆ ਹੈ ਸੋ 'ਸੁੰਨ ਅਵਸਥਾ' ਵਿਚ ਵੀ ਉਹ ਆਪ ਹੀ ਸੀ।

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਪੈਦਾ ਕਰਕੇ ਉਸਦੇ ਅੰਦਰ ਅਤੇ ਬਾਹਰ ਦੋਨੋਂ ਹੀ ਹੈ।[64] ਗੁਰੂ ਰਾਮਦਾਸ ਜੀ ਦੀ ਧਾਰਣਾ ਅਨੁਸਾਰ ਉਸਦੀ ਪੈਦਾ ਕੀਤੀ ਸ੍ਰਿਸ਼ਟੀ ਸੱਚ ਹੈ, ਕਿਉਂਕਿ ਉਸਨੇ ਆਪਣੇ ਆਪ ਨੂੰ ਕਈ ਰੰਗਾਂ ਵਿਚ ਪ੍ਰਗਟ ਕੀਤਾ ਹੈ ਅਤੇ ਉਸਦੀ 'ਜੋਤਿ' ਜਾਂ ਨੂਰ ਜਗਤ ਦੀ ਹਰ ਵਸਤ ਵਿਚ ਵਿਆਪਤ ਹੈ।[65]

ਭਾਰਤੀ ਧਰਮ ਸ਼ਾਸਤਰ ਵਿਚ ਵੇਦਾਂ ਨੂੰ ਆਦਿ ਗ੍ਰੰਥ ਮੰਨਿਆ ਗਿਆ ਹੈ ਅਤੇ ਇਨ੍ਹਾਂ ਵਿਚਲੇ ਗਿਆਨ ਨੂੰ ਬ੍ਰਹਮ ਗਿਆਨ। ਗੁਰੂ ਰਾਮਦਾਸ ਜੀ ਵੇਦਾਂ ਦੇ ਧਾਰਮਕ ਮਹੱਤਵ ਨੂੰ ਪਹਿਚਾਣਦੇ ਹਨ ਉਸ ਵਿਚਲੇ ਗਿਆਨ ਨੂੰ ਸ੍ਰੇਸ਼ਟ ਮੰਨਦੇ ਹਨ। ਪਰ ਉਨ੍ਹਾਂ ਦੀ ਸੋਧ ਉਸ ਪਰਮਾਤਮਾ ਵਲ ਹੈ ਜਿਸਨੇ ਇਹ ਧਾਰਮਕ ਪੁਸਤਕਾਂ ਮਹਾਤਮਾਵਾਂ ਪਾਸੋਂ ਲਿਖਵਾਈਆਂ।[66] ਜੋ ਕੁਝ ਇਹਨਾਂ ਵਿਚ ਕਿਹਾ ਗਿਆ ਹੈ

---

61. (ੳ) ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ. 1237)
(ਅ) ਤੂ ਆਪੇ ਸਿਸਟਿ ਕਰਤਾ ਸਿਰਜਣ ਹਾਰਿਆ।। (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ.642)
62. (ੳ) ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹ ਵਧਾਇਆ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ.1237)
(ਅ) ਤ੍ਰੈਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ॥ (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ.643)
63. ਤੂੰ ਆਪੇ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥
ਤੂ ਆਪੇ ਆਪਿ ਨਿਰੰਕਾਰੁ ਹੈ ਜੋ ਅਵਰੁ ਥੀਆ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 582)
64. (ੳ) ਆਪਿ ਪਰਵਿਰਤਿ ਆਪ ਨਿਰਵਿਰਤੀ ਆਪੇ ਅਕਥੁ ਕਥੀਜੈ।।
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 551 )
(ਅ) ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.555)
65. (ੳ) ਸਭ ਤੇਰੀ ਜੋਤਿ ਜੋਤੀ ਵਿਚ ਵਰਤਹਿ.......॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1314)
(ਅ) ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ ਧਰੀਐ॥
(ਰਾਗ ਗੋਂਡ, ਆਦਿ ਗ੍ਰੰਥ, ਪੰ. 861)
(ੲ) ਏਕੋ ਰੂਪੁ ਏਕੋ ਬਹੁਰੰਗੀ...............॥4॥ (ਰਾਗ ਕਾਨੜਾ, ਆਦਿ ਗ੍ਰੰਥ, ਪੰ.1310)
66. (ੳ) ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ॥
ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚੁ ਕਰੀਜੈ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.55 1)
(ਅ) ਉਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.555)

ਉਹ ਉਸ ਨਿਰਗੁਣ ਪਰਮਾਤਮਾ ਬਾਰੇ ਕਥਨ ਦਾ ਯਤਨ ਮਾਤਰ ਹੈ। ਕੋਈ ਅੰਤਿਮ ਸ਼ਬਦ ਨਹੀਂ। ਪੁਰਾਣਾਂ ਦੀ ਇਹ ਧਾਰਣਾ ਕਿ ਸ੍ਰਿਸ਼ਟੀ ਦਾ ਰਚਨਹਾਰ ਬ੍ਰਹਮਾ ਹੈ ਤੋਂ ਉਲਟ ਉਹ ਪਰਮਾਤਮਾ ਜਾਂ ਬ੍ਰਹਮ ਨੂੰ ਵੀ ਵੇਦ, ਪੁਰਾਨ ਸ਼ਾਸਤਰਾਂ ਦਾ ਪੈਦਾ ਕਰਨ ਵਾਲਾ ਮੰਨਦੇ ਹਨ।[67] ਸੋ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ, ਬਿਨਾ ਕਿਸੇ ਦੀ ਸਹਾਇਤਾ ਜਾਂ ਸਲਾਹ ਦੇ ਕੀਤੀ, ਕਿਉਂਕਿ ਉਸ ਨਿਰਗੁਣ ਪਰਮਾਤਮਾ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ।[68]

ਉਪਨਿਸ਼ਦਾਂ ਦਾ ਇਹ ਵਿਚਾਰ ਹੈ ਕਿ ਮਾਇਆ ਬ੍ਰਹਮ ਦੀ ਐਸੀ ਸ਼ਕਤੀ ਹੈ ਜਿਸ ਰਾਹੀਂ ਉਹ ਨਾਮ ਰੂਪ ਵਾਲੇ ਜਗਤ ਨੂੰ ਪੈਦਾ ਕਰਦਾ ਹੈ। ਗੁਰੂ ਰਾਮਦਾਸ ਜੀ ਪਰਮਾਤਮਾ ਦੇ ਕਰਤਾਰੀ ਗੁਣ ਨੂੰ ਪਹਿਚਾਣਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਖੁਦ ਹੀ ਸ੍ਰਿਸ਼ਟੀ ਰਚਣ ਦੇ ਸਮਰੱਥ ਹੈ।[69] ਉਹ ਹੀ ਸ੍ਰਿਸ਼ਟੀ ਵਿਚ ਸਮਾ ਕੇ ਇਸ ਨੂੰ ਸਾਜ ਰਿਹਾ, ਚਲਾ ਰਿਹਾ ਤੇ ਵਿਗੁੱਤ ਰਿਹਾ ਹੈ। ਸ੍ਰਿਸ਼ਟੀ ਰਚਨਾ ਦੇ ਪੱਧਰ, ਪਰਤ ਜਾਂ ਦਰਜੇ ਜਿਨ੍ਹਾਂ ਵਿਚੋਂ ਲੰਘਕੇ ਸ੍ਰਿਸ਼ਟੀ ਰਚਨਾ ਹੋਂਦ ਵਿਚ ਆਈ ਬਾਰੇ ਗੁਰੂ ਰਾਮਦਾਸ ਜੀ ਕੋਈ ਜ਼ਿਕਰ ਨਹੀਂ ਕਰਦੇ। ਗੁਰੂ ਰਾਮਦਾਸ ਜੀ ਦਾ ਉਦੇਸ਼ ਗੁਰਮਤਿ ਦਾ ਉਦੇਸ਼ ਹੈ। ਇਹ ਉਦੇਸ਼ ਹੈ ਉਸ ਪਰਮ-ਤੱਤ੍ਵ ਜਾਂ ਅੰਤਮਸਤਿ ਨੂੰ ਗ੍ਰਹਿਣ ਕਰਨਾ ਅਤੇ ਉਸ ਵਾਸਤੇ ਆਤਮਕ ਜੀਵਨ ਦੀ ਅਗਵਾਈ ਲਈ ਮਾਰਗ ਤਿਆਰ ਕਰਨਾ।

ਭਾਰਤੀ ਦਰਸ਼ਨ ਅਨੁਸਾਰ ਸ੍ਰਿਸ਼ਟੀ ਨੂੰ ਪੰਜ ਭੌਤਿਕ ਸੰਸਾਰ ਕਿਹਾ ਗਿਆ ਹੈ। ਇਹ ਪੰਜ ਤੱਤ ਹਨ, ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼। ਗੁਰੂ ਰਾਮਦਾਸ ਜੀ ਭਾਰਤੀ ਪਰੰਪਰਾ ਅਨੁਸਾਰ ਸ੍ਰਿਸ਼ਟੀ ਨੂੰ ਪੰਜਾਂ ਤੱਤ੍ਵਾਂ ਦੀ ਬਣੀ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਪੰਜ ਤੱਤ੍ਵ

---

67. ਆਪੇ ਦਸਅਠ ਵਰਨ ਉਪਾਇਅਨ ਆਪਿ ਬ੍ਰਹਮ ਆਪਿ ਰਾਜ ਲਇਆ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 553)

68. (ੳ) ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ॥
(ਬਿਹਾਗੜੇ ਕੀ ਵਾਰ, ਆਦਿ ਗ੍ਰੰਥ, ਪੰ. 551)
(ਅ) ਤੁਝ ਬਿਨੁ ਦੂਜਾ ਕੋਈ ਨਾਹਿ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)

69. (ੳ) ਤੂੰ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.301)
(ਅ) ਤੂ ਕਰਣ ਕਾਰਣ ਸਮਰਥੁ ਹਥਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ॥
(ਸੋਰਠ ਕੀ ਵਾਰ, ਆਦਿ ਗ੍ਰੰਥ, ਪੰ.653)
(ੲ) ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ।
(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ.582)

ਪਰਮਾਤਮਾ ਨੇ ਆਪ ਹੀ ਬਣਾਏ ਹਨ। ਇਨ੍ਹਾਂ ਪੰਜਾਂ ਤੱਤ੍ਹਾਂ[70] ਦੇ ਬਣੇ ਸੰਸਾਰ ਦਾ ਉਹ ਆਪ ਹੀ ਵਿਸਤਾਰ ਕਰਦਾ ਹੈ। ਪਰਮਾਤਮਾ ਆਪ ਹੀ ਇਨ੍ਹਾਂ ਵਿਚ ਨਿਵਾਸ ਕਰ ਰਿਹਾ ਹੈ। ਗੁਰੂ ਰਾਮਦਾਸ ਇਸ ਸੰਸਾਰ ਨੂੰ ਸੱਚ ਮੰਨਦੇ ਹਨ, ਮਿਥਿਆ ਨਹੀਂ, ਉਨ੍ਹਾਂ ਅਨੁਸਾਰ ਜੀਵ ਦੀ ਐਨੀ ਸਮਰਥਾ ਨਹੀਂ ਕਿ ਉਹ ਇਨ੍ਹਾਂ ਤੱਤ੍ਹਾਂ ਵਿਚ ਵਾਧਾ ਕਰ ਸਕੇ। ਸ੍ਰਿਸ਼ਟੀ ਰਚਨਾ ਦੀ ਵਿਉਂਤ ਦੇ ਕੁਲ ਪਸਾਰੇ ਵਿਚ ਜੀਵ ਉਸ ਪਰਮਾਤਮਾ ਦੀ ਜੋਤਿ ਹੁੰਦਾ ਹੋਇਆ ਵੀ ਸੀਮਾ-ਬਧ ਹੈ। ਇਸ ਲਈ ਉਸਦਾ ਗਿਆਨ ਜਾਂ ਅਨੁਭਵ ਉਸ ਪੂਰਣ ਪਰਮਾਤਮਾ ਦੇ ਤੁਲ ਨਹੀਂ ਹੋ ਸਕਦਾ।

ਸ੍ਰਿਸ਼ਟੀ ਰਚਨਾ ਦੇ ਘੇਰੇ ਵਿਚ ਆਕਾਸ਼, ਸੂਰਜ, ਚੰਦ, ਤਾਰੇ, ਹਵਾ, ਪਾਣੀ, ਜੀਵ ਜੰਤ, ਸਭ ਆ ਜਾਂਦੇ ਹਨ। ਦਾਰਸ਼ਨਿਕ ਅਰਥਾਂ ਵਿਚ ਮਨੁੱਖੀ ਬੁਧੀ ਅਤੇ ਆਤਮਾ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਭਾਰਤੀ ਪਰੰਪਰਾ ਅਨੁਸਾਰ ਸ੍ਰਿਸ਼ਟੀ ਰਚਨਾ ਚਾਰ ਖਾਣੀਆਂ, ਚਾਰ ਬਾਣੀਆਂ (ਪਰਾ, ਪੰਸਤੀ, ਮੱਧਮਾ, ਬੈਖਰੀ) ਨੌ ਖੰਡ, ਬ੍ਰਹਮੰਡ, ਪਰਮਾਤਮਾ ਦੇ ਸਿਰਜੇ ਹੀ ਮੰਨਦੇ ਹਨ। ਸੋ ਇਸ ਬ੍ਰਹਮੰਡ ਦੇ ਪਸਾਰੇ ਵਿਚ ਜੇ ਇਕ ਪਾਸੇ ਧਰਤੀ ਆਕਾਸ਼, ਚੰਦ, ਸੂਰਜ ਆਦਿ ਨੂੰ ਸਿਰਜਣ ਵਾਲਾ ਪਰਮਾਤਮਾ ਹੈ ਤਾਂ ਇਸ ਸ੍ਰਿਸ਼ਟੀ ਦੀ ਉਤਪਤੀ ਜੋ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਤੋਂ ਹੁੰਦੀ ਹੈ ਦਾ ਜ਼ਿੰਮੇਵਾਰ ਵੀ ਉਹ ਆਪ ਹੀ ਹੈ।[71] ਗੁਰੂ ਰਾਮਦਾਸ ਜੀ ਅਨੁਸਾਰ ਸ੍ਰਿਸ਼ਟੀ ਦੀ ਜੋ ਰਚਨਾ ਰਚੀ ਗਈ ਹੈ, ਉਹ ਬੇਅੰਤ ਹੈ। ਇਸ ਸ੍ਰਿਸ਼ਟੀ ਨੂੰ ਪਰਮਾਤਮਾ ਨੇ ਕਈ ਰੰਗਾਂ ਅਤੇ ਭਿੰਨਤਾਵਾਂ ਵਿਚ ਪੈਦਾ ਕੀਤਾ ਹੈ। ਪਰ ਸ੍ਰਿਸ਼ਟੀ ਦੀ ਸਾਰੀ ਬਣਤਰ ਇਕ ਉਦੇਸ਼ ਅਤੇ ਨਿਯਮ ਅਧੀਨ ਕੰਮ ਕਰ ਰਹੀ ਹੈ ਅਤੇ ਕਿਸੇ ਵਿਉਂਤ ਅਧੀਨ ਹੀ ਕਾਇਮ ਹੈ। ਇਸ ਲਈ ਉਹ ਸਾਰੀ ਸ੍ਰਿਸ਼ਟੀ ਨੂੰ ਪਰਮਾਤਮਾ ਦੇ

---

70. (ੳ) ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ।
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ। (ਰਾਗ ਸੂਹੀ, ਆਦਿ ਗ੍ਰੰਥ, ਪੰ. 736)
(ਅ) ਹਰਿ ਆਪੇ ਪੰਚ-ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥
ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥2॥3॥
(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)
(ੲ) ਪਉਣੁ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ॥
ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ॥2॥1॥
(ਰਾਗ ਤਿਲੰਗ, ਆਦਿ ਗ੍ਰੰਥ, ਪੰ. 723)

71. (ੳ) ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ॥
ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ॥ (ਸਿਰੀ ਰਾਗੁ ਕੀ ਵਾਰ, ਆਦਿ ਗ੍ਰੰਥ, ਪੰ.4 35)
(ਅ) ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.835)

ਹੁਕਮ ਅਧੀਨ ਟਿਕੀ ਹੋਈ ਨੇਮ-ਬੱਧ ਮੰਨਦੇ ਹਨ। ਇਸ ਉਤੇ ਆਧਾਰਤ ਹਰ ਕਾਰਜ ਪਰਮਾਤਮਾ ਦੇ ਨਿਯੰਤ੍ਰਣ ਵਿਚ[72] ਉਸਦੀ ਰਜ਼ਾ ਅਧੀਨ ਹੀ ਵਾਪਰ ਰਿਹਾ ਹੈ। ਗੁਰੂ ਰਾਮਦਾਸ ਜੀ ਦਾ ਨਿਸ਼ਕਰਸ਼ ਹੈ ਕਿ ਸ੍ਰਿਸ਼ਟੀ ਉਤੇ ਉਸਦੀ ਰਜ਼ਾ ਤੋਂ ਬਿਨਾ ਕੁਝ ਵੀ ਨਹੀਂ ਹੁੰਦਾ। ਉਹ ਮੰਨਦੇ ਹਨ ਕਿ ਸਾਰੇ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਜਗਤ ਵਿਚ ਪੈਦਾ ਹੁੰਦੇ ਹਨ।[73] ਜਿਥੇ ਪਰਮਾਤਮਾ ਇਕ ਵਾਜੰਤਰੀ ਦੀ ਤਰ੍ਹਾਂ ਜੀਵ-ਵਾਜਿਆਂ ਨੂੰ ਇਕ ਸੁਰ ਰੱਖਕੇ ਉਨ੍ਹਾਂ ਵਿਚੋਂ ਸੰਗੀਤ ਦੀਆਂ ਧੁਨੀਆਂ ਕਢਦਾ ਹੈ। ਦੂਜੇ ਪਾਸੇ ਉਹ ਸਾਰੇ ਜੀਵਾਂ-ਅੰਦਰ ਪ੍ਰਾਣ-ਰੂਪ ਵਾਜਾ ਹੋ ਕੇ ਵੀ ਆਪ ਹੀ ਵਜਦਾ ਹੈ ਅਤੇ ਇਹ ਹੀ ਉਸਦਾ ਕੌਤਕ ਹੈ। ਗੁਰੂ ਰਾਮਦਾਸ ਜੀ ਅਨੁਸਾਰ ਸਾਰਾ ਜਗਤ ਪਰਮਾਤਮਾ ਲਈ ਇਕ ਤਮਾਸ਼ਾ, ਖੇਡ (ਲੀਲ੍ਹਾ) ਜਾਂ ਅਖਾੜਾ ਹੈ।[74] ਸਾਰੇ ਜੀਵ ਜੰਤ ਉਸਦੀ ਰਚੀ ਹੋਈ ਇਕ ਖੇਡ ਦੀ ਨਿਆਈਂ ਹਨ[75] ਕਿਉਂਕਿ ਉਹ ਜੀਵਾਂ ਦੀ ਜੀਵਨ-ਜੁਗਤ ਦੀ ਡੋਰ ਇਕ ਸੂਤਰਧਾਰ ਦੀ ਤਰ੍ਹਾਂ ਆਪਣੇ ਹੱਥ ਵਿਚ ਰੱਖਦਾ ਹੈ। ਉਹ ਪਰਮਾਤਮਾ ਸਾਰੀ ਜਗਤ-ਖੇਡ ਵਿਚ ਵਿਦਮਾਨ ਹੋ ਕੇ ਆਪਣੀ ਹੀ ਰਚੀ ਹੋਈ ਜਗਤ-ਖੇਡ ਨੂੰ ਵੇਖਕੇ ਖੁਸ਼ ਹੁੰਦਾ ਰਹਿੰਦਾ ਹੈ।[76] ਸਾਰੇ ਜਗਤ ਵਿਚ ਪਰਮਾਤਮਾ ਦੀ ਸੱਤਾ ਦਾ ਧਾਗਾ ਹੀ ਪਸਰਿਆ ਹੈ ਜਦੋਂ ਉਹ ਇਸ ਧਾਗੇ ਨੂੰ ਖਿਚ ਲੈਂਦਾ ਹੈ ਤਾਂ ਇਹ ਜਗਤ (ਤਮਾਸ਼ਾ) ਅਲੋਪ ਹੋ ਜਾਂਦਾ

---

72. (ੳ) ਨਾਨਕ ਸਚੁ ਵਰਤਦਾ ਸਭਿ ਸਚਿ ਸਮਾਇਆ॥੧॥ (ਰਾਗ ਸਾਰੰਗ, ਆਦਿ ਗ੍ਰੰਥ, ਪੰ. 1237)
    (ਅ) ਤੁਧੁ ਆਪੇ ਜਗਤ ਉਪਾਇ ਕੈ ਤੁਧੁ ਆਪੇ ਵਸਗਤਿ ਕੀਤਾ॥
    (ਰਾਗ ਕਾਨੜਾ, ਆਦਿ ਗ੍ਰੰਥ, ਪੰ. 13 17)
    (ੲ) ਤੁਧੁ ਆਪੇ ਆਪਿ ਉਪਾਇਆ।
    ਸਭ ਜਗੁ ਤੁਧੁ ਆਪੇ ਵਸਿ ਕਰ ਲਇਆ॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1264)
73. ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ॥ (ਰਾਗ ਤਿਲੰਗ, ਆਦਿ ਗ੍ਰੰਥ, ਪੰ. 723)
74. (ੳ) ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ॥
    (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 643)
    (ਅ) ਆਪੇ ਖੇਲੁ ਰਚਾਇਓਨੁ ਸਭ ਜਗਤੁ ਸਬਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1237)
75. ਜੀਅ ਜੰਤ ਸਭਿ ਤੇਰਾ ਖੇਲੁ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)
76. (ੳ) ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥
    (ਰਾਗ ਸੋਰਠਿ, ਆਦਿ ਗ੍ਰੰਥ, ਪੰ. 606)
    (ਅ) ਆਪਿ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ॥
    (ਰਾਗ ਸੋਰਠਿ, ਆਦਿ ਗ੍ਰੰਥ, ਪੰ. 605)
    (ੲ) ਸਭ ਮਹਿ ਏਕੁ ਨਿਰੰਜਨ ਕਰਤਾ
    ਸਭਿ ਕਰਿ ਕਰਿ ਵੇਖੈ ਆਪਣੇ ਚਲਤਾ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 998)
    (ਸ) ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿਧਨੀ॥੧॥ (ਰਾਗ ਤਿਲੰਗ, ਆਦਿ ਗ੍ਰੰਥ, ਪੰ. 723)

ਹੈ।[77] ਪਰਮਾਤਮਾ ਆਪ ਹੀ ਜਗਤ ਨੂੰ ਪੈਦਾ ਕਰਕੇ ਆਪ ਹੀ ਇਸ ਨੂੰ ਆਪਣੇ ਆਪ ਵਿਚ ਲੀਨ ਕਰ ਲੈਂਦਾ ਹੈ।[78] ਬ੍ਰਹਮ ਹੀ ਜਗਤ ਵਿਚ ਪਸਰਿਆ ਹੁੰਦਾ ਹੈ ਅਤੇ ਜਗਤ ਨਾਸ਼ ਹੋਣ ਤੇ ਵਿਸ਼ੇਸ਼ ਬ੍ਰਹਮ ਹੀ ਰਹਿ ਜਾਂਦਾ ਹੈ। ਪਰਮਾਤਮਾ ਮਾਨੋ ਜ਼ਿੰਦਗੀ ਦਾ ਸਾਗਰ ਹੈ ਅਤੇ ਸੰਸਾਰ ਉਤਪਤੀ ਉਸਦੀਆਂ ਲਹਿਰਾਂ, ਜਿਸਤਰ੍ਹਾਂ ਲਹਿਰਾਂ, ਲਹਿਰਾਂ ਵਿਚ ਸਮਾ ਜਾਂਦੀਆਂ ਹਨ, ਬ੍ਰਹਮ, ਬ੍ਰਹਮ ਵਿਚ ਲੀਨ ਹੋ ਜਾਂਦਾ ਹੈ।[79] ਉਪਨਿਸ਼ਦ ਵਿਚ ਲਿਖਿਆ ਹੈ: ਸਰਵ ਸਲਵਸਿਦ ਬ੍ਰਹਿਮ।[80] ਆਪਣੇ ਆਪ ਨੂੰ ਬ੍ਰਹਿਮੰਡ ਦੀਆਂ ਭਿੰਨਤਾਵਾਂ ਵਿਚ ਪ੍ਰਗਟਾਉਣ ਦੀ ਇੱਛਾ (ਫੁਰਨਾ) ਕਿਸੇ ਇਕ ਪਲ ਤੇ ਉਸਦੇ ਮਨ ਵਿਚ ਨਹੀਂ ਆਈ। ਉਸਦਾ ਕਰਤਾਰੀ ਗੁਣ ਅਤੇ ਹੁਕਮ ਉਸਦੇ ਵਿਸਮਾਦੀ ਗੁਣਾਂ ਦੇ ਲਖਾਇਕ ਹਨ। ਇਸੇ ਲਈ ਇਹ ਦੁਨੀਆਂ ਉਸ ਲਈ ਇਕ ਖੇਡ ਦੀ ਨਿਆਈਂ ਹੈ।

ਗੁਰੂ ਰਾਮਦਾਸ ਜੀ ਤ੍ਰਿਭਵਨੀ ਜਗਤ ਦੇ ਕਣ ਕਣ ਵਿਚ ਵਿਆਪਕ ਪਰਮਾਤਮਾ ਨੂੰ ਪਹਿਚਾਨਣ ਵਾਲੇ ਗੁਰੂ-ਕਵੀ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਆਪਣੇ ਈਸ਼ਵਰ ਸਰੂਪ ਵਿਚ ਬ੍ਰਹਮੰਡ, ਸ੍ਰਿਸ਼ਟੀ, ਜੀਵ, ਜੰਤ ਹਰ ਵਿਚ ਵਿਆਪਕ ਹੈ।[81] ਉਸ ਦੀ ਵਿਆਪਕਤਾ ਆਕਾਸ਼, ਪ੍ਰਿਥਵੀ, ਜਲ,

66

---

77. ਇਹ ਪਰਪੰਚ ਖੇਲ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲਧਾਰੀ॥
ਹਰ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ॥7॥
(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)

78. (ੳ) ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 605)
(ਅ) ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥
(ਰਾਗ ਆਸਾ, ਆਦਿ ਗ੍ਰੰਥ, ਪੰ. 348)
(ੲ) ਤੁਧੁ ਆਪੇ ਸ੍ਰਿਸਟਿ ਸਿਰਜੀਆ ਆਪੇ ਫੁਨਿ ਗੋਈ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ. 653)
(ਸ) ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1310)
(ਹ) ਆਪੇ ਰਚਨ ਰਚਾਇ ਆਪੇ ਹੀ ਘਾਲਿਅਨੁ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ. 653)

79. ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ॥8॥3॥6॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

80. ਵੇਖੋ, ਜੱਗੀ ਰਤਨ ਸਿੰਘ (ਡਾ:) <u>ਗੁਰੂ ਨਾਨਕ ਦੀ ਵਿਚਾਰਧਾਰਾ</u>, ਪੰ. 115.

81. (ੳ) ਤੂ ਆਪੇ ਆਪਿ ਵਰਤਦਾ ਸਭੁ ਜਗਤੁ ਬਣਾਇਆ॥ (ਰਾਗ ਬਿਲਾਵਲ, ਆਦਿ ਗ੍ਰੰਥ,ਪੰ.849 )
(ਅ) ਏਕੋ ਏਕੁ ਵਰਤੈ ਹਰਿ ਲੋਇ॥ (ਰਾਗ ਬਸੰਤੁ, ਆਦਿ ਗ੍ਰੰਥ, ਪੰ. 1177)
(ੲ) ਏਕੋ ਹਰਿ ਰਵਿਆ ਸ੍ਰਬ ਥਾਇ॥ (ਰਾਗ ਬਸੰਤ, ਆਦਿ ਗ੍ਰੰਥ,ਪੰ. 1177)
(ਸ) ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ.125 7)

333725

ਬਾਕੀ ਅਗਲੇ ਪੰਨੇ ਤੇ........

ਥਲ ਇਥੋਂ ਤਕ ਘਾਹ ਦੇ ਤੀਲੇ ਵਿਚ ਵੀ ਵੇਖੀ ਜਾ ਸਕਦੀ ਹੈ।[82] ਹੁਣ ਪ੍ਰਸ਼ਨ ਉਠਦਾ ਹੈ ਕਿ ਕੀ ਗੁਰੂ ਰਾਮਦਾਸ ਜੀ ਨੇ ਸ੍ਰਿਸ਼ਟੀ ਰਚਨਾ ਦਾ ਪਸਾਰ ਅਤੇ ਇਹ ਕਿਵੇਂ, ਕਦੋਂ, ਕਿੰਨੇ ਸਮੇਂ, ਕਿਸ ਸਮੱਗਰੀ ਤੋਂ ਬਣੀ ਆਦਿ ਪ੍ਰਸ਼ਨਾਂ ਬਾਰੇ [redacted] ਵਿਚਾਰ ਕੀਤੀ ਹੈ? ਅਸੀਂ ਪਹਿਲੇ ਹੀ ਕਹਿ ਆਏ ਹਾਂ ਕਿ ਅਜਿਹੇ ਪ੍ਰਸ਼ਨਾਂ ਬਾਰੇ ਉਹ ਕਿਸੇ ਸਿਧਾਂਤ ਜਾਂ ਦਰਸ਼ਨ ਦਾ ਸਹਾਰਾ ਨਹੀਂ ਲੈਂਦੇ। ਇਹਨਾਂ ਪ੍ਰਸ਼ਨਾਂ ਬਾਰੇ ਮਨੁੱਖੀ ਬੁਧੀ ਸਦੀਆਂ ਤੋਂ ਸੋਚਦੀ ਆਈ ਹੈ, ਪਰ ਅਜੇ ਤਕ ਕਿਸੇ ਨਿਸ਼ਕਰਸ਼ ਤੇ ਨਹੀਂ ਪਹੁੰਚੀ। ਗੁਰੂ ਰਾਮਦਾਸ ਜੀ ਨੇ ਇਸ ਮੂਲ-ਤੱਤ੍ਵ ਨੂੰ ਸਮਝਦਿਆਂ ਇਹਨਾਂ ਸਾਰੇ ਪ੍ਰਸ਼ਨਾਂ ਦਾ ਉਤਰ ਪਰਮਾਤਮਾ ਨੂੰ ਹੀ ਮੰਨਿਆ ਹੈ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਮਨੁੱਖ ਨੂੰ ਇਸ ਰੱਬੀ ਜੋਤਿ, ਪਰਮ-ਤੱਤ੍ਵ ਨੂੰ ਪਹਿਚਾਨਣ ਵਾਲੀ ਨਿਗਾਹ ਬਣਾਉਣੀ ਚਾਹੀਦੀ ਹੈ। ਭਿੰਨਤਾਵਾਂ ਵਿਚ ਵੰਡੇ ਸੰਸਾਰ ਵਿਚ ਉਸ 'ਏਕਤਵ' ਨੂੰ ਪਹਿਚਾਨਣਾ ਹੀ ਮਹੱਤਵਪੂਰਣ ਹੈ। ਉਸ ਅਨੰਤ, ਅਜਰ, ਅਮਰ ਅਤੇ ਸਤਿ ਪਰਮਾਤਮਾ ਦੇ ਸਤਿਤ੍ਵ ਬਾਰੇ ਕੋਈ ਵਿਚਾਰ ਜਾਂ ਸੰਕਲਪ ਪੂਰਣ ਨਹੀਂ। ਉਸਨੂੰ ਸਿਰਫ਼ ਅਧਿਆਤਮਕ ਜਾਂ ਰਹੱਸਵਾਦੀ ਅਨੁਭਵ ਰਾਹੀਂ ਜਾਣਿਆ ਜਾ ਸਕਦਾ ਹੈ, ਕਿਉਂਕਿ ਤਦ ਹੀ ਮਨੁੱਖ ਉਸਦਾ ਰੂਪ ਹੋ ਕੇ ਉਸ ਵਿਚ ਲੀਨ ਹੋ ਸਕਦਾ ਹੈ। ਸੋ ਮਨੁੱਖ ਲਈ ਅਧਿਆਤਮਵਾਦ ਇਕ ਨਿਸ਼ਚਿਤ ਮਾਰਗ ਹੈ ਜਿਸ ਤੇ ਚਲਕੇ ਉਹ ਇਸ ਏਕਤਵ ਨੂੰ ਪਹਿਚਾਣ ਸਕਦਾ ਹੈ। ਗੁਰੂ ਰਾਮਦਾਸ ਜੀ ਇਕ ਸੱਚੇ ਅਧਿਆਤਮਵਾਦੀ ਵਾਂਗ ਜਗਤ-ਰਚਨਾ ਦੇ ਮੂਲ ਨੂੰ ਸਮਝਦੇ ਹੋਏ ਜੀਵ ਨੂੰ ਅਧਿਆਤਮਕ ਮਾਰਗ ਤੇ ਤੁਰਨ ਦੀ ਪ੍ਰੇਰਣਾ ਦਿੰਦੇ ਹਨ।

---

(ਪਿਛਲੇ ਪੰਨੇ ਦੀ ਬਾਕੀ..........

(ਹ) ਤੂੰ ਥਾਨ ਥਨੰਤਰਿ ਭਰਪੂਰੁ ਹਰਿ ਕਰਤੇ.........॥(ਰਾਗ ਕਾਨੜਾ, ਆਦਿ ਗ੍ਰੰਥ, ਪੰ. 1314)

(ਕ) ਏਕੋ ਏਕੁ ਰਹਿਆ ਭਰਪੂਰਿ॥ (ਰਾਗ ਬਸੰਤ, ਆਦਿ ਗ੍ਰੰਥ, ਪੰ. 1177)

(ਖ) ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ.........॥(ਨਟ ਨਾਰਾਇਨ, ਆਦਿ ਗ੍ਰੰਥ, ਪੰ. 982)

82\. (ੳ) ਤੂੰ ਜਲਿ ਥਲਿ ਮਹੀਅਲ ਭਰਪੂਰਿ..........॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ.1115)

(ਅ) ਤੂ ਭਰਪੂਰਿ ਰਹਿਆ ਜਲ ਥਲੇ ਹਰਿ ਇਕੁ ਇਕੋ ਇਕੋ ਇਕੋ ਏਕੇ ਹਰਿ ਥਾਟ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1217)

(ੲ) ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ॥ (ਰਾਗ ਭੈਰਉ, ਆਦਿ ਗ੍ਰੰਥ, ਪੰ. 1134)

(ਸ) ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ॥(ਰਾਗ ਕਾਨੜਾ, ਆਦਿ ਗ੍ਰੰਥ, ਪੰ. 1318)

(ਹ) ਹਰਿ ਜਲਿ ਥਲਿ ਮਹੀਅਲਿ ਭਰਪੂਰਿ.........॥ (ਸਿਰੀ ਰਾਗੁ ਕੀ ਵਾਰ, ਆਦਿ ਗ੍ਰੰਥ, ਪੰ.89)

(ਕ) ਆਪੇ ਵਣਿ ਤ੍ਰਿਣਿ ਸਭਤੁ ਹੈ ਪਿਆਰਾ......॥੧॥(ਰਾਗ ਸੋਰਠਿ, ਆਦਿ ਗ੍ਰੰਥ, ਪੰ.605)

(ਖ) ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ॥

ਵਣਿ ਤ੍ਰਿਣਿ-ਤ੍ਰਿਭਵਣ ਸਭ ਸ੍ਰਿਸਟਿ............॥(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1115)

## ਅਧਿਆਇ III

## ਨੀਤੀ ਸ਼ਾਸਤਰ

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਅਧਿਆਤਮਕ ਤੱਤ੍ਹ ਦੇ ਨਾਲ ਨਾਲ ਇਸ ਤੱਤ੍ਹ ਨੂੰ ਅਪਨਾਉਣ ਲਈ ਜਿਹੜੀ ਜੀਵਨ-ਜਾਚ ਅਖਤਿਆਰ ਕਰਨੀ ਚਾਹੀਦੀ ਹੈ, ਉਸ ਉਤੇ ਵੀ ਜ਼ੋਰ ਦਿੱਤਾ ਗਿਆ ਹੈ। ਮਨੁੱਖ ਨੂੰ ਇਸ ਜੀਵਨ - ਜਾਚ ਅਪਨਾਉਣ ਲਈ ਜਿਹੜੀਆਂ ਨੈਤਿਕ ਕੀਮਤਾਂ ਅਤੇ ਗੁਣਾਂ ਦਾ ਅਨੁਸਾਰੀ ਹੋਣਾ ਚਾਹੀਦਾ ਹੈ, ਉਸਦੇ ਅਨੇਕਾਂ ਹਵਾਲੇ ਉਨ੍ਹਾਂ ਦੇ ਕਾਵਿ ਵਿਚ ਮਿਲਦੇ ਹਨ। ਉਨ੍ਹਾਂ ਦੀ ਕਵਿਤਾ ਵਿਚ ਨੀਤੀ ਸ਼ਾਸਤਰ ਕਿਸੇ ਵੱਖਰੇ ਸਿਧਾਂਤ ਦੇ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ ਕਿਉਂਕਿ ਨਿਰੋਲ ਨੈਤਿਕਤਾ ਅਧਿਆਤਮਕ ਜੀਵਨ ਵਲ ਨਹੀਂ ਲਿਜਾ ਸਕਦੀ। ਨੈਤਿਕ ਗੁਣ ਅਤੇ ਕੀਮਤਾਂ ਉ[illegible]ਰੇ ਅਧਿਆਤਮਕ ਜੀਵਨ ਲਈ ਸਹਾਈ ਹੋ ਸਕਦੇ ਹਨ।[1] ਅਧਿਆਤਮਕ ਜੀਵਨ ਦਾ ਆਧਾਰ ਧਾਰਮਕ ਅਨੁਭਵ ਹੈ ਅਤੇ ਧਰਮ ਲਈ ਨੀਤੀ ਸ਼ਾਸਤਰ ਇਕ ਨੀਂਹ ਦਾ ਕੰਮ ਕਰਦਾ ਹੈ।[2]

ਗੁਰੂ ਰਾਮਦਾਸ ਜੀ ਦੇ ਨੈਤਿਕਤਾ ਦੇ ਸੰਕਲਪ ਬਾਰੇ ਚਰਚਾ ਕਰਨ ਤੋਂ ਪਹਿਲਾਂ ਨੀਤੀ ਸ਼ਾਸਤਰ ਬਾਰੇ ਜਾਣ ਲੈਣਾ ਲੋੜੀਂਦਾ ਹੋਵੇਗਾ।

### (ੳ) ਮਨੁੱਖੀ ਜ਼ਿੰਦਗੀ ਦਾ ਲਕਸ਼ ਅਤੇ ਨੀਤੀ ਸ਼ਾਸਤਰ

ਸਾਰੇ ਪ੍ਰਾਣੀਆਂ ਵਿਚੋਂ ਮਨੁੱਖ ਹੀ ਜ਼ਿੰਦਗੀ ਦੇ ਅਸਲੇ ਨੂੰ ਸਮਝਣ ਦਾ ਯਤਨ ਕਰਦਾ ਹੈ। ਮਨੁੱਖ ਕੀ ਹੈ ? ਮਨੁੱਖੀ ਜ਼ਿੰਦਗੀ ਦਾ ਮਨੋਰਥ ਕੀ ਹੈ ? ਸ੍ਰਿਸ਼ਟੀ ਦੀ ਉਤਪਤੀ ਕਦੋਂ ਹੋਈ, ਕਿਹੜੇ ਤੱਤ੍ਹਾਂ ਤੋਂ ਹੋਈ ਅਤੇ ਇਸ ਦਾ ਕਰਤਾ ਕੌਣ ਹੈ ਆਦਿ ਅਜੇਹੇ ਪ੍ਰਸ਼ਨਾਂ ਤੇ ਉਹ ਮੁੱਢ ਤੋਂ ਹੀ ਵਿਚਾਰ ਕਰਦਾ ਆਇਆ ਹੈ।

ਮਨੁੱਖੀ ਜ਼ਿੰਦਗੀ ਦਾ ਮਨੋਰਥ ਕੀ ਹੈ ? ਇਸ ਸੰਬੰਧੀ ਹਰ ਯੁੱਗ ਦੇ ਵਿਚਾਰਵਾਨ ਕੁਝ ਨਾ ਕੁਝ ਕਹਿੰਦੇ ਆਏ ਹਨ ਅਤੇ ਇਸ ਮਨੋਰਥ-ਸਿਧੀ ਲਈ ਕੋਈ ਸਾਧਨ ਜਾਂ ਮਾਰਗ ਸੁਝਾਂਦੇ ਰਹੇ ਹਨ। ਨੀਤੀ-ਸ਼ਾਸਤਰ ਜਾਂ ਸਦਾਚਾਰ ਨੀਤੀ ਇਕ ਅਜੇਹਾ ਸਾਧਨ ਹੈ ਜਿਹੜਾ ਕਿ ਮਨੁੱਖ ਦੇ 'ਸਵੈ' ਦਾ ਵਿਕਾਸ ਕਰਦਾ ਹੋਇਆ, ਇਸ ਮਨੋਰਥ ਦੀ ਸਿਧੀ ਲਈ ਸਹਾਈ ਹੁੰਦਾ ਹੈ। ਨੀਤੀ ਸ਼ਾਸਤਰ ਦਾ ਸੰਬੰਧ ਆਚਰਨ ਨਾਲ ਹੈ। ਇਹ ਇਕ ਅਜੇਹੀ ਵਿਧੀ ਜਾਂ ਤਰੀਕਾ ਹੈ ਜਿਸ ਰਾਹੀਂ ਇਕ ਵਿਚਾਰਵਾਨ ਮਨੁੱਖ ਦੂਜੇ ਮਨੁੱਖਾਂ ਜਾਂ ਜੀਵਾਂ ਪ੍ਰਤੀ ਵਿਹਾਰ ਕਰਦਾ ਹੈ। ਨੀਤੀ ਸ਼ਾਸਤਰ ਦਾ ਅੰਤਿਮ ਉਦੇਸ਼ ਪਰਮ-ਸ਼ੁਭ ਜਾਂ

---

1. ਤ੍ਰਿਲੋਚਨ ਸਿੰਘ (ਡਾ:) ਗੁਰੂ ਨਾਨਕ ਦਾ ਸਿਖ ਧਰਮ, (ਦਿੱਲੀ, 1969), ਪੰ. 38.
2. Radha Kamal Mukerjee, The Dynamics of Morals, (London, n.d.) P. 413.

ਮਨੁੱਖ ਦੀ ਭਲਾਈ ਹੈ ਅਤੇ ਇਸਦਾ ਸਿਧਾ ਸੰਬੰਧ ਕਰਮ ਨਾਲ ਦੱਸਿਆ ਗਿਆ ਹੈ। ਇਸ ਲਈ ਚੰਗੇ ਆਚਰਣ ਨੂੰ ਅਪਨਾਉਣ ਉਤੇ ਵਾਰ ਵਾਰ ਜ਼ੋਰ ਦਿੱਤਾ ਗਿਆ ਹੈ।[3]

ਕਰਮ ਵਿਚ ਹੀ ਗੁਣ ਦਾ ਅਸਤਿਤ੍ਵ ਹੈ।[4] ਚੰਗਾ ਮਨੁੱਖ ਉਹ ਹੈ, ਜੋ ਚੰਗੇ ਕਰਮ ਕਰਦਾ ਹੈ, ਨਾ ਕਿ ਉਹ ਜੋ ਚੰਗੇ ਕਰਮ ਕਰ ਸਕਦਾ ਹੋਵੇ। ਇਸ ਲਈ ਨੀਤੀ ਸ਼ਾਸਤਰ ਵਿਹਾਰਕ ਅਨੁਸ਼ਾਸਨ ( Practical discipline ) ਤੇ ਵਧੇਰੇ ਜ਼ੋਰ ਦਿੰਦਾ ਹੈ।[5] ਭਾਵੇਂ ਕੁਝ ਵਿਚਾਰਵਾਨ ਸਿਧਾਂਤਕ ਅਨੁਸ਼ਾਸਨ (Practical disciplinet) ਅਤੇ ਵਿਹਾਰਕ ਅਨੁਸ਼ਾਸਨ ( Practical Dicipline) ਦੋਨ੍ਹਾਂ ਨੂੰ ਹੀ ਮੰਨਦੇ ਹਨ।[6]

(ਖ) ਨੀਤੀ ਸ਼ਾਸਤਰ ਅਤੇ ਧਰਮ:

ਮਨੁੱਖ ਇਕ ਸਮਾਜਕ ਪ੍ਰਾਣੀ ਹੈ ਅਤੇ ਸਮਾਜ ਇਕ ਜਥੇਬੰਦੀ, ਜੋ ਉਸਨੂੰ ਸਦੀਆਂ ਤੋਂ ਨੈਤਿਕ ਕੀਮਤਾਂ ਰਾਹੀਂ ਜੋੜਦੀ ਰਹੀ ਹੈ। ਅਲੱਗ ਅਲੱਗ ਸਮਿਆਂ ਵਿਚ ਕਈ ਤਰ੍ਹਾਂ ਦੇ ਨੈਤਿਕ ਮਾਨ ਪ੍ਰਚਲਿਤ ਰਹੇ, ਜਿਵੇਂ ਸੁਖ, ਪ੍ਰਸੰਨਤਾ, ਉਪਯੋਗਤਾ, ਨਿਯਮ (ਦੈਵੀ ਜਾਂ ਸਮਾਜਕ) ਅਤੇ ਆਤਮ ਸਿੱਧੀ ਆਦਿ ਜੋ ਜ਼ਿੰਦਗੀ ਦਾ ਅੰਤਿਮ ਮਨੋਰਥ ਮੰਨੇ ਜਾਂਦੇ ਰਹੇ ਹਨ।[7] ਮੋਰਕ ਹਾਪਕਿਨਜ਼ ਠੀਕ ਹੀ ਕਹਿੰਦਾ ਹੈ ਕਿ ਧਰਮ ਬਿਨਾਂ ਸਦਾਚਾਰ ਅਸੰਭਵ ਹੈ ਅਤੇ ਸਦਾਚਾਰ ਵਿਹੂਣਾ ਧਰਮ ਭਰਮ ਮਾਤਰ ਰਹਿ ਜਾਂਦਾ ਹੈ।[8] ਆਤਮ-ਸਿਧੀ ਨੂੰ ਧਾਰਮਕ ਸ਼ਬਦਾਵਲੀ ਵਿਚ ਮੋਕਸ਼, ਮੁਕਤੀ, ਨਿਰਵਾਣ ਅਤੇ ਪਰਮ-ਪਦ ਆਦਿ ਕਈ ਨਾਮ ਦਿਤੇ ਗਏ ਹਨ। ਸਦੀਆਂ ਤੋਂ ਸੰਤਾਂ ਮਹਾਤਮਾਵਾਂ ਅਤੇ ਅਲੱਗ ਅਲੱਗ ਧਰਮ ਦੇ ਬਾਨੀਆਂ ਨੇ ਜੋ ਆਚਾਰ-ਸੰਹਿਤਾ(Code of Conduct) ਬਣਾਈ, ਧਰਮ ਨੇ ਉਸ ਨੂੰ ਮਹੱਤਵ ਦਿੱਤਾ। ਧਰਮ ਮਨੁੱਖ ਦੀ ਸਭਿਆਚਾਰਕ ਜ਼ਿੰਦਗੀ ਦਾ ਆਧਾਰ ਰਿਹਾ ਹੈ ਕਿਉਂਕਿ ਇਹ ਗੁਣਵਾਨ ਜ਼ਿੰਦਗੀ ਵਲ ਪ੍ਰੇਰਦਾ ਹੈ।[9]

ਮੱਧ ਯੁਗ ਦੀਆਂ ਸੰਤ ਸੰਪਰਦਾਵਾਂ ਦੇ ਨੈਤਿਕ ਸਿਧਾਂਤ ਉਹ੍ਹਾਂ ਸਾਰੇ ਚੰਗੇ ਗੁਣਾਂ ਤੇ ਆਧਾਰਿਤ

---

3. ਜੇ . ਐਸ.ਮੇਕੇਂਜ਼ੀ, ਨੀਤੀ ਪ੍ਰਵੇਸ਼ਿਕਾ, ਅਨੁ. ਗੋਵਰਧਨ ਭਟ, (ਦਿੱਲੀ, 1964), ਪੰ. 19.
4. ਉਹੀ, ਪੰ. 19.
5. Leonard Nelson, System of Ethics, Translated by Narbert Guterman (New Haven, 1956), p. 23.
6. E Jordon, The Good Life, (Chicago, 1949), p. 4.
7. ਜਗਬੀਰ ਸਿੰਘ,(ਡਾ:)ਗੁਰਮਤਿ ਦੀ ਨੈਤਿਕਤਾ, ਸਿਖ ਫਲਸਫੇ ਦੀ ਰੂਪ ਰੇਖਾ, ਸੰਪਾ:ਪ੍ਰੀਤਮ ਸਿੰਘ, (ਅੰਮ੍ਰਿਤਸਰ,1975), ਪੰ. 187.
8. ਵੇਖੋ, ਪਿਆਰਾ ਸਿੰਘ, ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,(ਪਟਿਆਲਾ,1973),ਪੰ.132.
9. Surinder Singh Kohli(Dr.) Sikh Ethics, N.Delhi 197 ) .30.

ਸਨ, ਜੋ ਭਾਰਤੀ ਧਰਮਾਂ ਵਿਚ ਮਿਲਦੇ ਹਨ। ਪਰ ਸਿਖ ਧਰਮ ਇਸ ਤੋਂ ਵੀ ਅੱਗੇ ਇਕ ਪ੍ਰਗਤੀਸ਼ੀਲ ਕਦਮ ਹੈ ਕਿਉਂਕਿ ਇਸ ਨੇ ਵੈਦਿਕ ਕਾਲ ਦੇ ਮੋਕਸ਼ ਪ੍ਰਾਪਤੀ ਦੇ ਸਾਧਨ, ਪੂਜਾ, ਪਾਠ, ਕੁਰਬਾਨੀ, ਤਪ ਅਤੇ ਸੰਨਿਆਸ ਆਦਿ ਦਾ ਤਿਆਗ ਕੀਤਾ। ਇਸ ਨੂੰ ਗ੍ਰਹਿਸਤ ਜੀਵਨ ਦਾ ਧਰਮ ਕਿਹਾ ਗਿਆ ਹੈ।[10]

ਸਿਖ ਧਰਮ ਵਿਚ ਮਨੁੱਖ, ਸਮਾਜਕ, ਆਰਥਕ ਅਤੇ ਰਾਜਨੀਤਕ ਕਾਰਜਾਂ ਨੂੰ ਨਿਭਾਂਦਾ ਹੋਇਆ ਅਧਿਆਤਮਕ ਪੰਥ ਤੇ ਤੁਰਦਾ ਹੈ। ਇਸ ਅਨੁਸਾਰ ਸਦਾਚਾਰਕ ਜੀਵਨ ਤੋਂ ਅੱਗੇ ਅਨੁਭਵੀ ਜੀਵਨ ਵਲ ਤੁਰਨਾ ਜੀਵ ਦਾ ਮੁੱਖ ਮਨੋਰਥ ਹੈ। ਆਤਮਕ ਨਿਪੁੰਨਤਾ ਲਈ ਸਦਾਚਾਰਕ ਜੀਵਨ ਅਤਿ ਜ਼ਰੂਰੀ ਹੈ, ਪਰ ਨਿਰੋਲ ਸਦਾਚਾਰਕ ਪਵਿਤਰਤਾ ਜੀਵ ਨੂੰ ਆਤਮਕ ਗਿਆਨ ਦੀ ਪਰਪੱਕ ਅਵਸਥਾ ਵਲ ਨਹੀਂ ਲਿਜਾ ਸਕਦੀ। ਆਤਮਕ ਅਵਸਥਾ ਆਚਰਣ ਦੀ ਅਵਸਥਾ ਨਾਲੋਂ ਵੀ ਉਚੇਰੀ ਹੈ, ਪਰ ਫਿਰ ਵੀ ਸ਼ੁਭ ਆਚਰਣ ਬਿਨਾਂ ਆਤਮਕ ਅਨੁਭਵ ਕੋਈ ਪ੍ਰਾਪਤ ਨਹੀਂ ਕਰ ਸਕਦਾ।[11] ਸੋ ਨਿਸਚੇ ਹੀ ਆਤਮਕ ਗਿਆਨ ਲਈ ਨੈਤਿਕ ਜੀਵਨ ਅੰਤਿਮ ਲਕਸ਼ ਨਹੀਂ।[12] ਪਰ ਨੈਤਿਕ ਕੀਮਤਾਂ ਰਾਹੀਂ 'ਸਵੈ' ਦੀ ਪਹਿਚਾਨ ਬਹੁਤ ਜ਼ਰੂਰੀ ਕਦਮ ਹੈ ਜੋ ਆਤਮਕ ਜੀਵਨ ਵਿਚ ਮਦਦ ਕਰਦਾ ਹੈ ਅਤੇ ਮਨੁੱਖ ਅਧਿਆਤਮਕ ਪੰਥ ਤੇ ਤੁਰ ਸਕਦਾ ਹੈ।[13]

ਨੀਤੀ ਸ਼ਾਸਤਰ ਆਤਮਕ ਇਮਾਰਤ ਦੀ ਨੀਂਹ ਹੈ। ਆਤਮਕ ਕੀਮਤਾਂ ਮਨੁੱਖੀ ਕੀਮਤਾਂ ਨਾਲੋਂ ਸ੍ਰੇਸ਼ਟ ਹਨ।[14] ਮਨੁੱਖੀ ਕੀਮਤਾਂ ਤੇ ਗੁਣ, ਮੂਲ-ਭੂਤ ਸਦੀਵੀ ਧਾਰਮਕ ਕੀਮਤਾਂ ਰਾਹੀਂ ਹੀ ਪੈਦਾ ਹੁੰਦੇ ਹਨ। ਪਰ ਅਧਿਆਤਮਕ ਪੰਥ ਤੇ ਆਚਾਰ ਦੇ ਨਿਯਮ ਇਕ ਆਵਸ਼ਕਤਾ ਹਨ। ਗੁਣ ਅਪਨਾਉਣ ਤੋਂ ਬਿਨਾ ਇਕ ਸਾਧਕ ਅਧਿਆਤਮਕ ਪੰਥ ਤੇ ਨਹੀਂ ਤੁਰ ਸਕਦਾ।

ਜੋ ਉਚਿਤ ਹੈ, ਉਹ ਆਤਮਕ ਵਿਕਾਸ, ਮਨੁੱਖ ਜਾਂ ਸਮਾਜ ਦੇ ਵਿਕਾਸ ਲਈ ਵੀ ਉਨ੍ਹਾਂ

---

10. Surinder Singh Kohli, (Dr.), Philosophy of Guru Nanak, (Chd. 1969), p. 39
11. ਤ੍ਰਿਲੋਚਨ ਸਿੰਘ (ਡਾ.), ਗੁਰੂ ਨਾਨਕ ਦਾ ਸਿਖ ਧਰਮ, (ਦਿੱਲੀ 1969), ਪੰ. 38.
12. M.P. Pandit, Sri Aurbindo-Studies in the light of his thought, (Pondicherry, 1961), p. 236.
13. Surinder Singh Kohli (Dr.), Op. Cit. p. 56.
14. Radha Kamal Mukerjee, The Dynamics of Morals, (London, no date) p. 413.
15. Surinder Singh Kohli (Dr), Op. cit., p. 39.

ਹੀ ਮਹੱਤਵ ਦਾ ਲਖਾਇਕ ਹੈ। ਸੋ ਕੀਮਤਾਂ, ਗੁਣ, ਔਗੁਣ ਨੀਤੀ ਸ਼ਾਸਤਰ ਦੇ ਸੰਕੇਤ ਹਨ ਅਤੇ ਪੁੰਨ ਪਾਪ ਧਰਮ ਸਾਸ਼ਤਰ ਦੇ ਸੰਕੇਤ ਹਨ।[16]

## 2. ਗੁਰੂ ਰਾਮਦਾਸ ਜੀ ਦਾ ਨੈਤਿਕਤਾ ਦਾ ਸੰਕਲਪ।

ਮੱਧ ਕਾਲੀਨ ਭਗਤ ਕਵੀਆਂ ਵਾਂਗ ਗੁਰੂ ਰਾਮਦਾਸ ਜੀ ਦਾ ਮਨੁੱਖੀ ਆਤਮਾ ਜਾਂ ਜੀਵ-ਆਤਮਾ ਦੇ ਵਿਕਾਸ ਵਿਚ ਯਕੀਨ ਹੈ। ਮੁਕਤੀ ਜਾਂ ਮੋਕਸ਼ ਗੁਰੂ ਰਾਮਦਾਸ ਜੀ ਅਨੁਸਾਰ ਇਕ ਸ੍ਰੇਸ਼ਟ ਆਤਮਕ ਦਰਜਾ ਹੈ। ਇਹ ਇਕ ਅਜੇਹੀ ਅਵਸਥਾ ਹੈ ਜਿਥੇ ਆਤਮਕ ਸੂਝ ਰਾਹੀਂ ਆਪਾ ਚੀਨਣ ਤੇ ਮਨੁੱਖੀ ਹੋਂਦ ਆਪਣੀ ਪਹਿਲੀ ਅਗਿਆਨ ਅਵਸਥਾ ਤੋਂ ਸੁਤੰਤਰਤਾ ਪ੍ਰਾਪਤ ਕਰਦੀ ਹੈ। ਇਹ ਇਕ ਪਰਮ-ਸੁਖ ਜਾਂ ਪਰਮ-ਆਨੰਦ ਦੀ ਅਵਸਥਾ ਹੈ।[17] ਦੂਜੇ ਸ਼ਬਦਾਂ ਵਿਚ ਮੁਕਤੀ, ਮੋਕਸ਼ ਜਾਂ ਨਿਰਵਾਣ ਪਦ ਦਾ ਅਰਥ ਪਰਮ-ਸਤਿ ਦੇ ਗੁਣਾਂ ਨੂੰ ਆਪਣੇ ਆਪ ਵਿਚ ਪੈਦਾ ਕਰਨਾ ਅਤੇ ਉਸ ਵਿਚ ਅਭੇਦ ਹੋਣਾ ਹੈ। ਐਸੀ ਅਵਸਥਾ ਹੀ ਮਨੁੱਖ ਦੇ 'ਸਵੈ' ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਮੁਕਤੀ ਜਾਂ ਮੋਕਸ਼ ਦੇ ਪ੍ਰਥਾਇ, 'ਮੁਕਤਿ',[18] ਮੋਖ, ਮੋਖ ਦੁਆਰ[19] ਪਰਮਪਦੁ, ਪਰਮਗਤਿ,[20] ਅਮਰਪਦੁ[21] ਅਤੇ ਨਿਰਬਾਣੁ ਪਦੁ[22] ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਅਸੀਂ ਪਹਿਲੇ ਅਧਿਆਇ ਵਿਚ ਜ਼ਿਕਰ ਕਰ ਆਏ ਹਾਂ ਕਿ ਗੁਰੂ ਰਾਮਦਾਸ ਜੀ, ਪਰਮਾਤਮਾ ਨੂੰ ਸਿਰਜਕ, ਸੁਘੜੁ, ਸੁਜਾਣੁ, ਦਿਆਲੂ, ਦਾਤਾ, ਪ੍ਰਿਤਪਾਲਕ, ਆਸਰਾ, ਦੁਖ ਹਰਤਾ, ਸੁਆਮੀ ਆਦਿ ਦੇ ਸਰੂਪ ਵਿਚ ਚਿਤਵਦੇ ਹਨ। ਪਰਮ-ਸੱਤਾ ਦਾ ਇਹ ਸਰੂਪ ਤੱਤ੍ਵ-ਮੀਮਾਂਸੀ ਦ੍ਰਿਸ਼ਟੀ ਤੋਂ ਸਗੁਣ ਹੈ। ਮਨੁੱਖ ਦੇ ਲਈ ਪਰਮਾਤਮਾ ਦਾ ਇਹ ਸਰੂਪ ਬਹੁਤ ਮਹੱਤਵਪੂਰਣ ਹੈ। ਬ੍ਰਹਮ ਦਾ

---

16. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, (ਪਟਿਆਲਾ, 1975), ਪੰ. 135.

17. (ੳ) ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ॥15॥

(ਰਾਗ ਮਾਰੂ, ਆਦਿ ਗ੍ਰੰਥ, ਪੰ. 1070)

(ਅ) ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 444-45)

18. ਵੇਖੋ, ਆਦਿ ਗ੍ਰੰਥ, ਪੰ. 1310.

19. ਵੇਖੋ, ਉਹੀ, ਪੰਨੇ 1199। 1200, 1310.

20. ਵੇਖੋ, ਉਹੀ, ਪੰਨੇ 83, 981, 1070, 1198.

21. ਵੇਖੋ, ਉਹੀ, ਪੰਨੇ 1247, 1311.

22. ਵੇਖੋ, ਉਹੀ, ਪੰਨੇ 94, 444.

ਨਿਰਗੁਣ ਸਰੂਪ , ਮਨੁੱਖੀ ਸੰਕਲਪ ਵਿਚ ਸਹਿਜੇ ਸਮਾਣ ਵਾਲਾ ਨਹੀਂ। ਪਰਮਾਤਮਾ ਸਰਬ-ਗੁਣ ਸੰਪੰਨ ਹੈ[23] ਇਹ ਆਧਾਰ ਮੰਨਕੇ ਹੀ ਮਨੁੱਖ ਨੂੰ ਕੋਈ ਸੇਧ ਮਿਲ ਸਕਦੀ ਹੈ। ਇਥੇ ਅਸੀਂ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਪਰਮਾਤਮਾ ਦੇ ਇਸ ਸਰੂਪ ਤੇ ਨੀਤੀ ਸ਼ਾਸਤਰ ਦੇ ਪੱਖ ਤੋਂ ਸੰਖੇਪ ਵਿਚਾਰ ਕਰ ਰਹੇ ਹਾਂ।

ਪਰਮਾਤਮਾ ਸ੍ਰਿਸ਼ਟੀ ਦਾ ਸਿਰਜਕ ਅਤੇ ਆਸਰਾ ਹੈ। ਇਸ ਲਈ ਉਸਦੇ ਕਰਤਾਰੀ ਗੁਣਾਂ ਨੂੰ ਪੈਦਾ ਕਰਨ ਲਈ ਮਨੁੱਖ ਨੂੰ ਪ੍ਰੇਰਿਆ ਗਿਆ ਹੈ। ਉਹ ਸਾਰੀਆਂ ਤਾਕਤਾਂ ਦਾ ਮਾਲਕ ਹੈ।[24] ਇਸ ਲਈ ਉਸ ਤੋਂ ਵੱਡਾ ਕੋਈ ਆਸਰਾ ਨਹੀਂ ਹੋ ਸਕਦਾ। ਉਹ ਸੰਸਾਰ ਦੀ ਉਤਪਤੀ ਨੂੰ ਆਪ ਹੀ ਧਾਰਨ ਕਰ ਰਿਹਾ ਹੈ, ਇਸ ਲਈ ਸਭ ਤੋਂ ਵੱਡਾ ਰੱਖਿਅਕ ਹੈ। ਸ੍ਰਿਸ਼ਟੀ ਦੀ ਉਤਪਤੀ ਕਰ ਕੇ ਉਸਦੀ ਸੰਭਾਲ, ਪਾਲਣਾ ਅਤੇ ਕਾਰਜ ਵਿਚ ਲਾਣ ਵਾਲਾ ਉਹ ਆਪ ਹੀ ਹੈ।[25] ਇਸ ਲਈ ਉਹ ਮਾਂ-ਬਾਪ, ਭਾਈ ਭੈਣ, ਸਭ ਰਿਸ਼ਤੇਦਾਰ ਦੋਸਤ ਮਿਤਰਾਂ ਨਾਲੋਂ ਉਪਰ ਸਥਾਨ ਰੱਖਦਾ ਹੈ।

ਉਹ ਮਾਲਕ ਜਾਂ ਸੁਆਮੀ ਹੈ। ਇਸ ਲਈ ਉਸਦੀ ਕਿਸੇ ਕਿਸਮ ਦੀ ਵੰਡ ਉਤੇ ਮਨੁੱਖ ਦਾ ਗਿਲ੍ਹਾ ਕਰਨਾ ਕੋਈ ਅਰਥ ਨਹੀਂ ਰੱਖਦਾ, ਕਿਉਂਕਿ ਉਸ ਤੋਂ ਵੱਡਾ ਮਾਲਕ ਕੋਈ ਹੈ ਹੀ ਨਹੀਂ ਜਿਸ ਪਾਸ ਸ਼ਿਕਾਇਤ ਕੀਤੀ ਜਾ ਸਕੇ। ਉਹ 'ਸਤਿ' ਹੈ, ਇਸ ਲਈ ਉਸਦਾ ਕਾਰਜ-ਕਰਮ ਸਤਿ ਹੈ। ਉਸਦੀ ਸਚਾਈ ਭਲੇ ਬੁਰੇ ਨੂੰ ਨਿਖੇੜਨ ਦੀ ਹੈ ਕਿਉਂਕਿ ਉਹ ਸਭ ਤੋਂ ਵੱਡਾ ਨਿਆਇਧੀਸ਼ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਨੇ ਆਪਣੀ ਕਲਾ ਵਰਤਕੇ ਸ੍ਰਿਸ਼ਟੀ ਨੂੰ ਚਲਾਇਆ ਹੈ। ਪਾਣੀ ਦੇ ਵਿਚ ਧਰਤੀ, ਧਰਤੀ ਦੇ ਵਿਚ ਪਾਣੀ ਨੂੰ ਕਾਇਮ ਉਸਨੇ ਹੀ ਰੱਖਿਆ ਹੈ। ਉਸਨੇ ਪਾਣੀ ਨਾਲ ਮਿੱਟੀ ਨੂੰ ਬੰਨ੍ਹਕੇ ਇਸ ਤਰ੍ਹਾਂ ਰੱਖਿਆ ਹੈ ਮਾਨੋ ਬਕਰੀ ਸ਼ੇਰ ਨੂੰ ਬੰਨ੍ਹ ਕੇ ਘੁਮਾਂਦੀ ਫਿਰ

---

23. ਗੋਵਿੰਦੁ ਗੋਵਿਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1313)

24. (ੳ) ਤੂ ਆਪੇ ਕਰਤਾ ਸ੍ਰਿਸਟਿ............॥ (ਰਾਗ ਭੈਰਵ, ਆਦਿ ਗ੍ਰੰਥ, ਪੰ. 1134)
(ਅ) .... .... .... ... ਸਰਬ ਕਲਾ ਕਲਧਾਰੇ॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1199)

25. (ੳ) ਵਿਚਿ ਆਪੇ ਜੰਤ ਉਪਾਇਨੁ ਮੁਖਿ ਆਪੇ ਦੇਇ ਗਿਰਾਸੁ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 302)
(ਅ) ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਉਨੁ॥ (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 653)
(ੲ) ਹਰਿ ਆਪਿ ਉਪਾਏ ਹਰਿ ਆਪੇ ਵੇਖੈ
ਹਰਿ ਆਪੇ ਕਾਰੈ ਲਾਇਆ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 73)

ਰਹੀ ਹੋਵੇ।[26] ਜਿਥੇ ਇਕ ਪਾਸੇ ਲੱਖਾਂ ਟਨ ਭਾਰੀਆਂ ਧਰਤੀਆਂ ਨੂੰ ਉਹ ਨਿਯੰਤ੍ਰਣ ਵਿਚ ਰਖ ਰਿਹਾ ਹੈ, ਉਥੇ ਪੱਥਰ ਅੰਦਰ ਪੈਦਾ ਹੋਏ ਕੀੜੇ ਨੂੰ ਖੁਰਾਕ ਵੀ ਉਹੀ ਪਹੁੰਚਾਂਦਾ ਹੈ।[27] ਪਰਮਾਤਮਾ ਦਾ ਇਕ ਸਰਬ ਵਿਆਪਕ ਨਿਯਮ ਹੈ ਜਿਸਦੇ ਨਿਯੰਤ੍ਰਣ ਹੇਠਾਂ ਹੀ ਸਭ ਕੁਝ ਵਾਪਰ ਰਿਹਾ ਹੈ। ਇਹੀ ਉਸਦਾ ਹੁਕਮ ਹੈ। ਜਿਸਤਰ੍ਹਾਂ ਲਕੜੀ ਵਿਚ ਛੁਪੀ ਹੋਈ ਅੱਗ ਉਸਨੂੰ ਸਾੜ ਨਹੀਂ ਸਕਦੀ, ਇਸ ਤਰ੍ਹਾਂ ਉਸਦੇ ਹੁਕਮ ਤੋਂ ਬਿਨਾਂ ਕੁਝ ਵੀ ਵਾਪਰ ਨਹੀਂ ਸਕਦਾ।[28]

ਮਨੁੱਖ ਉਸ ਦੈਵੀ ਜੋਤਿ ਦਾ ਅੰਸ਼ ਹੈ, ਪਰ ਉਸ ਵਾਂਗ ਸੰਪੂਰਣ ਤੇ ਸਮਰੱਥ ਨਹੀਂ। ਮਨੁੱਖ ਦੀ ਸੰਪੂਰਣਤਾ ਉਸਦੇ ਸਰਬ-ਵਿਆਪਕ ਨਿਯਮ ਨੂੰ ਸਮਝਣ ਵਿਚ ਉਸ ਅਨੁਸਾਰ ਆਪਣਾ ਆਪ ਢਾਲਣ ਵਿਚ ਹੈ। ਜਿਓਂ ਕੁਟਬਾਨ ਤੇ ਚੜ੍ਹੀ ਕੀੜੀ ਕੁਟਬਾਨ ਦੇ ਆਕਾਰ ਦੀ ਉਚਾਈ ਨੂੰ ਨਹੀਂ ਵੇਖ ਸਕਦੀ। ਉਸਨੂੰ ਸਿਰਫ ਉਸਦੇ ਆਕਾਰ ਦੀ ਵਿਸ਼ਾਲਤਾ ਦਾ ਅਹਿਸਾਸ ਮਾਤਰ ਹੋ ਸਕਦਾ ਹੈ। ਇਸਤਰ੍ਹਾਂ ਮਨੁੱਖੀ ਬੁਧੀ ਦੈਵੀ ਪ੍ਰਯੋਜਨ ਨੂੰ ਇਸ ਰੂਪ ਵਿਚ ਹੀ ਸਮਝ ਜਾਂ ਮਹਿਸੂਸ ਕਰ ਸਕਦੀ ਹੈ। ਜਿਵੇਂ ਪਾਣੀ ਦਾ ਕਤਰਾ ਪਾਣੀ ਦੇ ਸਾਰੇ ਗੁਣ ਰੱਖਦਾ ਹੋਇਆ ਵੀ ਸਮੁੰਦਰ ਜਾਂ ਨਦੀ ਵਰਗੀ ਸ਼ਕਤੀ ਪੈਦਾ ਨਹੀਂ ਕਰ ਸਕਦਾ, ਇਸ ਤਰ੍ਹਾਂ ਮਨੁੱਖ ਇਕ ਕਤਰੇ ਦੀ ਨਿਆਈਂ ਆਪਣੀ ਸਮੁੱਚੀ ਹਸਤੀ ਨੂੰ ਬ੍ਰਹਮੰਡ-ਸਮੁੰਦਰ ਦੀ ਵਿਆਪਕਤਾ ਵਿਚ ਲੀਨ ਕਰ ਸਕਦਾ ਹੈ। ਇਸ ਲਈ ਜੋ ਗੁਣ ਪਰਮ-ਸੱਤਾ ਦੇ ਹਨ ਉਹੀ ਗੁਣ ਪ੍ਰਾਣੀ ਮਾਤਰ ਨੂੰ ਅਪਨਾਉਣੇ ਚਾਹੀਦੇ ਹਨ ਕਿਉਂਕਿ ਕੋਈ ਵੀ ਪ੍ਰਾਣੀ ਜਾਂ ਹੋਂਦ, ਸ੍ਰਿਸ਼ਟੀ ਤੇ ਉਸਦੇ ਗੁਣ ਰੂਪਾਂ ਦੀ ਵਿਰੋਧਤਾ ਕਰਕੇ ਵਿਕਾਸ ਦੇ ਪੱਥ ਤੇ ਨਹੀਂ ਚਲ ਸਕਦੀ। ਜਿਸ ਤਰ੍ਹਾਂ ਪਾਣੀ ਦਾ ਗੁਣ ਸੀਤਲਤਾ ਅਤੇ ਅੱਗ ਦਾ ਗਰਮੀ ਹੈ ਇਸ ਤਰ੍ਹਾਂ ਮਨੁੱਖ ਦਾ ਗੁਣ ਉਸ ਬ੍ਰਹਮ ਦੀ

---

26. (ੳ) ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ॥
ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ॥

(ਰਾਗ ਸੋਰਠਿ, ਆਦਿ ਗ੍ਰੰਥ, ਪੰਨੇ 605–606)

(ਅ) ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1318)

27. ਆਪਿ ਦਇਆਲੁ ਦਇਆਵਾਨ ਦੇਵੈ ਵਿਚਿ ਪਾਥਰ ਕੀਰੇ ਕਾਰੇ॥3॥

(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 982)

28. ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ॥
ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 606)

ਆਮਨੀਅਤ ਨੂੰ ਦੂਜੇ ਸ਼ਬਦਾਂ ਵਿਚ 'ਸਦੋ' ਦੀ ਪਹਿਚਾਣ ਕਰਕੇ ਔਗੁਣਾਂ ਜਾਂ ਵਿਕਾਰਾਂ ਦਾ ਨਾਸ਼ ਕਰਨਾ ਹੈ।

ਡਾ. ਸੁਰਿੰਦਰ ਸਿੰਘ ਕੋਹਲੀ ਪਰਮਾਤਮਾ ਦੇ ਸਰਬ-ਵਿਆਪਕ ਨਿਯਮ (ਹੁਕਮ) ਨੂੰ ਮੁਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਦੇ ਹਨ।[29]

1. ਭੌਤਿਕ ਨਿਯਮ
2. ਨੈਤਿਕ ਜਾਂ ਸਦਾਚਾਰਕ ਨਿਯਮ
3. ਆਤਮਕ ਨਿਯਮ।

ਭੌਤਿਕ ਨਿਯਮਾਂ ਅਧੀਨ ਕਾਰਜ ਅਤੇ ਕਾਰਣ ਦਾ ਸੰਬੰਧ (Physical Law of Causation) ਹੈ। ਜੇ ਅਸੀਂ ਜ਼ਹਿਰ ਖਾਂਦੇ ਹਾਂ ਤਾਂ ਤੁਰਤ ਮਰ ਜਾਵਾਂਗੇ- ਇਹ ਇਕ ਭੌਤਿਕ ਨਿਯਮ ਹੈ। ਦੂਜਾ (Moral of causation) ਹੈ ਜੋ ਕਰਮ ਜਾਂ ਕਾਰਜ ਫਲ ਪ੍ਰੇਰਦਾ ਹੈ। ਜਿਵੇਂ ਦੁਨਿਆਵੀ ਖੁਸ਼ੀਆਂ ਹੀ ਸਰੀਰਕ ਦੁਖਾਂ ਦੀਆਂ ਜਨਮ-ਦਾਤੀਆਂ ਹਨ। ਤੀਜਾ ਨਿਯਮ ਪ੍ਰੇਮ ਦਾ ਆਤਮ ਸਿਧਾਂਤ ਹੈ। ਰੱਬ ਪ੍ਰਤੀ ਸ਼ਰਧਾ ਰੱਬ ਦਾ ਪ੍ਰੇਮ ਹੈ। ਪਰਮਾਤਮਾ ਪ੍ਰਤੀ ਇਹ ਪ੍ਰੇਮ ਪਰਮ-ਪਦ ਦੀ ਪ੍ਰਾਪਤੀ ਬਣਦਾ ਹੈ।[30] ਸੋ ਪਰਮਾਤਮਾ ਦੇ ਹੁਕਮ ਦੀ ਪਹਿਚਾਨ ਹੀ ਆਤਮਕ-ਚੇਤੰਨਤਾ ਦਾ ਦੂਜਾ ਨਾਂ ਹੈ।[31] ਅਤੇ ਇਹੀ ਸੱਚ ਦੀ ਪ੍ਰਾਪਤੀ ਹੈ, ਜੋ ਉਸਦੀ ਰਜ਼ਾ ਅਨੁਸਾਰ ਚਲਣ ਵਿਚ ਆਉਂਦੀ ਹੈ।[32]

ਗੁਰੂ ਰਾਮਦਾਸ ਜੀ ਨੇ ਬਾਕੀ ਗੁਰੂ ਕਵੀਆਂ ਵਾਂਗ ਗ੍ਰਹਿਸਥ ਜੀਵਨ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਮੋਕਸ਼ ਦੀ ਪ੍ਰਾਪਤੀ ਸੰਸਾਰ ਵਿਚ ਵਿਚਰਦਿਆਂ ਹੀ ਹੁੰਦੀ ਹੈ। ਉਨ੍ਹਾਂ ਨੇ ਵੇਦਾਂ ਦੇ ਚਾਰ ਪੁਰਸ਼ਾਰਥ-ਚਾਰ ਵਰਣ ਅਤੇ ਚਾਰ ਆਸ਼੍ਰਮਾਂ ਨੂੰ ਮੁਖ ਨਾ ਰੱਖਕੇ ਗੁਣਵਾਨ ਜ਼ਿੰਦਗੀ ਨੂੰ ਹੀ ਸ੍ਰੇਸ਼ਟਤਾ ਦਿਤੀ।[33] ਇਸ ਲਈ ਉਨ੍ਹਾਂ ਨੇ ਧਰਮ, ਅਰਥ, ਕਾਮ, ਮੋਖ ਨਾਲੋਂ ਵੀ ਉਤਮ-ਪਦ, ਪਰਮਾਤਮਾ

---

29. Surinder Singh Kohli (Dr.), Sikh Ethics, p.14.
30. Ibid,
31. Avtar Singh(Dr.), Ethics of Sikhs,(Chandigarh,1966),Punjab Uni. Ph.D. Thesis,p.46.
32. (ੳ) ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ..........॥
(ਸਾਰੰਗ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ. 1244)
(ਅ) ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ।।
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)
33. (ੳ) ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ॥
ਵਿਚੇ ਗ੍ਰਿਸਤ ਉਦਾਸ ਰਹਾਈ॥ (ਰਾਗ ਗੂਜਰੀ, ਆਦਿ ਗ੍ਰੰਥ, ਪੰ. 494)
(ਅ) ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ (ਮਾਰੂ ਸੋਲਹੇ, ਆਦਿ ਗ੍ਰੰਥ, ਪੰ. 1070)

ਦੇ ਭਗਤ ਨੂੰ ਦਿੱਤਾ ਹੈ।[34] ਕਿਉਂਕਿ ਜਿਹੜਾ ਨੌਂਣ ਪਰਮਾਤਮਾ ਦਾ ਹੁੰਦਾ ਹੈ, ਉਹੀ ਗੁੰਣ ਪਰਮਾਤਮਾ ਦੇ ਭਗਤ ਦਾ ਹੋ ਨਿਬੜਦਾ ਹੈ।[35] ਗੁਣਾਂ ਦੇ ਮਾਰਗ ਤੇ ਚਲਣ ਲਈ ਔਗੁਣਾਂ ਦਾ ਤਿਆਗ ਜ਼ਰੂਰੀ ਹੈ। ਜਦੋਂ ਮਨੁੱਖ ਦਾ ਧਿਆਨ ਔਗੁਣਾਂ ਨੂੰ ਹਟਾਉਣ ਵਲ ਜਾਂਦਾ ਹੈ ਤਾਂ ਗੁਣ ਸ਼ਖ਼ਸੀਅਤ ਵਿਚ ਸਹਿਜੇ ਹੀ ਪ੍ਰਵੇਸ਼ ਕਰ ਜਾਂਦੇ ਹਨ। ਗੁਣਾਂ ਦਾ ਰਸਤਾ ਹੀ ਸੱਚ ਦਾ ਰਸਤਾ ਹੈ ਅਤੇ ਸਤਿ ਸਰੂਪ ਪਰਮਾਤਮਾ ਨੂੰ ਸੱਚ ਹੀ ਚੰਗਾ ਲਗਦਾ ਹੈ:—

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ। (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.302)

ਇਸ ਲਈ ਗੁਰੂ ਰਾਮਦਾਸ ਜੀ ਜੀਵ ਨੂੰ ਸੱਚ, ਪ੍ਰੇਮ, ਦਯਾ, ਖਿਮਾ ਸੰਜਮ, ਨਿਰਭੈਤਾ, ਨੇਕਨੀਤੀ, ਸਿਦਕ, ਧੀਰਜ, ਉਦਮ ਆਦਿ ਨੈਤਿਕ ਕੀਮਤਾਂ ਅਤੇ ਗੁਣਾਂ ਨੂੰ ਅਪਨਾਉਣ ਲਈ ਪ੍ਰੇਰਦੇ ਹਨ। ਔਗੁਣ ਤਿਆਗਣ ਲਈ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ, ਹਉਮੈ, ਮਮਤਾ, ਮੋਹ, ਤ੍ਰਿਸ਼ਨਾ, ਦੁਬਿਧਾ, ਦਵੈਖ, ਚਤੁਰਾਈ, ਕੂੜ, ਕਪਟ, ਅਗਿਆਨਤਾ, ਨਿੰਦਾ, ਚੁਗਲੀ, ਹਠ, ਪਾਖੰਡ, ਬਦਨੀਤੀ, ਢੀਠਤਾ ਅਤੇ ਕੁਸੰਗਤਿ ਆਦਿ ਤੋਂ ਬੱਚਣ ਲਈ ਚਿਤਾਵਨੀ ਦਿੰਦੇ ਹਨ।

ਪਰਮਾਤਮਾ ਦੀ ਜਗਤ-ਰਚਨਾ ਵਿਚ ਪਰਮ-ਸਤਿ ਨੂੰ ਸਮਝਣ ਵਾਲਾ ਪ੍ਰਾਣੀ ਹੋਣ ਕਰਕੇ ਮਨੁੱਖ ਨੂੰ ਉਤਮ ਪ੍ਰਾਣੀ ਮੰਨਿਆ ਗਿਆ ਹੈ। ਮਨੁੱਖੀ ਜ਼ਿੰਦਗੀ ਨੂੰ ਅਜੇਹਾ ਅਵਸਰ ਸਮਝਿਆ ਗਿਆ ਹੈ ਜਦ ਜੀਵ-ਆਤਮਾ ਆਪਣੇ ਪੂਰਬਲੇ ਕਰਮਾਂ ਨੂੰ ਛੱਡਕੇ ਚੰਗੇ ਆਚਰਣ ਰਾਹੀਂ (ਚੰਗੇ ਕਰਮਾਂ ਰਾਹੀਂ), 'ਸਵੈ' ਦੀ ਪਹਿਚਾਨ ਰਾਹੀਂ, ਪਰਮਾਤਮਾ ਨਾਲ ਇਕ-ਸੁਰਤਾ ਪੈਦਾ ਕਰ ਸਕਦੀ ਹੈ। ਜੇ ਐਸਾ ਨਹੀਂ ਹੋਏਗਾ ਤਾਂ ਉਹ ਆਵਾਗਵਨ ਦੇ ਚੱਕਰ ਵਿਚ ਪੈ ਕੇ ਸਦੀਵੀ ਦੁਖ ਅਤੇ ਪੀੜ ਦੀ ਭਾਗੀ ਬਣੀ ਰਹੇਗੀ।

ਪਰਮਾਤਮਾ ਨੇ ਆਪਣੀ ਜਗਤ-ਰਚਨਾ ਰਚ ਕੇ ਜੀਵ ਨੂੰ ਉਸ ਸਭ ਦਾ ਸਿਰਤਾਜ ਤਾਂ ਬਣਾ ਦਿੱਤਾ ਪਰ 'ਬੰਧਨ' ਵੀ ਐਨੇ ਪੈਦਾ ਕਰ ਦਿਤੇ ਕਿ ਉਹ ਬੰਧਨ-ਮੁਕਤ ਸੰਸਾਰ ਤੋਂ ਛੁਟਕਾਰਾ

---

38. (ੳ) ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ॥ (ਰਾਗ ਗੋਂਡ, ਆਦਿ ਗ੍ਰੰਥ, ਪੰ. 861)

(ਅ) ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰ ਬਈ॥੧॥ ਰਹਾਉ॥
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1320)

(ੲ) ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ ਧਰਮੁ ਅਰਥੁ ਕਾਮ, ਮੋਖੁ
ਜਨ ਨਾਨਕ ਹਰਿ ਸਿਉ ਮਿਲੈ ਹਰਿ ਭਗਤ ਤੇਰਾ॥ 2॥ 2॥ 9॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1201)

39. ਹਰਿ ਕਾ ਚਿਹਨੁ ਸੋਈ ਹਰਿ ਜਨ ਕਾ
ਹਰਿ ਆਪੇ ਜਨ ਮਹ ਆਪੁ ਰਖਾਤਿ॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1264)

ਪਾ ਕੇ ਹਮੇਸ਼ਾਂ ਸੁਤੰਤਰ ਜਗਤ ਦਾ ਵਾਸੀ ਬਨਣ ਦੀ ਲੋਚਾ ਉਸ ਵਿਚ ਬਣੀ ਰਹੇ, ਦੁਨਿਆਵੀ ਪਦਾਰਥ ਭੋਗਦਿਆਂ ਆਤਮਕ ਗੁਣਾਂ ਦੀ ਤਲਾਸ਼ ਦਾ ਪ੍ਰਯੋਜਨ ਬਣਿਆ ਰਹੇ। ਮਨੁੱਖ ਦੀ ਸੁਤੰਤਰਤਾ ਦਾ ਸੰਕਲਪ ਪਰਮ-ਸਤਿ ਦਾ ਧਾਰਣੀ ਰਹਿਣਾ ਚਾਹੀਦਾ ਹੈ ਨਹੀਂ ਤਾਂ ਖੁਸ਼ੀ ਅਤੇ ਆਨੰਦ ਬੜੇ ਸੰਕੀਰਣ ਅਰਥ ਰੱਖਣਗੇ। ਇਸ ਲਈ ਮਨੁੱਖ ਦਾ ਆਚਾਰ ਉਨ੍ਹਾਂ ਕੀਮਤਾਂ ਤੇ ਨਿਰਭਰ ਕਰਦਾ ਹੈ ਜਿਹੜੀਆਂ ਉਹ ਵਸਤੂਆਂ ਨੂੰ ਦਿੰਦਾ ਹੈ।[36]

(ੲ) ਮਨੁੱਖੀ ਜੀਵਨ: ਨੈਤਿਕ ਕੀਮਤਾਂ ਅਤੇ ਗੁਣ:

ਗੁਰੂ ਰਾਮਦਾਸ ਜੀ ਦਾ ਨੀਤੀ ਸ਼ਾਸਤਰ ਉਹਨਾਂ ਨਿਯਮਾਂ ਤੇ ਆਧਾਰਿਤ ਹੈ ਜਿਸ ਰਾਹੀਂ ਵਿਅਕਤੀ ਆਪਣੇ ਆਦਰਸ਼ ਨਾਲ ਜੁੜ ਕੇ ਨਾ ਕੇਵਲ ਆਪਣੇ ਸਦਾਚਾਰਕ ਅਨੁਸ਼ਾਸਨ ਨੂੰ ਅਰਥ ਦੇ ਸਕਦਾ ਹੈ, ਸਗੋਂ ਸਮੁੱਚੇ ਮਨੁੱਖੀ ਭਾਈਚਾਰੇ ਦੇ ਕਲਿਆਣ ਲਈ ਯਤਨਸ਼ੀਲ ਹੋ ਸਕਦਾ ਹੈ। ਇਸ ਲਈ ਗੁਰੂ ਰਾਮਦਾਸ ਜੀ ਦਾ ਦਰਸ਼ਨ, ਪੀੜ, ਦੁਖ ਅਤੇ ਕਲੇਸ਼ ਆਦਿ ਅਵਸਥਾਵਾਂ ਨੂੰ ਉਸਦੇ ਹੁਕਮ ਦਾ ਅੰਗ ਸਵੀਕਾਰ ਕਰਦਾ ਹੈ।[37] ਆਤਮਕ ਤੌਰ ਤੇ ਜਾਗ੍ਰਿਤ ਵਿਅਕਤੀ ਨੂੰ ਸ੍ਰਿਸ਼ਟੀ ਦੀ ਬਣਤਰ, ਇਸਦੇ ਗੁਣ, ਦੋਸ਼, ਰੂਪ ਰਾਹੀਂ ਪਰਮਾਤਮਾ ਦੀ ਖੇਡ ਦੀ ਸਮਝ ਪਈ ਹੁੰਦੀ ਹੈ। ਉਸਦਾ ਹਰ ਕਰਮ ਏਨਾ ਨਿੱਜ ਲਈ ਨਹੀਂ ਜਿੰਨਾ ਕਿ ਆਤਮਕ ਵਿਕਾਸ ਲਈ ਹੁੰਦਾ ਹੈ। ਉਸ ਅੰਦਰ ਸੁਤੇ-ਸਿਧ ਪ੍ਰਵੇਸ਼ ਕੀਤੀ ਆਪਾ ਨਿਛਾਵਰ ਕਰਨ ਦੀ ਸ਼ਕਤੀ, ਕੁਰਬਾਨੀ, ਸੇਵਾ, ਪ੍ਰੇਮ ਅਤੇ ਨਿਮਰਤਾ ਆਦਿ ਗੁਣ ਮਨੁੱਖਤਾ ਦੇ ਵਿਕਾਸ ਲਈ ਸਹਾਈ ਹੁੰਦੇ ਹਨ। ਗੁਰੂ ਰਾਮਦਾਸ ਜੀ ਮਨੁੱਖ ਦੇ ਦੁਖਾਂ ਸੁੱਖਾਂ ਦੀ ਨਵਿਰਤੀ ਲਈ ਬੇਨਤੀ, ਸਿਰਫ ਪਰਮਾਤਮਾ ਪਾਸ ਹੀ ਕਰਨ ਲਈ ਕਹਿੰਦੇ ਹਨ। ਇਸ ਸੰਸਾਰ ਵਿਚ ਕੋਈ ਦੁੱਖ ਅਤੇ ਪੀੜ ਤੋਂ ਬਚਿਆ ਨਹੀਂ। ਜੋ ਮਨੁੱਖ ਇਸ ਦਾ ਆਪ ਹੀ ਸ਼ਿਕਾਰ ਹੋਇਆ ਹੈ ਉਹ ਕਿਸੇ ਦੇ ਦੁੱਖ ਦੀ ਬਿਥਿਆ ਕੀ ਸੁਣੇਗਾ ? ਉਸ ਪਾਸ ਤਾਂ ਆਪ ਇਕ ਦੁੱਖਾਂ ਦੀ ਕਹਾਣੀ ਸੁਣਾਉਣ ਲਈ ਹੈ।[38]

---

36. Leonard, Nelson, System of Ethics, p. 97.

37. ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
    ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 168)

38. ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਪੇ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ॥
    ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ ਜੋ ਤੁਮਰੇ ਦੁਖ ਤਤਕਾਲ ਕਢਾਸਾ॥
    ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ ਅਵਰਾ ਪਹਿ ਕਹਿ ਮਨ ਲਾਜ ਮਰਾਸਾ॥2॥
    (ਰਾਗ ਗੋਂਡ, ਆਦਿ ਗ੍ਰੰਥ, ਪੰ. 860)

ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖ ਲਈ ਉਹ ਹਰ ਗਲ ਚੰਗੀ ਹੈ, ਜੋ ਪਰਮਾਤਮਾ ਦੀ ਰਜ਼ਾ ਅਨੁਸਾਰ ਹੈ ਅਤੇ ਉਹ ਭੈੜੀ ਹੈ ਜੋ ਉਸ ਦੀ ਰਜ਼ਾ ਤੋਂ ਬਾਹਰ ਹੈ।[39] ਜਦ ਵਿਅਕਤੀ ਜ਼ਿੰਦਗੀ ਪ੍ਰਤੀ ਅਜੇਹਾ ਦ੍ਰਿਸ਼ਟੀਕੋਣ ਅਪਨਾ ਲੈਂਦਾ ਹੈ ਤਾਂ ਉਸਨੂੰ ਕਿਸੇ ਵੀ ਅਣਹੋਣੀ ਤੇ ਦੁੱਖ ਨਹੀਂ ਹੁੰਦਾ। ਉਹ ਜ਼ਿੰਦਗੀ ਦੇ ਸੁੱਖਾਂ ਦੁੱਖਾਂ ਨੂੰ ਉਸ ਪਰਮਾਤਮਾ ਦੀ ਰਜ਼ਾ ਦਾ ਇਕ ਹਿੱਸਾ ਸਮਝਦਾ ਹਮੇਸ਼ਾਂ ਉਨ੍ਹਾਂ ਤੋਂ ਨਿਰਲੇਪ ਰਹਿਣ ਦੇ ਯਤਨ ਵਿਚ ਰਹਿੰਦਾ ਹੈ। ਗੁਰੂ ਰਾਮਦਾਸ ਜੀ ਜ਼ਿੰਦਗੀ ਦੇ ਇਸ ਯਥਾਰਥ ਵਲ ਇਸ਼ਾਰਾ ਕਰਦੇ ਹਨ ਕਿ ਜੋ ਜੀਵ ਪੈਦਾ ਹੋਇਆ ਹੈ ਕਾਲ-ਵਸ ਉਸ ਨੇ ਇਕ ਦਿਨ ਖ਼ਤਮ ਹੋਣਾ ਹੀ ਹੈ। ਮਨੁੱਖੀ ਜੀਵਨ ਇਕ ਰਾਤ ਦੀ ਤਰ੍ਹਾਂ ਹੈ ਜਿਸ ਨੇ ਬੀਤ ਜਾਣਾ ਹੈ।

ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਜ਼ਿੰਦਗੀ ਨੂੰ ਚਾਰ ਅਵਸਥਾਵਾਂ (ਰਾਤ ਦਿਆਂ ਚਾਰ ਪਹਿਰਾਂ) ਵਿਚ ਵੰਡਿਆ ਹੈ। ਮਨੁੱਖ ਨੂੰ ਇਸ ਰਾਤ ਦਾ ਵਣਜਾਰਾ ਦਸਿਆ ਹੈ। ਇਸ ਤੋਂ ਉਨ੍ਹਾਂ ਦਾ ਮਨੋਰਥ ਮਨੁੱਖ ਨੂੰ ਅੰਤਿਮ ਲਕਸ਼ ਦੀ ਪ੍ਰਾਪਤੀ ਲਈ ਚੇਤੰਨ ਕਰਨ ਤੋਂ ਹੈ। ਉਨ੍ਹਾਂ ਅਨੁਸਾਰ ਜੀਵ ਦੀ ਪਹਿਲੀ ਅਵਸਥਾ ਮਾਂ ਦੇ ਗਰਭ ਵਿਚ ਬੀਜ ਰੂਪ ਵਿਚ ਪੈਦਾ ਹੋਣ ਦੀ ਹੈ। ਮਾਂ ਦੇ ਗਰਭ ਦੀ ਅਗਨੀ ਵਿਚ ਉਹ ਇਸ ਲਈ ਸੁਰੱਖਿਅਤ ਰਹਿੰਦਾ ਹੈ ਕਿਉਂਕਿ ਉਹ ਆਪਣੇ 'ਅਸਲੇ' ਨਾਲ ਜੁੜਿਆ ਹੁੰਦਾ ਹੈ ਫਿਰ ਉਸਦਾ ਜਨਮ ਉਸਨੂੰ ਬਾਹਰੀ ਵਸਤਾਂ, ਮਨੁੱਖਾਂ ਨਾਲ ਜੋੜਦਾ ਹੈ ਅਤੇ ਦੁਨਿਆਵੀ ਸੰਬੰਧ ਪੈਦਾ ਕਰਦਾ ਹੈ।[40]

ਦੂਜੀ ਅਵਸਥਾ ਵਿਚ ਮਨੁੱਖ ਪੈਦਾ ਹੋਣ ਤੇ ਦੇਸ਼ ਕਾਲ ਦੀ ਸੀਮਾਂ ਵਿਚ ਆ ਜਾਂਦਾ ਹੈ। ਉਸ ਦਾ ਮਨ ਇੰਦ੍ਰਿਆਵੀ ਬੋਧ ਪ੍ਰਤੀ ਚੇਤੰਨ ਹੁੰਦਾ ਹੈ। ਇੰਦਰੇ ਆਪਣਾ ਕਾਰਜ ਸ਼ੁਰੂ ਕਰਦੇ ਹਨ ਤਾਂ ਜਗਤ ਦੀਆਂ ਵਸਤਾਂ ਅਤੇ ਜੀਵਾਂ ਨਾਲ ਮੋਹ ਪੈਦਾ ਹੁੰਦਾ ਹੈ। ਦੁਨਿਆਵੀ ਰਿਸ਼ਤਿਆਂ ਅਤੇ ਵਸਤਾਂ

---

39. ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ॥੨॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

40. ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ॥
ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ॥
ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ॥
ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ॥
ਜਿਸਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ॥੧॥

(ਸਿਰੀ ਰਾਗ, ਆਦਿ ਗ੍ਰੰਥ, ਪੰ. 76)

ਦੇ ਮੋਹ ਵਿਚ ਉਹ ਸੰਸਾਰ ਅਤੇ ਉਸਨੂੰ ਪੈਦਾ ਕਰਨ ਵਾਲੇ ਨੂੰ ਭੁਲ ਜਾਂਦਾ ਹੈ।[41]

ਤੀਜੀ ਅਵਸਥਾ ਵਿਚ ਪਦਾਰਥਕ ਪ੍ਰਾਪਤੀਆਂ ਦੀ ਦੌੜ ਵਿਚ ਮੋਹ ਮਾਇਆ ਦੇ ਜਾਲ ਵਿਚ ਉਹ ਇਹਨਾਂ ਦੇ ਝੂਠੇ ਅਤੇ ਅਸਥਿਰ ਹੋਣ ਦਾ ਖਿਆਲ ਨਹੀਂ ਰੱਖਦਾ।[42]

ਚੌਥੀ ਅਵਸਥਾ ਮਨੁੱਖ ਦੀ ਅੰਤਿਮ ਅਵਸਥਾ ਹੈ ਅਤੇ ਇਹ ਮੌਤ ਦੀ ਅਵਸਥਾ ਹੈ। ਜ਼ਿੰਦਗੀ ਦੀ ਰਾਤ ਉਨ੍ਹਾਂ ਮਨੁੱਖ ਵਣਜਾਰਿਆਂ ਦੀ ਚੰਗੀ ਬੀਤਦੀ ਹੈ ਜੋ ਆਰੰਭ ਤੋਂ ਅੰਤਿਮ ਅਵਸਥਾ ਤਕ ਆਪਣੇ 'ਅਮਲੋਂ' ਨਾਲ ਜੁੜੇ ਰਹਿੰਦੇ ਹਨ। ਗੁਰੂ ਰਾਮਦਾਸ ਜੀ ਆਤਮਕ ਚੇਤੰਨਤਾ ਲਈ ਕੋਈ ਸਮਾਂ ਨਹੀਂ ਮਿਥਦੇ ਬਲਕਿ ਮਨੁੱਖ ਨੂੰ ਆਰੰਭ ਤੋਂ ਹੀ ਉਦਮ ਦੀ ਜ਼ਿੰਦਗੀ ਜਿਊਣ ਲਈ ਪ੍ਰੇਰਦੇ ਹਨ।[43]

---

41. ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ॥
ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ॥
ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ॥
ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ॥
ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ॥
ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ॥ (ਸਿਰੀ ਰਾਗ, ਆਦਿ ਗ੍ਰੰਥ, ਪੰ.76)

42. ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ॥
ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ॥
ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ॥
ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ॥
ਜਿਸਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਸੇ ਜਾਇ ਮਿਲੇ ਹਰਿ ਨਾਲਿ॥
(ਸਿਰੀ ਰਾਗ, ਆਦਿ ਗ੍ਰੰਥ, ਪੰਨੇ 76-77)

43. ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ॥
ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ॥
ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ॥
ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ॥
ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਓ ਰੈਣਿ ਭਗਤਾ ਦੀ॥੪॥੧॥੩॥
(ਸਿਰੀ ਰਾਗ, ਆਦਿ ਗ੍ਰੰਥ, ਪੰ. 77)

ਜੀਵ-ਆਤਮਾ ਨੂੰ ਸਰੀਰ-'ਪੂਰਣਤਾ' ਜਾਂ 'ਸਵੈ' ਦੀ ਪਹਿਚਾਣ ਰਾਹੀਂ ਪਰਮ-ਸਤਿ ਨੂੰ ਜਾਨਣ ਲਈ ਮਿਲਿਆ ਹੈ। ਗੁਰੂ ਰਾਮਦਾਸ ਜੀ ਜੇ ਇਕ ਪਾਸੇ ਮਨੁੱਖ ਨੂੰ ਸਦਾਚਾਰਕ (ਅਤੇ ਆਤਮਕ) ਕੀਮਤਾਂ ਅਤੇ ਗੁਣਾਂ ਨੂੰ ਅਪਨਾਉਣ ਤੇ ਜ਼ੋਰ ਦਿੰਦੇ ਹਨ, ਉਥੇ ਮਨੁੱਖੀ ਸਰੀਰ ਨੂੰ ਨਿਯੰਤ੍ਰਣ ਵਿਚ ਰੱਖਣ ਲਈ ਯਾਦ ਕਰਾਉਂਦੇ ਹਨ। ਮਨੁੱਖ ਦੀ ਬਹੁਤ ਸਾਰੀ ਤਕਲੀਫ਼ ਸਰੀਰ ਨਾ ਸਾਧਿਆ ਹੋਣ ਕਰਕੇ ਹੈ। ਅਸਾਧੀ ਘੋੜੀ ਤਰ੍ਹਾਂ ਇਹ ਭੁੜਕ ਜਾਂਦਾ ਹੈ। ਸੋਖ ਪਾ ਹੋ ਜਾਂਦਾ ਹੈ, ਤੇਜ ਉਠਦਾ ਹੈ, ਅਸਵਾਰ ਦੀ ਦੁਰਗਤਿ ਕਰ ਦਿੰਦਾ ਹੈ।[44] ਮਨੁੱਖ ਨੇ ਜੇ ਜ਼ਿੰਦਗੀ ਦਾ ਸ਼ਾਹ ਸਵਾਰ ਬਣਨਾ ਹੈ ਤਾਂ ਉਸ ਲਈ ਸਰੀਰ ਦੀ ਘੋੜੀ ਨੂੰ ਬੜੀ ਮਿਹਨਤ ਸਦਕਾ ਸਾਧਨਾ, ਲਾਜ਼ਮੀ ਹੋ ਜਾਂਦਾ ਹੈ।

ਗੁਰੂ ਕਵੀਆਂ ਦੀ ਵਿਚਾਰਧਾਰਾ ਅਨੁਸਾਰ ਹਉਮੈ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ।[45] ਹਉਮੈ ਏਕਤਾ ਤੋਂ ਅਨੇਕਤਾ ਅਤੇ ਅਦ੍ਵੈਤ ਤੋਂ ਦ੍ਵੈਤ ਵਲ ਲੈ ਜਾਂਦੀ ਹੈ।[46] ਹਉਮੈਂ ਨਾਲ ਸੰਸਾਰ ਦੇ ਸੱਤ, ਰਾਜ ਅਤੇ ਤਮ ਗੁਣਾਂ ਦੀ ਹੋਂਦ ਕਾਇਮ ਹੈ, ਜਿਸ ਤੋਂ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ ਹੁੰਦਾ ਹੈ। ਹਉਮੈ" ਦੇ ਸੰਸਾਰ ਵਿਚ ਮਨੁੱਖ ਚਾਨਣ ਜਾਂ ਧਰਮ ਦਾ ਰਸਤਾ ਤਿਆਗ ਦਿੰਦਾ ਹੈ ਅਤੇ ਹਨੇਰੇ ਜਾਂ ਅਧਰਮ ਦਾ ਰਸਤਾ ਅਪਨਾ ਲੈਂਦਾ ਹੈ। ਇਸ ਲਈ ਸਿੱਖ ਨੀਤੀ ਸ਼ਾਸਤਰ ਵਿਚ ਹਉਮੈ ਨੂੰ ਹੀ ਬੁਰਾਈਆਂ ਦਾ ਮੂਲ ਮੰਨਿਆ ਗਿਆ ਹੈ।[47] ਗੁਰੂ ਰਾਮਦਾਸ ਜੀ ਦਾ ਵਿਚਾਰ ਹੈ ਕਿ ਮਨੁੱਖ ਨੂੰ ਵੱਖਰੀ ਹੋਂਦ ਦਾ ਅਹਿਸਾਸ ਹਉਮੈ ਕਾਰਨ ਹੀ ਹੁੰਦਾ ਹੈ। ਜੀਵ-ਆਤਮਾ ਉਸ 'ਅਸਲੇ' (ਪਰਮਾਤਮਾ) ਨਾਲੋਂ ਹਉਮੈਂ ਕਾਰਨ ਹੀ ਵਿਛੁੜੀ ਰਹਿੰਦੀ ਹੈ।[48] ਇਸੇ ਕਾਰਨ ਹੀ ਜੀਵ ਇਹ ਔਗੁਣ ਪੈਦਾ ਹੁੰਦੇ ਹਨ। ਅਤੇ ਦੁਖ ਕਾਇਮ ਰਹਿੰਦਾ ਹੈ।[49]

ਗੁਰੂ ਰਾਮਦਾਸ ਜੀ ਦੇ ਮਤ ਅਨੁਸਾਰ ਮਨੁੱਖੀ ਸਰੀਰ ਵਿਚ ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਹਮੇਸ਼ਾਂ ਬਲਵਾਨ ਰਹਿੰਦੇ ਹਨ। ਇਨ੍ਹਾਂ ਨੂੰ ਕਾਬੂ ਰੱਖਣ ਲਈ ਮਨੁੱਖ ਨੂੰ ਨਿਰੰਤਰ ਯੁੱਧ

---

44. ਬਲਬੀਰ ਸਿੰਘ (ਡਾ:) ਨੀਮੀ ਨਦਰ, (ਅੰਮ੍ਰਿਤਸਰ, 1975), ਪੰ.185.
45. ਹਉਮੈਂ ਵਿਚਿ ਜਗੁ ਉਪਜੈ ਪੁਰਖਾ....॥ (ਰਾਮਕਲੀ ਮ. ੧, ਸਿਧ ਗੋਸਟਿ, ਆਦਿ ਗ੍ਰੰਥ, ਪੰ.946)
46. ਜੈ ਰਾਮ ਮਿਸ਼ਰ (ਡਾ.), ਸ੍ਰੀ ਗੁਰੂ ਗ੍ਰੰਥ-ਦਰਸ਼ਨ, (ਇਲਾਹਾਬਾਦ, 1960) ਪੰ. 210.
47. ਵਜੀਰ ਸਿੰਘ (ਡਾ.), ਸਿਖ ਧਰਮ ਦਾ ਨੈਤਿਕ ਪੱਖ, ਸਿਖ ਫਲਸਫੇ ਦੀ ਰੂਪ ਰੇਖਾ, ਸੰਪਾ. ਪ੍ਰੀਤਮ ਸਿੰਘ, ਪੰ. 198.
48. ਧਨ ਪਿਰੁ ਕਾ ਇਕ ਹੀ ਸੰਗਿ ਵਾਸਾ ਵਿਚ ਹਉਮੈ ਭੀਤਿ ਕਰਾਰੀ॥

    (ਰਾਗ ਮਲਾਰ, ਆਦਿ ਗ੍ਰੰਥ, ਪੰ. 1263)
49. ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖ ਹਉਮੈ ਮੈਲੁ ਲਗਬਈ।।

    (ਰਾਗ ਕਲਿਆਨ, ਆਦਿ ਗ੍ਰੰਥ, ਪੰ. 1320)

ਕਰਨਾ ਪੈਂਦਾ ਹੈ।[50] ਮਨੁੱਖੀ ਚਰਿਤਰ ਵਿਚ ਇਨ੍ਹਾਂ ਦੀ ਹੋਂਦ ਸਦੀਵੀ ਅਸ਼ਾਂਤੀ ਦਾ ਕਾਰਨ ਬਣੀ ਰਹਿੰਦੀ ਹੈ।[51] ਇਸ ਲਈ ਇਹਨ੍ਹਾਂ ਦੀ ਵਿਕਾਰੀ ਪ੍ਰਵਿਰਤੀ ਨੂੰ ਰੋਕ ਪਾ ਕੇ ਗੁਣਵਾਨ ਜੀਵਨ ਨੂੰ ਆਤਮਕ ਪਥ ਤੇ ਲਾਉਣ ਲਈ ਜ਼ੋਰ ਦਿਤਾ ਗਿਆ ਹੈ। ਗੁਰੂ ਰਾਮਦਾਸ ਜੀ ਮਨੁੱਖੀ ਸਰੀਰ ਨੂੰ ਇਕ ਘਰ ਜਾਂ ਕਿਲ੍ਹਾ ਅਤੇ ਇਨ੍ਹਾਂ ਮੂਲ ਪ੍ਰਵਿਰਤੀਆਂ ਨੂੰ ਚੋਰ ਡਾਕੂ ਅਤੇ ਧਾੜਵੀ ਕਹਿੰਦੇ ਹਨ ਜੋ ਗਿਆਨ ਇੰਦ੍ਰੀਆਂ ਦੇ ਦਰਵਾਜ਼ਿਆਂ ਰਾਹੀਂ ਮੋਤੀ-ਰੂਪ ਗੁਣਾਂ ਦੀ ਚੋਰੀ ਕਰਨ ਲਈ ਤਤਪਰ ਰਹਿੰਦੀਆਂ ਹਨ।[52]

ਗੁਰੂ ਰਾਮਦਾਸ ਜੀ ਅਨੁਸਾਰ ਇਸ ਸੰਸਾਰ ਨੂੰ ਪਰਮਾਤਮਾ ਨੇ ਆਪ ਸਿਰਜ ਕੇ ਇਸ ਵਿਚ ਮਾਇਆ ਦੇ ਮੋਹ ਦਾ ਜਾਲ ਵਿਛਾਇਆ ਹੈ। ਘਰ, ਸੋਨਾ, ਧਨ, ਇਸਤਰੀ, ਧੀਆਂ ਪੁੱਤਰਾਂ ਦਾ ਪਿਆਰ, ਸਭ ਪਦਾਰਥਕ ਖੁਸ਼ੀਆਂ ਦੇ ਸੂਚਕ ਹਨ। ਇਨ੍ਹਾਂ ਖੁਸ਼ੀਆਂ ਦੀ ਪ੍ਰਕਿਰਤੀ ਵਿਚ ਸਚਾਈ ਨਹੀਂ ਕਿਉਂਕਿ ਇਸ ਜਗਤ ਵਿਚ ਪਰਮਾਤਮਾ ਤੋਂ ਇਲਾਵਾ ਸਭ ਕੁਛ ਨਾਸ਼ਵਾਨ ਹੈ।[53]

ਗੁਰੂ ਰਾਮਦਾਸ ਜੀ ਸੰਸਾਰ ਨੂੰ ਉਨ੍ਹਾਂ ਅਰਥਾਂ ਵਿਚ ਮਿਥਿਆ ਨਹੀਂ ਮੰਨਦੇ ਜਿਨ੍ਹਾਂ ਅਰਥਾਂ ਵਿਚ ਅਦ੍ਵੈਤਵਾਦ ਵਿਚ ਮੰਨਿਆ ਗਿਆ ਹੈ, ਕਿਉਂਕਿ ਜੇ ਇਹ ਸੰਸਾਰ ਮਿਥਿਆ ਮੰਨ ਲਿਆ ਜਾਏ ਤਾਂ ਨੈਤੀ ਸ਼ਾਸਤਰ ਦੀ ਕੋਈ ਮਹੱਤਤਾ ਨਹੀਂ ਰਹਿੰਦੀ।

ਗੁਰੂ ਰਾਮਦਾਸ ਜੀ ਅਨੁਸਾਰ ਇਸ ਸੰਸਾਰ ਵਿਚ, ਮਾਇਆ ਦੇ ਤਿੰਨ ਗੁਣਾਂ ਵਿਚ ਗ੍ਰਸਿਆ

---

50. ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥
(ਰਾਗ ਕਲਿਆਨ, ਆਦਿ ਗ੍ਰੰਥ, ਪੰਨੇ 1325-26)

51. ਜਗਬੀਰ ਸਿੰਘ(ਡਾ:), ਗੁਰਮਤਿ ਦੀ ਨੈਤਿਕਤਾ', ਸਿਖ ਫਲਸਫੇ ਦੀ ਰੂਪ ਰੇਖਾ, ਸੰਪਾ: ਪ੍ਰੀਤਮ ਸਿੰਘ, ਪੰ. 190।

52. (ੳ) ਏਹੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸ ਤਸਕਰ ਪੰਚ ਚੋਰ ਲਗਈਆ॥
ਕੰਚਨ ਕੋਟ ਬਹੁ ਮਾਣਕ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 833)

53. (ੳ) ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥
ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ.167)
(ਅ) ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣਜਾਣਾ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.[illegible]
(ੲ) ਪੁਤ੍ਰ ਕਲਤ੍ਰ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ॥ ਰਹਾਉ॥
(ਸਿਰੀ ਰਾਗ, ਆਦਿ ਗ੍ਰੰਥ, ਪੰ. 41)
(ਸ) ਜਿਸ ਧਨੁ ਕਾ ਤੁਮ ਗਰਬੁ ਕਰਤ ਹਹੁ ਸੋ ਧਨੁ ਕਿਸਹਿ ਨ ਆਪ॥
ਖਿਨੁ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ.
(ਹ) ਤੂੰ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ॥ (ਸੋਰਠ ਕੀ ਵਾਰ, ਆਦਿ ਗ੍ਰੰਥ, ਪੰ.643)

ਮਨੁੱਖੀ ਮਨ ਇੰਦ੍ਰੀਆਂ ਦੇ ਪ੍ਰਭਾਵ ਅਧੀਨ ਭਟਕਦਾ ਰਹਿੰਦਾ ਹੈ। ਮਾਇਆ ਦੇ ਮੋਹ-ਪਰਵਦੇ ਕਾਰਣ ਹੀ ਮਨੁੱਖ ਲਈ ਉਸਦਾ ਘਰ ਭ੍ਰਮਣ-ਘੇਰੀ ਬਣ ਜਾਂਦਾ ਹੈ। ਇਸ ਤੋਂ ਬਚਣ ਲਈ ਮਨੁੱਖ ਸਾਰੀ ਉਮਰ ਸੰਘਰਸ਼ ਕਰਦਾ ਹੈ। ਮਾਇਆ ਦੇ ਮੋਹ ਵਿਚ ਫਸਕੇ ਕੀਤੇ ਹੋਏ ਪਾਪ ਵਿਕਾਰ ਲੋਹੇ ਵਾਂਗ ਭਾਰੇ ਹੋ ਜਾਂਦੇ ਹਨ। ਜ਼ਿੰਦਗੀ ਦਾ ਰਸਤਾ ਤਹਿ ਕਰਨਾ ਔਖਾ ਹੋ ਜਾਂਦਾ ਹੈ।[54]

ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਹੈ ਕਿ ਇਸ ਸਰੀਰ ਅੰਦਰ ਉਸ ਪਰਮਾਤਮਾ ਦੀ ਜੋਤ ਹੈ। ਪਰ ਇਹ ਸਰੀਰ ਮਾਇਕ ਖੁਸ਼ੀਆਂ ਵਲ ਜਲਦੀ ਖਿਚਿਆ ਜਾਂਦਾ ਹੈ ਜਿਸ ਕਰਕੇ ਔਗੁਣਾਂ ਨਾਲ ਭਰਿਆ ਰਹਿੰਦਾ ਹੈ। ਦੁਨਿਆਵੀ ਵਸਤਾਂ ਸੰਬੰਧੀ ਮੋਹ ਮਨੁੱਖ ਜਾਂ ਜੀਵ ਦੀ ਅਗਿਆਨਤਾ ਕਰਕੇ ਹੈ ਇਸੇ ਕਰਕੇ ਹੀ ਇਸ ਦਾ ਫਲ ਦੁੱਖ ਅਤੇ ਪੀੜ ਹੈ।[55]

ਕਰਮ ਹੀ ਨੈਤਿਕ ਸਾਸ਼ਤਰ ਦਾ ਆਧਾਰ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਕਰਮ ਨਿਰਾ ਭੌਤਿਕ ਅਰਥਾਂ ਵਿਚ ਨਹੀਂ, ਨੈਤਿਕ ਤੇ ਆਤਮਕ ਅਰਥਾਂ ਵਿਚ ਵਿਅਕਤ ਹੋਇਆ ਹੈ। ਮੰਨੂ ਨੇ ਮਨ, ਬੋਲ ਅਤੇ ਸਰੀਰ ਦੇ ਨਿਯੰਤ੍ਰਣ ਤੇ ਜ਼ੋਰ ਦਿੱਤਾ। ਗੁਰੂ ਰਾਮਦਾਸ ਜੀ ਗੁਰਮਤਿ ਵਿਚਾਰ-ਧਾਰਾ ਅਧੀਨ ਇਸਨੂੰ ਮੰਨਦੇ ਹਨ। ਪਰ ਉਨ੍ਹਾਂ ਨੇ ਤਪ, ਤਿਆਗ, ਸੰਨਿਆਸ ਆਦਿ ਨਾਲੋਂ ਵਿਹਾਰਕ ਜੀਵਨ ਨੂੰ ਸ੍ਰੇਸ਼ਟਤਾ ਦਿੱਤੀ ਹੈ।

ਆਤਮ-ਸਿਧੀ ਤੋਂ ਬਿਨਾਂ ਕਰਮ ਦਾ ਕੋਈ ਮਹੱਤਵ ਨਹੀਂ। ਕਰਮ ਆਪਣੇ ਆਪ ਫਲ ਪੈਦਾ ਕਰਨ ਦੇ ਸਮਰੱਥ ਨਹੀਂ। ਪਰਮਾਤਮਾ ਦਾ ਹੁਕਮ ਹੀ ਕਰਮਾਂ ਦਾ ਫਲ ਪ੍ਰਦਾਤਾ ਹੈ।[56] ਪਰਮਾਤਮਾ

---

54. (ੳ) ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈਗੁਣੀਆ ਖਿਨੁ ਨ ਟਿਕਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1310)

(ਅ) ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ॥
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1326)

(ੲ) ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.30

(ਸ) ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

55. (ੳ) ਇਹੁ ਸਰੀਰੁ ਸਭੁ ਧਰਮੁ ਹੈ ਜਿਸ ਅੰਦਰ ਸਚੇ ਕੀ ਜੋਤਿ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.309

(ਅ) ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥
(ਸਿਰੀ ਰਾਗ ਆਦਿ ਗ੍ਰੰਥ, ਪੰ. 40)

(ੲ) ਜੋ ਮੋਹ ਮਾਇਆ ਚਿਤ ਲਾਇਦੇ ਮੇਰੀ ਜਿੰਦੁੜੀਏ ਸੇ ਅੰਤ ਗਏ ਪਛੁਤਾਏ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.71)

56. ਜੋਧ ਸਿੰਘ (ਡਾ.) ਗੁਰਮਤਿ ਨਿਰਣਯ, (ਅੰਮ੍ਰਿਤਸਰ, 1932), ਪੰ. 232.

ਦਾ ਹੁਕਮ ਨਿਰਣਾ ਕਰਨ ਵਾਲੀ ਸ਼ਕਤੀ ਹੈ।[57] ਗੁਰੂ ਰਾਮਦਾਸ ਜੀ ਅਨੁਸਾਰ ਫ਼ੈਸਲਾ ਕਰਮਾਂ ਅਰਥਾਤ ਅਮਲਾਂ ਅਨੁਸਾਰ ਹੀ ਹੁੰਦਾ ਹੈ:-

ਮੂਹੁ ਮਤਿ ਪਰਵਾਣਾ ਐਹੋ ਨਾਨਕੁ ਆਖਿ ਸੁਣਾਏ।
ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥ 2।

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1238)

(ਅ) ਕਰਮ ਅਤੇ ਭਗਤੀ:

ਮਨੁੱਖ ਹਮੇਸ਼ਾ ਕਰਮ ਦੇ ਵਿਚ ਰੁੱਝਾ ਹੈ। ਹਰ ਕਰਮ ਦੇ ਪਿਛੇ ਖਿਆਲ ਹੈ ਅਤੇ ਹਰ ਖਿਆਲ ਦੇ ਪਿਛੇ ਇੱਛਾ ਕੰਮ ਕਰਦੀ ਹੈ। ਹਰ ਚੰਗਾ ਅਤੇ ਮਾੜਾ ਕਰਮ ਮਨੁੱਖ ਦੇ ਮਨ ਅਤੇ ਆਤਮਾ 'ਤੇ ਅਸਰ ਕਰਦਾ ਹੈ, ਜਿਸ ਨਾਲ ਉਸ ਦੀ ਹੁਣ ਦੀ ਜ਼ਿੰਦਗੀ ਅਤੇ ਆਉਣ ਵਾਲੀ ਜ਼ਿੰਦਗੀ 'ਤੇ ਅਸਰ ਪੈਂਦਾ ਹੈ। ਇਸੇ ਲਈ ਮਨ, ਬੋਲ ਅਤੇ ਸਰੀਰ ਦੇ ਨਿਯੰਤ੍ਰਣ ਤੇ ਜ਼ੋਰ ਦਿਤਾ ਗਿਆ ਹੈ। ਇਨ੍ਹਾਂ ਤੇ ਕੀਤਾ ਗਿਆ ਨਿਯੰਤ੍ਰਣ ਚੰਗਾ ਆਚਰਣ ਪੈਦਾ ਕਰਦਾ ਹੈ।[58] ਕਰਮ ਜੀਵਨ ਦੀ ਪ੍ਰਮੁੱਖ ਸ਼ਕਤੀ ਹੈ। ਇਸ ਸ਼ਕਤੀ ਨੂੰ ਪਰਮਾਤਮਾ ਵਲ ਮੋੜਨ ਨਾਲ ਜੀਵ ਸੱਚਾ ਤੇ ਸੁਚਾ ਬਣ ਜਾਂਦਾ ਹੈ। ਪੁਰਬਲੇ ਜਨਮ ਅਨੁਸਾਰ ਹੀ ਜੀਵ ਨੂੰ ਮਨੁੱਖੀ ਜਨਮ ਅਤੇ ਇਸ ਨੂੰ ਭੋਗਣ ਲਈ ਆਯੂ ਮਿਲਦੀ ਹੈ।[59] ਪਰ ਮੋਕਸ਼ ਮੁਕਤੀ ਜਾਂ ਪਰਮਪਦ ਸਿਰਫ਼ ਕਰਮਾਂ ਕਰਕੇ ਪ੍ਰਾਪਤ ਨਹੀਂ ਹੁੰਦਾ। ਇਸ ਲਈ ਰੱਬੀ ਮਿਹਰ ਦੀ ਵੀ ਆਵਸ਼ਕਤਾ ਹੈ।

ਗੁਰੂ ਰਾਮਦਾਸ ਜੀ ਜਿਥੇ ਕਹਿੰਦੇ ਹਨ ਕਿ ਸੁੱਖਾਂ ਦੁੱਖਾਂ ਨੂੰ ਲਾਉਣ ਵਾਲਾ ਪਰਮਾਤਮਾ ਆਪ ਹੀ ਹੈ, ਉਹ ਇਹ ਵੀ ਮੰਨਦੇ ਹਨ ਕਿ ਮਨੁੱਖੀ ਜਨਮ ਵਿਚ ਸਰੀਰ ਕਰਮ-ਰੂਪ ਬੀਜ ਬੀਜਣ ਲਈ ਹੁਏਂ ਹੈ। ਇਸ ਵਿਚ ਜਿਸ ਤਰ੍ਹਾਂ ਦਾ ਕੋਈ ਮਨੁੱਖ ਬੀਜ ਬੀਜਦਾ ਹੈ, ਉਸੇ ਤਰ੍ਹਾਂ ਦਾ ਫਲ ਉਹ ਲੈਂਦਾ ਹੈ। ਇਸ ਲਈ ਉਹ ਇਹ ਦ੍ਰਿਸ਼ਟਾਂਤ ਦਿੰਦੇ ਹਨ ਕਿ ਜੇ ਮਨੁੱਖ ਨੇ ਜ਼ਹਿਰ ਖਾਧੀ ਹੋਵੇ ਤਾਂ ਉਹ ਤੁਰੰਤ ਮਰ ਜਾਂਦਾ ਹੈ।[60]

---

57. ਜੋਧ ਸਿੰਘ (ਡਾ.), ਗੁਰਮਤਿ ਨਿਰਣਯ, (ਅੰਮ੍ਰਿਤਸਰ, 1932), ਪੰ. 237.
58. Yusuf Hussain, Glimpses of Medieval. Indian Culture, (Bombay, 1962) p. 2-3.
59. ਪੂਰਬ ਲਿਖੇ ਡੇਹੁ ਸਿ ਆਏ ਮਾਇਆ॥
    ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ॥ 2॥ (ਰਾਗ ਗੁਜਰੀ, ਆਦਿ ਗ੍ਰੰਥ, ਪੰ. 369)
60. ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ॥
    ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥
    (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

ਭਗਤੀ ਤੇ ਕਰਮ ਦੇ ਵਖਰੀਆਂ ਗੱਲਾਂ ਨਹੀਂ। ਕਰਮ ਦਾ ਮਹਾਤਮ ਸ੍ਰੇਸ਼ਟ ਹੈ। ਇਕ ਗੁਰਸਿਖ ਦਾ ਜੀਵਨ ਕਰਮ ਦਾ ਜੀਵਨ ਹੈ। ਮਨੁੱਖ ਦਾ 'ਸਵੈ', ਮਨ, ਸਰੀਰ ਅਤੇ ਕਰਮ ਦਾ ਸਮਿਨਵੈ ਹੈ। ਪਰਮਾਤਮਾ ਦੇ ਗੁਣਾਂ ਦੀ ਖੋਜ ਕਰਨਾ, ਸਰੀਰ ਨੂੰ ਉਦਮ ਦੇ ਰਸਤੇ ਪਾਉਣਾ ਹੈ। ਪਰਮਾਰਥਕ ਜੀਵਨ ਦੇ ਰਸਤੇ ਤੇ ਇਕੱਠੀਆਂ ਗੱਲਾਂ ਕੁਝ ਨਹੀਂ ਸੰਵਾਰਦੀਆਂ ਕਿਉਂਕਿ ਮਨੁੱਖ ਦੇ ਮਰਨ ਤੇ ਗਿਆਨ ਅਤੇ ਕਰਮ ਸਾਥ ਜਾਂਦੇ ਹਨ। ਇਸੇ ਤਰ੍ਹਾਂ ਗਿਆਨ ਜਿਸਨੂੰ ਗੁਰੂ ਰਾਮਦਾਸ ਜੀ 'ਬਿਬੇਕੁ ਬੁਧਿ' ਕਹਿੰਦੇ ਹਨ, ਮਨੁੱਖ ਨੂੰ ਗੁਣਾਂ ਤੇ ਔਗੁਣਾਂ ਦੀ ਪਹਿਚਾਨ ਕਰਨ ਵਿਚ ਸਹਾਈ ਹੁੰਦੀ ਹੈ।[61] ਇਹ ਸੋਝੀ ਵੀ ਕਿ ਕੋਈ ਜਿਸਤਰ੍ਹਾਂ ਦਾ ਕੰਮ ਕਰਦਾ ਹੈ ਉਹੋ ਜਿਹਾ ਫਲ ਪਾ ਲੈਂਦਾ ਹੈ, ਪਰਮਾਤਮਾ ਆਪਣੇ ਨਾਲ ਇਕਸੁਰਤਾ ਰੱਖਣ ਵਾਲੇ ਨੂੰ ਦਿੰਦਾ ਹੈ।[62] ਗਿਆਨ ਕਰਮਾਂ ਤੋਂ ਬਿਨਾਂ ਪੂਰਾ ਨਹੀਂ ਹੁੰਦਾ ਅਤੇ ਉਹ ਗਿਆਨ ਜਾਂ ਕਰਮ ਜਿਸ ਵਿਚ ਹਉਮੈ ਦਾ ਸਮਾਵੇਸ਼ ਹੈ ਅਧਿਆਤਮਕ ਸੰਪੂਰਣਤਾ ਲਈ ਸਹਾਈ ਨਹੀਂ ਹੁੰਦਾ, ਕਿਉਂਕਿ ਇਸ ਨਾਲ 'ਮੈਂ' ਜਾਂ 'ਅਹੰ' ਦੀ ਭਾਵਨਾ ਬਣੀ ਰਹਿੰਦੀ ਹੈ। ਪ੍ਰੇਮ ਰਾਹੀਂ ਹੀ ਮਨੁੱਖ ਸਾਥੀ ਜੀਵਾਂ ਵਿਚ ਰਹਿਣਾ ਸਿਖਦਾ ਹੈ। ਇਸ ਲਈ ਕਰਮ ਗਿਆਨ ਅਤੇ ਭਗਤੀ ਦਾ ਸਮਿਨਵੈ ਜ਼ਰੂਰੀ ਹੈ।

ਗੁਰੂ ਰਾਮਦਾਸ ਜੀ ਭਾਰਤੀ ਧਰਮਾਂ (ਵੈਦਿਕ ਧਰਮ ਤੇ ਬੁਧ ਧਰਮ ਤੋਂ ਛੁਟ) ਦੀ ਪਰੰਪਰਾ ਅਨੁਸਾਰ ਇਸ ਗੱਲ ਵਿਚ ਵਿਸ਼ਵਾਸ ਰੱਖਦੇ ਹਨ ਕਿ ਮੌਤ ਦੁੱਖ ਅਤੇ ਤਕਲੀਫ ਤੋਂ ਛੁਟਕਾਰਾ ਨਹੀਂ ਦੁਆਂਦੀ ਅਤੇ ਧਰਮ ਰਾਜ ਦਾ ਨਿਆਂ ਹੈ। ਆਵਾਗਵਨ ਦਾ ਸਿਧਾਂਤ, ਵੇਦਾਂ ਤੇ ਬੁਧ ਧਰਮ ਵਿਚ ਨਹੀਂ ਮਿਲਦਾ।[63] ਬੁਧ ਧਰਮ ਆਤਮਾ ਤੇ ਪਰਮਾਤਮਾ ਵਿਚ ਵੀ ਵਿਸ਼ਵਾਸ ਨਹੀਂ ਕਰਦਾ। ਗੁਰੂ ਰਾਮਦਾਸ ਜੀ ਮਨੁੱਖ ਨੂੰ ਔਗੁਣਾਂ ਦੇ ਪੰਥ ਤੇ ਤੁਰਣ ਤੋਂ ਰੋਕਣ ਲਈ ਸੰਕੇਤਕ ਰੂਪ ਵਿਚ ਡਰ ਦਿੰਦੇ ਹਨ।[64] ਕਰਮ

---

61. (ੳ) ਬਿਬੇਕੁ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸ ਪੀਜੈ॥

(ਰਾਗ ਕਲਿਆਣ, ਆਦਿ ਗ੍ਰੰਥ, ਪੰ. 1325)

(ਅ) ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕ ਕਰਿ॥

ਜੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਇ ਆਪਿ ਹਰਿ॥ (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰਨੇ 646-47)

62. ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥

ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਪਿ ਸੁਣਾਇ॥੧॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

63. Farquehar, ~~J.W.~~ J.N., An outlines of Religious Literature of India, (Delhi, 1967), p. 34.

64. ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

ਦੇ ਫਲ ਅਤੇ ਆਵਾਗਵਨ ਵਿਚ ਵਿਸ਼ਵਾਸ ਮਨੁੱਖੀ ਮਨ ਨੂੰ ਤਿਆਗ ਵਲ ਨਹੀਂ, ਕਰਮ ਵਲ ਪ੍ਰੇਰਦਾ ਹੈ। ਕਿਉਂਕਿ ਇਹ ਸੰਸਾਰ ਕਰਮ ਭੂਮੀ ਹੈ। ਗੁਰੂ ਰਾਮਦਾਸ ਜੀ ਜਦੋਂ ਜੀਵ ਨੂੰ ਨਰਕ ਦਾ ਡਰ ਦਿੰਦੇ ਹਨ ਤਾਂ ਇਸਦਾ ਅਰਥ ਇਸਾਈ ਮਤ ਜਾਂ ਇਸਲਾਮ ਦੀ ਤਰ੍ਹਾਂ ਨਹੀਂ ਜਿਥੇ ਨਰਕ ਜਾਂ ਦੋਜ਼ਖ ਇਕ ਹਕੀਕਤ ਹੈ। ਇਸਾਈ ਮਤ ਦੀ ਇਹ ਧਾਰਨਾ ਹੈ ਕਿ ਮਨੁੱਖ ਨੇ 'ਮੂਲ ਪਾਪ' ਕੀਤਾ ਸੀ। ਉਹ ਪਾਪੀ ਹੈ, ਇਸ ਲਈ ਸੰਸਾਰ ਵਿਚ ਮਨੁੱਖ ਦੇ ਗੁਨਾਹ ਉਸਦੇ ਕਰਮਾਂ ਨਾਲੋਂ ਵਧ ਜਾਂਦੇ ਹਨ ਤਾਂ ਕੋਈ ਵਿਅਕਤੀ ਮੁਕਤੀ ਦੀ ਇੱਛਾ ਨਹੀਂ ਰੱਖ ਸਕਦਾ। ਇਥੇ ਮੁਕਤੀ ਆਤਮ-ਵਿਕਾਸ ਦੀ ਥਾਵੇਂ 'ਪਛਤਾਵਾ' ਦੇ ਅਰਥ ਵਿਚ ਆਉਂਦੀ ਹੈ।

ਗੁਰੂ ਰਾਮਦਾਸ ਜੀ ਮਨੁੱਖ ਨੂੰ ਚੰਗੇ ਕਰਮਾਂ ਰਾਹੀਂ ਜੀਵਨ-ਮੁਕਤੀ ਦਾ ਆਸ਼ਾਵਾਦੀ ਮਾਰਗ ਦਿਖਾਉਂਦੇ ਹਨ। ਜਿਹੜਾ ਮਨੁੱਖ ਚੰਗੇ ਕਰਮ ਕਰਦਾ ਹੈ ਉਸਨੂੰ ਕਿਸੇ ਆਕਾਸ਼ੀ ਰਹਿਮਤ ਦੀ ਇੰਤਜ਼ਾਰ ਨਹੀਂ, ਪਰਮਾਤਮਾ ਦੀ ਕ੍ਰਿਪਾ ਦੀ ਜ਼ਰੂਰਤ ਹੈ। ਡਰਦਾ ਉਹੀ ਮਨੁੱਖ ਹੈ ਜਿਸਨੇ ਸਾਰੀ ਉਮਰ ਪਾਪ ਕਮਾਏ ਹੋਣ। ਪਰ ਜਿਸ ਮਨੁੱਖ ਦਾ ਹਿਰਦਾ ਪਵਿਤਰ ਹੋਵੇ ਉਹ ਨਿਡਰ ਹੁੰਦਾ ਹੈ।[65] ਗੁਰੂ ਰਾਮਦਾਸ ਜੀ ਮਨੁੱਖੀ ਜੀਵਨ ਦੇ ਉਦੇਸ਼ ਨੂੰ ਪਹਿਚਾਣਦੇ ਹੋਏ ਆਤਮਕ ਕੀਮਤਾਂ ਤੇ ਗੁਣਾਂ ਤੇ ਜ਼ੋਰ ਦਿੰਦੇ ਹਨ। ਗ੍ਰਹਿਸਤ ਜੀਵਨ ਵਿਚ ਵਿਚਰਦਿਆਂ ਸੱਚੇ ਅਤੇ ਸੁੱਚੇ ਜੀਵਨ ਦੇ ਪੰਥ ਲਈ ਕਿਰਤ ਕਮਾਈ ਦੀ ਯੋਗ ਵਰਤੋਂ, ਪਰਮਾਤਮਾ ਦੀ ਸਿਫ਼ਤਿ ਸਲਾਹ, (ਗੁਣਾਂ ਦਾ ਗਾਇਣ) ਨਾਮ ਸਿਮਰਨ ਅਤੇ ਗੁਰੂ ਦੀ ਸੰਗਤ ਨਾ ਸਿਰਫ਼ ਭਾਈਚਾਰਕ ਜੀਵਨ ਦੀ ਪੱਧਰ ਨੂੰ ਉੱਚਾ ਕਰਦੇ ਹਨ, ਸਗੋਂ ਅਧਿਆਤਮਕ ਆਦਰਸ਼, ਆਤਮ-ਪਦ ਜਾਂ ਪਰਮ-ਪਦ ਦੀ ਪ੍ਰਾਪਤੀ ਲਈ ਸਹਾਇਕ ਹੁੰਦੇ ਹਨ। ਉਨ੍ਹਾਂ ਅਨੁਸਾਰ ਜੋ ਇਸ ਮਾਰਗ ਤੇ ਚਲਦੇ ਹਨ ਲਕੜੀ ਨਾਲ ਲਗਕੇ ਲੋਹੇ ਦੇ ਤਰ ਜਾਣ ਸਮਾਨ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।[66]

---

65. ਮੇਰੀ ਜਿੰਦੁੜੀਏ ਸੇ ਡਰੇ ਜਿਨਿ ਪਾਪ ਕਮਾਤੇ ਰਾਮ॥
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਡਹਿ ਸੁਟਿ ਘਤੇ ਰਾਮ।
(ਰਾਗੁ ਬਿਹਾਗੜਾ, ਆਦਿ ਗ੍ਰੰਥ, ਪੰ. 540)

66. ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ॥
ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 799)

ਗੁਰੂ ਰਾਮਦਾਸ ਜੀ ਦੀ ਧਾਰਨਾ ਹੈ ਕਿ ਇਸ ਸੰਸਾਰ ਵਿਚ ਗੁਰੂ ਦੀ ਸਿਖਿਆ ਉਤੇ ਤੁਰ ਕੇ ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਨਾ ਸ੍ਰੇਸ਼ਟ ਕਰਮ ਹੈ।[67] ਇਹੀ ਜੀਵਨ ਦਾ ਮੂਲ ਮਨੋਰਥ ਹੈ।

ਗੁਰੂ ਰਾਮਦਾਸ ਜੀ ਗੁਰੂ ਦੇ ਉਪਦੇਸ਼ ਰਾਹੀਂ ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਨ ਤੇ ਜ਼ੋਰ ਦਿੰਦੇ ਹਨ ਕਿਉਂਕਿ ਇਸ ਰਾਹੀਂ ਮਨੁੱਖ ਦੀ ਵਿਕਾਰੀ ਬਿਰਤੀ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੂਰ ਹੁੰਦੀ ਹੈ। ਇਹ ਵਿਕਾਰ ਹੀ ਮਨੁੱਖ ਅੰਦਰ ਪਾਪ ਦੀ ਭਾਵਨਾ ਅਤੇ ਇਸਦੇ ਫਲਸਰੂਪ ਦੁੱਖਾਂ ਦਾ ਰੋਗ ਉਤਪੰਨ ਕਰਦੇ ਹਨ। ਪਰਮਾਤਮਾ ਦੇ ਗੁਣਾਂ ਦੇ ਗਾਇਣ ਨਾਲ ਪਾਪ ਅਤੇ ਦੁੱਖ-ਰੋਗ ਦੂਰ ਹੋ ਜਾਂਦੇ ਹਨ ਅਤੇ ਮਾਇਆ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ।[68]

ਗੁਰੂ ਰਾਮਦਾਸ ਜੀ ਅਨੁਸਾਰ ਉਤਮ ਜਾਂ ਪਰਮ-ਮਨੁੱਖ ਉਹੀ ਹੈ ਜੋ ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਦਾ ਹੈ। ਅਜੇਹਾ ਮਨੁੱਖ ਹੀ ਜ਼ਿੰਦਗੀ ਦਾ ਮੂਲ ਮਨੋਰਥ ਪਰਮ - ਪਦ ਜਾਂ ਮੋਕਸ਼ ਦੀ

---

67. (ੳ) ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਭਜੰਤੀ॥
ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ॥
(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 977)

(ਅ) ਹਰਿ ਜਸੁ ਜਪਿ ਜਪੁ ਵਡ ਵਡੇਰਾ ਗੁਰਮੁਖਿ ਰਖਿਉ ਉਰਿਧਾਰੇ।।
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 882)

(ੲ) ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਆ ਕਾ।।
(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ,ਪੰ.439)

68. (ੳ) ਹਰਿ ਜਨਿ ਹਰਿ ਜਸੁ ਹਰਿ ਹਰਿ ਗਾਇਓ ਉਪਦੇਸੁ ਗੁਰੂ ਗੁਰ ਸੁਨੇ॥
ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵੇਂ ਖੇਤ ਕਿਸਾਨਿ ਲੁਨੇ॥੧॥
(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 976)

(ਅ) ਖਿਨੁ ਖਿਨੁ ਨਰੁ ਨਾਰਾਇਣੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ॥
ਪੰਚ ਦੋਖ ਅਸਾਧ ਨਗਰ ਮਹਿ ਇਕ ਖਿਨ ਪਲੁ ਦੂਰਿ ਕਰੇ॥2॥
(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 975)

(ੲ) ਤਿਨ ਜਨ ਕੇ ਸਭਿ ਪਾਪ ਗਏ ਸਭ ਦੋਖ ਗਏ ਸਭਿ ਰੋਗ ਗਏ।
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥੧॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 120)

ਦੀ ਪ੍ਰਾਪਤੀ ਕਰਦਾ ਹੈ।[69] ਗੁਰੂ ਰਾਮਦਾਸ ਅਨੁਸਾਰ ਅਜੇਹੀ ਜਾਤੀ ਦੇ ਮਨੁਖ ਸਾਰੇ ਵਰਣਾਂ ਦੇ ਮਨੁਖਾਂ ਨਾਲੋਂ ਸ੍ਰੇਸ਼ਟ ਅਤੇ ਉਤਮ ਹਨ। ਉਹ ਭਗਤ ਰਵਿਦਾਸ ਦੀ ਉਦਾਹਰਣ ਦਿੰਦੇ ਹਨ ਕਿ ਉਨ੍ਹਾਂ ਨੇ ਪਰਮਾਤਮਾ ਦੀ ਕੀਰਤੀ ਰਾਹੀਂ ਜੀਵਨ ਦੇ ਮੂਲ ਮਨੋਰਥ ਪਰਮਪਦ ਦੀ ਸ੍ਰੇਸ਼ਟ ਪਦਵੀ ਪ੍ਰਾਪਤ ਕੀਤੀ ਅਤੇ ਸਤਿਕਾਰ ਦੇ ਪਾਤਰ ਬਣੇ।[70] ਗੁਰੂ ਰਾਮਦਾਸ ਜੀ ਦੀ ਨਜ਼ਰ ਵਿਚ ਅਜੇਹੇ ਮਨੁੱਖ ਹੀ ਸੰਗਤ ਦੇ ਭਾਗੀ ਹਨ, ਜਿਨ੍ਹਾਂ ਨੂੰ ਮਿਲ ਕੇ ਹਉਮੈ ਅਤੇ ਜ਼ਿੰਦਗੀ ਦੇ ਦੁੱਖ ਸੰਤਾਪ ਖ਼ਤਮ ਹੋ ਜਾਂਦੇ ਹਨ।[71]

ਪਰਮਾਤਮਾ ਦੇ ਗੁਣ ਮਨੁੱਖੀ ਹਿਰਦੇ ਵਿਚ ਮਾਨੋ ਹੀਰੇ ਮੋਤੀ ਹਨ ਜਿਨ੍ਹਾਂ ਨਾਲ ਹਿਰਦਾ ਭਰਿਆ ਪਿਆ ਹੈ।[72] ਉਹੀ ਮਨੁੱਖ ਪਰਮਾਤਮਾ ਦੇ ਗੁਣ ਉਚਰਦਾ ਹੈ ਤੇ ਹੋਰਨਾਂ ਨੂੰ ਵੀ ਉਚਾਰ ਕੇ ਸੁਣਾਂਦਾ ਹੈ ਜਿਸ ਨੂੰ ਪਰਮਾਤਮਾ ਆਪ ਸੂਝ ਦਿੰਦਾ ਹੈ। ਜਿਸ ਦੇ ਕਰਮਾਂ ਵਿਚ ਗੁਣ ਗਾਉਣ ਦੇ ਸੰਸਕਾਰਾਂ ਦਾ ਲੇਖ ਲਿਖਿਆ ਹੈ ਉਹੀ ਮਨੁੱਖ ਗੁਰੂ ਰਾਹੀਂ ਗੁਣਾਂ ਨੂੰ ਹਿਰਦੇ ਸਰੋਵਰ ਵਿਚੋਂ ਲਭ ਕੇ ਦ੍ਰਿੜ ਕਰਦਾ ਹੈ। ਪਰਮਾਤਮਾ ਦੇ ਗੁਣਾਂ ਦੇ ਗਾਇਣ ਕਰਕੇ ਆਤਮਕ ਜੀਵਨ ਰਾਹੀਂ ਮਨੁੱਖ ਪਰਮ-ਸਤਿ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਜ਼ਿੰਦਗੀ ਦੇ ਮੂਲ ਮਨੋਰਥ ਨੂੰ ਪਾ ਲੈਂਦਾ ਹੈ।[73]

---

69. ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥2॥ (ਰਾਗ ਸਾਰੰਗ, ਆਦਿ ਗ੍ਰੰਥ, ਪੰ.120 )

70. ਹਰਿ ਹਰਿ ਜਸੁ ਗਾਇਆ ਪਰਮਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰ.446)

71. ਜਿਨ ਹਰਿ ਗਾਇਆ ਜਿਨ ਹਰਿ ਜਪਿਆ ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ॥
ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ॥2॥
(ਰਾਗ ਮਲਾਰ, ਆਦਿ ਗ੍ਰੰਥ, ਪੰ.1264)

72. ਰਾਮਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥ (ਰਾਗ ਬਸੰਤ, ਆਦਿ ਗ੍ਰੰਥ, ਪੰ.1178)

73. (ੳ) ਜਿਸਨੋ ਤੂੰ ਜਾਣਾਇਹਿ ਸੋਈ ਜਨੁ ਜਾਣੈ॥
ਹਰਿ ਗੁਣ ਸਦ ਹੀ ਆਖਿ ਵਖਾਣੈ॥ (ਰਾਗ ਆਸਾ, ਆਦਿ ਗ੍ਰੰਥ, ਪੰ.365)

(ਅ) ਹੀਰਾ ਰਤਨ ਜਵੇਹਰੁ ਮਾਣਕੁ ਬਹੁ ਸਾਗਰ ਭਰਪੂਰੁ ਕੀਆ॥
ਜਿਸੁ ਵਡਭਾਗੁ ਹੋਵੈ ਵਡ ਮਸਤਕਿ ਤਿਨਿ ਗੁਰਮਤਿ ਕਢਿ ਕਢਿ ਲੀਆ॥2॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.880)

(ੲ) ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ॥2॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1313)

(ਸ) ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ॥ (ਬਿਲਾਵਲ ਕੀ ਵਾਰ, ਆਦਿ ਗ੍ਰੰਥ, ਪੰ.850)

(ਹ) ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਇਆ॥2॥ (ਰਾਗ ਸੂਹੀ, ਆਦਿ ਗ੍ਰੰਥ, ਪੰ.782)

(ਕ) ਹਰਿ ਗੁਣ ਗਾਵਾ ਜੀਵਾ ਮੇਰੀ ਮਾਈ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 880)

(ਖ) ਨਾਨਕ ਹਰਿਗੁਣ ਗਾਏ ਅਲਖੁ ਪ੍ਰਭੁ ਲਾਖੀਐ॥ (ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ.91)

ਗੁਰੂ ਰਾਮਦਾਸ ਜੀ ਦੇ ਵਿਸ਼ਵਾਸ ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਹੀ ਉਸਦੇ ਗੁਣਾਂ ਦਾ ਉਚਾਰਣ ਕਰਨਾ ਹੈ। ਨਾਮ ਸਿਮਰਨ ਰਾਹੀਂ ਸਦਾਚਾਰ ਦੇ ਸਾਰੇ ਗੁਣ ਮਨੁੱਖ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਜਦ ਮਨੁੱਖ ਇਹ ਜਾਣ ਜਾਂਦਾ ਹੈ ਕਿ ਪਰਮਾਤਮਾ ਸਭ ਵਿਚ ਵਿਦਮਾਨ ਹੈ ਅਤੇ ਸਾਰੇ ਪ੍ਰਾਣੀ ਉਸਦੇ ਹੀ ਰੂਪ ਹਨ ਤਾਂ ਉਹ ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦਾ।[74] ਉਸਦੇ ਸਾਰੇ ਕਾਰਜ ਸੁੱਚੇ ਤੇ ਸੱਚੇ ਹੋ ਜਾਂਦੇ ਹਨ।[75] ਵਿਕਾਰਾਂ ਦੀ ਪਾਪ ਬ੍ਰਿਤੀ ਦੂਰ ਹੋ ਜਾਂਦੀ ਹੈ ਕਿਉਂਕਿ ਇੰਦ੍ਰੇ ਨਿਯੰਤ੍ਰਣ ਬਣੇ ਰਹਿਣਾ ਸ਼ੁਰੂ ਕਰ ਦਿੰਦੇ ਹਨ।[76] ਉਸ ਦੇ ਦੁਖ ਅਤੇ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।[77]

ਨਾਮ ਨਾਲ ਭਗਤੀ ਸਾਧਨਾ ਦੇ ਗੁਣ ਦਾ ਪਰੀਚੈ ਮਿਲਦਾ ਹੈ ਅਤੇ ਸਾਧਕ ਤਦਰੂਪ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਗੁਰੂ ਕਵੀਆਂ ਅਤੇ ਭਗਤ ਕਵੀਆਂ ਵਾਂਗ ਨਾਮ ਦੀ ਬਹੁਤ ਮਹੱਤਤਾ ਹੈ। ਉਹ ਸਾਰੇ ਕਰਮਾਂ ਤੋਂ ਉਪਰ ਨਾਮ-ਕਰਮ ਨੂੰ ਦਰਜਾ ਦਿੰਦੇ ਹਨ। ਨਾਮ ਸਿਮਰਨ ਰਾਹੀਂ ਹੀ ਗੁਣਾਂ ਦਾ ਸੰਚਾਰ ਹੁੰਦਾ ਹੈ। ਨਾਮ ਪਰਮਪਦ ਜਾਂ ਮਨੁੱਖੀ ਜ਼ਿੰਦਗੀ ਦੇ ਅੰਤਿਮ ਮਨੋਰਥ ਲਈ ਸਹਾਈ ਹੁੰਦਾ ਹੈ। ਹਉਮੈਂ, ਮਮਤਾ, ਦੁਰਮਤਿ ਦਾ ਨਾਸ਼ ਹੁੰਦਾ ਹੈ। ਆਵਾਗਵਨ ਤੋਂ ਛੁਟਕਾਰਾ ਹੁੰਦਾ ਹੈ, ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ।[78]

---

74. Taran Singh (Dr.), The ideal man of the Guru Granth (Patiala, 1966) p.13

75. ਜਿਨਕੇ ਧਰਮ ਕਾਰਜ ਸਭ ਪਵਿਤ੍ਰ ਰਹਿ ਜੋ ਬੋਲਹਿ ਹਰਿ ਹਰਿ ਰਾਮੁ ਨਾਮੁ ਹਰਿ ਸਾਤੇ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 348)

76. (ੳ) ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 539)

(ਅ) ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੋ॥2॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 975)

77. (ੳ) ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਠੇ ਦਾਲਦ ਦਲਘਾ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 731)

(ਅ) ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨਕੇ ਦੁਖ ਪਾਪ ਨਿਵਾਰੇ॥
(ਵਡਹੰਸ-73, ਆਦਿ ਗ੍ਰੰਥ, ਪੰ. 574)

(ੲ) ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ॥
(ਆਸਾ-70, ਆਦਿ ਗ੍ਰੰਥ, ਪੰ. 443)

78. (ੳ) ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

(ਅ) ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ॥
(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1313)

(ੲ) ਦੁਰਮਤਿ ਕੁਬੁਧਿ ਗਈ ਸੁਧਿ ਹੋਈ ਰਾਮਨਾਮਿ ਮਨੁ ਲਾਗਾ॥ (ਰਾਗ ਆਸਾ, ਆਦਿ ਗ੍ਰੰਥ, ਪੰ. 443)

ਸ ਜੋ ਜੋ ਨਾਮ ਜਪੈ

ਨਾਮ ਸਦਕਾ ਹੀ ਮਨੁੱਖ ਉੱਤਮ ਬਣਦਾ ਹੈ। ਮਨੁੱਖੀ ਮਨ ਦੀਆਂ ਚਿਤਵਨਾਂ ਦੂਰ ਹੋ ਜਾਂਦੀਆਂ ਹਨ। ਧਰਮ, ਅਰਥ, ਕਾਮ, ਮੋਕਸ਼ ਸਭ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਹੀ ਉਹ ਮਹਾਨ ਆਤਮਾ ਹੈ ਜਿਹੜਾ ਨਾਮ ਸਿਮਰਨ ਦੇ ਰਸਤੇ ਪਾ ਕੇ, ਔਗੁਣਾਂ ਨੂੰ ਵਿਅਕਤਿਤ੍ਵ ਵਿਚੋਂ ਕੱਢ ਕੇ ਗੁਣਾਂ ਨਾਲ ਸਾਂਝ ਪੁਆਂਦਾ ਹੈ। ਗੁਰੂ ਨੂੰ ਮਿਲਕੇ ਹੀ ਮਨੁੱਖੀ ਇੰਦ੍ਰੇ ਵਸ ਵਿਚ ਆਉਂਦੇ ਹਨ, ਮਨ ਦੀ ਦੁਬਿਧਾ ਦਾ ਖ਼ਾਤਮਾ ਹੁੰਦਾ ਹੈ। ਅਹੰਕਾਰ ਦੂਰ ਹੁੰਦਾ ਹੈ ਆਤਮਕ ਸੁਖ ਪੈਦਾ ਹੁੰਦੀ ਹੈ ਅਤੇ ਮਨ ਨੂੰ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ।[79]

ਗੁਰੂ ਰਾਮਦਾਸ ਜੀ ਦੇ ਮਤ ਅਨੁਸਾਰ ਇਕ ਜੀਵ ਲਈ ਗੁਰੂ ਦੀ ਸੰਗਤ ਜ਼ਰੂਰੀ ਹੈ ਕਿਉਂਕਿ ਉਹ ਵਿਸ਼ਿਆਂ ਵਿਕਾਰਾਂ ਤੇ ਕਾਬੂ ਪਰਮਾਤਮਾ ਦੀ ਮਿਹਰ ਸਦਕਾ, ਗੁਰੂ ਦੀ ਸੰਗਤ ਵਿਚ ਕਰ ਸਕਦਾ ਹੈ। ਜਿਵੇਂ ਕਾਂ ਹੰਸ ਬਣ ਜਾਏ, ਪਾਰਸ ਨਾਲ ਛੋਹ ਕੇ ਲੋਹਾ ਸੋਨਾ ਬਣਜਾਂਦੇ ਇਕ ਵਿਕਾਰੀ

---

79. (ੳ) ਸਭਿ ਅਰਥਾ ਸਭਿ ਧਰਮ ਮਿਲੇ ਮਨ ਚਿੰਦਿਆ ਸੋ ਫਲੁ ਪਾਇਆ ਰਾਮ॥

(ਰਾਗ ਆਸਾ, ਆਦਿ ਗ੍ਰੰਥ, ਪੰ. 443)

(ਅ) ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਥਾ।3।

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

(ੲ) ਅਉਗਣਿ ਵਿਗਣਿ ਪਲਰੀ ਜਿਉ ਦੇਹ ਸੁਸਰੇ ਪਾਏ
ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ।

(ਗਉੜੀ ਕੀ ਵਾਰ, ਗ੍ਰੰਥ: ਪੰ. 303)

(ਸ) ਗੁਣ ਕੀ ਸਾਝ ਤਿਨ ਸਿਉਕਰੀ ਸਭ ਅਵਗੁਣ ਸਬਦਿ ਜਲਾਇ॥

(ਗਉੜੀ ਕੀ ਵਾਰ, ਗ੍ਰੰਥ: ਪੰ. 303)

(ਹ) ਜਬ ਗੁਰੁ ਮਿਲਿਆ ਤਬੁ ਮਨੁ ਵਸਿ ਆਇਆ॥
ਧਾਵਤ ਪੰਚ ਰਹੇ ਹਰਿ ਧਿਆਇਆ।    (ਰਾਗ ਗਉੜੀ, ਗ੍ਰੰਥ: ਪੰ. 165)

(ਕ) ਸੋਈ ਸਤਿਗੁਰ ਪੁਰਖੁ ਹੈ ਜਿਨਿ ਪੰਜੇ ਦੂਤ ਕਢ ਛਿਕੇ।।

(ਗਉੜੀ ਕੀ ਵਾਰ, ਗ੍ਰੰਥ: ਪੰ.304)

(ਖ) ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।।
ਮਨ ਕੀ ਦੁਬਿਧਾ ਬਿਨਸਿ ਜਾਏ ਹਰਿ ਪਰਮਪਦੁ ਲਹੀਐ॥

(ਗਉੜੀ ਬੈਰਾਗਣਿ, ਗ੍ਰੰਥ: ਪੰ. 168)

(ਗ) ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰ ਨ ਵਿਚਹੁ ਜਾਇ॥

(ਗਉੜੀ ਕੀ ਵਾਰ, ਗ੍ਰੰਥ: ਪੰ. 303)

ਮਨੁੱਖ ਸੱਚੇ ਸੁੱਚੇ ਜੀਵਨ ਵਾਲਾ ਵਿਅਕਤੀ ਬਣ ਜਾਂਦਾ ਹੈ।[80] ਇਸ ਲਈ ਗੁਰੂ ਰਾਮਦਾਸ ਜੀ ਜੀਵ ਨੂੰ ਗੁਰੂ ਦੀ ਸਿਖਿਆ ਰਾਹੀਂ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਪ੍ਰੇਰਨਾ ਦਿੰਦੇ ਹਨ:-

ਰਾਮਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰਧਾਰਿ॥

(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰਨੇ 1312-13)

## (ੲ) ਜੀਵ-ਭੇਦ: ਗੁਰਮੁਖ ਅਤੇ ਮਨਮੁਖ:

ਗੁਰੂ ਰਾਮਦਾਸ ਜੀ ਨੇ ਜੀਵਾਂ ਨੂੰ ਨੈਤਿਕ ਰੂਪ ਵਿਚ ਦੋ ਭਾਗਾਂ ਵਿਚ ਵੰਡਿਆ ਹੈ; ਗੁਰਮੁਖ ਤੇ ਮਨਮੁਖ। ਗੁਰਮੁਖ ਦੇ ਸ਼ਾਬਦਿਕ ਅਰਥ 'ਗੁਰੂ ਦਾ ਮੁਖ' ਹਨ ਭਾਵ ਉਹ ਵਿਅਕਤੀ ਜੋ ਕਦੀ ਗੁਰੂ ਤੋਂ ਵਿਮੁਖ ਨਹੀਂ ਹੁੰਦਾ।[81] ਵਧੇਰੇ ਵਿਸ਼ਾਲ ਅਰਥਾਂ ਵਿਚ ਇਹ ਸਾਰੇ ਗੁਣਵਾਨ ਮਨੁੱਖਾਂ ਦੀ ਸ਼੍ਰੇਣੀ ਹੈ ਜਿਸ ਵਿਚ ਗੁਰੂ, ਭਗਤ, ਸਾਧ, ਸੰਤ, ਜਨ, ਗੁਰਸਿਖ ਆਦਿ ਆ ਜਾਂਦੇ ਹਨ।

ਮਨਮੁਖ ਦਾ ਸ਼ਾਬਦਿਕ ਅਰਥ 'ਵਿਮੁਖ' ਹੈ।[82] ਮਨਮੁਖ ਤੋਂ ਭਾਵ ਉਸ ਵਿਅਕਤੀ ਤੋਂ ਹੈ ਜੋ ਗੁਰਮਤਿ ਤੋਂ ਉਲਟ ਮਨ (ਸੰਕਲਪ) ਨੂੰ ਹੀ ਮੁਖ ਜਾਣਦਾ ਹੈ।[83] ਮਨਮੁਖ ਦੇ ਲਈ ਉਨ੍ਹਾਂ ਨੇ ਹੋਰ ਸ਼ਬਦ ਨਿੰਦਕ, ਪਾਖੰਡੀ ਅਤੇ ਸਾਕਤ ਦਾ ਪ੍ਰਯੋਗ ਕੀਤਾ ਹੈ। ਨਿੰਦਕ ਤੋਂ ਭਾਵ ਹੀ ਔਗੁਣ ਭਰਪੂਰ ਵਿਅਕਤੀ ਤੋਂ ਹੀ ਹੈ। ਸੰਸਕ੍ਰਿਤ ਵਿਚ ਸਾਕਤ (ਸ਼ਾਕਤ) ਦਾ ਅਰਥ ਸ਼ਕਤੀ ਦਾ ਉਪਾਸ਼ਕ ਹੈ। ਅਰਬੀ ਵਿਚ ਸਾਕਤ ਦਾ ਅਰਥ ਹੈ ਪਤਿਤ, ਡਿਗਿਆ ਹੋਇਆ।[84] ਗੁਰੂ ਰਾਮਦਾਸ ਜੀ ਗੁਰੂ ਕਵੀਆਂ ਦੀ ਪਰੰਪਰਾ ਅਨੁਸਾਰ ਭੇਖੀ ਸਾਧਾਂ, ਸੰਤਾਂ ਜੋਗੀਆਂ ਅਤੇ ਧਾਰਮਕ ਵਿਅਕਤੀਆਂ ਨੂੰ ਇਸ ਭਾਵ ਵਿਚ ਲੈਂਦੇ ਹਨ, ਜੋ

---

80. (ੳ) ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ॥
ਅਵਗਿਨ ਹਾਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ॥3॥
(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ.976)
(ਅ) ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ॥8॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)
(ੲ) ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ
ਜਨ ਮਿਲਿ ਸੰਗਤੀ ਸੁਖ ਹੋਵਤ ਗੁਰਮਤੀ ਸੁਧਰਾਧੇ॥੧॥ (ਰਾਗ ਕਾਨੜਾ, ਆਦਿ ਗ੍ਰੰਥ, ਪੰ.1297)
81. ਕਾਨ੍ਹ ਸਿੰਘ ਨਾਭਾ (ਭਾਈ), ਮਹਾਨ ਕੋਸ਼, (ਪਟਿਆਲਾ, 1974), ਪੰ. 313.
82. ਉਹੀ
83. ਉਹੀ, ਪੰ. 950.
84. ਉਹੀ, ਪੰ. 178.
85.

ਧਰਮ ਦੇ ਰਸਤੇ ਤੋਂ ਭਿੜੇ ਹੋਏ ਪਰਮਾਤਮਾ ਤੋਂ ਬੇਮੁਖ ਹਨ। ਉਨ੍ਹਾਂ ਦੀ ਕਵਿਤਾ ਵਿਚ ਵਿਅਕਤ ਮਨਮੁਖ, ਸਾਕਤ ਪਾਖੰਡੀ, ਨਿੰਦਕ ਵਿਚ ਕੋਈ ਤਾਤਵਿਕ ਭੇਦ ਨਹੀਂ।

ਗੁਰੂ ਰਾਮਦਾਸ ਜੀ ਅਨੁਸਾਰ ਗੁਰਮੁਖ ਤੇ ਮਨਮੁਖ ਵਿਚ ਭੇਦ, ਕਰਮ ਦਾ ਹੈ। ਜਿਹੜੇ ਮਨੁੱਖ ਵਿਸ਼ਿਆਂ ਦੇ ਸੰਜਮ ਦਾ ਬੰਧੇਜ ਢਿਲਾ ਕਰ ਦਿੰਦੇ ਹਨ ਮਨਮੁਖ ਜੀਵ ਹਨ, ਪਰ ਜੋ 'ਸਤਿ ਦਾ ਮਾਰਗ ਅਪਣਾ ਕੇ 'ਸਤਿ ਨੂੰ ਜੀਵਨ ਕਰਮ ਅਤੇ ਜੀਵਨ ਜੁਗਤੀ ਬਣਾ ਲੈਂਦੇ ਹਨ ਗੁਰਮੁਖ ਜੀਵ ਹਨ।[85] ਗੁਰਮੁਖ ਜਿਥੇ ਮਨਮੁਖ ਦਾ ਸਾਥ ਛੱਡਕੇ ਗੁਰੂ ਦੀ ਸੰਗਤ ਕਰਦਾ ਹੈ, ਮਨਮੁਖ ਜੀਵ ਗੁਰੂ ਦੀ ਨਿੰਦਾ ਕਰਕੇ ਔਗੁਣਮਈ ਜੀਵਨ ਰਾਹੀਂ ਜ਼ਿੰਦਗੀ ਦਾ ਮੂਲ ਮਨੋਰਥ ਵੀ ਗੁਆ ਲੈਂਦਾ ਹੈ। ਗੁਰਮੁਖ ਨੂੰ ਗੁਰੂ ਦੀ ਮਹਿਮਾ ਭਾਉਂਦੀ ਹੈ ਪਰ ਮਨਮੁਖ ਨੂੰ ਇਹ ਮਹਿਮਾ ਸਮਝਣ ਦਾ ਸਮਾਂ ਹੀ ਹੱਥ ਨਹੀਂ ਆਉਂਦਾ। ਇਸ ਤਰ੍ਹਾਂ ਨਾਲ ਮਨਮੁਖ ਦਾ ਰਸਤਾ ਔਗੁਣਾਂ ਦਾ ਰਸਤਾ ਹੈ ਅਤੇ ਗੁਰਮੁਖ ਗੁਣਾਂ ਨੂੰ ਆਪਣੇ ਵਿਹਾਰ ਵਿਚ ਰਚਾ ਕੇ ਸੱਚ ਦੇ ਰਸਤੇ ਦਾ ਪਾਂਧੀ ਬਣਦਾ ਹੈ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਆਇਆ ਗੁਰਮੁਖ ਤੇ ਮਨਮੁਖ ਦਾ ਸੰਕਲਪ ਬਹੁਤ ਪੁਰਾਣਾ ਹੈ। ਵੇਦਾਂ ਵਿਚ ਇਹ ਦੈਵੀ ਅਤੇ ਦਾਨਵੀ ਸ਼ਕਤੀਆਂ ਦੇ ਰੂਪ ਵਿਚ ਪ੍ਰਗਟ ਹੋਇਆ ਮਿਲਦਾ ਹੈ। ਉਹ ਜੀਵ ਹੀ ਸਰਵੋਤਮ ਹੈ ਜਿਹੜਾ ਕਿ ਆਤਮਕ ਦਵੰਦ ਵਿਚ ਦਾਨਵੀ ਸ਼ਕਤੀਆਂ ਤੇ ਵਿਜੈ ਪਾਂਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਜੀਵ ਨੂੰ ਉਸ ਮਰਿਆਦਾ ਦੇ ਵਿਚ ਹੀ ਚਲਣਾ ਪੈਂਦਾ ਹੈ ਜੋ ਪਰਮਾਤਮਾ ਨੇ ਜੀਵਨ ਜੁਗਤੀ ਲਈ ਮਿਥੀ ਹੋਈ ਹੁੰਦੀ ਹੈ।[86]

(੧) ਮਨਮੁਖ: ਮਨਮੁਖ ਨੂੰ ਉਨ੍ਹਾਂ ਨੇ ਦੁਰਾਚਾਰੀ ਮਨੁੱਖ ਕਿਹਾ ਹੈ ਕਿਉਂਕਿ ਉਹ ਹਉਮੈ ਦੇ ਕਾਰਣ ਜਗਤ ਦੀਆਂ ਇਛਾਵਾਂ ਸੁਖਾਂ ਦੁੱਖਾਂ ਦੀ ਭਟਕਣ ਦੇ ਵਿਚ ਪਿਆ ਰਹਿੰਦਾ ਹੈ। ਹਉਮੈ ਨੂੰ ਉਹਨਾਂ ਨੇ ਇਕ ਰੋਗ ਨਾਲ ਉਪਮਾ ਦਿਤੀ ਹੈ।[87] ਉਨ੍ਹਾਂ ਅਨੁਸਾਰ ਹਉਮੈ ਦੇ ਕਾਰਨ ਹੀ ਔਗੁਣ ਭਰਪੂਰ ਜੀਵਨ ਰਾਹੀਂ ਮਨਮੁਖ

---

85. (ੳ) ਇਕਿ ਬਾਹੇ ਇਕ ਵੀਨਿਆ ਇਕ ਸੁਖੀਏ ਹਰਿ ਪ੍ਰੀਤਿ॥
ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ॥3॥
(ਰਾਗ ਮਾਰੂ, ਆਦਿ ਗ੍ਰੰਥ, ਪੰ. 1087)
(ਅ) ਗੁਰਮੁਖ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ॥
ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.303)
(ੲ) ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ॥2॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

87. ਸਭੁ ਕੋ ਲੇਖੇ ਵਿਚ ਹੈ ਮਨਮੁਖੁ ਅਹੰਕਾਰੀ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1247)

88. ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1317)

ਵਿਅਕਤੀ ਆਤਮਕ ਮੌਤ ਸਹੇੜਦਾ ਹੈ ਅਤੇ ਜੀਵਨ ਕਾਲ ਵਿਚ ਦੁੱਖ ਭੋਗਦਾ ਹੈ।[88] ਦੁੱਖ ਇਸ ਲਈ ਪੈਦਾ ਹੁੰਦਾ ਹੈ ਕਿ ਉਹ ਹਉਮੈ ਅਧੀਨ ਅਹੰਕਾਰ ਵਿਚ ਸੜਦਾ ਰਹਿੰਦਾ ਹੈ ਅਤੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਜਿਨ੍ਹਾਂ ਨੂੰ ਗੁਰੂ ਰਾਮਦਾਸ ਵਿਕਾਰਾਂ ਦੀ ਸੰਗਿਆ ਦਿੰਦੇ ਹਨ ਦਾ ਸ਼ਿਕਾਰ ਹੁੰਦਾ ਹੈ।[89]

ਗੁਰੂ ਰਾਮਦਾਸ ਜੀ ਅਜੇਹੇ ਮਨਮੁਖ ਜੀਵ ਨੂੰ ਬੇਸਮਝ ਅਤੇ ਮਾੜੀ ਕਿਸਮਤ ਵਾਲਾ ਕਹਿੰਦੇ ਹਨ ਜੋ ਦੁੱਖ ਭਰਪੂਰ ਜ਼ਿੰਦਗੀ ਬਿਤਾਂਦਾ ਹੈ।[90] ਅਜੇਹੇ ਮਨੁੱਖ ਦੀ ਜ਼ਿੰਦਗੀ ਦੀ ਰਾਤ ਨੂੰ ਛੁਟੜ ਇਸਤ੍ਰੀ ਦੇ ਜੀਵਨ ਦੇ ਪ੍ਰਤੀਕ ਰਾਹੀਂ ਪ੍ਰਗਟ ਕੀਤਾ ਗਿਆ ਹੈ।[91]

ਗੁਰੂ ਰਾਮਦਾਸ ਜੀ ਅਨੁਸਾਰ ਮਨਮੁਖ ਜੀਵ ਅੰਦਰ ਵੀ ਪਰਮ-ਸਤਿ ਪਰਮਾਤਮਾ ਦੇ ਗੁਣ ਮੌਜੂਦ ਹੁੰਦੇ ਹਨ, ਪਰ ਉਹ ਹਉਮੈ ਅਧੀਨ ਕਰਮ ਕਰਦਾ ਹੈ ਅਤੇ ਇਸੇ ਕਰਕੇ ਉਸਦੀ ਗੁਣਵਾਨ ਜ਼ਿੰਦਗੀ ਤੋਂ ਦੂਰੀ ਬਣੀ ਰਹਿੰਦੀ ਹੈ ਅਤੇ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ।[92] ਹਉਮੈ ਅਧੀਨ ਕਰਮਾਂ ਕਰਕੇ ਹੀ ਆਵਾਗਵਨ ਦਾ ਗੇੜ ਖ਼ਤਮ ਨਹੀਂ ਹੁੰਦਾ। ਅਜੇਹੇ ਜੀਵ ਅੰਦਰ ਕਾਮ, ਕ੍ਰੋਧ ਆਦਿ ਮੌਜੂਦ ਟਿਕੇ ਰਹਿੰਦੇ ਹਨ ਜਿਨ੍ਹਾਂ ਸਦਕਾ ਇਹ ਸੰਸਾਰ ਉਸ ਲਈ ਭਵ-ਸਾਗਰ ਦੀ ਨਿਆਈਂ ਹੋ ਜਾਂਦਾ ਹੈ।

---

88. ਮਨਮੁਖ ਫਿਰ ਫਿਰ ਹਉਮੈ ਮੁਏ॥
ਕਲਿ ਦੈਂਤਿ ਸੰਘਾਰੇ ਜਮਪੁਰਿ ਗਏ॥2॥ (ਰਾਗ ਬਸੰਤ, ਆਦਿ ਗ੍ਰੰਥ, ਪੰ. 1178)

89. (ੳ) ਮਨਮੁਖ ਮੂੜ੍ਹ ਜਲਤ ਅਹੰਕਾਰੀ ਹਉਮੈ ਵਿਚਿ ਦੁਖ ਪਾਈ॥
(ਰਾਗ ਮਲਾਰ, ਆਦਿ ਗ੍ਰੰਥ, ਪੰ. 1265)
(ਅ) ਕਾਮਿ ਕ੍ਰੋਧਿ ਮੁਠੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥
(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

90. (ੳ) ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥3॥
(ਰਾਗ ਟੋਡੀ, ਆਦਿ ਗ੍ਰੰਥ, ਪੰ. 711)
(ਅ) ਦੁਖ ਪਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ॥
(ਰਾਗ ਆਸਾ, ਆਦਿ ਗ੍ਰੰਥ,ਪੰ. 442)
(ੲ) ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣੀ ਵਿਹਾਣੀ॥3॥
(ਰਾਗ ਮਾਰੂ, ਆਦਿ ਗ੍ਰੰਥ, ਪੰ. 997)

91. ਅੰਤਰਿ ਵਸਤੁ ਅਨੇਕ ਮਨਮੁਖ ਨਹੀਂ ਪਾਈਐ॥
ਹਉਮੈ ਗਰਬੈ ਗਰਬੁ ਆਪਿ ਖੁਆਈਐ॥3॥ (ਰਾਗ ਆਸਾ, ਆਦਿ ਗ੍ਰੰਥ,ਪੰ. 369)

92. ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ॥
(ਬਸੰਤ-26, ਆਦਿ ਗ੍ਰੰਥ, ਪੰ. 1179)

ਜਿਸਨੂੰ ਪਾਰ ਕਰਨਾ ਔਖਾ ਹੋ ਜਾਂਦਾ ਹੈ।[93]

ਗੁਰੂ ਰਾਮਦਾਸ ਜੀ ਦੀ ਧਾਰਨਾ ਹੈ ਕਿ ਮਨੁੱਖੀ ਜੀਵਨ ਦੇ ਸੁੱਖਾਂ-ਦੁੱਖਾਂ ਦੀ ਪ੍ਰਕਿਰਤੀ ਕੁਸੰਭੇ ਦੇ ਫੁੱਲ ਦੇ ਰੰਗ ਵਰਗੀ ਹੈ। ਮਨਮੁਖ ਜੀਵ ਅਜੇਹੇ ਸੁੱਖ ਵਿਚ ਪ੍ਰਵਿਰਤ ਰਹਿੰਦਾ ਹੈ। ਕਸੁੰਭੇ ਦਾ ਫੁਲ ਜਿਵੇਂ ਵੇਖਣ ਨੂੰ ਸ਼ੋਖ ਪਰ ਝਟ ਹੀ ਫਿੱਕਾ ਪੈ ਜਾਣ ਵਾਲਾ ਹੈ। ਇਸ ਤਰ੍ਹਾਂ ਉਸਦੇ ਅੰਦਰੋਂ ਵੀ ਸੁਖ ਪਲਾਂ ਵਿਚ ਹੀ ਖ਼ਤਮ ਹੋ ਜਾਂਦੇ ਹਨ।[94] ਮਨੁੱਖੀ ਜੀਵਨ ਦੇ ਸੁੱਖ ਦੁੱਖ ਇਵੇਂ ਹਨ ਜਿਵੇਂ ਸੂਰਜ ਦੇ ਚੜ੍ਹਨ ਢਲਣ ਅਨੁਸਾਰ ਪਰਛਾਵੇਂ ਬਦਲ ਜਾਂਦੇ ਹਨ ਜਾਂ ਘੁਮਿਆਰ ਦੇ ਚੱਕ ਨੂੰ ਘੁਮਿਆਰ ਨੇ ਚੱਕਰ ਦਿੱਤਾ ਹੋਵੇ।[89]

ਗੁਰੂ ਰਾਮਦਾਸ ਜੀ ਦਾ ਕਥਨ ਹੈ ਕਿ ਮਨਮੁਖ ਜੀਵ ਦੇ ਅੰਦਰ ਕਾਮ ਅਧੀਨ ਹੀ, ਇਸਤ੍ਰੀ ਦਾ ਧਿਆਨ ਹਾਵੀ ਰਹਿੰਦਾ ਹੈ। ਮਾਇਆ ਦੇ ਮੋਹ ਅਧੀਨ ਹੀ ਉਹ ਲਾਲਚ ਵਿਚ ਇਧਰ ਉਧਰ ਦੇ ਦੁਨਿਆਵੀ ਕਾਰਜ ਕਰਦਾ ਹੈ। ਮਾਇਆ ਦੇ ਮੋਹ ਕਾਰਨ ਹੀ ਝੂਠ ਤੇ ਠੱਗੀ, ਫਰੇਬ ਰਾਹੀਂ ਆਪਣੀ ਰੋਜ਼ੀ ਕਮਾਂਦਾ ਹੈ। ਅਜੇਹੇ ਮਨੁੱਖ ਵਿਚ ਆਤਮਕ ਸੂਝ ਪੈਦਾ ਨਹੀਂ ਹੁੰਦੀ। ਇਸ ਲਈ ਉਸਦੀ ਬੁਧੀ ਨੀਵੀਂ ਪੱਧਰ ਦੀ ਹੀ ਰਹਿੰਦੀ ਹੈ। ਅਜਿਹੇ ਜੀਵ ਦੀ ਉਪਮਾ ਗੁਰੂ ਰਾਮਦਾਸ ਜੀ ਵੇਗਾਰੀ ਦੀ ਦਿੰਦੇ ਹਨ

---

93. (ੳ) ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥
ਅੰਤਰੇ ਹਉਮੈ ਮਮਤਾ ਕਾਮ ਕ੍ਰੋਧ ਚਤੁਰਾਈ ਰਾਮ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 775)

(ਅ) ਪਾਪ ਬਿਕਾਰ ਮਨੂਰ ਸਤਿ ਲਦੇ ਬਹੁ ਭਾਰੀ॥
ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1247-48)

94. (ੳ) ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥
ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

(ਅ) ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥
(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

95. ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

ਜੋ ਆਪਣੇ ਸਿਰ ਉਤੇ ਬਿਗਾਨਾ ਭਾਰ ਚੁਕ ਕੇ ਵੇਗਾਰ ਕਰਦਾ ਫਿਰਦਾ ਹੈ।[96]

ਮਨਮੁਖ ਜੀਵ ਪਦਾਰਥਕ ਜਗਤ ਦੀਆਂ ਵਸਤੂਆਂ ਦੇ ਮੋਹ ਵਿਚ ਫ਼ਸ ਕੇ ਦੁਖ ਉਠਾਉਂਦਾ ਹੈ। ਮਨੁੱਖੀ 'ਆਸ਼ਾ' ਹੀ ਤ੍ਰਿਸ਼ਨਾ ਦਾ ਦੂਜਾ ਨਾਂ ਹੈ। ਮਨਮੁਖ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਅਤੇ ਭਟਕਦਾ ਰਹਿੰਦਾ ਹੈ।[97] ਇਸੇ ਕਰਕੇ ਉਸ ਅੰਦਰੋਂ ਮਾਇਆ ਦੀ ਭੁਖ ਦੂਰ ਨਹੀਂ ਹੁੰਦੀ।

ਗੁਰੂ ਰਾਮਦਾਸ ਜੀ ਅਨੁਸਾਰ ਜਗਤ ਦਾ ਮੋਹ ਨਾਸ਼ਵੰਤ ਪਾਸਾਰਾ ਹੈ ਜੋ ਦੁਖਾਂ ਦਾ ਮੂਲ ਹੈ। ਮਨਮੁਖ ਜੀਵ ਜੋ ਮਨ ਦਾ ਮੁਰੀਦ ਹੈ ਇਹ ਆਖਕੇ ਕਿ —'ਇਹ ਮੇਰਾ ਪੁੱਤਰ ਹੈ', ਇਹ ਮੇਰੀ ਇਸਤਰੀ ਹੈ', ਇਹ ਮੇਰਾ ਪਰਿਵਾਰ ਹੈ', —ਮਾਇਆ ਦਾ ਮੋਹ ਨਿਰੰਤਰ ਵਧਾਈ ਜਾਂਦਾ ਹੈ

---

96. (ੳ) ਸਾਰਾ ਦਿਨ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ।।
ਰਾਤੀ ਊਘੈ ਦਬਿਆ ਨਵੇ ਸਭਿ ਢਿਲਾ।।
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ।।
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ।।
ਕਾਮਿ ਵਿਆਪੇ ਕੁਸੁਖ ਨਰ ਸੇ ਜੋਰਾ ਪੁਛਿ ਚਲਾ।।
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 304)

(ਅ) ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1238)

(ੲ) ਕੂੜ ਕਮਾਵੈ ਕੂੜ ਸੰਘਰੈ ਕੂੜਿ ਕਰੈ ਆਹਾਰੁ॥ (ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1423)

(ਸ) ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ।
(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

(ਹ) ਸੁਧਿ ਮਤਿ ਕਰਤੈ ਸਭਹਿਰਿ ਲਈ ਬੋਲਨਿ ਸਭ ਵਿਕਾਰੁ।।
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

(ਕ) ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ॥
ਵੇਗਾਰਿ ਫਿਰੈ ਸਿਰਿ ਭਾਰੁ ਉਠਾਇਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 166)

97. (ੳ) ਆਸਾ ਵਿਚ ਦੁਖੁ ਘਣਾ ਮਨਮੁਖਿ ਚਿਤੁ ਲਾਇਆ॥
(ਸਾਰੰਗ ਦੀ ਵਾਰ, ਆਦਿ ਗ੍ਰੰਥ, ਪੰ.1249)

(ਅ) ਮਨਮੁਖ ਮਾਇਆ ਮੋਹ ਵਿਆਪੇ ਇਹ ਮਨ ਤ੍ਰਿਸਨਾ ਜਲਤ ਤਿਖਾਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.834)

(ੲ) ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹਦਿਸ ਬਹੁ ਲਾਖ।।
(ਰਾਗ ਮਾਰੂ, ਆਦਿ ਗ੍ਰੰਥ, ਪੰ. 997)

ਅਤੇ ਇਸਤਰ੍ਹਾਂ ਇਸ ਨਾਸ਼ਵੰਤ ਪਸਾਰੇ ਵਿਚ ਫਸਿਆ ਰਹਿੰਦਾ ਹੈ।[98]

ਅਜੇਹੇ ਮਨੁੱਖ ਨੂੰ ਮਾਇਆ ਦਾ ਮੋਹ ਢੋਰ ਪਾਈ ਰੱਖਦਾ ਹੈ ਅਤੇ ਭਰਮਾਈ ਰੱਖਦਾ ਹੈ। ਇਸ ਕਾਰਣ ਹੀ ਅਗਿਆਨ ਅਵਸਥਾ ਬਣੀ ਰਹਿੰਦੀ ਹੈ। ਉਸ ਦਾ ਮਨ ਦੁਬਿਧਾ ਅਤੇ ਦੁਰਮਤਿ ਦੇ ਪ੍ਰਭਾਵ ਅਧੀਨ ਰਹਿੰਦਾ ਹੈ ਇਸ ਕਾਰਣ ਉਸਨੂੰ ਆਤਮਕ ਮੌਤ ਵਿਆਪਦੀ ਹੈ।[99] ਮਾਇਆ ਦੇ ਮੋਹ ਅਧੀਨ ਹੀ ਐਸਾ ਜੀਵ ਨਿਰਾਰਥਕ ਜੀਵਨ ਬਿਤਾ ਕੇ ਜਗਤ ਤੋਂ ਤੁਰ ਜਾਂਦਾ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖੀ ਜੀਵਨ ਦੀ ਅਸਲ ਕਮਾਈ ਨਾਮ ਹੀ ਹੈ। ਦੂਜੇ

---

98. (ੳ) ਅੰਦਰਿ ਤ੍ਰਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ।।
ਮੋਹ ਕੁਟੰਬੁ ਸਭੁ ਕੂੜੁ ਰਹਿਆ ਲਪਟਾਇ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ।।
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1424)

(ਅ) ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥
ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ।
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 690)

(ੲ) ਪੁਤ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ॥ (ਸਲੋਕ, ਆਦਿ ਗ੍ਰੰਥ, ਪੰ. 1422)

(ਸ) ਹਉਮੈ ਬਿਖਿਆ ਨਿਤ ਲੋਭ ਲੁਭਾਨੇ ਪੁਤ ਕਲਤ ਮੋਹਿ ਲੁਭਿਆ।।
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1337)

(ਹ) ਪੁਤੁ ਕਲਤੁ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ॥
ਜਮਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1238)

99. (ੳ) ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੋ॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1199)

(ਅ) ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1238)

(ੲ) ਮਨਮੁਖਿ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
(ਰਾਗ ਗੁਜਰੀ, ਆਦਿ ਗ੍ਰੰਥ, ਪੰ. 507)

(ਸ) ਮਨਮੁਖਾ ਮਨਮੁਖ ਮੁਏ ਮੇਰੀ ਕਰਿ ਮਾਇਆ ਰਾਮ॥ (ਰਾਗ ਆਸਾ, ਆਦਿ ਗ੍ਰੰਥ, ਪੰ.442)

(ਹ) ਦੂਜੈ ਭਾਇ ਦੁਖੁ ਰੋਏ ਮਨਮੁਖ ਜਮਿ ਜੋਹਿਆ ਜੀਉ।।
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 690)

ਸ਼ਬਦਾਂ ਵਿਚ ਸੱਚ ਦਾ ਅਨੁਸਾਰੀ ਹੋਣਾ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ। ਨਾਮ ਤੋਂ ਬਿਨਾ ਬਾਕੀ ਪਦਾਰਥਕ ਵਸਤੂਆਂ ਤੋਂ ਉਤਪੰਨ ਖੁਸ਼ੀਆਂ ਦੀ ਪ੍ਰਾਪਤੀ ਲਈ ਕੀਤੇ ਗਏ ਕਾਰਜ ਦੁੱਖਾਂ ਦਾ ਮੂਲ ਹਨ।[100] ਸੱਚ ਨੂੰ ਜ਼ਿੰਦਗੀ ਵਿਚ ਅਪਨਾਉਣ ਅਰਥਾਤ ਨਾਮ ਸਿਮਰਣ ਤੇ ਜੀਵਨ ਮਰਨ ਦੇ ਸੁਖਾਂ-ਦੁਖਾਂ ਤੋਂ ਮੁਕਤੀ ਮਿਲਦੀ ਹੈ।[101] ਇਹੋ ਹੀ ਆਤਮਕ ਆਨੰਦ ਦਾ ਖੇਤਰ ਹੈ। ਇਸ ਅਵਸਥਾ ਵਿਚ ਮਨੁੱਖ ਆਪਣੀ ਵਿਕਾਰੀ ਪ੍ਰਵਿਰਤੀ ਤੇ ਵਿਜਈ ਹੁੰਦਾ ਹੈ। ਉਸਦੇ ਲਈ ਦੁਨਿਆਵੀ ਸੁੱਖ ਦੁੱਖ ਸਮਾਨ ਹੋ ਜਾਂਦੇ ਹਨ।

ਪਦਾਰਥਕ ਜਗਤ ਦੀਆਂ ਵਸਤੂਆਂ (ਦੁਨੀਆਂ ਦੀ ਮਾਇਆ) ਤੋਂ ਉਤਪੰਨ ਸੁੱਖ-ਦੁੱਖ ਤਾਂ ਮਨੁੱਖ ਨੂੰ ਭੁਲੇਵਾਂ ਦੇਣ ਦੀ ਖ਼ਾਤਰ ਪਰਮਾਤਮਾ ਨੇ ਪੈਦਾ ਕੀਤੇ ਹੁੰਦੇ ਹਨ। ਇਨ੍ਹਾਂ ਦਾ ਚੱਕਰ ਤਾਂ ਜੀਵਨ ਭਰ ਜਾਰੀ ਰਹਿੰਦਾ ਹੈ ਅਤੇ ਮਨਮੁਖ ਜੀਵ ਵਿਸ਼ੇ ਵਿਕਾਰ (ਔਗੁਣਾਂ) ਅਧੀਨ ਪੈਦਾ ਹੋਈਆਂ ਖਾਹਿਸ਼ਾਂ ਜਾਂ ਆਸ਼ਾਵਾਂ ਦੀ ਤਲਾਸ਼ ਵਿਚ ਭਟਕਦਾ ਰਹਿੰਦਾ ਹੈ। ਅਜੇਹੇ ਮਨੁੱਖਾਂ ਦਾ ਜੀਵਨ ਹੀ ਆਵਾਗਵਨ ਦਾ ਸ਼ਿਕਾਰ ਹੋ ਕੇ ਪਾਣੀ ਵਿਚ ਲੂਣ ਦੀ ਤਰ੍ਹਾਂ ਖੁਰ ਜਾਂਦਾ ਹੈ।[102] ਨਾਮ ਵਿਕਾਰਾਂ ਨੂੰ ਪਵਿੱਤਰ ਕਰਨ ਵਾਲੀ ਸ਼ਕਤੀ ਹੈ, ਪਰ ਮਨਮੁਖ ਜੀਵ ਬਦਕਿਸਮਤ ਅਤੇ ਮੂਰਖ ਹੁੰਦੇ ਹਨ। ਅਜੇਹੇ ਮਨੁੱਖਾਂ ਦਾ ਜੀਵਨ ਨਿੰਦਨੀਯ ਹੈ।[103]

---

100. (ੳ) ਬਿਨੁ ਨਾਵੈ ਸਭ ਦੁਖੁ ਹੈ ਦੁਖਦਾਈ ਮੋਹ ਮਾਇ॥ (ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1422)
(ਅ) ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤੁ ਕਲਤੁ ਮਾਇਆ ਧੋਹਿਆ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 690)

101. ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣੁ ਦੁਖੁ ਜਾਇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 313)

102. (ੳ) ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ॥3॥
(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)
(ਅ) ਓਹਿ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ॥3॥
(ਰਾਗ ਮਾਰੂ, ਆਦਿ ਗ੍ਰੰਥ, ਪੰ. 997)
(ੲ) ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ॥
(ਮਾਰੂ ਕੀ ਵਾਰ, ਆਦਿ ਗ੍ਰੰਥ, ਪੰ. 1087)

103. (ੳ) ਪਤਿਤ ਪਾਵਨੁ ਨਾਮੁ ਨਰਹਰਿ ਮੰਦ ਭਾਗੀਆ ਨਹੀਂ ਭਾਇਓ॥
(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)
(ਅ) ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ॥
(ਰਾਗ ਆਸਾ, ਆਦਿ ਗ੍ਰੰਥ, ਪੰ. 443)
(ੲ) ਬਿਨੁ ਨਾਵੈ ਧ੍ਰਿਗੁ ਜੀਵਦੇ.........॥ (ਰਾਗ ਮਾਰੂ, ਆਦਿ ਗ੍ਰੰਥ, ਪੰ. 997)

ਗੁਰੂ ਰਾਮਦਾਸ ਜੀ ਦੀ ਧਾਰਨਾ ਹੈ ਕਿ ਜਿਹੜੇ ਜੀਵ ਗੁਰੂ ਨੂੰ ਨਹੀਂ ਮਿਲਦੇ ਉਹ ਮਾਇਆ ਦੀ ਤ੍ਰਿਸ਼ਨਾ ਦਾ ਸ਼ਿਕਾਰ ਹੋ ਕੇ ਸਾਰੀ ਉਮਰ ਲੋਭ, ਮੋਹ, ਅਹੰਕਾਰ ਆਦਿ ਔਗੁਣਾਂ ਅਧੀਨ ਭਰਮਦਿਆਂ ਅਤੇ ਦੁਖ ਪਾਂਦਿਆਂ ਜੀਵਨ ਬਤੀਤ ਕਰ ਦਿੰਦੇ ਹਨ। ਉਹ ਗੁਰੂ ਦੇ ਸ਼ਬਦ ਤੇ ਵਿਚਾਰ ਨਹੀਂ ਕਰਦੇ। ਉਨ੍ਹਾਂ ਦਾ ਮਨ ਦੁਨਿਆਵੀ ਪਦਾਰਥਾਂ ਪਿਛੇ ਭਟਕਦਾ ਰਹਿੰਦਾ ਹੈ, ਜਿਸ ਕਰਕੇ ਉਹ ਆਵਾਗਵਨ ਦਾ ਸ਼ਿਕਾਰ ਹੁੰਦੇ ਹਨ।[104]

ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਹੈ ਕਿ ਮਨਮੁਖ ਜੀਵ ਪਰਮਾਤਮਾ ਦੀ ਕਿਰਪਾ ਰਾਹੀਂ ਸਤਿ ਸਰੂਪ ਗੁਰੂ ਨੂੰ ਮਿਲਕੇ ਆਪਣਾ ਚਿੰਤਾ, ਝੋਰਾ ਤੇ ਭਟਕਣ ਨੂੰ ਖ਼ਤਮ ਕਰ ਸਕਦਾ ਹੈ। ਹਉਮੈ ਦੀ ਨਵਿਰਤੀ ਰਾਹੀਂ ਉਹ ਭਵ-ਸਾਗਰ ਬਣੇ ਸੰਸਾਰ ਨੂੰ ਆਸਾਨੀ ਨਾਲ ਪਾਰ ਕਰ ਸਕਦਾ ਹੈ।[105]

ਗੁਰੂ ਰਾਮਦਾਸ ਜੀ ਮਨਮੁਖ ਦੇ ਵਿਹਾਰ ਬਾਰੇ ਦਸਦੇ ਹੋਏ ਲਿਖਦੇ ਹਨ:-

ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੇਠਾ।
ਬਿਸੀਅਰ ਕਉ ਬਹੁਤ ਦੂਧੁ ਪਿਆਈਐ ਬਿਖੁ ਪਿਆਈਐ ਬਿਖੁ ਨਿਕਸੈ ਫੋਲਿ ਫੁਲੀਠਾ॥3॥
(ਗਉੜੀ, ਆਦਿ ਗ੍ਰੰਥ, ਪੰ. 171)

ਮਨਮੁਖ ਦਾ ਵਿਹਾਰ ਵਿਰੋਧੀ ਪ੍ਰਕਿਰਤੀ ਦਾ ਹੈ, ਉਹ ਗੁਣਾਂ ਤੋਂ ਉਲਟ ਔਗੁਣਮਈ ਜੀਵਨ ਵਲ ਪ੍ਰਵਿਰਤ ਰਹਿੰਦਾ ਹੈ। ਅਜੇਹੇ ਮਨੁੱਖ ਦੀ ਸੰਗਤ ਮਾੜੀ ਹੈ। ਉਹ ਹੋਰ ਉਦਾਹਰਣ ਦਿੰਦੇ ਹੋਏ ਲਿਖਦੇ ਹਨ ਕਿ ਜੇ ਨਿੰਮ ਦੇ ਰੁਖ ਨੂੰ ਅੰਮ੍ਰਿਤ-ਰਸ ਪਾ ਕੇ ਵੀ ਸਿੰਜੀਏ ਤਾਂ ਵੀ ਨਿੰਮ ਦੀ ਕੁੜਿਤਣ ਨਹੀਂ ਜਾਂਦੀ। ਜੇ ਪੱਥਰ ਨੂੰ ਇਸ਼ਨਾਨ ਕਰਾਈਏ ਤਦ ਵੀ ਉਹ ਕੋਰਾ ਰਹਿੰਦਾ ਹੈ, ਇਸੇ ਤਰ੍ਹਾਂ ਮਨਮੁਖ ਦਾ ਹਿਰਦਾ ਕੋਰਾ ਹੀ ਰਹਿੰਦਾ ਹੈ। ਜਿਵੇਂ ਜ਼ਹਿਰ ਵਿਚ ਅੰਮ੍ਰਿਤ ਸਿੰਜੀਏ ਤਾਂ ਉਹ ਅੰਮ੍ਰਿਤ ਨਹੀਂ ਬਣ ਜਾਂਦਾ ਜ਼ਹਿਰ ਦਾ

---

104. (ੳ) ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ॥3॥
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1337)

(ਅ) ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

(ੲ) ਬਿਨੁ ਗੁਰ ਮਨੂਆ ਨ ਟਿਕੈ ਫਿਰਿ ਫਿਰਿ ਜੂਨੀ ਪਾਇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 313)

105. (ੳ) ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ॥
ਤਾਂ ਅੰਮ੍ਰਿਤੁ ਪੀਵੈ ਸਬਦੁ ਗੁਰ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 305)

(ਅ) ਨਾਨਕ ਰੋਗ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ॥੧॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 301)

(ੲ) ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ॥2॥ ਰਾਗ ਆਸਾ

ਹੀ ਫਲ ਮਿਲਦਾ ਹੈ।[106] ਗੁਰੂ ਰਾਮਦਾਸ ਜੀ ਅਜੇਹੇ ਮਨਮੁਖ ਦੇ ਵਿਚਾਰ ਰੱਖਣ ਵਾਲੇ ਜੀਵ ਦੀ ਸੰਗਤ ਤੋਂ ਦੂਰ ਰਹਿਣ ਲਈ ਹੀ ਪ੍ਰੇਰਦੇ ਹਨ।[107]

(ਘ) ਸਾਕਤ: ਗੁਰੂ ਰਾਮਦਾਸ ਅਨੁਸਾਰ ਸਾਕਤ ਵੀ ਮਨਮੁਖ ਵਾਂਗ ਦੁਰਾਚਾਰੀ ਮਨੁੱਖ ਹੈ ਜਿਸਦੇ ਮਨ ਵਿਚ ਹਉਮੈ-ਰੋਗ ਰਹਿੰਦਾ ਹੈ, ਜਿਸ ਕਾਰਨ ਉਹ ਭਟਕਣ ਵਿਚ ਪੈ ਕੇ ਜੀਵਨ ਦੇ ਗਲਤ ਰਸਤੇ ਤੇ ਪਿਆ ਰਹਿੰਦਾ ਹੈ।[108] ਹਉਮੈ ਦਾ ਕੰਡਾ ਉਸਨੂੰ ਜੀਵਨ ਮਾਰਗ ਤੇ ਚਲਦਿਆਂ ਹੋਇਆਂ ਚੁਭਦਾ ਹੈ ਜਿਸ ਕਾਰਨ ਉਹ ਦੁਖ ਪਾਂਦਾ ਹੈ ਅਤੇ ਆਤਮਕ ਮੌਤ ਦਾ ਸ਼ਿਕਾਰ ਹੁੰਦਾ ਹੈ।[109] ਅਹੰਕਾਰ-ਵਸ ਹੀ ਅਜੇਹਾ ਮਨੁੱਖ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ।[110] ਸਾਕਤ ਮਨੁੱਖ ਸੁਭਾਅ ਦਾ ਲੋਭੀ ਹੁੰਦਾ ਹੈ ਅਤੇ ਉਸਦੇ ਮਨ ਵਿਚ ਮੈਲ ਭਰੀ ਰਹਿੰਦੀ ਹੈ। ਉਸ ਦਾ ਸੁਭਾਅ ਕੁੱਤੇ ਦੀ ਨਿਆਈਂ ਹੈ। ਜਿਵੇਂ ਕੁੱਤਾ ਸੁਭਾਅ ਵਜੋਂ ਮੁਰਦਾਰ ਉਤੇ ਜਾਂਦਾ ਹੈ ਤਿਵੇਂ ਲੋਭ-ਲਹਿਰ ਦਾ ਪ੍ਰੇਰਿਆ ਹੋਇਆ ਉਹ ਮਾਇਆ-ਜ਼ਹਿਰ ਨੂੰ ਚੰਬੜਿਆ ਰਹਿੰਦਾ ਹੈ। ਅਜੇਹਾ ਮਨੁੱਖ ਮਾਇਆ ਰੂਪ ਜ਼ਹਿਰ ਹੀ ਇਕੱਠੀ ਕਰਦਾ ਰਹਿੰਦਾ ਹੈ ਅਤੇ ਇਸ ਦੇ ਮੋਹ ਕਾਰਨ ਹੀ ਭਟਕਦਾ ਰਹਿੰਦਾ ਹੈ।[111]

---

106. ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥
ਬਿਸੀਅਰ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ॥
ਮਨਮੁਖੁ ਅਭਿੰਨ ਨ ਭਿਜਈ ਪਥਰੁ ਨਾਵਾਇਆ।।
ਬਿਖੁ ਮਹਿ ਅੰਮ੍ਰਿਤ ਸਿੰਚੀਐ ਬਿਖੁ ਕਾ ਫਲੁ ਪਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1244)

107. ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹੁ ਪਿਆਰੁ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

108. ......ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ।
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1424)

109. ..........ਤਿਨ ਅੰਤਰਿ ਹਉਮੈ ਕੰਡਾ ਹੇ।।
ਜਿਉ ਜਿਉ ਚਲਹਿ ਚੁਭੈ ਦੁਖ ਪਾਵਹਿ ਜਮਕਾਲ ਸਹਹਿ ਸਿਰਿ ਡੰਡਾ ਹੇ॥2॥
(ਰਾਗ ਗਉੜੀ, ਆਦਿ ਗ੍ਰੰਥ, ਪੰ. 171)

110. ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ॥24॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ.834)

111. (ੳ) ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ।।
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1326)
(ਅ) ਲੋਭ ਲਹਿਰ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਾਗਾਵੈਗੋ॥9॥
(ਰਾਗ ਕਾਨੜਾ, ਆਦਿ ਗ੍ਰੰਥ, ਪੰਨੇ 1311-12)
(ੲ) ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀਰਾ॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)
(ਸ) ਸਾਕਤ ਮੂੜ ਮਾਇਆ ਕੇ ਬਧਿਕ ਵਿਚ ਮਾਇਆ ਫਿਰਹਿ ਫਿਰੰਦੇ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 800)

ਸਾਕਤ ਮਨੁੱਖ ਮੰਦੇ ਕਰਮਾਂ ਦੇ ਸੰਸਕਾਰਾਂ ਦਾ ਬਝਿਆ ਹੋਇਆ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਅਤੇ ਆਵਾਗਵਨ ਦੇ ਗੇੜ ਵਿਚ ਇਵੇਂ ਪਿਆ ਰਹਿੰਦਾ ਹੈ ਜਿਵੇਂ ਤੇਲੀ ਦਾ ਬਲਦ ਕੋਹਲੂ ਦੁਆਲੇ ਚੱਕਰ ਕੱਟਦਾ ਰਹਿੰਦਾ ਹੈ।[112] ਇਸੇ ਲਈ ਤਾਂ ਸਾਕਤ ਮਨੁੱਖ ਵਾਸਤੇ ਸਾਰਾ ਦਿਨ ਸਾਰੀ ਰਾਤ ਘੁੱਪ ਹਨੇਰਾ ਹੁੰਦੇ ਹਨ, ਕਿਉਂਕਿ ਉਹ ਮਾਇਆ ਦੇ ਫੰਧੇ ਵਿਚ ਫਸਿਆ ਹੋਇਆ ਗੁਰੂ ਨੂੰ ਆਪਣਾ ਆਸਰਾ ਨਹੀਂ ਬਣਾਂਦਾ।[113] ਉਹ ਵਿਕਾਰਾਂ ਵਿਚ ਫਸਿਆ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ।[114]

ਅਜੇਹਾ ਮਨੁੱਖ ਅਹੰਕਾਰੀ ਹੀ ਕਹਿਲਾਏਗਾ ਅਤੇ ਉਸ ਦਾ ਵਿਹਾਰ ਨਿੰਦਨੀਯ ਰਹੇਗਾ।[115] ਗੁਰੂ ਰਾਮਦਾਸ ਜੀ ਅਨੁਸਾਰ ਅਜੇਹਾ ਸਾਕਤ ਜੀਵਨ ਪਲ ਪਲ ਬੀਤ ਰਹੀ ਮਨੁੱਖੀ ਜ਼ਿੰਦਗੀ ਦੀ ਅਸਲੀਅਤ ਨੂੰ ਨਹੀਂ ਸਮਝਦਾ ਅਤੇ ਆਪਣੇ ਆਚਾਰ ਅਨੁਸਾਰ ਉਹ ਐਸਾ ਕੁਝ ਕਰਦਾ ਰਹਿੰਦਾ ਹੈ ਜੋ ਅੰਤ ਸਹਾਈ ਨਹੀਂ ਹੁੰਦਾ।[116] ਇਸੇ ਲਈ ਉਸਦੇ ਕਰਮਾਂ ਬਾਰੇ ਆਲੋਚਨਾ ਕਰਦੇ ਹੋਏ ਲਿਖਦੇ ਹਨ: —

ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ।।

(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 982)

ਗੁਰੂ ਰਾਮਦਾਸ ਜੀ ਨੇ ਅਜੇਹੇ ਮਨੁੱਖ ਦਾ ਸਾਥ ਨਾ ਕਰਨ ਲਈ ਪ੍ਰੇਰਦੇ ਹਨ ਕਿਉਂਕਿ ਪਰਮਾਤਮਾ ਨੇ ਉਸਨੂੰ ਗੁਣਾਂ ਦੇ ਰਸਤੇ (ਨਾਮ) ਵਲੋਂ ਮੁਰਦਾ ਕੀਤਾ ਹੁੰਦਾ ਹੈ। ਅਜੇਹੇ ਵਿਅਕਤੀ ਦੀਆਂ

---

106. (ੳ) ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥੨॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 800)

(ਅ) ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ।।

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1335)

107. ਸਾਕਤ ਨਰ ਸਤਿਗੁਰੁ ਨਹੀਂ ਕੀਆ ਤੇ ਬੇਮੁਖ ਹਰਿ ਭਰਮਾਵੈਗੇ॥

(ਰਾਗ ਕਾਨੜਾ, ਆਦਿ ਗ੍ਰੰਥ, ਪੰਨੇ 1311-12)

108. ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਤਿਨਿ ਪਾਧੇ ਬਹੁ ਬਿਧਿ ਬਾਧ॥੨॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1335)

109. ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢਾਜੈ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

110. ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ॥੨॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1200)

ਗੱਲਾਂ [illegible] ਸੱਪ ਅਤੇ ਠੂੰਹੇ ਵਾਂਗ ਜ਼ਹਿਰੀਲੀਆਂ ਹੁੰਦੀਆਂ ਹਨ।[117] ਗੁਰੂ ਰਾਮਦਾਸ ਜੀ ਦਾ ਕਥਨ ਹੈ ਕਿ ਅਜੇਹਾ ਮਨੁੱਖ ਮਾਨੋ ਵਿਹੁਲਾ ਰੁੱਖ ਹੈ, ਉਸਨੂੰ ਭਾਵੇਂ ਕਿੰਨਾ ਹੀ ਪਾਣੀ ਸਿੰਜੀ ਜਾਉ, ਉਸਦੀਆਂ ਟਾਹਣੀਆਂ ਅਤੇ ਫੁੱਲ ਆਦਿ ਜ਼ਹਿਰੀਲੇ ਹੀ ਰਹਿਣਗੇ। ਅਜੇਹੇ ਮਨੁੱਖ ਨਾਲ ਜੇ ਕੋਈ ਨਿਮਰਤਾ ਪੂਰਵਕ ਵੀ ਵਿਹਾਰ ਕਰਦਾ ਹੈ ਤਾਂ ਉਹ ਛੇੜਖਾਨੀਆਂ ਕਰਕੇ ਆਪਣੇ ਮਨ ਦੀ ਜ਼ਹਿਰ ਕੱਢਦਾ ਰਹਿੰਦਾ ਹੈ।[118]

(ਅ) <u>ਨਿੰਦਕ:</u> ਗੁਰੂ ਰਾਮਦਾਸ ਜੀ ਅਨੁਸਾਰ ਨਿੰਦਕ ਮਨੁੱਖ ਉਹ ਹਨ ਜੋ ਗੁਣਵਾਨ ਵਿਅਕਤੀਆਂ (ਗੁਰੂ ਸਾਧ, ਸੰਤ, ਗੁਰਮੁਖ, ਗੁਰਸਿਖ ਆਦਿ) ਦੀ ਉਸਤਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਜਿਹੜੀ ਕਿ ਉਨ੍ਹਾਂ ਦੇ ਨਾਮ ਸਿਮਰਣ ਸਦਕਾ ਪ੍ਰਾਪਤ ਕੀਤੀ ਹੁੰਦੀ ਹੈ। ਪਰਮਾਤਮਾ ਉਨ੍ਹਾਂ ਨੂੰ ਈਰਖਾ ਦੀ ਅੱਗ ਵਿਚ ਸਾੜ ਕੇ ਦੁਖ ਪਹੁੰਚਾਂਦਾ ਰਹਿੰਦਾ ਹੈ।[119] ਗੁਰੂ ਰਾਮਦਾਸ ਜੀ ਅਜੇਹੇ ਮਨੁੱਖਾਂ ਨੂੰ 'ਮਾਇਆਧਾਰੀ' ਕਹਿੰਦੇ ਹਨ ਕਿਉਂਕਿ ਉਹ ਤੇਲੀ ਦੇ ਬਲਦ ਵਾਂਗ ਨਿੰਦਾ ਦੇ ਗੇੜ ਵਿਚ ਪੈ ਕੇ ਨਿਰੰਤਰ ਦੁਖ ਭੋਗਦੇ ਹਨ ਅਤੇ ਭਵ-ਸਾਗਰ ਵਿਚ ਫਸੇ ਰਹਿੰਦੇ ਹਨ।[120]

---

117. ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮ ਬਿਸਾਰੇ।।
ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥3॥
(ਨਟ ਨਾਰਾਇਨ, ਆਦਿ ਗ੍ਰੰਥ,ਪੰ. 982)
(ਅ) ਹਰਿ ਸਾਕਤ ਸੇਤੀ ਸੰਗ ਨਾ ਕਰੀਅਹਿ ਓਇ ਮਾਰੇ ਸਿਰਜਣ ਹਾਰੇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 312)

118. ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲੂ ਫੂਲ ਬਿਸੁਕਾਰੇ॥
ਜਿਉ ਜਿਉ ਨਿਵਹਿ ਸਾਕਤ, ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥2॥
(ਰਾਗ ਨਟ ਨਰਾਇਨ, ਆਦਿ ਗ੍ਰੰਥ, ਪੰ. 983)

119. (ੳ) ਜਨ ਕੀ ਉਸਤਤਿ ਹੈ ਰਾਮਨਾਮਾ ਦਹਦਿਸਿ ਸੋਭਾ ਪਾਈ॥
ਨਿੰਦਕ ਸਾਕਤੁ ਖਵਿ ਨ ਸਕੈ ਤਿਲੁ ਆਪਣੈ ਘਰਿ ਲੂਕੀ ਲਾਈ॥6॥
(ਰਾਗ ਬਸੰਤ, ਆਦਿ ਗ੍ਰੰਥ,ਪੰ.1191)
(ਅ) ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ॥
(ਰਾਗ ਗਉੜੀ ਕੀ ਵਾਰ,ਆਦਿ ਗ੍ਰੰਥ,ਪੰ.305)

120. (ੳ) ਉਹ ਨਿੰਦਕੁ ਨਿੰਦਾ ਕਰਿ ਮਲੁ ਧੋਵੈ ਉਹ ਮਲਭਖੁ ਮਾਇਆਧਾਰੀ॥
ਸੰਤ ਜਨਾ ਕੀ ਨਿੰਦਾ ਵਿਆਪੇ ਨ ਉਰਵਾਰਿ ਨ ਪਾਰੀ॥6॥
(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)
(ਅ) ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭ ਖੋਇਆ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

ਭਾਰਤੀ ਧਾਰਮਕ ਪਰੰਪਰਾ ਵਿਚ ਮਨੁੱਖ ਨੂੰ ਔਗੁਣਮਈ, ਵਿਕਾਰੀ ਜ਼ਿੰਦਗੀ ਦੇ ਦੁੱਖਾਂ ਤੋਂ ਬਚਣ ਲਈ ਕਈ ਡਰ ਚਿਤਾਰੇ ਜਾਂਦੇ ਹਨ। ਗੁਰੂ ਰਾਮਦਾਸ ਜੀ ਭਾਰਤੀ ਧਾਰਮਕ ਕਾਵਿ-ਰੂੜ੍ਹੀ ਅਨੁਸਾਰ ਸੰਕੇਤਕ ਸ਼ਬਦਾਵਲੀ ਰਾਹੀਂ ਮਨੁੱਖ ਦੀ ਔਗੁਣਮਈ ਜ਼ਿੰਦਗੀ ਤੋਂ ਪ੍ਰਤਿਫਲਤ ਦੁੱਖਾਂ ਦਾ ਵਿਵਰਣ ਦਿੰਦੇ ਹਨ।[121] ਉਨ੍ਹਾਂ ਦੀ ਧਾਰਨਾ ਹੈ ਕਿ ਪਿੱਠ ਪਿਛੇ ਕੀਤੀ ਗਈ ਨਿੰਦਾ ਨਿੰਦਨੀਯ ਹੈ।[122] ਅਜੇਹਾ ਕਾਰਜ ਹਮੇਸ਼ਾਂ ਪ੍ਰਗਟ ਹੋ ਜਾਂਦਾ ਹੈ ਤਾਂ ਫਿਰ ਉਹ ਮਨੁੱਖ ਆਪਣੇ ਕਰਮਾਂ ਦਾ ਫਲ ਭੁਗਤਦਾ ਹੈ। ਉਹ ਅਜੇਹੇ ਨਿੰਦਕ ਮਨੁੱਖ ਦੇ ਵਿਹਾਰ ਨੂੰ ਬਗੁਲੇ ਅਤੇ ਕਾਂ ਦੇ ਨਾਲ ਉਪਮਾ ਦਿੰਦੇ ਹਨ, ਜੋ ਮੁਰਦਾਰ ਅਤੇ ਵਿਸ਼ਟਾ ਵਲ ਹੀ ਖਿੱਚੇ ਜਾਂਦੇ ਹਨ। ਅਜੇਹੇ ਜੀਵ ਗੁਰੂ ਦੀ ਸੰਗਤ ਵਿਚ ਵੀ ਕਿਸੇ ਸੁਆਰਥ-ਵਸ ਹੀ ਆਉਂਦੇ ਹਨ।[123]

ਗੁਰੂ ਰਾਮਦਾਸ ਜੀ ਅਜੇਹੇ ਜੀਵਾਂ ਲਈ ਬੜੀ ਸਖਤ ਭਾਸ਼ਾ ਦਾ ਪ੍ਰਯੋਗ ਕਰਦੇ ਹਨ ਅਤੇ ਉਨ੍ਹਾਂ ਅਨੁਸਾਰ ਐਸੇ ਜੀਵ ਜੋ ਗੁਰੂ ਵਲੋਂ ਤ੍ਰਿਸਕਾਰ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਦੁਨੀਆਂ ਵਿਚ ਵੀ ਤ੍ਰਿਸਕਾਰ ਹੀ ਮਿਲਦਾ ਹੈ।[124]

---

121. (ੳ) ਨਰਕਿ ਘੋਰਿ ਮੁਹ ਕਾਲੇ ਖੜਿਆ ਜਿਉ ਤਸਕਰੁ ਪਾਇ ਗਲਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.303)

(ਅ) ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੈ ਉਹ ਅਉਖਾ ਹੋਇ ਹੋਇ ਰੋਇਆ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

(ੲ) ਤਿਨ ਕੀ ਭੁਖ ਕਦੇ ਨਾ ਉਤਰੈ ਨਿਤ ਭੁਖਾ ਭੁਖ ਕੂਕਾਰੀ॥
ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

122. (ੳ) ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚ ਕਮਾਈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

(ਅ) ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ॥
ਫੇਰਿ ਓਹ ਵੇਲਾ ਓਸੁ ਹਥਿ ਨਾ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

123. ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.881)

124. ਜਿਨਾ ਗੁਰੁ ਗੋਪਿਆ ਆਪਣੇ ਤੇ ਨਰ ਬੁਰਿਆਈ॥
ਹਰਿ ਜੀਉ ਤਿਨ ਕਾ ਦਰਸਨੁ ਨ ਕਰਹੁ ਪਾਪਿਸਟ ਹਤਿਆਰੀ॥
ਉਹਿ ਘਰ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥ (ਵਾਰ ਸੋਰਠਿ, ਆਦਿ ਗ੍ਰੰਥ, ਪੰ.651)

ਭਾਰਤੀ ਧਾਰਮਕ ਪਰੰਪਰਾ ਵਿਚ ਮਨੁੱਖ ਨੂੰ ਔਗੁਣਮਈ, ਵਿਕਾਰੀ ਜ਼ਿੰਦਗੀ ਦੇ ਦੁੱਖਾਂ ਤੋਂ ਬਚਣ ਲਈ ਕਈ ਡਰ ਚਿਤਾਰੇ ਜਾਂਦੇ ਹਨ। ਗੁਰੂ ਰਾਮਦਾਸ ਜੀ ਭਾਰਤੀ ਧਾਰਮਕ ਰਹਿਤ-ਰੂੜੀ ਅਨੁਸਾਰ ਸੰਕੇਤਕ ਸ਼ਬਦਾਵਲੀ ਰਾਹੀਂ ਮਨੁੱਖ ਦੀ ਔਗੁਣਮਈ ਜ਼ਿੰਦਗੀ ਤੋਂ ਪ੍ਰਤਿਕੂਲਤ ਦੁੱਖਾਂ ਦਾ ਵਿਵਰਣ ਦਿੰਦੇ ਹਨ।[121] ਉਨ੍ਹਾਂ ਦੀ ਧਾਰਨਾ ਹੈ ਕਿ ਪਿਠ ਪਿਛੇ ਕੀਤੀ ਗਈ ਨਿੰਦਾ ਨਿੰਦਕੀਏ ਦੇ[122] ਕੀਤੇ ਕਾਰਜ ਸਭਿਆਂ ਪ੍ਰਗਟ ਹੋ ਜਾਂਦਾ ਹੈ ਤਾਂ ਫਿਰ ਉਹ ਮਨੁੱਖ ਆਪਣੇ ਕਰਮਾਂ ਦਾ ਫਲ ਭੁਗਤਦਾ ਹੈ। ਉਹ ਅਜੇਹੇ ਨਿੰਦਕ ਮਨੁੱਖ ਦੇ ਵਿਹਾਰ ਨੂੰ ਬਗੁਲੇ ਅਤੇ ਕਾਂ ਦੇ ਨਾਲ ਉਪਮਾ ਦਿੰਦੇ ਹਨ, ਜੋ ਮੁਰਦਾਰ ਅਤੇ ਵਿਸ਼ਟਾ ਖਾਣ ਹੀ ਗਿੱਝੇ ਜਾਂਦੇ ਹਨ। ਅਜੇਹੇ ਜੀਵ ਗੁਰੂ ਦੀ ਸੰਗਤ ਵਿਚ ਵੀ ਕਿਸੇ ਸੁਆਰਥ-ਵਸ ਹੀ ਆਉਂਦੇ ਹਨ।[123]

ਗੁਰੂ ਰਾਮਦਾਸ ਜੀ ਅਜੇਹੇ ਜੀਵਾਂ ਲਈ ਬੜੀ ਸਖਤ ਭਾਸ਼ਾ ਦਾ ਪ੍ਰਯੋਗ ਕਰਦੇ ਹਨ ਅਤੇ ਉਨ੍ਹਾਂ ਅਨੁਸਾਰ ਐਸੇ ਜੀਵ ਜੋ ਗੁਰੂ ਵਲੋਂ ਤ੍ਰਿਸਕਾਰ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਦੁਨੀਆਂ ਵਿਚ ਵੀ ਤ੍ਰਿਸਕਾਰ ਹੀ ਮਿਲਦਾ ਹੈ।[124]

---

121. (ੳ) ਨਰਕਿ ਘੋਰਿ ਮੁਹ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.303)

(ਅ) ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੈ ਓਹੁ ਅਉਖਾ ਹੋਇ ਹੋਇ ਰੋਇਆ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

(ੲ) ਤਿਨ ਕੀ ਭੁਖ ਕਦੇ ਨਾ ਉਤਰੈ ਨਿਤ ਭੁਖਾ ਭੁਖ ਕੂਕਾਰੀ॥
ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਰੀ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

122. (ੳ) ਜੇਹਾ ਨਿੰਦਕ ਅਪਣੈ ਜੀਇ ਕਮਾਵਦਾ ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

(ਅ) ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

123. ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.881)

124. ਜਿਨਾ ਗੁਰੂ ਗੋਪਿਆ ਆਪਣਾ ਤੇ ਨਰ ਬੁਰਿਆਰੀ॥
ਹਰਿ ਜੀਉ ਤਿਨ ਕਾ ਦਰਸਨੁ ਨ ਕਰਹੁ ਪਾਪਿਸਟ ਹਤਿਆਰੀ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ.6

ਉਹ ਅਜੇਹੇ ਨਿੰਦਕ ਜੀਵਾਂ ਦੀ ਸੰਗਤ ਤੋਂ ਦੂਰ ਰਹਿਣ ਲਈ ਪ੍ਰੇਰਦੇ ਹਨ। ਉਨ੍ਹਾਂ ਅਨੁਸਾਰ ਐਸੇ ਜੀਵ ਜੋ ਗੁਰੂ ਵਲੋਂ ਤ੍ਰਿਸਕਾਰ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਦੁਨੀਆਂ ਵਿਚ ਵੀ ਤ੍ਰਿਸਕਾਰ ਹੀ ਮਿਲਦਾ ਹੈ।[125]

(੯) <u>ਗੁਰਮੁਖ ਅਤੇ ਗੁਰਸਿਖ</u>: ਗੁਰੂ ਰਾਮਦਾਸ ਕਾਵਿ ਵਿਚ ਗੁਰਮੁਖ ਅਤੇ ਗੁਰਸਿਖ ਆਦਰਸ਼ਕ ਮਨੁਖ ਵਿਅਕਤ ਹੋਏ ਹਨ। ਆਦਰਸ਼, ਸਦਾਚਾਰਕ ਜ਼ਿੰਦਗੀ ਵਿਚ ਕੋਈ ਇਕੋ ਵਾਰ ਹੀ ਪ੍ਰਾਪਤ ਕੀਤਾ ਗਿਆ ਆਦਰਸ਼ ਨਹੀਂ। ਸਗੋਂ ਇਸ ਲਈ ਮਨੁੱਖ ਨੂੰ ਨਿਰੰਤਰ ਸੰਘਰਸ਼ਸ਼ੀਲ ਰਹਿਣਾ ਪੈਂਦਾ ਹੈ ਅਤੇ ਔਗੁਣਾਂ ਦਾ ਵਿਰੋਧ ਕਰਦਿਆਂ ਗੁਣਮਈ ਜ਼ਿੰਦਗੀ ਤੇ ਤੁਰਦਿਆਂ, ਅਧਿਆਤਮਕ ਆਦਰਸ਼ ਦੀ ਮੰਜ਼ਿਲ ਵਲ ਵਧਣਾ ਪੈਂਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਵਿਅਕਤ ਗੁਰਮੁਖ ਤੇ ਗੁਰਸਿਖ ਵਿਚ ਕੋਈ ਤਾਤਵਿਕ ਭੇਦ ਨਹੀਂ, ਦੋਨੋਂ ਜੀਵ ਹੀ ਗੁਰੂ, ਸਾਧੂ, ਸੰਤ ਅਤੇ ਜਨ ਆਦਿ ਵਾਂਗ ਆਦਰਸ਼ ਮਨੁੱਖ ਦੇ ਚਿੰਨ੍ਹ ਹਨ।[126] ਗੁਰੂ-ਕਵੀ ਜਿਸ ਆਦਰਸ਼ਕ ਮਨੁੱਖ ਦੀ ਸਿਰਜਣਾ ਵਿਚ ਸੰਲਗਨ ਸਨ, ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਉਸਨੂੰ 'ਗੁਰਸਿਖ' ਰਾਹੀਂ ਬਿਆਨ ਕੀਤਾ ਹੈ। ਵਾਰ ਗਉੜੀ ਵਿਚ ਉਹ ਇਕ ਗੁਰਸਿਖ ਦੇ ਨਿਮਨ-ਲਖਤ ਕਰਤਵ ਨਿਰਧਾਰਤ ਕਰਦੇ ਹਨ।

ਗੁਰਮੁਖ ਦੇ ਸਾਹਮਣੇ ਗੁਰੂ ਇਕ ਆਦਰਸ਼ ਰੂਪ ਹੈ ਅਤੇ ਉਸਦੇ ਗੁਣਾਂ ਨੂੰ ਅਪਨਾਕੇ ਹੀ ਉਹ ਹਉਮੈਂ ਦੀ ਮੈਲ ਮਨ ਵਿਚੋਂ ਕਢ ਕੇ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ।[127]

---

125. ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਸੇ ਸਤਿਗੁਰ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

126. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 305)

127. (ੳ) ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਥ।3।
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

(ਅ) ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥
ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 311)

ਸੋ ਅਜਿਹੇ ਗੁਰਮੁਖ ਗੁਰੂ ਦੇ ਦੱਸੇ ਹੋਏ ਜੀਵਨ-ਮਾਰਗ ਤੇ ਤੁਰਦਿਆਂ ਮਨੁੱਖੀ ਆਸ਼ਾਵਾਂ ਵਿਚ ਆਪਣਾ ਮਨ ਨਹੀਂ ਲਾਂਦੇ। ਇਸ ਵਾਸਤੇ ਉਨ੍ਹਾਂ ਨੂੰ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਜਿਹੜੀ ਕਿ ਦੂਜੇ ਸ਼ਬਦਾਂ ਵਿਚ ਮੋਕਸ਼, ਮੁਕਤੀ, ਪਰਮ ਪਦ ਅਵਸਥਾ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਗ੍ਰਹਿਸਤ ਜੀਵਨ ਬਿਤਾਂਦਿਆਂ ਹੋਇਆਂ ਪਰਮਾਤਮਾ ਵਿਚ ਸੁਰਤੀ ਜੋੜ ਕੇ ਆਸ਼ਾਵਾਂ ਨਿਰਾਸ਼ਾਵਾਂ ਤੋਂ ਉਪਰ ਉਠਣ ਵਿਚ ਹੈ। ਅਜੇਹੇ ਵਿਅਕਤੀ ਨੂੰ ਸੰਸਾਰੀ ਜੀਵਨ ਦੀਆਂ ਅਪ੍ਰਾਪਤੀਆਂ, ਪ੍ਰਾਪਤੀਆਂ ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਮਾਇਆ ਦੀ ਸੰਗਿਆ ਦਿੰਦੇ ਹਨ, ਨਹੀਂ ਪੋਂਹਦੀਆਂ। ਅਜੇਹੇ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਰਹਿਕੇ ਖੁਸ਼ ਰਹਿੰਦੇ ਹਨ।[128] ਗੁਰਮੁਖ ਸੌਖੇ ਜੀਵਨ ਲਈ ਤਾਂਘਦਾ ਜੀਵ ਹੈ। ਪਰਮਾਤਮਾ ਦੇ ਅਨਾਦੀ ਗੁਣਾਂ ਦੀ ਸਿਫ਼ਤਿ ਸਾਲਾਹ, ਉਹ ਸ਼ਰਧਾ ਅਤੇ ਸਿਦਕ ਦੇ ਗੁਣਾਂ ਨਾਲ ਕਰਦਾ ਹੈ। ਉਹ ਗੁਰੂ ਦੀ ਸਿਖਿਆ ਰਾਹੀਂ ਨਾਮ ਸਿਮਰਨ ਵਿਚ ਲੱਗ ਕੇ ਵਿਕਾਰਾਂ ਪਾਪਾਂ ਤੋਂ ਬਚ ਜਾਂਦਾ ਹੈ ਅਤੇ ਇਸ ਤਰ੍ਹਾਂ ਸੌਖੇ ਤੋਂ ਸੌਖੇ ਜੀਵਨ-ਪੰਧ ਤੇ ਚਲਦਾ ਹੈ। ਨਾਮ ਰਾਹੀਂ ਮਨੁੱਖੀ ਮਨ ਜੋ ਵਿਕਾਰਾਂ ਵਲ ਜਲਦੀ ਖਿਚਿਆ ਜਾਂਦਾ ਹੈ, ਨੂੰ ਇਕ ਆਤਮਕ ਸੇਧ ਮਿਲਦੀ ਹੈ। ਗੁਰਮੁਖ ਲਈ ਪਹਿਲਾ ਆਗਮ ਨਿਗਮ ਗੁਰੂ ਦਾ ਬਚਨ ਜਾਂ ਸ਼ਬਦ ਹੈ ਜੋ ਵਧੇਰੇ ਪ੍ਰਮਾਣਿਕ ਹੈ। ਪਰ ਜਿਸ ਮਨੁੱਖ ਤੇ ਪਰਮਾਤਮਾ ਆਪ ਕ੍ਰਿਪਾ ਕਰੇ ਉਸਨੂੰ ਹੀ ਗੁਰੂ, ਸਿਖਿਆ ਦਿੰਦਾ ਹੈ। ਸੋ ਜਿਹੜੇ ਮਨੁੱਖ ਗੁਰ ਵਿਚ ਧਿਆਨ ਧਰਦੇ ਹਨ, ਉਨ੍ਹਾਂ ਦੇ ਦੁੱਖ ਅਤੇ ਚਿੰਤਾਵਾਂ ਪਰਮਾਤਮਾ ਆਪ ਦੂਰ ਕਰ ਦਿੰਦਾ ਹੈ।[129] ਗੁਰੂ ਰਾਮਦਾਸ ਜੀ ਅਨੁਸਾਰ ਗੁਰਮੁਖ ਹਰ ਵੇਲੇ

---

128. (ੳ) ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥
ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ॥
ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1249)

(ਅ) ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ॥4॥
(ਰਾਗ ਆਸਾ, ਆਦਿ ਗ੍ਰੰਥ, ਪੰ. 443)

129. (ੳ) ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੁ ਉਪਦੇਸੁ ਸੁਣਾਵੈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 305)

(ਅ) ਗੁਰਮੁਖਿ ਨਾਮਿ ਰਤੇ ਸੇ ਉਧਰੇ ਸਭਿ ਕਿਲ ਬਿਖ ਪਾਪ ਟਰੇ॥੧॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)

(ੲ) ਤਿਨਿ ਕਾ ਕਾੜਾ ਅੰਦੇਸਾ ਸਭੁ ਲਾਹਿਓਨ ਜਿਨੀ ਸਤਿਗੁਰੁ ਧਿਆਇਆ॥
(ਗਉੜੀ ਕੀ ਵਾਰ ਆਦਿ ਗ੍ਰੰਥ, ਪੰ. 304)

(ਸ) ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨ ਉਪਰਿ ਆਇਆ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)

ਪਰਮਾਤਮਾ ਨੂੰ ਨਾਮ ਸਿਮਰਕੇ ਹਉਮੈਂ ਨੂੰ ਦੂਰ ਕਰ ਲੈਂਦਾ ਹੈ। ਉਸਨੂੰ ਹਰ ਪਲ ਯਾਦ ਰੱਖਕੇ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ ਕਿਉਂਕਿ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ। ਅਜੇਹਾ ਮਨੁੱਖ ਹੀ ਪਰਮ-ਪਦ ਜਾਂ ਅਮਰ-ਪਦ ਦੀ ਪ੍ਰਾਪਤੀ ਕਰਦਾ ਹੈ।[130]

---

130. (ੳ) ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀਂ ਕੋਈ॥
ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ।।
ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ।।
ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾਪਦੁ ਹੋਈ॥
(ਸਾਰੰਗ –79/ਆਦਿ ਗ੍ਰੰਥ, ਪੰ. 1247)

(ਅ) ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ-ਪਦੁ ਪਾਈਆ॥7॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

## ਅਧਿਆਇ IV

## ਰਹੱਸਵਾਦ

ਗੁਰੂ ਰਾਮਦਾਸ ਜੀ ਪਰਮ-ਸੱਤਾ ਜਾਂ ਪਰਮਾਤਮਾ ਦੇ ਪਰਾਬੋਧਿਕ ਮੇਲ ਵਿਚ ਵਿਸ਼ਵਾਸ਼ ਰੱਖਣ ਵਾਲੇ ਕਵੀ ਹਨ। ਉਨ੍ਹਾਂ ਨੂੰ ਇਕ ਸੱਚੇ ਰਹੱਸਵਾਦੀ ਵਾਂਗ, ਅੰਤਿਮ ਸੱਚ, ਪਰਮ ਸੱਤਾ, ਬ੍ਰਹਮ ਜਾਂ ਪਰਮਾਤਮਾ ਦਾ ਪ੍ਰਤਖ ਅਨੁਭਵ ਹੋਇਆ। ਅੰਤਿਮ ਸੱਚ ਜੋ ਦੁਨਿਆਵੀ ਨਜ਼ਰ ਵਿਚ 'ਰਹੱਸ' ਹੈ, ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਆਤਮਾ ਪਰਮਾਤਮਾ ਦੇ ਮੇਲ ਤੋਂ ਉਤਪੰਨ ਹੋਏ ਆਨੰਦ ਜਾਂ ਖੇੜੇ ਦੇ ਅਰਥਾਂ ਵਿਚ ਅਭਿਵਿਅਕਤ ਹੋਇਆ ਮਿਲਦਾ ਹੈ:-

ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ॥੧॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1197)

ਗੁਰੂ ਰਾਮਦਾਸ ਜੀ ਪਰਮ-ਸੱਤਾ (ਪਰਮਾਤਮਾ) ਨਾਲ ਮੇਲ ਦਾ ਕੋਈ ਤਾਤਵਿਕ ਸਿਧਾਂਤ ਪੇਸ਼ ਨਹੀਂ ਕਰਦੇ ਸਗੋਂ ਉਸ ਪ੍ਰਤਖ ਅਨੁਭਵ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਨ ਦਾ ਯਤਨ ਕਰਦੇ ਹਨ:-

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

ਗੁਰੂ ਰਾਮਦਾਸ ਜੀ ਦੇ ਰਹੱਸਵਾਦ ਤੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਰਹੱਸਵਾਦ ਬਾਰੇ ਜਾਨਣਾ ਉਪਯੁਕਤ ਹੋਵੇਗਾ।

### 1(ੳ) ਰਹੱਸਵਾਦ ਸ਼ਬਦ ਅਤੇ ਇਸਦੇ ਅਰਥ:

ਰਹੱਸਵਾਦ ਅੰਗਰੇਜ਼ੀ ਦੇ ਸ਼ਬਦ **Mysticism** ਦਾ ਸਮਾਨਾਰਥਕ ਸ਼ਬਦ ਹੈ ਜਿਸਦੀ ਉਤਪਤੀ ਇਕ ਯੂਨਾਨੀ ਸ਼ਬਦ 'Mystes' ਵਿਚੋਂ ਹੋਈ ਮੰਨੀ ਜਾਂਦੀ ਹੈ।[1] ਰਹੱਸਵਾਦ ਸ਼ਬਦ ਮੁਖ ਤੌਰ ਤੇ ਹੇਠ ਲਿਖੇ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ:-[2]

(ੳ) ਪਰਮਾਤਮਾ ਜਾਂ ਈਸ਼ਵਰ ਨਾਲ ਮੇਲ ਜਾਂ ਸੰਜੋਗ ਦਾ ਪ੍ਰਤੱਖ ਅਨੁਭਵ।

(ਅ) ਆਤਮਾ ਦਾ ਪਰਮਾਤਮਾ ਜਾਂ ਪਰਮ-ਸੱਤਾ ਨਾਲ ਪਰਾਬੋਧਿਕ - ਮੇਲ ਦਾ ਬ੍ਰਹਮਵਾਦੀ ਤਾਤਵਿਕ ਸਿਧਾਂਤ।

ਸਮੇਂ ਸਮੇਂ ਸਿਰ ਰਹੱਸਵਾਦ ਨੂੰ ਬਹੁਤ ਸਾਰੇ ਵਿਦਵਾਨਾਂ ਅਤੇ ਚਿੰਤਕਾਂ ਨੇ ਪਰਿਭਾਸ਼ਾ-ਬਧ ਕਰਨ ਦਾ ਯਤਨ ਕੀਤਾ ਹੈ। ਅਲੱਗ ਅਲੱਗ ਵਿਚਾਰਕਾਂ ਅਨੁਸਾਰ ਰਹੱਸਵਾਦ ਨੂੰ ਪਰਮਾਤਮਾ ਵਿਚ

---

1. World University Encyclopaedia, (New York,1969),Vol.X, p.3410
2. Encyclopaedia of Religion and Ethics (N.Y.1961), Vol.IX, p.83.

ਵਿਸ਼ਵਾਸ ਰਖਣ ਵਾਲੇ ਲੋਕਾਂ ਦੀ 'ਪ੍ਰਕਿਰਤੀ,[3] ਪ੍ਰਵਿਰਤੀ[4], ਮਨੋਬਿਰਤੀ'[5] ਕਿਹਾ ਗਿਆ ਹੈ। ਆਟੋ (Otto Pfleiderser ) ਨੇ ਪਰਮਾਤਮਾ ਨਾਲ ਪ੍ਰਤੱਖ ਅਤੇ ਤਤਕਾਲੀ ਮੇਲ ਦੀ ਅਨੁਭੂਤੀ ਨੂੰ ਰਹੱਸਵਾਦ ਕਿਹਾ ਹੈ, ਅਤੇ ਇਸ ਅਰਥ ਵਿਚ ਇਹ ਸ਼ਬਦ ਵਧੇਰੇ ਵਰਤੋਂ ਵਿਚ ਆਉਂਦਾ ਰਿਹਾ ਹੈ।[6]

ਉਪਰ ਦਸੀਆਂ ਗਈਆਂ ਪਰਿਭਾਸ਼ਾਵਾਂ ਰਹੱਸਵਾਦ ਦੀ ਧਾਰਮਕ, ਦਾਰਸ਼ਨਿਕ ਜਾਂ ਮਨੋਵਿਗਿਆਨਕ ਪੱਖ ਤੋਂ ਵਿਆਖਿਆ ਕਰਦੀਆਂ ਹਨ। ਰਹੱਸਵਾਦ ਦੀ ਕੋਈ ਇਕ ਪਰਿਭਾਸ਼ਾ ਕਰਨੀ ਔਖੀ ਜਾਪਦੀ ਹੈ।[7]

(ਅ) ਰਹੱਸਵਾਦ ਅਤੇ ਧਰਮ:

ਭਾਰਤੀ ਚਿੰਤਕ ਪਰਮਾਤਮਾ ਦੇ ਪ੍ਰਤੱਖ ਮੇਲ ਵਿਚ ਵਿਸ਼ਵਾਸ਼ ਰੱਖਣ ਵਾਲੇ ਸਨ। ਨਿਰੇ ਗਿਆਨ ਦੀ ਪ੍ਰਾਪਤੀ ਉਨ੍ਹਾਂ ਨੂੰ ਸੰਤੁਸ਼ਟੀ ਨਹੀਂ ਦਿੰਦੀ ਸੀ। ਅਧਿਆਤਮ ਪ੍ਰਾਪਤੀ ਦਾ ਮਾਰਗ ਵੀ ਉਨ੍ਹਾਂ ਲਈ ਉਨਾਂ ਮਹੱਤਵਪੂਰਣ ਸੀ, ਜਿਨਾ ਕਿ ਅਧਿਆਤਮਕ ਜੀਵਨ ਦਾ ਟੀਚਾ।[8] ਇਸ ਲਈ ਉਨ੍ਹਾਂ ਨੇ ਰਹੱਸਵਾਦ ਨੂੰ ਜਪ ਆਦਿ ਰਾਹੀਂ ਪਰਮਾਤਮਾ ਦਾ ਆਤਮਾ ਨਾਲ, ਮੇਲ ਦੇ ਤੌਰ ਤੇ ਬਿਆਨ ਕੀਤਾ ਹੈ।[9] ਰਹੱਸਵਾਦ ਦਾ ਸੰਬੰਧ ਦਰਸ਼ਨ ਜਾਂ ਮਨੋਵਿਗਿਆਨ ਨਾਲੋਂ ਵਧੇਰੇ ਅਧਿਆਤਮਵਾਦ ਨਾਲ ਹੈ।[10] ਇਹ ਇਕ ਸ਼ੁਧ ਆਤਮਕ ਅਨੁਭਵ ਹੈ ਅਤੇ ਲਗਭਗ ਸਾਰੇ ਪੂਰਬੀ ਅਤੇ ਪੱਛਮੀ ਚਿੰਤਕਾਂ ਅਨੁਸਾਰ ਆਤਮ-ਅਨੁਭੂਤੀ ਦੀ ਵਿਸ਼ੇਸ਼ ਸਥਿਤੀ ਨੂੰ ਰਹੱਸਵਾਦ ਨਾਲ ਸੰਬੰਧਿਤ ਕੀਤਾ ਗਿਆ ਹੈ।[11] ਆਤਮਾ ਤੇ ਪਰਮਾਤਮਾ ਦੇ ਸੰਬੰਧ ਦਾ ਇਹ ਅਨੁਭਵ ਮਨੁੱਖ ਨੂੰ ਪਰਾਬੌਧਿਕ ਪੱਧਰ ਤੇ ਹੁੰਦਾ ਹੈ।[12] ਦੂਸਰੇ ਸ਼ਬਦਾਂ ਵਿਚ ਜੋ ਗਿਆਨ ਜਾਂ ਅਨੁਭਵ ਮਨੁੱਖੀ ਬੁਧੀ ਤੋਂ ਪਰ੍ਹੇ ਹੈ, ਉਹ 'ਰਹੱਸ' ਹੈ। ਮਨੁੱਖ ਸੱਚ ਦੇ ਬੌਧਿਕ ਗ੍ਰਹਿਣ ਨਾਲ ਹਮੇਸ਼ਾਂ ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਉਹ ਇਸ 'ਰਹੱਸ' (ਸੱਚ) ਨੂੰ ਭਾਵਾਤਮਕ ਪੱਧਰ ਤੇ ਪਾਉਣ ਅਤੇ ਇਸ ਦਾ ਸਰੂਪ ਬਿਆਨ ਕਰਨ ਦਾ ਯਤਨ ਕਰਦਾ ਹੈ।[13] ਸੰਸਾਰ ਦੇ ਸਾਰੇ ਰਹੱਸਵਾਦੀਆਂ

---

3. Chamber's Encyclopaedia, (London,1967),Vol XI,p. 641.
4. Collier's Encyclopaedia, (New York,1959), Vol. XIV, P.343.
5. Encyclopaedia of Philosophy, (New York, 1967) Vol.V, p. 420
6. See, Ibid.
7. Encyclopaedia Britanica,(London,1959),Vo. XVI, p. 51.
8. Dewan Singh(Dr.)Mysticism of Guru N-anak,(Chandigarh,1973) Ph.D. Thesis, P.U,P. 77.
9. S.N. Dass, Gupta, Hindu Mysticism, p. 16.
10. ਰਾਮ ਨਾਰਾਇਣ ਪਾਂਡੇ (ਡਾ:) ਭਕਤੀ ਕਾਵਯ ਮੇਂ ਰਹੱਸਯਵਾਦ,(ਦਿੱਲੀ,1966),ਪੰ.30.
11. ਸਰਨਾਮ ਸਿੰਘ (ਡਾ:) ਕਬੀਰ ਏਕ ਵਿਵੇਚਨ, (ਦਿੱਲੀ,1960), ਪੰ. 354.
12. S.S.Raghavachar,etal.eds.Hindu Mysticism',Hinduism,(Patiala,1969) p.68.
13. S.N.Das, Gupta, Hindu Mysticism,(New York1959),p.60.

ਵਿਚ ਮਹਾਤਮਾ ਬੁੱਧ ਹੀ ਇਕ ਐਸਾ ਵਿਅਕਤੀ ਹੈ ਜਿਸਨੇ ਅਧਿਆਤਮਕ ਅਨੁਭਵ ਦੀ ਵਾਸਤਵਿਕਤਾ ਨੂੰ ਸਵੀਕਾਰ ਕਰਦੇ ਹੋਏ ਵੀ ਕਿਸੇ ਅਨੁਭਵਾਤੀਤ ਵਸਤੂ ਨਾਲ ਉਸਦੀ ਵਿਆਖਿਆ/ਕਰਨ ਤੋਂ ਇਨਕਾਰ ਕੀਤਾ। ਮਹਾਤਮਾ ਬੁੱਧ ਉਸ ਅਨੁਭਵ ਦਾ ਵਿਵਰਣ ਦਿੰਦਾ ਹੈ ਉਸ ਦੀ ਵਿਆਖਿਆ ਨਹੀਂ ਕਰਦਾ ਹਾਲਾਂਕਿ ਦੇਖਿਆ ਜਾਏ ਤਾਂ ਐਸਾ ਕੋਈ ਅਨੁਭਵ ਨਹੀਂ ਹੈ ਜਿਸਦੀ ਕਿ ਅਸੀਂ ਵਿਆਖਿਆ ਨਾ ਕਰਦੇ ਹੋਈਏ।[14]

(ਏ) <u>ਰਹੱਸਵਾਦ ਅਤੇ ਮਨੋਵਿਗਿਆਨ:</u>

ਚਿੰਤਕਾਂ ਲਈ ਅੰਤਿਮ ਸੱਚ ਬੁਨਿਆਦੀ ਅਤੇ ਬਾਹਰੀ ਹੈ ਜਦ ਕਿ ਰਹੱਸਵਾਦੀ ਲਈ ਅੰਤਿਮ ਸੱਚ ਅੰਤ੍ਰੀਵ ਅਤੇ ਵਿਅਕਤੀਪਰਕ ਹੈ।[15] ਪ੍ਰਸਿਧ ਮਨੋਵਿਗਿਆਨੀ ਵਿਲੀਅਮ ਬਰਾਊਨ ਦੇ ਸ਼ਬਦਾਂ ਵਿਚ "ਮੈਂ ਇਕ ਮਨੋਵਿਗਿਆਨੀ ਦੀ ਹੰਸੀਅਤ ਨਾਲ ਕਹਾਂ ਤਾਂ ਜੀਵਨ ਦਾ ਅਨੁਭਵ ਮੇਰੇ ਵਿਸ਼ਵਾਸ ਨੂੰ ਦ੍ਰਿੜ ਕਰਦਾ ਹੈ ਕਿ ਪਰਮਾਤਮਾ ਅਤੇ ਵਿਅਕਤੀ ਦੇ ਵਿਚ ਕਿਸੇ ਸੰਬੰਧ ਦੀ ਸੰਭਾਵਨਾ ਵਿਚ ਭੁਲੇਖਾ (Illusion) ਨਹੀਂ ਹੈ।"[16] ਪਰ ਸੱਚ ਤਾਂ ਇਹ ਹੈ ਕਿ ਇਹ ਅਨੁਭਵ ਮਨੋਵਿਗਿਆਨ ਦੇ ਘੇਰੇ ਵਿਚ ਨਹੀਂ ਆਉਂਦਾ ਕਿਉਂਕਿ ਮਨੋਵਿਗਿਆਨ ਮਨੁੱਖ ਦੀਆਂ ਅਲੱਗ ਅਲੱਗ ਸਥਿਤੀਆਂ ਦਾ ਭਾਵਵਾਚਕ ਅਧਿਐਨ ਹੈ।

ਰਹੱਸਵਾਦੀ ਅਨੁਭਵ ਸਾਰੇ ਸੰਸਾਰ ਦੇ ਧਰਮਾਂ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ, ਕਿਉਂਕਿ ਅਧਿਆਤਮਕ ਜਾਂ ਧਾਰਮਕ ਅਨੁਭਵ ਦਾ ਵਿਸ਼ੇਸ਼ ਤੱਤ੍ਰ ਰਹੱਸਮਈ ਹੈ। ਇੰਜ (Inge) ਨੇ ਰਹੱਸਵਾਦ ਨੂੰ ਧਾਰਮਕ ਜੀਵਨ ਅਤੇ ਧਰਮ ਦਾ ਸਰੂਪ ਮੰਨਿਆ ਹੈ।[17] ਰਹੱਸਵਾਦ ਅਤੇ ਧਰਮ ਆਮ ਤੌਰ ਤੇ ਸਮ-ਰੂਪ (Identical) ਮੰਨੇ ਜਾਂਦੇ ਹਨ।

(ਸ) <u>ਰਹੱਸਵਾਦੀ ਅਨੁਭਵ ਦਾ ਸਰੂਪ ਅਤੇ ਵਿਸ਼ਾ:</u>

ਰਹੱਸਵਾਦੀ ਅਨੁਭਵ ਰਾਹੀਂ ਵਿਅਕਤੀ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਮੁਕਤ ਹੁੰਦਾ ਹੈ। ਇਹ ਅੰਤਿਮ ਸੱਚ ਜਾਂ ਪਰਮਾਤਮਾ ਦਾ ਪ੍ਰਤੱਖ ਅਨੁਭਵ ਹੈ ਜਿਹੜਾ ਗਿਆਨ, ਵਿਚਾਰ (Thought) ਰਾਹੀਂ ਆਉਂਦਾ ਹੈ, ਉਹ ਹਮੇਸ਼ਾਂ ਸਾਧਨ ਰਾਹੀਂ ਆਉਂਦਾ ਹੈ ਅਤੇ ਅਸਥਾਈ ਪ੍ਰਕਿਰਤੀ ਦਾ ਹੁੰਦਾ ਹੈ। ਵਿਚਾਰ ਵਿਚ ਕਿਸੇ ਵਸਤੂ ਦਾ ਸਿਧਾ ਬੋਧ ਨਹੀਂ ਹੋ ਸਕਦਾ। ਇਸ ਲਈ ਜੋ ਗਿਆਨ ਵਿਚਾਰ ਰਾਹੀਂ ਆਏਗਾ ਹਮੇਸ਼ਾਂ ਤਰਕ-ਸਿੱਧ (Inferential) ਰਹੇਗਾ। ਮਨੁੱਖੀ ਬੁਧੀ ਸੱਚ ਨੂੰ ਸੰਪੂਰਣ ਰੂਪ ਵਿਚ

---

14. ਰਾਧਾ ਕ੍ਰਿਸ਼ਨਨ (ਡਾ:) ਜੀਵਨ ਕੀ ਅਧਿਆਤਮ ਦ੍ਰਿਸ਼ਟੀ(ਰੂਪਾਂ:ਕ੍ਰਿਸ਼ਨ ਚੰਦਰ),(ਦਿੱਲੀ,1967), ਪੰਨੇ 122-123.
15. <u>World University Encyclopaedia</u>, Vol X, p. 3410.
16. ਰਾਮ ਨਰਾਇਣ ਪਾਂਡੇ,(ਡਾ:) <u>ਭਕਤੀ ਕਾਵਯ ਮੇਂ ਰਹਸਯਵਾਦ</u>, ਪੰ. 11.
17. ਉਹੀ, ਪੰ. 2

ਪਾ ਸਕਣ ਦੇ ਯੋਗ ਨਹੀਂ। ਗਿਆਨ-ਇੰਦ੍ਰਿਆਂ ਰਾਹੀਂ ਪ੍ਰਾਪਤ ਗਿਆਨ ਇਸੇ ਲਈ ਅਸੰਪੂਰਣ ਰਹਿੰਦਾ ਹੈ। ਇਹ ਅਨੁਭਵਾਂ ਦੇ ਵਾਧੇ ਨਾਲ ਵਧਦਾ ਰਹਿੰਦਾ ਹੈ, ਪਰ ਫਿਰ ਵੀ ਸੰਪੂਰਣ ਨਹੀਂ ਹੁੰਦਾ। ਆਮ ਜ਼ਿੰਦਗੀ ਦਾ ਅਨੁਭਵ 'ਸਵੈ' ਦੀ ਹਿਸਿਆਂ ਵਿਚ ਵੰਡੀ ਹੋਈ ਚੇਤੰਨਤਾ ਹੋ ਸਕਦੀ ਹੈ ਅਤੇ ਇਸ ਵਿਚ ਪ੍ਰਤੱਖ (apparent) ਅਤੇ ਮਿਥਿਆ ਦਾ ਮਿਸ਼ਰਣ ਹੋ ਸਕਦਾ ਹੈ, ਪਰ ਰਹੱਸਵਾਦੀ ਅਨੁਭਵ ਵਿਚ ਕਿਸੇ ਸ਼ੱਕ ਜਾਂ ਛਲ ਦੀ ਗੁੰਜਾਇਸ਼ ਨਹੀਂ।[18] ਰਹੱਸਵਾਦੀ ਅਨੁਭਵ ਦਾ ਗਿਆਨ ਬੁਧੀ ਅਤੇ ਇੰਦਰਿਆਂ ਤੋਂ ਪਰ੍ਹੇ ਇਕ ਵੱਖਰੀ ਕਿਸਮ ਦਾ ਗਿਆਨ ਹੈ। ਸਾਧਾਰਣ ਗਿਆਨ ਵਿਚ ਇੰਦਰਿਆਂ ਦਾ ਵਿਸ਼ਿਆਂ ਨਾਲ ਸੰਪਰਕ ਮਨ ਜਾਂ ਬੁਧੀ ਦੇ ਮਾਧਿਅਮ ਰਾਹੀਂ ਹੁੰਦਾ ਹੈ। ਇਸ ਤੋਂ ਉਲਟ ਰਹੱਸਾਤਮਕ ਗਿਆਨ ਵਿਚ ਸਾਧਾਰਣ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀ ਬੁਧੀ ਅਤੇ ਇੰਦਰੇ ਦੋਵੇਂ ਹੀ ਹਿੱਸਾ ਨਹੀਂ ਲੈਂਦੇ।[19]

ਰਹੱਸਵਾਦੀ ਅਨੁਭਵ ਦਾ ਗਿਆਨ ਦਿਲ ਦੀ ਮਲਕੀਅਤ ਹੈ, ਮਨ ਅਤੇ ਬੁਧੀ ਦੀ ਨਹੀਂ। ਮਨ ਅਤੇ ਬੁਧੀ ਸਿਰਫ ਵਸਤੂ-ਗਤ ਜਗਤ ਨੂੰ ਹੀ ਸਮਝ ਸਕਦੇ ਹਨ, ਪਰ ਦਿਲ ਰਾਹੀਂ ਗਿਆਨ ਦਾ ਵਿਸ਼ਾ (object) ਪਰਮ-ਸਤਿ ਪਰਮਾਤਮਾ ਪ੍ਰਤਖ ਦੇਖਿਆ ਜਾ ਸਕਦਾ ਹੈ। ਅਨੁਭਵ ਦਾ ਇਹ ਗਿਆਨ ਆਮ ਗਿਆਨ ਵਾਂਗ ਸਾਪੇਖਕ (Relative) ਨਹੀਂ ਹੁੰਦਾ। ਚਿੰਤਕ ਇਸ ਅਨੁਭਵ ਨੂੰ 'ਸਵੈ' ਦੀ ਤਬਦੀਲੀ ਜਾਂ ਮੂਲ ਚੇਤੰਨਤਾ ਕਹਿਕੇ ਬਿਆਨ ਕਰਦੇ ਹਨ।[20]

ਰਹੱਸਵਾਦੀ ਅਨੁਭਵ ਦੇ ਗਿਆਨ ਨੂੰ ਸਿਰਫ ਆਤਮਾ ਹੀ ਜਾਣ ਸਕਦ ਹੈ।[21] ਅਸਲ ਵਿਚ ਇਹ ਗਿਆਨ ਆਤਮਾ ਦੇ ਅੰਦਰੋਂ ਹੀ ਵਿਕਸਤ ਹੁੰਦਾ ਹੈ। ਦੂਜੇ ਸ਼ਬਦਾਂ ਵਿਚ 'ਸਵੈ' ਨੂੰ ਵਿਸ਼ੇ (object) ਦੇ ਕੇਂਦਰ-ਬਿੰਦੂ (Centre) ਵਿਚ ਰੱਖਕੇ ਇਸ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਅਵਸਥਾ ਵਿਚ ਕਰਤਾ ਅਤੇ ਕਰਮ ਵਿਚ ਭੇਦ ਨਹੀਂ ਰਹਿੰਦਾ, ਗਿਆਨ ਅਤੇ ਗਿਆਤਾ ਇਕ ਹੋ ਜਾਂਦੇ ਹਨ, ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ।[22] ਇਹ ਇਕ ਨਵੀਂ ਚੇਤਨਾ ਰਾਹੀਂ ਪਰਮ ਸੱਤਾ ਜਾਂ ਬ੍ਰਹਮ ਨੂੰ ਪਾ ਲੈਂਦੀ ਹੈ। ਫਿਰ ਬ੍ਰਹਮ ਕਿਤੇ ਬਾਹਰ ਨਹੀਂ, ਮਨੁੱਖ ਦੇ ਅੰਦਰ ਹੀ ਨਜ਼ਰ ਆਉਂਦਾ ਹੈ।[23] ਅਜੇਹੀ ਅਵਸਥਾ ਵਿਚ ਰਹੱਸਵਾਦੀ ਮਨੁੱਖ ਕਹਿ ਉਠਦਾ ਹੈ:-

"I live, yet not I , but God in me"[24]

---

18. S.N. Das Gupta, Hindu Mysticism, p.69
19. ਰਾਮ ਨਾਰਾਇਣ ਪਾਂਡੇ, (ਡਾ:) ਭਕਤੀ ਕਾਵਯ ਮੇਂ ਰਹੱਸਵਾਦ, ਪੰ. 2.
20. World University Encyclopaedia, Vol.X, p.3410.
21. Encyclo-paedia of Religion and Ethics, Vol. IX, p.84.
22. Collier's Encyclopaedia, Vol.XIV, p.343.
23. The Cultural Heritage of India (Calcutta, 1958), Vol.I, p. XXIX.
24. See, Elywin underhill, Mysticism (N.Y.n.d.), p.68.

ਰਹੱਸਵਾਦੀ ਅਨੁਭਵ ਦਾ ਗਿਆਨ ਮਨੁੱਖੀ ਬੁਧੀ ਅਤੇ ਗਿਆਨ ਇੰਦ੍ਰੀਆਂ ਦੇ ਮੁਕਾਬਲੇ ਤੇ ਪ੍ਰਮਾਣਿਕ ਅਤੇ ਸੰਪੂਰਣ ਹੈ।[25] ਕਿਉਂਕਿ ਇਹ ਇੰਦ੍ਰੀਆਵੀ ਬੋਧ ਤੋਂ ਬਾਹਰ ਦਾ ਗਿਆਨ ਹੈ ਇਸ ਲਈ ਸ੍ਰੇਸ਼ਟ ਹੈ। ਇਹ ਗਿਆਨ ਪ੍ਰਤੱਖ ਅਤੇ ਸਿੱਧਾ ਹੈ। ਇਸ ਲਈ ਅੰਤ੍ਰੀਵ ਹੈ।[26]

(ਚ) <u>ਰਹੱਸਵਾਦੀ ਅਨੁਭਵ ਅਤੇ ਰਹੱਸਵਾਦੀ ਕਵੀ:</u>

ਰਹੱਸਾਤਮਕ ਗਿਆਨ ਅਤੇ ਇਸ ਗਿਆਨ ਦਾ ਵਿਸ਼ਾ ਦੋਵੇਂ ਹੀ ਇਸ ਤਰ੍ਹਾਂ ਹਨ ਕਿ ਉਨ੍ਹਾਂ ਦਾ ਸਾਖਿਆਤਕਾਰ ਗੂੰਗੇ ਦੇ ਗੁੜ ਖਾਣ ਵਾਂਗ ਹੈ।[27] ਇਹ ਅਨੁਭਵ ਵੱਖਰਾ ਤਾਂ ਹੈ ਹੀ ਇਸ ਲਈ ਵਰਣਨ ਤੋਂ ਬਾਹਰ ਵੀ ਹੈ।[28] ਇਥੇ ਹੀ ਇਕ ਰਹੱਸਵਾਦੀ ਕਵੀ ਦਾ ਕਰਤੱਵ ਸ਼ੁਰੂ ਹੁੰਦਾ ਹੈ। ਇਕ ਆਮ ਕਵੀ ਦਾ ਕਾਵਿ-ਅਨੁਭਵ ਤਾਂ ਮਨੁੱਖੀ ਜਗਤ ਦੀਆਂ ਅੰਤਰ-ਦਵੰਦਤਾਵਾਂ ਤੋਂ ਉਤਪੰਨ ਹੁੰਦਾ ਹੈ, ਪਰ ਇਕ ਰਹੱਸਵਾਦੀ ਕਵੀ ਇਨ੍ਹਾਂ ਤੋਂ ਉਪਰ ਉਠਦਾ ਹੈ।[29] ਮਨੁੱਖ ਪਾਸ ਮਨੁੱਖੀ ਬੋਲੀ ਜਾਂ ਭਾਸ਼ਾ ਤੋਂ ਇਲਾਵਾ ਕੋਈ ਸਾਰਥਕ (ਭਾਵੇਂ ਇਹ ਸੰਪੂਰਣ ਨਹੀਂ) ਮਾਧਿਅਮ ਨਹੀਂ। ਪਰਮਾਤਮਾ ਦੇ ਅਨੁਭਵ ਅਤੇ ਭਾਸ਼ਾ ਊਣੀ ਹੈ ਉਹ ਅਨੁਭਵ ਗਮਯ ਜ਼ਿਆਦਾ ਅਤੇ ਸ਼ਬਦ ਗਮਯ ਘਟ ਹੈ। ਉਸ ਅਨੁਭਵ ਦਾ ਗਿਆਨ ਸਾਹਿਤ ਵਿਚ ਸੰਕੇਤਕ ਸ਼ਬਦਾਵਲੀ ਵਿਚ ਅਭਿਵਿਅਕਤ ਹੁੰਦਾ ਹੈ।[30] 'ਰਹੱਸ' ਕੇਵਲ ਮੂਲ 'ਤੱਤ੍ਵ' ਹੀ ਨਹੀਂ ਹੈ, ਉਸਦੀ ਅਨੁਭੂਤੀ ਦਾ ਵਿਵਰਣ ਵੀ 'ਰਹੱਸ' ਹੈ। ਉਸ ਦੀ ਪ੍ਰਾਪਤੀ -ਪ੍ਰਕਿਰਿਆ ਵੀ 'ਰਹੱਸ' ਹੈ। ਇਸ ਲਈ ਉਸਦੀ ਅਭਿਵਿਅਕਤੀ ਵੀ ਲੋਕਾਂ ਨੂੰ ਰਹੱਸਮਈ ਲੱਗਣ ਲੱਗ ਪੈਂਦੀ ਹੈ।[31]

ਮਨੁੱਖ ਹਰ ਵਸਤ ਨੂੰ ਰੂਪ ਦੀ ਸੀਮਾ ਵਿਚ ਦੇਖਣਾ ਚਾਹੁੰਦਾ ਹੈ। ਇਕ ਰਹੱਸਵਾਦੀ ਭਾਸ਼ਾ ਦੀ ਸੀਮਾ ਪਹਿਚਾਣਦਾ ਹੋਇਆ ਵੀ ਉਸ ਅਰੂਪ ਤੱਤ੍ਵ ਨੂੰ ਭਾਸ਼ਾ ਜਾਂ ਬੋਲੀ ਵਿਚ ਕਹਿਣ ਦਾ ਯਤਨ ਕਰਦਾ ਹੈ। ਇਸ ਲਈ ਕਵਿਤਾ ਦਾ ਮਾਧਿਅਮ ਹੀ ਵਧੇਰੇ ਯੋਗ ਸਮਝਿਆ ਗਿਆ ਹੈ। ਕਿਉਂਕਿ ਇਹ ਅਨੁਭਵ ਅਸੰਚਾਰੀ ਹੁੰਦਿਆਂ ਭਾਵਾਂ ਰਾਹੀਂ ਹੀ ਆਪਣੀ ਸੂਖਮਤਾ ਦਾ ਝਲਕਾਰਾ ਦੇਵੇਗਾ।

---

25. S.N .Das Gupta, <u>Hindu Mysticism</u>, p. 69.

26. S.S.Raghavachar, etal., eds. Hindu Mysticism <u>Hinduism</u>,p.68

27. ਰਾਮ ਨਾਰਾਇਣ, ਪਾਂਡੇ,(ਡਾ:) <u>ਭਕਤੀ ਕਾਵਯ ਮੇਂ ਰਹੱਸਯਵਾਦ</u>, ਪੰ. 4.

28. ਉਹੀ, ਪੰ. 32.

29. Jacques Martin, <u>Approaches to God</u>,(London,n.d.),p.81.

30. ਸਰਨਾਮ ਸਿੰਘ (ਡਾ:) <u>ਕਬੀਰ ਏਕ ਵਿਵੇਚਨ</u>, ਪੰ. 356.

31. ਰਾਮਮੂਰਤੀ ਤ੍ਰਿਪਾਠੀ, <u>ਰਹੱਸਵਾਦ</u>, (ਦਿੱਲੀ, 1966), ਪੰ. 18.

## II. ਗੁਰੂ ਰਾਮਦਾਸ ਜੀ ਦਾ ਰਹੱਸਵਾਦ

### 1(ੳ) ਰਹੱਸਵਾਦੀ ਅਨੁਭਵ ਅਕੱਥ ਹੈ:

ਧਰਮ ਦਾ ਰਸਤਾ ਅੰਤਿਮ -ਸਤਿ ਦਾ ਅਭਿਲਾਸ਼ੀ ਹੈ। ਅਨੇਕ ਧਰਮਾਂ ਦੀਆਂ ਪੁਸਤਕਾਂ ਵਿਚ ਅਨੇਕ ਅਨੇਕ ਸੰਤਾਂ ਮਹਾਤਮਾਵਾਂ, ਪੀਰਾਂ ਪੈਗੰਬਰਾਂ ਨੇ ਰਹੱਸਵਾਦੀ ਅਨੁਭਵ ਦਾ ਜ਼ਿਕਰ ਅੰਕਿਤ ਕੀਤਾ ਹੈ। ਲਗਭਗ ਹਰ ਧਰਮ ਪਰਮ-ਸਤਿ ਬਾਰੇ ਅੰਤਿਮ ਸ਼ਬਦ ਕਹਿਣ ਦਾ ਦਾਅਵਾ ਕਰਦਾ ਹੈ। ਹਿੰਦੂ ਧਰਮ ਵਿਚ ਵੇਦ ਉਸ ਪਰਮ-ਸੱਤਾ ਬਾਰੇ ਪਹਿਲੇ ਅਤੇ ਅੰਤਿਮ ਸ਼ਬਦ ਮੰਨੇ ਜਾਂਦੇ ਹਨ।[32] ਪਰ ਧਿਆਨਯੋਗ ਗੱਲ ਇਹ ਹੈ ਕਿ ਦੁਨੀਆਂ ਨੂੰ ਉਸ ਰਹੱਸਮਈ ਸੱਤਾ ਬਾਰੇ ਅੰਤਿਮ ਰੂਪ ਵਿਚ ਕੁਛ ਨਿਰਣੈਜਨਕ ਗੱਲਾਂ ਮਿਲ ਜਾਂਦੀਆਂ ਤਾਂ ਫਿਰ ਉਸ ਬਾਰੇ ਜਾਣਨ ਦੀ ਜਗਿਆਸਾ ਕਿਵੇਂ ਬਣੀ ਰਹਿੰਦੀ ?

ਪਰਮ-ਤੱਤ੍ਵ ਗਿਆਨ ਦੇ ਵਿਸ਼ੇ ਨਾਲੋਂ ਅਨੁਭੂਤੀ ਦਾ ਵਿਸ਼ਾ ਵਧੇਰੇ ਹੈ। ਰਹੱਸ-ਅਨੁਭੂਤੀ ਦਾ ਸੰਚਾਰ ਸੁਤੰਤਰ ਹੈ, ਜੋ ਕਿਸੇ ਦਰਸ਼ਨ ਦੇ ਖੰਡਨ ਮੰਡਨ ਤੇ ਨਿਰਭਰ ਨਹੀਂ ਕਰਦਾ। ਇਸ ਅਨੁਭੂਤੀ ਨੂੰ 'Fligh-t of alone to alone' ਕਿਹਾ ਗਿਆ ਹੈ।[33] ਅਨੇਕਾਂ ਰਹੱਸਵਾਦੀਆਂ ਨੇ ਰਹੱਸ-ਅਨੁਭੂਤੀ ਦੇ ਆਧਾਰ ਤੇ ਇਸ ਤੱਤ੍ਵ ਦੇ ਅਕੱਥ ਹੋਣ ਦਾ ਜ਼ਿਕਰ ਹੀ ਕੀਤਾ ਹੈ। ਵਿਲੀਅਮ ਜੇਮਜ਼ ਵੀ ਇਸ ਅਨੁਭਵ ਦੀ ਅਸੰਚਾਰੀ ਪ੍ਰਕਿਰਤੀ ਦਾ ਇਸ਼ਾਰਾ ਕਰਦਾ ਹੈ।[34] ਇਸਦਾ ਅਕੱਥ ਹੋਣਾ ਇਸਦੇ ਸਰੂਪ ਦਾ ਪ੍ਰਮੁੱਖ ਤੱਤ੍ਵ ਹੈ। ਡਾ: ਰਾਧਾ ਕ੍ਰਿਸ਼ਨਨ ਦਾ ਕਥਨ ਇਥੇ ਪ੍ਰਸੰਗਿਕ ਹੋਵੇਗਾ, ਈਸ਼ਵਰ ਏਨਾ ਮਹਾਨ ਹੈ ਕਿ ਇਸਦਾ ਸ਼ਬਦਾਂ ਵਿਚ ਵਰਣਨ ਸੰਭਵ ਨਹੀ। ਉਹ ਪ੍ਰਕਾਸ਼ ਦੀ ਤਰ੍ਹਾਂ ਹੈ ਜੋ ਦੂਜੀਆਂ ਵਸਤਾਂ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਆਪ ਅਦ੍ਰਿਸ਼ ਰਹਿੰਦਾ ਹੈ।[35]

ਗੁਰੂ ਰਾਮਦਾਸ ਜੀ ਅਨੁਸਾਰ ਪਰਮ-ਸੱਤਾ ਦਾ ਸਾਖਿਆਤਕਾਰ ਗੂੰਗੇ ਦੇ ਸਵਾਦ ਮਾਨਣ ਵਾਂਗ ਹੈ:

ਸੰਤੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤ ਰਹੇ ਆਘਾਈ॥
ਇਹ ਹਰਰਸੁ ਸੇਈ ਜਾਣਦੇ ਗੂੰਗੇ ਵਡਿਆਈ।। (ਰਾਗ ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.311)

ਰਹੱਸਵਾਦੀ ਅਨੁਭਵ ਦੀ ਅਸੰਚਾਰੀ ਪ੍ਰਕਿਰਤੀ ਕਰਕੇ ਗੁਰੂ ਰਾਮਦਾਸ ਜੀ ਨੂੰ ਇਕ ਕਵੀ ਦੇ ਨਾਤੇ ਉਹੀ ਮੁਸ਼ਕਲਾਂ ਪੇਸ਼ ਆਈਆਂ ਹਨ ਜੋ ਇਕ ਰਹੱਸਵਾਦੀ ਕਵੀ ਨੂੰ ਆਉਂਦੀਆਂ ਹਨ। ਪਰ ਉਨ੍ਹਾਂ ਦੀ ਰਚਨਾ ਦਾ ਕਮਾਲ ਇਹ ਹੈ ਕਿ ਪਰਮਾਤਮਾ ਨਾਮ ਦੇ ਅਮੁੱਲ, ਅਗਮ, ਅਲਖੁ, ਅਤੁੱਲ, ਬੇਅੰਤ ਗੁਣਾਂ ਨੂੰ ਬਿਆਨ

---

32. Vivekananda (Swam i), Hinduism, Complete Works, Calcutta, 1972, Vol I, p.6
33. See, Encyclopaedia of Religion and Ethics, Vol.IX, p.84.
34. The varieties of Religions Experience (London, 1952), p. 371.
35. ਜੀਵਨ ਕੀ ਅਧਿਆਤਮ ਦ੍ਰਿਸ਼ਟੀ, ਪੰ. 119.

ਕਰਦਿਆਂ ਉਸ ਵਿਚ ਇਹ ਸਾਰੇ ਗੁਣ ਪ੍ਰਵੇਸ਼ ਕਰ ਗਏ ਹਨ।

(ਅ) ਰਹੱਸਵਾਦੀ ਅਨੁਭਵ ਸਰਵੋਤਮ ਅਤੇ ਵਿਲੱਖਣ ਹੈ:-

ਗੁਰੂ ਰਾਮਦਾਸ ਜੀ ਨੇ ਇਸ ਅਨੁਭਵ ਨੂੰ 'ਨਾਮ' ਦੇ ਰਹੱਸਮਈ ਤੱਤ੍ਰ ਰਾਹੀਂ ਬਿਆਨ ਕਰਨ ਦਾ ਯਤਨ ਕੀਤਾ ਹੈ। ਇਸ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ:-

(੧) ਰਹੱਸਵਾਦੀ ਅਨੁਭਵ ਦੇ ਗਿਆਨ ਦੀ ਅਮੁੱਲਤਾ ਨੂੰ ਉਹ ਪ੍ਰਤੀਕਾਤਮਕ ਅਰਥਾਂ ਵਿਚ ਇਕ ਪਦਾਰਥ ਰੂਪ ਵਿਚ ਧਨ, ਪੂੰਜੀ, ਰਤਨ, ਜਵਾਹਰ, ਲਾਲ ਅਤੇ ਮਾਣਕ ਆਦਿ ਰਾਹੀਂ ਪ੍ਰਗਟ ਕਰਦੇ ਹਨ।

(੨) ਰਹੱਸਵਾਦੀ ਅਨੁਭੂਤੀ ਦੇ ਸੁਆਦ, ਆਨੰਦ ਦੇ ਅਲੌਖ ਗੁਣਾਂ ਨੂੰ ਪ੍ਰਗਟਾਉਣ ਲਈ ਉਹ ਨਾਮ ਨੂੰ ਇਕ ਰਸਾਇਣ, ਅੰਮ੍ਰਿਤ, ਰਸ ਰਾਹੀਂ ਪ੍ਰਗਟਾਂਦੇ ਹਨ।

ਆਮ ਮਨੁੱਖ ਲਈ ਰਹੱਸਵਾਦੀ ਅਨੁਭਵ ਦੇ ਆਨੰਦ ਨੂੰ ਜਾਨਣਾ ਬੜਾ ਔਖਾ ਹੈ। ਅਨੁਭਵ ਦਾ ਇਹ ਆਨੰਦ ਸਾਰੇ ਰਸਾਂ, ਸੁਖਾਂ, ਆਨੰਦਾਂ ਨਾਲੋਂ ਵਖਰਾ ਹੈ। ਗੁਰੂ ਰਾਮਦਾਸ ਜੀ ਜਨ-ਜੀਵਨ ਦੀ ਸਮਝ ਵਿਚ ਆ ਜਾਣ ਵਾਲੇ ਆਮ ਪਦਾਰਥਾਂ ਦੀ ਉਤਮਤਾ ਰਾਹੀਂ ਇਸ ਰਹੱਸਮਈ ਤੱਤ੍ਰ ਨੂੰ ਪ੍ਰਗਟਾਂਦੇ ਹਨ। ਇਕ ਰਹੱਸਵਾਦੀ ਕਵੀ ਦਾ ਉਦੇਸ਼ ਪਰਮ-ਸੱਤਾ ਬਾਰੇ ਜਾਨਣਾ (ਜਾਂ ਅਨੁਭਵ ਕਰਨਾ) ਅਤੇ ਲੋਕ-ਕਲਿਆਣ ਹਿੱਤ ਉਸ ਤੱਤ੍ਰ ਦੀ ਆਮ ਸਰਲ ਭਾਸ਼ਾ ਵਿਚ ਅਭਿਵਿਅਕਤੀ ਕਰਨਾ ਹੁੰਦਾ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਪਰਮ-ਸੱਤਾ ਜਾਂ ਪਰਮਾਤਮਾ ਮਨੁੱਖੀ ਬੁਧੀ ਅਤੇ ਗਿਆਨ-ਇੰਦਰਿਆਂ ਦੀ ਪਕੜ ਤੋਂ ਪਰ੍ਹੇ ਅਪਹੁੰਚ ਅਤੇ ਅਥਾਹ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਉਹ ਪਰਮ-ਸੱਤਾ ਦੇ ਇਸ ਅਕਥ ਸਰੂਪ ਬਾਰੇ ਲਿਖਦੇ ਹਨ ਕਿ ਉਹ ਇਕ ਐਸਾ ਸਮੁੰਦਰ ਹੈ ਜਿਸਦੀ ਡੂੰਘਾਈ, ਮਨੁੱਖ ਅਨੇਕਾਂ ਯਤਨ ਕਰਕੇ ਵੀ ਨਹੀਂ ਲਭ ਸਕਦਾ।[36] ਮਨੁੱਖ ਜਾਤੀ ਜੁਗਾਂ ਜੁਗਾਂਤਰਾਂ ਤੋਂ ਉਸਦੇ ਭੇਤਾਂ ਦੀ ਤਲਾਸ਼ ਕਰਦੀ ਆਈ ਹੈ,

---

36. (ੳ) ਤੁਮ ਵਡ ਪੁਰਖ ਵਡ ਅਗਮ ਅਗੋਚਰ
ਹਮ ਢੂਢਿ ਰਹੇ ਪਾਈ ਨਹੀਂ ਹਾਥ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1296)

(ਅ) ਸੁਆਮੀ ਪਾਰਬ੍ਰਹਮ ਪਰਮੇਸਰੁ ਤੁਮ ਖੋਜਹੁ ਜੁਗ ਜੁਗਨੇ॥
ਤੁਮਰੀ ਥਾਹ ਪਾਈ ਨਹੀਂ ਪਾਵੈ ਜਨ ਨਾਨਕ ਦੇ ਪ੍ਰਭ ਵਡਨੇ॥
(ਰਾਗ ਨਟ ਨਰਾਇਨ, ਆਦਿ ਗ੍ਰੰਥ, ਪੰ.976)

(ੲ) ਅਧਿਕ ਜਤਨ ਕਰਿ ਰਹੇ ਹਰਿ ਅੰਤੁ ਨਹੀਂ ਪਾਇਆ॥ (ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ.984)

(ਸ) ਤੂੰ ਪਰੈ ਪਰੈ ਅਪਰੰਪਰ ਸੁਆਮੀ ਤੂ ਆਪਨ ਜਾਨਹਿ ਆਪ ਜਗੰਨਾਥ॥2॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1296)

(ਹ) ਤੂ ਪਰੈ ਪਰੈ ਅਪਰੰਪਰੁ ਸੁਆਮੀ ਮਿਤਿ ਜਾਨਹਿ ਆਪਨ ਗਾਤੀ॥2॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

(ਕ) ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪਹਿ ਹੀ ਜਾਨਹਿ ਆਪਨੀ ਭਾਂਤਿ॥੧॥
(ਰਾਗ ਸਾਰੰਗ ਆਦਿ ਗ੍ਰੰਥ, ਪੰ. 1200)

(ਖ) ਤੁਮਰੀ ਉਪਮਾ ਤੁਮਹੀ ਪ੍ਰਭੁ ਜਾਨਹੁ ਹਮ ਕਹਿ ਨ ਸਕਹ ਹਰਿ ਗੁਨੇ॥
ਜੈਸੇ ਤੁਮ ਤੈਸੇ ਪ੍ਰਭ ਤੁਮ ਹੀ ਗੁਨ ਜਾਨਹੁ ਪ੍ਰਭ ਅਪੁਨੇ॥2॥
(ਰਾਗ ਨਟ ਨਾਰਾਇਨ, ਆਦਿ ਗ੍ਰੰਥ, ਪੰ. 976)

(ਗ) ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ॥
ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ॥ (ਰਾਗ ਬਿਹਾਗੜਾ ਆਦਿ ਪੰ.549

ਪਰ ਉਸਦਾ ਥਾਹ ਕੋਈ ਨਹੀਂ ਪਾ ਸਕਿਆ। ਗੁਰੂ ਰਾਮਦਾਸ ਜੀ ਭਾਰਤੀ ਧਾਰਮਕ ਪਰੰਪਰਾ ਵਿਚੋਂ ਤੇਤੀ ਕ੍ਰੋੜ ਦੇਵਤਿਆਂ, ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਦੇ ਰਚਨਹਾਰਿਆਂ, ਚੌਰਾਸੀ ਸਿੱਧਾਂ ਮਹਾਤਮਾ ਬੁਧ ਅਤੇ ਅਨੇਕਾਂ ਰਿਸ਼ੀਆਂ ਮੁਨੀਆਂ ਦੀ ਉਦਾਹਰਣ ਦਿੰਦੇ ਹੋਏ ਇਹੀ ਵਿਚਾਰ ਦ੍ਰਿੜ ਕਰਦੇ ਹਨ ਕਿ ਉਸ ਪਰਮ-ਸੱਤਾ ਬਾਰੇ ਅੰਤਿਮ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ।[37]

ਇਕ ਰਹੱਸਵਾਦੀ ਕਵੀ ਨੂੰ ਜਿਸ ਸੱਤਾ ਦਾ ਪ੍ਰਤੱਖ ਅਨੁਭਵ ਹੁੰਦਾ ਹੈ ਉਸ ਪਰਮ-ਸਤਿ ਨੂੰ ਅਸੀਂ ਬ੍ਰਹਮ ਦੇ ਨਾਂ ਰਾਹੀਂ ਯਾਦ ਕਰਦੇ ਹਾਂ। ਇਹ ਸਾਡੀ ਬ੍ਰਹਮ-ਤੱਤ੍ਵ ਜਗਿਆਸਾ ਦਾ ਵਿਸ਼ਾ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਵਿਅਕਤ ਹੋਇਆ ਇਸ ਸੱਤਾ ਦਾ ਸਰੂਪ ਸਤਿ ਹੈ। ਇਸ ਲਈ ਉਸਦਾ ਇਹ ਰਚਿਆ ਹੋਇਆ ਸੰਸਾਰ ਵੀ 'ਸਤਿ' ਹੈ।[38]

ਗੁਰੂ ਰਾਮਦਾਸ ਜੀ ਪਰਮਾਤਮਾ ਦੇ ਨਿਰਗੁਣ ਸਰੂਪ ਨੂੰ ਪਾਰਬ੍ਰਹਮ, ਪਰਮੇਸ਼ਰ ਆਦਿ ਦੇ ਨਾਵਾਂ ਨਾਲ ਚਿਤਵਦੇ ਹਨ। ਪਰਮਾਤਮਾ ਦਾ ਇਹ ਸਰੂਪ ਅਵਿਅਕਤ ਹੈ ਅਤੇ ਇਸ ਲਈ ਉਹ ਇਸ ਰੂਪ ਦੇ ਸੰਬੰਧਨੀ ਪੱਖ ਵਲ ਬਹੁਤਾ ਧਿਆਨ ਨਹੀਂ ਦਿੰਦੇ। ਉਹ ਪਰਮ-ਸੱਤਾ ਦੇ ਇਸ ਰੂਪ ਨੂੰ ਉਪਨਿਸ਼ਦਾਂ ਵਾਂਗ ਦਾਰਸ਼ਨਿਕ ਪਹਿਲੂ ਤੋਂ ਨਹੀਂ ਵਿਚਾਰਦੇ, ਸਗੋਂ ਇਕ ਰਹੱਸਵਾਦੀ ਕਵੀ ਵਾਲਾ ਰਾਗਾਤਮਕ ਪਹਿਲੂ ਹੀ ਸਾਹਮਣੇ ਰੱਖਦੇ ਹਨ।

ਮਨੁੱਖੀ ਪ੍ਰਕਿਰਤੀ ਦੇਸ਼ ਕਾਲ ਵਿਚ ਵੰਡੀ ਹੋਣ ਕਰਕੇ ਬ੍ਰਹਮ ਨੂੰ ਆਪਣੇ ਨਾਲੋਂ ਵੱਖਰਾ ਜਾਣ

---

37. (ੳ) ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ॥
ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)
(ਅ) ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭ ਚਾਹਹਿ ਹਰਿ ਜੀਉ ਤੇਰੋ ਨਾਉ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ.669)
(ੲ) ਸੁਰਨਰ ਗਣ ਗੰਧਰਬ ਜਪਿਓ ਰਿਖਿ ਬਪੁਰੈ ਹਰਿ ਗਾਇਆ॥
ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)
(ਸ) ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤ ਨ ਪਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1309)

38. ਸਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ॥
ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ॥2॥ (ਰਾਗ ਧਨਾਸਰੀ, ਆਦਿ ਗ੍ਰੰਥ, ਪੰ.670)

ਕੇ ਉਸ ਨਾਲ ਕੋਈ ਸੰਬੰਧ ਸਥਾਪਤ ਕਰਨਾ ਲੋੜਦੀ ਹੈ।[39] ਰੂਪ ਦਾ ਆਸਰਾ ਲੈ ਕੇ ਹੀ ਅਰੂਪ ਦਾ ਪ੍ਰਤਖੀਕਰਨ ਲੋੜਦੀ ਹੈ। ਇਸ ਕਰਕੇ ਨਿਰਗੁਣ ਪਰਮਾਤਮਾ ਜੀਵ-ਕਲਿਆਨ ਲਈ ਸਰਗੁਣ ਵੀ ਹੈ ਜੋ ਸਰਬ-ਗੁਣਾਂ ਦਾ ਭੰਡਾਰਾ ਅਤੇ ਸਰਬ-ਚੰਗਿਆਈਆਂ ਦਾ ਸੋਮਾਂ ਹੈ।[40] ਇਕ ਪਾਸੇ ਪਰਮਾਤਮਾ ਸਰਬ-ਵਿਆਪਕ ਹੈ, ਉਸਨੂੰ ਕਿਸੇ ਮਿਥਿਹਾਸਕ ਕਥਾ ਨਾਲ ਜੋੜਿਆ ਨਹੀਂ ਜਾ ਸਕਦਾ, ਦੂਜੇ ਪਾਸੇ ਉਸਨੂੰ ਕਿਸੇ ਵੀ ਨਾਮ ਰਾਹੀਂ ਬੁਲਾਇਆ ਜਾ ਸਕਦਾ ਹੈ ਕਿਉਂਕਿ ਉਹ ਹਮੇਸ਼ਾਂ ਇਕੋ ਹੈ।[41] ਗੁਰੂ ਰਾਮਦਾਸ ਜੀ ਪਰਮ-ਸੱਤਾ ਨੂੰ ਗੁਣ ਰਹਿਤ ਨਹੀਂ ਗੁਣਮਈ ਰੂਪ ਵਿਚ ਦੇਖਦੇ ਹਨ ਅਤੇ ਇਹੀ ਕਿਸੇ ਅਧਿਆਤਮਕ ਜੀਵਨ ਦੇ ਪਾਂਧੀ ਦਾ ਜੀਵਨ-ਦ੍ਰਿਸ਼ਟੀਕੋਣ ਹੋ ਸਕਦਾ ਹੈ।

ਗੁਰੂ ਰਾਮਦਾਸ ਜੀ ਲਈ ਪਰਮਾਤਮਾ ਦਾ ਸਰਗੁਣ ਸਰੂਪ ਪ੍ਰੇਮ-ਮਈ ਹੈ। ਇਸ ਸਰੂਪ ਨਾਲ ਭਾਵਨਾਮਈ ਸਾਂਝ ਪਾਉਣ ਲਈ ਉਹ ਪਰਮਾਤਮਾ ਨੂੰ ਇਕ ਵਿਅਕਤਿਤ੍ਵ ਪ੍ਰਦਾਨ ਕਰਦੇ ਹਨ। ਇਹ ਸਰੂਪ ਉਹਨਾਂ ਦੀ ਕਵਿਤਾ ਵਿਚ, ਪਤੀ, ਪਿਤਾ, ਭਰਾ ਅਤੇ ਮਾਲਕ ਆਦਿ ਦੇ ਰੂਪ ਵਿਚ ਵਿਅਕਤ ਹੋਇਆ ਮਿਲਦਾ ਹੈ।[42] ਉਨ੍ਹਾਂ ਨੇ ਜੀਵ-ਆਤਮਾ ਦੇ ਪਰਮਾਤਮਾ ਨਾਲ ਸੰਬੰਧ ਨੂੰ ਨਿਮਨਲਿਖਤ ਦੋ ਢੰਗਾਂ ਨਾਲ ਬਿਆਨ ਕੀਤਾ ਹੈ:—

(੧) ਪਾਤਸ਼ਾਹ, ਰਾਉ, ਸ਼ਾਹ, ਧਨੀ, ਸਾਹਬੁ, ਸੁਆਮੀ, ਠਾਕੁਰ ਆਦਿ ਸ਼ਬਦਾਂ ਦਾ ਆਧਾਰ ਆਰਥਕ ਜੀਵਨ ਹੈ।

(੨) ਪਤੀ, ਖਸਮ, ਢੋਲਾ, ਪ੍ਰੀਤਮ, ਪਿਰ, ਮਿਤਰ ਆਦਿ ਸ਼ਬਦਾਂ ਦਾ ਆਧਾਰ ਸਮਾਜਕ ਭਾਵਨਾਤਮਕ ਜੀਵਨ ਹੈ। ਪਰ ਯਾਦ ਰਹੇ ਕਿ ਇਹ ਸਾਰੇ ਸ਼ਬਦ ਸਿਰਫ ਪਰਮਾਤਮਾ ਦੇ ਪ੍ਰੀਅਤਵ ਦਾ ਹੀ ਬੋਧ ਕਰਾਉਂਦੇ ਹਨ।

ਗੁਰੂ ਰਾਮਦਾਸ ਜੀ ਨੇ ਭਾਰਤੀ ਰਹੱਸਵਾਦੀ ਪਰੰਪਰਾ ਅਨੁਸਾਰ ਪਰਮਾਤਮਾ ਨੂੰ ਇਕ ਪੁਰਖ ਰੂਪ ਵਿਚ ਚਿਤਰਿਆ ਹੈ।[43] ਰਿਗਵੇਦ, ਸ਼ਤਪਥ ਬ੍ਰਾਹਮਣ ਆਦਿ ਵਿਚ ਪਰਮਾਤਮਾ ਦੀ ਭਾਵਨਾ ਪੁਰਖ ਜਾਂ ਨਰ ਰੂਪ ਵਿਚ ਹੀ ਕੀਤੀ ਗਈ ਹੈ।[44] ਗੁਰੂ ਰਾਮਦਾਸ ਜੀ ਨੇ ਆਤਮਾ ਅਤੇ ਪਰਮਾਤਮਾ ਦੇ

---

39. The Cultural Heritage of India, ed. Vol. I, p. XXIV

40. ਦਲੀਪ ਸਿੰਘ ਦੀਪ(ਡਾ.), ਜਪੁਜੀ (ਇਕ ਤੁਲਨਾਤਮਕ ਅਧਿਐਨ), (ਦਿੱਲੀ, 1969), ਪੰ. 27.

41. S.N. Das Gupta, Hindu Mysticism, p. 153.

42. ਜਨ ਨਾਨਕ ਕੇ ਸਖਾ ਹਰਿ ਭਾਈ ਮਾਤ ਪਿਤਾ ਬੰਧਪ ਹਰਿ ਸਾਕ॥੪॥੪॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1295)

43. ਹਰਿ ਇਕਸੁ ਸੇਤੀ ਪਿਰਹੜੀ ਹਰਿ ਇਕੋ ਮੇਰੈ ਚਿਤਿ॥ (ਕਾਨੜਾ ਕੀ ਵਾਰ, ਮ:੪, ਪੰ. 1315)
ਜੈ ਨਾਥ ਨਲਿਨ (ਡਾ:) ਭਕਤੀ ਕਾਵਯ ਮੇਂ ਮਾਧੁਰਯ ਭਾਵ ਦਾ ਸਰੂਪ, (ਹਿਸਾਰ ਮਿਤੀਹੀਨ), ਪੰ. 13

ਸੰਬੰਧ ਨੂੰ ਮੁਖ ਰੂਪ ਵਿਚ ਪਤੀ-ਪਤਨੀ (ਸੋਹਾਗਣ) ਦੇ ਰੂਪ ਵਿਚ ਬਿਆਨ ਕੀਤਾ ਹੈ। ਇਉਂ ਤਾਂ ਆਤਮਾ ਪਰਮਾਤਮਾ ਨੂੰ ਕਈ ਤਰ੍ਹਾਂ ਦੇ ਸੰਬੰਧਾਂ ਦੁਆਰਾ ਵਿਅਕਤ ਕੀਤਾ ਜਾ ਸਕਦਾ ਹੈ, ਪਰ ਪਤੀ-ਪਤਨੀ ਦਾ ਸੰਬੰਧ ਉਸਦੇ ਲਈ ਸਾਰਿਆਂ ਨਾਲੋਂ ਉਪਯੁਕਤ ਹੈ ਕਿਉਂਕਿ ਇਸ ਵਿਚ ਪ੍ਰੇਮ ਦੀ ਤੀਬਰਤਾ ਹੁੰਦੀ ਹੈ। ਮਿਲਣ ਦੀ ਖਿੱਚ, ਤੜਪ, ਵਿਛੋੜਾ, ਮੇਲ ਆਦਿ ਸਥਿਤੀਆਂ ਪ੍ਰੇਮ ਵਿਚ ਸਹਿਜ ਹਨ ਅਤੇ ਇਨ੍ਹਾਂ ਦਾ ਮੇਲ ਵੀ ਅਦ੍ਵੈਤਤਾ ਦੇ ਵਧੇਰੇ ਨੇੜੇ ਹੈ।[45] ਮਨੁੱਖੀ ਪ੍ਰੇਮ ਸਾਨੂੰ ਸੰਭਵ ਤੌਰ ਤੇ ਉਸ ਅਨੁਭੂਤੀ ਦੇ ਨੇੜੇ ਲੈ ਜਾਂਦਾ ਹੈ। ਇਸ ਲਈ ਆਮ ਤੌਰ ਤੇ ਧਾਰਮਕ ਰਹੱਸ ਅਨੁਭੂਤੀ ਪ੍ਰੇਮ ਦੀ ਭਾਸ਼ਾ ਵਿਚ ਵਿਅਕਤ ਕੀਤੀ ਮਿਲਦੀ ਹੈ।[46] ਗੁਰੂ ਰਾਮਦਾਸ ਜੀ ਨੇ ਆਪਣੀ ਤੀਬਰ ਧਾਰਮਕ ਰਹੱਸ ਅਨੁਭੂਤੀ ਨੂੰ ਪ੍ਰਗਟ ਕਰਨ ਲਈ, ਆਤਮਾ ਪਰਮਾਤਮਾ ਦੇ ਮੇਲ ਦੇ ਦੰਪਤੀ ਭਾਵ ਦਾ ਜੋ ਵਰਣਨ ਆਪਣੀ ਕਵਿਤਾ ਵਿਚ ਕੀਤਾ ਹੈ, ਉਹ ਆਪਣੇ ਆਪ ਵਿਚ ਅਦੁੱਤੀ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਪਰਮ-ਸੱਤਾ ਸਰਬ ਵਿਆਪਕ ਹੈ। ਸਾਰੀ ਸ੍ਰਿਸ਼ਟੀ ਉਸਦੀ ਸਿਰਜਕ ਸੁੰਦਰਤਾ ਦਾ ਅਨੁਰੂਪ ਹੈ।[47] ਉਸ ਪਰਮ-ਸੱਤਾ ਦੀ ਵਿਆਪਕਤਾ ਦਾ ਅਰਥ ਮਨੁੱਖੀ ਬੁਧੀ ਦੇ ਸੰਕਲਪ ਦੇ ਘੇਰੇ ਵਿਚ ਬੱਝਣਾ ਨਹੀਂ, ਕਿਉਂਕਿ ਉਹ ਨਿਰਲੇਪ ਵੀ ਹੈ। ਗੁਰੂ ਰਾਮਦਾਸ ਇਸਨੂੰ ਭੋਗੀ ਤੇ ਜੋਗੀ ਦੇ ਰੂਪਕ ਰਾਹੀਂ ਸਪਸ਼ਟ ਕਰਦੇ ਹਨ। ਪਰਮਾਤਮਾ ਇਕ ਪਾਸੇ ਜਗਤ ਵਿਚ ਵਿਆਪਕ ਹੋ ਕੇ ਸਾਰੇ ਪਦਾਰਥਾਂ ਨੂੰ ਭੋਗਦਾ, ਰਸ ਲੈਂਦਾ ਹੈ, ਪਰ ਦੂਜੇ ਪਾਸੇ ਇਨ੍ਹਾਂ ਭੋਗਾਂ ਤੋਂ ਨਿਰਲੇਪ ਵੀ ਹੈ।[48]

## 2. ਜੀਵ ਆਤਮਾ ਅਤੇ ਪਰਮਾਤਮਾ

ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਆਤਮਾ ਅਤੇ ਪਰਮਾਤਮਾ ਦਾ ਮੇਲ 'ਅਭੇਦਤਾ' ਦਾ ਹੈ।

ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ॥4॥18॥684

(ਸਿਰੀ ਰਾਗ, ਆਦਿ ਗ੍ਰੰਥ, ਪੰ. 41)

---

45. ਭੋਲਾ ਨਾਥ ਤਿਵਾੜੀ (ਡਾ.), ਕਬੀਰ, ਜੀਵਨ ਔਰ ਦਰਸ਼ਨ, (ਇਲਾਹਾਬਾਦ, 1978), ਪੰ.86
46. ਰਾਧਾ ਕ੍ਰਿਸ਼ਨਨ (ਡਾ.) ਜੀਵਨ ਕੀ ਅਧਿਆਤਮ ਦ੍ਰਿਸ਼ਟੀ, ਪੰ. 115.
47. (ੳ) ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 164)
    (ਅ) ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ॥
    (ਰਾਗ ਨਟ-ਨਰਾਇਨ, ਆਦਿ ਗ੍ਰੰਥ, ਪੰ. 982)
48. (ੳ) ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ॥
    ਹਰਿ ਸਜਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ॥9॥
    (ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ.1313)
    (ਅ) ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥
    (ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1313)

ਇਹ ਅਭੇਦਤਾ ਮਨੁੱਖੀ ਸਰੀਰ ਅੰਦਰ ਵਸਦੀ ਆਤਮਾ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਾਰੇ ਪ੍ਰਾਣੀਆਂ ਵਿਚੋਂ ਮਨੁੱਖ ਨੂੰ ਉੱਤਮ ਸਮਝਿਆ ਗਿਆ ਹੈ ਜੋ ਸਰੀਰ, ਮਨ ਅਤੇ ਆਤਮਾ ਦਾ ਸਮਿਨਵੈ ਹੈ।[49] ਇਸ ਦੀ ਸਰਬ ਸ੍ਰੇਸ਼ਟਤਾ ਦਾ ਕਾਰਨ ਹੀ ਇਹ ਹੈ ਕਿ ਪਰਮਾਤਮਾ ਨੇ ਆਪਣੀ ਜੋਤਿ (ਆਤਮਾ) ਇਸਦੇ ਅੰਦਰ ਰੱਖੀ ਹੈ। ਇਹੋ ਨਿਰੰਕਾਰੀ ਜੋਤਿ ਇਸਦੀ ਚੇਤੰਨਤਾ ਅਤੇ ਸੱਤਾ ਦੀ ਬੁਨਿਆਦ ਹੈ।[50] ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖ ਨੂੰ ਆਪਣੀ ਸ਼ਕਤੀ ਇਸ ਨੂੰ ਜੋਤਿ ਨੂੰ ਜਗਾਉਣ ਲਈ ਵਰਤਣੀ ਚਾਹੀਦੀ ਹੈ।

ਭੌਤਿਕ ਸਰੀਰ ਦੀ ਸਹਾਇਤਾ ਬਿਨਾਂ ਉਚੀਆਂ ਅਧਿਆਤਮਕ ਭੂਮੀਆਂ ਤਕ ਪਹੁੰਚਣਾ ਅਸੰਭਵ ਹੈ।[51] ਸਰੀਰ ਨੂੰ ਨੇਮ ਅਤੇ ਸੰਜਮ ਅਧੀਨ ਰਖਦਿਆਂ ਇਕ ਸੇਧ ਦੀ ਲੋੜ ਹੈ। ਮਨੁੱਖੀ ਮਨ ਦੀ ਪ੍ਰਕਿਰਤੀ ਬੜੀ ਚੰਚਲ ਹੈ। ਗੁਰੂ ਰਾਮਦਾਸ ਜੀ ਇਸਨੂੰ ਸਰੀਰ-ਨਗਰ ਵਿਚ ਵਸਦਾ ਇਕ ਚੰਚਲ ਬਾਲਕ ਦਸਦੇ ਹਨ। ਪਦਾਰਥਕ ਖੁਸ਼ੀਆਂ ਲਈ ਇਸ ਦੀ ਤ੍ਰਿਸ਼ਨਾ ਨਾ ਖ਼ਤਮ ਹੋਣ ਵਾਲੀ ਹੈ। ਇਸ ਨੂੰ ਵੱਸ ਵਿਚ ਕਰਨ ਲਈ ਅਨੇਕਾਂ ਯਤਨ ਤੇ ਹੀਲੇ ਕਰਨੇ ਪੈਂਦੇ ਹਨ।[52] ਗੁਰੂ ਰਾਮਦਾਸ ਜੀ ਅਨੁਸਾਰ ਇਸ ਦੀ ਇਕ ਵਿਸ਼ੇਸ਼ਤਾ ਹੋਰ ਵੀ ਹੈ ਅਤੇ ਉਹ ਹੈ, ਇਸ ਦੀ ਸੇਧ। ਇਸ ਨੂੰ ਜਿਸ ਪਾਸੇ ਲਗਾ ਦੇਈਏ ਉਹ ਕੁਝ ਪ੍ਰਾਪਤ ਕਰ ਲੈਂਦਾ ਹੈ। ਸੋ ਇਸ ਲਈ ਇਸ ਵਿਚ ਜੋਤਿ ਜਾਂ ਚੇਤੰਨਤਾ ਦਾ ਜਗਾਉਣਾ ਜ਼ਰੂਰੀ ਹੋ ਜਾਂਦੀ ਹੈ।[53] ਜਿਸਤਰ੍ਹਾਂ ਪਿੰਡ ਜਾਂ ਸਰੀਰ ਦਾ ਧਾਰਣ ਪਿੰਡਗਤ ਚੇਤਨਾ ਤੋਂ ਹੈ ਉਸੇ ਪ੍ਰਕਾਰ ਵਿਸ਼ਵ ਜਾਂ ਬ੍ਰਹਮੰਡ ਦਾ

---

49. ਪੀਤਾਂਬਰ ਬੜਥਵਾਲ, (ਡਾ:) ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਇ (ਅਨੁ: ਪਰਸ਼ੂਰਾਮ ਚਤੁਰਵੇਦੀ ਤਥਾ ਭਗੀਰਥ ਮਿਸ਼ਰ) (ਲਖਨਊ, ਮਿਤੀਹੀਨ), ਪੰ.232

50. ਭਗਤ ਸਿੰਘ ਹੀਰਾ, ਗੁਰ ਦਰਸ਼ਨ, (ਦਿੱਲੀ, 1977), ਪੰ. 165.

51. ਦੇਹੁ ਪਾਵਉ ਜੀਨੁ ਬੁਝਿ ਚੰਗਾ ਰਾਮ॥
ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ.575)

52. (ੳ) ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰਬਾਰ ਭਰਮਾਈ॥ (ਰਾਗ ਬਸੰਤ, ਆਦਿ ਗ੍ਰੰਥ, ਪੰ.119 1)

(ਅ) ਇਹੁ ਮਨੂਆ ਖਿਨ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ॥
(ਰਾਗ ਗਉੜੀ, ਆਦਿ ਗ੍ਰੰਥ, ਪੰਨੇ 170-71)

(ੲ) ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ॥
(ਰਾਗ ਬਸੰਤ, ਆਦਿ ਗ੍ਰੰਥ, ਪੰ.1179)

(ਸ) ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥ (ਰਾਗ ਆਸਾ, ਆਦਿ ਗ੍ਰੰਥ, ਪੰ. 451)

53. (ੳ) ਇਕ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.303)

(ਅ) ਮਨ ਕਰਹਲਾ ਵੀਚਾਰਿਆ ਵੀਚਾਰਿ ਦੇਖੁ ਸਮਾਲਿ॥ (ਰਾਗ ਗਉੜੀ, ਆਦਿ ਗ੍ਰੰਥ, ਪੰ.234)

ਧਾਰਣ ਵਿਸ਼ਵਗਤ ਚੇਤਨਾ ਤੋਂ ਹੈ, ਵਿਸ਼ਵ-ਵਿਆਪਤ ਚੇਤੰਨਤਾ ਤੋਂ ਹੈ। ਇਹੀ ਵਿਸ਼ਵ-ਵਿਆਪਤ ਚੇਤਨਤਾ ਵਿਸ਼ਵ ਦਾ ਧਰਮ ਹੈ। ਇਸੇ ਦੀ ਅਨੁਭੂਤੀ ਰਹੱਸ ਅਨੁਭੂਤੀ ਹੈ।

ਆਤਮਾ ਅਤੇ ਪਰਮਾਤਮਾ ਵਿਚ ਭੇਦ ਇਹ ਹੈ ਕਿ ਪਰਮਾਤਮਾ (ਬ੍ਰਹਮ) ਅਨਾਦਿ ਹੈ, ਆਤਮਾ ਅਨਾਦਿ ਨਹੀਂ, ਆਤਮਾ ਦਾ ਆਦਿ ਪਰਮਾਤਮਾ ਹੈ।[54] ਜੀਵ ਆਤਮਾ ਪਰਮਾਤਮਾ ਦਾ ਅੰਸ਼ ਹੋਣ ਕਾਰਣ ਉਸ ਵਿਚ ਸਮਾ ਸਕਦੀ ਹੈ। ਪਾਣੀ ਦੀ ਜਲਤਰੰਗ ਸਮਾਨ ਜੀਵ-ਆਤਮਾ ਜਦ ਬ੍ਰਹਮ ਵਿਚ ਲੀਨ ਹੋਵੇਗੀ ਤਾਂ ਬ੍ਰਹਮ-ਸਮੁੰਦਰ ਬੇਅੰਤ ਹੀ ਰਹੇਗਾ।

## 3. ਸਮਕਾਲੀ ਧਾਰਮਕ ਸਾਧਨ ਪਧਤੀਆਂ ਦੀ ਆਲੋਚਨਾ:

ਅਨੇਕ ਅਨੇਕ ਧਰਮਾਂ ਨੇ ਪਰਮ-ਸਤਿ ਦੀ ਅਨੁਭੂਤੀ ਲਈ ਅਨੇਕਾਂ ਸਾਧਨ ਦੱਸੇ ਹਨ ਪਰ ਜਿਹੜੇ ਸਾਧਨ ਆਪਣਾ ਅੰਤ੍ਰੀਵ ਸੱਚ ਗੁਆ ਲੈਣ, ਉਹ ਅਧਿਆਤਮਕ ਪੱਥ ਤੇ ਸਹਾਇਕ ਨਹੀਂ ਹੁੰਦੇ। ਗੁਰੂ ਰਾਮਦਾਸ ਜੀ ਵੈਦਿਕ ਧਰਮ ਵਲੋਂ ਮਿਥੇ ਗਏ ਸਾਧਨਾਂ ਦੇ ਕਰਮ-ਕਾਂਡਾਂ ਦੀ ਆਲੋਚਨਾ ਕਰਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਦੇ ਮਿਲਾਪ ਲਈ ਤਰਕ ਵਿਤਰਕ, ਤੀਰਥ, ਵਰਤ, ਦਾਨ, ਧਾਰਮਕ ਪੁਸਤਕਾਂ ਦਾ ਪਾਠ ਤਪ, ਵੇਸ-ਭੂਸ਼ਾ ਅਤੇ ਰਾਗ ਆਦਿ ਦੇ ਧਾਰਮਕ ਕਰਮ-ਕਾਂਡ ਅਧਿਆਤਮਕ ਜੀਵਨ ਵਿਚ ਸਹਾਈ ਨਹੀਂ ਹੁੰਦੇ, ਕਿਉਂਕਿ ਇਹ ਮਨ ਦੀ ਮੈਲ ਨਹੀਂ ਧੋ ਸਕਦੇ। ਅਜੇਹੇ ਕਰਮ-ਕਾਂਡਾਂ ਨੂੰ ਕਰਕੇ ਜੀਵ ਦੇ ਮਨ ਵਿਚ ਲੋਭ, ਵਲ ਛਲ, ਵਿਖਾਵੇ ਆਦਿ ਦੇ ਕਰਮ ਹੀ ਉਤਪੰਨ ਹੁੰਦੇ ਹਨ। ਇਸ ਲਈ ਅਜੇਹੇ ਸਾਧਕ, ਪਰਮਾਤਮਾ ਦੀ ਕ੍ਰਿਪਾ ਦੇ ਪਾਤ੍ਰ ਨਹੀਂ ਬਣਦੇ ਅਤੇ ਉਨ੍ਹਾਂ ਦਾ ਮਨ ਭਟਕਣ ਅੰਦਰ ਰਹਿੰਦਾ ਹੈ। ਪਰਮਾਤਮਾ ਦੇ ਮੇਲ ਲਈ ਕੀਤੇ ਉਪਰੋਕਤ ਉਪਾਅ ਅਤੇ ਦੁਨਿਆਵੀ ਸੁਖ ਆਦਿ ਦੀ ਲੋੜ ਨਹੀਂ। ਇਸ ਲਈ ਧਰਮ ਸ਼ਾਸਤਰਾਂ ਅਨੁਸਾਰ ਦਸੇ ਗਏ ਨੌਂ ਵਿਆਕਰਣ, ਛੇ ਸ਼ਾਸਤਰਾਂ ਦਾ ਪਾਠ ਪਰਮਾਤਮਾ ਨੂੰ ਪ੍ਰਸੰਨ ਨਹੀਂ ਕਰਦਾ, ਕਰਮ-ਕਾਂਡ ਕਰਕੇ ਸਿਧਾਂ ਜੋਗੀਆਂ ਵਾਂਗ ਜਟਾ ਧਾਰਕੇ, ਧਾਰਮਕ ਪਹਿਰਾਵੇ ਪਹਿਨ ਕੇ ਅਤੇ ਤਰ੍ਹਾਂ ਤਰ੍ਹਾਂ ਦੇ ਰਾਗ ਗਾ ਕੇ ਵੀ ਪਰਮਾਤਮਾ ਦਾ ਮੇਲ ਨਹੀਂ ਹੁੰਦਾ। ਅਜੇਹੇ ਮਨੁੱਖਾਂ ਦੇ ਕਰਮ ਉਸ ਕਿਸਾਨ ਵਾਂਗ ਹਨ ਜੋ ਖੇਤੀ ਸਿੰਜਣ ਵਾਲੇ ਬੈਲਾਂ ਨੂੰ ਖੂਹ ਉਤੇ ਜੋਵੇ ਅਤੇ ਉਹ ਉਲਟੇ ਉਸਦੀ ਬੀਜੀ ਫਸਲ ਹੀ ਖਾ ਜਾਣ।[55]

---

54. ਦਲੀਪ ਸਿੰਘ ਦੀਪ (ਡਾ:), ਜਪੁਜੀ (ਇਕ ਤੁਲਨਾਤਮਕ ਅਧਿਐਨ), ਪੰ.44.

55. (ੳ) ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ (ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ.528)
(ਅ) ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ॥ (ਰਾਗ ਸਿਰੀ, ਆਦਿ ਗ੍ਰੰਥ, ਪੰ. 40)
(ੲ) ਹਉ ਕਰ ਕਰ ਥਾਕਾ ਉਪਾਵ ਬਹੁਤੇਰੇ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 561)
(ਸ) ਖਟ ਕਰਮ ਕਿਰਿਆ ਕਰ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ॥
ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ....॥ (ਰਾਗ ਕਾਨੜਾ, ਆਦਿ ਗ੍ਰੰਥ, ਪੰ.1297)
(ਹ) ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ.668)
(ਕ) ਹਥਿ ਕਰ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ॥ (ਰਾਗ ਆਸਾ, ਆਦਿ ਗ੍ਰੰਥ, ਪੰ.368)
(ਖ) ਗਾਵਹਿ ਰਾਗ ਭਾਂਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥ (ਰਾਗ ਆਸਾ, ਆਦਿ ਗ੍ਰੰਥ, ਪੰ.368)
(ਗ) ਕਰਿ ਕਰਿ ਕਿਰਿਆ ਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭੀਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 837)

ਗੁਰੂ ਰਾਮਦਾਸ ਜੀ ਅਨੁਸਾਰ ਅਜੇਹੇ ਸਾਧਕਾਂ ਦੇ ਮਨ ਵਿਚ ਅਸਲੀਅਤ ਰੂਪ ਵਿਚ ਹਉਮੈਂ, ਕਾਇਮ ਰਹਿੰਦੀ ਹੈ। ਮਨ ਦੇ ਹਠ ਨਾਲ ਧਾਰਮਕ ਕਰਮ, ਸਮਾਧੀ, ਤਪ ਆਦਿ ਕਰਨ ਵਾਲੇ ਜੋਗੀ, ਯੋਗ ਸਾਧਨਾ ਵਿਚ ਪ੍ਰਬੀਨ ਹੋ ਕੇ ਰਿਧੀਆਂ ਸਿਧੀਆਂ (ਕਰਾਮਾਤੀ ਤਾਕਤਾਂ) ਦੀ ਹੀ ਚਾਹਨਾ ਰੱਖਦੇ ਹਨ। ਇਸ ਲਈ ਉਹਨਾਂ ਦੇ ਪਰਮਾਤਮਾ ਮੇਲ ਲਈ ਕੀਤੇ ਯਤਨ ਇਵੇਂ ਹਨ ਜਿਵੇਂ ਸਮੁੰਦਰ ਦੇ ਕਿਨਾਰੇ ਤੇ ਬੱਚੇ ਰੇਤ ਦੇ ਘਰ ਉਸਾਰਦੇ ਹਨ, ਪਰ ਸਮੁੰਦਰ ਦੀ ਲਹਿਰ ਆਉਣ ਤੇ ਉਹ ਘਰ ਕਿਣਕਾ ਕਿਣਕਾ ਹੋਕੇ ਢਹਿ-ਢੇਰੀ ਹੋ ਜਾਂਦੇ ਹਨ।[56]

ਗੁਰੂ ਰਾਮਦਾਸ ਜੀ ਮੂਰਤੀ ਪੂਜਾ ਅਤੇ ਮੜ੍ਹੀਆਂ ਦੀ ਪੂਜਾ ਕਰਨ ਵਾਲੇ ਲੋਕਾਂ ਨੂੰ ਭਟਕਣਾ ਕਾਰਨ ਕੁਰਾਹੇ ਪਏ ਅਤੇ ਆਤਮਕ ਜੀਵਨ ਵਲੋਂ ਅੰਨ੍ਹੇ ਕਰਾਰ ਦਿੰਦੇ ਹਨ:-

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥3॥
(ਰਾਗ ਮਲਾਰ, ਆਦਿ ਗ੍ਰੰਥ, ਪੰ. 1264)

ਉਨ੍ਹਾਂ ਦਾ ਮਤ ਹੈ ਕਿ ਮਨੁੱਖ ਹਉਮੈ ਦੇ ਕਾਰਣ ਹੀ ਪਰਮਾਤਮਾ ਨਾਲੋਂ ਵਿਛੁੜਿਆ ਰਹਿੰਦਾ ਹੈ। ਆਪਣੇ ਅੰਦਰ ਵਿਦਮਾਨ ਜੋਤਿ ਨੂੰ ਨਹੀਂ ਪਛਾਣਦਾ। ਹਉਮੈ ਕਰਕੇ ਮਾਇਆ ਦੇ ਅਸਰ ਅਧੀਨ ਅਹੰਕਾਰ ਆਦਿ ਕਾਰਣ ਉਸਦਾ ਮਨ ਭਟਕਣ ਵਿਚ ਰਹਿੰਦਾ ਹੈ। ਉਹ ਮਾਇਆ ਅਤੇ ਅਸਤਿ ਦੇ ਰਸਤੇ ਤੇ ਚਲਕੇ ਆਤਮਕ ਸੋਝੀ ਲਈ ਮਿਲੇ ਹੋਏ ਮਨੁੱਖੀ ਜੀਵਨ ਦੇ ਅਵਸਰ ਨੂੰ ਗਵਾ ਲੈਂਦਾ ਹੈ। ਗੁਰੂ ਰਾਮਦਾਸ ਜੀ ਅਜੇਹੇ ਮਨੁੱਖ ਦੇ ਕਰਮਾਂ ਕਰਕੇ ਉਸਨੂੰ ਮਨਮੁਖ ਦੀ ਸੰਗਿਆ ਦਿੰਦੇ ਹਨ।[57]

---

56.(ੳ) ਆਸਣ ਸਿਧ ਸਿਖਹਿ ਬਹੁਤੇਰੇ ਮਨ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)
(ਅ) ਮਨ ਹਠ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ॥ (ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ.86)
(ੲ) ਮਨ ਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ॥ 7॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

57.(ੳ) ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿਰਾਮ ਜੀਉ॥
(ਰਾਗ ਸੂਹੀ, ਆਦਿ ਗ੍ਰੰਥ, ਪੰ.773)
(ਅ) ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ.[illegible]
(ੲ) ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖ ਚਾਖਾ॥ 2॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ.696)
(ਸ) ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਤਾਨੇ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰਨੇ 538-39)
(ਹ) ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕ ਮੋਹਿ ਪਚਾਨੇ॥ 3॥ (ਰਾਗ ਗਉੜੀ, ਆਦਿ ਗ੍ਰੰਥ, ਪੰ.169-70)
(ਕ) ਮਨਮੁਖ ਕਰਮ ਕਰੈ ਅਹੰਕਾਰੀ॥
ਜੂਐ ਜਨਮ ਸਭ ਬਾਜੀ ਹਾਰੀ॥ (ਰਾਗ ਮਾਝ, ਆਦਿ ਗ੍ਰੰਥ, ਪੰ. 1310)
(ਖ) ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ॥
ਰਾਗ ਬਿਹਾਗੜਾ ਆਦਿ [illegible] 5

ਗੁਰੂ ਰਾਮਦਾਸ ਜੀ ਅਨੁਸਾਰ ਅਜੇਹੇ ਜੀਵ ਹੀ ਪਰਮਾਤਮਾ ਦੀ ਰਜ਼ਾ ਅਨੁਸਾਰ ਆਵਾਗਵਨ ਵਿਚ ਪਏ ਰਹਿੰਦੇ ਹਨ; ਜਿਵੇਂ ਪਾਣੀ ਵਿਚ ਪਿਆ ਕਾਗਜ਼ ਗਲ ਜਾਂਦਾ ਹੈ, ਤਿਵੇਂ ਇਹ ਜੀਵ ਪਰਮਾਤਮਾ ਦੇ ਪ੍ਰੇਮ ਤੋਂ ਸੱਖਣੇ 'ਆਵਾਗਵਨ' ਵਿਚ ਗਲ ਜਾਂਦੇ ਹਨ। ਅਜੇਹੇ ਮਨੁੱਖਾਂ ਦਾ ਆਤਮਕ-ਰੋਗ ਮੰਤਰਾਂ ਦਾ ਜਾਪ, ਧੂਣੀਆਂ ਦਾ ਤਪਾਣਾ ਅਤੇ ਤਪ ਆਦਿ, ਕਸ਼ਟ ਦੇਣ ਵਾਲੇ ਸਾਧਨ ਕਰਨ ਤੇ ਵੀ ਦੂਰ ਨਹੀਂ ਹੁੰਦਾ। ਮਨ ਅੰਦਰ ਹਉਮੈ ਰਹਿੰਦੀ ਹੈ। ਦੁਨਿਆਵੀ ਸੂਝ ਦਾ ਮਾਣ ਟਿਕਿਆ ਰਹਿੰਦਾ ਹੈ। ਅਜੇਹੇ ਮਨੁੱਖ ਜਿਮ-ਜਾਲ ਵਿਚ ਇਵੇਂ ਫਸੇ ਰਹਿੰਦੇ ਹਨ ਜਿਵੇਂ ਚੋਗੇ ਦੇ ਲਾਲਚ ਵਿਚ ਪੰਛੀ ਆਪਣੇ ਆਪ ਨੂੰ ਜਾਲ ਵਿਚ ਫਸਾ ਲੈਂਦਾ ਹੈ। ਇਸੇ ਲਈ ਅਜੇਹੇ ਜੀਵ, ਮਨੁੱਖੀ ਜ਼ਿੰਦਗੀ ਨੂੰ ਆਤਮਕ-ਪਥ ਉਤੇ ਪਾਉਣ ਤੋਂ ਬਿਨਾ ਵਿਅਰਥ ਗਵਾ ਲੈਂਦੇ ਹਨ।[58] ਪੂਰਵ ਚਰਚਿਤ ਧਾਰਮਕ ਕਰਮ-ਕਾਂਡਾਂ ਨਾਲ ਹਉਮੈ ਦੀ ਨਵਿਰਤੀ ਨਹੀਂ ਹੁੰਦੀ ਸਗੋਂ ਜੀਵ-ਆਤਮਾ ਅਤੇ ਪਰਮਾਤਮਾ ਦੀ ਵਿੱਥ ਕਾਇਮ ਰਹਿੰਦੀ ਹੈ। ਇਸ ਲਈ ਗੁਰੂ ਰਾਮਦਾਸ ਜੀ ਨੇ ਹਉਮੈ ਦੇ ਵਿਨਾਸ਼ ਤੇ ਜ਼ੋਰ ਦਿੱਤਾ ਹੈ।

## 4. ਪਰਮਾਤਮਾ-ਮੇਲ ਦਾ ਰਸਤਾ:

### (ੳ) ਹਉਮੈ ਦਾ ਨਾਸ਼:

ਗੁਰੂ ਰਾਮਦਾਸ ਜੀ ਅਨੁਸਾਰ ਸਾਰੀ ਸ੍ਰਿਸ਼ਟੀ ਉਸਦੇ ਹੁਕਮ (ਨੇਮ) ਅਧੀਨ ਚਲ ਰਹੀ ਹੈ। ਸ੍ਰਿਸ਼ਟੀ ਦੇ ਕਾਰਜ-ਕਾਰਣਾਂ ਦਾ ਜ਼ਿੰਮੇਵਾਰ ਉਹ ਪਰਮ-ਸੱਤਾ ਆਪ ਹੀ ਹੈ।[59] ਸ੍ਰਿਸ਼ਟੀ ਦਾ ਇਹ ਰੂਪ

---

58.(ੳ) ਮਨਮੁਖ ਗਰਭ ਜੂਨੀ ਨਿਤ ਪਉਦਾ ਜੀਉ ॥3॥ (ਰਾਗ ਮਾਝ, ਆਦਿ ਗ੍ਰੰਥ, ਪੰ. 95)

(ਅ) ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥2॥ (ਰਾਗ ਆਸਾ, ਆਦਿ ਗ੍ਰੰਥ, ਪੰ.450)

(ੲ) ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਵੈ ॥3॥
(ਰਾਗ ਗਉੜੀ, ਆਦਿ ਗ੍ਰੰਥ, ਪੰ. 171)

(ਸ) ਜਪ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 732)

(ਹ) ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥
ਜਮਿ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥
(ਰਾਗ ਸੂਹੀ, ਆਦਿ ਗ੍ਰੰਥ, ਪੰ.775)

(ਕ) ਜਿਉ ਪੰਖੀ ਕਪੋਤਿ ਆਪੁ ਬੰਨਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰਨੇ 538-39)

59.(ੳ) ਸਭ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥
(ਰਾਗ ਆਸਾ, ਆਦਿ ਗ੍ਰੰਥ, ਪੰ. 448)

(ਅ) ਜਗੰਨਾਥ ਜਗਦੀਸੁਰ ਕਰਤੇ ਸਭਿ ਵਸਗਤਿ ਹੈ ਹਰਿ ਕੇਰੀ ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 170)

(ੲ) ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹਾ ॥ (ਬਿਹਾਗੜਾ ਕੀ ਵਾਰ, ਆਦਿ ਗ੍ਰੰਥ, ਪੰ.556)

ਉਸਦਾ ਸਤਿ-ਸਰੂਪ ਹੁੰਦਿਆਂ ਵੀ ਉਸਦੀ ਪੈਦਾ ਕੀਤੀ 'ਹਉਮੈ' ਕਰਕੇ ਮਨੁੱਖ ਨੂੰ ਸਮਝ ਵਿਚ ਨਹੀਂ ਆਉਂਦਾ 'ਹਉਮੈ' ਦੇ ਕਾਰਣ ਹੀ ਜੀਵ-ਆਤਮਾ ਪਰਮਾਤਮਾ ਨਾਲੋਂ ਵਿਛੁੜੀ ਰਹਿੰਦੀ ਹੈ:-

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1263)

ਗੁਰੂ ਰਾਮਦਾਸ ਜੀ ਅਨੁਸਾਰ ਜੀਵ-ਆਤਮਾ ਪਰਮਾਤਮਾ ਨਾਲੋਂ ਹਉਮੈ ਤੇ ਮਮਤਾ (ਜੋ ਮਾਇਆ ਦੇ ਰੂਪ ਹਨ) ਕਾਰਣ ਵਿਛੁੜੀ ਰਹਿੰਦੀ ਹੈ। ਇਸੇ ਕਰਕੇ ਅਗਿਆਨਤਾ, ਭਰਮ, ਦੁੱਖ ਆਦਿ ਦਾ ਪਰਦਾ ਆਤਮਾ ਤੇ ਪਰਮਾਤਮਾ ਦਰਮਿਆਨ ਪਿਆ ਰਹਿੰਦਾ ਹੈ:-

ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚ ਪੜਦਾ ਦੂਰਿ ਪਈਆਸਿ॥

(ਰਾਗ ਸਿਰੀ ਰਾਗੁ, ਆਦਿ ਗ੍ਰੰਥ, ਪੰ.40)

ਜੀਵ ਆਤਮਾ ਇਸ ਜਗਤ ਦੇ ਵਿਸ਼ਿਆਂ ਦੀ ਭੋਗਤਾ ਹੋਣ ਦੇ ਕਾਰਣ ਮਾਇਆ ਦੇ ਅਧੀਨ, ਮੋਹ-ਜਾਲ ਵਿਚ ਸੰਲਗਨ ਹੋ ਕੇ ਅਗਿਆਨਤਾ ਦੀ ਧਾਰਣੀ ਰਹਿੰਦੀ ਹੈ ਅਤੇ ਬੰਧਨ-ਯੁਕਤ ਜੀਵਨ ਬਿਤਾਂਦੀ ਹੈ।[60] ਅਧਿਆਤਮਕ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਦਾ ਬੰਧਨਾਂ ਤੋਂ ਮੁਕਤ ਹੋਣਾ, ਦੂਜੇ ਸ਼ਬਦਾਂ ਵਿਚ ਸੰਸਾਰ ਦੀਆਂ ਦਵੰਧਤਾਵਾਂ ਤੋਂ ਉਪਰ ਉਠਣਾ ਹੀ ਜੀਵਨ ਦਾ ਪਰਮ-ਲਕਸ਼ ਹੈ। ਜੀਵਾਤਮਾ ਦਾ ਪਰਮਾਤਮਾ ਵਿਚ ਲੀਨ ਹੋਣਾ ਹੀ ਮਨੁੱਖੀ ਜ਼ਿੰਦਗੀ ਦਾ ਮੂਲ ਮਨੋਰਥ ਹੈ ਅਤੇ ਅਭੇਦ-ਬੋਧ ਦੀ ਇਹ ਭਾਵਨਾ ਹੀ ਧਰਮ ਦਾ ਪ੍ਰਾਣ ਹੈ।[61] ਅੰਤਰਮੁਖੀ ਰਹੱਸਵਾਦ ਨੂੰ ਪਰਮ-ਸੱਤਾ ਦੇ ਨਾਲ ਇਸ ਏਕਤਾ (ਲੀਨਤਾ) ਸਥਾਪਤ ਕਰਨ ਨੂੰ ਹੀ 'ਕਲਾ' ਕਹਿੰਦੀ ਹੈ।[62] ਪਰਮ-ਸੱਤਾ (ਪਰਮਾਤਮਾ) ਮਨੁੱਖੀ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ।

ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਇਹ ਕਲਾ ਆਵੇ ਕਿਵੇਂ ? ਇਸ ਦਾ ਉੱਤਰ ਗੁਰੂ ਰਾਮਦਾਸ ਵਰਗੇ ਰਹੱਸਵਾਦੀ ਕਵੀ ਹੀ ਦੇ ਸਕਦੇ ਹਨ:-

ਜਿਸ ਕਾਰਣਿ ਹਉ ਢੂਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ॥

ਏਕ ਦ੍ਰਿਸਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ.572)

ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੀ ਜੋਤਿ ਨੂੰ ਆਪਣੇ ਅੰਦਰ ਪਛਾਣਿਆ ਅਤੇ ਜੀਵਨ ਦਾ ਇਹ ਤੱਤ ਪ੍ਰਗਟਾਇਆ ਕਿ ਜੇ ਜੀਵ ਮਨ ਅਤੇ ਹਿਰਦੇ ਵਿਚ ਖੋਜ ਭਾਲ ਕਰੇ, ਬਿਬੇਕ ਰਾਹੀਂ ਵਿਚਾਰੇ, ਤਾਂ ਉਸਨੂੰ ਮਾਲੂਮ ਹੋ ਜਾਏਗਾ ਕਿ ਇਹ ਸਰੀਰ ਹੀ ਪਰਮਾਤਮਾ ਦਾ ਰੰਗ ਮਹਲ ਹੈ ਅਤੇ

---

60. ਸਰਨਾਮ ਸਿੰਘ ਸ਼ਰਮਾ ਅਰੁਣ (ਡਾ:) ਹਿੰਦੀ ਸਾਹਿਤਯ ਪਰ ਸੰਸਕ੍ਰਿਤ ਸਾਹਿਤਯ ਕਾ ਪ੍ਰਭਾਵ, (ਇਲਾਹਾਬਾਦ, 1952), ਪੰ. 199.

61. ਰਾਮ ਨਾਰਾਇਣ ਪਾਂਡੇ, (ਡਾ.), ਭਕਤੀ ਕਾਵਯ ਮੇਂ ਰਹੱਸਵਾਦ, ਪੰ. 9.

62. ਦੇਖੋ, ਉਹੀ, ਪੰ. 12.

ਅਤੇ ਉਹ ਹਿਰਦੇ ਵਿਚ ਨਿਵਾਸ ਕਰਦਾ ਹੈ। ਜਦ ਜੀਵ-ਆਤਮਾ ਇਸ ਪਰਮ-ਸਤਿ ਨੂੰ ਜਾਣ ਜਾਂਦੀ ਹੈ, ਫਿਰ ਉਹ ਸਮਝ ਜਾਂਦੀ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਪਰਮਾਤਮਾ ਦੀ ਜੋਤਿ ਹੀ ਵਸ ਰਹੀ ਹੈ।[63]

ਗੁਰੂ ਰਾਮਦਾਸ ਜੀ ਬ੍ਰਹਿਮੰਡ ਦੀ ਪ੍ਰਕਿਰਤੀ ਨੂੰ ਸਮਝਣ ਵਾਲੇ ਗੁਰੂ ਕਵੀ ਹਨ। ਉਨ੍ਹਾਂ ਅਨੁਸਾਰ ਪਰਮ-ਸੱਤਾ ਸੂਰਜ ਦੀ ਰੋਸ਼ਨੀ ਵਾਂਗ ਸਭ ਥਾਂ ਵਿਆਪਕ ਹੈ।[64] ਸਾਰੇ ਭੌਤਿਕ ਸਰੀਰ ਸਮਾਨ ਤੱਤਾਂ ਦੇ ਹੀ ਬਣੇ ਹਨ। ਇਕੋ ਹੀ ਸੁਆਸ ਅਤੇ ਇਕ ਹੀ ਰੱਬੀ ਜੋਤਿ ਹੈ। ਜਦ ਇਹ ਅਨੁਭੂਤੀ ਗੁਰੂ ਰਾਮਦਾਸ ਜੀ ਵਰਗੇ ਅਗੰਮੀ ਕਵੀ ਨੂੰ ਹੁੰਦੀ ਹੈ ਤਾਂ ਆਪ-ਮੁਹਾਰੇ ਸ਼ਬਦ ਉਸ ਅਰੂਪ ਤੱਤ੍ਵ ਦਾ ਪ੍ਰਤੀਕੀਕਰਨ ਕਰ ਦਿੰਦੇ ਹਨ:—

ਜਹ ਜਹ ਦੇਖਾ ਤਹ ਤਹ ਸੁਆਮੀ
ਤੂੰ ਘਟਿ ਘਟਿ ਰਵਿਆ ਅੰਤਰਜਾਮੀ॥ (ਰਾਗ ਮਾਝ, ਆਦਿ ਗ੍ਰੰਥ, ਪੰ. 96)

ਗੁਰੂ ਰਾਮਦਾਸ ਜੀ ਅਨੁਭੂਤੀ ਦੇ ਉਸ ਪਰਮ-ਗਿਆਨ ਨੂੰ ਨਿਮਨਲਿਖਤ ਸ਼ਬਦਾਂ ਵਿਚ ਅੰਕਿਤ ਕਰਦੇ ਹਨ:—

ਸਭ ਘਟ ਤੇਰੇ ਤੂ ਸਭਨਾ ਮਾਹਿ॥
ਤੁਝ ਤੇ ਬਾਹਰਿ ਕੋਈ ਨਾਹਿ॥2॥ (ਰਾਗ ਭੈਰਉ, ਆਦਿ ਗ੍ਰੰਥ, ਪੰ. 1134)

---

63. (ੳ) ਮੈ ਮਨੁ ਤਨੁ ਖੋਜਿ ਖੋਜੇਂਦਿਆ ਸੋ ਪ੍ਰਭੁ ਲਧਾ ਲੋੜਿ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 313)

(ਅ) ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ॥ (ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1318)

(ੲ) ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 983)

(ਸ) ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 977)

(ਹ) ਘਟਿ ਘਟਿ ਰਮਈਆ ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ॥
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1336)

(ਕ) ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲਿ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲਿ॥
(ਰਾਗ ਗਉੜੀ, ਆਦਿ ਗ੍ਰੰਥ, ਪੰਨੇ 168-69)

64. (ੳ) ਜਿਉ ਪਸਰੀ ਸੂਰਜ ਕਿਰਣਿ ਜੋਤਿ
ਜਿਉ ਘਟਿ ਘਟਿ ਰਮਈਆ ਓਤਿ ਪੋਤਿ॥੧॥ (ਰਾਗ ਬਸੰਤ, ਆਦਿ ਗ੍ਰੰਥ, ਪੰ. 1177)

(ਅ) ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਰਾਮ ਰਵੀਜੈ............॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1326)

ਗੁਰੂ ਰਾਮਦਾਸ ਜੀ ਅਨੁਸਾਰ ਸ੍ਰਿਸ਼ਟੀ ਵਿਚ ਉਤਪੰਨ ਹੋਈਆਂ ਚੀਜ਼ਾਂ ਦਾ ਅਸਥਿਰ ਤੌਰ ਹੀ ਸਤਿ-ਸਰੂਪ ਪਰਮਾਤਮਾ ਦੀ ਹੋਂਦ ਦਾ ਲਖਾਇਕ ਹੈ।[65] ਗੁਰੂ ਰਾਮਦਾਸ ਜੀ ਪਰਮ-ਸੱਤਾ ਨੂੰ ਹੀ ਮਨੁੱਖੀ ਜੀਵਨ ਦੀ ਇਕੋ ਇਕ ਅਸਲੀਅਤ ਸਮਝਦੇ ਹਨ ਕਿਉਂਕਿ ਜਿਸਤਰ੍ਹਾਂ ਦਰਿਆ ਦੀਆਂ ਲਹਿਰਾਂ ਹੀ ਦਰਿਆ ਵਿਚ ਸਮਾ ਜਾਂਦੀਆਂ ਹਨ, ਉਸ ਤਰ੍ਹਾਂ ਸ੍ਰਿਸ਼ਟੀ ਨੇ ਉਸ ਪਰਮ ਸੱਤਾ (ਬ੍ਰਹਮ) ਵਿਚ ਸਮਾ ਜਾਣਾ ਹੈ।[66]

<u>(ਅ) ਹੁਕਮ (ਨੇਮ) ਦੀ ਪਹਿਚਾਨ:</u>

ਹਉਮੈ ਦਾ ਨਾਸ਼ ਇਕ ਅਧਿਆਤਮ ਪਾਂਧੀ ਲਈ ਪਹਿਲੀ ਸ਼ਰਤ ਬਣ ਜਾਂਦਾ ਹੈ। ਇਸਨੂੰ ਪ੍ਰਾਪਤ 'ਹੁਕਮ' ਦੀ ਪਹਿਚਾਨ ਰਾਹੀਂ ਹੀ ਕੀਤਾ ਜਾ ਸਕਦਾ ਹੈ।[67] ਗੁਰੂ ਰਾਮਦਾਸ ਜੀ ਅਨੁਸਾਰ ਸੱਚ ਦੀ ਪ੍ਰਾਪਤੀ ਪਰਮਾਤਮਾ ਦੇ ਹੁਕਮ ਦੀ ਪਹਿਚਾਨ ਰਾਹੀਂ ਹੀ ਆਉਂਦੀ ਹੈ। ਉਸਦੇ ਹੁਕਮ ਦੀ ਪਹਿਚਾਨ ਉਸਦੀ ਰਜ਼ਾ ਅਨੁਸਾਰ ਚਲਣ ਵਿਚ ਹੀ ਆਉਂਦੀ ਹੈ। ਇਹ ਪਹਿਚਾਨ ਹਉਮੈ ਨੂੰ ਨਾਸ਼ ਕਰਕੇ ਆਉਂਦੀ ਹੈ।[68] ਗੁਰੂ ਰਾਮਦਾਸ ਜੀ ਦੇ ਕਥਨ ਅਨੁਸਾਰ ਪਰਮਾਤਮਾ ਦੇ ਮੇਲ ਲਈ ਅਭਿਲਾਸ਼ੀ ਜੀਵ-ਆਤਮਾ ਜੀਵਨ ਦੇ ਹਉਮੈ ਸਮੁੰਦਰ ਨੂੰ ਲੰਘ ਕੇ ਆਪਣਾ ਨਾਤਾ ਪਰਮਾਤਮਾ ਨਾਲ ਜੋੜਦੀ ਹੈ:—

ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 845)

ਹੁਕਮ ਦੀ ਪਹਿਚਾਨ ਲਈ ਗੁਰੂ ਰਾਮਦਾਸ ਅਨੁਸਾਰ ਹੋਰ ਮਹੱਤਵਪੂਰਨ ਗੱਲ ਆਪੇ ਦਾ ਤਿਆਗ ਜਾਂ ਦੂਈ ਦੀ ਭਾਵਨਾ ਨੂੰ ਮਿਟਾਣ ਦਾ ਹੈ। ਇਸ ਲਈ ਸਾਧਕ ਨੂੰ ਹਰ ਕੁਰਬਾਨੀ ਕਰਨ ਲਈ ਆਪਣੇ ਆਪ ਨੂੰ ਤਿਆਰ ਰੱਖਣਾ ਪੈਂਦਾ ਹੈ।[69]

---

65. ਜਾ ਜਾਪੈ ਕਿਛੁ ਕਿਥਾਊ ਨਾਹੀ॥
ਤਾ ਕਰਤਾ ਭਰਪੂਰਿ ਸਮਾਹੀ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 1070)

66. (ੳ) ਤੂੰ ਦਰੀਆਉ ਸਭ ਤੁਝ ਹੀ ਮਾਹਿ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)
(ਅ) ਸਭ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ॥3॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ.670)

67. Rewan Singh (Dr.), <u>Mysticism of Guru Nanak</u>, Ph.D. Thesis, Chandigarh, P.U. 1973, p.222.

68. (ੳ) ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ.1244)
(ਅ) ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ॥3॥ (ਰਾਗ ਸੂਹੀ, ਆਦਿ ਗ੍ਰੰਥ, ਪੰ.774)

69. (ੳ) ਜੇ ਦੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚ ਸੁਖ ਮਨਾਈ॥3॥
ਤਨ ਮਨੁ ਕਾਇ ਕਾਟਿ ਸਭ ਅਰਪੀ ਵਿਚ ਅਗਨੀ ਆਪੁ ਜਲਾਈ॥4॥
(ਰਾਗ ਸੂਹੀ, ਆਦਿ ਗ੍ਰੰਥ, ਪੰ.757)
(ਅ) ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥
ਸਭੁ ਮਨੁ ਤਨੁ ਜੀਉ ਕਰਹੁ ਪ੍ਰਭ ਕਾਇਤੁ ਮਾਰਗਿ ਭੈਣੇ ਮਿਲੀਐ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 561)

(ਝ) ਪ੍ਰਭੂ-ਪ੍ਰੇਮ ਅਤੇ ਸ਼ਰਧਾ:

ਗੁਰੂ ਰਾਮਦਾਸ ਜੀ ਦੇ ਰਹੱਸਵਾਦੀ ਗਿਆਨ, ਦੇ ਦੋ ਪੱਖ ਹਨ, ਇਕ ਤਾਂ ਪ੍ਰਤੱਖ ਸੰਜੋਗ ਦਾ ਅਨੁਭਵ ਹੈ ਅਤੇ ਦੂਜਾ ਉਸ ਪਰਮ-ਸੱਤਾ ਵਿਚ ਲੀਨ ਹੋਣ ਦੀ ਭਾਵਨਾ ਹੈ ਜੋ ਉਚੇ ਅਧਿਆਤਮਕ ਮੰਜ਼ਲਾਂ ਦੀ ਗੱਲ ਹੈ। ਜੇ ਵੇਖਿਆ ਜਾਏ ਤਾਂ ਸਾਰੇ ਧਰਮਾਂ ਦਾ ਆਧਾਰ ਰੱਬ ਪ੍ਰਤੀ ਪ੍ਰੇਮ ਹੈ।[70] ਆਤਮਾ ਪਰਮਾਤਮਾ ਦੇ ਮੇਲ ਵਿਚ ਪ੍ਰੇਮ ਹੀ ਸਭ ਤੋਂ ਵਧ ਸਹਾਈ ਹੁੰਦਾ ਹੈ।[71] ਪ੍ਰੇਮ ਹੀ ਪਰਮਾਤਮਾ ਦੀ ਭਗਤੀ ਦਾ ਪ੍ਰਮੁੱਖ ਤੱਤ ਹੈ। ਪ੍ਰੇਮ ਤੋਂ ਬਗੈਰ ਭਗਤੀ ਹੋ ਹੀ ਨਹੀਂ ਸਕਦੀ।[72] ਪਰ ਪ੍ਰਭੂ-ਪ੍ਰੇਮ ਦੁਨਿਆਵੀ ਪਿਆਰ ਨਾਲੋਂ ਨਿਸਚੇ ਹੀ ਅਲੱਗ ਪੱਧਰ ਦਾ ਹੁੰਦਾ ਹੈ। ਮਨੁੱਖੀ ਪ੍ਰੇਮ ਜਿਥੇ ਕਈ ਵਾਰ ਈਰਖਾ ਅਤੇ ਵਿਰੋਧ ਦੀ ਭਾਵਨਾ ਦਾ ਸ੍ਰੋਤ ਬਣਦਾ ਹੈ, ਉਥੇ ਪ੍ਰਭੂ ਪ੍ਰੇਮ ਸਾਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲੈਣਾ ਚਾਹੁੰਦਾ ਹੈ।[73] ਪ੍ਰਭੂ-ਪ੍ਰੇਮ ਦਾ ਮੁਖ ਆਧਾਰ ਸ਼ਰਧਾ ਹੈ। ਸਵਾਮੀ ਵਿਵੇਕਾਨੰਦ ਦੇ ਸ਼ਬਦਾਂ ਵਿਚ ਰੱਬ ਪ੍ਰਤੀ ਡੂੰਘਾ ਵਿਸ਼ਵਾਸ ਅਤੇ ਉਸਦੇ ਮੇਲ ਦੀ ਤੀਬਰ ਇੱਛਾ ਹੀ ਸ਼ਰਧਾ ਹੈ।[74]

ਪਰਮਾਤਮ ਮੇਲ ਦੇ ਅਨੁਭਵ ਵਿਚ ਸ਼ਰਧਾ ਦਾ ਬੜਾ ਹਿੱਸਾ ਹੈ ਗੁਰੂ ਰਾਮਦਾਸ ਜੀ ਦਾ ਕਥਨ ਹੈ:

ਮੇਰੀ ਸਰਧਾ ਪੂਰਿ ਜਗਜੀਵਨ ਦਾਤੇ।

ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥ (ਰਾਗ ਮਾਝ, ਆਦਿ ਗ੍ਰੰਥ, ਪੰ. 95)

ਉਨ੍ਹਾਂ ਅਨੁਸਾਰ ਜਦ ਮਨੁੱਖ ਦੇ ਮਨ ਵਿਚ ਸ਼ਰਧਾ ਉਤਪੰਨ ਹੋ ਜਾਏ ਤਾਂ ਪਰਮਾਤਮਾ ਪ੍ਰਤੀ ਪ੍ਰੇਮ ਦਾ ਵਿਕਾਸ ਪੈਦਾ ਹੈ।[75]

ਗੁਰੂ ਰਾਮਦਾਸ ਜੀ ਦੇ ਰਹੱਸਵਾਦ ਦਾ ਮੁੱਖ ਆਧਾਰ ਪਰਮਾਤਮਾ ਪ੍ਰਤੀ ਪ੍ਰਤੀ ਪ੍ਰੇਮ ਹੈ, ਜੋ ਬਾਕੀ ਗੁਰੂ ਕਵੀਆਂ ਨਾਲੋਂ ਵਧੇਰੇ ਪ੍ਰਬਲ ਰੂਪ ਵਿਚ ਪ੍ਰਗਟ ਹੋਇਆ ਮਿਲਦਾ ਹੈ।[76] ਇਕ ਰਹੱਸਵਾਦੀ

---

70. S.N. Das Gupta, *Hindu Mysticism*, p. 130.

71. W.R. Inge, *Chiristian Mysticism* (London,1948),p.48.

72. ਰਾਮ ਮੂਰਤੀ ਤ੍ਰਿਪਾਠੀ,(ਡਾ:) *ਰਹੱਸਵਾਦ*, ਪੰ. 13.

73. ਰਾਮ ਨਾਰਾਇਣ ਪਾਂਡੇ(ਡਾ:) *ਭਕਤੀ ਕਾਵਯ ਮੇਂ ਰਹੱਸਯਵਾਦ*, ਪੰ. 12

74. Vivekananda (Swami) *Complete Works*, Vol. I, p. 407.

75. (ੳ) ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.836)
(ਅ) ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭ ਛੋਡਿ ਨ ਸਕੈ, ਬਹੁਤੁ ਮਨੁ ਭਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

76. ਤਾਰਨ ਸਿੰਘ (ਡਾ:), *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ*, (ਅੰਮ੍ਰਿਤਸਰ, 1963), ਪੰ. 87.

ਕਵੀ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਪ੍ਰੇਮ-ਧਾਰਾ ਅਬੋਧ ਰੂਪ ਵਿਚ ਵਹਿਣੀ ਚਾਹੀਦੀ ਹੈ। ਰਹੱਸਵਾਦ ਵਿਚ ਉਤਨੀ ਗਿਆਨ ਦੀ ਆਵਸ਼ਕਤਾ ਨਹੀਂ ਜਿਤਨੀ, ਪ੍ਰੇਮ ਦੀ। ਇਸ ਲਈ ਕਿਹਾ ਗਿਆ ਹੈ ਕਿ ਪਰਮਾਤਮਾ ਗਿਆਨ ਰਾਹੀਂ ਨਹੀਂ ਜਾਣਿਆ ਜਾਂਦਾ, ਪ੍ਰੇਮ ਰਾਹੀਂ ਵਸ ਵਿਚ ਕੀਤਾ ਜਾਂਦਾ ਹੈ।[77]

<u>(੧) ਪ੍ਰਭੂ-ਮੇਲ ਦੀ ਤੀਬਰ ਤਾਂਘ:</u>

ਪ੍ਰਭੂ-ਪ੍ਰੇਮ ਹੀ ਮੇਲ ਦੀ ਸਿੱਕ ਪੈਦਾ ਕਰਦਾ ਹੈ। ਗੁਰੂ ਰਾਮਦਾਸ ਅਨੁਸਾਰ ਪਰਮਾਤਮਾ ਆਪ ਹੀ ਮਨੁੱਖ ਨੂੰ ਇਹ ਸੂਝ ਦਿੰਦਾ ਹੈ ਤਾਂ ਉਹ ਅਧਿਆਤਮਕ ਜੀਵਨ ਦਾ ਪਾਂਧੀ ਬਣਦਾ ਹੈ। ਮਨੁੱਖ ਦੇ ਮਨ ਵਿਚ ਪਰਮਾਤਮਾ ਆਪ ਇਸ ਮੇਲ ਦੀ ਤਾਂਘ ਨੂੰ ਜਾਗ੍ਰਿਤ ਕਰਦਾ ਹੈ। ਇਸ ਤੀਬਰ ਤਾਂਘ ਦਾ ਹੋਣਾ ਬੜਾ ਮਹੱਤਵਪੂਰਣ ਹੈ, ਫਿਰ ਮੇਲ ਦੀ ਪ੍ਰਾਪਤੀ ਆਵਸ਼ਕ ਹੈ, ਕਿਉਂਕਿ ਉਸ ਤੋਂ ਉਰ੍ਹਾਂ ਮਨੁੱਖ ਦੇ ਮਨ ਦੀ ਨਾ ਤਾਂ ਤ੍ਰਿਸ਼ਨਾ ਖ਼ਤਮ ਹੁੰਦੀ ਹੈ, ਨਾ ਮਨ ਵਿਚ ਚੈਨ ਪੈਂਦਾ ਹੈ ਅਤੇ ਨਾ ਹੀ ਸ਼ਾਂਤੀ ਤੇ ਆਨੰਦ ਆਉਂਦਾ ਹੈ। ਪ੍ਰਭੂ-ਮੇਲ ਦੀ ਤਾਂਘ ਦੇ ਮੁਕਾਬਲੇ ਤੇ ਬਾਕੀ ਸਾਰੀਆਂ ਤਾਂਘਾਂ, ਆਸ਼ਾਵਾਂ, ਮਾਇਆਵੀ ਪ੍ਰਕਿਰਤੀ ਦੀਆਂ ਹਨ।[78] ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦੇ ਪ੍ਰੇਮ ਤੋਂ ਇਲਾਵਾ ਕਿਸੇ ਕਿਸਮ

---

77. ਰਾਮ ਕੁਮਾਰ ਵਰਮਾ (ਡਾ.), ਕਬੀਰ ਕਾ ਰਹੱਸਯਵਾਦ <u>ਕਬੀਰ</u>, ਸੰਪਾ. ਵਿਜੇਂਦਰ ਸਨਾਤਕ, (ਦਿੱਲੀ, 1965), ਪੰ. 91.

78. (ੳ) ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ॥
ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 644)

(ਅ) ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੈ॥
(ਰਾਗ ਨਟ, ਆਦਿ ਗ੍ਰੰਥ, ਪੰ. 975)

(ੲ) ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 170)

(ਸ) ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨ ਪਾਵਾ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 561)

(ਹ) ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠਿ ਬਿਨਸਿ ਸਭ ਜਾਈ॥
(ਰਾਗ ਗੋਂਡ, ਆਦਿ ਗ੍ਰੰਥ, ਪੰਨੇ 859-60)

(ਕ) ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 174)

(ਖ) ਮੈ ਵੇਦਨ ਪ੍ਰੇਮ ਹਰਿ ਬਿਰਹੁ ਲਗਾਈ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 175)

(ਗ) ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

(ਘ) ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥ (ਰਾਗ ਆਸਾ, ਆਦਿ ਗ੍ਰੰਥ, ਪੰ. 452)

(ਙ) ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ।
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1113)

ਦਾ ਪਿਆਰ, ਮੋਹ, ਲਗਾਉ, ਆਸ਼ਾਵਾਂ, ਤ੍ਰਿਸ਼ਨਾਵਾਂ, ਤੰਘ ਆਦਿ ਸਭ ਮਾਇਆ ਹਨ।[79]

(ਅ) ਵੈਰਾਗ:

ਧਿਆਨ ਯੋਗ ਗੱਲ ਇਹ ਹੈ ਕਿ ਯੋਗੀ ਆਦਿ ਸਾਧਕ ਇਸ ਵੈਰਾਗ ਦੀ ਪ੍ਰਾਪਤੀ ਲਈ ਦੁਨੀਆਂ ਦੇ ਤਿਆਗ ਤੇ ਜ਼ੋਰ ਦਿੰਦੇ ਹਨ। ਗੁਰੂ ਰਾਮਦਾਸ ਜੀ ਅਨੁਸਾਰ ਇਹ ਵੈਰਾਗ ਪਰਮਾਤਮ-ਮੇਲ ਦੀ ਤੀਬਰ ਅਨੁਭੂਤੀ ਤੋਂ ਪੈਦਾ ਹੁੰਦਾ ਹੈ।[80]

ਪ੍ਰੇਮ-ਭਗਤੀ ਵਿਚ ਬ੍ਰਿਹਾ ਦਾ ਵਿਸ਼ੇਸ਼ ਸਥਾਨ ਹੈ। ਨਾਰਦ ਨੇ ਭਗਤੀ ਵਿਚ ਬ੍ਰਿਹਾ ਨੂੰ ਜ਼ਰੂਰੀ ਮੰਨਿਆ ਹੈ। ਨਿਰਗੁਣ ਸੰਤਾਂ ਦੀ ਬਾਣੀ ਵਿਚ ਬ੍ਰਿਹਾ ਦੀ ਹੂਕ ਪ੍ਰਤੱਖ ਸੁਣਾਈ ਦਿੰਦੀ ਹੈ।[81] ਗੁਰੂ ਰਾਮਦਾਸ ਜੀ ਅਨੁਸਾਰ ਜੀਵ ਆਤਮਾ ਦੀ ਪਰਮਾਤਮਾ ਲਈ ਸਿੱਕ ਇਵੇਂ ਹੈ, ਜਿਵੇਂ ਇਕ ਭੌਰਾ ਫੁੱਲ ਤੋਂ ਬਿਨਾ ਨਹੀਂ ਰਹਿ ਸਕਦਾ, ਪਪੀਹਾ ਸਵਾਂਤੀ ਬੂੰਦ ਲਈ ਪੁਕਾਰਦਾ ਰਹਿੰਦਾ ਹੈ, ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ ਅਤੇ ਇਕ ਨਸ਼ਈ ਮਨੁੱਖ ਨਸ਼ੇ ਤੋਂ ਬਿਨਾ ਮਰਨ ਸਮਾਨ ਹੋ ਜਾਂਦਾ ਹੈ।[82]

---

79.(ੳ) ਹਰਿਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਬੁ॥2॥
(ਰਾਗ ਸੂਹੀ, ਆਦਿ ਗ੍ਰੰਥ, ਪੰ. 732)

(ਅ) ਹਉ ਹਰਿ ਪ੍ਰਭੁ ਛੋਡਿ ਦੂਜੈ ਲੋਭਾਣੀ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 561)

(ੲ) ਦੂਜੈ ਭਾਇ ਭਵਹਿ ਬਿਖੁ ਮਾਇਆ॥ (ਰਾਗ ਆਸਾ, ਆਦਿ ਗ੍ਰੰਥ, ਪੰ. 366)

80.(ੳ) ਹਮਰਾ ਮਨੁ ਬੈਰਾਗੁ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥
(ਰਾਗ ਆਸਾ, ਆਦਿ ਗ੍ਰੰਥ, ਪੰਨੇ 369-70)

(ਅ) ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ॥ (ਰਾਗ ਆਸਾ, ਆਦਿ ਗ੍ਰੰਥ, ਪੰਨਾ 366)

81. ਕਰਤਾਰ ਸਿੰਘ ਸੂਰੀ (ਡਾ:) ਗੁਰੂ ਅਰਜਨ ਤੇ ਸੰਤ ਦਾਦੂ ਦਿਆਲ,(ਚੰਡੀਗੜ੍ਹ,1969(,ਪੰ.218)

82.ੳ) ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥੧॥
(ਰਾਗ ਆਸਾ, ਆਦਿ ਗ੍ਰੰਥ, ਪੰ. 370)

(ਅ) ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੁੜੀਏ ਜਿਉ ਚਾਤ੍ਰਿਕ ਜਲੁ ਬਿਨੁ ਟੇਰੇ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

(ੲ) ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ॥ ਰਹਾਉ॥
(ਰਾਗ ਆਸਾ, ਆਦਿ ਗ੍ਰੰਥ, ਪੰ. 368)

(ਸ) ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

ਇਹੀ ਹਾਲਤ ਇਕ ਜੀਵ ਦੀ ਪ੍ਰਮਾਤਮਾ ਲਈ ਮਿਲਣ ਦੀ ਤਾਂਘ ਉਤਪੰਨਹੋਣ ਤੇ ਹੁੰਦੀਹੈ।[83]

(ੲ) ਭਉ:

ਗੁਰੂ ਰਾਮਦਾਸ ਜੀ ਅਨੁਸਾਰ ਪ੍ਰਭੂ - ਪ੍ਰੇਮ ਪਰਮਾਤਮਾ ਲਈ ਡਰ ਤੋਂ ਬਿਨਾ ਸੰਭਵ ਨਹੀਂ। ਅਸਲ ਵਿਚ ਉਸ, ਅਸੀਮ, ਵਿਸ਼ਾਲ ਅਤੇ ਚਰਮ ਪਰਮ-ਸੱਤਾ ਲਈ ਡਰ ਅਤੇ ਸ਼ਰਧਾ ਉਸਦੀ(ਪਰਮਾਤਮਾ) ਆਪਣੀ ਮਿਹਰ ਸਦਕਾ ਮਨੁੱਖ ਅੰਦਰ ਪੈਦਾ ਹੁੰਦੀ ਹੈ। ਇਕ ਮਨੁੱਖ ਨੂੰ, ਪਰਮਾਤਮਾ ਲਈ ਇਹ ਡਰ ਅਤੇ ਸ਼ਰਧਾ, ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਜਹਾਜ਼ ਦਾ ਕੰਮ ਦਿੰਦੇ ਹਨ।[84]

(ਸ) ਸੇਵਾ:

ਸਗੁਣ ਭਗਤੀ ਵਿਚ ਚਰਣ-ਕਮਲਾਂ ਦੀ ਸੇਵਾ ਤੇ ਅਧਿਕ ਜ਼ੋਰ ਦਿਤਾ ਜਾਂਦਾ ਹੈ। ਪਰ ਗੁਰੂ ਰਾਮਦਾਸ ਜੀ ਨਿਰਗੁਣ-ਮਾਰਗ ਦੇ ਪਾਂਧੀ ਸਨ। ਉਨ੍ਹਾਂ ਅਨੁਸਾਰ ਮਨੁੱਖ ਦੀ ਪਰਮਾਤਮਾ ਲਈ ਆਪਾ ਵਾਰ ਦੇਣ ਦੀ ਭਾਵਨਾ ਤੋਂ ਹੀ ਸੇਵਾ ਦੀ ਭਾਵਨਾ ਜਾਗਦੀ ਹੈ, ਜੋ ਭਗਤੀ ਦੇ ਤੁੱਲ ਹੈ। ਇਸ ਲਈ ਉਨ੍ਹਾਂ ਦੇ ਕਾਵਿ ਵਿਚ ਸੇਵਾ, ਸਿਮਰਨ ਦੇ ਅਰਥਾਂ ਵਿਚ ਪ੍ਰਗਟ ਹੋਈ ਮਿਲਦੀ ਹੈ।[85] ਇਹ ਸੇਵਾ ਭਾਵਨਾ ਸਗੁਣ ਭਗਤੀ ਤੋਂ ਭਿੰਨ ਹੈ, ਕਿਉਂਕਿ ਸਗੁਣ ਭਗਤੀ ਵਿਚ ਇਸ ਦਾ ਅਧਿਕਾਰ ਸਿਰਫ ਗੋਪੀਆਂ ਅਤੇ ਹਨੂੰਮਾਨ ਨੂੰ ਪ੍ਰਾਪਤ ਹੈ। ਨਿਰਗੁਣ ਭਗਤੀ ਵਿਚ ਬ੍ਰਹਮ ਦੇ ਚਰਨਾਂ ਦਾ ਧਿਆਨ ਅਤੇ ਭਜਨ ਹੀ ਸ਼ਾਮਲ ਹਨ।[86]

(ਹ) ਨਾਮ

(1) ਨਾਮ ਦੀ ਤਾਂਘ: ਗੁਰੂ ਰਾਮਦਾਸ ਜੀ ਅਨੁਸਾਰ ਜੀਵ-ਆਤਮਾ ਦੀ ਪਰਮਾਤਮਾ -ਮੇਲ ਲਈ ਤਾਂਘ ਹੀ ਅਸਲ ਵਿਚ ਉਸਦੇ ਨਾਮ ਲਈ ਤਾਂਘ ਜਾਂ ਸਿੱਕ ਹੈ ਕਿਉਂਕਿ ਪਰਮਾਤਮਾ ਦਾ ਨਾਮ ਹੀ ਆਤਮਕ ਜੀਵਨ ਪ੍ਰਦਾਨ ਕਰਦਾ ਹੈ। ਇਕ ਅਧਿਆਤਮਵਾਦੀ ਸਿਫ਼ਤਿ-ਸਾਲਾਹ ਅਤੇ ਨਾਮ ਜਪਣ ਤੋਂ ਬਿਨਾ ਨਹੀਂ ਰਹਿ

---

83. (ੳ) ਜਿਨ੍ਹਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਹਿ ਪਿਰੀ ਵਿਹੂਣਿਆ॥
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1422)
(ਅ) ਅੰਤਰਿ ਪਿਰੀ ਪਿਆਰ ਕਿਉ ਪਿਰ ਬਿਨੁ ਜੀਵੀਐ ਰਾਮ॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ.1115)

84. (ੳ) ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1116)
(ਅ) ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1116)

85. (ੳ) ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 170)
(ਅ) ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੈ॥
(ਰਾਗ ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 311)

86. ਕਰਤਾਰ ਸਿੰਘ ਸੂਰੀ(ਡਾ:) ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰ. 218.

ਸਕਦਾ। ਗੁਰੂ ਰਾਮਦਾਸ ਜੀ ਨਾਮ ਦੀ ਇਸ ਤਾਂਘ ਨੂੰ ਪਪੀਹਾ, ਮੱਛੀ ਹੰਸ, ਅਤੇ ਨਸ਼ਈ ਮਨੁੱਖ ਦੇ ਪ੍ਰਤੀਕਾਂ[87] ਰਾਹੀਂ ਪ੍ਰਗਟ ਕਰਦੇ ਹਨ।

(ਅ) <u>ਗੁਣ-ਗਾਇਣ</u>: ਪਰਮਾਤਮਾ ਦੇ ਜਸ, ਕੀਰਤੀ ਜਾਂ ਸਿਫ਼ਤਿ-ਸਾਲਾਹ ਕਰਨ ਦੇ ਦੋ ਢੰਗ ਹਨ:-

1. ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਨਾ।

2. ਉਸ ਦੇ ਗੁਣਾਂ ਨੂੰ ਸ੍ਰਵਣ ਕਰਨਾ।

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦੇ ਸਿਫ਼ਤਿ-ਸਾਲਾਹ ਜਾਂ ਉਸ ਦੇ ਗੁਣਾਂ ਦਾ ਗਾਇਣ ਹੀ ਸਭ ਤੋਂ ਉਚਾ ਦਰਜਾ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਸਾਰੇ ਗਾਂਦੇ ਆਏ ਹਨ। ਜੇ ਬ੍ਰਹਮੰਡ ਵਲ ਧਿਆਨ ਮਾਰੀਏ ਤਾਂ ਪਰਮਾਤਮਾ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵੀ ਉਸਦੇ ਹੀ ਗੁਣ ਗਾ ਰਹੀ ਪ੍ਰਤੀਤ ਹੁੰਦੀ ਹੈ। ਬ੍ਰਹਮ ਦੇ ਨਿਰਗੁਣ ਰੂਪ ਨੂੰ ਵਿਚਾਰਦਿਆਂ ਹੋਇਆਂ ਗੁਰੂ ਰਾਮਦਾਸ ਜੀ ਦਾ ਇਹ ਕਥਨ ਹੈ ਕਿ ਪਰਮਾਤਮਾ ਦੇ ਗੁਣਾਂ ਦਾ ਅੰਤ ਢੂੰਡਿਆਂ ਵੀ ਨਹੀਂ ਮਿਲਦਾ, ਸਦਾ ਦਿਨ ਰਾਤ ਉਸ ਦੇ ਗੁਣਾਂ ਦਾ ਗਾਇਣ ਕਰਨ ਤੇ ਵੀ ਨਹੀਂ, ਕਿਉਂਕਿ ਪਰਮਾਤਮਾ ਦੇ ਗੁਣ-ਗਾਇਣ ਲਈ ਜੀਵ ਪਾਸ ਤਾਂ

---

87. (ੳ) ਮੈ ਹਰਿਨਾਮੈ ਹਰਿ ਬਿਰਹੁ ਲਗਾਈ ਜੀਉ॥
ਮੇਰਾ ਹਰਿ ਪ੍ਰਭੁ ਮਿਤ੍ਰੁ ਮਿਲੈ ਸੁਖੁ ਪਾਈ ਜੀਉ॥ ।(ਰਾਗ ਗਉੜੀ, ਆਦਿ ਗ੍ਰੰਥ, ਪੰ. 175)

(ਅ) ਮੇਰਾ ਬਿਰਹੀ ਨਾਮੁ ਮਿਲੈ ਤਾਂ ਜੀਵਾ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 175)

(ੲ) ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ।।
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ॥੧॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

(ਸ) ਜਿਉ ਚਾਤ੍ਰਿਕ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ.607)

(ਹ) ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ॥4॥3॥
(ਰਾਗ ਮਾਝ, ਆਦਿ ਗ੍ਰੰਥ, ਪੰ. 95)

(ਕ) ਬਿਨੁ ਹਰਿ ਨਾਮੁ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰਨੇ 844-45)

(ਖ) ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥੭॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 607)

(ਗ) ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ॥2॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

(ਘ) ਹਮਰੈ ਸ੍ਰਵਣ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ॥
ਜੈਸੇ ਹੰਸ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ॥੧॥
(ਰਾਗ ਆਸਾ, ਆਦਿ ਗ੍ਰੰਥ, ਪੰ. 369)

[illegible] ਇਕੱਲੀ ਜੀਭ ਹੈ, ਪਰ ਉਸਦੇ ਗੁਣ ਅਗੰਮ ਤੇ ਅਥਾਹ ਹਨ। ਪਰਮਾਤਮਾ ਗੁਣਾਂ ਦਾ ਐਸਾ ਸਮੁੰਦਰ ਹੈ, ਜਿਸ ਦੀ ਹਾਥ ਨਹੀਂ ਪੈ ਸਕਦੀ।[88]

ਗੁਰੂ ਰਾਮਦਾਸ ਜੀ ਦਾ ਵਿਚਾਰ ਹੈ ਕਿ ਮਨੁੱਖ ਤਾਂ ਇਸ ਸਮੁੰਦਰ ਵਿਚ ਮਾਨੋ ਮੱਛੀਆਂ ਹਨ, ਮੱਛੀ ਸਮੁੰਦਰ ਵਿਚ ਤਾਰੀਆਂ ਲਾਂਦੀ ਹੈ ਪਰ ਕਦੀ ਸਮੁੰਦਰ ਦੀ ਹਸਤੀ ਦਾ ਅੰਦਾਜ਼ਾ ਨਹੀਂ ਲਗਾ ਸਕਦੀ।[89] ਪਰਮਾਤਮਾ ਦੇ ਗੁਣਾਂ ਦਾ ਗਾਇਣ ਇਸ ਲਈ ਵੀ ਜ਼ਰੂਰੀ ਹੈ ਕਿ ਮਨੁੱਖ ਨੂੰ ਆਪਣੇ ਸਵੈ-ਸਰੂਪ ਦੀ ਪਹਿਚਾਣ ਅਤੇ ਪਰਮਾਤਮਾ ਦੇ ਅਗਮ, ਅਗਾਧ ਹੋਣ ਦੀ ਅਨੁਭੂਤੀ, ਉਸ ਦੇ ਗੁਣਾਂ ਦੇ ਗਾਇਣ ਰਾਹੀਂ ਹੀ ਹੋ ਸਕਦੀ ਹੈ। ਪਰਮਾਤਮਾ ਦੇ ਪ੍ਰੇਮ ਵਿਚ ਟਿਕ ਕੇ ਹੀ ਮਨੁੱਖ ਨੂੰ ਮਾਇਆ ਵਲੋਂ ਤ੍ਰਿਪਤੀ ਹੋ ਜਾਣ ਤੇ ਨਾਮ ਹਿਰਦੇ ਵਿਚ ਆ ਵਸਦਾ ਹੈ।[90]

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦੇ ਗੁਣਾਂ ਦਾ ਗਾਇਣ ਪਰਮਾਤਮਾ ਦਾ ਨਾਮ, ਪਰਮਾਤਮਾ ਦੇ ਗੁਣ ਹੀ ਰੁੱਖਾਂ ਦੀਆਂ ਸ਼ਾਖਾਵਾਂ ਹਨ ਜਿਨ੍ਹਾਂ ਨਾਲੋਂ ਪੂਜਾ ਲਈ ਨਾਮ ਅਤੇ ਸਿਫ਼ਤਿ-ਸਾਲਾਹ

---

88. (ੳ) ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ........।।

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

(ਅ) ਸੁਰਿ ਨਰ ਗਣ ਗੰਧਰਬ ਜਸ ਗਾਵਹਿ ਸਭ ਗਾਵਤ ਜੇਤ ਉਪਾਮ॥

(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 719)

(ੲ) ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤ ਨ ਲਹੀਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 833)

(ਸ) ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥
ਹਮ ਕਿਉਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਥਾਹ॥

(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 314)

89. ਤੁਮ੍ਹ ਜਲਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂੰ ਪਾਇਆ॥3॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1319)

90. (ੳ) ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ॥

(ਰਾਗ ਨਟ-ਨਰਾਇਨ, ਆਦਿ ਗ੍ਰੰਥ, ਪੰ. 977)

(ਅ) ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

ਦੇ ਫੁੱਲ ਹੀ ਚੁਣ ਚੁਣ ਕੇ ਪਰਮਾਤਮਾ ਦੇਵ ਦੀ ਪੁਸ਼ਪ-ਪੂਜਾ ਕਰਨੀ ਚਾਹੀਦੀ ਹੈ।[91] ਪਰਮਾਤਮਾ ਦੇ ਗੁਣਾਂ, ਦੇ ਤੀਰਥ ਵਿਚ ਕੀਤਾ ਹੋਇਆ ਆਤਮਕ ਇਸ਼ਨਾਨ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।[92] ਗੁਣਾਂ ਦੇ ਗਾਇਣ ਲਈ ਕਿਸੇ ਰਾਗ ਦੀ ਸੁਰ ਨਿਕਾਲਣ ਲਈ ਅਤੇ ਸਾਜ਼ ਦੀਆਂ ਤਾਰਾਂ ਠੀਕ ਕਰਨ ਲਈ ਸਮਾਂ ਬਿਤਾਉਣ ਦੀ ਲੋੜ ਨਹੀਂ। ਓਨਾਂ ਸਮਾਂ ਅਜਾਈਂ ਬਿਤਾਉਣ ਦੀ ਥਾਵੇਂ ਪਰਮਾਤਮਾ ਦੇ ਗੁਣ ਗਾ ਕੇ ਬਿਤਾਇਆ ਜਾ ਸਕਦਾ ਹੈ।[93] ਜੇ ਪਰਮਾਤਮਾ ਦੀ ਇਕ ਪਲ ਵੀ ਮਿਹਰ ਦੀ ਨਜ਼ਰ ਹੋ ਜਾਵੇ ਤਾਂ ਮਨੁੱਖ ਪਰਮਾਤਮਾ ਦੇ ਨਾਮ ਦਾ ਸੁਆਦ ਹਾਸਲ ਕਰ ਸਕਦਾ ਹੈ।[94]

ਮਨੁੱਖ ਨੂੰ ਪਰਮਾਤਮਾ ਦੇ ਗੁਣਾਂ ਦੇ ਗਾਇਣ ਰਾਹੀਂ ਉਸ ਸਰਬ-ਵਿਆਪਕ ਪਰਮ ਸੱਤਾ ਦੀ ਪਹਿਚਾਣ ਹੋ ਜਾਂਦੀ ਹੈ।[95] ਗੁਰੂ ਰਾਮਦਾਸ ਜੀ ਅਨੁਸਾਰ 'ਨਾਮ' ਦੇ ਗੁਣ ਗਾਉਣ ਵਾਲੇ ਮਨੁੱਖ ਹੀ ਪਰਮਾਤਮਾ ਨੂੰ ਪਿਆਰੇ ਲਗਦੇ ਹਨ। ਗੁਣਾਂ ਦੇ ਗਾਇਣ ਨਾਲ ਹੀ ਮਨੁੱਖ ਜੀਵਨ ਦੇ 'ਮੁਖ ਮਨੋਰਥ' ਦੀ ਪ੍ਰਾਪਤੀ ਕਰਦਾ ਹੈ।[96]

(ਅ) <u>ਨਾਮ ਸਿਮਰਨ ਸਰਵੋਤਮ ਆਸਰਾ ਹੈ,</u> ਗੁਰੂ ਰਾਮਦਾਸ ਜੀ ਜੀਵਾਂ ਨੂੰ ਪਰਮਾਤਮਾ ਦਾ ਨਾਮ ਪੜ੍ਹਨ, ਲਿਖਣ, ਜਪਣ ਅਤੇ ਗਾਉਣ ਤੇ ਜ਼ੋਰ ਦਿੰਦੇ ਹਨ।[97]

---

91. ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ॥
ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ॥੧॥
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

92. ਤੀਰਥਿ ਅਠਸਠਿ ਮਜਨੁ ਨਾਈ॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1263)

93. ਕਬ ਕੋਊ ਮੇਲੈ ਪੰਚ ਸਤ ਗਾਇਣ, ਕਬ ਕੋ ਰਾਗ ਧੁਨਿ ਉਠਾਵੈ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗ ਮੇਰਾ ਮਨ ਰਾਮ ਗੁਨ ਗਾਵੈ॥
(ਰਾਗ ਆਸਾ, ਆਦਿ ਗ੍ਰੰਥ, ਪੰ. 368)

94. ਨਦਰਿ ਕਰੇ ਤਾ ਹਰਿ ਰਸੁ ਪਾਵੈ॥
ਨਾਨਕ ਹਰਿ ਰਸੁ ਹਰਿ ਗੁਣ ਗਾਵੈ॥4॥3॥7॥ (ਰਾਗ ਸੂਹੀ, ਆਦਿ ਗ੍ਰੰਥ, ਪੰ. 733)

95. ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 775)

96. (ੳ) ਨਾਮੁ ਸਲਾਹੇ ਸਦੇ ਭਾਵੈ॥ (ਰਾਗ ਮਾਝ, ਆਦਿ ਗ੍ਰੰਥ, ਪੰ. 130)
(ਅ) ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 311)

97. (ੳ) ਭਜੁ ਰਾਮੋ ਮਨਿ ਰਾਮ॥ ਜਿਸ ਰੂਪ ਨ ਰੇਖ ਵਡਾਮ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1297)
(ਅ) ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 669)
(ੲ) ਪੰਡਿਤ ਸਾਸਤ ਸਿਮ੍ਰਿਤ ਪੜਿਆ। ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪੁ ਪੜਿਆ॥੧॥ (ਰਾਗ ਗਉੜੀ, ਆਦਿ ਗ੍ਰੰਥ, ਪੰ. 163)

ਨਾਮ ਜਪਣ ਵਾਲੇ ਮਨੁੱਖ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਮਾਨੋ ਤੁਲਹਾ ਮਿਲ ਜਾਂਦਾ ਹੈ।[98] ਇਸ ਜਗਤ ਦੀ ਪ੍ਰਕਿਰਤੀ ਕਸੁੰਭੇ ਦੇ ਰੰਗ ਦੀ ਤਰ੍ਹਾਂ ਅਸਥਿਰ ਅਤੇ ਨਾਸ਼ਵਾਨ ਹੈ।[99] ਇਸੇ ਲਈ ਵਸਤਾਂ ਦੀ ਹੋਂਦ ਅਤੇ ਮਨੁੱਖੀ ਜ਼ਿੰਦਗੀ ਦੇ ਸੰਬੰਧ ਵੀ ਅਸਥਿਰ ਹਨ। ਇਕੋ ਇਕ ਪ੍ਰਭੂ-ਨਾਮ ਦਾ ਸੰਬੰਧ ਹੀ ਸਥਿਰ ਪ੍ਰਕਿਰਤੀ ਦਾ ਹੈ। ਸਾਰੇ ਆਸਰਿਆਂ ਤੋਂ ਉਪਰ ਇਹੀ ਇਕੋ ਇਕ ਆਸਰਾ ਹੈ। ਮਨੁੱਖ ਇਸ ਆਸਰੇ ਅਧੀਨ ਹੀ ਇਸ ਦੁਨੀਆਂ ਵਿਚ ਅਡੋਲ-ਚਿਤ ਰਹਿ ਸਕਦਾ ਹੈ ਅਤੇ

---

98. (ੳ) ਏਹ ਦੇਹੁ ਸੁਭਾਗੀ ਜਿਤੁ ਹਰਿ ਜਾਪੀ ਹਰਿ ਹਰਿ ਨਾਮੁ ਸੁਹਾਵੀਆ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ॥੧॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

(ਅ) ਘੋੜੀ ਤੇਜਣਿ ਦੇਹ ਰਾਮ ਉਪਾਈਆ ਰਾਮ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

(ੲ) ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਈਐ ਹੇ॥
(ਰਾਗ ਕੇਦਾਰਾ, ਆਦਿ ਗ੍ਰੰਥ, ਪੰ. 1118)

(ਸ) ਹਰਿਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ॥
(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ. 593)

(ਹ) ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥੧॥ ਰਹਾਉ॥
(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)

(ਕ) ਪਤਿਤ ਪਾਵਨ ਹਰਿਨਾਮੁ ਧਿਆਇਓ ਸਭ ਕਿਲਬਿਖ ਪਾਪ ਲਹੇ॥੧॥
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1336)

(ਖ) ਰਾਮੁਨਾਮੁ ਇਸ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ॥
(ਰਾਗ ਆਸਾ, ਆਦਿ ਗ੍ਰੰਥ, ਪੰ. 444)

(ਗ) ਬਿਖਮ ਭਉ ਤਿਨ ਤਰਿਆ ਸੁਹੇਲਾ ਜਿਨ ਹਰਿ ਹਰਿ ਨਾਮੁ ਧਿਆਇਆ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1114)

99. (ੳ) ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1200)

(ਅ) ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥
(ਰਾਗ ਗੋਂਡ, ਆਦਿ ਗ੍ਰੰਥ, ਪੰ. 861)

ਆਤਮਕ ਜੀਵਨ ਨੂੰ ਸੁਹਣੇਰਾ ਬਣਾ ਸਕਦਾ ਹੈ।[100]

ਗੁਰੂ ਰਾਮਦਾਸ ਜੀ ਅਨੁਸਾਰ ਉਹ ਮਨੁੱਖ ਹੀ ਵਡਭਾਗੀ ਹੈ ਜੋ ਆਪਣੇ ਜੀਵਨ ਨੂੰ ਨਾਮ ਸਿਮਰਣ ਦੇ ਮਾਰਗ ਤੇ ਲਾਉਂਦਾ ਹੈ। ਇਹ ਸਭ ਕੁਝ ਪਰਮਾਤਮਾ ਦੀ ਮਿਹਰ ਸਦਕਾ ਹੀ ਸੰਭਵ ਹੈ। ਕਿਉਂਕਿ ਇਕੱਲੇ ਯਤਨ ਵੀ ਕਈ ਵਾਰ ਕੁਝ ਨਹੀਂ ਪੌਂਹਦੇ।[101]

---

100. (ੳ) ਮੈ ਹਰਿ ਹਰਿ ਨਾਮੁ ਧਰ ਸੋਈ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 735)

(ਅ) ਰਾਮ ਮੇਰੈ ਮਨਿ ਤਨਿ ਨਾਮੁ ਅਧਾਰੇ॥ (ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.980)

(ੲ) ਮੇਰੈ ਮੇਰੈ ਮਨਿ ਤਨਿ ਨਾਮੁ ਆਧਾਰੁ॥ (ਰਾਗ ਆਸਾ, ਆਦਿ ਗ੍ਰੰਥ, ਪੰਨੇ 366-67)

(ਸ) ਨਾਮ ਬਿਨਾ ਮੈ ਧਰ ਨਹੀਂ ਕਾਈ.....॥ (ਰਾਗ ਆਸਾ, ਆਦਿ ਗ੍ਰੰਥ, ਪੰ. 367)

(ਹ) ਜਿਨ ਕੈ ਹਰਿ ਨਾਮ ਵਸਿਆ ਸਦ ਹਿਰਦੈ ਹਰਿਨਾਮੋ ਤਿਨ ਕਉ ਰਖਣਹਾਰਾ॥
ਹਰਿਨਾਮੁ ਪਿਤਾ ਹਰਿਨਾਮੋ ਮਾਤਾ ਹਰਿਨਾਮੁ ਸਖਾਈ ਮਿਤ੍ਰੁ ਹਮਾਰਾ॥
(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ.592)

(ਕ) ਮਨ ਮੇਰੇ ਮੇਰਾ ਰਾਮਨਾਮੁ ਸਖਾ ਹਰਿ ਭਾਈ॥ (ਰਾਗ ਗੂਜਰੀ, ਆਦਿ ਗ੍ਰੰਥ, ਪੰ. 493)

(ਖ) ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥
ਨਾਨਕ ਮਾਇਆ ਮੋਹ ਪਸਾਰਾ ਆਗੈ ਸਾਥਿ ਨ ਜਾਈ॥3॥
(ਰਾਗ ਸੂਹੀ, ਆਦਿ ਗ੍ਰੰਥ, ਪੰ. 775)

(ਗ) ਜਿਨ ਹਰਿਨਾਮੁ ਧਿਆਇਆ ਤਿਨ ਚੂਕੇ ਸਰਬ ਜੰਜਾਲਾ॥
(ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

(ਘ) ਨਾਨਕ ਸੰਤ ਸਦਾ ਥਿਰ ਨਿਹਚਲੁ ਜਿਨੁ ਰਾਮੁ ਨਾਮੁ ਆਧਾਰੁ॥4॥6॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1200)

(ਙ) ਜਨ ਕਉ ਰਾਮਨਾਮੁ ਆਧਾਰਾ ਹਰਿਨਾਮੁ ਜਪਤ ਹਰਿਨਾਮੇ ਸੋਹੈ॥2॥
(ਰਾਗ ਗੂਜਰੀ, ਆਦਿ ਗ੍ਰੰਥ, ਪੰਨੇ 492-93)

101. (ੳ) ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1265)

(ਅ) ਜੇ ਵਡਭਾਗੁ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.880)

(ੲ) ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ॥ (ਰਾਗ ਧਨਾਸਰੀ, ਆਦਿ ਗ੍ਰੰਥ, ਪੰ.690)

(ਸ) ਹਰਿ ਹੋਹੁ ਦਇਆਲ ਹਰਿ ਨਾਮ ਧਿਆਈ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ.175)

(ਹ) ਜਿਸਨੋ ਕ੍ਰਿਪਾ ਕਰੇ ਸੋ ਧਿਆਵੈ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 998)

(ਕ) ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 172)

(4) <u>ਨਾਮ ਸਿਮਰਨ: ਸ੍ਰੇਸ਼ਟ ਕਰਮ:</u> ਗੁਰੂ ਰਾਮਦਾਸ ਜੀ ਨਾਮ ਸਿਮਰਨ ਨੂੰ ਹੀ ਮਨੁੱਖੀ ਜ਼ਿੰਦਗੀ ਦਾ ਸ੍ਰੇਸ਼ਟ ਕਰਮ ਸਮਝਦੇ ਹਨ। ਇਹੀ ਇਸ ਜ਼ਿੰਦਗੀ ਦੀ ਸਹੀ ਰੌਸ਼ਨੀ ਹੈ। ਜਿਸਨੂੰ ਇਸਦੀ ਪ੍ਰਾਪਤੀ ਹੋ ਜਾਏ ਉਸ ਦਾ ਵਿਕਾਰੀ ਜੀਵਨ ਖਤਮ ਹੋ ਕੇ ਆਤਮਕ ਉਨਤੀ ਦੇ ਰੌਸ਼ਨ-ਮਾਰਗ ਤੇ ਚਲ ਪੈਂਦਾ ਹੈ।[102]

ਗੁਰੂ ਰਾਮਦਾਸ ਜੀ ਆਪਣੇ ਯੁੱਗ ਦੇ ਸੰਤ ਕਵੀਆਂ ਵਾਂਗ ਵੈਦਕ ਧਰਮ ਵਲੋਂ ਮਿਥੇ ਗਏ ਧਾਰਮਕ ਕਾਰਜ, ਤੀਰਥ ਇਸ਼ਨਾਨ, ਵਰਤ, ਜੋਗ ਅਤੇ ਪੁੰਨ ਆਦਿ ਨਾਲੋਂ ਨਾਮ ਨੂੰ ਉੱਤਮ ਮੰਨਦੇ ਹਨ। ਉਨ੍ਹਾਂ ਅਨੁਸਾਰ ਅਸਲ ਵਿਚ ਇਨ੍ਹਾਂ ਵਿਚੋਂ ਕੋਈ ਕਾਰਜ ਵੀ ਨਾਮ ਤੁਲ ਨਹੀਂ ਹੈ।[103]

(5) <u>ਨਾਮ ਸਿਮਰਨ: ਭਗਤੀ:</u> 'ਆਦਿ ਗ੍ਰੰਥ' ਜਾਂ ਸਿੱਖ-ਧਰਮ ਵਿਚ ਨਾਮ ਸਿਮਰਨ ਉਤੇ ਬਹੁਤ ਬਲ ਦਿਤਾ ਗਿਆ ਹੈ।[104] ਨਾਮ ਸਿਮਰਨ ਹੀ ਭਗਤੀ ਹੈ। ਇਸ ਰਾਹੀਂ ਪ੍ਰਭੂ ਪ੍ਰੇਮ ਦਾ ਭਾਵ ਸਥਿਰ ਰਹਿੰਦਾ ਹੈ। ਇਸ ਲਈ ਗੁਰੂ ਰਾਮਦਾਸ ਜੀ ਇਕ ਮਨੁੱਖ ਲਈ ਨਾਮ ਸਿਮਰਨ ਹੀ ਜਪ, ਤਪ, ਵਰਤ ਅਤੇ ਪੂਜਾ ਮੰਨਦੇ ਹਨ।[105]

---

102. (ੳ) ਹਰਿ ਹਰਿ ਉਤਮੁ ਨਾਮੁ ਜਪੀਐ........॥ (ਰਾਗ ਆਸਾ, ਆਦਿ ਗ੍ਰੰਥ, ਪੰ. 444)
(ਅ) ਜਿਨ੍ਹ ਧੁਰਿ ਲਿਖਿਆ ਲੇਖੁ ਤਿਨ੍ਹੀ ਨਾਮੁ ਕਮਾਇਆ॥ (ਰਾਗ ਆਸਾ, ਆਦਿ ਗ੍ਰੰਥ, ਪੰ. 369)
(ੲ) ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰ. 444)
(ਸ) ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

103. (ੳ) ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ॥ (ਰਾਗ ਜੈਤਸਰੀ, ਆਦਿ ਗ੍ਰੰਥ, ਪੰ. 699)
(ਅ) ਸਭਿ ਤੀਰਥ ਬਰਤ ਜਗ ਪੁੰਨ ਕੀਏ ਹਵੈ ਗਾਲਿ ਗਾਲਿ ਤਨੁ ਛੀਜੈ॥
ਅਤੁਲਾ ਤੋਲੁ ਰਾਮਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ ॥੧॥
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)
(ੲ) ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨ॥
ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ॥ (ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1334)

104. Dewan Singh (Dr.) <u>Mysticism of Guru Nanak, Ph. D.</u> Thesis, Chandigarh, P.U. 1973, p. 224.

105. ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ॥
(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)

ਵੈਦਿਕ ਧਰਮ ਅਨੁਸਾਰ ਮਨੁੱਖੀ ਜੀਵਨ ਨੂੰ ਪ੍ਰਾਪਤ ਕਰਕੇ ਵੀ ਹਰ ਮਨੁੱਖ ਅਧਿਆਤਮਕ ਮਾਰਗ ਦਾ ਪਾਂਧੀ ਨਹੀਂ ਬਣ ਸਕਦਾ ਸੀ। ਵਰਣ ਆਸ਼ਰਮ ਨਿਰਧਾਰਿਤ ਕਰਕੇ, ਮਨੁੱਖੀ ਜੀਵਨ ਵਿਚ ਅਧਿਆਤਮਕ ਅਨੁਭਵ ਨੂੰ ਵੀ ਇਕ ਸਮੇਂ ਵਿਚ ਹੀ ਮਿਥ ਦਿਤਾ ਗਿਆ ਸੀ। ਇਸੇ ਤਰ੍ਹਾਂ ਹੀ ਨਿਮਨ ਜਾਤੀਆਂ ਲਈ ਭਗਤੀ ਜਾਂ ਪੂਜਾ-ਪਾਠ ਦਾ ਕੋਈ ਸਥਾਨ ਨਹੀਂ ਸੀ। ਇਸ ਤਰ੍ਹਾਂ ਇਸ ਦਾ ਮੰਤਵ ਅਧਿਆਤਮਕ ਅਨੁਭਵ ਨੂੰ ਕਾਲ ਅਤੇ ਜਾਤ ਦੇ ਭੇਦ ਵਿਚ ਵੰਡ ਕੇ ਉਸਦੀ ਪ੍ਰਾਪਤੀ ਲਈ ਬ੍ਰਾਹਮਣ ਸਮਾਜ ਦੇ ਏਕਾਧਿਕਾਰ ਰੁਚੀ ਨੂੰ ਪਹਿਲ ਦੇਣ ਵਿਚ ਸਿਧ ਹੋਇਆ। ਇਸ ਤੋਂ ਉਲਟ[106] ਗੁਰੂ ਰਾਮਦਾਸ ਜੀ ਮਨੁੱਖ ਦੇ ਕਰਮ ਅਤੇ ਨਾਮ ਦੇ ਮਹਾਤਮ ਨੂੰ ਪਹਿਲ ਦੇਣ ਵਾਲੇ ਕਵੀ ਹਨ।

(1) <u>ਨਾਮ: ਸਰਵੋਤਮ ਧਨ</u>: ਗੁਰੂ ਰਾਮਦਾਸ ਜੀ ਅਨੁਸਾਰ ਹਰਿਨਾਮ ਇਕ ਐਸਾ ਧਨ ਹੈ ਜਿਸ ਨੂੰ ਅੱਗ, ਪਾਣੀ, ਚੋਰ, ਲੁਟੇਰਾ ਆਦਿ ਕਿਸੇ ਚੀਜ਼ ਦਾ ਵੀ ਡਰ ਨਹੀਂ। ਇਸ ਸੰਸਾਰ ਵਿਚ ਖਰੀਦਣ ਲਈ ਸਭ ਤੋਂ ਵਧੀਆ ਸੌਦਾ ਨਾਮ ਹੀ ਹੈ। ਇਸ ਦਾ ਨਫ਼ਾ ਬਾਕੀ ਸਭ ਨਫ਼ਿਆਂ ਨਾਲੋਂ ਅਧਿਕ ਹੈ। ਜਿਹੜੇ ਮਨੁੱਖ ਜੀਵਨ ਵਿਚ ਨਾਮ ਤੋਸ਼ਾ ਨੂੰ ਲੈ ਕੇ ਤੁਰਦੇ ਹਨ ਉਨ੍ਹਾਂ ਨੂੰ ਕਿਸੇ ਕਿਸਮ ਦੀ ਤੋਟ ਨਹੀਂ ਆਉਂਦੀ।[107]

---

106. (ੳ) ਧਰਮ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 773)

(ਅ) ਖਤ੍ਰੀ ਬ੍ਰਾਹਮਣ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ.800)

107. (ੳ) ਨਾਮੁ ਰਤਨੁ ਹਰਿਨਾਮੁ ਜਪਾਹਾ॥ (ਰਾਗ ਜੈਤਸਰੀ, ਆਦਿ ਗ੍ਰੰਥ, ਪੰ. 699)

(ਅ) ਹਰਿ ਧਨ ਰਤਨੁ ਜਵੇਹਰੁ ਮਾਣਕ.....॥ (ਰਾਗ ਸੂਹੀ, ਆਦਿ ਗ੍ਰੰਥ, ਪੰ. 734)

(ੲ) ਹਰਿ ਧਨ ਰਾਖਹੁ ਹਰਿ ਧਨੁ ਸੰਚਹੁ ਹਰਿ ਚਲਦਿਆਂ ਨਾਲ ਸਖਾਈ ਜੀਉ॥੧॥
(ਰਾਗ ਮਾਰੂ, ਆਦਿ ਗ੍ਰੰਥ, ਪੰ. 998)

(ਸ) ਰਾਮਨਾਮੁ ਧਨੁ ਪੂੰਜੀ ਸੰਚੀ ਨ ਡੂਬੈ ਨ ਜਾਈ॥ (ਰਾਗ ਆਸਾ, ਆਦਿ ਗ੍ਰੰਥ, ਪੰ.444)

(ਹ) ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ
ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਨ ਗਵਾਇਆ ਨ ਜਾਈ॥
ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ॥੪॥
(ਰਾਗ ਸੂਹੀ, ਆਦਿ ਗ੍ਰੰਥ, ਪੰ. 734)

(ਕ) ਰਾਮਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ॥
(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ.1314)

(ਖ) ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ॥9॥
(ਰਾਗ ਕਾਨੜਾ, ਕੀ ਵਾਰ, ਆਦਿ ਗ੍ਰੰਥ, ਪੰ.1316)

(ਗ) ਸੰਤਹੁ ਰਾਮਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ॥
ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ॥7॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1311)

( vii ) ਨਾਮ : ਸਰਵੋਤਮ ਰਸ। ਗੁਰੂ ਰਾਮਦਾਸ ਜੀ ਅਨੁਸਾਰ ਨਾਮ ਦਾ ਰਸ ਹੀ ਸਾਰੇ ਰਸਾਂ ਨਾਲੋਂ ਉੱਤਮ ਹੈ। ਜਿਹੜੇ ਮਨੁੱਖ ਨੂੰ ਇਸ ਰਸ ਦੀ ਅਨੁਭੂਤੀ ਹੁੰਦੀ ਹੈ, ਉਸ ਲਈ ਬਾਕੀ ਪਦਾਰਥਾਂ ਦੇ ਰਸ ਹੇਚ ਹੋ ਜਾਂਦੇ ਹਨ।[108] ਪਰ ਜੇ ਕੋਈ ਪੁੱਛੇ ਵੀ ਕਿ ਉਹ ਰਸ ਹੈ ਕਿਸ ਤਰ੍ਹਾਂ ਦਾ, ਤਾਂ ਗੁਰੂ ਰਾਮਦਾਸ ਜੀ ਦਾ ਉੱਤਰ ਹੈ:-

ਹਰਿ ਕਾ ਨਾਮੁ ਅੰਮ੍ਰਿਤ ਰਸ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥2॥

(ਰਾਗ ਗਉੜੀ, ਆਦਿ ਗ੍ਰੰਥ, ਪੰ. 169)

( viii ) ਨਾਮ ਸਮੱਗਰ ਸੁੱਖਾਂ ਦਾ ਸ੍ਰੋਤ। ਗੁਰੂ ਰਾਮਦਾਸ ਜੀ ਅਨੁਸਾਰ ਨਾਮ ਸੁੱਖਾਂ ਦਾ ਮੂਲ ਸ੍ਰੋਤ ਅਤੇ ਪ੍ਰੇਰਣਾ ਹੈ। ਜੀਵਨ ਵਿਚ ਸ਼ਾਂਤੀ, ਨਾਮ-ਰਸ ਰਾਹੀਂ ਹੀ ਮਿਲਦੀ ਹੈ। ਮਨ ਵਿਚ ਨਾਮ ਦੇ ਪ੍ਰਕਾਸ਼ ਨਾਲ ਸਾਰੇ ਦੁੱਖ, ਦਲਿਦਰ ਅਤੇ ਡਰ ਦੂਰ ਹੋ ਜਾਂਦੇ ਹਨ।[109]

---

108. (ੳ) ਹਰਿ ਰਸੁ ਜਨ ਚਾਖਹੁ ਜੇ ਭਾਈ॥
ਤਉ ਕਤ ਅਨਤ ਸਾਦਿ ਲੋਭਾਈ॥ ਰਹਾਉ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 733)

(ਅ) ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 169)

109. (ੳ) ਜਪਿ ਮਨ ਰਾਮਨਾਮੁ ਸੁਖੁ ਪਾਵੈਗੋ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

(ਅ) ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 997)

(ੲ) ਨਾਮੁ ਜਪੀ ਨਾਮੇ ਸੁਖ ਸਾਰੁ॥੧॥ (ਰਾਗ ਆਸਾ, ਆਦਿ ਗ੍ਰੰਥ, ਪੰ.366)

(ਸ) ਹਰਿ ਹਰਿ ਨਾਮੁ ਸਦਾ ਸੁਖਦਾਤਾ॥ (ਰਾਗ ਜੈਤਸਰੀ, ਆਦਿ ਗ੍ਰੰਥ, ਪੰ.698)

(ਹ) ਹਰਿ ਹਰਿ ਨਾਮ ਜਪਿਆ ਦੁਖੁ ਬਿਨਸਿਆ ਹਰਿਨਾਮੁ ਪਰਮੁ ਸੁਖੁ ਪਾਇਆ॥
(ਰਾਗ ਆਸਾ, ਆਦਿ ਗ੍ਰੰਥ, ਪੰ. 444)

(ਕ) ਰਾਮਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ ਅੰਤਿ ਚਲਦਿਆ ਨਾਲਿ ਸਖਾਈ॥
(ਰਾਗ ਆਸਾ, ਆਦਿ ਗ੍ਰੰਥ, ਪੰ. 444)

(ਖ) ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 588)

(ਗ) ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭੁ ਦਾਲਦ ਦੁਖ ਲਹਿ ਜਾਹੀ ਜੀਉ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 173)

(ਘ) ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮ ਭਉ ਭਾਗਾ॥
(ਰਾਗ ਵਡਹੰਸੁ, ਆਦਿ ਗ੍ਰੰਥ, ਪੰ. 572)

(ਙ) ਜੋ ਹਰਿ ਨਾਮ ਧਿਆਵਹਿ ਤਿਨ ਡਰੁ ਸਟਿ ਘਤਿਆ॥

(ਸੋਰਠ ਕੀ ਵਾਰ, ਆਦਿ ਗ੍ਰੰਥ, ਪੰ. 646)

(ix) <u>ਨਾਮ ਰਾਹੀਂ ਸਹਜ-ਸੁਖ ਦੀ ਪ੍ਰਾਪਤੀ।</u> ਗੁਰੂ ਰਾਮਦਾਸ ਜੀ ਅਨੁਸਾਰ ਨਾਮ ਸਿਮਰਨ ਰਾਹੀਂ ਸਹਜ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਕ ਅਧਿਆਤਮਵਾਦੀ ਲਈ ਇਹ ਇਕ ਅਡੋਲਤਾ ਦੀ ਅਵਸਥਾ ਹੈ। ਇਸ ਅਵਸਥਾ ਵਿਚ ਦੁਨਿਆਵੀ ਸੁੱਖ-ਦੁੱਖ ਅਰਥ ਨਹੀਂ ਰਖਦੇ। ਇਸ ਅਵਸਥਾ ਤੇ ਪਹੁੰਚਣ ਲਈ ਮਨੁੱਖ ਨੂੰ ਆਪਾ ਭਾਵ ਮਿਟਾ ਕੇ ਪਰਮ-ਸਤਿ ਦੀ ਪ੍ਰਾਪਤੀ ਹੁੰਦੀ ਹੈ।[110]

(x) <u>ਨਾਮ ਰਾਹੀਂ ਆਤਮਕ ਚੇਤੰਨਤਾ।</u> ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਯੋਗੀਆਂ ਵਾਂਗ ਬੁਧੀ ਅਤੇ ਵਿਵੇਕ ਦੇ ਨਾਸ਼ ਵਲ ਕੋਈ ਇਸ਼ਾਰਾ ਨਹੀਂ। ਯੋਗੀ ਲੋਕ ਮਨ ਨੂੰ ਸਥਿਰ ਰੱਖਣ ਲਈ ਸਮਾਧੀ ਆਦਿ ਤੇ ਜ਼ੋਰ ਦਿੰਦੇ ਹਨ। ਮਨ ਨੂੰ ਮਾਰਨਾ ਹੀ ਯੋਗ ਸਮਝਿਆ ਜਾਂਦਾ ਹੈ।[111] ਗੁਰੂ ਰਾਮਦਾਸ ਜੀ ਦੀ ਕਵਿਤਾ ਤੋਂ ਪ੍ਰਗਟ ਹੁੰਦਾ ਹੈ ਕਿ ਬਿਬੇਕ-ਬੁਧੀ ਰਾਹੀਂ ਆਤਮਕ ਚੇਤੰਨਤਾ ਪ੍ਰਗਟ ਹੁੰਦੀ ਹੈ। ਆਤਮਕ ਗਿਆਨ ਦੇ ਰਾਹੀਂ ਹੀ ਪਰਮ ਸਤਿ ਦੀ ਜੋਤ ਜਗਦੀ ਹੈ:—

ਮਤਿ ਪ੍ਰਗਾਸ ਪਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥3॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1199)

ਅਧਿਆਤਮਕ ਜੀਵਨ ਦਾ ਸੱਚ ਅੰਤ੍ਰੀਵ ਹੈ; ਪਰ ਇਸ ਲਈ ਚੇਤੰਨਤਾ ਦਾ ਮਾਰਗ ਅਪਨਾਉਣਾ ਪੈਂਦਾ ਹੈ, ਮਨ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਉਣਾ ਪੈਂਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਇਸ ਸੱਚ ਦਾ ਨਿਵਾਸ ਹਿਰਦਾ ਹੈ। ਇਹੀ ਅੰਤ੍ਰੀਵ 'ਰਹੱਸ' ਹੈ।

ਪਰਮ-ਸਤਿ ਦੀ ਹੋਂਦ ਨੂੰ ਹਿਰਦੇ ਵਿਚ, ਅੰਤਰ-ਆਤਮਾ ਵਿਚ ਅਨੁਭਵ ਕਰਨਾ ਹੀ ਉਸਦਾ

---

110. (ੳ) ਨਾਇ ਮੰਨਿਐ ਨਾਮੁ ਉਪਜੈ ਸਹਜੇ ਸੁਖੁ ਪਾਇਆ॥
ਨਾਇ ਮੰਨਿਐ ਸਾਂਤਿ ਉਪਜੈ ਹਰਿ ਮੰਨਿ ਵਸਾਇਆ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1242)

(ਅ) ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ॥
(ਰਾਗ ਗੋਂਡ, ਆਦਿ ਗ੍ਰੰਥ, ਪੰ. 860)

(ੲ) ਨਾਇ ਸੁਣਿਐ ਸਹਜ ਉਪਜੈ ਸਹਜੇ ਸੁਖ ਪਾਵੈ॥ (ਰਾਗ ਸਾਰੰਗ, ਆਦਿ ਗ੍ਰੰਥ, ਪੰ. 1240)

(ਸ) ਜਨ ਨਾਨਕ ਨਾਮੁ ਜਪਹੁ ਭਵਖੰਡਨੁ ਸੁਖਿ ਸਹਜੇ ਰੈਣਿ ਵਿਹਾਣੀ ਹੇ॥8॥
(ਰਾਗ ਮਾਰੂ, ਆਦਿ ਗ੍ਰੰਥ, ਪੰ. 1070)

(ਹ) ਜੀਵਣਿ ਮਰਣਿ ਹਰਿਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ॥
(ਰਾਗ ਆਸਾ, ਆਦਿ ਗ੍ਰੰਥ, ਪੰ. 447)

111. S.N. Das Gupta, <u>Hindu Mysticism</u>, pp. 78-79.

ਗਿਆਨ ਹੈ।[112] ਗੁਰੂ ਰਾਮਦਾਸ ਜੀ ਅਨੁਸਾਰ ਜਿਸ ਮਨੁੱਖ ਦੀ ਆਤਮ-ਚੇਤੰਨਤਾ ਉਘੜਦੀ ਹੈ, ਉਸਨੂੰ ਪਰਮ-ਸਤਿ ਦੀ ਅਨੁਭੂਤੀ ਮਨ ਅੰਦਰ ਹੀ ਹੋ ਜਾਂਦੀ ਹੈ। ਰਹੱਸਵਾਦੀ ਅਨੁਭਵ ਦਾ ਗਿਆਨ ਹਿਰਦੇ ਰਾਹੀਂ ਅਨੁਭੂਤੀ ਦੀ ਸ਼ਕਲ ਵਿਚ ਮਿਲਦਾ ਹੈ। ਇਹੀ ਪਰਮ-ਸਤਿ ਦੀ ਪ੍ਰਾਪਤੀ ਹੈ। ਪਰ ਚੇਤੰਨਤਾ ਤੋਂ ਵੰਚਿਤ ਮਨਮੁਖ ਵਿਅਕਤੀ ਇਸ ਸੱਚ ਨੂੰ ਪਹਿਚਾਣਦੇ ਨਹੀਂ। ਅਜੇਹੇ ਵਿਅਕਤੀ ਮੰਦਭਾਗੀ ਹਨ, ਮੂਰਖ ਹਨ, ਸਤਿਕਾਰਯੋਗ ਨਹੀਂ। ਇਸ ਤਰ੍ਹਾਂ ਦੇ ਲੋਕਾਂ ਦਾ ਜੀਵਨ ਚੇਤੰਨਤਾ ਤੋਂ ਬਿਨਾ ਮੁਰਦਾ ਸਰੀਰ ਦੇ ਨਿਆਈਂ ਹੈ। ਪਰਮ-ਆਨੰਦ ਤੋਂ ਵਿਰਵੇ ਅਜੇਹੇ ਲੋਕਾਂ ਦਾ ਜੀਵਨ ਆਤਮਕ ਕਲੇਸ਼ ਅਧੀਨ ਬੀਤਦਾ ਹੈ।[113]

---

112. (ੳ) ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ॥
(ਰਾਗ ਆਸਾ, ਆਦਿ ਗ੍ਰੰਥ, ਪੰ. 449)

(ਅ) ਮੇਰੇ ਮਨ ਜਪਿ ਰਾਮ ਨਾਮ ਹਰਿ ਮਾਝਾ॥ (ਰਾਗ ਜੈਤਸਰੀ, ਆਦਿ ਗ੍ਰੰਥ, ਪੰ.649)

(ੲ) ਹਰਿ ਹਰਿ ਨਾਮ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

(ਸ) ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ॥ (ਰਾਗ ਕਲਿਆਨ, ਆਦਿ ਗ੍ਰੰਥ, ਪੰ.1325)

(ਹ) ਗਿਆਨ ਰਤਨ ਮਨਿ ਪਰਗਟੁ ਭਇਆ॥
ਨਾਮੁ ਪਦਾਰਥੁ ਸਹਜੇ ਲਇਆ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 607)

(ਕ) ਨਾਮੁ ਸਲਾਹਨਿ ਭਾਉ ਕਰਿ ਨਿਜ ਮਹਲੀ ਵਾਸਾ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1247)

113. (ੳ) ਨਾਮੁ ਪਦਾਰਥੁ ਜਿਨ ਨਰ ਨਹੀਂ ਪਾਇਆ ਸੇ ਭਾਗਹੀਣ ਮੁਏ ਮਰ ਜਾਵੇ॥3॥
(ਰਾਗ ਗੁਜਰੀ, ਆਦਿ ਗ੍ਰੰਥ, ਪੰ. 494)

(ਅ) ਨਾਮਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ॥3॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 882)

(ੲ) ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥
(ਰਾਗ ਆਸਾ, ਆਦਿ ਗ੍ਰੰਥ, ਪੰ. 450)

(ਸ) ਇਹ ਮਿਰਤਕ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮਨਾਮੁ ਨਹੀਂ ਵਸਿਆ॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1191)

(ਹ) ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ.607)

(ਕ) ਘਰ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ.574)

(ਖ) ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥
ਹਉਮੈ ਕਰੈ ਬਹੁਤੀ ਮਿਲੈ ਸਜਾਇ॥3॥ (ਰਾਗ ਸੂਹੀ, ਆਦਿ ਗ੍ਰੰਥ, ਪੰ.733)

ਗੁਰੂ ਰਾਮਦਾਸ ਜੀ ਅਨੁਸਾਰ ਨਾਮ ਹੀ ਉਹ ਅੰਮ੍ਰਿਤ ਹੈ ਜਿਸ ਨਾਲ ਹਉਮੈ ਦਾ ਰੋਗ ਅਤੇ ਮੈਲ ਖ਼ਤਮ ਹੋ ਕੇ ਸਹਜ ਸਮਾਧੀ (ਆਤਮਕ ਅਡੋਲਤਾ) ਦੀ ਅਵਸਥਾ ਪੈਦਾ ਹੁੰਦੀ ਹੈ।[114] ਇਸ ਲਈ ਉਹ ਜ਼ੋਰ ਦਿੰਦੇ ਹਨ ਕਿ ਮਨੁੱਖ ਨੂੰ ਕਿਸੇ ਹਠ ਧਰਮੀ ਦੇ ਸਾਧਨ ਤੋਂ ਬਿਨਾ ਨਾਮ-ਸਿਮਰਨ ਰਾਹੀਂ ਸਹਜ ਅਵਸਥਾ ਵਿਚ ਵਿਚਰਨਾ ਚਾਹੀਦਾ ਹੈ। ਅਜੇਹਾ ਕਰਨ ਤੇ ਮਨੁੱਖ ਦੀ ਸੁਰਤ ਚੇਤੰਨ ਹੋ ਜਾਂਦੀ ਹੈ। ਉਹ ਜਾਣ ਜਾਂਦਾ ਹੈ ਕਿ ਪ੍ਰਕ੍ਰਿਤੀ ਦੀ ਹਰ ਵਸਤ, ਧਰਤੀ, ਪਾਤਾਲ, ਆਕਾਸ਼, ਹਵਾ, ਪਾਣੀ ਅਤੇ ਅੱਗ ਆਦਿ ਵਿਚ ਪਰਮਾਤਮਾ ਵਿਆਪਕ ਹੈ ਅਤੇ ਇਹ ਸਭ ਕੁਝ ਉਸ ਦੀ ਜਗਤ ਖੇਡ ਦਾ ਹੀ ਹਿੱਸਾ ਹੈ।[115]

---

114. (ੳ) ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ॥
(ਰਾਗ ਆਸਾ, ਆਦਿ ਗ੍ਰੰਥ, ਪੰ. 449)

(ਅ) ਮਨਿ ਹਰਿ ਹਰਿ ਨਾਮ ਧਿਆਇਆ ਬਿਖੁ ਹਉਮੈ ਕਢੀ ਮਾਰਿ॥
(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1314)

(ੲ) ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਿਜ ਸਮਾਧਿ ਲਗਾਈ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 572)

(ਸ) ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਪੈ।।3॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1179)

115. (ੳ) ਅਨਦਿਨੁ ਜਪਤ ਰਹੈ ਦਿਨ ਰਾਤੀ ਸਹਜੇ ਨਾਮੁ ਧਿਆਇਆ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 690)

(ਅ) ਸਹਜੇ ਹੀ ਹਰਿਨਾਮੁ ਸਮਾਇਆ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 1070)

(ੲ) ਨਾਮੇ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ॥੧॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.981)

(ਸ) ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮ ਧਿਆਵੈ ਰਾਮ॥
ਵਣੁ ਤ੍ਰਿਣੁ ਸਭ ਆਕਾਰ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮ ਧਿਆਵੈ ਰਾਮ।।
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 540)

(ਹ) ਰਾਮਨਾਮ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ॥
ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ।।
(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰਨੇ 1316-17)

(xi) ਨਾਮ ਸਿਮਰਨ ਤੇ ਗ੍ਰਿਹਸਤ ਜੀਵਨ: ਇਕ ਅਧਿਆਤਮਵਾਦੀ ਜੀਵਨ ਨੂੰ ਉਸ ਪਰਮ-ਸੱਤਾ ਦੇ ਨੇਮਾਂ ਦਾ ਅਨੁਸਾਰੀ ਬਣਾ ਕੇ, ਚੇਤੰਨਸ਼ੀਲ ਅਤੇ ਕਾਰਜਸ਼ੀਲ ਜੀਵਨ ਜੀਊਂਦਾ ਹੈ। ਉਸਦੀਆਂ ਇੰਦਰੀਆਂ, ਮਨ, ਬੁਧੀ ਅਤੇ ਸਰੀਰ ਕ੍ਰਿਆਸ਼ੀਲ ਰਹਿੰਦੇ ਹਨ।

ਯੋਗੀ ਆਪਣੇ ਆਪ ਨੂੰ ਦੁਨੀਆਂ ਨਾਲੋਂ ਅਲੱਗ ਰੱਖ ਕੇ ਆਪਣੇ ਆਦਰਸ਼ ਦੀ ਪੂਰਤੀ ਲਈ, ਤਪ, ਸਮਾਧੀ ਅਤੇ ਤਿਆਗ ਆਦਿ ਦੇ ਅਨੁਸਾਰੀ ਸਨ। ਮਨ ਅਤੇ ਸਰੀਰ ਦੀ ਸ਼ਕਤੀ ਨੂੰ ਸਥਿਰ ਰੱਖਣ ਲਈ ਉਹ ਤਰ੍ਹਾਂ ਤਰ੍ਹਾਂ ਦੀਆਂ ਕਿਰਿਆਵਾਂ ਕਰਦੇ ਸਨ।[116] ਗੁਰੂ ਰਾਮਦਾਸ ਜੀ ਮਨ ਅਤੇ ਸਰੀਰ ਨੂੰ ਨਿਰੰਤਰ ਸਾਧਣ ਲਈ ਜ਼ੋਰ ਦਿੰਦੇ ਹਨ। ਪਰਮ-ਸੱਚ ਦਾ ਝਲਕਾਰੇ ਨੂੰ ਸਦੀਵੀ ਬਣਾਉਣ ਲਈ, ਉਸ ਨੂੰ ਨਿਰੰਤਰ ਜੀਵਨ ਦਾ ਵਾਸ ਕਰਾਉਣ ਲਈ; ਮਨੁੱਖ ਨੂੰ ਇਕ ਸੰਘਰਸ਼ਸ਼ੀਲ ਜੀਵਨ ਜੀਉਣਾ ਪੈਂਦਾ ਹੈ।

ਗੁਰੂ ਰਾਮਦਾਸ ਜੀ ਗੁਰਮਤਿ ਅਨੁਸਾਰ ਸੰਨਿਆਸ ਤੋਂ ਉਲਟ ਗ੍ਰਿਹਸਤ ਜੀਵਨ ਦੇ ਮਾਰਗ ਤੇ ਜ਼ੋਰ ਦਿੰਦੇ ਹਨ। ਸੰਨਿਆਸ ਲੈ ਕੇ ਵੀ ਜੇ ਮਾਇਆ ਦੇ ਆਸ਼ਾਵਾਂ ਦੇ ਚੱਕਰ ਤੋਂ ਯੋਗੀ ਮੁਕਤ ਨਹੀਂ ਹੁੰਦੇ ਅਤੇ ਉਹਨਾਂ ਦਾ ਮਨ ਭਟਕਦਾ ਰਹਿੰਦਾ ਹੈ ਤਾਂ ਇਹ ਸਭ ਕਿਸ ਅਰਥ? ਇਸ ਤੋਂ ਉਲਟ ਗ੍ਰਿਹਸਤ ਜੀਵਨ ਦਾ ਮਾਰਗ ਹੀ ਸਹਿਜ ਮਾਰਗ ਹੈ। ਦੁਨੀਆਂ ਦੇ ਕੰਮ-ਕਾਜ ਕਰਦਿਆਂ ਹੋਇਆ ਆਪਾ ਭਾਵ ਮਿਟਾ ਕੇ ਜਿਹੜਾ ਮਨੁੱਖ ਮਾਇਆ ਤੋਂ ਨਿਰਲਿਪਤ ਹੁੰਦਾ ਹੈ, ਗੁਰੂ ਰਾਮਦਾਸ ਜੀ ਅਨੁਸਾਰ, 'ਜੀਵਨ ਮੁਕਤ' ਕਹਿਲਾਂਦਾ ਹੈ। ਇਹੋ ਜੀਵਨ ਦਾ ਸਹੀ ਮਾਰਗ ਹੈ।[117]

(xii) ਨਾਮ ਸਿਮਰਨ: ਸਹਜ ਮਾਰਗ: ਰਹੱਸਵਾਦ ਸਹਿਜ ਅਨੁਭਵ ਤੇ ਜ਼ੋਰ ਦਿੰਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਬਾਕੀ ਪਰਮਾਤਮ-ਮਿਲ ਦੇ ਸਾਰੇ ਸਾਧਨਾਂ ਨਾਲੋਂ ਨਾਮ ਸਿਮਰਨ ਹੀ ਸਹਿਜ ਮਾਰਗ ਹੈ। ਪਰਮਾਤਮਾ ਲਈ ਪ੍ਰੇਮ-ਭਾਵ ਵਿਚ ਰੰਗਿਆ ਮਨ ਨਾਮ ਨੂੰ ਹੀ ਆਪਣੇ ਹਿਰਦੇ ਦੀ ਪੂਜਾ ਬਣਾਂਦਾ ਹੈ ਅਤੇ ਨਾਮ ਰਾਹੀਂ ਹੀ ਪ੍ਰਭੂ-ਪ੍ਰੇਮ ਮਜੀਠ ਦੇ ਰੰਗ ਵਾਂਗ ਗੂੜਾ ਹੁੰਦਾ ਹੈ। ਪ੍ਰਭੂ ਪ੍ਰੇਮ ਵਿਚ ਰੱਤੇ ਹੋਏ ਮਨੁੱਖ ਨੂੰ ਨਾਮ ਹੀ ਚੰਗਾ ਲਗਦਾ ਹੈ। ਅਜੇਹੇ ਮਨੁੱਖ ਦੇ ਹਿਰਦੇ ਵਿਚ ਨਾਮ ਵਸਣ ਤੇ ਪਰਮ-ਸਤਿ ਦੀ

---

116. S.N. Das Gupta, Hindu Mysticism, p. 118.

117. (ੳ) ਗਿਰਹੀ ਕੁਟੰਬ ਮਹਿ ਸਹਜਿ ਸਮਾਧੀ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1246)

(ਅ) ਜਾਂ ਗਿਰਸਤੁ ਭਇਆ ਬਨਵਾਸੀ ਇਕ ਖਿਨ ਮਨੂਆ ਟਿਕੈ ਨ ਟਿਕਈਆ॥

....... .. .... .... ..... .... ....

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

(ੲ) ਵਿਚਿ ਆਸਾ ਹੋਇ ਨਿਰਾਸੀ॥

ਸੋ ਜਨ ਮਿਲਿਆ ਹਰਿ ਪਾਸੀ॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ.801)

(ਸ) ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

ਪ੍ਰਾਪਤੀ ਹੋ ਜਾਂਦੀ ਹੈ।[118]

<u>(ਕ) ਗੁਰੂ ਦੀ ਆਵਸ਼ਯਕਤਾ:</u>

ਰਹੱਸਵਾਦੀ ਅਨੁਭਵ ਦਾ ਗਿਆਨ ਬਹੁਤ ਸੂਖਮ ਹੈ। ਕਿਸੇ ਵਿਅਕਤੀ ਲਈ ਇਸਨੂੰ ਆਪਣੇ ਆਪ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ। ਰਹੱਸਵਾਦੀ ਅਨੁਭਵ ਬਾਰੇ ਆਮ ਤੌਰ ਤੇ ਇਹ ਧਾਰਨਾ ਹੈ ਕਿ ਇਹ ਕਿਸੇ ਹੋਰ ਨੂੰ ਦਿਤਾ ਨਹੀਂ ਜਾ ਸਕਦਾ।[119] ਗੁਰੂ ਰਾਮਦਾਸ ਜੀ ਧਾਰਮਕ ਪਰੰਪਰਾ ਅਨੁਸਾਰ ਗੁਰੂ ਦੇ ਮਹੱਤਵ ਤੇ ਜ਼ੋਰ ਦਿੰਦੇ ਹਨ।[120] ਗੁਰੂ ਖ਼ੁਦ ਮੂਲ ਰੂਪ ਵਿਚ ਇਕ ਰਹੱਸਵਾਦੀ ਹੁੰਦਾ ਹੈ ਅਤੇ ਉਹ ਜੋ ਮਾਰਗ ਸੁਝਾਉਂਦਾ ਹੈ ਉਹ ਵੀ ਰਹੱਸਵਾਦ ਹੁੰਦਾ ਹੈ।[121] ਉਨ੍ਹਾਂ ਅਨੁਸਾਰ ਗੁਰੂ ਤੇ ਪਰਮਾਤਮਾ ਵਿਚ ਕੋਈ ਤਾਤਵਿਕ ਭੇਦ ਨਹੀਂ। ਗੁਰੂ ਉਹ ਵਿਅਕਤੀ ਹੈ, ਜਿਸ ਨੇ ਪਰਮ-ਸਤਿ ਨੂੰ ਪਾ ਲਿਆ ਹੁੰਦਾ

---

118. (ੳ) ਅਨਦਿਨੁ ਜਪਤ ਰਹੈ ਦਿਨ ਰਾਤੀ ਸਹਜੇ ਨਾਮੁ ਧਿਆਇਆ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 690)
(ਅ) ਅਨਦਿਨੁ ਸਹਿਜ ਰਹੈ ਰੰਗ ਰਾਤਾ ਰਾਮ ਨਾਮੁ ਰਿਦ ਪੂਜਾ।।
(ਰਾਗ ਸੂਹੀ, ਆਦਿ ਗ੍ਰੰਥ, ਪੰ. 775)
(ੲ) ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ।।
(ਰਾਗ ਸੂਹੀ, ਆਦਿ ਗ੍ਰੰਥ, ਪੰ. 731)
(ਸ) ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸਿ ਪ੍ਰੀਤ ਪਿਆਰੀ।।
(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)
(ਹ) ਹਰਿ ਅੰਮ੍ਰਿਤ ਵੁਠੜਾ ਮਿਲਿਆ ਹਰਿ ਰਾਇਆ ਜੀਉ।।
(ਰਾਗ ਗਉੜੀ, ਆਦਿ ਗ੍ਰੰਥ, ਪੰ. 173)
119. William James, <u>The Variation of Religious experience</u>, p. 371.
120. (ੳ) ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲੈ।।
(ਰਾਗ ਨਟ, ਆਦਿ ਗ੍ਰੰਥ, ਪੰ. 978)
(ਅ) ਗੁਰਿ ਸਤਿਗੁਰਿ ਦਾਤੈ ਪੰਥ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 170)
121. Dewan Singh (Dr.), <u>Mysticism of Guru Nanak</u>, p.242.

ਹੈ। ਗੁਰੂ ਹੀ ਸਾਧਕ ਨੂੰ ਜੀਵਨ ਦੇ ਬਿਖੜੇ ਪੈਂਡੇ ਤੇ ਅਧਿਆਤਮਕ ਮੰਜ਼ਲਾਂ ਲਈ ਸੇਧ ਦਿੰਦਾ ਹੈ।[122]

ਗੁਰੂ ਰਾਮਦਾਸ ਜੀ ਅਨੁਸਾਰ ਗੁਰੂ ਹੀ ਉਹ ਵਿਅਕਤੀ ਹੈ, ਜੋ ਅਕਥ ਪਰਮ-ਸਤਿ ਦੇ ਅਨੁਭਵ ਨੂੰ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ। ਗੁਰੂ ਦਾ ਸੁਭਾਅ ਧਰਤੀ ਵਾਂਗ ਹੈ। ਉਹ ਧਰਮ ਦੀ ਭੋਇੰ ਹੈ। ਜਿਸਤਰ੍ਹਾਂ ਕੋਈ ਮਨ ਦੀ ਭਾਵਨਾ ਦਾ ਬੀਜ ਬੀਜਦਾ ਹੈ, ਉਹੋ ਜਿਹਾ ਫਲ ਪ੍ਰਾਪਤ ਕਰ ਲੈਂਦਾ ਹੈ। ਉਹ ਦਇਆਵਾਨ ਹੈ ਅਤੇ ਸਾਰੇ ਜੀਵਾਂ ਨੂੰ ਪਿਆਰ ਦੀ ਸਮ ਦ੍ਰਿਸ਼ਟੀ ਨਾਲ ਵੇਖਣ ਵਾਲਾ ਹੈ। ਗੁਰੂ ਦਰਸ਼ਨ ਕਿਸੇ ਤੀਰਥ ਅਸਥਾਨ, ਅਭੀਚ ਨਛੱਤਰ ਦੇ ਦਿਨ ਵਾਂਗ ਹੀ ਪਵਿੱਤਰ ਹੈ। ਗੁਰੂ ਦੇ ਦਰਸ਼ਨ ਦੀ ਉੱਤਮਤਾ ਭਗਤੀ ਦੇ ਸਾਰੇ ਸਾਧਨਾਂ, ਜਪ ਤਪ ਆਦਿ ਨਾਲੋਂ ਉੱਤਮ ਹੈ।[123]

ਗੁਰੂ ਰਾਮਦਾਸ ਜੀ ਅਨੁਸਾਰ ਜੀਵ ਲਈ ਗੁਰੂ ਜਾਤ, ਇੱਜ਼ਤ, ਮਾਣ - ਮਰਿਆਦਾ ਦਾ

---

122. (ੳ) ਗੁਰ ਸਤਿਗੁਰ ਸੁਆਮੀ ਭੇਦ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ॥
(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 77)

(ਅ) ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥4॥੧॥8॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

(ੲ) ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ.........॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1264)

(ਸ) ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥
(ਰਾਗ ਭੈਰਉ, ਆਦਿ ਗ੍ਰੰਥ, ਪੰ. 1135)

(ਹ) ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿਧਾਰਿਆ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 312)

(ਕ) ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਧਾਰਿਆ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 310)

(ਖ) ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ.173)

123. (ੳ) ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥ (ਰਾਗ ਸੂਹੀ, ਆਦਿ ਗ੍ਰੰਥ, ਪੰ.759)

(ਅ) ਸਤਿਗੁਰ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.302)

(ੲ) ਸਤਿਗੁਰ ਨੋ ਜਿਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 302)

(ਸ) ਸਤਿਗੁਰੁ ਪੁਰਖੁ ਦਇਆਲੁ ਹੈ ਜਿਸਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.300)

(ਹ) ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ.1116)

ਦਰਜਾ ਰੱਖਦਾ ਹੈ। ਜਿਹੜੇ ਜੀਵ ਗੁਰੂ ਦੀ ਰਜ਼ਾ ਅਨੁਸਾਰ ਚਲਦੇ ਹਨ, ਉਹੀ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਦੇ ਹਨ।[124]

(੪) <u>ਗੁਰੂ: ਭਗਤੀ ਦਾ ਭੰਡਾਰ:</u>

ਗੁਰੂ ਰਾਮਦਾਸ ਜੀ ਅਨੁਸਾਰ ਪ੍ਰਭੂ ਭਗਤੀ ਦਾ ਭੰਡਾਰ ਗੁਰੂ ਹੀ ਹੈ। ਗੁਰੂ ਪਰਮਾਤਮਾ ਦੀ ਕਿਰਪਾ ਸਦਕਾ ਇਹ ਦਾਤ ਅਗੇ ਆਪਣੇ ਸਿਖਾਂ ਨੂੰ ਦਿੰਦਾ ਹੈ। ਗੁਰੂ ਤੋਂ ਬਿਨਾਂ ਮਨੁੱਖ ਦਾ ਮਨ ਕੋਰਾ ਰਹਿੰਦਾ ਹੈ। ਇਸ ਉਤੇ ਭਗਤੀ ਦਾ ਰੰਗ ਨਹੀਂ ਚੜ੍ਹਦਾ।[125]

---

124\. (ੳ) ਹਮਾਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰ ਗੁਰ ਕੇ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 731)

(ਅ) ਜਨ ਨਾਨਕ ਕੀ ਲਾਜ ਪਾਤਿ ਗੁਰੂ ਹੈ ਸਿਰ ਬੇਚਿਓ ਸਤਿਗੁਰ ਆਗੈ॥5॥90॥28॥62॥
(ਰਾਗ ਗਉੜੀ, ਆਦਿ ਗ੍ਰੰਥ, ਪੰ. 172)

(ੲ) ਮਨੁ ਬੁਧਿ ਅਰਪਿ ਧਰਉ ਗੁਰ ਆਗੈ॥3॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

(ਸ) ਨਾਨਕ ਦਇਆਲੁ ਹੋਆ ਤਿਨ ਊਪਰਿ ਜਿਨ ਗੁਰ ਕਾ ਭਾਣਾ ਮੰਨਿਆ ਭਲਾ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 115)

(ਹ) ਸਤਿਗੁਰ ਕੈ ਜੋ ਚਲੈ ਹਰਿ ਸੇਤੀ ਰਲਿਆ॥
ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ॥ (ਰਾਗ ਸਾਰੰਗ,ਕੀ ਵਾਰ,ਆਦਿ ਗ੍ਰੰਥ,ਪੰ.1245)

125\. (ੳ) ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ॥
ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 996)

(ਅ) ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ॥
(ਰਾਗ ਆਸਾ, ਆਦਿ ਗ੍ਰੰਥ, ਪੰ. 449)

(ੲ) ਹਰਿ ਹਰਿ ਗੁਰ ਮਹਿ ਭਗਤਿ ਰਖਾਈ॥
ਗੁਰ ਤੁਠਾ ਸਿਖ ਦੇਵੈ ਮੇਰੇ ਭਾਈ॥ (ਰਾਗ ਆਸਾ, ਆਦਿ ਗ੍ਰੰਥ, ਪੰ. 367)

(ਸ) ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 574)

(ਹ) ਗਿਆਨੀ ਗੁਰ ਬਿਨੁ ਭਗਤਿ ਨ ਹੋਈ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ਰਹਾਉ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 732)

## (ਅ) ਗੁਰੂ ਰਾਹੀਂ ਨਾਮ ਪ੍ਰਾਪਤੀ:

ਗੁਰੂ ਰਾਮਦਾਸ ਜੀ ਅਨੁਸਾਰ ਲੱਖਾਂ ਕ੍ਰੋੜਾਂ ਧਾਰਮਕ ਕਰਮ ਕਰਨ ਤੇ ਵੀ ਗੁਰੂ ਤੋਂ ਬਿਨਾਂ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਹੁੰਦਾ। ਜਿਵੇਂ ਕੋਈ ਓਡਾ ਧਰਤੀ ਅੰਦਰ ਦਬਿਆ ਹੋਇਆ ਖੂਹ ਆਪਣੀ ਕਲਾ ਨਾਲ ਤੁਰਤ ਲੱਭ ਲੈਂਦਾ ਹੈ, ਤਿਵੇਂ ਗੁਰੂ ਹਿਰਦੇ ਅੰਦਰ ਛੁਪਿਆ ਹੋਇਆ ਪ੍ਰਭੂ ਦਾ ਨਾਮ ਲੱਭ ਦੇਂਦਾ ਹੈ।[126] ਗੁਰੂ ਰਾਮਦਾਸ ਜੀ ਇਸ ਨੂੰ ਮਿਰਗ ਦੀ ਉਦਾਹਰਣ ਰਾਹੀਂ ਸੁੰਦਰ ਤਰੀਕੇ ਨਾਲ ਪ੍ਰਸਤੁਤ ਕਰਦੇ ਹਨ:—

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ॥
ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥4॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982)

---

126. (ੳ) ਬਿਨੁ ਸਤਿਗੁਰ ਹਰਿਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ॥2॥
(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 40)

(ਅ) ਹਰਿ ਰੰਙੁ ਨਾਲਿ ਨ ਲਖੀਐ ਮੇਰੇ ਗੋਵਿੰਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 173)

(ੲ) ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤ ਲਹਾਈਐ॥2॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1179)

(ਸ) ਮੇਰੈ ਮਨਿ ਗੁਪਤੁ ਹੀਰੁ ਹਰਿ ਰਾਖਾ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਮਿਲਿਐ ਹੀਰੁ ਪਰਾਖਾ॥ਰਹਾਉ॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 696)

(ਹ) ਰਾਮਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1178)

(ਕ) ਹੀਰਾ ਲਾਲ ਅਮੋਲਕ ਹੈ ਭਾਰੀ ਬਿਨੁ ਗਾਹਕ ਮੀਠਾ ਕਾਖਾ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ॥੧॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 696)

(ਖ) ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ॥2॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

(ਗ) ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

(ਅ) ਗੁਰੂ ਰਾਹੀਂ ਲਿਵ ਅਤੇ ਆਨੰਦ ਪ੍ਰਾਪਤੀ:

ਗੁਰੂ ਰਾਮਦਾਸ ਜੀ ਅਨੁਸਾਰ ਗੁਰੂ ਮਾਨੋ ਅੰਮ੍ਰਿਤ ਦਾ ਰੁੱਖ ਹੈ, ਜੋ ਅੰਮ੍ਰਿਤ ਦੇ ਰਸ ਨਾਲ ਫਲਿਆ ਹੈ। ਇਹ ਫਲ ਪ੍ਰਭੂ ਦਾ ਨਾਮ ਹੈ, ਜਿਸਦਾ ਰਸ ਦੁਨੀਆਂ ਦੇ ਸਾਰੇ ਪਦਾਰਥਾਂ ਤੋਂ ਉੱਤਮ ਗਿਣਿਆ ਜਾਂਦਾ ਹੈ। ਜਿਹੜੇ ਜੀਵ ਗੁਰੂ ਦੀ ਸਿਖਿਆ ਰਾਹੀਂ ਨਾਮ ਨੂੰ ਹਿਰਦੇ ਵਿਚ ਦ੍ਰਿੜ ਕਰਦੇ ਹਨ, ਉਹਨਾਂ ਨੂੰ ਇਹਨਾਂ ਸਾਰੇ ਰਸਾਂ ਤੋਂ ਉੱਤਮ ਨਾਮ-ਰਸ ਮਿਲ ਜਾਂਦਾ ਹੈ। ਮਾਇਆ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ। ਮਨ ਵਿਚ ਸ਼ਾਂਤੀ ਵਰਤ ਜਾਂਦੀ ਹੈ ਅਤੇ ਨਾਮ ਜਪਣ ਦਾ ਉਤਸ਼ਾਹ ਉਤਪੰਨ ਹੋ ਜਾਂਦਾ ਹੈ।[127]

ਗੁਰੂ ਰਾਮਦਾਸ ਜੀ ਦੇ ਮਤ ਅਨੁਸਾਰ ਗੁਰੂ ਰਾਹੀਂ ਮਨ ਵਿਚ ਨਾਮ ਦ੍ਰਿੜ ਹੋਣ ਤੇ ਨਾਮ-ਰਸ ਅੰਦਰ ਸਿੰਜਰਦਾ ਹੈ। ਮਨ ਵਿਚ ਆਨੰਦ ਪੈਦਾ ਹੁੰਦਾ ਹੈ, ਇਕ ਖਿੜਾਓ ਅਤੇ ਉਮਾਹ ਦੀ ਅਵਸਥਾ ਉਤਪੰਨ ਹੁੰਦੀ ਹੈ। ਮਨ ਟਿਕ ਜਾਂਦਾ ਹੈ। ਸੁਰਤੀ ਪਰਮਾਤਮਾ ਵਿਚ ਲਗ ਜਾਂਦੀ ਹੈ। ਲਿਵ ਦੀ ਅਵਸਥਾ ਤਾਰੀ ਹੋ ਜਾਂਦੀ ਹੈ। ਮਨੁੱਖ ਆਪਣੀ ਪਹਿਲੀ ਅਗਿਆਨਤਾ ਦੀ ਨੀਂਦ ਵਿਚੋਂ ਜਾਗ ਪੈਂਦਾ ਹੈ।[128]

---

127. (ੳ) ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1245)
(ਅ) ਰਾਮਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ॥ (ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1337)
(ੲ) ਰਾਮਨਾਮੁ ਸਭ ਹੈ ਰਾਮਨਾਮਾ ਰਸੁ ਗੁਰਮਤਿ ਰਸੁ ਗਾਰੇ॥ (ਰਾਗ ਸੂਹੀ, ਆਦਿ ਗ੍ਰੰਥ, ਪੰ.7 31)
(ਸ) ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ॥4॥8॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.800)
(ਹ) ਮਨ ਤਨੁ ਸੀਤਲੁ ਸੀਗਾਰੁ ਹੋਆ ਗੁਰਮਤਿ ਰਾਮ ਪ੍ਰਗਾਸਾ॥ (ਰਾਗ ਆਸਾ, ਆਦਿ ਗ੍ਰੰਥ, ਪੰ.443)
(ਕ) ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਗੁਰਮਤਿ ਨਾਮਿ ਸਮਾਣੇ॥4॥4॥18॥56॥
(ਰਾਗ ਗਉੜੀ, ਆਦਿ ਗ੍ਰੰਥ, ਪੰ. 170)

128. (ੳ) ਗੁਰ ਮੰਤਰ ਦ੍ਰਿੜਾਏ ਹਰਿ ਰਸਨਿ ਰਸਾਏ ਹਰਿ ਅੰਮ੍ਰਿਤ ਹਰਿਮੁਖਿ ਚੋਇ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰਨੇ 447-48 )
(ਅ) ਰਾਮਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਇਆ ਰਸਿਆ॥2॥
(ਰਾਗ ਬਸੰਤੁ, ਆਦਿ ਗ੍ਰੰਥ, ਪੰ. 1191)
(ੲ) ਕਹੁ ਨਾਨਕ ਹਰਿ ਆਪਿ ਮਿਲਾਏ ਸਤਿਗੁਰ ਪੁਰਖ ਸੁਖੁ ਹੋਈ॥
(ਰਾਗ ਵਡਹੰਸੁ, ਆਦਿ ਗ੍ਰੰਥ, ਪੰ. 572)
(ਸ) ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੇਤੁ॥4॥5॥7॥2॥18॥
(ਰਾਗ ਬਸੰਤ, ਆਦਿ ਗ੍ਰੰਥ, ਪੰ.1179)
(ਹ) ਰਾਮਨਾਮ ਮੰਤ੍ਰੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥8॥2॥9॥
(ਰਾਗ ਆਸਾ, ਆਦਿ ਗ੍ਰੰਥ, ਪੰ.444)
(ਕ) ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ॥22॥
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1423)
(ਖ) ਗੁਰ ਸਤਿਗੁਰ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੈ॥ (ਸੋਰਠ ਕੀ ਵਾਰ, ਆਦਿ ਗ੍ਰੰਥ, ਪੰ.642
(ਗ) ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ॥2॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 199)
(ਘ) ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗ॥1॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ.845)
(ਙ) ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ॥29॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1317)

## ( ) ਗੁਰੂ ਰਾਹੀਂ ਆਤਮਕ ਜੀਵਨ ਦੀ ਸੂਝ:

ਗੁਰੂ ਰਾਮਦਾਸ ਜੀ ਅਨੁਸਾਰ ਗੁਰੂ ਜੀਵ ਨੂੰ ਆਤਮਕ ਜੀਵਨ ਦੀ ਸੂਝ ਦੇ ਕੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਪੈਦਾ ਕਰ ਦਿੰਦਾ ਹੈ ਜੋ ਪਰਮਾਤਮਾ ਨੂੰ ਮਿਲਣ ਦਾ ਪੱਧਰਾ ਰਸਤਾ ਹੈ। ਗੁਰੂ ਰਾਹੀਂ ਦਿੱਤੀ ਗਈ ਆਤਮਕ ਜੀਵਨ ਦੀ ਸੂਝ ਮਨੁੱਖ ਦੇ ਅਗਿਆਨਤਾ ਦੇ ਹਨੇਰੇ ਨੂੰ ਸੂਰਜ ਦੀ ਰੋਸ਼ਨੀ ਵਾਂਗ ਦੂਰ ਕਰ ਦਿੰਦੀ ਹੈ। ਇਹੀ ਪਰਮਾਤਮਾ ਨਾਲ ਮੇਲ ਦੀ ਅਵਸਥਾ ਹੈ ਜਿਹੜੀ ਪਰਮ-ਗਿਆਨ ਦੀ ਅਵਸਥਾ ਹੈ। ਪਰਮ-ਸੁਖ ਦੀ ਅਵਸਥਾ, ਹਉਮੈ ਦੀ ਨਵਿਰਤੀ ਦੀ ਅਵਸਥਾ ਹੈ, ਜਿਥੇ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ।[129]

---

129. (ੳ) ਮੇਰੈ ਹੀਅਰੈ ਪ੍ਰੀਤਿ ਰਾਮ ਕੀ ਗੁਰਿ ਮਾਰਗੁ ਪੰਥ ਬਤਾਇਆ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 172)

(ਅ) ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ॥3॥
(ਰਾਗ ਵਡਹੰਸ, ਆਦਿ ਗ੍ਰੰਥ, ਪੰ.575)

(ੲ) ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀਆ॥ ਰਹਾਉ॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

(ਸ) ਸਤਿਗੁਰਿ ਦਇਆਲਿ ਹਰਿਨਾਮੁ ਦ੍ਰਿੜਾਇਆ ਹਰਿ ਪਾਧਰ ਹਰਿ ਪ੍ਰਭ ਕੇਰਾ॥੧॥
(ਰਾਗ ਟੋਡੀ, ਆਦਿ ਗ੍ਰੰਥ, ਪੰ. 711)

(ਹ) ਹਰਿ ਪ੍ਰਭੁ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥
ਮੈਂ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ॥੧॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1317)

(ਕ) ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿ ਆਈ ਰਾਮ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 845)

(ਖ) ਗੁਰਦਰਸੁ ਪਾਇਆ ਅਗਿਆਨ ਗਵਾਇਆ ਅੰਤਰ ਜੋਤਿ ਪ੍ਰਗਾਸੀ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1116)

(ਗ) ਸਤਿਗੁਰ ਗਿਆਨ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥ 10॥
(ਰਾਗ ਮਾਰੂ, ਆਦਿ ਗ੍ਰੰਥ, ਪੰ.1069)

(ਘ) ਹਉਮੈ ਰੋਗ ਗਇਆ ਸੁਖ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ॥੧॥
(ਰਾਗ ਗਉੜੀ, ਆਦਿ ਗ੍ਰੰਥ, ਪੰ. 172)

(ਙ) ਆਪੇ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 833)

(ਚ) ਸਭਨਾ ਸਚੁ ਵਸੈ ਮਨ ਮਾਹੀ॥
ਗੁਰਪਰਸਾਦੀ ਸਹਜਿ ਸਮਾਹੀ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 1069)

## (v) ਗੁਰੂ-ਮੇਲ ਅਤੇ ਪ੍ਰਭੂ ਦੀ ਕ੍ਰਿਪਾ:

ਗੁਰੂ ਰਾਮਦਾਸ ਜੀ ਅਨੁਸਾਰ ਗੁਰੂ ਵੀ ਉਨ੍ਹਾਂ ਵਿਅਕਤੀਆਂ ਨੂੰ ਮਿਲਦਾ ਹੈ ਜਿਨ੍ਹਾਂ ਉਤੇ ਪਰਮਾਤਮਾ ਆਪ ਕ੍ਰਿਪਾ ਕਰਦਾ ਹੈ ਅਤੇ ਗੁਰੂ ਦੀ ਮਿਹਰ ਰਾਹੀਂ ਹੀ ਪ੍ਰਭੂ ਮੇਲ ਸੰਭਵ ਹੁੰਦਾ ਹੈ। 130 ਗੁਰੂ ਰਾਮਦਾਸ ਜੀ ਦੇ ਮਤ ਅਨੁਸਾਰ ਜੀਵ ਨੂੰ ਆਪਾ ਭਾਵ ਮਿਟਾ ਕੇ ਹੀ ਗੁਰੂ ਨੂੰ ਮਿਲਣਾ ਪੈਂਦਾ ਹੈ।

---

130. (ੳ) ਨਾਨਕ ਹਰਿ ਹੋਇ ਦਇਆਲੁ ਤਾ ਗੁਰੁ ਪੂਰਾ ਮੇਲਾਵਏ॥੫॥
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1421)

(ਅ) ਪੁਰਖੈ ਪੁਰਖੁ ਮਿਲਿਆ ਗੁਰ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ.607)

(ੲ) ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤ ਅਗਮ ਅਥਾਹ॥ ਰਹਾਉ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 604)

(ਸ) ਗੁਰ ਕ੍ਰਿਪਾਲ ਕਿਰਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭ ਮੇਰੀ॥੧॥
(ਰਾਗ ਗਉੜੀ, ਆਦਿ ਗ੍ਰੰਥ, ਪੰ. 170)

(ਹ) ਗੁਰ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਗੁ॥੧॥ ਰਹਾਉ॥
(ਰਾਗ ਸੂਹੀ, ਆਦਿ ਗ੍ਰੰਥ, ਪੰਨੇ 731-32)

(ਕ) ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥੧॥
(ਰਾਗ ਸੂਹੀ, ਆਦਿ ਗ੍ਰੰਥ, ਪੰ. 733)

(ਖ) ਗੁਰ ਪਰਸਾਦੀ ਬ੍ਰਹਮ ਪਛਾਤਾ ਨਾਨਕ ਗੁਣੀ ਗਹੀਰਾ॥੨॥
(ਰਾਗ ਸੂਹੀ, ਆਦਿ ਗ੍ਰੰਥ, ਪੰ. 775)

(ਗ) ਧੜੁ ਜੀਉ ਕਰ ਤਿਸ ਵਿਟਉ ਵਉਖੰਨੀਐ ਜੋ ਮੈ ਪਿਰੀ ਦਿਖਾਵਏ॥
(ਸਲੋਕ, ਆਦਿ ਗ੍ਰੰਥ, ਪੰ. 1421)

(ਘ) ਸਤਿਗੁਰ ਦਇਆ ਕਰੇ ਪ੍ਰਭ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥੧॥ ਰਹਾਉ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

(ਙ) ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਾਈਆ॥੨॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.836)

(ਚ) ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਪ੍ਰਭ ਮਿਲਥੈ॥
ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੈ॥੩॥
(ਰਾਗ ਕਲਿਆਨ, ਆਦਿ ਗ੍ਰੰਥ, ਪੰ. 1320)

(ਛ) ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ॥
(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 986)

(ਜ) ਮੈ ਮਨੁ ਤਨੁ ਅਰਪਿ ਧਰਉ ਗੁਰ ਆਗੈ ਸਿਰ ਵੇਚਿ ਲੀਓ ਮੁਲਿ ਮਹਘਾ॥੧॥
(ਰਾਗ ਸੂਹੀ, ਆਦਿ ਗ੍ਰੰਥ, ਪੰ. 731)

(ਝ) ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ॥੩॥
(ਰਾਗ ਬਿਲਾਵਲ, ਆਦਿ ਗ੍ਰੰਥ,. ਪੰ. 836)

(੫੦) <u>ਗੁਰ-ਸਿਖਿਆ:</u>

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦਾ ਮੇਲ ਪਿਛਲੇ ਕੀਤੇ ਕਰਮਾਂ ਅਨੁਸਾਰ ਹੁੰਦਾ ਹੈ, ਕਿਉਂਕਿ ਪ੍ਰਭੂ-ਪ੍ਰੇਮ ਦਾ ਲੇਖ ਧੁਰ ਤੋਂ ਹੀ ਮਨੁੱਖ ਲਈ ਲਿਖਿਆ ਹੁੰਦਾ ਹੈ। ਗੁਰੂ ਜੀਵ ਅੰਦਰ ਇਹ ਸੂਝ ਪੈਦਾ ਕਰਦਾ ਹੈ ਕਿ ਪਰਮਾਤਮਾ ਅੰਦਰ ਵਸਦਾ ਹੈ। ਗੁਰੂ ਦੀ ਕ੍ਰਿਪਾ ਰਾਹੀਂ ਮਨੁੱਖ ਇਸ ਤੱਤ੍ ਦੀ ਖੋਜ ਕਰਨ ਤੇ ਬੇਅੰਤ, ਅਦ੍ਰਿਸ਼ਟ, ਅਪਹੁੰਚ ਅਤੇ ਅਗੋਚਰ ਪਰਮਾਤਮਾ ਨੂੰ ਹਿਰਦੇ ਵਿਚ ਪਾ ਲੈਂਦਾ ਹੈ। ਪਰਮਾਤਮਾ ਅੰਗ-ਸੰਗ ਵਸਦਾ ਨਜ਼ਰ ਆਉਣ ਤੇ ਜੀਵ ਸਾਰੀ ਲੋਕਾਈ ਨੂੰ ਪ੍ਰੇਮ ਦੀ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ। ਪਰਮਾਤਮਾ ਉਸਨੂੰ ਹਰ ਵਸਤ ਵਿਚ ਵਿਆਪਕ ਨਜ਼ਰ ਆਉਂਦਾ ਹੈ। ਅੰਤਰ ਦ੍ਰਿਸ਼ਟੀ ਜਾਂ ਅੰਤਰਿ ਗਿਆਨ ਹੀ ਉਸਨੂੰ ਜਾਣੂ ਕਰਾਉਂਦਾ ਹੈ ਕਿ ਪਰਮਾਤਮਾ ਦਾ ਨਾਮ ਸਾਰੇ ਬ੍ਰਹਿਮੰਡ ਦੀ ਪ੍ਰਾਣ ਜੋਤਿ ਹੈ।[131] ਜੀਵ ਦਾ ਇਹ ਨਿਸਚਾ ਹੋ ਜਾਂਦਾ ਹੈ ਕਿ ਸ੍ਰਿਸ਼ਟੀ ਦੇ ਆਦਿ ਤੋਂ ਪਰਮਾਤਮਾ ਦੀ ਇਕੋ

---

131. (ੳ) ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ.668)

(ਅ) ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ॥
(ਰਾਗ ਗੁਜਰੀ, ਆਦਿ ਗ੍ਰੰਥ, ਪੰ. 506)

(ੲ) ਹਰਿ ਅਗਮ ਅਗੋਚਰ ਗੁਰਿ ਅਗਮ ਦਿਖਾਲੀ॥
ਵਿਚਿ ਕਾਇਆ ਨਗਰ ਲਧਾ ਹਰਿ ਭਾਲੀ॥3॥ (ਰਾਗ ਭੈਰਉ, ਆਦਿ ਗ੍ਰੰਥ, ਪੰ.1134)

(ਸ) ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥
(ਰਾਗ ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.313)

(ਹ) ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕ ਗੁਰਮੁਖਿ ਚਲਤੁ ਦਿਖਾਇਆ॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1191)

(ਕ) ਸਤਿਗੁਰ ਨਾਲਿ ਦਿਖਾਲਿਆ ਰਵਿ ਰਹਿਆ ਸਭੁ ਖੋਜਿਆ ਇਕ ਗੁਰਮੁਖਿ ਚਲਤੁ ਦਿਖਾਇਆ॥
(ਰਾਗ ਬਸੰਤ, ਆਦਿ ਗ੍ਰੰਥ, ਪੰ.1191)

(ਖ) ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.538)

(ਗ) ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰ ਭੇਟਿਆ ਰਾਮ ਹਜੂਰਿ॥8॥9॥
(ਰਾਗ ਸਾਰੰਗ, ਆਦਿ ਗ੍ਰੰਥ, ਪੰ.1198)

(ਘ) ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.833)

(ਙ) ਰਾਮਨਾਮ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.833)

ਹੀ ਅਟੱਲ ਹਸਤੀ ਹੈ ਅਤੇ ਹੋਰ ਦੂਜਾ ਤੱਤ੍ਵ ਕੋਈ ਨਹੀਂ।[132]

ਗੁਰ-ਚਰਨ:

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਦੀ ਕ੍ਰਿਪਾ ਰਾਹੀਂ ਮਨੁੱਖ ਅੰਦਰ ਗੁਰੂ ਦੇ ਚਰਨ ਪਿਆਰੇ ਲਗਣ ਲੱਗ ਪੈਂਦੇ ਹਨ। ਪ੍ਰਭੂ-ਮੇਲ ਦੀ ਤਾਂਘ ਮਨ ਵਿਚ ਉਤਪੰਨ ਹੋ ਜਾਂਦੀ ਹੈ। ਨਾਮ ਦੀ ਪ੍ਰੀਤ ਉਤਪੰਨ ਹੋਣ ਤੇ ਉਹ ਨਾਮ-ਸਿਮਰਨ ਸ਼ੁਰੂ ਕਰ ਦਿੰਦਾ ਹੈ। ਜੋ ਮਨੁੱਖ - ਗੁਰ-ਚਰਨਾ ਨੂੰ ਸ਼ਰਧਾ ਅਨੁਸਾਰ ਮੰਨਦਾ ਹੈ, ਗੁਰੂ ਉਸ ਦੇ ਅੰਦਰੋਂ ਮਾਇਆ ਅਤੇ ਹਉਮੈਂ ਦੀ ਜ਼ਹਿਰ ਕੱਢ ਦਿੰਦਾ ਹੈ। ਗੁਰ-ਚਰਨਾਂ ਅਨੁਸਾਰ ਉਹ ਨਾਮ ਸਿਮਰਨ ਦਾ ਧਿਆਨ ਧਰਦਾ ਹੈ। ਸੁਰਤੀ ਦੇ ਟਿਕਣ ਨਾਲ ਉਹ ਪਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ।[133]

---

132. (ੳ) ਕਾਇਆ ਨਗਰ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੀ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰ ਹਰਿ ਪ੍ਰਭੁ ਲਹੀ॥2॥
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1336)

(ਅ) ਗੁਰਮਤਿ ਨਗਰੀ ਖੋਜਿ ਖੋਜਾਈ॥
ਹਰਿ ਹਰਿ ਨਾਮ ਪਦਾਰਥ ਪਾਈ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 732)

(ੲ) ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ॥੫॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1311)

(ਸ) ਆਦਿ ਜੁਗਾਦਿ ਵੰਸ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ॥
(ਰਾਗ ਕਾਨੜਾ, ਆਦਿ ਗ੍ਰੰਥ, ਪੰਨੇ 1315-16)

(ਹ) ਗੁਰਮਤਿ ਸਚੁ ਪਾਈਐ ਸਹਜਿ ਸਮਾਈਐ॥
ਤਿਸੁ ਬਿਨੁ ਅਵਰੁ ਨ ਕੋਈ॥ (ਰਾਗ ਸੂਹੀ, ਆਦਿ ਗ੍ਰੰਥ, ਪੰ.775)

133. (ੳ) ਮਨਿ ਲਾਗੀ ਪ੍ਰੀਤਿ ਰਾਮਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ॥
ਸਤਿਗੁਰ ਬਚਨ ਸੁਖਾਣੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ॥੧॥
(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1336)

(ਅ) ਰਾਮਨਾਮੁ ਜਪਿਓ ਗੁਰਬਚਨੀ ਹਰਿ ਧਾਰੀ ਹਰਿ ਕ੍ਰਿਪਲੈ॥੧॥ ਰਹਾਉ॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.975)

(ੲ) ਰਾਮਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ॥
ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ॥੪॥
(ਰਾਗ ਕਲਿਆਨ, ਆਦਿ ਗ੍ਰੰਥ, ਪੰ.1326)

(ਸ) ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਆ॥੧॥
(ਰਾਗ ਜੈਤਸਰੀ, ਆਦਿ ਗ੍ਰੰਥ, ਪੰ.697)

(ਹ) ਜਨ ਨਾਨਕ ਨਾਮੁ ਧਿਆਇਆ ਗੁਰਬਚਨਿ ਮਨਿ ਚੀਤਿ॥੧॥ (ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1316)

(ਕ) ਮੇਲਿ ਦੇਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ॥ (ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ.1317)

(ਖ) ਗੁਰ ਕੇ ਬਚਨ ਹਰਿ ਪਾਇਆ॥੨॥ (ਰਾਗ ਗਉੜੀ, ਆਦਿ ਗ੍ਰੰਥ, ਪੰ.172)

ਅਸਲ ਵਿਚ 'ਸ਼ਬਦ' ਨਾਮ ਦਾ ਉਜਾਗਰ ਰੂਪ ਹੈ। 'ਸ਼ਬਦ' ਉਹ ਹੈ ਜੋ ਬੋਲਿਆ ਲਿਖਿਆ ਸੁਣਿਆ ਜਾ ਸਕੇ, ਅਤੇ ਜਿਸਦੇ ਕੋਈ ਸਾਰਥਕ ਅਰਥ ਹੋਣ। ਨਾਮ ਇਕ ਸੰਕਲਪ ਹੈ ਜੋ ਧਿਆਨ ਅਤੇ ਸਿਮਰਨ ਦਾ ਵਿਸ਼ਾ ਹੈ। ਇਹ ਦੋਨੋ ਅੰਤਿਮ ਸਤਿ ਦੇ ਬਾਹਰੀ ਅਤੇ ਅੰਤ੍ਰੀਵ ਪੱਖ ਹਨ।[134]

<u>ਗੁਰ-ਸ਼ਬਦ:</u>

ਗੁਰੂ ਰਾਮਦਾਸ ਜੀ ਅਨੁਸਾਰ ਜਿਵੇਂ ਮਹਾਵਤ ਹਾਥੀ ਨੂੰ ਕੁੰਡੇ ਹੇਠ ਰੱਖਕੇ ਨਿਯੰਤ੍ਰਣ ਵਿਚ ਰਖਦਾ ਹੈ, ਤਿਵੇਂ ਗੁਰੂ ਮਨੁੱਖ ਦੇ ਸਿਰ ਉਤੇ ਆਪਣੇ ਸ਼ਬਦ-ਅੰਕੁਸ਼ ਦੀ ਸੱਟ ਰਾਹੀਂ ਮਨ ਨੂੰ 'ਨਿੱਜ-ਘਰ' ਵਿਚ ਟਿਕਾ ਦਿੰਦਾ ਹੈ। ਕੁਰਾਹੇ ਪਿਆ ਮਨ ਸੁਝਵਾਨ ਹੋ ਜਾਂਦਾ ਹੈ। ਗੁਰੂ ਦਾ ਸ਼ਬਦ ਮਾਨੋ ਭਟਕਣ ਦੀ ਦਵਾਈ ਹੈ। ਵਡਭਾਗੀ ਜੀਵ ਹੀ ਦੁਖ-ਹਰਤਾ ਨਾਮ ਪ੍ਰਾਪਤ ਕਰਦੇ ਹਨ ਅਤੇ ਦੂਜੇ ਸ਼ਬਦਾਂ ਵਿਚ ਨਾਮ-ਰੂਪ ਅੰਮ੍ਰਿਤ-ਫਲ ਗੁਰੂ ਦੇ ਸ਼ਬਦ ਰਾਹੀਂ ਮਿਲਦਾ ਹੈ ਅਤੇ ਉਹੀਓ ਪ੍ਰਾਪਤ ਕਰ ਸਕਦਾ ਹੈ ਜਿਸਦੇ ਭਾਗਾਂ ਵਿਚ ਲਿਖਿਆ ਹੋਵੇ। ਪਰਮਾਤਮਾ ਦਾ ਨਾਮ ਮਾਨੋ ਜਹਾਜ਼ ਹੈ। ਗੁਰੂ ਉਹ ਮਲਾਹ ਹੈ ਜਿਸਦਾ ਸ਼ਬਦ ਜੀਵਾਂ ਨੂੰ ਭਵਸਾਗਰ-ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ। ਇਸ ਸ਼ਬਦ ਦੀ ਪ੍ਰਾਪਤੀ 'ਤੇ ਮਨੁੱਖੀ ਮਨ ਸੁੱਖਾਂ-ਦੁੱਖਾਂ ਤੋਂ ਉਪਰ ਉਠਕੇ ਆਤਮਕ ਅਨੰਦ ਦੇ ਮੰਡਲਾਂ ਵਿਚ ਵਿਚਰਦਾ ਹੈ।[135]

---

134. Dewan Singh (Dr.), <u>Mysticism of Gu ru Nanak</u>, p. 229.

135.(ੳ) ਜਿਉ ਮੈਗਲੁ ਜੋਰੇ ਤਲਿ ਕੁੰਡੈ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥੧॥ਰਹਾਉ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1310)

(ਅ) ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ॥
(ਰਾਗ ਬਸੰਤ, ਆਦਿ ਗ੍ਰੰਥ, ਪੰ.1179)

(ੲ) ਭੂਲਾ ਮਨੁ ਸਮਝੈ ਗੁਰਸਬਦੀ ਹਰਿ ਹਰਿ ਸਦਾ ਧਿਆਏ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ.561)

(ਸ) ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤ ਨਾਮੁ ਚੁਆਵੈਗੋ॥੧॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1310)

(ਹ) ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1246)

(ਕ) ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥
ਆਨੰਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥
(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰਨੇ1315-16)

(ਖ) ਘਟਿ ਘਟਿ ਰਮਈਆ ਰਮਤ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ॥
(ਰਾਗ ਗਉੜੀ, ਆਦਿ ਗ੍ਰੰਥ, ਪੰ.171)

(ਗ) ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ ਗੁਰ ਖੇਵਟ ਸਬਦਿ ਤਰਾਇਆ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.539)

(ਘ) ਵਣਜਾਰੇ ਸਿਖ ਆਵਦੇ ਸਬਦਿ ਲਦਾਵਣ ਹਾਰੁ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.315)

(ਙ) ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1245)

(ਚ) ਨਾਨਕ ਨਾਮੁ ਮਿਲੈ ਭਉ ਭੰਜਨ ਗੁਰ ਸਬਦੀ ਸੁਖ ਪਾਵਣਿਆ॥8॥1॥34॥
(ਰਾਗ ਮਾਝ, ਆਦਿ ਗ੍ਰੰਥ, ਪੰ.130)

(ਛ) ਹਰਿ ਨਾਮੁ ਵਡਾਈ ਹਰਿਨਾਮੁ ਸਖਾਈ ਗੁਰ ਸਬਦੀ ਹਰਿ ਰਸ ਪੀਤ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰ.445)

(ਜ) ਆਸਾ ਆਸ ਕਰੇ ਨਹੀਂ ਬੂਝੇ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਐ॥3॥

**ਗੁਰਬਾਣੀ:**

ਗੁਰੂ ਦੇ ਕਾਵਿ-ਬੱਧ ਕੀਤੇ ਹੋਏ ਸ਼ਬਦ ਜਿਨ੍ਹਾਂ ਰਾਹੀਂ ਗੁਰੂ ਦਾ ਅਗੰਮੀ ਅਨੁਭਵ ਸਜੀਵ ਰੂਪ ਵਿਚ ਉਪਲਬਧ ਰਹਿੰਦਾ ਹੈ, ਗੁਰੂ ਦਾ ਦਰਜਾ ਰਖਦੇ ਹਨ ਕਿਉਂਕਿ ਇਸ ਰਾਹੀਂ ਹੀ ਨਾਮ ਸਿਮਰਨ ਦਾ ਧਰਮ ਹਿਰਦੇ ਵਿਚ ਪੱਕਾ ਹੁੰਦਾ ਹੈ। ਇਹੀ ਮਨੁੱਖੀ ਜੀਵਨ ਦਾ ਤੱਤ ਹੈ। ਇਕ ਅਧਿਆਤਮਕ ਪਾਂਧੀ ਲਈ ਗੁਰਬਾਣੀ, ਸੁਣਨੀ, ਉਚਾਰਨੀ ਅਤੇ ਆਪਣੀ ਸੁਰਤੀ ਨੂੰ ਇਸ ਵਿਚ ਟਿਕਾਣਾ ਜ਼ਰੂਰੀ ਹੈ। ਇਸ ਰਾਹੀਂ ਮਨੁੱਖ ਅੰਦਰੋਂ ਹਉਮੈ, ਮਮਤਾ, ਭਟਕਣ, ਕ੍ਰੋਧ ਅਤੇ ਪਾਖੰਡ ਆਦਿ ਦੂਰ ਹੋ ਜਾਂਦੇ ਹਨ। ਸ਼ਰਧਾ ਪ੍ਰੇਮ, ਆਤਮਕ ਅਡੋਲਤਾ ਕਾਰਣ ਉਹ ਨਾਮ ਪ੍ਰਾਪਤ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਪਰਮ-ਸਤਿ ਨੂੰ ਪਾ ਲੈਂਦਾ ਹੈ।[136]

**(ਖ) ਸਤਿ ਸੰਗਤ:**

ਗੁਰੂ ਰਾਮਦਾਸ ਜੀ ਸਤਿਸੰਗਤ ਦੀ ਮਹੱਤਤਾ ਤੇ ਬਹੁਤ ਜ਼ੋਰ ਦਿੰਦੇ ਹਨ। ਇਕ ਅਧਿਆਤਮਕ ਪਾਂਧੀ ਲਈ ਇਸ ਦੀ ਮਾਨਤਾ ਅਠਾਹਠ ਤੀਰਥ-ਇਸ਼ਨਾਨਾਂ ਦੇ ਤੁੱਲ ਹੈ। ਗੁਰੂ ਦੇ ਸ਼ਬਦ ਰਾਹੀਂ ਇਹ ਸੋਝੀ ਹੋ ਜਾਂਦੀ ਹੈ ਕਿ ਪਰਮਾਤਮਾ ਸਾਧ ਸੰਗਤ ਵਿਚ ਵਸਦਾ ਹੈ ਕਿਉਂਕਿ ਸਾਧ-ਸੰਗਤ ਵਿਚ ਨਾਮ-ਰੂਪ ਖਜ਼ਾਨਾ ਹੈ ਜਿਥੇ ਜੀਵ ਦੀ ਸੰਗਤ ਨਾਮ ਨਾਲ ਰਹਿੰਦੀ ਹੈ। ਸਤ-ਸੰਗੀ ਜੀਵਾਂ ਨਾਲ ਮਿਲ ਕੇ ਪਰਮਾਤਮਾ ਦਾ ਨਾਮ-ਧਨ ਨਹੀਂ ਮਿਲਦਾ। ਨਾਮ-ਰਤਨ ਦੇ ਵਪਾਰੀ ਹੀ ਨਾਮ-ਰਤਨ ਖਰੀਦਦੇ ਹਨ।

---

136. (ੳ) ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
(ਰਾਗ ਨਟ ਨਰਾਇਨ, ਆਦਿ ਗ੍ਰੰਥ, ਪੰ.982)
(ਅ) ਬਾਣੀ ਬ੍ਰਹਮਾ ਵੇਦ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ॥
(ਰਾਗ ਸੂਹੀ, ਆਦਿ ਗ੍ਰੰਥ, ਪੰ.773)
(ੲ) ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿਆਇ॥ (ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰਨੇ 1423-24)
(ਸ) ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਏ ਹਰਿ ਲਿਵ ਲਾਏ ਰਾਮ॥
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)
(ਹ) ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ॥ 2॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)
(ਕ) ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
(ਰਾਗ ਆਸਾ, ਆਦਿ ਗ੍ਰੰਥ, ਪੰ.442)
(ਖ) ਗੁਰਬਾਣੀ ਹਰਿ ਅਲਖੁ ਲਖਾਇਆ॥੧॥ (ਰਾਗ ਆਸਾ, ਆਦਿ ਗ੍ਰੰਥ, ਪੰ.366)
(ਗ) ਬਾਣੀ ਗੁਰ ਗਾਈ ਪਰਮਗਤਿ ਪਾਈ ਪੰਚ ਮਿਲੇ ਸੋਹਾਇਆ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 773)

ਇਸ ਤੋਂ ਉਲਟ ਨਾਸ਼ਵੰਤ ਪਦਾਰਥਾਂ ਦੇ ਵਪਾਰੀ ਮਾਇਕ ਪਦਾਰਥ ਹੀ ਖਰੀਦਦੇ ਹਨ। ਸੋ ਅਜੇਹੇ ਜੀਵਾਂ ਦੀ ਸਿਖਿਆ ਨਾਲ ਨਾਮ-ਧਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ।[137]

ਗੁਰੂ ਰਾਮਦਾਸ ਜੀ ਅਨੁਸਾਰ ਸਤਿ-ਸੰਗਤਿ ਰਾਹੀਂ ਆਤਮ-ਵਿਕਾਸ ਵਿਚ ਜੀਵ ਆਪਣਾ ਜੀਵਨ ਸੰਵਾਰ ਸਕਦਾ ਹੈ। ਸਤਿ-ਸੰਗਤ ਰਾਹੀਂ ਨਾਮ ਮਿਲਣ ਤੇ ਹੀ ਸਤਿ-ਸੰਗਤ ਪਿਆਰੀ ਲਗਦੀ ਹੈ। ਜਿਵੇਂ ਅਰਿੰਡ ਤੇ ਪਲਾਹੀ ਚੰਦਨ ਦੇ ਬ੍ਰਿਖ ਦੀ ਨੇੜਤਾ ਨਾਲ ਸੁਗੰਧਤ ਹੋ ਜਾਂਦੇ ਹਨ, ਤਿਵੇਂ ਜੀਵ ਨਾਮ ਰਾਹੀਂ ਉਚੇ ਜੀਵਨ ਵਾਲੇ ਬਣ ਜਾਂਦੇ ਹਨ। ਨਾਮ ਅਤੇ ਪਰਮਾਤਮਾ ਦੇ ਗੁਣਾਂ ਦੇ ਆਸਰੇ ਮਨੁਖ ਸੰਸਾਰ ਸਮੁੰਦਰ ਤੋਂ ਪਾਰ ਹੋ ਸਕਦਾ ਹੈ। ਨਾਮ ਰਾਹੀਂ ਹਉਮੈ ਦੀ ਨਵਿਰਤੀ ਹੋ ਜਾਂਦੀ ਹੈ, ਮਨ ਪਵਿੱਤਰ ਹੋ ਜਾਂਦਾ ਹੈ। ਮਨੁੱਖ ਆਪਣੇ ਅੰਦਰ ਪਰਮ-ਸਤਿ ਨੂੰ ਪਛਾਣ ਲੈਂਦਾ ਹੈ, ਉਸ ਨੂੰ ਆਤਮਕ ਜੀਵਨ ਦਾ ਗਿਆਨ ਹੋ ਜਾਂਦਾ ਹੈ। ਫਿਰ ਉਹ ਨਾਮ ਰਾਹੀਂ ਅਨੰਦ ਵਿਚ ਲੀਨ ਰਹਿੰਦਾ ਹੈ। ਅਤੇ ਉਸਨੂੰ ਪਰਮ-

---

137. (ੳ) ਸਤ ਸੰਗਤਿ ਧੂਰਿ ਮੁਖਿ ਪਰੀ।।
ਇਸਨਾਨੁ ਕੀਓ ਅਠਸਠਿ ਸੁਰਸਰੀ॥ (ਰਾਗ ਭੈਰਉ, ਆਦਿ ਗ੍ਰੰਥ, ਪੰ. 1134)

(ਅ) ਵਡੈ ਭਾਗਿ ਸਤ ਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ॥
ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ ਨਾਏ ਧੂਰਿ॥2॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1198)

(ੲ) ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥
(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1314)

(ਸ) ਮਿਲਿ ਸਤ ਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥2॥
(ਰਾਗ ਮਾਝ, ਆਦਿ ਗ੍ਰੰਥ, ਪੰ. 94)

(ਹ) ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1244)

(ਕ) ਸਤ ਸੰਗਤੀ ਸੰਗਿ ਹਰਿ ਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।।
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ
ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ।।
(ਰਾਗ ਸੂਹੀ, ਆਦਿ ਗ੍ਰੰਥ, ਪੰ. 734)

ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।[138]

ਗੁਰੂ ਰਾਮਦਾਸ ਜੀ ਅਨੁਸਾਰ ਇਹੀ ਆਤਮਕ ਵਿਕਾਸ ਦਾ ਰਸਤਾ ਹੈ, ਜਿਥੇ ਗੁਰੂ ਅਤੇ ਸਿਖ ਇਕ ਰੂਪ ਹੋ ਜਾਂਦੇ ਹਨ। ਅਧਿਆਤਮਕ ਜੀਵਨ ਦੀ ਕੜੀ ਜੁੜ ਜਾਂਦੀ ਹੈ ਅਤੇ ਸਿਖ ਅਧਿਆਤਮਕ ਜੀਵਨ ਦੀ ਲੜੀ ਨੂੰ ਅੱਗੇ ਤੋਰਦਾ ਹੈ। ਦੁਨੀਆਂ ਦੇ ਕਾਰ ਵਿਹਾਰ ਕਰਦਿਆਂ, ਉਹ ਪਰਮ-ਸਤਿ ਨੂੰ

---

138. (ੳ) ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ॥
ਹਰਿਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ॥ (ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ.645)

(ਅ) ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥਾ॥3॥
(ਰਾਗ ਕਾਨੜਾ, ਆਦਿ ਗ੍ਰੰਥ, ਪੰ.1296)

(ੲ) ਸਤ ਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ॥
(ਰਾਗ ਆਸਾ, ਆਦਿ ਗ੍ਰੰਥ, ਪੰ.368)

(ਸ) ਮਿਲਿ ਸਤਸੰਗਤਿ ਹਰਿਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ॥੧॥
(ਰਾਗ ਮਾਝ, ਆਦਿ ਗ੍ਰੰਥ, ਪੰ.95)

(ਹ) ਸੰਗਤਿ ਸੰਤ ਮਿਲਾਏ॥
ਹਰਿ ਹਰਿ ਨਿਰਮਲ ਨਾਏ॥
ਨਿਰਮਲ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ॥
(ਰਾਗ ਸੂਹੀ, ਆਦਿ ਗ੍ਰੰਥ, ਪੰ.774)

(ਕ) ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ॥2॥
(ਰਾਗ ਸੂਹੀ, ਆਦਿ ਗ੍ਰੰਥ, ਪੰ. 774)

(ਖ) ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ॥ (ਬਿਲਾਵਲ ਕੀ ਵਾਰ, ਸਬ; ਪੰ.854)

(ਗ) ਮਿਲਿ ਸਤ ਸੰਗਤਿ ਪਰਮਪਦੁ ਪਾਇਆ ਮੈ ਹਿਰਡ ਪਲਾਸ ਸੁਗੰਧ ਹੋਇਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰਨੇ 833-34)

(ਘ) ਸਤ ਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣਾ॥ ਰਹਾਉ॥
(ਰਾਗ ਸੋਰਠਿ ਆਦਿ ਗ੍ਰੰਥ, ਪੰ. 606)

(ਙ) ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਗੁ॥4॥
(ਰਾਗ ਸੂਹੀ, ਆਦਿ ਗ੍ਰੰਥ, ਪੰ. 732)

(ਚ) ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰ. 446)

(ਛ) ਨਦਰਿ ਪ੍ਰਭੂ ਸਤ ਸੰਗਤਿ ਪਾਈ ਨਿਜ ਘਰਿ ਹੋਆ ਵਾਸਾ॥
(ਰਾਗ ਸੂਹੀ, ਆਦਿ ਗ੍ਰੰਥ, ਪੰ.774)

(ਜ) ਆਤਮ ਬ੍ਰਹਮ ਚੀਨਿ ਸੁਖੁ ਪਾਇਆ ਸਤ ਸੰਗਤਿ ਪੁਰਖ ਤੁਮਾਰੀ॥3॥
(ਰਾਗ ਸੋਰਠਿ, ਆਦਿ ਗ੍ਰੰਥ, ਪੰ.607)

(ਝ) ਸਤ ਸੰਗਤਿ ਸਾਧੂ ਨਾਲ ਹਰਿਨਾਮਿ ਸਮਾਈਐ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ.643)

ਆਪਣੇ ਹਿਰਦੇ ਵਿਚ ਸੰਭਾਲ ਕੇ ਰਖਦਾ ਹੈ ਅਤੇ ਆਤਮ-ਰਸ ਵਿਚ ਗੜੂੰਦ ਰਹਿੰਦਾ ਹੈ।[139]

ਅੰਤ ਵਿਚ ਅਸੀਂ ਇਸ ਅਧਿਆਇ ਤੇ ਵਿਚਾਰ ਕਰਦੇ ਹੋਏ ਨਿਸ਼ਕਰਸ਼ ਵਜੋਂ ਇਸ ਗੱਲ ਤੇ ਬਲ ਦੇਵਾਂਗੇ, ਕਿ ਰਹੱਸਵਾਦ ਦਾ ਅਰਥ ਹੈ ਜ਼ਿੰਦਗੀ ਦੇ ਮੁਖ ਮਨੋਰਥ ਅਤੇ ਸਮੱਸਿਆਵਾਂ ਉਤੇ ਤਰਕ ਅਤੇ ਬੁਧੀ ਨਾਲੋਂ ਵਧੇਰੇ ਅਧਿਆਤਮਕ ਪਕੜ। ਇਕ ਰਹੱਸਵਾਦੀ ਵਿਕਾਸਸ਼ੀਲ ਜੀਵਨ-ਅਨੁਭਵ ਅਤੇ ਆਤਮਕ ਕੀਮਤਾਂ ਨੂੰ ਨਿਰੰਤਰ ਪ੍ਰਾਪਤ ਕਰਦਾ ਰਹਿੰਦਾ ਹੈ। ਇਸ ਰਾਹੀਂ ਜੀਵ-ਆਤਮਾ ਵਿਚ ਪਰਮਾਤਮਾ ਦੇ ਗੁਣਾਂ ਦਾ ਪ੍ਰਦਰਸ਼ਨ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਦੇ ਰਹੱਸਵਾਦ ਦਾ ਕੇਂਦਰੀ ਨੁਕਤਾ ਬ੍ਰਹਮ ਦਾ ਅਨੁਭਵ ਹੈ। ਪਰਮਾਤਮਾ ਦੀ ਅਪਾਰ ਕ੍ਰਿਪਾ ਹੀ ਮਨੁੱਖ ਨੂੰ ਰੱਬ ਵਿਚ ਵਿਸ਼ਵਾਸੀ ਅਤੇ ਹੁਕਮ ਦੀ ਖੇਡ ਨੂੰ ਸਮਝਣ ਵਿਚ ਸਹਾਈ ਬਣਦੀ ਹੈ। ਪਰਮਾਤਮਾ ਦੀ ਕ੍ਰਿਪਾ ਨੂੰ ਮੰਨਣ ਵਾਲਾ ਜੀਵ, ਆਪਣੇ ਕੀਤੇ ਕਾਰਜਾਂ ਦੇ ਪ੍ਰਤਿਫਲ ਦਾ ਦੁਨਿਆਵੀ ਅਰਥਾਂ ਅਨੁਸਾਰ ਇੱਛੁਕ ਨਹੀਂ ਰਹਿੰਦਾ। ਕਾਰਜ ਦੇ ਫਲ ਦੀ ਇੱਛਾ ਨੂੰ ਘਟਾਉਣਾ, 'ਆਪਾ ਭਾਵ' ਮਿਟਾਉਣ ਲਈ ਸਹਾਈ ਹੁੰਦਾ ਹੈ। ਮਨੁੱਖ ਸਵੈ-ਕੇਂਦ੍ਰਿਤ ਨਹੀਂ ਰਹਿੰਦਾ। ਉਹ 'ਸਵੈ' ਦੇ ਕੇਂਦਰ ਦੀ ਪਹਿਚਾਣ ਕਰ ਲੈਂਦਾ ਹੈ। ਇਹ ਅਵਸਥਾ ਆਨੰਦ ਦੀ ਅਵਸਥਾ ਹੈ। ਇਸ ਅਵਸਥਾ ਵਿਚ ਹੀ ਇਕ ਅਧਿਆਤਮਵਾਦੀ ਜੀਵ, ਰੋਜ਼ਾਨਾ ਜ਼ਿੰਦਗੀ ਦੇ ਕਰਮ ਕਰਦਾ ਹੋਇਆ ਵਿਚਰਦਾ ਹੈ। ਇਹ ਹੁਕਮ ਦੀ ਅਤੇ ਹਮੇਸ਼ਾਂ ਜਾਗ੍ਰਿਤ ਰਹਿਣ ਦੀ ਅਵਸਥਾ ਹੈ। ਇਸ ਅਵਸਥਾ ਵਿਚ ਜੀਵ-ਆਤਮਾ ਅਤੇ ਪਰਮਾਤਮਾ ਵਿਚ ਭੇਦ ਕਰਨਾ ਮੁਸ਼ਕਲ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਇਸ ਅਵਸਥਾ ਨੂੰ ਸੱਚ, ਹਰਿਨਾਮ ਅਤੇ ਗੁਣਾਂ ਵਿਚ ਲੀਨਤਾ ਮੰਨਦੇ ਹਨ।[140]

---

139. (ੳ) ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
(ਰਾਗ ਆਸਾ, ਆਦਿ ਗ੍ਰੰਥ, ਪੰ.444)

(ਅ) ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲ॥
ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲ॥21॥
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1423)

(ੲ) ਗੁਰਮਤਿ ਨਾਮ ਦਮੋਦਰੁ ਪਾਇਆ ਹਰਿ ਹਰਿ ਨਾਮਿ ਉਰਿਧਾਰੇ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮਾਰੇ॥4॥
(ਰਾਗ ਨਟ, ਆਦਿ ਗ੍ਰੰਥ, ਪੰ. 980)

140. (ੳ) ਸਚੁ ਸਚਾ ਸਬਦੁ ਵਡਾ ਹੈ ਸਚੁ ਸੇਵਹਿ ਸੇ ਸਚਿ ਰਲਾਇਆ॥
(ਰਾਗ ਗਉੜੀ, ਆਦਿ ਗ੍ਰੰਥ, ਪੰ.313)

(ਅ) ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ॥੧॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.880)

(ੲ) ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ॥
(ਸਲੋਕ, ਆਦਿ ਗ੍ਰੰਥ, ਪੰ.1423)

## ਅਧਿਆਇ ੫

## ਭਾਸ਼ਾ

ਗੁਰੂ ਰਾਮਦਾਸ ਜੀ ਨੇ ਬਾਣੀ ਦੀ ਰਚਨਾ ਸਮੇਂ ਜਿਸ ਨਿਪੁੰਨਤਾ ਤੇ ਵਿਦਵਤਾ ਨਾਲ ਭਾਸ਼ਾ ਦਾ ਪ੍ਰਯੋਗ ਕੀਤਾ ਹੈ, ਉਹ ਪਾਠਕ ਨੂੰ ਇਹ ਸੋਚਣ ਲਈ ਪ੍ਰੇਰਿਤ ਕਰਦਾ ਹੈ ਕਿ ਬਾਣੀ ਦੀ ਰਚਨਾ, ਗੁਰੂ ਰਾਮਦਾਸ ਜੀ ਨੇ ਪਰਮ-ਸੱਤਾ ਦੇ ਪ੍ਰਤਖ ਅਨੁਭਵ ਦੇ ਅਸਰ ਥੱਲੇ ਭਾਵ ਪੂਰਨ ਹੋ ਕੇ ਕੀਤੀ ਹੈ। ਬਾਣੀ ਦੀ ਰਚਨਾ ਸਮੇਂ ਉਨ੍ਹਾਂ ਦੇ ਸਾਹਮਣੇ ਭਾਸ਼ਾ ਇਕ ਦਾਸੀ ਵਾਂਗ ਪਲੋਤੀ ਚਹਿੰਦੀ ਸੀ ਅਤੇ ਢੁਕਵੇਂ ਸ਼ਬਦਾਂ ਤੇ ਯੋਗ ਤੁਕਾਂ ਦੀ ਵਰਤੋਂ ਅਨੰਤ ਪ੍ਰਵਾਹ ਵਾਂਗ ਤੁਰਦੀ ਸੀ।

ਗੁਰੂ ਰਾਮਦਾਸ ਜੀ ਦੀ ਭਾਸ਼ਾ ਦੇ ਵਿਸ਼ਲੇਸ਼ਣਾਤਮਕ ਅਧਿਅਨ ਲਈ ਅਸੀਂ ਇਸ ਦੇ ਤਿੰਨ ਪੱਖਾਂ ਤੇ ਵਿਚਾਰ ਕਰਦੇ ਹਾਂ:-

(1) ਧੁਨੀ ਪੱਖ

(2) ਵਿਆਕਰਣ ਪੱਖ

(3) ਸ਼ਬਦ ਸਮੂਹ;

ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਉਪਰੋਕਤ ਪੱਖ ਬੜੇ ਮਹੱਤਵਪੂਰਨ ਹਨ। ਧੁਨੀ ਵਿਗਿਆਨ ਅਤੇ ਰੂਪ ਵਿਗਿਆਨ ਦੀਆਂ ਸੂਖ਼ਮਤਾਈਆਂ ਵਿਚ ਨਾ ਜਾਂਦੇ ਹੋਏ, ਅਸੀਂ ਆਪਣੇ ਆਪ ਨੂੰ ਉਨ੍ਹਾਂ ਦੀਆਂ ਭਾਸ਼ਾ ਵਿਚ ਪਾਈਆਂ ਗਈਆਂ ਮੁਖ ਵਿਸ਼ੇਸ਼ਤਾਈਆਂ ਦੇ ਵਿਸ਼ਲੇਸ਼ਣ ਤਕ ਹੀ ਸੀਮਤ ਰੱਖਿਆ ਹੈ। ਕਿਸੇ ਕਵੀ ਦੀ ਭਾਸ਼ਾ ਦਾ ਭਾਸ਼ਾਈ ਅਧਿਅਨ ਕਰਦਿਆਂ ਸ਼ਬਦ ਤੇ ਅਰਥ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਇਸ ਗੱਲ ਦਾ ਵਿਸਤਾਰ ਨਾਲ ਅਧਿਅਨ ਸ਼ਬਦ-ਸਮੂਹ ਵਾਲੇ ਭਾਗ ਵਿਚ ਕੀਤਾ ਗਿਆ ਹੈ।

### (1) ਧੁਨੀ ਪੱਖ:

ਬੋਲੀ ਸੰਚਾਰ ਦਾ ਜੀਵੰਤ ਸਾਧਨ ਹੈ, ਜੋ ਹਮੇਸ਼ਾਂ ਪਰਿਵਰਤਨਸ਼ੀਲ ਹੈ। ਕਿਸੇ ਵੀ ਬੋਲੀ ਦਾ ਮੂਲ ਉਸਦੀਆਂ ਸਾਰਥਕ ਧੁਨੀਆਂ ਹਨ। ਇਨ੍ਹਾਂ ਧੁਨੀਆਂ ਦੇ ਪਰਿਵਰਤਨ ਨਾਲ ਸਾਰੀ ਬੋਲੀ ਵਿਚ ਪਰਿਵਰਤਨ ਆਉਂਦਾ ਹੈ। ਧੁਨੀ ਪਰਿਵਰਤਨ ਦਾ ਮੁਖ ਕਾਰਣ, ਉਚਾਰਣ ਤਬਦੀਲੀ ਹੈ। ਉਚਾਰਣ ਤਬਦੀਲੀ ਦੇ ਵਿਸਤ੍ਰਿਤ ਵਿਸ਼ੇ-ਖੇਤਰ ਵਿਚ ਨਾ ਜਾਂਦੇ ਹੋਏ, ਅਸੀਂ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਆਏ ਧੁਨੀ ਪਰਿਵਰਤਨ ਨੂੰ ਵਿਚਾਰਦੇ ਹਾਂ:

#### ਮੂਬ

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਸ਼ਬਦ ਦਾ ਪਹਿਲਾ ਵਿਚਲਾ ਜਾਂ ਅੰਤਲਾ 'ਬ'

ਬਦਲ ਕੇ 'ਇ' ਹੋ ਗਿਆ ਹੈ ਜਿਵੇਂ ਜਾਯ, ਰੋਯ, ਲੋਯ ਦੀ ਥਾਂ ਜਾਇ, ਰੋਇ, ਲੋਇ ਹੈ। ਦਯਾਲੂ ਦੀ ਥਾਂ ਦਇਆਲੂ ਹੈ। ਇਹ ਪ੍ਰਵਿਰਤੀ ਗੁਰੂ ਕਾਵਿ ਵਿਚ ਆਮ ਦੇਖੀ ਜਾ ਸਕਦੀ ਹੈ।

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਨ੍ਯਾਯ | ਨਿਆਉ |
| ਪ੍ਰਿਯ | ਪ੍ਰਿਉ |
| ਵਿਨਯ | ਬਿਨਉ |

ਸੰਸਕ੍ਰਿਤ ਦੇ ਨਿਰੇ ਯ— ਅੰਤ ਸ਼ਬਦ ਹੀ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਉ— ਅੰਤ ਨਹੀਂ ਹੋਏ, ਸਗੋਂ ਅੰਤਲੇ ਹਰੇਕ ਵਿਅੰਜਨ ਦੀ 'ਉ' ਵਿਚ ਤਬਦੀਲੀ ਹੋਈ ਹੈ। ਪ੍ਰਾਕ੍ਰਿਤਾਂ ਵਿਚ ਇਹ ਤਬਦੀਲੀ ਆਮ ਦੇਖਣ ਵਿਚ ਮਿਲਦੀ ਹੈ:—

ਵਿਪਰਜੈ ਦੀ ਰੁਚੀ:

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਅੰਮ੍ਰਿਤ | ਅਮਿਉ |
| ਆਲਾਪ | ਅਲਾਉ |
| ਪਾਦ | ਪਾਉ |
| ਦੇਵ | ਦੇਉ |

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਧੁਨੀ ਪਰਿਵਰਤਨ ਦੀਆਂ ਨਿਮਨਲਿਖਤ ਰੁਚੀਆਂ ਪਾਈਆਂ ਗਈਆਂ ਹਨ, ਜਿਵੇਂ:—

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਸਰ੍ਵ | ਸਭ |
| ਕਲਤ੍ਰ | ਕਲੱਤ (ਕਲਤ੍ਰ) |
| ਬੁਧ੍ਯਤੇ | ਬੁਝਣਾ |
| ਵਾਦ੍ਯ | ਵਾਜਾ |

ਸ੍ਵਰ-ਆਗਮ ਦੀ ਰੁਚੀ:-

| ਸੰਸਕ੍ਰਿਤ | ਗੁ.ਰਾ. ਭਾਸ਼ਾ |
|---|---|
| ਸ੍ਤੁਤਿ | ਉਸਤਤਿ |
| ਸ੍ਥਿਰ | ਅਸਥਿਰ |

ਵਿਅੰਜਨ ਸਰਲੀਕਰਨ ਦੀ ਰੁਚੀ:

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਕ੍ਰਿਪਾ | ਕਿਰਪਾ |
| ਗ੍ਰਾਸ | ਗਿਰਾਸੁ |
| ਚਾਤਕ | ਚਾਤ੍ਰਿਕ |
| ਭ੍ਰਮ | ਭਰਮਿ |

ਵਿਅੰਜਨ ਲੋਪੀ-ਕਰਣ ਦੀ ਰੁਚੀ:-

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਉਲਕਾ | ਲੂਕੀ (ਲੂਕਾ ਤੋਂ) |
| ਸ੍ਥਾਨ | ਥਾਨ |
| ਸ੍ਨੇਹ | ਨੇਹੁ |
| ਸਪ੍ਤ | ਸਤ |
| ਜੁਸ਼੍ਟ | ਜੂਠਿ |
| ਵਸ੍ਤੁ | ਵਥੁ |

ਅਨੁਨਾਸਿਕਤਾ ਦਾ ਆਗਮ:

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਅਮ੍ਰਿਤ | ਅੰਮ੍ਰਿਤ |

ਗੁਰੂ ਰਾਮਦਾਸ ਜੀ ਦੇ ਵਿਅੰਜਨਾਂ ਦੇ ਅਧਿਅਨ ਤੋਂ ਹੇਠ ਲਿਖੀਆਂ ਵਿਅੰਜਨ ਪਰਿਵਰਤਨ ਦੀਆਂ ਰੁਚੀਆਂ ਪ੍ਰਗਟ ਹੁੰਦੀਆਂ ਹਨ। ਸੰਸਕ੍ਰਿਤ ਦੇ ਅਖਰ 'ਕਸ਼' (क्ष) ਅਤੇ ਸ਼ (ष) ਤੋਂ 'ਖ' ਅਤੇ ਕਿਤੇ ਕਿਤੇ 'ਛ' ਹੋ ਜਾਂਦਾ ਹੈ। ਨਿਮਨਲਿਖਤ ਉਦਾਹਰਣਾਂ ਪ੍ਰਸਤੁਤ ਹਨ:-

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਅਕਸ਼ਾਰ | ਅਖਾੜਾ |
| ਕਸ਼ਾਰ | ਛਾਰ |
| ਪਕਸ਼ੀ | ਪੰਖੀ |
| ਪਾਸ਼ੰਡ | ਪਾਖੰਡ |
| ਪੁਰੁਸ਼ | ਪੁਰਖ |
| ਵ੍ਰਿਕਸ਼ | ਬਿਰਖੁ |
| ਸ਼ਟ | ਖਟੁ |

ਸੰਸਕ੍ਰਿਤ 'ਕ' ਤੋਂ ਪੰਜਾਬੀ 'ਖ' ਵੀ ਹੋ ਜਾਂਦਾ ਹੈ, ਜਿਵੇਂ

| | |
|---|---|
| ਕੰਥਾ | ਖਿੰਥਾ |

ਸੰਸਕ੍ਰਿਤ 'ਕ' ਤੋਂ 'ਗ' ਬਣ ਜਾਂਦਾ ਹੈ ਜਿਵੇਂ, 'ਪ੍ਰਕਾਸ਼' ਤੋਂ 'ਪ੍ਰਗਾਸ', 'ਭਕਤਿ' ਤੋਂ 'ਭਗਤਿ'

ਸੰਸਕ੍ਰਿਤ 'ਵ' ਤੋਂ 'ਬ' ਬਣ ਜਾਂਦਾ ਹੈ, ਜਿਵੇਂ :-

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਸੇਵਾਲ | ਸੇਬਾਲ |
| ਗੰਧਰਵ | ਗੰਧਰਬ |
| ਪੂਰਵ | ਪੂਰਬਿ |
| ਵਰਨ | ਬਰਨ |
| ਵੇਦ | ਬੇਦ |
| ਵ੍ਯਾਸ | ਬਿਆਸਾ |
| ਵਿਸ਼ਨੂ | ਬਿਸ਼ਨੁ |
| ਵਿਕਾਰ | ਬਿਕਾਰ |
| ਵ੍ਰਿਖਾ | ਬਿਰਖਾ |
| ਵਿਵੇਕ | ਬਿਬੇਕ |

ਸੰਸਕ੍ਰਿਤ 'ਮ' ਤੋਂ 'ਵ' ਵਿਚ ਬਦਲ ਜਾਂਦਾ ਹੈ, ਜਿਵੇਂ:

| | |
|---|---|
| ਨਾਮਨ | ਨਾਵ (ਨਾਵੈ) |

ਸੰਸਕ੍ਰਿਤ 'ਵ' ਤੋਂ 'ਮ', ਵਿਚ ਵੀ ਬਦਲਦਾ ਹੈ, ਜਿਵੇਂ:

| | |
|---|---|
| ਕਮਲ | ਕਵਲ (ਕਵਲਾ) |
| ਕਮਲਕੰਤ | ਕਵਲਾਕੰਤ |

ਸੰਸਕ੍ਰਿਤ 'ਸ਼' (ਸ਼੍ਰ) ਤੋਂ 'ਸ' ਹੋ ਜਾਂਦਾ ਹੈ ਜਿਵੇਂ:—

| ਸੰਸਕ੍ਰਿਤ | ਗੁ. ਰਾ. ਭਾਸ਼ਾ |
|---|---|
| ਆਦੇਸ਼ | ਆਦੇਸ |
| ਆਸ਼ਾ | ਆਸਾ |
| ਈਸ਼ | ਈਸ |
| ਸ਼ਾਂਤਿ | ਸਾਂਤਿ |
| ਸ਼ਿਵ | ਸਿਵ |
| ਸ਼ੀਤਲ | ਸੀਤਲ |
| ਸ਼ੀਲ | ਸੀਲ |
| ਸ਼ੋਭਾ | ਸੋਭਾ |
| ਪਸ਼ੂ | ਪਸੂ |

'ਸ' (ਓ) ਸ਼ (ਯ) ਅਤੇ 'ਸ' ਅਤੇ 'ਭ' ਤੋਂ ਪੰਜਾਬੀ 'ਹ' ਹੋ ਜਾਂਦਾ ਹੈ, ਜਿਵੇਂ:-

| | |
|---|---|
| ਸੋਭਾਗ੍ਯ | ਸੋਹਾਗਿ |
| ਸ਼ੋਭਨ | ਸੋਹੰਦੀ |
| ਨਿਸ਼ਫਲ | ਨਿਹਫਲ |
| ਨਿਸ਼ਕਪਟ | ਨਿਹਕਪਟ |

ਧੁਨੀ ਪਰਿਵਰਤਨ ਦੀਆਂ ਕੁਝ ਅਰਬੀ ਅਤੇ ਫ਼ਾਰਸੀ ਦੀਆਂ ਉਦਾਹਰਣਾਂ ਲੈਣੀਆਂ ਉਪਯੁਕਤ ਹੋਣਗੀਆਂ 'ਔ' ਸ੍ਵਰ ਦੀ ਤਬਦੀਲੀ 'ਅਉ' ਵਿਚ ਹੋ ਗਈ ਹੈ। ਜਿਵੇਂ ਫ਼ਾਰਸੀ ਦੇ ਸ਼ਬਦ 'ਸੌਦਾਗਰੀ' ਤੋਂ ਸਉਦਾਗਰੀ' ਅਤੇ 'ਸਾਵਗੀਰ' ਤੋਂ 'ਸੁਆਵਗੀਰ' ਵਿਚ ਪਰਿਵਰਤਨ ਹੋ ਗਿਆ ਹੈ। ਇਸ ਤਰ੍ਹਾਂ ਕੁਝ ਹੋਰ ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ ਧਿਆਨ ਦੇਣ ਯੋਗ ਹਨ, ਜਿਵੇਂ:-

| ਫ਼ਾਰਸੀ | ਗੁ. ਰਾ. ਭਾਸ਼ਾ |
|---|---|
| ਸਿੱਕਹਦਾਰ | ਸਿਕਦਾਰ |

ਵਿਅੰਜਨ ਆਗਮ:

| | |
|---|---|
| ਖ਼ੁਗੀਰ | ਖੁਰਗੀਰ |

ਫ਼ਾਰਸੀ 'ਗ' ਤੋਂ 'ਦ'

| | |
|---|---|
| ਗ਼ਾਲੀਚਾ | ਦੁਲੀਚਿਆ |

ਫ਼ਾਰਸੀ 'ਦ' ਤੋਂ 'ਤ'

| | |
|---|---|
| ਪਾਦਸ਼ਾਹ | ਪਾਤਿਸ਼ਾਹ |

ਫ਼ਾਰਸੀ 'ਫ਼' ਤੋਂ 'ਪ'

| | |
|---|---|
| ਸਫ਼ੇਦ | ਸੁਪੇਦ |

ਫ਼ਾਰਸੀ 'ਲ' ਤੋਂ 'ਰ'

| | |
|---|---|
| ਜੰਦਾਲ | ਜੰਦਾਰੇ |

ਫ਼ਾਰਸੀ 'ਰ' ਤੋਂ 'ੜ'

| | |
|---|---|
| ਪਰਦਾ | ਪੜਦਾ |

ਅਰਬੀ 'ਕਾਗਜ਼' ਤੋਂ ਗੁਰੂ ਰਾਮਦਾਸ ਦੀ ਭਾਸ਼ਾ ਵਿਚ 'ਕਾਗਦ' ਬਣ ਗਿਆ ਹੈ।

(2) ਵਿਆਕਰਣਕ ਪੱਖ:

'ਰੂਪ ਵਿਗਿਆਨ' ਦੀਆਂ ਸੂਖਮਤਾਈਆਂ ਵਿਚ ਨਾ ਜਾਂਦੇ ਹੋਏ, ਮੋਟੇ ਤੌਰ ਤੇ ਵਿਆਕਰਣਕ

ਆਧਾਰ ਤੇ ਗੁਰੂ ਰਾਮਦਾਸ ਜੀ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਇਥੇ ਇਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੋਏਗੀ ਕਿ ਕੋਈ ਵੀ ਕਵੀ ਕਵਿਤਾ ਦੀ ਰਚਨਾ ਕਰਦੇ ਸਮੇਂ ਉਸ ਦੇ ਵਿਆਕਰਣਕ ਪੱਖ ਤੇ ਉਤਨਾ ਜ਼ੋਰ ਨਹੀਂ ਦਿੰਦਾ, ਜਿਨਾ ਕਿ ਇਕ ਗੱਦ ਲੇਖਕ ਦਿੰਦਾ ਹੈ। ਵਾਕਾਂ ਦੀ ਬਣਤਰ ਵਿਚ ਕਵੀ ਇਕ ਗੱਦ ਲੇਖਕ ਨਾਲੋਂ ਵਧੇਰੇ ਸੁਤੰਤਰ ਹੁੰਦਾ ਹੈ। ਉਹ ਕਈ ਵਾਰ ਤੁਕ ਜਾਂ ਛੰਦ ਦੀ ਲੋੜ ਅਨੁਸਾਰ ਅਜੇਹੇ ਸ਼ਬਦਾਂ ਦਾ ਵੀ ਪ੍ਰਯੋਗ ਕਰ ਜਾਂਦਾ ਹੈ ਜਿਹੜੇ ਵਾਕ ਬਣਤਰ ਦੇ ਪੱਖ ਤੋਂ ਲੋੜੀਏ ਨਹੀਂ ਹੁੰਦੇ। ਇਸ ਲਈ ਵਰਣ ਨੂੰ ਲਘੂ ਦੀਰਘ ਜਾਂ ਹਲੰਤ ਨੂੰ ਅਲੰਤ ਨਾ ਰੱਖਣਾ ਅਤੇ ਕਾਰਕ ਚਿੰਨ੍ਹਾਂ ਆਦਿ ਦਾ ਲੋਪ ਕਰ ਦੇਣਾ, ਉਸ ਲਈ ਸੁਭਾਵਕ ਹੁੰਦਾ ਹੈ। ਗੁਰੂ ਰਾਮਦਾਸ ਜੀ ਦੇ ਕਾਵਿ ਵਿਚ ਵੀ ਇਹ ਪਰਵਿਰਤੀ ਪਾਈ ਜਾਂਦੀ ਹੈ।

<u>ਨਾਂਵ:</u>

ਨਾਂਵ ਦੇ ਪੰਜਾਬੀ ਵਿਆਕਰਣ ਅਨੁਸਾਰ ਤਿੰਨ ਭੇਦ ਕੀਤੇ ਗਏ ਹਨ: (ਕ) ਵਿਅਕਤੀਵਾਚਕ (ਖ) ਜਾਤੀਵਾਚਕ (ਗ) ਭਾਵ ਵਾਚਕ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਤਿੰਨੇ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਪਾਈ ਜਾਂਦੀ ਹੈ। ਇਹਨਾਂ ਵਿਚੋਂ ਕੁਝ ਸ਼ਬਦ ਅਜੇਹੇ ਵੀ ਹਨ ਜਿਹੜੇ ਲਿੰਗ, ਵਚਨ ਆਦਿ ਦਾ ਭਾਵ ਵੀ ਪ੍ਰਗਟਾਂਦੇ ਹਨ। ਹੁਣ ਕ੍ਰਮ ਅਨੁਸਾਰ ਅਸੀਂ ਇਹਨਾਂ ਦਾ ਹੇਠ ਲਿਖੇ ਰੂਪ ਵਿਚ ਵਿਵੇਚਨ ਕਰ ਰਹੇ ਹਾਂ:-

<u>(ਕ) ਵਿਅਕਤੀ ਵਾਚਕ ਨਾਂਵ :</u>

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਕੁਝ ਵਿਅਕਤੀ ਵਾਚਕ ਨਾਂਵ ਨਿਮਨਲਿਖਤ ਅਨੁਸਾਰ ਹਨ: ਅਜਾਮਲ (ਅਜਾਮਿਲ), ਸਨਕ, ਸਨੰਦਨ (ਸਨਾਦਨ), ਸੁਕ (ਸੁਕਦੇਵ), ਸੰਕਰੁ (ਸ਼ੰਕਰ), ਹਰਣਾਖਸੁ (ਹਿਰਣਾਯਾਕ), ਕ੍ਰਿਸਨ (ਕ੍ਰਿਸ਼ਣ), ਦ੍ਰੋਪਤੀ (ਦ੍ਰੋਪਦੀ), ਕਬੀਰ (ਕਬੀਰ), ਤ੍ਰਿਲੋਚਨੁ (ਤ੍ਰਿਲੋਚਨ), ਧੰਨਾ ਜਟੁ (ਧੰਨਾ), ਨਾਨਕ (ਨਾਨਕ ਦੇਵ), ਨਾਮ ਦੇਅ (ਨਾਮ ਦੇਵ), ਰਵਿਦਾਸ ਆਦਿ।

ਕੁਝ ਸਥਾਨ ਵਿਸ਼ੇਸ਼ ਲਈ ਵਰਤੇ ਗਏ ਖਾਸ ਨਾਂਵ ਨਿਮਨਲਿਖਤ ਹਨ:- 'ਕੁਲਖੇਤਿ', (ਕੁਰਕਸ਼ੇਤਰ), 'ਗਿਆ,' 'ਗੋਦਾਵਰੀ', 'ਸੁਰਸੁਤੀ' (ਸਰਸਵਤੀ), 'ਸੁਮੇਰ' ਆਦਿ। ਇਸ ਦੇ ਇਲਾਵਾ ਕੁਝ ਅਜੇਹੇ ਸ਼ਬਦ ਵੀ ਇਸਤੇਮਾਲ ਹੋਏ ਹਨ, ਜਿਨ੍ਹਾਂ ਦੇ ਅਨੇਕਾਂ ਪ੍ਰਯਾਇਵਾਚੀ ਰੂਪ ਵੀ ਪਾਏ ਗਏ ਹਨ ਜਿਵੇਂ ਲਛਮੀ ਲਈ ਕਮਲਾ, ਵਿਸ਼ਨੂ ਲਈ ਕਵਲਾਕੰਤਾ, ਸ੍ਰੀ ਕ੍ਰਿਸ਼ਨ ਲਈ ਧਨਵਾਰੀ, ਮੁਰਾਰਿ, ਗੋਪਾਲ, ਗੋਵਿੰਦ, ਗੋਬਿਧ, ਗੋਸਾਈ, ਧਾਲੁ ਕ੍ਰਿਪਾਲ ਆਦਿ।

<u>(ਖ) ਜਾਤੀਵਾਚਕ ਨਾਂਵ:</u>

(੧) <u>ਮਨੁੱਖ ਤੇ ਦੇਵਤਾ ਵਰਗ ਦੇ ਸ਼ਬਦ:</u> ਸਾਕਤ (ਸ਼ਾਕਤ), ਸਿਖ (ਸਿੱਖ), ਸੁਰਿ (ਸੁਰ), ਸੰਨਿਆਸੀ

ਕ੍ਰਿਸਾਨਿ (ਕ੍ਰਿਸਾਨ), ਕਲਤ੍ਰ (ਸੰ. ਕਲਤ੍ਰ, ਔਰਤ), ਕੁੜਮ, ਖਤ੍ਰੀ, ਖਾਨ (ਖ਼ਾਨ), ਗੁਰਸਿਖ, ਚਉਧਰੀ, ਚਮਿਆਰੁ (ਚਮਿਆਰ), ਚੋਰ, ਛੀਪਾ (ਛੀਂਬਾ), ਜਨ (ਪ੍ਰਾਣੀ, ਮਨੁੱਖ), ਜਵਾਈ, ਤਸਕਰ, (ਚੋਰ) ਧੀ, ਨਰ (ਮਨੁੱਖ), ਪਿਤਾ, ਪੁਤ੍ਰ (ਪੁੱਤਰ), ਪੰਡਿਤ, ਬਟਵਾਰਾ (ਸੰ. ਵਾਟਪਾਰ, ਲੁਟੇਰਾ), ਬਾਪ, ਬ੍ਰਾਹਮਣ, ਬੀਰ (ਵੀਰ), ਭਾਈ (ਭਰਾ), ਭ੍ਰਾਤ (ਸੰ. ਭ੍ਰਾਤਾ, ਭਰਾ), ਮਾਤਾ, ਮਿਤ੍ਰ (ਮਿੱਤਰ), ਵੈਸੁ (ਵੈਸ਼)।

(ਅ) <u>ਜਾਨਵਰ ਵਰਗ ਦੇ ਸ਼ਬਦ:</u> ਗਰਧਭ (ਗਧਾ), ਕ੍ਰਾਰੰਗ (ਹਿਰਣ), ਸਿੰਘ (ਸ਼ੇਰ), ਹੰਸੁਲਾ (ਹੰਸ), ਕੁੰਚਰੁ (ਸੰ. ਕੁੰਜਰ, ਹਾਥੀ), ਕਊਆ (ਕਾਂ), ਕਾਗ (ਕਾਂ), ਕਰਹਲਾ (ਸਿੰਧੀ: ਕਰਹਲ, ਊਠ), ਤੇਜਿਣ (ਫਾ: ਤਾਜ਼ੀ, ਤਾਜ਼ੀ ਤੋਂ ਇਸਤਰੀ ਲਿੰਗ ਤੇਜਿਣ, ਘੋੜੀ), ਪਤੰਗ (ਭੰਬਟ), ਬੈਲ (ਬਲਦ), ਬਛੁਰਾ (ਵੱਛਾ), ਬਕਰੀ, ਭੁਯੰਗ (ਸੰ. ਭੁਜੰਗ, ਸੱਪ), ਮੋਰ ਆਦਿ।

<u>ਕੁਝ ਹੋਰ ਜਾਤੀ ਵਾਚਕ ਨਾਂਵ:</u>

<u>ਸ਼ਬਦ:</u> ਜਿਹਵਾ (ਜੀਭ), ਤਨ (ਸਰੀਰ), ਪਗ (ਪੈਰ), ਪਿਠਿ(ਪਿਠ), ਦੇਹ (ਸਰੀਰ), ਮਸਤਕਿ (ਮੱਥਾ), ਮਾਸੁ (ਮਾਸ), ਰਤੁ (ਰਤ, ਲਹੂ), ਰਸਨਾ (ਜੀਭ), ਲਿਲਾਟਿ (ਮੱਥਾ), ਲੋਇਣ (ਲੋਚਨ, ਅੱਖ), ਅਗਨਿ (ਅਗਨੀ, ਅੱਗ), ਆਕਾਸ (ਆਕਾਸ਼), ਸੁਵਰਨੁ (ਸੋਨਾ) ਸਮੁੰਦ੍ਰ (ਸਮੁੰਦਰ), ਸਾਗਰੁ (ਸਾਗਰ), ਸਸਿ (ਸ਼ਸ਼ੀ, ਚੰਦਰਮਾ), ਕਾਸਟ (ਲੋਹਾ), ਕੰਚਨੁ (ਕਾਂਚਨ, ਸੋਨਾ), ਗਗਨਿ (ਗਗਨ), ਚੰਦਨੁ (ਚੰਦਨ), ਚੰਦੁ (ਚੰਦ), ਚੀਨੁ (ਚੀਨ, ਕਾਠੀ), ਜਵੇਹਰੁ ਜਵਾਹਰ), ਦੁਧ (ਦੁੱਧ), ਦਰੀਆਉ (ਦਰਿਆ), ਧਾਰਾ (ਜਲਧਾਰਾ), ਧਰਤੀ, ਧਨੁ (ਧਨ), ਪਾਣੀ, ਪੀਪ (ਪਿੱਪਲ), ਪਉਣ (ਪਵਨ, ਹਵਾ), ਪਾਤਾਲੁ (ਪਾਤਾਲ), ਪੂੰਜੀ, ਫਲ, ਬੇੜੀ, ਮਾਟੀ (ਮਿੱਟੀ), ਲੋਹ (ਲੋਹਾ), ਰਤਨ ਆਦਿ।

ਗੁਰੂ ਰਾਮਦਾਸ ਜੀ ਨੇ ਵਿਅਕਤੀਵਾਚਕ ਨਾਂਵਾਂ ਦੀ ਉਪੇਖਿਆ ਜਾਤੀਵਾਚਕ ਨਾਂਵਾਂ ਦੀ ਵਰਤੋਂ ਵਧੇਰੇ ਕੀਤੀ ਹੈ। ਕਈ ਨਾਂਵਾਂ ਤੇ ਇਕ-ਵਚਨ ਨੂੰ ਬਹੁ-ਵਚਨ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ। ਅਤੇ ਕਿਤੇ ਕਿਤੇ ਵਿਅਕਤੀਵਾਚਕ ਨਾਂਵ ਜਾਂ ਖਾਸ ਨਾਂਵ ਨੂੰ ਜਾਤੀਵਾਚਕ ਨਾਂਵ ਦੇ ਰੂਪ ਵਿਚ ਵਰਤਿਆ ਹੈ ਜਿਵੇਂ 'ਸੁਮੇਰ' ਇਕ ਖਾਸ ਨਾਂਵ ਹੈ ਪਰ ਗੁਰੂਰਾਮਦਾਸ ਜੀ ਨੇ ਇਸ ਨੂੰ ਜਾਤੀਵਾਚਕ ਨਾਂਵ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ:-

ਮੋਰ ਸੁਮੇਰ ਮੋਰ ਬਹੁ ਨਾਚੇ ਜਬ ਉਨਵੇ ਘਨ ਘਨਹਾਰੇ॥4॥

(ਨਟ ਨਾਰਾਇਨ, ਆਦਿ ਗ੍ਰੰਥ, ਪੰ. 983)

(ਗ) <u>ਭਾਵ ਵਾਚਕ ਨਾਂਵ:</u>

ਉਸਤਤਿ (ਉਸਤਤ), ਸੁਆਈ (ਗਰਜ਼), ਸਾਂਝੀ (ਸਾਂਝੀ), ਹਰੀਆਵਲੀ (ਹਰਿਆਵਲੀ),

ਕੁੜਮਾਈ, ਖੁਸ਼ੀ (ਖੁਸ਼ੀ), ਚੁਗਲੀ, ਚਤੁਰਾਈ, ਚਾਕਰੀ, ਚਿਤਵਨੀ (ਵਿਚਾਰ, ਸੋਚ), ਨਿੰਦਾ, ਪੁੰਨੁ (ਪੁੰਨ), ਪਰਤੀਤੀ (ਪਿਆਰ, ਭਰੋਸਾ), ਪਰਵਿਰਤੀ, ਬਖੀਲੀ (ਚੁਗਲੀ, ਨਿੰਦਾ), ਬਾਸੁ (ਬਾਸ, ਗੰਧ, ਬੂ), ਰਸੁ (ਰਸ ) ਆਦਿ।

<u>ਲਿੰਗ:</u>

ਨਾਂਵ ਦੇ ਰੂਪ ਲਿੰਗ ਅਤੇ ਵਿਭਕਤੀ ਕਰਕੇ ਬਦਲਦੇ ਹਨ। ਸ਼ਬਦ ਦੇ ਇਸ ਰੂਪ ਪਰਿਵਰਤਨ ਨੂੰ ਰੂਪਾਂਤਰਣ ਕਹਿੰਦੇ ਹਨ। ਪੰਜਾਬੀ ਹਿੰਦੀ ਆਦਿ ਆਦਿ ਬੋਲੀਆਂ ਵਿਚ ਵਿਆਕਰਣਕ ਪੱਖ ਤੋਂ ਦੋ ਲਿੰਗ ਪਾਏ ਜਾਂਦੇ ਹਨ। ਭਾਰਤੀ ਆਰੀਅਨ ਬੋਲੀਆਂ ਦੀ ਪਰੰਪਰਾ ਅਨੁਸਾਰ ਗੁਰੂ ਰਾਮਦਾਸ ਜੀ ਨੇ ਵੀ ਸੰਸਕ੍ਰਿਤ ਦੇ ਨਿਪੁੰਸਕ ਲਿੰਗ ਨੂੰ ਆਮ ਤੌਰ ਤੇ **ਪੁਲਿੰਗ** ਰੂਪ ਵਿਚ ਵਰਤਿਆ ਹੈ:-

| ਸੰਸਕ੍ਰਿਤ | ਲਿੰਗ | ਪੰਜਾਬੀ | ਗੁਰੂ ਰਾਮਦਾਸ | ਲਿੰਗ |
|---|---|---|---|---|
| ਕਰਮਨ੍ | ਨਿਪੁੰਸਕ | ਕੰਮ | ਕੰਮਿ | ਪੁਲਿੰਗ |
| ਯਸ਼ਸ੍ | " | ਜਸ | ਜਸੁ | " |
| ਪਦ੍ | " | ਪਦ | ਪਦੁ | " |
| ਚਰਮਨ੍ | " | ਚੰਮ | ਚੰਮੁ | " |

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਕੁਝ ਅਜੇਹੇ ਸ਼ਬਦ ਵੀ ਵਰਤੋਂ ਵਿਚ ਪਾਏ ਗਏ ਹਨ ਜਿਨ੍ਹਾਂ ਦਾ ਲਿੰਗ ਬਦਲ ਗਿਆ ਹੈ ਪਰ ਉਹ ਸ਼ਬਦ ਦਾ ਰੂਪ ਤਤਸਮ (ਜਾਂ ਅਰਧ-ਤਤਸਮ) ਹੀ ਰਿਹਾ ਹੈ, ਜਿਵੇਂ ਗੁਰੂ ਰਾਮਦਾਸ ਦੀ ਭਾਸ਼ਾ ਵਿਚ ਆਇਆ ਸ਼ਬਦ 'ਅਗਨੀ'।

ਸੰਸਕ੍ਰਿਤ ਦੇ ਕਈ ਪੁਲਿੰਗ ਪ੍ਰਾਕ੍ਰਿਤ ਅਤੇ ਅਪਭ੍ਰੰਸ਼ਾਂ ਵਿਚ ਹੀ ਇਸਤ੍ਰੀ ਲਿੰਗ ਬਣ ਗਏ ਸਨ। ਕਈ ਥਾਂਈ ਸੰਸਕ੍ਰਿਤ ਦੇ ਨਪੁੰਸਕ ਲਿੰਗ ਪ੍ਰਾਕ੍ਰਿਤ ਅਤੇ ਅਪਭ੍ਰੰਸ਼ਾਂ ਵਿਚ ਪੁਲਿੰਗ ਹੋ ਗਏ, ਪਰ ਪੰਜਾਬੀ ਵਿਚ ਇਸਤ੍ਰੀ ਲਿੰਗ ਵਿਚ ਤਬਦੀਲ ਹੋ ਗਏ, ਉਦਾਹਰਣ ਲਈ ਅਪਭ੍ਰੰਸ਼ ਵਿਚੋਂ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਆਇਆ ਸ਼ਬਦ 'ਦੇਹ'।

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਕੁਝ ਵਿਸ਼ੇਸ਼ਣ ਰੂਪਾਂ ਨਾਲ 'ੀ' ਜੋੜ ਕੇ ਇਸਤ੍ਰੀ ਲਿੰਗ ਤੇ ਭਾਵ-ਵਾਚਕ ਨਾਂਵ ਬਣਾਏ ਗਏ ਹਨ, ਜਿਵੇਂ ਸਿਧ ਤੋਂ ਸਿਧੀ, ਚੁਗਲ ਤੋਂ ਚੁਗਲੀ ਆਦਿ।

ਵਿਅੰਜਨਾਂਤ ਨਾਂਵ ਨੂੰ ਇਸਤ੍ਰੀ ਲਿੰਗ ਰੂਪ ਵਿਚ ਵਰਤਿਆ ਗਿਆ ਹੈ ਜਿਵੇਂ ਦੇਹ, ਦੇਹੀ। ਆਕਾਰਾਂਤ ਪੁਲਿੰਗ ਸ਼ਬਦ-ਰੂਪਾਂ ਦੇ ਅੰਤਲੇ 'ਆ' ਦੀ 'ਈ' ਕਰਕੇ ਇਸਤ੍ਰੀ ਲਿੰਗ ਬਣਾਇਆ ਰੂਪ, ਜਿਵੇਂ ਬੁਢਾ ਤੋਂ ਬੁਢੀ ਆਦਿ।

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਕੁਝ ਪੁਲਿੰਗ ਅਤੇ ਇਸਤ੍ਰੀ ਲਿੰਗ ਰੂਪ ਅਜੇਹੇ ਵੀ ਵਰਤੇ ਗਏ ਹਨ ਜਿਹੜੇ ਲਿੰਗ ਪਰਿਵਰਤਨ ਦੇ ਨਿਯਮਾਂ ਦੀ ਪਾਲਨਾ ਨਾ ਕਰਕੇ 'ਜੋੜੇ' ਰੂਪਾਂ ਵਿਚ ਵਰਤੇ ਜਾਂਦੇ ਹਨ, ਜਿਵੇਂ, ਮਾਤਾ-ਪਿਤਾ, ਭਾਈ-ਭੈਣ, ਪੁਤ੍ਰ-ਧੀ ਆਦਿ।

ਕੁਝ ਇਕ ਅਰਬੀ ਦੇ ਸ਼ਬਦਾਂ ਦਾ ਵੀ ਪਰਿਵਰਤਨ ਪਾਇਆ ਗਿਆ ਹੈ। 'ਤਾਜੀ ' ਤੇ ਤਾਜਨ' ਇਸਤ੍ਰੀ ਲਿੰਗ ਪ੍ਰਚਲਿਤ ਸੀ।[1] ਇਹ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਮਿਲਦਾ ਹੈ;-

"ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ।" (ਰਾਗ ਵਡਹੰਸ, ਆਦਿ ਗ੍ਰੰਥ, ਪੰ.575)

**ਵਚਨ:**

ਜੇ ਨਾਂਵ (ਜਾਂ ਕਿਸੇ ਹੋਰ ਵਿਕਾਰੀ ਸ਼ਬਦ) ਦੇ ਰੂਪ ਤੋਂ ਇਕ ਪਦਾਰਥ ਦਾ ਬੋਧ ਹੋਵੇ, ਤਾਂ ਉਹ ਇਕ ਵਚਨ ਕਹਿਲਾਉਂਦਾ ਹੈ। ਜੇ ਨਾਂਵ ਆਦਿ ਦੇ ਰੂਪ ਤੋਂ ਇਕ ਤੋਂ ਵਧ ਪਦਾਰਥਾਂ ਦਾ ਬੋਧ ਹੋਵੇ ਤਾਂ ਉਹ ਬਹੁ-ਵਚਨ ਕਹਿਲਾਂਦਾ ਹੈ।[2] ਸੰਸਕ੍ਰਿਤ ਵਿਚ ਦੁਵਚਨ ਵੀ ਹੈ ਪਰ ਪ੍ਰਾਕ੍ਰਿਤ ਅਤੇ ਅਪ੍ਰਭ੍ਰੰਸ਼ਾਂ ਦਾ ਇਹ ਰੂਪ ਸਥਿਰ ਨਹੀਂ ਰਿਹਾ ਅਤੇ ਇਸਦੀ ਥਾਂ ਪੰਜਾਬੀ ਅਤੇ ਹੋਰ ਨਵੀਨ ਆਰੀਅਨ ਬੋਲੀਆਂ ਵਿਚ ਬਹੁ ਵਚਨ ਨੇ ਲੈ ਲਈ।

ਵਚਨ ਭੇਦ ਵਿਆਕਰਣ ਦੇ ਚਾਰ ਭੇਦਾਂ ਦੇ (ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ) ਸ਼ਬਦਾਂ ਵਿਚ ਪਾਇਆ ਜਾਂਦਾ ਹੈ। ਅਸੀਂ ਨਿਮਨਲਿਖਤ ਰੂਪ ਵਿਚ ਵਿਵੇਚਨ ਕਰ ਰਹੇ ਹਾਂ:-

**ਬਹੁਵਚਨ:**

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਆਕਾਰਾਂਤ ਪੁਲਿੰਗ ਸ਼ਬਦਾਂ ਦਾ ਅੰਤਲਾ ਅਖਰ ਬਲਹੀਨ (Unstressed) ਹੈ, ਉਨ੍ਹਾਂ ਦੇ ਸਾਧਾਰਣ ਰੂਪ ਦਾ ਬਹੁ ਵਚਨ ਅੰਤਲੇ 'ਆ' ਦੀ ਜਗ੍ਹਾ 'ਏ' ਨਾਲ ਬਣਿਆ ਹੈ, ਜਿਵੇਂ: 'ਗੋਲਾ' ਤੋਂ 'ਗੋਲੇ', 'ਸਉਦਾ' ਤੋਂ 'ਸਉਦੇ' ਹੈ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਬਹੁ-ਵਚਨ ਸ਼ਬਦ, ਅੰਧੁਲੇ, ਸਿਆਣੇ, ਕੀਰੇ (ਕੀੜੇ), ਖਾਦੇ (ਖਾਂਦੇ), ਗਵਾਤੇ (ਗਵਾਂਦੇ), ਕੋੜ੍ਹੇ, ਭਾਂਡੇ, ਭਲੇਰੇ, ਵਣਜਾਰੇ ਆਦਿ ਹਨ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਕ ਵਚਨੀ ਨਾਂਵ ਰਾਹੀਂ ਸਤਿਕਾਰ ਦਾ ਭਾਵ ਪ੍ਰਗਟਾਉਣ ਲਈ ਉਸਦੀ ਵਰਤੋਂ ਹੇਠ ਲਿਖੇ ਰੂਪ ਵਿਚ ਪਾਈ ਗਈ ਹੈ।

'ਗੁਰ ਕਿਰਪਾਲ ਭਏ' ਤਬ ਪਾਇਆ ਹਿਰਦੈ ਅਲਖੁ ਲਖਾਰੀ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ.1198)

---

1. ਇਕ ਤਾਜਨਿ ਤੁਰੀ ਚੰਗੇਰੀ (ਧੰਨਾ ਜੱਟ, ਰਾਗ ਧਨਾਸਰੀ, ਆਦਿ ਗ੍ਰੰਥ, ਪੰ.695)
2. ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਵਿਆਕਰਣ (ਚੰਡੀਗੜ੍ਹ, 1964), ਪੰ. 57.

ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ.1198)

ਪਰ ਇਹ ਪਰਵਿਰਤੀ ਬਾਕੀ ਗੁਰੂ ਕਵੀਆਂ ਦੀ ਕਵਿਤਾ ਵਿਚ ਵੀ ਆਮ ਵੇਖੀ ਜਾ ਸਕਦੀ ਹੈ।

## ਇਸਤ੍ਰੀ ਲਿੰਗ ਰੂਪਾਂ ਦੇ ਬਹੁ-ਵਚਨੀ ਰੂਪ।

ਪੰਜਾਬੀ ਵਿਚ ਬਹੁਵਚਨੀ ਰੂਪ ਇਕ ਵਚਨ ਨਾਲ 'ਆਂ' ਜੋੜ ਕੇ ਬਣਾਇਆ ਗਿਆ ਹੈ। ਤਾਂ 'ਆਂ' ਤੋਂ ਪਹਿਲਾਂ 'ਵ' ਦਾ ਆਗਮ (Augumentation) ਹੋ ਜਾਂਦਾ ਹੈ।[3] ਪਰ ਇਹ ਰੁਚੀ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਘਟ ਮਿਲਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਕਈ ਵਾਰ ਜਿਹੜੇ ਇਸਤ੍ਰੀ ਲਿੰਗ ਬਹੁ-ਵਚਨ ਰੂਪ ਵਰਤੇ ਗਏ ਹਨ ਦੇ ਆਮ ਕਰਕੇ ਇਕ-ਵਚਨੀ ਰੂਪ ਨਹੀਂ ਪਾਏ ਜਾਂਦੇ ਜਿਵੇਂ ਸਖੀਆ (ਸਖੀਆਂ) ਬਹੁ-ਵਚਨੀ ਇਸਤ੍ਰੀ ਲਿੰਗ ਰੂਪ ਹੈ ਪਰ ਇਸ ਦਾ ਇਕ ਵਚਨੀ ਰੂਪ ਸਖੀ ਘਟ ਮਿਲਦਾ ਹੈ। ਇਸ ਦਾ ਪੁਲਿੰਗ ਰੂਪ ਸਖਾ ਮਿਲਦਾ ਹੈ। 'ਸਖੀ' ਤੋਂ 'ਸਖੀ+ਆਂ' '(ਸਖੀਆਂ) ਬਹੁਵਚਨੀ ਰੂਪ ਮੰਨਿਆ ਜਾਵੇਗਾ। ਉਨ੍ਹਾਂ ਦੀ ਬਾਣੀ ਵਿਚ ਕੁਝ ਹੋਰ ਬਹੁਵਚਨੀ ਰੂਪ ਵੇਖੋ:- 'ਅਹਿਕਾਰੀਆ', 'ਹਟੀਆ', 'ਰੰਗੀਲੀਆ', 'ਗਰਗੀਰੀਆ', 'ਕੁਟਕਾਰੀਆ', 'ਗੁਰਮੁਖੀਆ', 'ਤੁਖਾਈਆ', 'ਵਡਭਾਗੀਆ' ਆਦਿ।

ਕੁਝ ਇਸਤ੍ਰੀ ਲਿੰਗ ਨਾਵਾਂ ਦੇ ਸਾਧਾਰਣ ਰੂਪ ਦਾ ਬਹੁਵਚਨ 'ਈ' ਜੋੜ ਕੇ ਬਣਾਇਆ ਹੈ ਜਿਵੇਂ ਇਕ ਵਚਨ ਰੂਪ 'ਨੈਣਾ' ਘਟ ਮਿਲਦਾ ਹੈ ਪਰ ਬਹੁਵਚਨੀ ਰੂਪ 'ਨੈਣੀ' ਮਿਲਦਾ ਹੈ।

## ਕਾਰਕ।

ਕਾਰਕ ਦਾ ਪੁਰਾਣਾ ਸੰਕਲਪ ਆਧੁਨਿਕ ਭਾਸ਼ਾ ਵਿਗਿਆਨੀ ਨਹੀਂ ਮੰਨਦੇ। ਇਸ ਦੇ ਥਾਂ ਤੇ ਉਹ ਸਿਰਫ ਦੋ ਕਾਰਕ ਹੀ ਮੰਨਦੇ ਹਨ, ਵਿਕਾਰੀ ਅਤੇ ਅਵਿਕਾਰੀ। ਨੇ, ਦੁਆਰਾ, ਵਾਸਤੇ, ਵਿਚ ਆਦਿ ਵਿਭਕਤੀ ਚਿਨ੍ਹਾਂ ਨੂੰ ਕੋਸ਼ ਕਲ ਪਰਸਰਗ ਆਖਿਆ ਜਾਂਦਾ ਹੈ। ਇਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਇਥੇ ਸਾਡਾ ਆਧਾਰ ਸੰਸਕ੍ਰਿਤ ਵਿਆਕਰਣ ਦੇ ਕਾਰਕਾਂ ਦੇ ਸੰਕਲਪ ਉਤੇ ਆਧਾਰਿਤ ਹੈ। ਪ੍ਰੋ. ਸਾਹਿਬ ਸਿੰਘ ਨੇ ਵੀ 'ਗੁਰਬਾਣੀ ਵਿਆਕਰਣ' ਵਿਚ ਇਹੀ ਪਧਤੀ ਅਪਨਾਈ ਹੈ ਜਿਸ ਉਤੇ ਇਹ ਵਿਸ਼ਲੇਸ਼ਣ ਆਧਾਰਿਤ ਹੈ।

ਪੰਜਾਬੀ ਭਾਸ਼ਾ ਵਿਚ ਅੱਠ ਕਾਰਕ ਮੰਨੇ ਗਏ ਹਨ। ਇਨ੍ਹਾਂ ਕਾਰਕਾਂ ਦੀ ਵਰਤੋਂ ਰਾਹੀਂ ਵਾਕ ਵਿਚ ਸ਼ਬਦਾਂ ਦਾ ਸੰਬੰਧ ਪ੍ਰਗਟ ਕੀਤਾ ਜਾਂਦਾ ਹੈ। 'ਕਾਰਕ' ਨਿਮਨਲਿਖਤ ਹਨ:-

---

3. ਵੇਖੋ, ਦੁਨੀ ਚੰਦ, ਪੰਜਾਬੀ ਭਾਸ਼ਾ ਦਾ ਵਿਆਕਰਣ, ਪੰ. 58.

| | | |
|---|---|---|
| 1. ਕਰਤਾ ਕਾਰਕ | 2. ਕਰਮ ਕਾਰਕ | 3. ਕਰਣ ਕਾਰਕ |
| 4. ਸੰਪ੍ਰਦਾਨ | 5. ਅਪਾਦਾਨ ਕਾਰਕ | 6. ਸੰਬੰਧ ਕਾਰਕ |
| 7. ਅਧਿਕਰਣ ਕਾਰਕ, | 8. ਸੰਬੋਧਨ। | |

ਪਰ ਰਚਨਾ ਦੇ ਪੱਖ ਤੋਂ ਕਾਰਕਾਂ ਦੀ ਗਿਣਤੀ ਸਿਰਫ਼ ਤਿੰਨ ਹੀ ਰਹਿ ਗਈ ਹੈ: (1) ਮੂਲ, (2) ਵਿਕਾਰੀ, (3) ਵਿਸ਼ੇਸ਼। ਇਥੇ ਅਸੀਂ ਮਿਲਵੀਂ ਪਧਤੀ ਦੇ ਆਧਾਰ ਤੇ ਵਿਵੇਚਨ ਕਰ ਰਹੇ ਹਾਂ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚੋਂ ਇਸ ਗੱਲ ਨੂੰ ਸਪਸ਼ਟ ਕਰਨ ਲਈ ਨਿਮਨ-ਲਿਖਤ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ:—

(1) <u>ਕਰਤਾ ਕਾਰਕ</u> :

<u>ਨਾਨਕੁ</u> ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਮੁਣਿ ਹਰਿਨਾਮੁ ਮਨੇਸਹਿ ਰਾਮ॥3॥ (ਰਾਗ ਬਿਹਾਗੜਾ, ਆਦਿ ਗ੍ਰੰਥ,ਪੰ.540)

ਇਸ ਵਾਕ ਵਿਚ 'ਨਾਨਕੁ' ਕਰਤਾ (ਮੈਂ) ਦਾ ਰੂਪ ਹੈ।

(2) <u>ਕਰਮ ਕਾਰਕ</u>:

<u>ਪੁਰਖੈ</u> ਪੁਰਖੁ ਮਿਲਿਆ ... ... ... ॥ (ਰਾਗ ਸੋਰਠਿ, ਆਦਿ ਗ੍ਰੰਥ,ਪੰ. 607)

ਇਸ ਵਾਕ ਵਿਚ 'ਪੁਰਖੈ' ਕਰਮ ਕਾਰਕ ਦਾ ਰੂਪ ਹੈ।

(3) <u>ਕਰਣ ਕਾਰਕ</u>:

<u>ਨੈਨੀ</u> ਦੇਖਿ ਦਰਸੁ ਮਨੁ ਤ੍ਰਿਪਤੈ.. ... ...॥(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 833 )

ਇਸ ਵਾਕ ਵਿਚ 'ਨੈਨੀ ਸ਼ਬਦ ਦੀ ਵਰਤੋਂ ਕਰਣ ਕਾਰਕ ਦੇ ਰੂਪ ਵਿਚ ਹੋਈ ਹੈ।

(4) <u>ਅਪਾਦਾਨ ਕਾਰਕ</u>:

<u>ਗੁਰਮੁਖਿ</u> ਨਾਮੁ ਸੁਨਹੁ ਮੇਰੀ ਭੈਨਾ। (ਰਾਗ ਆਸਾ, ਆਦਿ ਗ੍ਰੰਥ,ਪੰ.366)

ਇਸ ਵਾਕ ਵਿਚ 'ਗੁਰਮੁਖਿ' ਅਪਾਦਾਨ ਕਾਰਕੀ ਰੂਪ ਹੈ ਕਿਉਂਕਿ ਇਸ ਦਾ ਭਾਵ ਹੈ ਗੁਰੂ ਦੇ ਮੁਖ ਤੋਂ।

(5) <u>ਸੰਬੰਧ ਕਾਰਕ</u>:

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ <u>ਸਾਧ ਜਨਾ</u> ਪਗ ਪਰਿਆ॥
(ਰਾਗ ਕਾਨੜਾ, ਆਦਿ ਗ੍ਰੰਥ,ਪੰ.1294)

ਇਸ ਵਾਕ ਵਿਚ 'ਸਾਧ ਜਨਾ' ਦੇ ਬਹੁ-ਵਚਨ ਰੂਪ ਤੋਂ ਸੰਬੰਧ ਕਾਰਕ ਦਾ ਭਾਵ ਪ੍ਰਗਟ ਹੁੰਦਾ ਹੈ।

<u>ਪੁਰਖ ਵਾਚਕ ਪੜਨਾਂਵ</u>:

(1) ਉਤਮ ਪੁਰਖ
(2) ਮਧਮ ਪੁਰਖ
(3) ਅਨਯ ਪੁਰਖ

1. ਉਤਮ ਪੁਰਖ:

(ੳ) ਕਰਤਾ ਕਾਰਕ : ਇਕ ਵਚਨ :-

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਅਪਭ੍ਰੰਸ਼ ਦਾ ਹਉ (ਹਉਂ) ਰੂਪ ਪ੍ਰਯੋਗ ਕੀਤਾ ਮਿਲਦਾ ਹੈ। ਇਹ ਪ੍ਰਵਿਰਤੀ ਗੁਰੂ - ਕਵੀਆਂ ਦੀ ਭਾਸ਼ਾ ਵਿਚ ਆਮ ਵੇਖੀ ਜਾ ਸਕਦੀ ਹੈ। ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਇਸ ਤੋਂ ਇਲਾਵਾ ਮੈਂ, ਮੂੰ ਦੀ ਵਰਤੋਂ ਵੀ ਮਿਲਦੀ ਹੈ। ਨਿਮਨਲਿਖਤ ਕੁਝ ਉਦਾਹਰਣਾਂ ਪ੍ਰਸਤੁਤ ਹਨ:-

ਇਕ ਵਚਨ: ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥ (ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1421

ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ॥ (ਰਾਗ ਗਉੜੀ ਮਾਝ, ਆਦਿ ਗ੍ਰੰਥ, ਪੰ. 175)

ਬਹੁਵਚਨ:

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੭॥
(ਰਾਗ ਗੂਜਰੀ, ਆਦਿ ਗ੍ਰੰਥ, ਪੰ. 492)

ਕਰਮ ਕਾਰਕ: ਇਕ ਵਚਨ: ਮੋਹਿ =(ਮੈਨੂੰ)

ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੈ॥੨॥੧॥
(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 527)

ਬਹੁ-ਵਚਨ: ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਹਮਹਿ ਜਾਂ ਅਸਾਨੂੰ ਦੀ ਵਰਤੋਂ ਨਹੀਂ ਮਿਲਦੀ।

ਸੰਬੰਧ ਕਾਰਕ: ਇਕ ਵਚਨ:

ਮੇਰਾ ਅਤੇ ਲਹਿੰਦੀ ਦਾ ਮੈਡਾ (ਮੇਰਾ) ਵੀ ਪ੍ਰਯੋਗ ਵਿਚ ਆਇਆ ਹੈ। ਸੰਬੰਧਕਾਂ ਦੇ ਨਾਲ ਆਮ ਤੌਰ ਤੇ ਵਰਤੇ ਜਾਣ ਵਾਲੇ 'ਉਤਮ ਪੁਰਖ' ਦੇ ਰੂਪ ਇਹ ਹਨ: ਮੋ, ਮੁ, ਮੇ, ਅਸਾ, ਇਥੇ ਕੁਝ ਉਦਾਹਰਣਾਂ ਪ੍ਰਸਤੁਤ ਹਨ:-

- ਤੂ ਪ੍ਰਭੁ ਹਮ ਸਰਣਾਗਤੀ ਮੋ ਕਉ ਮੇਲਿ ਲੈਹਿ ਹਰਿ ਰਾਇ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 996)

- ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
(ਸਿਰੀ ਰਾਗ, ਆਦਿ ਗ੍ਰੰਥ, ਪੰ. 79)

- ਤੂ ਕਰਤਾ ਸਚਿਆਰੁ ਮੈਡਾ ਸਾਂਈ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)

- ਅਸਾ ਜੋਰੁ ਨਾਹੀ ਜੇ ਕਿਛੁ ਕਰਿ
ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥੧॥ ਰਹਾਉ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 736)

(2) ਮੱਧਮ ਪੁਰਖ : ਕਰਤਾ ਕਾਰਕ :

'ਤੂੰ', 'ਤਊ', 'ਤੈ', 'ਤੁਧੁ', ਦੀ ਵਰਤੋਂ ਮਿਲਦੀ ਹੈ। ਇਨ੍ਹਾਂ ਵਿਚੋਂ ਕੁਝ ਉਦਾਹਰਣ ਨਿਮਨਲਿਖਤ ਹਨ:—

ਤੂੰ ਕਰਤਾ ਸਚਿਆਰ ਮੈਡਾ ਸਾਂਈ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)

ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮ ਕਰਿ॥੧੩॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1422)

ਜਿਨ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1422)

ਅਪਾਦਾਨ ਕਾਰਕ:

ਪ੍ਰਭ ਤੁਧਹੁ ਖਾਲੀ ਕੋ ਨਹੀਂ ਦਰਿ ਗੁਰਮੁਖਾ ਨੋ ਸਾਬਾਸਿ॥

(ਸਿਰੀ ਰਾਗ, ਆਦਿ ਗ੍ਰੰਥ, ਪੰ. 40)

ਇਸ ਵਾਕ ਵਿਚ ਤੁਧਹੁ ਤੋਂ ਭਾਵ ਹੈ ਤੇਰੇ (ਦਰ) ਤੋਂ।[4]

ਸੰਬੰਧ ਕਾਰਕ:

'ਤੇਰੇ', ਤੇਰੀ', ਤੇਰ, ਤੁਮ, ਤੂ, ਦੀ ਵਰਤੋਂ ਕੀਤੀ ਮਿਲਦੀ ਹੈ। ਰਾਜਸਥਾਨੀ ਕਾਰਕ 'ਥਾਕਾ' ਦਾ ਪ੍ਰਯੋਗ ਹੋਇਆ ਮਿਲਦਾ ਹੈ। ਜਾਪਦਾ ਹੈ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਇਸ ਕਾਰਕ ਦਾ ਪ੍ਰਯੋਗ ਸਿੰਧੀ ਭਾਸ਼ਾ ਦੇ ਅਸਰ ਥਲੇ ਆਇਆ। ਗੁਰੂ ਰਾਮਦਾਸ ਜੀ ਨੇ ਛੰਦ ਦੀ ਲੋੜ ਅਨੁਸਾਰ ਕੁਝ ਤੱਤ੍ਰ (ਵਾਧੂ ਅੱਖਰ) ਵੀ ਜੋੜ ਲਏ ਹਨ ਜਿਵੇਂ ਤੁਮਨੜਾ = ਤੁਮ +ਨੜਾ, ਤੁਮਨਛੇ = ਤੁਮ+ਛੇ। ਕੁਝ ਉਦਾਹਰਣਾਂ ਵੇਖੋ:

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

ਹਰਿ ਜਨ ਬੋਲਤ ਸ੍ਰੀ ਰਾਮਨਾਮਾ ਮਿਲਿ ਸਾਧ ਸੰਗਤਿ ਹਰਿ ਤੋਰ॥੧॥ ਰਹਾਉ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

ਸਭ ਆਸਾ ਮਨਸਾ ਥਾਂਕੀ॥ (ਰਾਗ ਮਾਰੂ, ਆਦਿ ਗ੍ਰੰਥ, ਪੰ. 348)

---

4. ਸਾਹਿਬ ਸਿੰਘ, ਗੁਰਬਾਣੀ ਵਿਆਕਰਣ, (ਅੰਮ੍ਰਿਤਸਰ, 1951), ਪੰ. 186)

**3. ਅਨਯ ਪੁਰਖ:**

ਮੂਲ ਰੂਪ: ਇਕ ਵਚਨ

ਓਹ, ਸਾ, ਸਿ, ਸੇ

ਵਿਕਾਰੀ ਰੂਪ: ਇਕ ਵਚਨ: ਇਸ ਦੀ ਵਰਤੋਂ ਹੋਈ ਮਿਲਦੀ ਹੈ।

ਬਹੁਵਚਨ: ਜੋ, ਜਿਨ੍ਹਾਂ, ਜਿਨ੍ਹਾਂ, ਜਿਨ੍ਹ, ਜਿਨ, ਜਿਨੀ।

ਇਹ ਸ਼ਬਦ ਇਕ ਹੀ ਅਰਥ ਲਈ ਲੋੜ ਅਨੁਸਾਰ ਵਰਤੇ ਮਿਲਦੇ ਹਨ। 'ਸਾ', 'ਸਿ', 'ਸੇ' ਇਨ੍ਹਾਂ ਤਿੰਨਾਂ ਸ਼ਬਦਾਂ ਦੀ ਵਰਤੋਂ ਇਕ ਵਚਨ ਮੂਲ ਰੂਪ ਵਿਚ ਪਾਈ ਜਾਂਦੀ ਹੈ। ਇਵੇਂ 'ਸਾ' ਆਪਣੇ ਮੂਲ ਰੂਪ ਤੋਂ ਅਲੱਗ 'ਸਿ', 'ਸੇ' ਦੀ ਟੱਕਰ ਤੇ ਵਰਤਿਆ ਗਿਆ ਜਾਪਦਾ ਹੈ।

**ਸੰਬੰਧ ਵਾਚਕ ਅਤੇ ਅਨੁਸੰਬੰਧ ਵਾਚਕ:**

ਕੁਝ ਉਦਾਹਰਣਾਂ ਵੇਖੋ:—

ਇਕ ਵਚਨ:-

ਜੋ ਸਤਿਗੁਰ ਸਰਣਿ ਸੰਗਤਿ ਨਹੀਂ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥3॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 492)

ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 845)

ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਰੇ॥੧॥ਰਹਾਉ॥

(ਰਾਗ ਗਉੜੀ ਪੂਰਬੀ, ਆਦਿ ਗ੍ਰੰਥ, ਪੰ. 169)

ਬਹੁਵਚਨ:

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥2॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

ਕਰਮ ਕਾਰਕ: ਇਕ ਵਚਨ:

'ਜਿਸੁ', 'ਜਿਸਹਿ' ਦੀ ਵਰਤੋਂ ਹੋਈ ਮਿਲਦੀ ਹੈ:—

ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ॥

(ਰਾਗ ਗਉੜੀ ਗੁਆਰੇਰੀ, ਆਦਿ ਗ੍ਰੰਥ, ਪੰ.165)

ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ॥2॥

(ਸਾਰੰਗ ਕੀ ਵਾਰ ਸਲੋਕ ਆਦਿ ਪੰ.1250

ਬਹੁ-ਵਚਨ:

ਤਿਨ੍ਹੀ ਅੰਤਰ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 733)

ਜਿਨਾ ਇਕਿ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਿਉ ਚਿਤੁ ਲਾਇ।।

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1423)

ਸੰਪ੍ਰਦਾਨ ਕਾਰਕ: ਬਹੁਵਚਨ:

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ

ਜਨ ਨਾਨਕੁ ਤਿਨ ਬਲਿ ਜਾਸੀ॥3॥੧॥ (ਰਾਗ ਆਸਾ, ਆਦਿ ਗ੍ਰੰਥ, ਪੰ. 348)

ਸੰਬੰਧ ਕਾਰਕ:

'ਜਿਸੁ,' ਤਿਸੁ, 'ਤਿਸਹਿ', 'ਓਹ' ਦੀ ਵਰਤੋਂ ਮਿਲਦੀ ਹੈ। ਜਿਵੇਂ:-

ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ॥੧॥

(ਰਾਗ ਦੇਵਗੰਧਾਰੀ, ਆਦਿ ਗ੍ਰੰਥ, ਪੰ.528)

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਪੜਨਾਂਵਾਂ ਦੇ ਹੇਠ ਲਿਖੇ ਰੂਪਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਜਾ ਰਿਹਾ ਹੈ:—

1. ਨਿਜਵਾਚਕ ਪੜਨਾਂਵ:

ਕਰਤਾ ਕਾਰਕ: 'ਆਪਿ', 'ਆਪੇ' ਦੀ ਵਰਤੋਂ ਹੋਈ ਮਿਲਦੀ ਹੈ:-

ਆਪਿ ਨਿਰੰਕਾਰਿ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.551)

ਕਰਮ ਕਾਰਕ: ਆਪੁ ਦੀ ਵਰਤੋਂ ਮਿਲਦੀ ਹੈ।

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ॥(ਸਿਰੀ ਰਾਗ, ਆਦਿ ਗ੍ਰੰਥ, ਪੰ.82)

ਸੰਬੰਧ ਕਾਰਕ:

— ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ.527)

— ਅਪਨੀ ਕਿਰਪਾ ਬਹੁਤੁ ਕਰਾਸਾ॥ (ਰਾਗ ਗੋਂਡ, ਆਦਿ ਗ੍ਰੰਥ, ਪੰ.860)

2. ਨਿਸ਼ਚੇਵਾਚਕ:

ਮੂਲ ਰੂਪ, ਦੂਰ-ਵਰਤੀ ਇਕ-ਵਚਨ 'ਓਹ', 'ਓਹੁ' ਦੀ ਉਦਾਹਰਣ ਵੇਖੋ:—

ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
<u>ਓਹ</u> ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥

(ਰਾਗ ਗਉੜੀ ਬੈਰਾਗਣਿ, ਆਦਿ ਗ੍ਰੰਥ, ਪੰ.168)

<u>ਓਹੁ</u> ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ॥

(ਗਉੜੀ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ.30 3)

**3. ਅਨਿਸਚਿਤ: ਕਰਤਾ ਕਾਰਕ:**

<u>ਇਕ ਵਚਨ:</u> 'ਕੋਈ', 'ਕਾ', 'ਕਿਵਹੁ', 'ਕਿਸਹੀ' ਦੀ ਵਰਤੋਂ ਕੀਤੀ ਮਿਲਦੀ ਹੈ। ਇਕ ਉਦਾਹਰਣ ਪ੍ਰਸਤੁਤ ਕੀਤੀ ਜਾ ਰਹੀ ਹੈ:-

<u>ਕਿਸਹੀ</u> ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥

(ਰਾਗ ਆਸਾ, ਸ਼ਬ: ਆਦਿ ਗ੍ਰੰਥ, ਪੰ.366)

<u>ਬਹੁਵਚਨ:</u> 'ਕੋਈ, 'ਕੋ' ਦੀ ਵਰਤੋਂ ਮਿਲਦੀ ਹੈ:

ਗੁਰਮੁਖਾ ਮਨਿ ਪ੍ਰਗਾਸੁ ਹੈ ਸੇ ਵਿਰਲੇ <u>ਕੇਈ</u> ਕੇ॥ (ਸਿਰੀ ਰਾਗ, ਆਦਿ ਗ੍ਰੰਥ, ਪੰ.82)

<u>ਕਰਮ ਕਾਰਕ:</u> 'ਕਿਸਹਿ' ਦੀ ਵਰਤੋਂ ਮਿਲਦੀ ਹੈ।

ਜਿਸੁ ਧਨ ਕਾ ਤੁਮ ਗਰਬ ਕਰਤ ਹਉ ਜੋ ਧਨੁ <u>ਕਿਸਹਿ</u> ਨ ਆਪ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1200)

<u>ਕਰਣ ਕਾਰਕ:</u> 'ਕਾਹੂ', 'ਕਿਨੈ' ਦੀ ਵਰਤੋਂ ਹੋਈ ਮਿਲਦੀ ਹੈ।

ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ
ਨਿਹਫਲ ਆਸ ਸਭ ਬਿਰਥੀ ਜਾਈ॥੧॥ ਰਹਾਉ॥ (ਰਾਗ ਗੋਂਡ, ਆਦਿ ਗ੍ਰੰਥ, ਪੰ.859)

**4. ਪ੍ਰਸ਼ਨ ਵਾਚਕ ਪੜਨਾਂਵ:**

ਅਵਧੀ ਦੇ ਸ਼ਬਦ ਰੂਪ 'ਕਵਨ' ਦੀ ਪੜਨਾਂਵ ਰੂਪ ਵਿਚ ਵੀ ਵਰਤੋਂ ਮਿਲਦੀ ਹੈ।

-- ਤੇਰੇ ਕਵਨ ਕਵਨ ਗੁਣ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 734)

**ਵਿਸ਼ੇਸ਼ਣ:**

**ਅਰਥਪਰਕ ਵਰਗੀਕਰਣ:**

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਪ੍ਰਯੁਕਤ ਵਿਸ਼ੇਸ਼ਣ ਰੂਪਾਂ ਨੂੰ ਅਰਥ ਦੀ ਦ੍ਰਿਸ਼ਟੀ ਤੋਂ ਹੇਠ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ:-

1. ਗੁਣ ਵਾਚਕ
2. ਪਰਿਮਾਣ ਵਾਚਕ
3. ਸੰਖਿਆ ਬੋਧਕ
4. ਕਿਰਿਆ ਮੂਲਕ (ਕਿਰਦੰਤ)।

ਗੁਣ ਵਾਚਕ:

ਇਸ ਸ਼੍ਰੇਣੀ ਦੇ ਵਿਸ਼ੇਸ਼ਣਾਂ ਦੀ ਗਿਣਤੀ ਬਹੁਤ ਹੈ। ਇਸਦੇ ਅੰਤਰਗਤ ਰੰਗ ਸੂਚਕ, ਸਥਾਨ ਵਾਚਕ, ਅਵਸਥਾ ਸੂਚਕ, ਸਥਿਤੀ ਸੂਚਕ, ਔਗੁਣ ਸੂਚਕ, ਗੁਣ ਸੂਚਕ, ਆਕਾਰ ਸੂਚਕ, ਗੁਣ ਭੇਦ ਕੀਤੇ ਜਾ ਸਕਦੇ ਹਨ।

ਰੰਗ ਸੂਚਕ:

ਮਲੁ ਜੂਠੀ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇ ਮੁਖਿ ਵੇਮੁਖੈ ਨੋ ਪਾਇਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.306)

ਸਥਾਨ ਵਾਚਕ:

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 310)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ॥

*(ਸਿਰੀ ਰਾਗ, ਪਹਰੇ, ਆਦਿ ਗ੍ਰੰਥ, ਪੰ.76)

ਸਥਿਤੀ ਸੂਚਕ:

ਰਸਕਿ ਰਸਕਿ ਗੁਣ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1335)

ਗੁਣ ਸੂਚਕ:

ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥
ਗੁਰਮੁਖਿ ਗੁਣ ਵੇਹਾਝੀਅਹਿ ਮਲਿ ਹਉਮੈ ਕਢੈ ਧੋਇ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.311)

ਪਰਿਮਾਣਵਾਚਕ:

ਪਰਿਮਾਣਵਾਚਕ ਵਿਸ਼ੇਸ਼ਣ ਵਸਤਾਂ ਦੀ ਗਿਣਤੀ ਜਾਂ ਮਾਪ ਤੋਲ ਦਸਦੇ ਹਨ। ਇਨ੍ਹਾਂ ਦੇ ਦੋ ਰੂਪ ਹਨ:-

(ੳ) ਨਿਸਚਿਤ ਪਰਿਮਾਣਵਾਚਕ

(ਅ) ਅਨਿਸਚਿਤ ਪਰਿਮਾਣਵਾਚਕ।

(ੳ) ਨਿਸਚਿਤ ਪਰਿਮਾਣਵਾਚਕ:

ਹਰਿ ਆਪੇ ਪੰਚਤਤੁ ਬਿਸਥਾਰਾ ਵਿਚ ਧਾਤੁ ਪੰਚ ਆਪਿ ਪਾਵੈ॥
ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥2॥3॥
(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)

(ਅ) ਅਨਿਸਚਿਤ ਪਰਿਮਾਣਵਾਚਕ:

— ਅਗਮ ਅਗੋਚਰੁ ਮਿਤਿ ਨਹੀ ਪਾਈ॥ (ਰਾਗ ਮਾਝ, ਆਦਿ ਗ੍ਰੰਥ, ਪੰ. 130)
— ਵੇਪਰਵਾਹੁ ਅਥਾਹੁ ਅਤੁਲ ਕਿਉ ਤੁਲੀਐ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.304)
— ਜਿਸ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ॥੧॥ ਰਹਾਉ॥
(ਰਾਗ ਤਿਲੰਗ, ਆਦਿ ਗ੍ਰੰਥ, ਪੰ. 723)
— ਤੂੰ ਪਾਰਬ੍ਰਹਮ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਿਖਾਣਾ॥
(ਰਾਗ ਆਸਾ, ਆਦਿ ਗ੍ਰੰਥ, ਪੰ. 348)

ਪੜਨਾਵੀਂ ਵਿਸ਼ੇਸ਼ਣ:

ਜੋ ਸ਼ਬਦ ਅਸਲ ਵਿਚ ਪੜਨਾਂਵ ਹੋਣ ਜਾਂ ਪੜਨਾਵਾਂ ਤੋਂ ਬਣੇ ਹੋਣ ਅਤੇ ਨਾਵਾਂ ਨਾਲ ਆਕੇ ਵਿਸ਼ੇਸ਼ਣ ਦੇ ਕੰਮ ਦੇਣ ਉਨ੍ਹਾਂ ਨੂੰ ਪੜਨਾਵੀਂ ਵਿਸ਼ੇਸ਼ਣ ਕਹਿੰਦੇ ਹਨ।

ਪੁਰਖ ਵਾਚਕ:

— ਹਉ ਹਰਿ ਪ੍ਰਭੁ ਛੋਡਿ ਦੂਜੈ ਲੋਭਾਣੀ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 561)
— ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥3॥
(ਰਾਗ ਟੋਡੀ, ਆਦਿ ਗ੍ਰੰਥ, ਪੰ. 711)
— ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓੁਹੁ ਮਲਭਖੁ ਮਾਇਆਧਾਰੀ॥
ਸੰਤ ਜਨਾ ਕੀ ਨਿੰਦਾ ਵਿਆਪੇ ਨ ਉਰਵਾਰਿ ਨ ਪਾਰੀ॥6॥
(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)
— ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥ (ਰਾਗ ਆਸਾ, ਆਦਿ ਗ੍ਰੰਥ, ਪੰ.365)
— ਤੁਮ ਸੁਆਮੀ ਅਗਮ ਅਥਾਹ ਤੂੰ ਘਟਿ ਘਟਿ ਪੂਰਿ ਰਹਿਆ॥
(ਰਾਗ ਤੁਖਾਰੀ, ਆਦਿ ਗ੍ਰੰਥ, ਪੰ.1114)

ਸੰਬੰਧ ਵਾਚਕ:

ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੈ॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.975)

ਤੇਰੀ ਵਡਿਆਈ ਤੂੰ ਹੈ ਜਾਣਹਿ............॥ (ਰਾਗ ਸੂਹੀ, ਆਦਿ ਗ੍ਰੰਥ, ਪੰ. 735)

ਨਿਸਚੇਵਾਚਕ: ਨਿਕਟਵਰਤੀ:

ਇਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ
ਹਰਿ ਕਰਤੈ ਸਭ ਕਲ ਧਾਰੀ॥ (ਰਾਗ ਗੂਜਰੀ, ਆਦਿ ਗ੍ਰੰਥ, ਪੰ. 507)

ਨਿਸਚੇਵਾਚਕ ਦੂਰਵਰਤੀ:

ਤੂ ਪਰੈ ਪਰੈ ਅਪਰੰਪਰੁ ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ॥2॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1296)

ਤਿਨ ਕੇ ਕਰਮਹੀਨ ਧੁਰਿ ਪਾਏ ਦੇਖੈ ਦੀਪਕ ਮੋਹਿ ਪਚਾਨੇ॥3॥
(ਰਾਗ ਗਉੜੀ, ਆਦਿ ਗ੍ਰੰਥ, ਪੰਨੇ 169-70)

ਅਨਿਸਚਿਤਵਾਚਕ ਰੂਪ:

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 734)

ਨਿਜਵਾਚਕ:

ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 605)

ਸੰਖਿਆ ਬੋਧਕ:

ਪੂਰਣ ਬੋਧਕ:

— ਏਕੋ ਤੁਧੁ ਏਕੋ ਬਹੁਰੰਗੀ ..... ..... ॥8॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1310)

— ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ॥
ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ॥
(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 435)

— ਤੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1237)

— ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 736)

ਅਪੂਰਣ ਬੋਧਕ:

ਅਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ॥
(ਰਾਗ ਤੁਖਾਰੀ, ਛੰਤ, ਆਦਿ ਗ੍ਰੰਥ, ਪੰ. 1116)

## ਕ੍ਰਿਆ - ਰੂਪ - ਰਚਨਾ :

ਧਾਤੂ ਜਾਂ ਕਿਰਿਆ ਨੂੰ ਭਾਸ਼ਾ ਦੀ ਆਤਮਾ ਦਾ ਦਰਜਾ ਦਿਤਾ ਜਾਂਦਾ ਹੈ। ਇਹ ਧਾਤੂਆਂ ਆਮ ਤੌਰ ਤੇ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਸਕਰਮਕ ਅਤੇ ਅਕਰਮਕ। ਵਾਚ ਦੇ ਅਨੁਸਾਰ ਇਹ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਕਰਤਰੀ ਵਾਚਕ ਅਤੇ ਕਰਮਵਾਚਕ। ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਧਾਤੂਆਂ ਦਾ ਰੂਪ ਏਨਾ ਵਿਹਾਰਕ ਨਹੀਂ ਹੈ ਜਿੰਨਾ ਸਿਧਾਂਤਕ, ਕਿਉਂਕਿ ਸੰਸਕ੍ਰਿਤ ਦੀ ਤਰ੍ਹਾਂ ਪ੍ਰਤਯਾਂ ਦੇ ਯੋਗ ਨਾਲ ਵਿਭਿੰਨ ਸ਼ਬਦਾਂ ਦੇ ਨਿਰਮਾਣ ਦੀ ਪ੍ਰਵਿਰਤੀ ਉਨ੍ਹਾਂ ਦੀ ਭਾਸ਼ਾ ਵਿਚ ਨਹੀਂ।

### ਵਰਗੀਕਰਨ:

ਗੁਰੂ ਰਾਮਦਾਸ ਜੀ ਦੁਆਰਾ ਪ੍ਰਯੁਕਤ ਕਿਰਿਆਵਾਂ ਦੇ ਦੋ ਰੂਪ ਹਨ : ਮੂਲ ਰੂਪ ਅਤੇ ਸੰਯੁਕਤ ਰੂਪ।

### ਮੂਲ ਧਾਤੂ:

ਧਾਤੂਆਂ ਦੇ ਇਹ ਰੂਪ ਪ੍ਰਾਚੀਨ ਆਰੀਆ ਭਾਸ਼ਾ (ਸੰਸਕ੍ਰਿਤ) ਦੀ ਪਰੰਪਰਾ ਤੋਂ ਵਿਕਸਿਤ ਹੋ ਕੇ ਆਏ ਹਨ। ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਇਹ ਅਰਧ-ਤਤਸਮ ਅਤੇ ਤਦਭਵ ਰੂਪਾਂ ਵਿਚ ਵਿਆਪਤ ਹਨ। ਨਿਮਨਲਿਖਤ ਕੁਝ ਉਦਾਹਰਣਾਂ ਪ੍ਰਸਤੁਤ ਕੀਤੀਆਂ ਜਾ ਰਹੀਆਂ ਹਨ:-

(ੳ) ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 168)

(ਅ) ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 307)

(ੲ) ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ॥

(ਰਾਗੁ ਆਸਾ, ਆਦਿ ਗ੍ਰੰਥ, ਪੰ. 445)

(ਸ) ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ॥

(ਰਾਗ ਗਉੜੀ ਪੂਰਬੀ, ਆਦਿ ਗ੍ਰੰਥ, ਪੰ. 173)

### ਸੰਯੁਕਤ ਕ੍ਰਿਆਵਾਂ:

ਉਪਸਰਗ-ਯੁਕਤ ਵਿਅੰਜਨ-ਅੰਤ ਦੀਆਂ ਕੁਝ ਉਦਾਹਰਣਾਂ ਵੇਖੋ:-

ਹਮ ਮੂਰਖ ਅਗਿਆਨ ਗਿਆਨ ਕਿਛੁ ਨਾਹੀ॥

ਸਤਿਗੁਰ ਤੇ ਸਮਝ ਪੜੀ ਮਨ ਮਾਹੀ॥ (ਮਾਰੂ ਸੋਲਹੇ, ਆਦਿ ਗ੍ਰੰਥ, ਪੰ. 1070)

ਅਦ੍ਰਿਸਟੁ ਅਗੋਚਰੁ ਅਪਰੰਪਰੁ ਸੁਆਮੀ ਗੁਰਿ ਪੂਰੇ <u>ਪ੍ਰਗਟ ਕਰਿ</u> ਦੀਨੇ।।14॥

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1199)

<u>ਨਾਂਵ ਧਾਤੂ:</u>

ਨਾਂਵ ਧਾਤੂ ਤੋਂ ਬਣੇ ਕਿਰਿਆ ਰੂਪਾਂ ਦੀ ਉਦਾਹਰਣ ਵੇਖੋ:—

<u>ਸੂਝ ਤੋਂ ਸਮਝਾਇਆ:</u>

ਸਤਿਗੁਰ ਤੇ <u>ਸੂਝ</u> ਪੜੀ ਮਨ ਮਾਹੀ॥ (ਮਾਰੂ ਸੋਲਹੇ, ਆਦਿ ਗ੍ਰੰਥ, ਪੰ. 1070)

ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ <u>ਸਮਝਾਇਆ</u>॥

(ਸੋਰਠ ਕੀ ਵਾਰ, ਆਦਿ ਗ੍ਰੰਥ, ਪੰ. 643)

<u>ਭੇਟ ਤੋਂ ਭੇਟਿਆ:</u>

ਸਤਿਗੁਰ ਆਗੈ ਸੀਸੁ <u>ਭੇਟ</u> ਦੇਉ ਜੇ ਸਤਿਗੁਰ ਸਾਚੇ ਭਾਵੈ॥

(ਰਾਗ ਤੁਖਾਰੀ, ਛੰਤ, ਆਦਿ ਗ੍ਰੰਥ, ਪੰ. 1114)

ਜਿਨ ਕਉ ਗੁਰੁ ਸਤਿਗੁਰੁ ਨਹੀਂ <u>ਭੇਟਿਆ</u> ਤੇ ਸਾਕਤ ਮੂੜ ਦਿਵਾਨੇ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 170)

<u>ਦੁਖ ਤੋਂ ਦੁਖਿਆ:</u>

– ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ <u>ਦੁਖ</u> ਖੋਵਹੁ॥

(ਸਿਰੀ ਰਾਗ, ਆਦਿ ਗ੍ਰੰਥ, ਪੰ. 77)

– ਜਿਉ ਜਨ ਚੰਦ੍ਰਹਾਂਸੁ <u>ਦੁਖਿਆ</u> ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ॥6॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.982)

<u>ਪ੍ਰਗਾਸ ਤੋਂ ਪ੍ਰਗਾਸਾ:</u>

ਮਤਿ <u>ਪ੍ਰਗਾਸ</u> ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1199)

ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ <u>ਪ੍ਰਗਾਸਾ</u>॥24॥

(ਰਾਗੁ ਸੂਹੀ, ਛੰਤ, ਆਦਿ ਗ੍ਰੰਥ, ਪੰ.774)

ਕਿਰਿਆਵਾਂ ਦੇ ਮੁਖ ਰੂਪ ਵਿਚ ਤਿੰਨ ਭੇਦ ਕੀਤੇ ਜਾ ਸਕਦੇ ਹਨ।

(1) ਅਕਰਮਕ

(2) ਸਕਰਮਕ

(3) ਪ੍ਰੇਰਣਾਰਥਮਕ

(1) ਅਕਰਮਕ :

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਕੁਛ ਅਕਰਮਕ ਕਿਰਿਆਵਾਂ ਨਿਮਨਲਿਖਤ ਹਨ:— 'ਹੋਇਆ', 'ਹੋ', 'ਹੋਆ', 'ਹੋਇ', 'ਹੋਏ', 'ਹੋਈ', 'ਹੋਇਸੀ', 'ਹੋਸੀ', 'ਹਹਿ', 'ਹੋਤ', 'ਹੋਤਾ', 'ਹੋਤਿ', ਹੋਤੇ', 'ਹੋਨਾ', 'ਹੋਵਾ', 'ਹੋਵੈ', 'ਹੋਵਤ', 'ਹੋਵੰਤੀ—'ਗਇਆ' 'ਗਈਆਸੇ' ਆਦਿ। ਉਦਾਹਰਣ ਲਈ ਵੇਖੋ;

1. ਸਭੁ ਤਨੁ ਮਨੁ ਹਰਿਆ <u>ਹੋਇਆ</u> ਨਾਨਕ ਹਰਿ ਵਸਿਆ ਮਨਿ ਸੋਇ॥8॥5॥69॥

(ਸਿਰੀ ਰਾਗ, ਆਦਿ ਗ੍ਰੰਥ, ਪੰ. 41)

2. ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ <u>ਹੋਨਾ</u>॥

(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1315)

(2) ਸਕਰਮਕ:

1. <u>ਇਛ ਪੁੰਨੀ</u> ਜਨ ਕੇਰੀਆ ਲੇ ਸਤਿਗੁਰ ਪੂਰਾ॥2॥ (ਗਉੜੀ, ਸਬ:, ਪੰ. 168)
2. ਜਿਨ ਕਉ ਲਿਖਤੁ <u>ਲਿਖੇ</u> ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ॥

(ਰਾਗ ਗਉੜੀ ਪੂਰਬੀ, ਆਦਿ ਗ੍ਰੰਥ, ਪੰ. 169)

3. ਗੁਰਮਤਿ <u>ਖੋਜ</u> ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਾਰਿਆ॥2॥

(ਰਾਗ (ਬਸੰਤੁ ਹਿੰਡੋਲ, ਆਦਿ ਗ੍ਰੰਥ, ਪੰ. 1178)

(3) ਪ੍ਰੇਰਣਾਰਥਮਕ:

ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰ ਦਾਨੁ <u>ਦਿਵਾਇਆ</u>॥

(ਸਿਰੀ ਰਾਗੁ, ਆਦਿ ਗ੍ਰੰਥ, ਪੰ. 79)

ਕਾਲ :

ਕਿਰਿਆ ਦਾ ਸੰਬੰਧ ਕਾਲ (ਸਮੇਂ) ਨਾਲ ਹੁੰਦਾ ਹੈ ਅਤੇ ਪੰਜਾਬੀ ਵਿਚ ਕਾਲ ਨੂੰ ਤਿੰਨ ਭੇਦਾਂ ਵਿਚ ਵੰਡਿਆ ਜਾਂਦਾ ਹੈ। ਵਰਤਮਾਨ ਕਾਲ, ਭੂਤ ਕਾਲ ਅਤੇ ਭਵਿਖ ਕਾਲ।

ਵਰਤਮਾਨ ਕਾਲ:

ਜੋ ਹਰਿ ਪ੍ਰਭ ਭਾਵੈ ਸੋ <u>ਥੀਐ</u> ਜੋ ਹਰਿ ਪ੍ਰਭੁ ਕਰੇ ਸੁ <u>ਹੋਇ</u>॥

(ਕਾਨੜਾ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ:1313

ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ <u>ਜਾਹਾ</u>॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 607)

ਸਤਿਗੁਰ ਕਾ ਦਰਸਨੁ ਸਫਲੁ ਜੋ ਇਛੇ ਸੋ ਸੋ ਫਲੁ ਪਾਇ॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1422)

ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਣਾ॥

(ਸਿਰੀ ਰਾਗ ਕੀ ਵਾਰ, ਪਉੜੀ, ਆਦਿ ਗ੍ਰੰਥ, ਪੰ.84)

**ਭੂਤ ਕਾਲ:**

ਗੁਰੂ ਰਾਮਦਾਸ ਜੀ ਨੇ ਕਿਰਿਆ ਨਿਰਮਾਣ ਵਿਚ ਮਰਾਠੀ ਸ਼ੈਲੀ ਨੂੰ ਤੁਕਾਂਤ ਅਨੁਸਾਰ ਢਾਲ ਕੇ ਭੂਤਕਾਲ ਦਾ ਰੂਪ ਦਿਤਾ ਹੈ। ਰਾਖਿਬਾ (ਰਖਿਆ), ਲਾਗਿਬਾ (ਲਗਿਆ), ਕਾਢਿਬਾ (ਕਢਿਆ)। ਭੂਤ ਕਾਲ ਦੀਆਂ ਕੁਝ ਹੋਰ ਉਦਾਹਰਣਾਂ ਨਿਮਨਲਿਖਤ ਹਨ:—

ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ॥

(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1116)

ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰ ਹੈ ਮਾਰਿਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.315)

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥

(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1116)

ਸੰਤ ਜਨਾ ਸਿਉ ਪ੍ਰੀਤਿ ਬਨਿਆਈ॥

ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ॥ (ਰਾਗ ਗਉੜੀ ਗੁਆਰੇਰੀ, ਆਦਿ ਗ੍ਰੰਥ, ਪੰ.164 )

**ਭਵਿਖ ਕਾਲ:**

ਗੁਰੂ ਰਾਮਦਾਸ ਜੀ ਦੇ ਕਿਰਿਆ ਦੇ ਇਸ ਨਿਰਮਾਣ ਵਿਚ ਲਹਿੰਦੀ ਦਾ ਅਸਰ ਵੇਖਿਆ ਜਾ ਸਕਦਾ ਹੈ। ਇਥੇ ਅਸੀਂ ਭਵਿਖ ਕਾਲ ਦੀਆਂ ਕੁਝ ਉਦਾਹਰਣਾਂ ਦੇ ਰਹੇ ਹਾਂ:—

(1) ......ਤਿਸਦਾ ਕਦੇ ਨ ਹੋਵੀ ਭਲਾ (ਗਉੜੀ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ. 308)

(2) ....ਹਉ ਵਾਰਿ ਵਾਰਿ ਆਪਣੇ ਗੁਰ ਕਉ ਜਾਸਾ (ਰਾਗ ਵਡਹੰਸ, ਆਦਿ ਗ੍ਰੰਥ, ਪੰ.561)

(3) ਆਦਿ ਦਇਆ ਕਰਿ ਮੇਲਸੀ (ਸਿਰੀ ਰਾਗ, ਆਦਿ ਗ੍ਰੰਥ, ਪੰ.41)

(4) ਜੋ ਬਿਨ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥3॥ (ਰਾਗ ਸੂਹੀ, ਆਦਿ ਗ੍ਰੰਥ, ਪੰ. 734)

**ਅੱਵਯ**

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਨਿਮਨਲਿਖਤ ਅੱਵਯਾਂ ਦਾ ਪ੍ਰਯੋਗ ਕੀਤਾ ਮਿਲਦਾ ਹੈ।

ਕਾਇਤੁ, ਕਾਇਤ, ਕੀ, ਕੈ, ਕੇ, ਕੇਰੀ, ਕੇਰੇ।

ਜਾ, ਜਾਂ, ਜਿਤੁ, ਜਿਉ, ਜੋ।

ਤਿਤੁ, ਤਿਵੈ, ਤਿਉ, ਤਉ, ਤਿਸੁ, ਤੇਹਾ, ਤਹ।

ਤਾ, ਤਤੁ, ਤਬ, ਤਾਮਿ।

ਨ, ਨਾ, ਨੈ, ਨਹੀ, ਨਾਹੀ, ਨਹ।

ਬਿਨਿ, ਬਿਨੁ, ਭੀ।

ਮਾਹੀ, ਮਾਹਿ, ਆਦਿ।

**(3) ਸ਼ਬਦ ਸਮੂਹ: ਸਭਿਆਚਾਰਕ ਦ੍ਰਿਸ਼ਟੀ ਤੋਂ:**

ਗੁਰੂ ਰਾਮਦਾਸ ਜੀ ਦੀ ਭਾਸ਼ਾ ਦੇ ਸ਼ਬਦ-ਸਮੂਹ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਅਧਿਅਨ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਪ੍ਰਯੋਗ ਕੀਤੀ ਸ਼ਬਦਾਵਲੀ ਵਿਚ ਸਮਾਜਕ ਜਾਂ ਸਭਿਆਚਾਰਕ ਸੰਕੇਤਾਂ ਦਾ ਅਧਿਅਨ ਕਰਨਾ ਜ਼ਰੂਰੀ ਹੋਵੇਗਾ। ਇਸ ਦ੍ਰਿਸ਼ਟੀਕੋਣ ਤੋਂ ਗੁਰੂ ਰਾਮਦਾਸ ਜੀ ਦੇ ਸ਼ਬਦ-ਸਮੂਹ ਦਾ ਮੂਲ ਸ੍ਰੋਤ, ਪੂਰਬ-ਵਰਤੀ ਗੁਰੂ ਸਾਹਿਬਾਨ, ਭਗਤ ਕਵੀ, ਅਲਗ ਅਲਗ ਗਿਆਨ ਪ੍ਰਣਾਲੀਆਂ, ਵੇਦ, ਉਪਨਿਸ਼ਦ, ਪੁਰਾਣ, ਵੇਦਾਂਤ, ਯੋਗਮਤ, ਵੈਸ਼ਨਵਮਤ, ਵਖ ਵਖ ਸੰਪਰਦਾਵਾਂ ਅਤੇ ਲੋਕ ਜੀਵਨ ਹੈ।

ਗੁਰੂ ਰਾਮਦਾਸ ਨਿਰਗੁਣ ਧਾਰਾ ਦੇ ਕਵੀ ਹਨ। ਗੁਰੂ ਅਤੇ ਭਗਤ ਕਵੀਆਂ ਦੀ ਪਰੰਪਰਾ ਅਨੁਸਾਰ ਉਨ੍ਹਾਂ ਨੇ ਭਾਸ਼ਾ ਨੂੰ ਨਾ ਸਿਰਫ ਆਪਣੇ ਅਸੀਮੀ ਅਨੁਭਵ ਦੇ ਸੰਚਾਰ ਲਈ ਵਰਤਿਆ, ਸਗੋਂ ਲੋਕ ਕਲਿਆਣ ਲਈ, ਸਹਿਜ ਅਤੇ ਸਰਲ ਕਾਵਿ ਸ਼ੈਲੀ ਵਿਚ, ਸ਼ਬਦਾਂ ਨੂੰ ਪਰੰਪਰਾਗਤ ਕਾਵਿ-ਰੂੜ੍ਹੀ ਵਿਚੋਂ ਕਢਕੇ, ਨਵੇਂ ਅਰਥ ਪ੍ਰਦਾਨ ਕੀਤੇ। ਉਦਾਹਰਣ ਲਈ 'ਮੁਰਾਰਿ' ਸ਼ਬਦ ਸ੍ਰੀ ਕ੍ਰਿਸ਼ਣ ਦਾ ਪਰਿਆਇ ਸੀ ਪਰ ਨਿਰਗੁਣ ਭਗਤੀ ਅਤੇ ਗੁਰੂ ਪਰੰਪਰਾ ਅਨੁਸਾਰ ਉਹ ਇਸ ਸ਼ਬਦ ਨੂੰ ਸਰਬ-ਵਿਆਪਕ ਪਰਮਾਤਮਾ ਦੇ ਅਰਥਾਂ ਵਿਚ ਪ੍ਰਤੀਕ ਵਜੋਂ ਵਰਤਦੇ ਹਨ। ਇਸ ਤਰ੍ਹਾਂ ਅਨੇਕਾਂ ਉਦਾਹਰਣਾਂ ਉਨ੍ਹਾਂ ਦੀ ਕਵਿਤਾ ਵਿਚੋਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਦੀ ਕਾਵਿ ਸ਼ਬਦਾਵਲੀ ਦਾ ਨਿਮਨਲਿਖਤ ਰੂਪ ਵਿਚ ਅਧਿਅਨ ਪ੍ਰਸਤੁਤ ਹੈ।

ਪਰਮਾਤਮਾ ਸੰਬੰਧੀ ਸ਼ਬਦਾਵਲੀ:

ਓਅੰਕਾਰਿ, ਈਸ, ਏਕੰਕਾਰੀ, ਅਕਥ, ਅਲਖੁ, ਅਰਤੁ, ਅਬਿਨਾਸੀ, ਆਦੇਸ, ਅੰਤਰਜਾਮੀ, ਸਜਣ ਸੈਣੀ, ਸਿਰਜਣਹਾਰਾ, ਸਚਿਆਰਾ ਸਾਹ, ਸੁਆਮੀ, ਸੁਖਦਾਤਾ, ਸੁਘੜੁ ਸੁਜਾਣੁ, ਸਤਿ ਸਰੂਪੁ, ਸਤਿ ਮੁਰਾਰਿ, ਸ੍ਰੀ ਰਾਮ, ਹਰਿਧਨੀ, ਕਲਾਧਾਰੀ, ਕਵਲਾਕੰਤ, ਕਿਸਨ, ਗੁਸਈਆ, ਗੁਸਾਈ, ਗੋਸਾਈ, ਗੁਪਾਲਾ, ਗੁਪਲਾਕ, ਗੋਪਾਲ, ਗੋਬਿਦ, ਗੋਵਿੰਦ, ਚਿੰਤਾਮਣੇ, ਜਗਜੀਵਨ, ਜਗਦੀਸ, ਜਗੰਨਾਥ, ਠਾਕੁਰੁ, ਡੰਡਾਧਾਰੀ, ਦਮੋਦਰ, ਦੀਨਾ ਨਾਥੁ, ਨਰਹਰਿ, ਨਰਪਤਿ, ਨਾਥੁ, ਨਾਰਾਇਣੋ,

ਨਾਰਾਇਣੋ, ਪਰਮੇਸੁਰੁ, ਪਾਰਬ੍ਰਹਮੁ, ਪੁਰਖੋਤਮੁ, ਬਨਵਾਰੀ, ਬਲਿਰਾਮ, ਬਿਆਸਾ, ਬ੍ਰਹਮ, ਭਗਤਿ ਵਛਲੁ, ਮੁਕੰਦੇ, ਮੁਰਾਰੀ, ਰਾਮੁ ਅਤੇ ਰਿਖੀਕੇਸੁ ਆਦਿ।

ਪੌਰਾਣਿਕ ਅਤੇ ਅਧਿਆਤਮਕ ਸ਼ਬਦਾਵਲੀ:

ਉਨਮਨਿ, ਅਗਮ, ਅਗੋਚਰ, ਅਮਰਪਦੁ, ਆਸ੍ਰਮ, ਅੰਮ੍ਰਿਤ ਵੇਲੇ, ਸਹਸਫਨੀ, ਸਹਜ ਸੁਖੁ, ਸਹਜ ਸਮਾਧਿ, ਸਬਦੁ ਸਾਗਰਾ, ਸਿਧ ਸਾਧਿਕੋ, ਸਿਮ੍ਰਿਤਿ ਸਾਸਤ੍ਰ, ਸਿਵ ਸਕਤਿ, ਸੈਭਾ, ਸਾਧੂ, ਸਾਧਿਕੋ, ਸਤਿਸੰਗ, ਸਤਿਗੁਰੂ, ਸੰਜਮ, ਸੰਤ, ਸੰਨਿਆਸੀ, ਖਟੁ ਕਰਮ, ਖਿੰਥਾ, ਗਣ ਗੰਧਰਬ, ਗੁਰਸਿਖ, ਗੁਰਮੁਖ, ਗੁਰਮਤਿ, ਚਹੁ ਜੁਗ, ਚਾਰ ਵੇਦ, ਚਾਰਿ ਵਰਨ, ਜਨ, ਜਪਮਾਲੀ, ਜੋਗੀ, ਤਿਲਕੁ, ਤੀਰਥ, ਦੁਰਮਤਿ, ਦਿਗੰਬਰੁ, ਧਰਮੁ, ਧੀਰਜ, ਨਉਨਿਧਿ, ਪਰਮਪਦ, ਪਰਵਿਰਤੀ, ਬੈਰਾਗੀ, ਬ੍ਰਹਮਚਾਰੀ, ਭੰਜਨੁ, ਮਕਰ, ਮਜਨੁ, ਮਨਮੁਖ, ਮਾਨ ਸਰੋਵਰ, ਮੁਕਤਿ, ਮੈਗਲ, ਵਰਤ।

ਅਜਾਮਲੁ, ਸੇਖਨਾਗ, ਸੰਕਰੁ, ਹਰਣਾਖਸੁ, ਕਉਲਾ, ਦ੍ਰੋਪਤੀ, ਨਾਰਦ, ਪ੍ਰਹਲਾਦੁ, ਬਲਭਦ੍ਰ, ਬਿਦਰ ਅਤੇ ਰਵਿਦਾਸ ਆਦਿ।

ਜੀਵ ਜੰਤੂਆਂ ਅਤੇ ਪ੍ਰਾਣੀ ਜਗਤ ਸੰਬੰਧੀ ਸ਼ਬਦਾਵਲੀ:

ਸਾਰਿੰਗ, ਸਿੰਘ, ਕਾਗ, ਕੀਰੇ ਕਿਰਮ, ਕੂੰਚਰੁ ਕੂਕਰ, ਗਰਧਭ, ਚਾਤ੍ਰਿਕ, ਜੰਤਾ, ਤਦੂਏ, ਤੇਜਣਿ, ਪਖਾਣੀ, ਪਸੂ, ਪ੍ਰਾਣੀ, ਪੰਖੇਰੂ, ਪਤੰਗਾ, ਬਕਰੀ, ਬਛੂਰਾ, ਬੈਲੁ, ਭੁਇਅੰਗ, ਮਛੁਲੀ, ਮੀਨੁ ਅਤੇ ਮੈਗਲੁ, ਮੂਸਾ ਆਦਿ।

ਪ੍ਰਕ੍ਰਿਤੀ ਅਤੇ ਪਦਾਰਥ ਸੰਬੰਧੀ ਸ਼ਬਦਾਵਲੀ:

ਅਗਨੀ, ਆਕਾਸ, ਸਾਗਰੁ, ਸੁਮੇਰ, ਸਮੁੰਦੁ, ਸੁਵਰਨੁ, ਹੀਰਾ, ਕਮਲੁ, ਕੰਚਨੁ, ਕਾਸਟ, ਕਾਗਦ, ਕਾਪੜੁ, ਖੇਵਟ, ਚੰਦੁ, ਚੰਦਨ, ਜਵੇਹਰੁ, ਦਰਿਆਉ, ਪਉਣ, ਪਰਵਾਲੇ, ਪਾਤਾਲੁ, ਪਾਥਰ, ਪਾਰਸ, ਪੀਪ, ਫਲ, ਭਾਂਡੇ, ਮਾਟੀ, ਮਾਣਕ ਅਤੇ ਰਤਨੁ ਆਦਿ।

ਸਰੀਰ ਸੰਬੰਧੀ ਸ਼ਬਦਾਵਲੀ:

ਅੰਕਿ, ਸਰੀਰੁ, ਹਡੇ, ਕਾਨ, ਕੰਠਿ, ਗਲਿ, ਚੰਮੁ, ਜੀਹ, ਦੇਹੀ, ਨਕੁ, ਪਾਉ, ਪਿਠਿ, ਬਾਂਹ, ਮਸਤਕਿ, ਮਥਾਮ ਅਤੇ ਰਤੁ ਆਦਿ।

ਘਰੋਗੀ ਸ਼ਬਦਾਵਲੀ:

ਸਨਬੰਧੁ, ਕਪੜੁ, ਕੁਟੰਬ, ਕੁੜਮ, ਕੁੜਮਾਈ, ਕੰਤ, ਖਾਣਾ, ਜਵਾਈ, ਦੁਧ ਮ੍ਰਾਨੀ, ਪੁਤ੍ਰੀ, ਪੈਨਣ, ਬਾਪ, ਬੀਰ, ਭਾਈ, ਭਾਤੀਈ, ਭੋਜਨ, ਭੋਗ ਅਤੇ ਮਾਤਾ ਆਦਿ।

**ਸਮਾਜਕ ਸ਼ਬਦਾਵਲੀ:**

ਅਨਾਥ, ਅਵਿਜਾਤਾ,(ਨੀਵੀਂ ਜਾਤ ਵਾਲਾ), ਇਆਣਾ, ਇਸਤਰੀ, ਸੋਹਾਗਣਿ, ਕੁਸਟੀ, ਗਰੀਬ, ਗੁਲਾਮ, ਗੂੰਗਾ, ਗ੍ਰਿਸਤ, ਚਟਸਾਲ, ਚਮਿਆਰ, ਚੁਗਲ, ਚੰਡਾਲ, ਚਾਕਰੀ, ਚਾਬੁਕੁ, ਛੀਪਾ, ਜੁਲਾਹੇ, ਤੇਲੀ, ਪਰਵਾਰੁ, ਫੇਰੇ, ਅਤੇ ਵੀਆਹਣਿ ਆਦਿ।

**ਵਪਾਰ ਸੰਬੰਧੀ ਸ਼ਬਦਾਵਲੀ:**

ਸਉਦਾ, ਸਉਦਾਗਰੁ, ਸਉਦਾਗਰੀ, ਸਰਾਫੁ, ਸਵਾਗਇਆ, ਸਾਹ, ਸੂਦ, ਹਟ, ਪਰਚੂਨ, ਵਣਜ, ਵਣਜਾਰੇ ਅਤੇ ਵਾਪਾਰ ਆਦਿ।

**ਪ੍ਰੇਮ ਅਤੇ ਸੁੰਦਰਤਾ ਸੰਬੰਧੀ:**

ਆਸਕੀ, ਸੰਗਾਰ, ਸੁੰਦਰੁ, ਕਰੂਪ, ਕਾਮਣਿ, ਪਿਰਹੜੀ, ਪ੍ਰਿਅ ਅਤੇ ਪ੍ਰੇਮ ਆਦਿ।

**ਸ਼ਬਦ ਸਮੂਹ: ਇਤਿਹਾਸਕ ਦ੍ਰਿਸ਼ਟੀ ਤੋਂ:**

ਗੁਰੂ ਰਾਮਦਾਸ ਜੀ ਦੇ ਸ਼ਬਦ-ਸਮੂਹ ਦਾ ਵਡਾ ਭਾਗ ਪ੍ਰਾਚੀਨ ਆਰੀਆ ਭਾਸ਼ਾ ਦਾ ਹੈ, ਜਿਸ ਵਿਚ ਤਤਸਮ, ਅਰਧ-ਤਤਸਮ ਅਤੇ ਤਦਭਵ ਰੂਪਾਂ ਵਿਚ ਸ਼ਬਦ ਮਿਲਦੇ ਹਨ। ਗੁਰੂ ਰਾਮਦਾਸ ਜੀ ਦੇ ਸ਼ਬਦ ਸਮੂਹ ਦਾ ਕਮਾਲ ਇਹ ਹੈ ਕਿ ਕਈ ਵਾਰ ਸ਼ਬਦ ਆਪਣੇ ਤਤਸਮ ਜਾਂ ਅਰਧ-ਤਤਸਮ ਅਤੇ ਤਦਭਵ ਰੂਪ ਵਿਚ ਵੀ ਮਿਲਦਾ ਹੈ। — ਜਿਵੇਂ ਉਦਰ (ਤਤਸਮ), ਉਦਰਿ (ਅਰਧ ਤਤਸਮ) ਅਗੋਚਰ (ਤਤਸਮ), ਅਗੋਚਰੁ (ਅਰਧ -ਤਤਸਮ), ਅਚਿਤ (ਤਤਸਮ), ਅਚੇਤ (ਤਦਭਵ)। ਦੂਜੀ ਵਿਸ਼ੇਸ਼ ਗੱਲ ਜਿਹੜੀ ਕਿ ਸਮੁੱਚੀ ਗੁਰ-ਭਾਸ਼ਾ ਤੇ ਵੀ ਢੁਕ ਸਕਦੀ ਹੈ ਕਿ ਕੁਝ ਸ਼ਬਦ ਰੂਪ ਅਜੇਹੇ ਵੀ ਹਨ ਜੋ ਪ੍ਰਾਕ੍ਰਿਤ ਵਿਚ ਆਪਣੇ ਤਦਭਵ ਜਾਂ ਅਰਧ-ਤਤਸਮ ਰੂਪ ਵਿਚ ਮਿਲਦੇ ਹਨ ਪਰ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਤਤਸਮ ਰੂਪ ਵਿਚ ਵਰਤਿਆ ਹੈ, ਜਿਵੇਂ 'ਨਿਰਤਿ' (ਗੁ.ਰਾ.ਦਾ.), 'ਨੱਚਣ'(ਪਾਲੀ) ਇਸੇ ਤਰ੍ਹਾਂ ਹੀ 'ਅਗਨੀ' ਜਦ ਕਿ ਪਾਕ੍ਰਿਤ ਵਿਚ ਇਸ ਦਾ 'ਅਗਿ' (ਪਾਲੀ) ਰੂਪ ਹੈ। ਬੇਸ਼ਕ ਅਜੇਹੇ ਸ਼ਬਦਾਂ ਦੀ ਗਿਣਤੀ ਅਲਪ ਮਾਤਰ ਹੈ।

ਪ੍ਰਾਚੀਨ ਆਰੀਆ ਭਾਸ਼ਾ (ਵੈਦਿਕ ਭਾਸ਼ਾ) ਦੇ ਕਈ ਸ਼ਬਦ, ਸਰਲਤਾ ਅਤੇ ਉਚਾਰਣ ਵਿਚ ਸੌਖ ਹੋਣ ਕਾਰਣ, ਹਿੰਦ ਆਰਿਆਈ ਭਾਸ਼ਾਵਾਂ ਵਿਚ ਸੁਰਖਿਅਤ ਰਹੇ। ਪੰਜਾਬੀ ਨੇ ਪ੍ਰਾਚੀਨ ਆਰਿਆਈ ਬੋਲੀ ਦੀ ਸਿਧੀ ਸੰਤਾਨ ਹੋਣ ਕਾਰਨ ਅਜਿਹੇ ਪੈਤ੍ਰਿਕ ਰੂਪਾਂ ਨੂੰ ਸਾਂਭ ਕੇ ਰਖਿਆ।[5] ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਅਜੇਹੇ ਤਤਸਮ ਸ਼ਬਦ ਬਿਨਾਂ ਕਿਸੇ ਉਚੇਚ ਤੋਂ ਸਹਿਜ ਭਾਵ ਨਾਲ

---

5. ਵਿਦਿਆ ਭਾਸਕਰ ਅਰੁਣ, (ਡਾ.), ਪੰਜਾਬੀ ਭਾਸ਼ਾ ਦਾ ਇਤਿਹਾਸ, (ਲੁਧਿਆਣਾ, 1956), ਪੰ.43.

ਪ੍ਰਗਟ ਹੋਏ ਮਿਲਦੇ ਹਨ।

ਸੰਸਕ੍ਰਿਤ ਤੋਂ ਤਤਸਮ ਸ਼ਬਦ:

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਕੁਝ ਸੰਸਕ੍ਰਿਤ ਤੋਂ ਤਤਸਮ ਸ਼ਬਦ ਮਿਲਦੇ ਹਨ, ਜੋ ਨਿਮਨਲਿਖਤ ਹਨ:—

ਉਦਰ, ਉਪਮਾ, ਉਪਰਿ, ਅਪਮਾਨ, ਅਗੋਚਰ, ਅਚਿਤ, ਅਤਿ, ਸਹਜ, ਸਾਧੂ, ਸਮਾਧਿ, ਸੁਤ, ਸੇਵਕ, ਸੰਗਤਿ, ਸੰਤਾਪ, ਹੇਤੁ, ਹਰਿ, ਕਾਮ, ਕਪਾਟ, ਕੋਟ, ਕੰਸ, ਗੋਪੀ, ਗੋਪਾਲ, ਗਤਿ, ਚਰਣ, ਚੋਰ, ਚੰਦਨ, ਛਾਦਨ, ਛਿਦ੍ਰ, ਜਨ, ਜਪੁ, ਜਲ, ਜਗਤਿ, ਜਰਾ, ਧਨ, ਨਿੰਦਾ, ਨਿੰਦਕ, ਪਟਨ, ਪਾਪ, ਪਾਵਨ, ਪਤਿ, ਪਤਿਤ, ਪਿੰਡ, ਫਲ, ਬਹੁ, ਬਾਲਕ, ਬੁਧਿ, ਬ੍ਰਾਹਮਣ, ਭਵਜਲ, ਭਵਨ, ਭੋਗ, ਭੋਜਨ, ਭੇਦ, ਭ੍ਰਮ, ਮਹਾ, ਮਿਤ੍ਰ, ਮੀਨ, ਮੋਹ, ਮੰਗਲ, ਮੰਤ੍ਰ, ਰਸਨਾ, ਰਾਮ, ਰੋਗ, ਅਤੇ ਲੋਚ ਆਦਿ।

ਸੰਸਕ੍ਰਿਤ ਤੋਂ ਅਰਧ-ਤਤਸਮ ਸ਼ਬਦ:

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (ਵੈਦਿਕ ਭਾਸ਼ਾ) ਦੇ ਅਨੇਕ ਸ਼ਬਦ ਗੁਰੂ ਰਾਮਦਾਸ ਜੀ ਦੀ ਬੋਲੀ ਵਿਚ ਅਰਧ-ਤਤਸਮ ਰੂਪ ਵਿਚ ਮਿਲਦੇ ਹਨ। ਆਮ ਤੌਰ ਤੇ ਅਰਧ-ਤਤਸਮ ਸ਼ਬਦਾਂ ਦਾ ਪ੍ਰਯੋਗ ਬੋਲੀ ਵਿਚ ਉਚਾਰਣ ਦੀ ਸੌਖ ਅਤੇ ਸਰਲਤਾ ਦੇ ਲਈ ਕੀਤਾ ਜਾਂਦਾ ਹੈ, ਜਿਸਨੂੰ ਭਾਸ਼ਾ ਵਿਗਿਆਨੀ 'ਮੁਖ-ਸੁਖ' ਦਾ ਨਾਂ ਦਿੰਦੇ ਹਨ। ਗੁਰੂ ਰਾਮਦਾਸ ਜੀ ਨੇ ਸ਼ਬਦਾਂ ਨੂੰ ਆਪਣੀ ਲੋੜ ਅਨੁਸਾਰ ਢਾਲ ਕੇ ਭਾਵਾਂ ਦੇ ਪ੍ਰਵਾਹ ਵਿਚ ਸਹਿਜ ਭਾਵ ਨਾਲ ਪ੍ਰਯੋਗ ਕੀਤਾ ਹੈ। ਅਜਿਹੇ ਮੌਕੇ ਤੇ ਸ਼ਬਦ ਓਪਰੇ ਨਹੀਂ ਲਗਦੇ। ਇਥੇ ਇਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੋਵੇਗੀ ਕਿ ਕਈ ਵਾਰ ਛੰਦ ਦੀ ਲਗ, ਮਾਤਰ ਅਨੁਸਾਰ ਸ਼ਬਦ ਆਪਣੇ ਅਰਧ-ਤਤਸਮ ਜਾਂ ਤਦਭਵ ਰੂਪ ਅਖ਼ਤਿਆਰ ਕਰ ਗਏ ਹਨ। ਦੂਜੀ ਗੱਲ ਇਹ ਹੈ ਕਿ ਗੁਰਮੁਖੀ ਲਿਪੀ, ਦੇਵਨਾਗਰੀ ਲਿਪੀ ਵਾਂਗ ਨਹੀਂ ਅਤੇ ਉਸਦਾ ਉਚਾਰਣ ਵੀ ਇੰਨ-ਬਿੰਨ ਸੰਸਕ੍ਰਿਤ ਵਾਂਗ ਨਹੀਂ ਹੁੰਦਾ। ਇਸ ਲਈ ਸ਼ਬਦਾਂ ਦੀਆਂ ਲਗਾਂ ਮਾਤਰਾਂ ਵਿਚ ਫ਼ਰਕ ਪੈ ਜਾਂਦਾ ਹੈ।

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਸੰਸਕ੍ਰਿਤ ਤੋਂ ਕੁਝ ਅਰਧ - ਤਤਸਮ ਸ਼ਬਦ ਨਿਮਨ-ਲਿਖਤ ਹਨ :-

ਅਗਨੀ (ਸੰ. ਅਗਨਿ), ਅਬਿਨਾਸੀ (ਅਵਿਨਾਸ਼ਿਨ, ਅਵਿਨਾਸ਼ੀ), ਆਦੇਸ (ਆਦੇਸ਼), ਅਤੁਲੁ (ਅਤੁਲਯ), ਅੰਜੁਲੀ (ਅੰਜੁਲਿ), ਸਰੀਰ (ਸ਼ਰੀਰ), ਸਿਵ (ਸ਼ਿਵ), ਸੰਕਰੁ (ਸ਼ੰਕਰ), ਹਿਰਨ (ਹਿਰਣਯ), ਕਲਮਲ (ਕਲਿਮਲ), ਛਾਰੁ (ਕਸ਼ਾਰ), ਤੀਰਥ (ਤੀਰਥ), ਦਇਆਲੁ (ਦਯਾਲੁ), ਨਿਰਗੁਣ (ਨਿਰਗੁਣ), ਨਿਰਮਲ (ਨਿਰਮਲ), ਪਾਖੰਡ (ਪਾਸ਼ੰਡ), ਪ੍ਰਹਲਾਦ (ਪ੍ਰਹਿਲਾਦ),

ਮੂੜ (ਮੂਢ) ਆਦਿ।

ਸੰਸਕ੍ਰਿਤ ਤੋਂ ਤਦਭਵ ਸ਼ਬਦ:

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਤਦਭਵ ਸ਼ਬਦ, ਤਤਸਮ ਅਤੇ ਅਰਧ-ਤਤਸਮ ਸ਼ਬਦਾਂ ਨਾਲੋਂ ਵਧੇਰੇ ਉਪਲਬਧ ਹਨ ਅਤੇ ਇਹ ਗੱਲ ਸਮੁੱਚੀ ਗੁਰ-ਭਾਸ਼ਾ ਤੇ ਢੁਕਦੀ ਹੈ। ਇਨ੍ਹਾਂ ਵਿਚੋਂ ਜ਼ਿਆਦਾ ਸ਼ਬਦਾਂ ਦਾ ਮੂਲ ਸੰਸਕ੍ਰਿਤ ਹੈ, ਪਰ ਸੰਭਵ ਹੈ ਬਹੁਤੇ ਸ਼ਬਦ ਪ੍ਰਾਕ੍ਰਿਤ ਵਿਚ ਆਪਣੀ ਤਤਸਮਤਾ ਗੁਆ ਕੇ ਅਰਧ-ਤਤਸਮ ਜਾਂ ਤਦਭਵ ਰੂਪ ਵਿਚ ਅਪਭ੍ਰੰਸ਼ਾਂ ਵਿਚ ਆਏ ਹੋਣ। ਸਮੁੱਚੇ ਗੁਰੂ ਕਾਵਿ ਵਿਚ ਅਤੇ ਵਿਸ਼ੇਸ਼ ਰੂਪ ਵਿਚ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਇਹ ਬਦਲ ਚੁਕੇ ਤੇ ਬਦਲ ਰਹੇ ਸ਼ਬਦ-ਰੂਪ ਸਨ। ਇਨ੍ਹਾਂ ਵਿਚੋਂ ਅਨੇਕ ਸ਼ਬਦ ਤਾਂ ਗੁਰ ਭਾਸ਼ਾ ਦੇ ਪੂਰਵ-ਵਰਤੀ ਮੱਧ ਭਾਰਤੀ ਆਰੀਆ ਭਾਸ਼ਾ ਵਿਚ ਹੀ ਆਪਣੀ ਤਤਸਮਤਾ ਗੁਆ ਕੇ ਤਦਭਵ ਰੂਪ ਵਿਚ ਬਦਲ ਗਏ ਸਨ।[6]

ਗੁਰੂ ਰਾਮਦਾਸ ਜੀ ਨੇ ਭਾਵਾਂ ਦੇ ਪ੍ਰਵਾਹ ਅਧੀਨ ਸ਼ਬਦਾਂ ਦੇ ਅਨੇਕ ਰੂਪ ਘੜੇ ਹਨ— ਅਗਮ ਤੋਂ ਅਗੰਮੁ, ਅਚਿਤ ਤੋਂ ਅਚੇਤ, ਸਹਜ ਤੋਂ ਸਹਜੇ, ਸਦਾ ਤੋਂ ਸਦ, ਸਾਧੂ ਤੋਂ ਸਾਧੜੇ, ਸਬਲ ਤੋਂ ਸਬਲਾ, ਸਿਮ੍ਰਿਤਿ ਤੋਂ ਸਿਮਰਿਤ, ਕਮਲ ਤੋਂ ਕਉਲਾ, ਪਰਧਾਨ ਤੋਂ ਪਰਧਾਨਾ ਆਦਿ। ਹੋਰ ਅਜਿਹੇ ਸ਼ਬਦਾਂ ਦੀ ਵੰਨਗੀ ਇਸ ਪ੍ਰਕਾਰ ਹੈ:—

ਉਗਵਿ (ਉਦਮਨਿ), ਉਡੀਣੀ (ਉਦੀਰਣ), ਉਪਤਿ (ਉਤਪਤਿ), ਉਮਰਥਲ (ਮਰੁਸਥਲ), ਉਪਾਵ (ਉਪਾਯ), ਅਖਾੜਾ (ਅਕਸ਼ਵਾਟ), ਅਗਾਧੁ (ਅਗਾਧ), ਅਉਸਰਿ (ਅਵਸਰ), ਅਉਖਧ (ਔਸ਼ਧਿ), ਅਉਗੁਣ ([illegible]ਗੁਣ), ਅਨਹਦ (ਅਨਾਹਤ), ਅਮੋਲੋ (ਅਮੂਲਯ), ਅਲਖ (ਅਲਕਸ਼ਯ), ਅਲਾਉ (ਆਲਾਪ), ਇਸਤਰੀ (ਸਤ੍ਰੀ), ਸਾਸ (ਸਵਾਸ), ਸਫਲ (ਸੁਫਲ), ਸੋਹੰਦੀ (ਸ਼ੋਭਨ), ਸਿਖ (ਸਿਸ਼ਯ), ਸੋਖਣਾਰੇ (ਸ਼ੋਸ਼ਣਾਰ), ਸੁਜਾਣ (ਸੁਗਯਾਨ), ਸੁਜਾਣੀ (ਸੁਗਯਾਨੀ), ਸੁੰਨ (ਸ਼ੂਨਯ), ਹਉ (ਅਹਮ), ਕਉਲਾ (ਕਮਲ), ਕਾਗ (ਕਾਕ), ਕਾਤੀ (ਕਰਤ੍ਰੀ), ਕਪਟੁ, ਕਾਪਟੁ ਜਾਂ ਕਾਪਰੁ (ਕਰਪਟ), ਕਾਲਾ (ਕਾਸ਼੍ਯ), ਕੁਟੰਬੁ (ਕੁਟੰਬਮਣਿ), ਖੀਰ (ਕਸ਼ੀਰ), ਗੁਸਾਈ (ਗੋਸ੍ਵਾਮਿਨ), ਰੋਜ (ਤੇਜ), ਚੰਮੁ (ਚਰਮਨ), ਚਮਾਰੁ ਜਾਂ ਚਮਿਆਰੁ (ਚਰਮਕਾਰ), ਧਣੀ (ਧਨਿਕਾ), ਧਨਿਕ[illegible] (ਧਣੀ), ਢੋਆ (ਢੌਕ), ਪਾਧਾ (ਉਪਾਧਯਾਯ), ਬਨਵਾਰੀ, ਬਨਵਾਲੀ ਜਾਂ ਬਨਮਾਲ (ਵਨਮਾਲਿਨ), ਭਗਤ (ਭਕ੍ਤਿ), ਮਾਤੁ ਜਾਂ ਮਾਤਾ (ਮਾਤਰ), ਵਿਸਾਹੁ (ਵਿਸ਼੍ਵਾਸ) ਆਦਿ।

ਪਾਲੀ ਅਤੇ ਪ੍ਰਾਕ੍ਰਿਤ ਦੇ ਸ਼ਬਦ:

ਪਾਲੀ (ਮਾਗਧੀ) ਅਰਧ-ਮਾਗਧੀ, ਮਹਾਰਾਸ਼ਟਰੀ ਅਤੇ ਸ਼ੌਰਸੈਨੀ ਦੇ ਕਈ ਸ਼ਬਦ ਗੁਰੂ

---

6. ਉਜਾਗਰ ਸਿੰਘ ਸਿਧੂ (ਡਾ:) ਗੁਰੂ ਨਾਨਕ ਦੇਵ ਜੀ ਦੀ ਭਾਸ਼ਾ, ਪੀ.ਐਚ.ਡੀ.ਥੀਸਿਸ, ਚੰਡੀਗੜ੍ਹ, ਪੰ. ਯੂ., ਪੰ. 24.

ਰਾਮਦਾਸ ਜੀ ਦੇ ਕਾਵਿ ਵਿਚ ਮਿਲਦੇ ਹਨ। ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦਾ ਸੰਬੰਧ ਸ਼ੌਰਸੈਨੀ ਪ੍ਰਾਕ੍ਰਿਤ ਨਾਲ ਸਥਾਪਤ ਕਰਨ ਦਾ ਯਤਨ ਕੀਤਾ ਹੈ। ਅਸੀਂ ਆਪਣੇ ਵਿਸ਼ੇ ਦੀ ਸੀਮਾ ਨੂੰ ਪਹਿਚਾਣਦੇ ਹੋਏ ਉਹ ਸ਼ਬਦ ਜੋ ਰਲਵੇਂ ਰੂਪ ਵਿਚ ਪ੍ਰਾਕ੍ਰਿਤਾਂ ਵਿਚ ਮਿਲਦੇ ਹਨ ਉਸ ਉਤੇ ਹੀ ਵਿਵੇਚਨ ਕਰ ਰਹੇ ਹਾਂ।

ਪਾਲੀ ਉੱਤਰ ਭਾਰਤ ਦੀ ਪ੍ਰਾਚੀਨ ਪ੍ਰਾਕ੍ਰਿਤ ਹੈ ਅਤੇ ਇਹ ਬੁਧ-ਵਚਨ ਦਾ ਪ੍ਰਯਾਇ ਬਣ ਗਈ ਹੈ। ਇਸ ਭਾਸ਼ਾ ਵਿਚ ਬੁਧ-ਮਤ ਦਾ ਪ੍ਰਚਾਰ ਤੇ ਵਿਸਤਾਰ ਹੋਇਆ ਹੈ।[7] ਇਸ ਤਰ੍ਹਾਂ ਉੱਤਰ-ਮਾਗਧੀ ਵਿਚ ਜੈਨ-ਮਤ ਦਾ ਪ੍ਰਚਾਰ ਹੋਇਆ। ਬਹੁਤ ਸਾਰੇ ਸ਼ਬਦ ਇਹਨਾਂ ਪ੍ਰਾਕ੍ਰਿਤਾਂ ਰਾਹੀਂ ਅਪਭ੍ਰੰਸ਼ਾਂ ਵਿਚ ਆਏ ਹੋਣਗੇ ਐਸਾ ਕਿਆਸ ਕੀਤਾ ਜਾ ਸਕਦਾ ਹੈ। ਗੁਰੂ ਰਾਮਦਾਸ-ਕਾਵਿ ਵਿਚ ਵੀ ਨਵੇਂ ਅਰਥਾਂ ਸਹਿਤ ਹੇਠ ਲਿਖੇ ਸ਼ਬਦ ਪਾਲੀ ਪ੍ਰਾਕ੍ਰਿਤ ਤੋਂ ਆਏ ਮਿਲਦੇ ਹਨ ਜਿਵੇਂ:- ਉਨਮਨਿ, ਆਦੇਸ, ਅਨਾਹਤ, ਅਲਖ, ਸਮਾਧਿ, ਤਪ, ਸਹਜ, ਸਿਧ, ਸਾਧੂ, ਸੁੰਨ, ਖਿੰਥਾ, ਬਿਭੂਤ ਆਦਿ। ਇਹ ਸ਼ਬਦ ਨਾਥ, ਜੋਗੀਆਂ ਦੀ ਸ਼ਬਦਾਵਲੀ ਦੇ ਰਾਹੀਂ ਗੁਰੂ ਅਤੇ ਸੰਤ ਕਵੀਆਂ ਦੀ ਭਾਸ਼ਾ ਵਿਚ ਆ ਚੁਕੇ ਸਨ। ਸੰਭਵ ਹੈ ਇਹ ਸ਼ਬਦ ਅਪਭ੍ਰੰਸ਼ਾਂ ਵਿਚ ਮੌਜੂਦ ਹੋਣ। ਅਸੀਂ ਸੰਖੇਪ ਵਿਚ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਪ੍ਰਾਕ੍ਰਿਤਾਂ ਦੇ ਪ੍ਰਯੋਗ ਕੀਤੇ ਸ਼ਬਦ ਦੇ ਰਹੇ ਹਾਂ। ਇਸ ਵਿਚ ਸ਼ਬਦਾਂ ਦੇ ਦੋ ਰੂਪ ਧਿਆਨ ਦੀ ਮੰਗ ਕਰਦੇ ਹਨ। ਇਕ ਤਾਂ ਉਹ ਸ਼ਬਦ ਹਨ ਜੋ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਪ੍ਰਾਕ੍ਰਿਤਾਂ ਤੋਂ ਉਸੇ ਰੂਪ ਵਿਚ ਸੁਰਖਿਅਤ ਮਿਲਦੇ ਹਨ। ਦੂਜੇ ਉਹ ਸ਼ਬਦ ਹਨ ਜੋ ਭਾਸ਼ਾ ਦੇ ਵਿਕਾਸ ਰਾਹੀਂ ਆਪਣਾ ਥੋੜ੍ਹਾ ਜਿਹਾ ਰੂਪ ਬਦਲ ਗਏ ਹਨ। ਤੀਜੇ ਸ਼ਬਦ ਰੂਪਾਂ ਦੀ ਸ਼੍ਰੇਣੀ ਤਦਭਵ ਸ਼ਬਦਾਂ ਦੀ ਹੈ ਜੋ ਅਸੀਂ ਪਹਿਲਾਂ ਹੀ ਸੰਸਕ੍ਰਿਤ ਤੋਂ ਤਦਭਵ ਸ਼ਬਦ ਰੂਪਾਂ ਦੀ ਗਿਣਤੀ ਵਿਚ ਦੇ ਚੁਕੇ ਹਾਂ।

<u>ਪ੍ਰਾਕ੍ਰਿਤਾਂ ਤੋਂ ਥੋੜ੍ਹੇ ਬਦਲੇ ਸ਼ਬਦ - ਰੂਪ:</u>

ਅਪੁਛਿਆ, ਅਬਿਨਾਸੀ, ਸਕਤਿ, ਸਤੁ, ਸਾਖੀ, ਸਾਗਰੁ, ਸਾਦਿ, ਸੁਖ, ਸੁਵਿਨਾ, ਸੇਜੈ, ਗਰਭ, ਗਾਹਕ, ਜਿਹਵਾ, ਜੁਗ, ਤੀਰਥ, ਦਾਨ, ਦੁਤੀਆ, ਦੁਤਰੁ, ਪਰਹਰਿ, ਪਰਕਾਰ, ਪਰਤੀਤਿ, ਪਾਖੰਡ, ਪਾਤਾਲੁ, ਪ੍ਰਹਲਾਦ, ਬਾਹਰਿ, ਬਿਸਨੁ, ਬ੍ਰਹਮ, ਭੂਤ, ਭਵਣ ਅਤੇ ਮੂੜ ਆਦਿ।

<u>ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ:</u>

ਮੁਸਲਮਾਨਾਂ ਦੇ ਪੰਜਾਬ ਤੇ ਕੀਤੇ ਹਮਲਿਆਂ ਅਤੇ ਫਿਰ ਉਹਨਾਂ ਦੇ ਇਸ ਖੇਤਰ ਵਿਚ ਵਸ ਜਾਣ ਨਾਲ ਵਿਦੇਸ਼ੀਆਂ ਨਾਲ ਆਈਆਂ ਤਿੰਨ ਭਾਸ਼ਾਵਾਂ ਦਾ ਰਿਸ਼ਤਾ ਪੰਜਾਬ ਦੀ ਧਰਤੀ ਨਾਲ ਜੁੜਣਾ

---

7. <u>ਪਾਲੀ ਹਿੰਦੀ ਕੋਸ਼</u>, ਪ੍ਰਸਤਾਵਨਾ ਸੰਪਾ: ਭਦੰਤ ਆਨੰਦ ਕੋਸਾਲਯਨ (ਦਿੱਲੀ, 1975).

ਆਰੰਭ ਹੋਇਆ। ਇਹ ਸਨ-ਅਰਬੀ, ਤੁਰਕੀ ਅਤੇ ਫ਼ਾਰਸੀ। ਅਰਬੀ ਕੁਰਾਨ ਦੀ ਭਾਸ਼ਾ ਹੋਣ ਕਰਕੇ ਮੁਸਲਮਾਨਾਂ ਦੀ ਧਰਮ-ਭਾਸ਼ਾ ਸੀ। ਤੁਰਕ ਆਪਣੇ ਨਾਲ ਆਪਣੀ ਮਾਂ ਬੋਲੀ 'ਤੁਰਕੀ' ਲਿਆਏ ਸਨ, ਪਰ ਜਿਹੜੀ ਬਿਦੇਸ਼ੀ ਭਾਸ਼ਾ ਇਸ ਦੇਸ਼ ਦੀ ਸਭਿਆਚਾਰਕ ਵਿਰਸੇ ਵਿਚ ਸ਼ਾਮਲ ਹੋ ਸਕੀ ਉਹ ਫ਼ਾਰਸੀ ਸੀ। ਸੋ ਮੁਸਲਮਾਨ ਸ਼ਾਸਕਾਂ ਨਾਲ ਜਿਹੜੇ ਲੋਕ ਆ ਕੇ ਵਸਦੇ ਗਏ, ਉਹ ਆਪਣੀ ਭਾਸ਼ਾ ਦੀ ਰੰਗਣ ਵੀ ਪੰਜਾਬੀ ਨੂੰ ਦਿੰਦੇ ਗਏ।

ਪੰਜਾਬ ਦੇ ਸੂਫ਼ੀ ਫ਼ਕੀਰ ਅਤੇ ਸੰਤ ਦੂਰ ਦੂਰ ਦੇ ਇਲਾਕਿਆਂ ਤਕ ਆਉਂਦੇ ਜਾਂਦੇ ਸਨ। ਇਸੇ ਤਰ੍ਹਾਂ ਪੰਜਾਬੀ ਵਪਾਰੀ ਵੀ ਕੰਧਾਰ, ਕਾਬੁਲ ਅਤੇ ਦਿਲੀ ਤਕ ਘੋੜਿਆਂ, ਕਾਲੀਨਾਂ ਅਤੇ ਸੁੱਕੇ ਮੇਵਿਆਂ ਦਾ ਵਪਾਰ ਕਰਦੇ ਸਨ।[8] ਇਹਨਾਂ ਦੇ ਨਾਲ ਨਾਲ ਬੋਲੀਆਂ ਵੀ ਸਫ਼ਰ ਕਰਦੀਆਂ ਸਨ। ਵੇਖਿਆ ਜਾਵੇ ਤਾਂ ਗੁਰੂ ਰਾਮਦਾਸ ਜੀ ਦੇ ਸਮੇਂ ਫ਼ਾਰਸੀ ਭਾਵੇਂ ਪੰਜਾਬ ਦੀ ਰਾਜ-ਭਾਸ਼ਾ ਬਣੀ। ਅਕਬਰ ਦੇ ਰਾਜ ਵਿਚ ਰਾਜਾ ਟੋਡਰ ਮਲ ਦੀ ਨਿਗਰਾਨੀ ਹੇਠ ਮਹਿਕਮਾ ਮਾਲ ਦਾ ਸਾਰਾ ਕੰਮ ਫ਼ਾਰਸੀ ਵਿਚ ਹੋਣਾ ਸ਼ੁਰੂ ਹੋਇਆ, ਜਿਸ ਨਾਲ ਫ਼ਾਰਸੀ ਜਨ-ਸਾਧਾਰਨ ਵਿਚ ਫੈਲੀ।[9]

ਗੁਰੂ ਰਾਮਦਾਸ ਜੀ ਨੇ ਗੁਰੂ ਕਵੀਆਂ ਅਤੇ ਭਗਤ ਕਵੀਆਂ ਵਾਂਗ ਫ਼ਾਰਸੀ ਦੇ ਸ਼ਬਦ ਮੁਸਲਮਾਨ ਸੂਫ਼ੀ ਕਵੀਆਂ ਦੀ ਪਰੰਪਰਾ ਤੋਂ ਲਏ ਜਾਪਦੇ ਹਨ ਨਾ ਕਿ ਕਿਸੇ ਰਾਜਸੀ ਪ੍ਰਭਾਵ ਕਰਕੇ। ਬਾਕੀ ਮਧਕਾਲੀਨ ਕਵੀਆਂ ਦੀ ਕਵਿਤਾ ਵਿਚ ਵੀ ਇਹ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਸ ਪ੍ਰਭਾਵ ਸਦਕਾ ਹੀ ਕਿਤੇ ਰੈਦਾਸ ਦਾ ਬ੍ਰਹਮ 'ਰਹੀਮ' ਕਿਤੇ ਮੀਰਾਂ ਦਾ ਕ੍ਰਿਸ਼ਨ 'ਬਖ਼ਸ਼ਣਹਾਰ' (ਬਖ਼ਸ਼ਣ-ਹਾਰ) ਅਤੇ ਕਿਤੇ ਤੁਲਸੀ ਦਾਸ ਦਾ ਰਾਮ 'ਗਰੀਬ ਨਿਵਾਜ' ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਆਪਣੇ ਜੀਵਨ ਕਾਲ ਵਿਚ ਬਹੁਤਾ ਸਮਾਂ ਪੰਜਾਬ ਦੇ ਕੇਂਦਰੀ ਇਲਾਕੇ ਵਿਚ ਰਹੇ ਜਾਪਦੇ ਹਨ। ਉਨ੍ਹਾਂ ਦੀ ਭਾਸ਼ਾ ਆਪਣੇ ਸਮੇਂ ਦੀ ਪੰਜਾਬੀ ਹੈ, ਜਿਸ ਉਤੇ ਬ੍ਰਿਜ ਭਾਸ਼ਾ ਦੀ ਪੁਠ ਚੜ੍ਹੀ ਹੋਈ ਹੈ। ਅਰਬੀ, ਫ਼ਾਰਸੀ ਦਾ ਪੇਤਲਾ ਪ੍ਰਭਾਵ ਹੀ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਅਰਬੀ, ਫ਼ਾਰਸੀ ਦੇ ਉਹ ਸ਼ਬਦ ਹੀ ਪ੍ਰਯੋਗ ਵਿਚ ਲਿਆਂਦੇ ਜੋ ਪੰਜਾਬੀ ਵਿਚ ਰਚ-ਮਿਚ ਚੁਕੇ ਸਨ। ਗੁਰੂ ਰਾਮਦਾਸ ਜੀ ਨੇ ਇਹ ਸ਼ਬਦ ਮੁਤੇ-ਸਿਧ ਲੋੜ ਅਨੁਸਾਰ ਅਪਨਾਏ। ਕਾਵਿ ਦੇ ਵਿਸ਼ੇ, ਰਾਗ, ਲੰਅ ਅਤੇ ਛੰਦ ਅਨੁਸਾਰ ਉਹਨਾਂ ਦੇ ਰੂਪ ਵਿਚ ਤਬਦੀਲੀ ਕਰਕੇ ਆਪਣੇ ਵਿਅਕਤਿਤਵ ਦੀ ਛਾਪ ਵੀ ਲਗਾਈ। ਅਰਬੀ, ਫ਼ਾਰਸੀ ਸ਼ਬਦਾਵਲੀ ਦੇ ਪ੍ਰਭਾਵ ਅਧੀਨ ਆਪਣੇ ਨਵੇਂ ਕਾਵਿ ਅਰਥਾਂ ਵਿਚ ਪ੍ਰਗਟ ਹੋਏ ਸ਼ਬਦ-ਰੂਪਾਂ ਦੀ ਇਕ ਉਦਾਹਰਣ ਪ੍ਰਸਤੁਤ ਹੈ:-

ਸਭਿ ਆਇ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ॥
ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ॥੧॥ (ਰਾਗ ਤਿਲੰਗ, ਆਦਿ ਗ੍ਰੰਥ, ਪੰ.723)

---

8. ਵੇਖੋ, ਸੀਤਾ ਰਾਮ ਬਾਹਰੀ (ਡਾ:) 'ਅਰਬੀ-ਫ਼ਾਰਸੀ ਆਦਿ ਦਾ ਪ੍ਰਭਾਵ', ਪੰਜਾਬੀ ਦੁਨੀਆਂ ਉਪ ਭਾਸ਼ਾ ਅੰਕ, ਪੰ. 54.

9. Suniti Kumar Chatterji, Indo Aryan And Hindi (Ahmadabad, 1942), p.128

ਗੁਰੂ ਰਾਮਦਾਸ ਕਾਵਿ ਵਿਚਆਏ ਤੁਰਕੀ, ਅਰਬੀ, ਫ਼ਾਰਸੀ ਅਤੇ ਪਸ਼ਤੋ ਦੇ ਕੁਝ ਸ਼ਬਦ ਅਸੀਂ ਨਿਮਨਲਿਖਤ ਦੇ ਰਹੇ ਹਾਂ।

ਤੁਰਕੀ ਸ਼ਬਦਾਵਲੀ:

ਸੰਭਵ ਹੈ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਉਪਲਬਧ ਇਹ ਸ਼ਬਦ ਫ਼ਾਰਸੀ ਦੇ ਪ੍ਰਭਾਵ ਰਾਹੀਂ ਉਸ ਵੇਲੇ ਦੀ ਪੰਜਾਬੀ ਬੋਲੀ ਵਿਚ ਰਚ-ਮਿਚ ਚੁਕੇ ਹੋਣ। ਇਹ ਸ਼ਬਦ ਉਨ੍ਹਾਂ ਦੀ ਕਵਿਤਾ ਵਿਚ ਤਦਭਵ ਰੂਪ ਵਿਚ ਹੀ ਉਪਲਬਧ ਹਨ।

| ਤੁਰਕੀ: | ਗੁ. ਰ. ਦਾ. |
|---|---|
| ਕਲੀਰਾ | ਕੁਲੀਰਿਆ |
| ਸੌਦਾ | ਸਉਦਾ |

ਅਰਬੀ ਸ਼ਬਦਾਵਲੀ:

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਅਰਬੀ ਦੇ ਸ਼ਬਦ ਨਿਮਨਲਿਖਤ ਰੂਪ ਵਿਚ ਮਿਲਦੇ ਹਨ: ਸਾਕਤ (ਸਾਕਤ), ਸਾਖ (ਸ਼ਾਖ਼), ਸਾਹਿਬੁ (ਸਾਹਿਬ) ਸਾਬਤੁ (ਸਾਬਤ), ਸਰਾਫੁ (ਸਰਾਫ਼), ਹੁਕਮੁ (ਹੁਕਮ), ਹਜੂਰਿ (ਹਜ਼ੂਰ), ਹੈਰਾਨ (ਹੈਰਾਨ), ਕਾਗਦ (ਕਾਗ਼ਜ਼), ਖੁਸੀ (ਖ਼ੁਸ਼ੀ), ਖਸਮ (ਖ਼ਸਮ), ਗਰੀਬ (ਗ਼ਰੀਬ), ਗੋਲਾ (ਗ਼ੁਲਾਮ), ਜੋਦਕੀ (ਜੁਹਦ), ਨਦਰੁ (ਨਜ਼ਰ), ਰਿਜਕੁ(ਰਿਜ਼ਕ),।

ਫ਼ਾਰਸੀ ਸ਼ਬਦਾਵਲੀ:

ਗੁਰੂ ਰਾਮਦਾਸ ਕਾਵਿ ਵਿਚਆਏ ਵਧੇਰੇ ਬਦੇਸ਼ੀ ਸ਼ਬਦ ਫ਼ਾਰਸੀ ਰਾਹੀਂ ਹੀ ਆਏ ਪ੍ਰਤੀਤ ਹੁੰਦੇ ਹਨ। ਅਸੀਂ ਪਹਿਲਾਂ ਵੇਖ ਆਏ ਹਾਂ ਕਿ ਗੁਰੂ ਰਾਮਦਾਸ ਜੀ ਦੇ ਸ਼ਬਦ ਭੰਡਾਰ ਦੇ ਸ੍ਰੋਤ ਦਾ ਵੱਡਾ ਹਿਸਾ ਪ੍ਰਾਚੀਨਆਰੀਆ ਭਾਸ਼ਾ ਦਾ ਹੀ ਹੈ। ਬਦੇਸ਼ੀ ਸ਼ਬਦਾਂ ਵਿਚੋਂ ਫ਼ਾਰਸੀ ਦੇ ਸ਼ਬਦ ਅਧਿਕ ਮਾਤਰਾ ਮਿਲਦੇ ਹਨ। ਕੁਝ ਚੋਣਵੇਂ ਸ਼ਬਦ ਨਿਮਨਲਿਖਤ ਦੇ ਰਹੇ ਹਾਂ:

ਸੰਗ (ਸੰਗ), ਸੋਗ (ਸੋਗ), ਸਾਹ (ਸ਼ਾਹ), ਸਾਖਤਿ (ਸਾਖ਼ਤ), ਸੂਦੁ (ਸੂਦ), ਆਸਕੀ (ਆਸ਼ਕੀ), ਸਿਕਦਾਰ (ਸਿਕੰਹਦਾਰ), ਸਾਖ (ਸ਼ਾਖ਼), ਸੁਆਦਗੀਰ (ਸਾਦਗੀਰ), ਸੋਰ (ਸ਼ੋਰ), ਸਰੀਕੁ (ਸਰੀਕ), ਸਕੇ (ਸਕਾ), ਸਕਤ ਜਾਂ ਸਾਖਤ (ਸਖ਼ਤ), ਸੁਪੇਦ (ਸੁਫ਼ੈਦ), ਸਾਬਾਸਿ (ਸ਼ਾਬਾਸ਼), ਖਰਚ (ਖ਼ਰਿ), ਗਲਤਾਨ (ਗ਼ਲਤਾਨ), ਗੁਲਾਮ (ਗ਼ੁਲਾਮ), ਚਾਕਰੀ (ਚਾਕਰੀ), ਚੁਗਲ (ਚੁਗ਼ਲ), ਚਾਬੁਕੁ (ਚਾਬੁਕ), ਜਉਲਾ (ਜਉਲਾਂ ਜਾਂ ਜੋਲਾਂ), ਜੀਨੁ (ਜ਼ੀਨ), ਤੁਖਾਈਆ (ਤੁਖ਼ਾਰੀ), ਦਰਗਹ (ਦਰਗਾਹ), ਦੁਸਮਨ (ਦੁਸ਼ਮਨ), ਦਿਵਾਨਾ (ਦੀਵਾਨਾ), ਨੀਸਾਣੁ (ਨਿਸ਼ਾਨ) ਪੋਤੁ (ਪੋਤਹ), ਪਾਤਿਸਾਹ (ਪਾਦਸ਼ਾਹ), ਫੁਰਮਾਣੁ (ਫ਼ੁਰਮਾਨ), ਬਾਜੀ (ਬਾਜ਼ੀ), ਮਾਸਾ (ਮਾਸ਼ਾ), ਮਨਸਾ (ਮਨਸ਼ਾ) ਆਦਿ।

**ਪਸ਼ਤੋ ਦੀ ਸ਼ਬਦਾਵਲੀ:**

ਫ਼ਾਰਸੀ ਜਾਂ ਪਠਾਨੀ ਫ਼ਾਰਸੀ ਰਾਹੀਂ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪਸ਼ਤੋ ਦੇ ਅਲਪ ਮਾਤਰ ਸ਼ਬਦ ਵੀ ਪ੍ਰਯੋਗ ਹੋਏ ਮਿਲਦੇ ਹਨ। ਇਹ ਵੀ ਸੰਭਵ ਹੈ ਕਿ ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਇਹ ਸ਼ਬਦ ਪੱਛਮੀ ਪੰਜਾਬੀ ਦੀ ਵਰਤੋਂ ਨਾਲ ਆਏ ਹੋਣ। ਉਦਾਹਰਣ ਲਈ ਇਥੇ ਅਸੀਂ ਸ਼ਬਦ 'ਪੜਦਾ' (ਫ਼ਾ. ਪਰਦਾ) ਵੇਖ ਸਕਦੇ ਹਾਂ।

**ਦੇਸੀ ਭਾਸ਼ਾਵਾਂ ਤੋਂ ਸ਼ਬਦ:**

ਬਦੇਸ਼ੀ ਭਾਸ਼ਾਵਾਂ ਤੋਂ ਇਲਾਵਾ ਦੇਸੀ ਭਾਸ਼ਾਵਾਂ ਵਿਚੋਂ ਬ੍ਰਜ ਭਾਸ਼ਾ ਦਾ ਅਸਰ ਗੁਰੂ ਰਾਮਦਾਸ ਜੀ ਦੀ ਭਾਸ਼ਾ ਤੇ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਵਿਦਵਾਨਾਂ ਦੇ ਮਤ ਅਨੁਸਾਰ ਪੰਜਾਬੀ ਦਾ ਉਦਗਮ ਸ਼ੌਰਸੈਣੀ ਅਪਭ੍ਰੰਸ਼ ਵਿਚੋਂ ਹੋਇਆ, ਮੰਨਿਆ ਜਾਂਦਾ ਹੈ। ਜੋ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਗੁਰੂ ਰਾਮਦਾਸ ਜੀ ਦੀ ਭਾਸ਼ਾ ਤੇ ਸ਼ੌਰਸੈਣੀ ਅਪਭ੍ਰੰਸ਼ ਦੇ ਪਰਿਵਾਰ ਦੀ ਬੋਲੀ ਬ੍ਰਜ ਭਾਸ਼ਾ ਦਾ ਅਸਰ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਪਰਵਰਤੀ ਗੁਰੂ ਕਵੀਆਂ ਨਾਲੋਂ ਇਹ ਸ਼ਬਦ ਅਧਿਕ ਮਾਤਰਾ ਵਿਚ ਮਿਲਦੇ ਹਨ। ਡਾ. ਸੀਤਾ ਰਾਮ ਬਾਹਰੀ[10] ਦਾ ਇਹ ਕਥਨ ਕਿ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਦੀ ਬੋਲੀ ਨੂੰ ਬ੍ਰਜ ਭਾਸ਼ਾ ਵਲ ਮੋੜਿਆ, ਇਕ ਨਿਸਚਤ ਸੀਮਾ ਤਕ ਸਹੀ ਜਾਪਦੇ ਹਨ। ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਵਿਚ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ ਉਨ੍ਹਾਂ ਦੀ ਬੋਲੀ ਨੂੰ ਬਦੇਸ਼ੀ ਨਹੀਂ ਬਣਾ ਦਿੰਦੀ। ਅਸਲ ਵਿਚ ਗੁਰੂ ਰਾਮਦਾਸ ਜੀ ਦੇ ਸਮੇਂ ਬ੍ਰਜ ਭਾਸ਼ਾ ਵਿਚ ਜੋ ਉਸ ਸਮੇਂ ਸਾਹਿਤਕ ਭਾਸ਼ਾ ਸੀ, ਵਿਚ ਬਹੁਤ ਸਾਰਾ ਕਾਵਿ ਐਸਾ ਰਚਿਆ ਜਾ ਰਿਹਾ ਸੀ, ਜੋ ਅਧਿਆਤਮਕ ਪ੍ਰੇਮ ਦੇ ਨਾਂ ਤੇ ਨਿਰਾ ਵਾਸ਼ਨਾ ਨੂੰ ਉਭਾਰਦਾ ਸੀ। ਸੋ ਕੁਦਰਤੀ ਹੈ ਕਿ ਅਜੇਹੇ ਵਿਚਾਰਾਂ ਦੇ ਖੰਡਨ ਲਈ ਉਸੇ ਭਾਸ਼ਾ ਦੀ ਸ਼ਬਦਾਵਲੀ ਦੀ ਸੁਯੋਗ ਵਰਤੋਂ ਕੀਤੀ ਜਾਂਦੀ।[11]

---

10. ਅਰਬੀ ਫ਼ਾਰਸੀ ਆਦਿ ਦਾ ਪ੍ਰਭਾਵ, ਪੰਜਾਬੀ ਦੁਨੀਆਂ-ਉਪਭਾਸ਼ਾ ਅੰਕ', ਪੰ. 63.

11. (ੳ) ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ॥
ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸੁ ਮਨਿ ਬਹੁਤੁ ਕਰਈਆ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 835)

(ਅ) ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 36)

(ੲ) ਹਮੁ ਅਕਲ ਬਿਕਲ ਭਈ ਗੁਰਦੇਖੇ ਹਮੁ ਲੋਟ ਪੋਟ ਹੋਇ ਪਈਆ॥੧॥ ਰਹਾਉ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 836)

(ਸ) ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 836)

(ਹ) ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰ ਫੋਕਟ ਫੋਕਟਈਆ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 836)

(ਕ) ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ।

ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਬ੍ਰਜ ਭਾਸ਼ਾ ਦਾ ਅਸਰ ਉਨ੍ਹਾਂ ਦੇ ਨਿਮਨਲਿਖਤ ਸ਼ਬਦ ਰੂਪਾਂ ਦੀ ਵਰਤੋਂ ਵਿਚ ਵੇਖਿਆ ਜਾ ਸਕਦਾ ਹੈ:-

ਉਗਵਿ (ਉ, ਉਗਵੈ), ਉਚਰੈ (ਉਚਰੈ), ਅਵਘਟ (ਅਵਘਟ), ਕੰਗਨਾ (ਕੰਗਨ), ਕਛੂਅ (ਕਛੂਅ), ਕਪਾਟ (ਕਪਾਟ), ਕਪਤ (ਕਪਤ), ਕ੍ਰਿਸਨ (ਕ੍ਰਿਸਨ), ਕੇਰੋ (ਕੇਰੋ), ਗੁਸਾਈ (ਗੁਸਾਈ), ਚੇਰੀ (ਚੇਰੀ), ਛੋਹਰਾ (ਛੋਹਰਾ), ਤੁਮਰੇ (ਤੁਮਰੇ), ਨਿਕਸੀ (ਨਿਕਸਿ), ਨਿਰਖਤ (ਨਿਰਖਤ), ਨਊਰ (ਨਊਰ), ਪਕਰਿ (ਪਕਰਿ), ਪਨਿਹਾਰੀ (ਪਨਿਹਾਰੀ), ਬਛੁਰਾ (ਬਛੜਾ, ਬਛਰਾ), ਬਨਮਾਲਾ (ਬਨਮਾਲਾ), ਬਨਵਾਰੀ (ਬਨਵਾਰੀ), ਬਾਨੂ (ਬਾਨੂ), ਭੁਇਅੰਗਾ (ਭੁਅੰਗ, ਭੁਅੰਗਮ), ਮੰਝਾਰਿ (ਮੰਝਾਰ), ਮਧੁਸੂਦਨ (ਮਧੁਸੂਦਨ), ਮੁਰਾਰਿ (ਮੁਰਾਰਿ), ਰਸਨਾ (ਰਸਨਾ), ਸੁਰਸੁਤੀ (ਸੁਰਸਤਿ, ਸੁਰਸਤੀ) ਆਦਿ।

<u>ਪੰਜਾਬੀ ਉਪ-ਭਾਸ਼ਾਵਾਂ :</u>

ਓਬਰਾਇਨ, ਟਰੰਪ, ਗ੍ਰੀਅਰਸਨ, ਸਿਧੇਸ਼ਵਰ ਵਰਮਾ, ਮਹੀਉਦੀਨ ਕਾਦਰੀ, ਸੁਨੀਤੀ ਕੁਮਾਰ ਚੈਟਰਜੀ ਆਦਿ ਵਿਦਵਾਨ, ਮੁਲਤਾਨੀ ਨੂੰ ਪੱਛਮੀ ਪੰਜਾਬੀ ਜਾਂ ਲਹਿੰਦੀ ਦਾ ਅੰਗ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਲਹਿੰਦੀ ਬੋਲੀ ਪੰਜਾਬੀ ਤੋਂ ਭਿੰਨ ਹੈ। ਪਰ ਜੇ ਵੇਖਿਆ ਜਾਵੇ ਤਾਂ ਭਾਸ਼ਾ ਵਿਗਿਆਨਕ ਤੌਰ ਤੇ ਮੁਲਤਾਨੀ ਪੰਜਾਬੀ ਦੀ ਉਪ ਬੋਲੀ ਹੈ ਕਿਉਂਕਿ ਇਸ ਦੀ ਪ੍ਰਕ੍ਰਿਤੀ, ਇਸ ਦਾ ਵਿਆਕਰਣ, ਇਸਦੀ ਵਾਕ-ਯੋਜਨਾ, ਇਸਦੀ ਬਣਤਰ ਅਤੇ ਇਸ ਦਾ ਸ਼ਬਦ-ਭੰਡਾਰ, ਪੰਜਾਬੀ ਦੇ ਸਮਾਨ ਹੈ। ਅਸਲ ਵਿਚ ਸਭ ਤੋਂ ਪਹਿਲਾਂ ਮੁਲਤਾਨੀ ਹੀ ਪੰਜਾਬੀ ਦੀ ਸਾਹਿਤਕ ਭਾਸ਼ਾ ਬਣੀ ਕਿਉਂਕਿ ਗੁਰੂ ਕਾਵਿ ਤੋਂ ਪਹਿਲੇ ਵੀ ਨਾਥ ਯੋਗੀਆਂ ਅਤੇ ਸੂਫ਼ੀ ਕਵੀਆਂ ਨੇ ਇਸੇ ਬੋਲੀ ਵਿਚ ਹੀ ਆਪਣੇ ਵਿਚਾਰਾਂ ਦਾ ਪ੍ਰਸਾਰ ਕੀਤਾ। ਮੁਲਤਾਨ ਸੂਫ਼ੀਆਂ ਦੇ ਪਰਚਾਰ ਦਾ ਕੇਂਦਰ ਅਤੇ ਨਾਥ ਯੋਗੀਆਂ ਦਾ ਟਿੱਲਾ ਬਣਿਆ। ਬਾਬਾ ਫ਼ਰੀਦ, ਗੁਰੂ ਨਾਨਕ ਦੇਵ ਜੀ ਨੇ ਵੀ ਇਸੇ ਭਾਸ਼ਾ ਦੇ ਰੰਗ ਨੂੰ ਆਪਣੇ ਕਾਵਿ ਵਿਚ ਅਪਣਾਇਆ। ਗੁਰੂ ਰਾਮਦਾਸ ਜੀ ਉਤੇ ਵੀ ਬਾਬਾ ਫ਼ਰੀਦ ਦੀ ਮੁਲਤਾਨੀ ਸ਼ਬਦਾਵਲੀ ਦਾ ਅਸਰ ਪ੍ਰਤਖ ਦੇਖਣ ਨੂੰ ਮਿਲਦਾ ਹੈ, ਜਿਵੇਂ:-

ਪੂਰਬ ਲਿਖੇ ਡੇਹੁ ਸਿ ਆਏ ਮਾਇਆ॥
ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ॥2॥ (ਰਾਗ ਗੂਜਰੀ, ਆਦਿ ਗ੍ਰੰਥ, ਪੰ. 369)

ਕੁਛ ਹੋਰ ਮੁਲਤਾਨੀ ਸ਼ਬਦ ਰੂਪ, ਜਿਵੇਂ ਖੀਰ (ਖੀਰ-ਦੁੱਧ), ਧਰ (ਧਿਰ), ਡਿਠਾ(ਡਿਠਾ), ਮੂੰ, ਮੈਡਾ ਆਦਿ ਦੀ ਵਰਤੋਂ ਹੋਈ ਮਿਲਦੀ ਹੈ। ਲਹਿੰਦੀ ਦੇ ਸ਼ਬਦ ਦੇ ਅੰਤ ਵਿਚ 'ੜ' ਦੀ ਵਰਤੋਂ ਹੁੰਦੀ ਹੈ ਅਤੇ ਗੁਰੂ ਰਾਮਦਾਸ ਜੀ ਨੇ ਵੀ ਬੋਲੀ ਵਿਚ ਮਿਠਾਸ ਪੈਦਾ ਕਰਨ ਲਈ ਸ਼ਬਦਾਂ ਦੇ ਅੰਤ ਵਿਚ

'ੜ' ਸ਼ਬਦ ਦੀ ਵਰਤੋਂ ਕੀਤੀ ਹੈ, ਜਿਵੇਂ ਸਾਹੁਰੜੇ, ਸੇਜੜੀਐਂ, ਖਿਧੋਲੜਾ, ਲਥਿਅੜੇ, ਰੰਗੜੀਅੜਾ, ਵਿੰਦੁਅੜਾ, ਛੋਡਿਅੜਾ, ਤੇਜਨੜੀ, ਪ੍ਰਹਿਨੜੀ, ਨਵਰੰਗੜੀਆਂ ਆਦਿ। ਲਹਿੰਦੀ ਦਾ ਹੋਰ ਪ੍ਰਭਾਵ ਮੈਡੇ, ਥੀਸੀ, ਘਟੈ, ਲਾਧਾ, ਭਾਹ, ਕਿਥਾਊ, ਪੁਰਾਹੂ, ਸਭਹੂ, ਹਿਰਡ, ਨੀਰੈ, ਪੀਰੈ ਆਦਿ ਸ਼ਬਦਾਂ ਦੀ ਵਰਤੋਂ ਵਿਚ ਵੀ ਵੇਖਿਆ ਜਾ ਸਕਦਾ ਹੈ।

ਸਿੰਧੀ ਸ਼ਬਦ 'ਕਰਹੇ' ਦਾ ਪ੍ਰਯੋਗ ਹੋਇਆ ਵੀ ਮਿਲਦਾ ਹੈ।

## ਬਹੁ - ਅਰਥਕ ਅਤੇ ਸਮਰੂਪ ਸ਼ਬਦਾਂ ਦੀ ਵਰਤੋਂ:

ਗੁਰੂ ਰਾਮਦਾਸ ਜੀ ਦੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਸ਼ਬਦ ਦੁਹਰਾਉ ਨਾਲ ਵਖਰੇ ਰੰਗ ਢੰਗ ਨਾਲ ਆਉਂਦਾ ਹੈ। ਬਹੁਤ ਸਾਰੇ ਸ਼ਬਦ ਅਜੇਹੇ ਹਨ ਜੋ ਦੁਹਰੇ ਰੂਪ ਵਿਚ ਵਰਤੇ ਗਏ ਹਨ ਅਤੇ ਆਪਣੇ ਸ਼ਾਬਦਿਕ ਅਰਥਾਂ ਵਿਚ ਭਿੰਨ ਹਨ, ਉਦਾਹਰਣ ਲਈ ਵੇਖੋ:—

ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 758)

ਇਥੇ 'ਬਿਰਹੀ' ਸ਼ਬਦ ਨੂੰ ਪ੍ਰੇਮੀ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਗਿਆ ਹੈ। 'ਭਲੇਰੇ' ਸ਼ਬਦ ਨੂੰ ਵਿਰੋਧੀ ਅਰਥਾਂ ਵਿਚ ਵਰਤਿਆ ਗਿਆ ਹੈ, ਜਿਵੇਂ:

ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀਂ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥

(ਰਾਗ ਗਉੜੀ, ਆਦਿ ਗ੍ਰੰਥ, ਪੰਨੇ 304-305)

'ਤੁਖਾਈਆ' ਤੋਂ ਭਾਵ ਦੇਹ ਤੋਂ ਹੈ ਜਦ ਕਿ ਤੁਖਾਰ ਦਾ ਅਰਥ (ਤੁਖਾਰ ਦੇਸ਼ ਦੀ ਘੋੜੀ) ਹੈ:-

ਜਿਤੁ ਹਰਿਪ੍ਰਭੁ ਜਾਪੈ ਸਾ ਧਨੁ ਤੁਖਾਈਆ ਰਾਮ॥

(ਰਾਗ ਵਡਹੰਸ, ਘੋੜੀਆ, ਆਦਿ ਗ੍ਰੰਥ, ਪੰ. 575)

ਅਜੇਹੇ ਹੋਰ ਸ਼ਬਦ ਨਿਮਨਲਿਖਤ ਹਨ:—

ਸੰਧਿਆ (=ਸ਼ਾਮ), ਸੰਧਿਆ (ਨਿਸ਼ਾਨਾ ਮਾਰਿਆ), ਕਉਲ (=ਕੰਵਲ), ਕਉਲਾ (=ਲੱਛਮੀ), ਰਾਜਾ (=ਬਾਦਸ਼ਾਹ), ਰਾਜਾ (=ਰੱਜਾਂ), ਸੰਗ (=ਪੱਥਰ), ਸੰਗ (ਨਾਲ), ਕੁਸੰਭ (=ਫੁੱਲ), ਕੁਸੰਭ (ਦੁਨਿਆਵੀ ਪਿਆਰ), ਚਾਰੁ (=ਚੌਂਹ), ਚਾਰੁ (=ਸੁਆਹ), ਪਾਏ (=ਪਾਂਦਾ ਹੈ), ਪਾਏ (=ਪੈਰ), ਪੰਕੁ (ਪਿੰਗਲਾ), ਪੰਕੁ (ਚਿੱਕੜ), ਆਦਿ।

ਗੁਰੂ ਰਾਮਦਾਸ ਜੀ ਦੀ ਭਾਸ਼ਾ ਦੇ ਸ਼ਬਦ-ਸਮੂਹ ਦੇ ਉਪਰੋਕਤ ਅਧਿਐਨ ਬਾਦ ਇਹ ਨਿਰਣਾ ਕਰਨਾ ਢੁਕਵਾਂ ਨਹੀਂ ਹੋਵੇਗਾ ਕਿ ਗੁਰੂ ਰਾਮਦਾਸ ਜੀ ਦੀ ਬੋਲੀ ਅਲਗ ਅਲਗ ਬੋਲੀਆਂ ਦੇ ਸ਼ਬਦਾਂ ਦਾ ਮਿਸ਼ਰਣ ਹੈ। ਇਸ ਤਰ੍ਹਾਂ ਤਾਂ ਹਰ ਭਾਸ਼ਾ ਸ਼ਬਦ-ਸਮੂਹ ਦੀ ਦ੍ਰਿਸ਼ਟੀ ਤੋਂ ਮਿਸ਼ਰਿਤ ਹੁੰਦੀ

ਹੈ। ਕੁਝ ਵਿਦਵਾਨ ਇਸ ਭਾਸ਼ਾ ਵਿਚ ਬ੍ਰਜ ਭਾਸ਼ਾ ਅਤੇ ਖੜੀ ਬੋਲੀ ਦਾ ਪ੍ਰਭਾਵ ਅਤੇ ਸੰਸਕ੍ਰਿਤ ਦੇ ਸ਼ਬਦਾਂ ਦੀ ਮਿਲਾਵਟ ਹੋਣ ਕਰਕੇ ਭਾਸ਼ਾ ਦੇ ਪਰਿਵਾਰਕ ਵਖੇਵੇਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ, ਇਸਨੂੰ ਬ੍ਰਜੀ ਜਾਂ ਹਿੰਦੀ ਦਾ ਨਾਮ ਦਿੰਦੇ ਹਨ।[12] ਜੋ ਸਾਡੀ ਜਾਚੇ ਠੀਕ ਨਹੀਂ। ਇਹ ਬੋਲੀ ਆਪਣੇ ਭਾਸ਼ਾ ਵਿਗਿਆਨਕ ਸਰੂਪ ਵਿਚ ਬਿਲਕੁਲ ਪੰਜਾਬੀ ਹੈ ਅਤੇ ਹਿੰਦੀ, ਬ੍ਰਜ ਜਾਂ ਅਵਧੀ ਤੋਂ ਬਿਲਕੁਲ ਵਖਰੀ ਹੈ।[13] ਡਾ. ਸੁਰਿੰਦਰ ਸਿੰਘ ਕੋਹਲੀ ਦਾ ਕਥਨ ਇਸ ਪ੍ਰਸੰਗ ਵਿਚ ਉਪਯੁਕਤ ਹੈ ਕਿ ਗੁਰੂ ਕਵੀਆਂ ਰਾਹੀਂ ਅਪਨਾਈ ਗਈ ਇਹ ਬੋਲੀ ਸੰਤ-ਮਹਾਤਮਾਵਾਂ ਦੀ ਬੋਲ-ਚਾਲ ਦੀ ਬੋਲੀ ਸੀ, ਜੋ ਆਪਣੇ ਸਥਾਨਕ ਵਖਰੇਵਿਆਂ ਕਾਰਣ ਇਕ ਨਿਯਮ-ਬਧ ਭਾਸ਼ਾ ਨਾਲੋਂ ਵਧੇਰੇ ਸਜੀਵ ਅਤੇ ਵਿਕਸਿਤ ਭਾਸ਼ਾ ਸੀ।[14]

ਭਾਸ਼ਾਵਾਂ ਦੇ ਵਿਕਾਸ ਵਿਚ ਅਤੇ ਵਿਸ਼ੇਸ਼ ਰੂਪ ਵਿਚ ਆਰਿਆਈ ਭਾਸ਼ਾਵਾਂ ਦੇ ਵਿਕਾਸ ਵਿਚ, ਇਕ ਗਲ ਨਿਸਚਿਤ ਹੈ ਕਿ ਇਨ੍ਹਾਂ ਭਾਸ਼ਾਵਾਂ ਦਾ ਉਦੈ ਅਚਾਨਕ ਨਹੀਂ ਹੋਇਆ। ਲਗਾਤਾਰ ਛੋਟੇ ਛੋਟੇ ਪਰਿਵਰਤਨ ਸਦੀਆਂ ਬਾਦ ਇਕਠੇ ਹੋ ਕੇ ਵਡੇ ਪ੍ਰਤੀਤ ਹੋਣ ਲਗ ਪੈਂਦੇ ਹਨ ਅਤੇ ਇਸ ਕਾਰਨ ਭਾਸ਼ਾਵਾਂ ਆਪਣਾ ਵਖਰਾ ਰੂਪ ਅਖਤਿਆਰ ਕਰ ਲੈਂਦੀਆਂ ਹਨ। ਇਹੀ ਗੱਲ ਪੰਜਾਬੀ ਬੋਲੀ ਬਾਰੇ ਢੁਕਦੀ ਹੈ।

ਹਿੰਦ ਆਰਿਆਈ ਭਾਸ਼ਾਵਾਂ ਦੇ ਵਿਕਾਸ ਦੇ ਸਫ਼ਰ ਵਿਚ, ਨਵੀਨ ਹਿੰਦ ਆਰਿਆਈ ਭਾਸ਼ਾਵਾਂ ਵਿਚੋਂ, ਗੁਰੂ ਰਾਮਦਾਸ ਜੀ ਦੇ ਸਮੇਂ ਦੀ ਬੋਲੀ ਨੂੰ 'ਹਿੰਦਵੀ' ਦਾ ਨਾਮ ਵੀ ਦਿੱਤਾ ਗਿਆ ਹੈ। ਇਹ ਬੋਲੀ ਆਪਣੇ ਵਿਕਾਸ ਦੇ ਕ੍ਰਮ ਵਿਚ ਪੰਜਾਬੀ ਕਹਿਲਾਂਦੀ ਹੈ।

ਗੁਰੂ ਰਾਮਦਾਸ ਜੀ ਨੇ ਲੋਕ ਬੋਲੀ ਨੂੰ ਆਪਣੇ ਵਿਚਾਰਾਂ ਅਤੇ ਭਾਵਾਂ ਦੇ ਸੰਚਾਰ ਦਾ ਮਾਧਿਅਮ ਬਣਾਕੇ, ਭਾਰਤੀ ਸਭਿਆਚਾਰ ਦੀ ਗਤੀਸ਼ੀਲ ਲਹਿਰ ਵਿਚ ਯੋਗ ਹਿਸਾ ਪਾਇਆ। ਗੁਰੂ ਰਾਮਦਾਸ ਜੀ ਦਾ ਮਨੋਰਥ ਕਿਸੇ ਸਾਹਿਤਕ ਭਾਸ਼ਾ ਦੇ ਪਰਿਸ਼ਕਾਰ ਨਾਲੋਂ ਲੋਕ ਕਲਿਆਨ ਵਧੇਰੇ ਸੀ। ਉਹਨਾਂ ਦੀ ਭਾਸ਼ਾ ਵਿਚ ਪੰਜਾਬੀ ਭਾਸ਼ਾ ਦਾ ਮੁਢਲਾ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਪ੍ਰਸਿਧ ਭਾਸ਼ਾ ਵਿਗਿਆਨੀ ਪੀ.ਡੀ. ਗੁਣੇ ਅਤੇ ਗ੍ਰਾਹਮ ਬੇਲੇ ਨੇ ਅੰਮ੍ਰਿਤਸਰ ਤੋਂ ਪਾਰ ਦੇ ਇਲਾਕੇ ਦੀ ਬੋਲੀ ਨੂੰ ਉਤਰ-ਪੱਛਮੀ (ਲਹਿੰਦੀ) ਦਾ ਨਾਮ ਦਿਤਾ ਹੈ ਅਤੇ ਪੂਰਬੀ ਪੰਜਾਬ ਦੀ ਬੋਲੀ ਨੂੰ ਦੋ ਭਾਗਾਂ ਵਿਚ ਵੰਡਿਆ ਹੈ:- (1) ਮਲਵਈ (2) ਅੰਮ੍ਰਿਤਸਰੀ। ਅੰਮ੍ਰਿਤਸਰ ਦੇ ਇਲਾਕੇ ਦੀ ਬੋਲੀ ਨੇ ਹੀ ਬਾਦ ਵਿਚ ਕੇਂਦਰੀ ਪੰਜਾਬੀ ਦਾ ਸਥਾਨ

---

12. ਵੇਖੋ, ਪੀਤਾਂਬਰ ਬੜਥਵਾਲ,(ਡਾ:) <u>ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਇ</u>,(ਲਖਨਊ,ਮਿਤੀਹੀਨ), ਪੰ: 279).
13. Mohan Singh (Dr.), <u>An Introduction to Panjabi Literature</u>, (Amritsar, 1951), p. 59.
14. ਸਾਹਿਤ ਦਾ ਇਤਿਹਾਸ, (ਲੁਧਿਆਣਾ, 1950), ਪੰ. 8.

ਪ੍ਰਾਪਤ ਕੀਤਾ।[15] ਗੁਰੂ ਰਾਮਦਾਸ ਜੀ ਦੀ ਭਾਸ਼ਾ ਵਿਚ ਮਾਝੀ ਦੀ ਸਥਾਨਕਤਾ ਦਾ ਰੰਗ ਉਹਨਾਂ ਦੇ ਨਿਮਨਲਿਖਤ ਸ਼ਬਦਾਂ ਦੇ ਪ੍ਰਯੋਗ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਵੇਂ ਖਰਿਆ (ਖੜ੍ਹਿਆ) ਅਤੇ ਭਲਕੇ ਆਦਿ। ਉਨ੍ਹਾਂ ਦੀ ਭਾਸ਼ਾ ਵਿਚ ਹੋਰ ਅਨੇਕਾਂ ਪੰਜਾਬੀ ਸ਼ਬਦ ਜੋ ਆਪਣਾ ਨਵਾਂ ਰੂਪ ਅਖਤਿਆਰ ਕਰ ਰਹੇ ਸਨ, ਵਿਖਾਈ ਦਿੰਦੇ ਹਨ। ਉਦਾਹਰਣ ਲਈ ਅਗਲਾ, ਅਗਾਹਾਂ, ਅੰਮ੍ਰਿਤਵੇਲਾ, ਸੁਹਾਵਣੀ, ਹਛਾ, ਕੂੜਾ, ਗੋਲਾ, ਘਾਲ, ਬਹਾਨੇ, ਬਹਿਦਿਆ, ਬੋਹਲ, ਬੇਲੀ, ਭਲਕੇ, ਭਲਾ, ਮਾਝਾ ਆਦਿ ਦੇਖੇ ਜਾ ਸਕਦੇ ਹਨ।*

---

15. ਦੇਖੋ, ਬਲਬੀਰ ਸਿੰਘ, ਦਿਲ, (ਡਾ.), ਗੁਰੂ ਅਮਰਦਾਸ ਅਮਰ ਕਵੀ, ਪੀ. ਐਚ. ਡੀ. ਥੀਸਿਸ ਚੰਡੀਗੜ੍ਹ, 1968, ਪੰਨੇ 108-109.

* ਉਨ੍ਹਾਂ ਦੀ ਰਚਨਾ ਵਿਚ ਪੰਜਾਬੀ ਭਾਸ਼ਾ ਦਾ ਹੋਰ ਰੰਗ ਵੇਖਣਾ ਹੋਵੇ ਤਾਂ ਰਾਗ ਗਉੜੀ ਵਿਚ ਰਚੀ ਰਚਨਾ ਵਿਚ ਵੇਖ ਸਕਦੇ ਹਾਂ।

## ਅਧਿਆਇ VI

## ਸੰਗੀਤ

ਗੁਰੂ - ਕਾਵਿ ਵਿਚ ਗੁਰੂ ਰਾਮਦਾਸ ਜੀ ਦੀ ਕਵਿਤਾ ਆਪਣੀ ਸੰਗੀਤਕਤਾ ਕਰਕੇ ਇਕ ਨਿਵੇਕਲਾ ਸਥਾਨ ਰੱਖਦੀ ਹੈ। ਇਸ ਅਧਿਆਇ ਵਿਚ ਅਸੀਂ ਆਪਣੇ ਅਧਿਅਨ ਦਾ ਖੇਤਰ ਗੁਰੂ ਰਾਮਦਾਸ ਕਾਵਿ ਦਾ ਸੰਗੀਤ ਨਾਲ ਸੰਬੰਧ ਅਤੇ ਇਸ ਵਿਚ ਵਿਆਪਤ ਸੰਗੀਤਕਤਾ ਨੂੰ ਹੀ ਬਣਾਇਆ ਹੈ। ਉਨ੍ਹਾਂ ਦੇ ਕਾਵਿ ਵਿਚ ਸੰਗੀਤ-ਪ੍ਰੇਰਣਾ ਦੇ ਪ੍ਰਧਾਨ ਉਪਾਦਾਨ ਹਨ, ਗੁਰੂ-ਪ੍ਰੇਮ ਅਤੇ ਪ੍ਰਭੂ-ਪ੍ਰੇਮ। ਗੁਰੂ ਰਾਮਦਾਸ ਜੀ ਕੀ ਕਵਿਤਾ ਵਿਚ ਅਧਿਆਤਮਕ ਅਨੁਭਵ ਅਤੇ ਸੌਂਦਰਯ ਦਾ ਜੋ ਅਨੁਪਮ ਏਕੀਕਰਣ ਹੋਇਆ ਹੈ, ਉਸ ਵਿਚ ਸੰਗੀਤ ਦਾ ਬਹੁਤ ਯੋਗਦਾਨ ਹੈ। ਇਸ ਦੇ ਪ੍ਰਮੁਖ ਉਪਾਦਾਨ ਹਨ: ਰਾਗ, ਸੰਗੀਤਮਈ ਭਾਸ਼ਾ, ਛੰਦ ਅਤੇ ਵਿਭਿੰਨ ਕਾਵਿ-ਰੂਪ। ਇਸ ਵਿਸਤ੍ਰਿਤ ਵਿਸ਼ੇ ਤੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਸੰਗੀਤ ਕੀ ਹੈ ? ਇਸ ਦਾ ਉਦੇਸ਼, ਭਾਰਤੀ ਕਾਵਿ ਅਤੇ ਗੁਰੂ ਕਾਵਿ ਦਾ ਸੰਗੀਤ ਨਾਲ ਸੰਬੰਧ ਉਤੇ ਕੁਝ ਵਿਚਾਰ ਕਰਨੀ ਉਪਯੁਕਤ ਹੋਵੇਗੀ।

### (ੳ) ਸੰਗੀਤ ਅਤੇ ਇਸ ਦਾ ਉਦੇਸ਼:

ਸੰਗੀਤ ਇਕ ਉਚ ਲਲਿਤ ਕਲਾ ਹੈ। ਇਸ ਲਲਿਤ ਕਲਾ ਨੂੰ ਅਸੀਂ ਸੁਰਾਂ ਦਾ ਕੁਝ ਐਸਾ ਸੁਮੇਲ ਕਹਿ ਸਕਦੇ ਹਾਂ ਜੋ ਹਿਰਦੇ ਦੀਆਂ ਭਾਵਨਾਵਾਂ ਨੂੰ ਸੁੰਦਰ ਬਣਾ ਕੇ ਪ੍ਰਗਟ ਕਰਦਾ ਹੈ।[1] ਕੁਦਰਤ ਸੰਗੀਤ ਦਾ ਪ੍ਰੇਰਣਾ ਸ੍ਰੋਤ ਹੈ। ਈਸ਼ਵਰ ਉਪਾਸ਼ਨਾ, ਪ੍ਰਕ੍ਰਿਤਕ ਨਾਗੀ ਸੁੰਦਰਤਾ, ਜਲਕਲ ਧੁਨੀਆਂ, ਪੰਛੀਆਂ ਦੀ ਚਿਲਚਲਾਹਟ ਆਦਿ ਸੰਗੀਤ ਦੇ ਪ੍ਰੇਰਕ ਤੱਤ੍ਵ ਕਹੇ ਜਾ ਸਕਦੇ ਹਨ। ਮਨੁੱਖ ਤੋਂ ਇਲਾਵਾ ਪਸ਼ੂ-ਪੰਛੀ ਵੀ ਜਦ ਆਨੰਦ-ਵਿਭੋਰ ਹੋ ਜਾਂਦੇ ਹਨ ਤਾਂ ਉਨ੍ਹਾਂ ਦਾ ਸ੍ਵਰ ਸੰਗੀਤਮਈ ਹੋ ਜਾਂਦਾ ਹੈ। ਇਸ ਲਈ ਭੌਰਿਆਂ ਦੀ ਗੁੰਜਾਰ, ਬੁਲਬੁਲ ਦੀ ਮਿੱਠੀ ਚਹਚਹਾਟ, ਪੰਛੀਆਂ ਦੇ ਸੰਧਿਆ ਗੀਤ, ਕੋਇਲ ਦੀ ਮਧੁਰ ਪੰਚਮ ਤਾਨ ਅਤੇ ਮੋਰ ਦੀ ਮਾਦਕ ਗਤੀ ਵਿਚ ਵੀ ਸੰਗੀਤ ਨਿਹਿਤ ਹੈ।[2]

ਪਲੈਟੋ ਅਨੁਸਾਰ ਰੂਹ ਦੇ ਮਰਮ ਅਸਥਾਨਾਂ ਅੰਦਰ ਜੇ ਕੋਈ ਚੀਜ਼ ਪਹੁੰਚ ਸਕਦੀ ਹੈ ਤਾਂ ਉਹ ਸੰਗੀਤਕ ਸੁਰ ਅਤੇ ਲੈਅ ਹੀ ਹੈ।[3] ਸੰਗੀਤ ਵਿਚ ਚੰਚਲ ਮਨ ਨੂੰ ਮੁਗਧ ਕਰਨ ਦੀ ਅਥਾਹ ਸ਼ਕਤੀ

---

1. ਸ਼ਾਂਤੀ ਸ੍ਰੀ ਖੰਡ, ਸੰਗੀਤ ਸ਼ਾਸਤਰ ਦਰਪਣ, (ਇਲਾਹਾਬਾਦ, 1953), ਪੰ. 1.
2. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, (ਲਖਨਊ, ਵਿਕਰਮਾਬਾਦ 2016), ਪੰ. 66.
3. ਵੇਖੋ, ਬਲਬੀਰ ਸਿੰਘ (ਡਾ.), 'ਰਬਾਬ' ਗੁਰਮਤ ਸੰਗੀਤ (ਸੰਪਾ), (ਅੰਮ੍ਰਿਤਸਰ, 1958), ਭਾਗ ਪਹਿਲਾ, ਪੰ. 67.

ਹੈ। ਇਸ ਵਿਚ ਲੋਰ ਤੇ ਮਿਠਾਸ ਹੈ, ਇਸ ਦੇ ਸੁਰ ਮਨ ਨੂੰ ਇਕਾਗਰ ਕਰ ਕੇ, ਬਾਹਰੀ ਜਗਤ ਤੋਂ ਖਿੱਚ ਕੇ ਅੰਤਰਮੁਖ ਕਰਨ ਦੀ ਸ਼ਕਤੀ ਰੱਖਦੇ ਹਨ। ਮਨੁੱਖ ਦੇ ਮਨ ਅਤੇ ਰੂਹ ਵਿਚ ਅਨਾਹਦ ਨਾਦ ਇਸਥਿਤ ਹੈ, ਸੰਗੀਤ ਇਸ ਨੂੰ ਜਗਾਉਣ ਵਿਚ ਸਹਾਈ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਅੰਤਰਆਤਮ-ਸੱਤਾ ਦਾ ਦਿੱਗ-ਦਰਸ਼ਨ ਕਰਾਉਣ ਵਿਚ ਸਭ ਤੋਂ ਅਧਿਕ ਸਮਰੱਥ ਹੋਣ ਕਾਰਣ, ਸੰਗੀਤ ਵਿਚ ਆਨੰਦ ਦੀ ਸਭ ਤੋਂ ਵਧ ਅਨੁਭੂਤੀ ਹੁੰਦੀ ਹੈ ਅਤੇ ਅਸੀਂ ਪਰਮ-ਆਨੰਦ ਵਿਚ ਲੀਨ ਹੋ ਕੇ ਆਪਣੇ ਅਸਤਿਤਵ ਨੂੰ ਭੁਲਾ ਸਕਦੇ ਹਾਂ।[4] ਇਹੀ ਕਾਰਣ ਹੈ ਕਿ ਸੰਗੀਤ ਨੂੰ ਭਾਰਤੀ ਭਗਤੀ-ਸਾਧਨਾ ਵਿਚ ਵਿਸ਼ੇਸ਼ ਮਹੱਤਵ ਮਿਲਿਆ। ਭਾਰਤੀ-ਕਾਵਿ ਵਾਂਗ ਇਸ ਦਾ ਉੱਚਤਮ ਉਦੇਸ਼ ਵੀ ਆਤਮਾ ਦੀ ਮੁਕਤੀ, ਆਤਮਾ ਦਾ ਪਰਮਾਤਮਾ ਨਾਲ ਮੇਲ ਅਤੇ ਪਰਮ-ਸ਼ਾਂਤੀ ਨੂੰ ਪ੍ਰਦਾਨ ਕਰਨਾ ਮੰਨਿਆ ਗਿਆ ਹੈ।[5] ਇਸੇ ਲਈ ਭਗਤ ਕਵੀਆਂ ਨੇ ਚਿਤ-ਬਿਰਤੀ ਦੇ ਲਈ ਹੋਰ ਸਾਧਨਾਂ ਦੇ ਨਾਲ ਸੰਗੀਤ ਨੂੰ ਵੀ ਸਾਧਨ ਰੂਪ ਵਿਚ ਅਪਣਾਇਆ।

<u>(ਘ) ਸੰਗੀਤ ਅਤੇ ਕਾਵਿ।</u>

ਸੰਗੀਤ ਅਤੇ ਕਾਵਿ ਦੋਨ੍ਹਾਂ ਦਾ ਆਸਰਾਦਾਤਾ ਪ੍ਰਕ੍ਰਿਤੀ ਅਤੇ ਉਸ ਵਿਚ ਵਿਦਮਾਨ ਅਦ੍ਰਿਸ਼ ਸ਼ਕਤੀ ਹੈ। ਪ੍ਰਕ੍ਰਿਤੀ ਤੋਂ ਸੰਗੀਤਕਾਰ ਅਤੇ ਕਵੀ ਦੋਨੋਂ ਹੀ ਸੰਗੀਤ ਲਈ ਪ੍ਰੇਰਣਾ ਅਤੇ ਸੰਗੀਤ ਦੀ ਪ੍ਰਾਪਤੀ ਕਰਦੇ ਹਨ। ਪ੍ਰਕ੍ਰਿਤੀ ਦੇ ਅਣੂੰ ਅਣੂੰ ਵਿਚ ਵਿਅਕਤ ਨਾਦਾਹਾਰੀ ਸਜੀਵ ਸੰਗੀਤ ਵਿਆਪਤ ਹੈ। ਸਾਰੇ ਗ੍ਰਹਿ, ਸਿਤਾਰੇ ਆਪਣੀ ਚਾਲ ਦੇ ਵੇਗ ਨਾਲ ਸੰਗੀਤ ਹੀ ਪੈਦਾ ਕਰ ਰਹੇ ਹਨ।[6] ਇਥੇ ਕਾਰਲਾਈਲ ਦਾ ਕਥਨ ਦੇਣਾ ਉਪਯੁਕਤ ਹੋਵੇਗਾ।

> **See deep enough and you see musically; the heart of nature being everywhere music, if you can only reach it.**[7]

ਗੁਰੂ ਰਾਮਦਾਸ ਜੀ ਸੰਗੀਤ ਦੇ ਇਸ ਵਿਆਪਕ ਤੱਤ੍ਵ ਨੂੰ ਹੀ ਮੰਨਦੇ ਹਨ ਅਤੇ ਵੇਖਿਆ ਜਾਏ ਤਾਂ ਇਸ ਤੱਤ੍ਵ ਪ੍ਰਤੀ ਜਗਿਆਸਾ, ਵੈਰਾਗ, ਮੇਲ ਲਈ ਤੜਪ ਅਤੇ ਮਿਲਣ ਦੇ ਆਨੰਦ ਦੀ ਰਹੱਸ-ਅਨੁਭੂਤੀ ਹੀ ਉਨ੍ਹਾਂ ਦੇ ਕਾਵਿ ਵਿਚ ਸੰਗੀਤਕ ਗੁਣ ਭਰਦੀ ਹੈ।

---

4. ਊਸ਼ਾ ਗੁਪਤਾ (ਡਾ:) <u>ਹਿੰਦੀ ਕੇ ਕ੍ਰਿਸ਼ਣ ਭਕਤੀ-ਕਾਲੀਨ ਸਾਹਿਤਯ ਮੇਂ ਸੰਗੀਤ</u>, ਪੰ. 94.
5. ਉਹੀ, 'ਭੂਮਿਕਾ', ਪੰ. (ਗ)।
6. ਬੁਧ ਸਿੰਘ ਬਾਵਾ, '<u>ਕੋਇਲ ਕੂ</u> (ਅੰਮ੍ਰਿਤਸਰ, 1927), ਪੰ. 31.
7. <u>ਹਿੰਦੀ ਸਾਹਿਤਯ ਕੋਸ਼</u>, (ਵਾਰਾਣਸੀ, ਸੰਮਤ 2020), ਭਾਗ ਪਹਿਲਾ, ਪੰ. 287.

ਸੰਗੀਤ ਅਤੇ ਕਾਵਿ ਭਾਵੇਂ ਦੋ ਅਲੱਗ ਅਲੱਗ ਕਲਾਵਾਂ ਹਨ ਪਰ ਦੋਨਾਂ ਦਾ ਸੰਬੰਧ ਅਨਿਖੜਵਾਂ ਹੈ। ਇਹ ਸੰਬੰਧ ਬਹੁਤ ਹੀ ਸੂਖਮ ਹੈ। ਇਕ ਨੁਕਤੇ ਉਤੇ ਇਹ ਵਿਧੀਆਂ ਇਕ ਦੂਜੇ ਦੀਆਂ ਪੂਰਕ ਬਣ ਜਾਂਦੀਆਂ ਹਨ। ਦੋਨ੍ਹਾਂ ਦਾ ਮੂਲ, ਨਾਦ ਹੈ। ਨਾਦ ਤੋਂ ਸ੍ਵਰ ਤੇ ਵਿਅੰਜਨ ਪੈਦਾ ਹੋਏ ਅਤੇ ਨਾਦ ਤੋਂ ਹੀ ਲੈਅ, ਤਾਲ ਅਤੇ ਸੁਰ ਪੈਦਾ ਹੋਏ।[8] ਲੈਅ, ਤਾਲ ਤੇ ਸੁਰ ਸੰਗੀਤ ਦੇ ਪ੍ਰਾਣ ਹਨ। ਵਿਸ਼ੰਭਰ ਪ੍ਰਸਾਦ ਸ਼ਾਸਤਰੀ ਸੰਗੀਤ ਦੇ ਅੰਦਰ ਤਾਲ ਅਤੇ ਲੈਅ ਦੇ ਅਨੁਸਾਰ ਚਲਣ ਵਾਲੀਆਂ ਨਿਯਮਤ ਗਤੀਆਂ ਦਾ ਆਤਮਾ ਨਾਲ ਨੇੜ ਦਾ ਸੰਬੰਧ ਦਸਦੇ ਹਨ। ਉਨ੍ਹਾਂ ਅਨੁਸਾਰ ਗਤੀਆਂ ਆਤਮਕ ਜੀਵਨ ਦੀ ਸਾਖਿਆਤ ਅਨੁਕ੍ਰਿਤੀਆਂ ਹਨ ਅਤੇ ਆਤਮਕ ਜੀਵਨ ਸਵੈ ਕ੍ਰਿਆ ਰੂਪ ਅਥਵਾ ਗਤੀਰੂਪ ਹੈ।[9]

ਸੰਗੀਤ ਅਤੇ ਕਾਵਿ ਦਾ ਸਾਂਝਾ ਆਧਾਰ ਲੈਅ ਹੈ। ਬਾਵਾ ਬੁਧ ਸਿੰਘ ਅਨੁਸਾਰ, ਕਵਿਤਾ ਦਾ ਸਭ ਤੋਂ ਉੱਚਾ ਕੰਮ ਇਹ ਹੈ ਕਿ ਮਨੁੱਖ ਦੀ ਅੰਦਰਲੀ ਮਿਲਾਉਣੀ (ਹਾਰਮਨੀ) ਨੂੰ ਕੁਦਰਤ ਦੀ ਬਾਹਰਲੀ ਹਾਰਮਨੀ ਨਾਲ ਇਕ ਸੁਰ ਕਰ ਦੇਵੇ। ਇਨਸਾਨੀ ਤੰਬੂਰੇ ਦੀਆਂ ਤਾਰਾਂ (ਰੂਹ) ਨੂੰ ਕੁਦਰਤੀ ਸਾਜ਼ ਦੀਆਂ ਸੁਰਾਂ ਨਾਲ ਮਿਲਾ ਕੇ ਇਕ ਸੁਰ ਕਰ ਦੇਵੇ।[10] ਦੂਸਰੇ ਸ਼ਬਦਾਂ ਵਿਚ ਪ੍ਰਾਕ੍ਰਿਤਕ ਸੌਂਦਰਯ ਦਾ ਰਹੱਸ-ਉਦਘਾਟਨ ਕਰਕੇ ਉਸਨੂੰ ਰਸ ਵਿਚ ਡੁਬੋ ਦੇਣਾ ਹੀ ਕਾਵਿ ਦੀ ਉੱਚ ਵਿਸ਼ੇਸ਼ਤਾ ਹੈ।[11]

ਸੰਗੀਤ ਅਤੇ ਕਾਵਿ ਦਾ ਸੰਬੰਧ ਮਸਤਕ ਨਾ ਹੋ ਕੇ ਹਿਰਦੇ ਹੈ। ਦੋਨੋਂ ਹੀ ਭਾਵ ਪ੍ਰਧਾਨ ਹਨ। ਕਵੀ ਹਿਰਦੇ ਦੀਆਂ ਉਮੜਦੀਆਂ ਅਤੇ ਮਚਲਦੀਆਂ ਭਾਵਨਾਵਾਂ ਨੂੰ ਕਾਵਿ ਦਾ ਰੂਪ (ਦੂਜੇ ਸ਼ਬਦਾਂ ਵਿਚ ਸ਼ਬਦਾਂ ਦਾ ਜਾਮਾ ਪਹਿਨਾ) ਦਿੰਦਾ ਹੈ। ਦੂਜੇ ਪਾਸੇ ਮਨੁੱਖੀ ਹਿਰਦੇ ਦੀਆਂ ਕੋਮਲ ਤੋਂ ਕੋਮਲ ਭਾਵਨਾਵਾਂ ਨੂੰ ਜਦ ਸ੍ਵਰ ਅਤੇ ਤਾਲ ਦੇ ਢਾਂਚੇ ਵਿਚ ਢਾਲ ਦਿਤਾ ਜਾਂਦਾ ਹੈ ਤਾਂ ਉਸ ਦੀ ਸੰਗਿਆ ਸੰਗੀਤ ਹੁੰਦੀ ਹੈ।[12]

ਪਰ ਇਕ ਗੱਲ ਧਿਆਨ ਯੋਗ ਹੈ ਕਿ ਕਵੀ ਦੇ ਮਨ ਵਿਚ ਕਵਿਤਾ ਆਪਣੇ ਰੂਪ ਨਾਲੋਂ ਪਹਿਲੇ ਆਉਂਦੀ ਹੈ। ਪ੍ਰਸਿੱਧ ਆਧੁਨਿਕ ਅੰਗਰੇਜ਼ੀ ਆਲੋਚਕ ਟੀ.ਐਸ.ਈਲੀਅਟ ਜਿਨ੍ਹਾਂ ਨੇ ਕਵਿਤਾ ਵਿਚ ਬੁਧੀ ਤੱਤ੍ਵ ਤੇ ਬਹੁਤ ਜ਼ੋਰ ਦਿਤਾ ਵੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਕਵਿਤਾ ਸ਼ਬਦਾਂ ਦਾ ਜਾਮਾ ਪਹਿਨਣ ਤੋਂ ਪਹਿਲਾਂ ਲੈਅ ਵਿਚ ਆਵੇ ਅਤੇ ਇਹ ਲੈਅ ਹੀ ਖਿਆਲ ਅਤੇ ਚਿੰਨ੍ਹ ਨੂੰ ਉਤਪੰਨ ਕਰੇ।[13]

---

8. ਵੇਖੋ, ਬਲਬੀਰ ਸਿੰਘ (ਡਾ:), 'ਰਬਾਬ, <u>ਗੁਰਮਤ ਸੰਗੀਤ</u>(ਸੰਪ.),ਭਾਗ ਪਹਿਲਾ,ਪੰ. 67.
9. ਵੇਖੋ, ਊਸ਼ਾ ਗੁਪਤਾ (ਡਾ:), <u>ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ</u>, ਪੰ. 94.
10. ਬਾਵਾ ਬੁੱਧ ਸਿੰਘ, <u>ਕੋਇਲ ਕੂ</u>, ਪੰ. 33.
11. ਊਸ਼ਾ ਗੁਪਤਾ (ਡਾ.), ਉਹੀ ਰਚਨਾ, ਪੰ. 87.
12. ਉਹੀ, ਪੰ. 88.
13. <u>Selected Prose</u> (ed.John Hayward),(Harmondsworth,1965),p.63.

ਜਿਥੋਂ ਤਕ ਦੋਹਾਂ ਕਲਾਵਾਂ ਦੀ ਵੱਖਰਤਾ ਦਾ ਸੰਬੰਧ ਹੈ, ਸੰਗੀਤ ਮਨ ਦੇ ਖਿਆਲ ਨੂੰ ਪ੍ਰਗਟ ਨਹੀਂ ਕਰ ਸਕਦਾ, ਪਰ ਸ਼ੁਧ ਭਾਵਾਂ ਤੇ ਆਧਾਰਤ ਹੋਣ ਕਰਕੇ ਵਧੇਰੇ ਵਿਆਪਕ ਹੈ। ਸ਼ਬਦ, ਭਾਸ਼ਾ ਨੂੰ ਜਿਥੇ ਇਕ ਸ਼ਕਤੀ ਪ੍ਰਦਾਨ ਕਰਦੇ ਹਨ, ਉਥੇ ਸੀਮਾ - ਬੱਧਵੀ ਕਰਦੇ ਹਨ। ਉਨ੍ਹਾਂ ਦਾ ਆਨੰਦ ਉਹੀ ਮਾਣ ਸਕਦਾ ਹੈ ਜੋ ਉਸਭਾਸ਼ਾ ਤੋਂ ਪ੍ਰੀਚਿਤ ਹੈ, ਜਿਸਦੇ ਉਹ ਸ਼ਬਦ ਹਨ। ਪਰ ਕਵਿਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਅਸੰਚਾਰੀ ਗੱਲਾਂ ਸੰਚਾਰੀ ਬਣਦੀਆਂ ਹਨ। ਛਿਣਕ ਪਲਾਂ ਦਾ ਅਨੁਭਵ ਭਾਸ਼ਾ ਵਿਚ ਚਿਰੰਜੀਵ ਹੋ ਉਠਦਾ ਹੈ।[14]

ਅਸੀਂ ਆਪਣੇ ਪਹਿਲੇ ਨੁਕਤੇ ਵਲ ਮੁੜਦੇ ਹਾਂ, ਅਸਲ ਵਿਚ ਅਨੁਭੂਤੀ ਦੀ ਮਗਨਤਾ ਵਿਚ ਇਨ੍ਹਾਂ ਦੋ ਕਲਾਵਾਂ ਦਾ ਸਰੂਪ ਵਿਭਿੰਨ ਨਹੀਂ ਰਹਿੰਦਾ। ਟੀ.ਐਸ.ਈਲੀਅਟ ਅਨੁਸਾਰ ਇਹ ਇਕ ਕਲਾਗਤ ਪ੍ਰਕ੍ਰਿਆ ਦੀ ਗੱਲ ਹੈ ਜਿਸ ਵਿਚ ਦੋਹਾਂ ਦਾ ਸੰਜੋਗ ਹੁੰਦਾ ਹੈ।[15] ਰਚਨਾ ਆਵੇਗ ਦੀ ਸਿਖੀ, ਉਹ ਅਵਸਥਾ ਹੈ ਜਦ ਕਵੀ ਸੰਗੀਤਕਾਰ ਬਣ ਜਾਂਦਾ ਹੈ ਅਤੇ ਸੰਗੀਤਕਾਰ ਸ਼ਬਦਾਂ ਦਾ ਆਸਰਾ ਤਲਾਸ਼ ਕਰਦਾ ਹੈ। ਹਰ ਸ਼ਬਦ ਵਿਚ ਧੁਨੀ ਗੂੰਜਣ ਲੱਗ ਪੈਂਦੀ ਹੈ ਅਤੇ ਅੱਖਰ ਅੱਖਰ ਗੁਨਗੁਨਾਉਣ ਲਗਦੇ ਹਨ। ਇਹ ਕਲਾ ਦਾ ਸੁੰਦਰਤਮ ਸਰੂਪ ਹੈ, ਜਿਥੇ ਸੌਂਦਰਯ ਆਪਣੇ ਸ੍ਰੇਸ਼ਟਤਮ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਕਰਕੇ ਕਵਿਤਾ ਸ਼ਬਦ ਦੇ ਰੂਪ ਵਿਚ ਸੰਗੀਤ ਅਤੇ ਸੰਗੀਤ ਸ੍ਵਰ ਦੇ ਰੂਪ ਵਿਚ ਕਵਿਤਾ ਹੈ।

(ੲ) ਭਾਰਤੀ ਕਾਵਿ ਅਤੇ ਸੰਗੀਤ:

ਭਾਰਤੀ ਸਾਹਿਤ ਵਿਚ ਸੰਗੀਤ ਅਤੇ ਕਾਵਿ ਦਾ ਸੰਬੰਧ ਬਹੁਤ ਪੁਰਾਣਾ ਮੰਨਿਆ ਗਿਆ ਹੈ। ਚਾਰ ਵੇਦਾਂ ਵਿਚੋਂ ਸਾਮਵੇਦ ਗਾਨ ਦੇ ਵਿਸ਼ਿਸ਼ਟ ਰੂਪ ਵਿਚ ਹੀ ਪ੍ਰਗਟ ਹੋਇਆ ਮੰਨਿਆ ਜਾਂਦਾ ਹੈ। ਰਾਗ-ਰਾਗਨੀਆਂ ਵਿਚ ਪਦਾਂ ਨੂੰ ਬੰਨ੍ਹ ਕੇ ਗਾਣ ਦੀ ਪ੍ਰਣਾਲੀ ਬਿਕ੍ਰਮੀ ਦੀ ਨੌਵੀਂ ਸ਼ਤਾਬਦੀ ਦੇ ਲਗਭਗ ਹੋਣ ਵਾਲੇ ਸਿਧ ਅਤੇ ਨਾਥਪੰਥੀਆਂ ਦੇ ਕਾਵਿ ਵਿਚ ਪੈਦਾ ਹੋਈ ਹੈ। ਸਿਧ ਕਵੀਆਂ ਦੇ ਸਮੇਂ ਤੋਂ ਹੀਅਪਨਾਈ ਗਈ ਇਸ ਪ੍ਰਣਾਲੀ ਨੂੰ ਨਾਥ-ਪੰਥੀ ਯੋਗੀ ਕਵੀਆਂ ਨੇ ਵੀ ਅਪਨਾਇਆ। ਉਨ੍ਹਾਂ ਨੇ ਵੀ ਆਪਣੇ ਪਦਾਂ ਨੂੰ ਰਾਗ ਰਾਗਨੀਆਂ ਵਿਚ ਬੰਨ੍ਹ ਕੇ ਗਾਇਆ। ਜੈਦੇਵ ਅਤੇ ਵਿਦਿਆਪਤੀ ਨੇ ਵੀ ਆਪਣੇ ਪਦਾਂ ਵਿਚ ਸੰਗੀਤ ਦੀਆਂ ਰਾਗ ਰਾਗਨੀਆਂ ਦਾ ਆਸਰਾ ਲਿਆ।[16]

(ਸ) ਗੁਰੂ ਕਾਵਿ ਅਤੇ ਸੰਗੀਤ:

ਅਸਲ ਵਿਚ ਭਗਤ ਕਵੀਆਂ ਵਿਚ ਇਕ ਸੰਗੀਤਾਤਮਕ ਪ੍ਰਤਿਭਾ ਸੀ। ਜਿਵੇਂ ਉਹਨਾਂ ਨੇ

---

14. The Range of Literature (ed. Schneider, Walker Et.als)(N.Y.1960) p.260.
15. T.S. Eliot, Opcit, p. 260.
16. ਊਸ਼ਾ ਗੁਪਤਾ (ਡਾ:.), ਹਿੰਦੀ ਕੇ ਕ੍ਰਿਸ਼ਣ ਭਕਤੀਕਾਲੀਨ ਸਾਹਿਤਯ ਮੇਂ ਸੰਗੀਤ, ਪੰ. 94.

ਗਿਆਨ ਅਤੇ ਭਗਤੀ ਨੂੰ ਮਿਲਾ ਦਿਤਾ, ਤਿਵੇਂ ਉਨ੍ਹਾਂ ਨੇ ਕਵਿਤਾ ਅਤੇ ਸੰਗੀਤ (ਰਾਗ) ਨੂੰ ਇਕੱਠਾ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਇਹ ਸੰਜੋਗ ਸੁਹਜਵਾਦੀ ਤੌਰ ਤੇ ਵਧੇਰੇ ਪ੍ਰਭਾਵਸ਼ਾਲੀ ਹੈ। ਪੰਜਾਬੀ ਕਵਿਤਾ ਵਿਚ ਜੋਗੀ ਕਵੀਆਂ ਅਤੇ ਬਾਬਾ ਫਰੀਦ ਨੇ ਵੀ ਅਜੇਹਾ ਹੀ ਕੀਤਾ।[17] ਰਾਗ ਤੇ ਕਵਿਤਾ ਦਾ ਇਹ ਸੰਬੰਧ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੇ ਸਿਧ ਜੋਗੀ, ਬਾਬਾ ਫਰੀਦ ਤੇ ਭਗਤ ਕਵੀ ਨਾਮਦੇਵ, ਤ੍ਰਿਲੋਚਨ, ਰਵਿਦਾਸ ਕਬੀਰ ਆਦਿ ਕਾਇਮ ਕਰ ਚੁਕੇ ਸਨ।[18] ਗੁਰੂ ਨਾਨਕ ਦੇਵ ਜੀ ਨੇ ਕਾਵਿ ਤੇ ਸੰਗੀਤ (ਰਾਗ) ਦਾ ਸੁੰਦਰ ਸੁਮੇਲ ਉਤਪੰਨ ਕੀਤਾ। ਕਾਵਿ ਨੂੰ ਸੰਗੀਤ ਦੀ ਸਹਾਇਤਾ ਨਾਲ ਸੂਰ ਦੀਆਂ ਧੁਨੀਆਂ ਤੋਂ ਉਪਰ ਉਠਾਕੇ ਵਿਸ਼ੇਸ਼ ਅਰਥ-ਬੋਧ ਵਲ ਮੁਖਰਿਤ ਕੀਤਾ ਅਤੇ ਇਸ ਤਰ੍ਹਾਂ ਭਗਤੀ-ਸਾਧਨਾ ਵਿਚ ਇਕ ਨਵਾਂ ਕਦਮ ਉਠਾਇਆ।

(ਅ) <u>(ੳ) ਗੁਰੂ ਰਾਮਦਾਸ ਜੀ ਇਕ ਮਹਾਨ ਸੁਹਜਵਾਦੀ ਤੇ ਸੰਗੀਤਕਾਰ:</u>

ਜਿਸ ਤਰ੍ਹਾਂ ਕਿ ਅਸੀਂ ਆਰੰਭ ਵਿਚ ਇਸ਼ਾਰਾ ਕੀਤਾ ਸੀ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਆਪਣੀ ਭਗਤੀ ਦਾ ਆਧਾਰ ਪਰਮਾਤਮਾ ਦੇ ਪ੍ਰੇਮ ਨੂੰ ਬਣਾਇਆ ਹੈ, ਪਰ ਇਸ ਵਿਚ ਗੁਰੂ ਪ੍ਰਤੀ ਪ੍ਰੇਮ-ਭਗਤੀ ਦਾ ਮਜੀਠੀ ਰੰਗ ਹੋਰ ਵੀ ਗੂੜ੍ਹਾ ਪ੍ਰਗਟ ਹੋਇਆ ਹੈ। ਉਨ੍ਹਾਂ ਦੇ ਕਾਵਿ ਵਿਚ ਹਿਰਦੇ ਦੀਆਂ ਅਨੇਕ ਸੁਭਾਵਿਕ ਬਿਰਤੀਆਂ ਤਥਾ ਦਸ਼ਾਵਾਂ ਦਾ ਸੁੰਦਰ ਚਿਤਰਣ ਹੈ। ਮਨੁੱਖੀ ਮਨ ਦੀ ਸੌਂਦਰਯ ਪ੍ਰਤੀ ਲਾਲਸਾ ਦੀ ਜੋ ਆਤਮ-ਨਿਸ਼ਠ ਵਿਅੰਜਨਾ ਗੁਰੂ ਰਾਮਦਾਸ ਕਾਵਿ ਵਿਚ ਨਜ਼ਰ ਆਉਂਦੀ ਹੈ, ਉਸਦੇ ਆਧਾਰ ਤੇ ਉਹਨਾਂ ਨੂੰ ਦਾਰਸ਼ਨਿਕ ਸ਼ਬਦਾਵਲੀ ਵਿਚ ਇਕ ਮਹਾਨ ਸੁਹਜਵਾਦੀ ਅਤੇ ਸਾਹਿਤਕ ਸ਼ਬਦਾਵਲੀ ਵਿਚ ਇਕ ਮਹਾਨ ਗੀਤਕਾਰ ਕਹਿ ਸਕਦੇ ਹਾਂ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਆਪਣੇ ਲਈ ਪ੍ਰਯੋਗ ਹੋਇਆ 'ਢਾਢੀ' ਸ਼ਬਦ ਉਨ੍ਹਾਂ ਦੇ ਕਾਵਿ ਅਤੇ ਸੰਗੀਤ ਦੇ ਸੰਜੋਗ ਅਤੇ ਪ੍ਰਯੋਜਨ ਨੂੰ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥

(ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 650)

ਗੁਰੂ ਕਾਵਿ ਵਿਚ ਕਵਿਤਾ ਨੂੰ 'ਬਾਣੀ' ਕਿਹਾ ਗਿਆ ਹੈ ਕਿਉਂਕਿ ਬਾਣੀ ਆਪਣੇ

---

17. ਤਾਰਨ ਸਿੰਘ (ਡਾ:), ਪੰਜਾਬੀ ਕਵਿਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ, <u>ਪੰਜਾਬੀ ਸਾਹਿਤ ਤੇ ਸਾਹਿਤਕਾਰ,</u> (ਅੰਮ੍ਰਿਤਸਰ, 1963), ਪੰ. 60.
18. ਤਾਰਨ ਸਿੰਘ (ਡਾ.) <u>ਗੁਰੂ ਨਾਨਕ ਚਿੰਤਨ ਤੇ ਕਲਾ,</u> (ਅੰਮ੍ਰਿਤਸਰ, ਮਿਤੀ ਹੀਨ), ਪੰ. 235.

ਅਨੁਭਵ ਦੇ ਅਸੀਮ ਖੇਤਰ ਕਰਕੇ ਰਹੱਸ-ਅਨੁਭੂਤੀ ਨੂੰ ਸ਼ਬਦਾਂ ਦਾ ਜਾਮਾ ਪਹਿਨਾਂਦੀ ਹੈ। 'ਨਿਰਗੁਣ' ਨੂੰ ਵਿਚਾਰਾਂ ਤੇ ਭਾਵਾਂ ਦੇ ਪੱਧਰ ਤੇ ਜਨ-ਸਾਧਾਰਨ ਲਈ 'ਸਰਗੁਣ' ਬਣਾਉਂਦੀ ਹੈ। ਗੁਰੂ ਰਾਮਦਾਸ ਜੀ ਭਾਰਤੀ ਭਗਤੀ-ਸਾਧਨਾ ਵਿਚ ਗੁਰਬਾਣੀ ਨੂੰ ਗੁਰੂ ਦੀ ਪਦਵੀ ਦੇ ਕੇ ਇਕ ਵਿਸ਼ੇਸ਼ ਮਹੱਤਵ ਦਾ ਲਖਾਇਕ ਬਣਾਉਂਦੇ ਹਨ:—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।

(ਰਾਗ ਨਟ-ਨਾਰਾਇਣ, ਆਦਿ ਗ੍ਰੰਥ, ਪੰ. 982)

ਅਲੱਖ ਅਨੁਭਵ ਨੂੰ ਲਖਾਉਣ ਵਾਲੀ ਗੁਰਬਾਣੀ ਹੀ ਹੈ। ਗੁਰੂ ਰਾਮਦਾਸ ਜੀ ਪਰਮਾਤਮਾ ਦੇ ਨਾਮ ਪੜ੍ਹਨ ਲਿਖਣ, ਜਪਣ, ਗਾਉਣ ਅਤੇ ਸੁਣਨ ਦੇ ਮਹੱਤਵ ਨੂੰ ਦ੍ਰਿੜ ਕਰਾਉਂਦੇ ਹੋਏ ਲਿਖਦੇ ਹਨ:—

ਹਰਿ ਪੜਿ ਹਰਿ ਲਿਖੁ ਹਰਿ ਜਪਿ ਹਰਿ ਗਾਉ ਭਉਜਲੁ ਪਾਰਿ ਉਤਾਰੀ॥

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 699)

ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨ ਗੁਣੀਏ ਹਰਿ ਲਿਵ ਲਾਏ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 532)

## (ਅ) ਗੁਰੂ ਰਾਮਦਾਸ ਜੀ ਦੀ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਨੂੰ ਦੇਣ।

ਭਗਤੀ ਦੇ ਸਾਧਨਾਂ ਵਿਚੋਂ ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੇ ਨਾਮ ਦੇ 'ਗੇਯ' ਪੱਖ ਤੇ ਵਧੇਰੇ ਜ਼ੋਰ ਦਿਤਾ ਹੈ।[19] ਅਸਲ ਵਿਚ ਉਨ੍ਹਾਂ ਨੇ ਰਹੱਸਵਾਦੀ ਅਨੁਭਵ ਦੇ ਸੰਚਾਰ ਦੇ ਮੂਲ ਸਾਧਨਾਂ ਵਿਚ ਸ਼ਬਦ ਦੇ ਨਾਲ ਸੰਗੀਤ ਦੇ ਮਹੱਤਵ ਨੂੰ ਪਹਿਚਾਨਦੇ ਹੋਏ ਹੀ ਪਰਮਾਤਮਾ ਦੇ ਗੁਣ ਗਾਇਣ ਉਤੇ ਵਧੇਰੇ ਬਲ ਦਿਤਾ। ਆਤਮਾ ਤੇ ਪਰਮਾਤਮਾ ਦੇ ਮੇਲ ਦੀ ਉਚ ਅਵਸਥਾ ਦੇ ਇਕ ਰਸ ਅਤੇ ਆਨੰਦ ਨੂੰ ਉਨ੍ਹਾਂ ਨੇ ਅਨਹਦ ਧੁਨੀ (ਅਨਾਹਤ ਨਾਦ) ਕਿਹਾ ਹੈ:-

ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ॥2॥

(ਸਾਰੰਗ ਦੀ ਵਾਰ, ਆਦਿ ਗ੍ਰੰਥ, ਪੰ. 1248)

ਯੋਗੀਆਂ ਦੀ ਵਿਚਾਰਧਾਰਾ ਵਿਚ ਅਨਾਹਤ ਨਾਦ ਬਿਨਾਂ ਕਿਸੇ ਆਧਾਰ ਤੋਂ ਉਤਪੰਨ ਹੁੰਦਾ

---

19. ਪ੍ਰਮਾਣਾਂ ਲਈ ਦੇਖੋ:— ਆਦਿ ਗ੍ਰੰਥ, ਪੰਨੇ 80,91, 95, 368, 540, 645, 690, 698, 719, 733,799, 833, 850, 995, 1201, 1265, 1298.

ਹੈ। ਇਹ ਨਾਦ ਮੁਕਤੀਦਾਇਕ ਤਾਂ ਹੈ, ਪਰ ਰੰਜਕ ਨਹੀਂ।[20] ਇਹ ਨਾਦ ਅਰੂਪ ਹੈ ਅਤੇ ਕੁਦਰਤ ਵਿਚ ਵਿਦਮਾਨ ਹੈ। ਇਹ ਨਾਦ ਆਪਣੇ ਲਈ ਦੋ ਚੀਜ਼ਾਂ ਦੇ ਪ੍ਰਸਪਰ ਮਿਲਣ, ਰਗੜ ਖਾਣ, ਸੱਟ ਪੈਣ, ਚੁਕ ਭਜਨ ਦੀ ਲੋੜ ਨਹੀਂ ਰੱਖਦਾ। ਜੋ ਸਥੂਲ, ਇੰਦ੍ਰਿਆਂ (ਕੰਨ) ਦਾ ਵਿਸ਼ਯ ਨਹੀਂ ਬਣਦਾ ਉਹੀ 'ਅਨਾਹਤ ਨਾਦ' ਕਹਾਉਂਦਾ ਹੈ। ਪਰ ਇਹ ਨਾਦ ਹਿਰਦੇ ਦੇ ਅੰਤਰਤਮ 'ਉਨਮਨਿ' ਵਿਚ ਗੁਪਤ ਪਿਆ ਹੈ ਅਤੇ ਕੁਦਰਤ ਵਿਚ ਵੀ ਮੌਜੂਦ ਹੈ। ਪਰ ਮਨੁੱਖੀ ਸਮਝ ਲਈ ਅਰੂਪ ਰੂਪ ਵਿਚ ਹੈ। ਉਹ ਇਸ ਲਈ, ਕਿਉਂਕਿ ਮਨੁੱਖ ਕਾਦਰ ਦਾ ਅੰਸ਼ ਤਾਂ ਹੈ ਪਰ ਮਾਇਆ ਦੇ ਪ੍ਰਭਾਵ ਵਿਚ ਹੋਣ ਕਰਕੇ ਨਾਦ ਦੇ ਉਸ ਅਰੂਪ ਰੂਪ ਨੂੰ ਪਹਿਚਾਨ ਨਹੀਂ ਸਕਦਾ; ਪਰ ਉਸ ਨਾਦ ਦਾ ਹਿਰਦੇ ਦੀਆਂ ਡੂੰਘਾਣਾਂ ਵਿਚ ਹੋਣਾ ਸਮਝ ਤੇ ਅਮਲ ਕਰ ਸਕੇਗਾ।[21] ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਗੁਰੂ ਦੀ ਸਿਖਿਆ ਉਤੇ ਚਲਕੇ, ਪਰਮਾਤਮਾ ਦੇ ਗੁਣਾਂ ਦੇ ਗਾਇਣ ਰਾਹੀਂ, ਨਾਮ ਵਿਚ ਇਸਥਿਤ ਹੋਇਆਂ, ਅਨਾਹਦ ਨਾਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ:-

ਪੰਚੇ ਸ਼ਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1315)

ਜਿਸਤਰ੍ਹਾਂ ਅਰੂਪ ਤੱਤ੍ਵ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਵਿਚ ਵਿਦਮਾਨ ਹੈ ਇਸੇ ਤਰ੍ਹਾਂ ਉਹ ਮਨੁੱਖੀ ਮਨ ਅਤੇ ਆਤਮਾ ਵਿਚ ਵੀ ਵਿਆਪਕ ਹੈ। ਮਨ ਤੇ ਆਤਮਾ ਰਾਹੀਂ ਉਸ ਅਰੂਪ ਤੱਤ੍ਵ ਨੂੰ ਜਾਣਿਆ ਜਾ ਸਕਦਾ ਹੈ; ਇਸੇ ਤਰ੍ਹਾਂ ਹੀ ਇਸ ਦ੍ਰਿਸ਼ਟਮਾਣ ਜਗਤ ਵਿਚ ਨਾਦ ਦਾ ਗ੍ਰਹਿਣ ਧੁਨੀ ਅਤੇ ਸ਼ਬਦ ਤੋਂ ਹੁੰਦਾ ਹੈ। ਸੋ ਅਮੂਰਤ ਨਾਦ ਦਾ ਮੂਰਤ ਸਰੂਪ, ਧੁਨੀ ਕਹੀ ਜਾ ਸਕਦੀ ਹੈ।

ਜੋਗੀ ਲੋਕ ਹੱਠ-ਯੋਗ ਰਾਹੀਂ ਸੁਸ਼ਮਨਾ ਪੰਥ ਖੁਲ੍ਹਣ ਤੇ ਅਨਾਹਤ ਧੁਨੀ ਨੂੰ ਸੁਣਦੇ ਹਨ ਜੋ 'ਓਂਕਾਰ' ਕਹਿਲਾਉਂਦਾ ਹੈ। ਵੈਸ਼ਨਵ ਪੱਧਤੀ ਅਨੁਸਾਰ ਇਸਨੂੰ ਹੀ 'ਸ਼ਬਦ-ਬ੍ਰਹਮ' ਕਿਹਾ ਗਿਆ ਹੈ।[22] ਇਹੋ ਪਰਮਾਤਮਾ ਦਾ ਨਿਰਗੁਣ ਸਰੂਪ ਹੈ ਜਿਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਗੁਰੂ ਰਾਮਦਾਸ ਜੀ

---

20. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 50.
21. ਭਾਈ ਵੀਰ ਸਿੰਘ (ਡਾ.), 'ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ', ਗੁਰਮਤ ਸੰਗੀਤ, (ਸੰਪ.), ਭਾਗ ਪਹਿਲਾ, ਪੰਨੇ 2-3.
22. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 428.

ਦ੍ਰਿਸ਼ਟਮਾਣ ਜਗਤ ਵਿਚ ਵਿਆਪਕ ਪਰਮਾਤਮਾ ਦੇ ਸਰੂਪ ਨੂੰ ਸਤਿ ਮੰਨਦੇ ਹਨ। ਉਹ ਸ੍ਰਿਸ਼ਟੀ ਵਿਚ ਵਿਆਪਕ ਇਲਾਹੀ ਨਾਦ ਤੋਂ ਪੈਦਾ ਹੋਏ ਰਾਗ ਨੂੰ ਪਰਮੇਸ਼ਰ ਦੇ ਰੂਪ ਵਿਚ ਲੈਂਦੇ ਹਨ।–

ਰਾਗ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਕ ਹੁਕਮੁ ਨਾ ਬੂਝਿਆ ਜਾਇ॥24॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.1423)

ਸੋ ਰਾਗ ਇਕ ਅਮੂਰਤ ਭਾਵਨਾ ਹੈ। ਇਸ ਦਾ ਅਸਰ ਗਹਿਰਾ ਹੈ। ਰਾਗ ਵਿਚ ਲੀਨ ਹੋਣ ਨੂੰ ਹੀ ਸ਼ਬਦ ਦੀ ਕਮਾਈ ਕਿਹਾ ਗਿਆ ਹੈ।[23] ਰਾਗ ਆਕਾਸ਼ ਦੁਆਰਾ ਹੁੰਦਾ ਹੈ। ਆਕਾਸ਼ ਤੱਤ ਸਭਨਾਂ ਤੱਤਾਂ ਤੋਂ ਸੂਖਮ ਤੱਤ ਹੈ। ਰਾਗ ਦਾ ਅਸਰ ਆਦਮੀ ਦੇ ਚਿਤ ਨੂੰ ਸਥੂਲ ਰਚਨਾ ਤੋਂ ਉਤਾਂ ਸੂਖਮਤਾ ਵਲ ਖਿਚ ਕੇ ਲੈ ਜਾਂਦਾ ਹੈ। ਇਸ ਕਰਕੇ ਗੁਰੂ ਜੀ ਨੇ ਰਾਗ ਨੂੰ ਪਰਮੇਸ਼ਵਰ ਪ੍ਰਾਪਤੀ ਵਿਚ ਉਸਦੀ ਕੀਰਤੀ ਕਰਨ ਲਈ ਵਸੀਲਾ ਬਣਾ ਕੇ ਵਰਤਿਆ ਹੈ।[24]

ਸੰਗੀਤ ਸ਼ਬਦ ਤੋਂ ਭਾਰਤੀ ਸੰਗੀਤ ਵਿਚ ਗਾਇਨ, ਵਾਦਨ ਅਤੇ ਨ੍ਰਿਤ, ਤਿੰਨ ਕਲਾਵਾਂ ਦਾ ਬੋਧ ਹੁੰਦਾ ਹੈ। ਸੰਗੀਤ ਦੇ ਇਹ ਤਿੰਨੇ ਅੰਗ ਭਾਰਤੀ ਭਗਤੀ-ਸਾਧਨਾ ਵਿਚ ਸਾਧਨ ਰੂਪ ਵਜੋਂ ਮੰਨੇ ਗਏ। ਗੁਰੂ ਰਾਮਦਾਸ ਜੀ ਜੋਗੀਆਂ ਅਤੇ ਵੈਸ਼ਨਵ ਭਗਤੀ-ਧਾਰਾ (ਵਿਸ਼ੇਸ਼ ਤੌਰ ਤੇ ਕ੍ਰਿਸ਼ਣ ਭਗਤੀ) ਵਾਂਗ ਸੰਗੀਤ ਨੂੰ ਉਸ ਰੂਪ ਵਿਚ ਇਕ ਸਾਧਨ ਨਹੀਂ ਮੰਨਦੇ :-

— ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ॥
... .... .... ... ... ...
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ।

(ਰਾਗ ਆਸਾ, ਆਦਿ ਗ੍ਰੰਥ, ਪੰ. 368)

— ਕਬ ਕੋ ਭਾਲੈ ਘੁੰਘਰੁ ਤਾਲਾ ਕਬ ਕੋ ਬਜਾਵੈ ਰਬਾਬੁ॥
ਆਵਤ ਜਾਤ ਬਾਰ ਖਿਨ ਲਾਗੈ ਹਉ ਤਬ ਲਗੁ ਸਮਾਰਉ ਨਾਮੁ॥1॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

— ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ॥2॥

(ਰਾਗ ਆਸਾ, ਆਦਿ ਗ੍ਰੰਥ, ਪੰ.368)

ਗੁਰੂ ਰਾਮਦਾਸ ਜੀ ਨਾਮ ਸਿਮਰਨ ਦੇ ਸਿਧੇ ਸਾਦੇ ਪਥ ਵਲ ਇਸ਼ਾਰਾ ਕਰਦੇ ਹਨ। ਸੰਗੀਤ ਨੂੰ ਉਹ

---

23. ਬਲਬੀਰ ਸਿੰਘ (ਡਾ:) 'ਸੁਰਤਿ-ਸ਼ਬਦ' ਵਿਚਾਰ, (ਪਟਿਆਲਾ, 1972), ਪੰ.31.
24. ਭਾਈ ਵੀਰ ਸਿੰਘ (ਡਾ.), 'ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ', ਗੁਰਮਤ ਸੰਗੀਤ, (ਸੰਪ.) ਭਾਗ ਪਹਿਲਾ, ਪੰ. 4.

ਦੂਜੀਆਂ ਕਲਾਵਾਂ ਵਾਂਗ ਸਿਰਫ ਅਧਿਆਤਮਕ ਜੀਵਨ ਦੀ ਟੇਕ ਮੰਨਦੇ ਹਨ ਨਾ ਕਿ ਸਾਧਯ। ਉਪਰੋਕਤ ਤੁਕਾਂ ਤੋਂ ਪੁਸ਼ਟੀ ਹੁੰਦੀ ਹੈ ਕਿ ਇਕੱਲੇ ਗਾਇਣ ਅਤੇ ਵਾਦ-ਯੰਤਰਾਂ ਨਾਲ ਕੁਝ ਨਹੀਂ ਸੌਰਦਾ। ਮਨ ਵਿਚ ਪ੍ਰੇਮ ਭਾਵ ਦਾ ਪੈਦਾ ਹੋਣਾ ਜ਼ਰੂਰੀ ਹੈ। ਸੰਗੀਤ ਦੇ ਅਸਰ ਨਾਲ ਸਰੀਰ ਥਿਰਕਦਾ ਹੈ ਜਾਂ ਗਤੀਸ਼ੀਲ ਹੁੰਦਾ ਹੈ ਤਾਂ ਉਸਨੂੰ ਨ੍ਰਿਤ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਗੁਰੂ ਕਵੀਆਂ ਨੇ ਨ੍ਰਿਤ ਨੂੰ ਪਰਵਾਨ ਨਹੀਂ ਕੀਤਾ।[25] ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਇਸ ਵਿਚ ਮਨ ਦੇ ਹਾਵਾਂ ਭਾਵਾਂ ਦਾ ਸਰੀਰ ਰਾਹੀਂ ਪ੍ਰਦਰਸ਼ਣ ਵਧੇਰੇ ਹੋਣ ਕਰਕੇ, ਸ਼ਿੰਗਾਰਕ ਪ੍ਰਵਿਰਤੀ ਵਧੇਰੇ ਉਭਰਦੀ ਹੈ, ਜੋ ਗੁਰੂ ਸਾਹਿਬਾਨ ਦੇ ਉਚ ਆਦਰਸ਼ ਅਨੁਸਾਰ ਢੁਕਦੀ ਨਹੀਂ ਸੀ। ਗੁਰੂ ਰਾਮਦਾਸ ਜੀ ਵੀ ਇਸ ਪੱਖ ਤੋਂ ਪੂਰਨ ਚੇਤੰਨ ਪ੍ਰਤੀਤ ਹੁੰਦੇ ਹਨ:-

ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ॥
ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ॥3॥
(ਰਾਗ ਆਸਾ, ਆਦਿ ਗ੍ਰੰਥ, ਪੰ. 368)

## (ੲ) ਗੁਰੂ ਰਾਮਦਾਸ ਕਾਵਿ ਵਿਚ — ਸੰਗੀਤ ਦਾ ਮਹੱਤਵ।

ਭਗਤੀ ਲਹਿਰ ਵਿਚ ਨਾਮ ਦੇ ਨਾਲ ਕੀਰਤਨ, ਸਭ ਤੋਂ ਵੱਡਾ ਭਗਤੀ ਦਾ ਸਾਧਨ ਸੀ। ਸਾਰੇ ਵੈਸ਼ਨਵ ਸੰਤਾਂ ਅਤੇ ਮਧ-ਕਾਲੀਨ ਭਾਰਤੀ ਭਗਤਾਂ ਨੇ ਕੀਰਤਨ ਨੂੰ ਹੀ ਪ੍ਰਭੂ ਪ੍ਰੇਮ ਦਾ ਮੁਖ ਸਾਧਨ ਮੰਨਿਆ ਹੈ।[26] ਸਿਖ ਸੰਸਥਾ ਵਿਚ ਗੁਰਬਾਣੀ ਦੇ ਕੀਰਤਨ ਦਾ ਮਹੱਤਵਪੂਰਨ ਸਥਾਨ ਹੈ। ਜਦੋਂ ਬਾਣੀ ਨੂੰ ਸੁਰ, ਤਾਲ ਅਤੇ ਲੈਅ ਨਾਲ ਸੰਗੀਤ ਵਿਚ ਗਾਇਆ ਜਾਂਦਾ ਹੈ ਤਾਂ ਕੀਰਤਨ ਬਣ ਜਾਂਦਾ ਹੈ।[27] ਗੁਰੂ ਰਾਮਦਾਸ ਜੀ ਸੰਗੀਤ ਅਤੇ ਕਾਵਿ, ਦੋਨ੍ਹਾਂ ਕਲਾਵਾਂ ਵਿਚ ਮਾਹਿਰ ਸਨ। ਉਹਨਾਂ ਦੇ ਜੀਵਨ-ਬ੍ਰਿਤਾਂਤ ਤੋਂ ਇਹ ਸਪਸ਼ਟ ਹੈ ਕਿ ਛੋਟੀ ਉਮਰ ਤੋਂ ਹੀ ਉਹ ਗੁਰੂ ਅਮਰਦਾਸ ਜੀ ਦੇ ਸੰਪਰਕ ਵਿਚ ਆ ਗਏ ਸਨ। ਗੋਇੰਦਵਾਲ ਉਨ੍ਹਾਂ ਦਿਨਾਂ ਵਿਚ ਸਿੱਖੀ ਦਾ ਮਹਾਨ ਕੇਂਦਰ ਸੀ। ਗੁਰ-ਸੰਗਤ ਤੋਂ ਲਾਭ ਉਠਾਉਣ ਲਈ ਵਿਦਵਾਨ, ਪੰਡਤ, ਕਲਾਕਾਰ, ਸੰਗੀਤਵੇਤਾ, ਆਦਿ ਇਕੱਠੇ ਹੋਇਆ ਕਰਦੇ ਸਨ। ਅਸਲ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿਖ-ਮਤ ਵਿਚ ਕੀਰਤਨ ਸੰਸਥਾਤਮਕ ਰੂਪ ਵਿਚ ਸਥਾਪਤ ਹੋ ਚੁਕਿਆ ਸੀ। ਸੰਭਵ ਤੌਰ ਤੇ ਗੁਰੂ ਰਾਮਦਾਸ ਜੀ ਨੇ ਸੰਗੀਤ ਅਤੇ ਛੰਦ ਸ਼ਾਸਤਰ ਦੀ ਸਿਖਿਆ ਗੁਰੂ

---

25. Surinder Singh Kohli (Dr.), A Critical Study of Adi Granth (N. Delhi 1961), p.95)
26. ਤਾਰਨ ਸਿੰਘ (ਡਾ.), ਗੁਰੂ ਨਾਨਕ ਚਿੰਤਨ ਤੇ ਕਲਾ, ਪੰ. 233.
27. ਕਾਨ੍ਹ ਸਿੰਘ (ਨਾਭਾ), ਗੁਰਮਤ ਪ੍ਰਭਾਕਰ, ਸੰਪ. (ਅੰਮ੍ਰਿਤਸਰ, 1922), ਪੰ. 617.
28. ਤਰਲੋਚਨ ਸਿੰਘ (ਡਾ:) ਗੁਰੂ ਰਾਮਦਾਸ ਜੀ ਦਾ ਸਾਹਿਤਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ, ਪੰਜਾਬੀ ਦੁਨੀਆਂ — ਗੁਰੂ ਰਾਮਦਾਸ ਅੰਕ, ਪੰ. 44.

ਅਮਰਦਾਸ ਜੀ ਦੀ ਸੰਗਤ ਤੋਂ ਹਾਸਲ ਕੀਤੀ।

ਇਕ ਪ੍ਰਬੀਨ ਕਲਾਕਾਰ ਆਪਣੀ ਮੰਤਵ ਸਿਧੀ ਲਈ ਕਲਾ ਨੂੰ ਇਕ ਮਾਧਿਅਮ ਦੇ ਤੌਰ ਤੇ ਉਚੇਰੇ ਆਦਰਸ਼ਾਂ ਲਈ ਪ੍ਰਯੋਗ ਕਰਦਾ ਹੈ। ਗੁਰੂ ਰਾਮਦਾਸ ਜੀ ਕਾਵਿ ਅਤੇ ਸੰਗੀਤ ਦੇ ਸੰਬੰਧ ਤੋਂ ਚੇਤੰਨ ਸਨ, ਇਸ ਲਈ ਉਨ੍ਹਾਂ ਨੇ ਕਾਵਿ ਅਤੇ ਸੰਗੀਤ ਦਾ ਸੁੰਦਰ ਸੁਮੇਲ ਕੀਤਾ ਹੈ।

ਗੁਰੂ ਰਾਮਦਾਸ ਜੀ ਸ਼ਾਇਦ ਭਾਰਤ ਦੇ ਪਹਿਲੇ ਐਸੇ ਕਵੀ ਹਨ ਜਿਨ੍ਹਾਂ ਦੀ ਕਵਿਤਾ ਏਨੀ ਗਿਣਤੀ (ਤੀਹ ਰਾਗ) ਦੇ ਰਾਗਾਂ ਵਿਚ ਸੁਨਿਸਚਤ ਪ੍ਰਬੰਧ ਅਨੁਸਾਰ ਪ੍ਰਯੁਕਤ ਹੈ। ਆਦਿ ਗ੍ਰੰਥ ਦੇ ਰਾਗ - ਪ੍ਰਬੰਧ ਵਿਚ ਉਨ੍ਹਾਂ ਨੇ ਗਿਆਰਾਂ ਰਾਗਾਂ ਦਾ ਵਾਧਾ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੇ ਰਾਗ ਐਸੇ ਹਨ ਜੋ ਬਾਕੀ ਭਗਤ ਕਵੀਆਂ ਦੇ ਕਾਵਿ ਵਿਚ ਵੀ ਪ੍ਰਯੁਕਤ ਹਨ, ਪਰ ਚਾਰ ਐਸੇ ਬਿਲਕੁਲ ਨਵੇਂ ਰਾਗ ਹਨ ਜੋ ਆਪ ਤੋਂ ਪੂਰਵ-ਵਰਤੀ ਭਗਤ ਕਵੀਆਂ ਅਤੇ ਗੁਰੂ ਕਵੀਆਂ ਦੇ ਕਾਵਿ ਵਿਚ ਦਰਜ ਨਹੀਂ ਹਨ। ਇਹ ਰਾਗ ਹਨ:-ਦੇਵ ਗੰਧਾਰੀ, ਬੈਰਾੜੀ, ਨਟ ਨਾਰਾਇਨ, ਅਤੇ ਕਲਿਆਨ। ਇਨ੍ਹਾਂ ਵਿਚੋਂ ਬੈਰਾੜੀ ਰਾਗ ਦਾ ਪ੍ਰਯੋਗ ਜੈਦੇਵ ਨੇ ਗੀਤ ਗੋਵਿੰਦ ਵਿਚ ਕੀਤਾ ਹੈ।[29]

ਆਦਿ ਗ੍ਰੰਥ ਦੀ ਰਾਗ-ਪ੍ਰਣਾਲੀ ਵਿਚ ਗੁਰੂ ਕਵੀਆਂ ਦਾ ਰਾਗਾਂ ਦੀ ਵਰਤੋਂ ਨੂੰ ਆਪਣੇ ਤਰੀਕੇ ਨਾਲ ਸ਼੍ਰੇਣੀ-ਬਧ ਕਰਨਾ, ਇਹ ਸੂਚਿਤ ਕਰਦਾ ਹੈ ਕਿ ਗੁਰੂ ਕਵੀਆਂ ਨੇ ਵਰਗੀਕਰਨ ਦੀ ਸੁਤੰਤਰਤਾ ਰੱਖੀ। ਭਾਰਤੀ ਸ਼ਾਸਤਰੀ ਸੰਗੀਤ ਵਿਚ ਜਦ ਕਿ ਰਾਗ ਰਾਗਨੀਆਂ ਦੀ ਪ੍ਰਥਾ ਮੌਜੂਦ ਸੀ 'ਆਦਿ ਗ੍ਰੰਥ' ਵਿਚ ਕਾਵਿ ਦੀ ਅਵਤਰਣਾ ਸਿਰਫ ਰਾਗਾਂ ਦੇ ਅੰਤਰਗਤ ਹੀ ਕੀਤੀ ਗਈ ਹੈ। ਗੁਰੂ ਕਵੀ ਰਾਗ ਪਰੰਪਰਾ ਦੇ ਸਨਾਤਨੀ ਪੱਖ ਤੋਂ ਭਲੀ ਭਾਂਤ ਜਾਣੂ ਸਨ। ਸਾਸ਼ਤਰੀ ਪ੍ਰਣਾਲੀ ਤੋਂ ਭਿੰਨ ਰਾਗ (ਰਾਗਨੀਆਂ) ਸਿਧ ਕਰਦੇ ਹਨ ਕਿ ਉਨ੍ਹਾਂ ਨੇ ਪਰੰਪਰਾ ਨੂੰ ਨਿਰੋਲ ਉਸੇ ਰੂਪ ਵਿਚ ਨਹੀਂ ਅਪਨਾਇਆ।

ਗੁਰੂ ਕਾਵਿ ਵਿਚ ਰਾਗ ਪਰਧਾਨ ਹੈ। ਰਾਗ ਦੀ ਪਰਧਾਨਤਾ ਗੁਰੂ ਕਾਵਿ ਵਿਚ ਰਾਗਾਂ ਦੀ ਸਿਰਲੇਖ ਸੂਚਨਾ ਜਿਵੇਂ ਕਿ ਘਰ ਤਾਲ, ਜਤਿ ਆਦਿ ਲਿਖਣ ਤੇ ਸਥਾਪਤ ਹੁੰਦੀ ਹੈ। ਰਾਗ ਨਟ-ਨਾਰਾਇਨ ਨਾਲ 'ਪੜਤਾਲ' ਦੀ ਮੁੜ ਮੁੜ ਤਾਲ ਪਰਤਾਣ ਦੀ ਸੂਚਨਾ ਅਤੇ ਇਸਤਰ੍ਹਾਂ ਹੀ ਰਾਗ ਨੂੰ ਸ਼ੁਧ ਰੂਪ ਵਿਚ ਗਾਣ ਦੀ ਸੂਚਨਾ ਜਿਵੇਂ ਕਿ ਗੁਰੂ ਰਾਮਦਾਸ ਜੀ ਦੇ ਰਾਗ ਆਸਾਵਰੀ ਨਾਲ 'ਸੁਧੰਗ' ਸ਼ਬਦ ਦੀ ਵਰਤੋਂ ਰਾਹੀਂ ਦਿਤੀ ਗਈ ਹੈ, ਇਹ ਪ੍ਰਗਟ ਕਰਦੀ ਹੈ ਕਿ ਉਹ ਸ਼ਾਸਤਰੀ ਸੰਗੀਤ ਤੋਂ ਭਲੀਭਾਂਤ ਜਾਣੂ ਸਨ। ਬਿਹਾਗੜਾ, ਜੈਤਸਰੀ ਅਤੇ ਟੋਡੀ ਰਾਗਾਂ ਦੀ ਵਰਤੋਂ ਇਹ ਪ੍ਰਗਟ ਕਰਦੀ ਹੈ ਕਿ ਰਾਗ ਪ੍ਰਤੀ ਗੁਰੂ ਰਾਮਦਾਸ ਜੀ ਦਾ ਦ੍ਰਿਸ਼ਟੀਕੋਣ ਪਰੰਪਰਾਗਤ ਨਹੀਂ ਬਲਕਿ ਇਕ ਪਰਬੀਨ ਸਿਰਜਨਾਤਮਕ ਕਲਾਕਾਰ ਵਾਲਾ ਸੀ।

---

29. ਜਗੀਰ ਸਿੰਘ (ਡਾ.) ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਚੰਡੀਗੜ੍ਹ, ਪੰ. ਯੂ. ਪੀ.ਐਚ.ਡੀ. ਥੀਸਿਸ, 1979, ਪੰ. 24.

ਆਦਿ ਗ੍ਰੰਥ ਵਿਚ ਪ੍ਰਯੁਕਤ ਰਾਗ ਭਾਵੇਂ ਭਾਰਤੀ ਰਾਗ ਪਰੰਪਰਾ ਨਾਲ ਸੰਬੰਧਤ ਹਨ ਪਰ ਇਹਨਾਂ ਦੇ ਮਿਸ਼ਰਤ ਰੂਪਾਂ ਦਾ ਪ੍ਰਯੋਗ ਗੁਰੂ-ਕਾਵਿ ਦੀ ਵਿਲੱਖਣਤਾ ਹੈ।[30] ਗੁਰੂ ਰਾਮਦਾਸ-ਕਾਵਿ ਵਿਚ ਜਿਹੜੇ ਰਾਗ-ਮੇਲਾਂ ਦਾ ਮਿਸ਼ਰਤ ਰੂਪ ਮਿਲਦਾ ਹੈ, ਉਹ ਹਨ: ਆਸਾਵਰੀ, ਕਲਿਆਨ, ਭੂਪਾਲੀ, ਗਉੜੀ, ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ ਅਤੇ ਪ੍ਰਭਾਤੀ ਬਿਭਾਸ।

ਉਨ੍ਹਾਂ ਦੇ ਕਾਵਿ ਵਿਚ ਪ੍ਰਯੁਕਤ ਰਾਗ ਗੂਜਰੀ, ਸੋਰਠ, ਭੋਪਾਲੀ ਅਤੇ ਕਾਨੜਾ, ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਦਾ ਕਾਵਿ, ਸ਼ਾਸਤਰੀ ਸੰਗੀਤ ਨਾਲੋਂ ਲੋਕ-ਸੰਗੀਤ ਦੇ ਅਧਿਕ ਨੇੜੇ ਹੈ; ਕਿਉਂਕਿ ਉਪਰੋਕਤ ਰਾਗ ਆਪਣੇ ਤਤਜਨ ਪਦਾਂ ਅਤੇ ਦੋਹਾਂ ਦੇ ਲੋਕ ਸੰਗੀਤ ਦੀ ਪ੍ਰਤੀਨਿਧਤਾ ਕਰਦੇ ਹਨ। ਲੋਕ ਸੰਗੀਤ ਵਿਚ ਪ੍ਰੇਮ, ਭਗਤੀ, ਅਨੁਰਾਗ ਅਤੇ ਧਰਮ ਆਦਿ ਮਨੁੱਖੀ ਜੀਵਨ ਦੇ ਸਾਰੇ ਅੰਗਾਂ ਦਾ ਸਮਾਵੇਸ਼ ਹੁੰਦਾ ਹੈ।[31]

ਗੁਰੂ ਰਾਮਦਾਸ ਜੀ ਦੇ ਕਾਵਿ ਵਿਚ ਪ੍ਰਯੁਕਤ ਰਾਗ ਦੇਵ ਗੰਧਾਰੀ, ਜੈਤ, ਨਟ ਨਾਰਾਇਨ ਮਾਲੀ ਗਉੜਾ ਅਤੇ ਕੇਦਾਰਾ, ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਨੇ ਗੁਰੂ ਕਾਵਿ ਦੀ ਪਰੰਪਰਾ ਅਨੁਸਾਰ ਯੋਗੀਆਂ, ਸੂਫ਼ੀਆਂ ਅਤੇ ਗੁਜਰਾਂ ਆਦਿ ਤਰ੍ਹਾਂ ਤਰ੍ਹਾਂ ਦੇ ਵਿਅਕਤੀਆਂ ਦੇ ਮਨ ਪਸੰਦ ਰਾਗਾਂ ਨੂੰ ਚੁਣਾਉ ਕਰ ਕੇ ਜਾਤੀਆਂ ਦੇ ਤੰਗ ਘੇਰੇ ਦੇ ਦ੍ਰਿਸ਼ਟੀਕੋਣ ਨੂੰ ਕ੍ਰਿਆਤਮਕ ਤੌਰ ਤੇ ਵਿਸ਼ਾਲ ਕਰਨਦਾ ਯਤਨ ਕੀਤਾ।[32]

(ਅ) ਗੁਰੂ ਰਾਮਦਾਸ ਕਾਵਿ ਵਿਚ ਸੰਗੀਤ:

(ੳ) ਉਪਾਦਾਨ: ਰਾਗ:-

ਸ੍ਰੀ ਓ. ਸੀ. ਗੰਗੋਲੀ ਅਨੁਸਾਰ ਰਾਗ ਦਾ ਸ਼ਾਬਦਿਕ ਅਰਥ ਹੈ ਜੋ ਮਨ ਨੂੰ ਕਿਸੇ ਵਿਸ਼ੇਸ਼ ਅਨੁਭੂਤੀ ਨਾਲ, ਕਿਸੇ ਜਜ਼ਬੇ ਜਾਂ ਭਾਵ ਦੀ ਤੀਬਰਤਾ ਨਾਲ ਰੰਗ ਦੇਵੇ।[33] ਆਮ ਤੌਰ ਤੇ ਸੁਰਾਂ ਅਤੇ ਵਰਣਾਂ ਦੀ ਉਹ ਵਿਸਿਸ਼ਟ ਜਾਂ ਅਨੁਪਮ ਰਚਨਾ, ਜਿਸਨੂੰ ਸੁਣਕੇ ਆਨੰਦ ਦੀ ਪ੍ਰਾਪਤੀ ਹੋਵੇ, ਰਾਗ ਕਹਿਲਾਂਦੀ ਹੈ।[34] ਅਲੱਗ ਅਲੱਗ ਸੁਰਾਂ ਦੇ ਸੁੰਦਰ ਅਤੇ ਪੂਰਣ ਮੇਲ ਤੋਂ ਵਿਸ਼ਿਸ਼ਟ ਰਾਗਾਂ ਦੇ ਗਾਣ ਨਾਲ ਵਿਸ਼ਿਸ਼ਟ ਚਿੱਤਰ ਅੰਕਿਤ ਹੁੰਦੇ ਹਨ। ਸੁਰ ਦੇ ਅਪੂਰਵ ਸੰਜੋਗ ਨਾਲ ਰਾਗਾਂ ਦੇ ਮਾਧਿਅਮ ਦੁਆਰਾ

---

30. ਜਗੀਰ ਸਿੰਘ (ਡਾ:), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨੇ 32-34.
31. ਸ੍ਰੀ ਕੁਮਾਰ ਗੰਧਰਵ, 'ਭਾਰਤੀਯ ਸੰਗੀਤ ਕਾ ਮੂਲਦਾਨ: ਲੋਕਗੀਤ', 'ਲੋਕ ਸੰਸਕ੍ਰਿਤੀ ਵਿਸ਼ੇਸ਼ਾਂਕ' ਸਮੇਲਨ ਪਤ੍ਰਿਕਾ), (ਪ੍ਰਯਾਗ, 1973), ਪੰ. 303.
32. ਧਰਮਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, (ਲੁਧਿਆਣਾ, ਮਿਤ ਹੀਣ), ਪੰ.60.
33. See, Surinder Singh Kohli (Dr.), A Critical Study of Adi Granth, p.93.
34. ਸ੍ਰੀਮਤੀ ਸ੍ਰੀ ਖੰਡ, ਸੰਗੀਤ ਸ਼ਾਸਤਰ ਦਰਪਣ, ਪੰ. 23.

ਗਾਇਕ ਹਰ ਇਕ ਦੇ ਭਾਵ ਦਾ ਚਿੱਤਰ ਅੰਕਿਤ ਕਰ ਦਿੰਦਾ ਹੈ। ਇਸ ਲਈ ਜੇ ਕਾਵਿ ਦਾ ਭਾਵ ਉਸ ਭਾਵ ਨੂੰ ਪ੍ਰਗਟ ਕਰਨ ਵਾਲੇ ਰਾਗ ਵਿਚ ਉਤਾਰਿਆ ਜਾਵੇ ਤਾਂ ਇਸ ਨਾਲ ਨਾ ਕੇਵਲ ਕਾਵਿ ਦਾ ਸੌਂਦਰਯ ਹੀ ਦੁਗਣਾ ਹੁੰਦਾ ਹੈ ਬਲਕਿ ਕਾਵਿ ਵਿਚ ਜੀਵਨ ਪ੍ਰਗਟ ਹੋ ਜਾਂਦਾ ਹੈ ਅਤੇ ਭਾਵ ਦੀ ਸਰਲ, ਸਪਸ਼ਟ ਅਤੇ ਉਪਯੁਕਤ ਵਿਅੰਜਨਾਂ ਦੁਆਰਾ ਉਸ ਭਾਵ ਦਾ ਸਰੂਪ ਮੂਰਤੀਮਾਨ ਹੋ ਕੇ ਅੱਖਾਂ ਦੇ ਸਨਮੁਖ ਅੰਕਿਤ ਹੋ ਜਾਂਦਾ ਹੈ। ਕਾਵਿ ਦੇ ਭਾਵਾਂ ਵਿਚ ਸੰਗੀਤ ਦੇ ਸ਼ਬਦਾਂ ਦੇ ਅਰਥ ਤੀਬਰ ਅਤੇ ਸਰਲ ਰੂਪ ਵਿਚ ਸਪਸ਼ਟ ਹੋ ਜਾਂਦੇ ਹਨ ਅਤੇ ਤਦ ਉਸਦੀ ਅਨੁਭੂਤੀ ਵਿਚ ਮਨੁੱਖ ਨੂੰ ਕੁਦਰਤੀ ਆਨੰਦ ਪ੍ਰਾਪਤ ਹੁੰਦਾ ਹੈ।[35] ਪਰ ਜਦ ਇਹ ਕਵਿਤਾ ਪਰਮ-ਸਤਾ ਦੀ ਰਹੱਸ ਅਨੁਭੂਤੀ ਨੂੰ ਸ਼ਬਦਾਂ ਦਾ ਜਾਮਾ ਪਹਿਨਾਣ ਵਾਲੀ ਹੋਵੇ ਤਾਂ ਆਨੰਦ ਹੋਰ ਵੀ ਅਲੌਕਿਕ ਹੋਵੇਗਾ।

ਸੰਗੀਤ ਵਿਚ ਰਾਗ ਇਕ ਅਜਿਹਾ ਵਿਧਾਨ ਹੈ ਜਿਸਦੇ ਦੁਆਰਾ ਹਰ ਰਸ ਦੇ ਵਿਸ਼ਿਸ਼ਟ ਭਾਵਾਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ। ਗੁਰੂਰਾਮਦਾਸ ਜੀ ਨੇ ਰਾਗ ਨੂੰ ਕਾਵਿ ਦੇ ਭਾਵ ਵਿਅੰਜਨਾਂ ਵਿਚ ਤੀਬਰਤਾ ਲਿਆਉਣ ਲਈ ਪ੍ਰਯੋਗ ਕੀਤਾ। ਪਰ ਯਾਦ ਰਹੇ ਕਿ ਉਨ੍ਹਾਂ ਨੇ ਸੰਗੀਤ ਦੇ ਰੰਜਿਤ ਗੁਣ ਦਾ ਉਚੇਰੇ ਟੀਚੇ ਲਈ ਪ੍ਰਯੋਗ ਕੀਤਾ। ਉਨ੍ਹਾਂ ਦਾ ਪ੍ਰਯੋਜਨ ਸੀ ਕਾਵਿ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਰਹੱਸਵਾਦੀ ਅਨੁਭਵ ਦੇ ਅਧਿਕਾਰੀ ਭਾਵਾਂ ਨੂੰ ਜਨ-ਜੀਵਨ ਦੀ ਪਕੜ ਦੇ ਯੋਗ ਬਣਾਉਣਾ।

ਗੁਰੂ ਰਾਮਦਾਸ ਜੀ ਵੇਲੇ ਵੈਸ਼ਨਵ ਭਗਤੀ- ਸਾਧਨਾ ਵਿਚ ਸੰਗੀਤ ਹੀ ਸਾਧਯ ਹੋ ਚੁਕਾ ਸੀ। ਵੈਸ਼ਨਵਪੰਥੀ ਅਤੇ ਦਰਬਾਰੀ ਗਾਇਕ ਰਾਗ ਕੇਵਲ ਸ਼ਿੰਗਾਰ ਦੇ ਭਾਵਾਂ ਨੂੰ ਉਤੇਜਿਤ ਕਰਨ ਲਈ ਹੀ ਗਾਂਦੇ ਸਨ। ਗੁਰੂ ਰਾਮਦਾਸ ਜੀ ਰਾਗ ਦੇ ਇਸ ਦੁਰ-ਪ੍ਰਯੋਗ ਤੋਂ ਭਲੀਭਾਂਤ ਚੇਤੰਨ ਸਨ। ਉਨ੍ਹਾਂ ਨੇ ਵਖ ਵਖ ਰਾਗਾਂ ਰਾਹੀਂ ਇਹੀ ਚਿਤਾਵਨੀ ਦਿਤੀ ਹੈ ਕਿ ਮਨੁੱਖ ਦਾ ਮਨੋਰਥ ਤਾਂ ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਵਸਾਣਾ ਹੈ।[36] ਉਨ੍ਹਾਂ ਅਨੁਸਾਰ ਉਹੀ ਰਾਗ ਉਪਯੁਕਤ ਹੈ ਜਿਸ ਰਾਹੀਂ ਪਰਮਾਤਮਾ ਦਾ ਨਾਮ (ਗੁਰਬਾਣੀਦਾ ਭਾਵ) ਹਿਰਦੇ ਵਿਚ ਵਸ ਜਾਵੇ।

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।

(ਸਲੋਕ ਵਾਰਾਂ ਤੇ ਵਧੀਕ ਆਦਿ ਗ੍ਰੰਥ, ਪੰ.1423)

ਗੁਰੂ ਰਾਮਦਾਸ ਜੀ ਨੇ ਕਾਵਿ ਵਿਚ ਵਖ ਵਖ ਭਾਵਾਂ ਦੇ ਅਨੁਕੂਲ ਹੀ ਰਾਗਾਂ ਦੀ ਚੋਣ ਕੀਤੀ ਜਾਪਦੀ ਹੈ। ਸਮੁੱਚੇ ਰੂਪ ਵਿਚ ਉਨ੍ਹਾਂ ਨੇ ਭਾਵ ਤੇ ਰਾਗ ਦਾ ਸੁਮੇਲ ਬੜੀ ਸਫਲਤਾ ਪੂਰਵਕ ਕੀਤਾ ਹੈ। ਰਾਗ

---

35. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 97.
36. ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮੁ ਢੰਢੋਲੇ॥ (ਰਾਗ ਸੋਰਠਿ, ਆਦਿ ਗ੍ਰੰਥ, ਪੰ. 642.

ਤੋਂ ਪੈਦਾ ਹੋਏ ਭਾਵਾਂ ਤੇ ਕਾਵਿ ਦੇ ਅਰਥ ਤੋਂ ਪੈਦਾ ਹੋਏ ਭਾਵਾਂ ਵਿਚ ਸੁਮੇਲਤਾ ਰੱਖਣ ਦਾ ਯਤਨ ਕੀਤਾ ਗਿਆ ਹੈ। ਜਿਥੇ ਸੰਗੀਤ ਦੇ ਭਾਵ ਕਾਵਿ ਦੇ ਭਾਵ ਵਿਅੰਜਨਾਂ ਵਿਚ ਰੁਕਾਵਟ ਬਣੇ ਹਨ, ਉਥੇ ਸੰਗੀਤ ਦੇ ਨਿਯਮਾਂ ਵਿਚ ਖੁਲ੍ਹ ਲੈ ਲਈ ਗਈ ਹੈ। ਇਹ ਇਕ ਚੇਤਨ ਯਤਨ ਹੈ ਜੋ ਸਿਧ ਕਰਦਾ ਹੈ ਕਿ ਉਨ੍ਹਾਂ ਨੇ ਰਾਗ ਪਰੰਪਰਾ ਨੂੰ ਸਹਾਇਕ ਰੂਪ ਵਿਚ ਵਰਤਦਿਆਂ ਕਈ ਮੌਲਿਕ ਤਬਦੀਲੀਆਂ ਕੀਤੀਆਂ ਹਨ ਅਤੇ ਇਸ ਤਰ੍ਹਾਂ ਭਾਰਤੀ ਸੰਗੀਤ ਵਿਚ ਗੁਰਮਤਿ ਸੰਗੀਤ ਦੀ ਵਿਲੱਖਣ ਨੁਹਾਰ ਕਾਇਮ ਕਰਨ ਵਿਚ ਉਨ੍ਹਾਂ ਦਾ ਅਮੁੱਲ ਯੋਗਦਾਨ ਹੈ।

ਭਾਰਤੀ ਸ਼ਾਸਤਰੀ ਰਾਗ ਪ੍ਰਣਾਲੀ ਅਨੁਸਾਰ ਰਾਗ ਦੇ ਕੁਝ ਮੁਖ ਤੱਤ੍ਵ ਮੰਨੇ ਜਾਂਦੇ ਹਨ। ਜਿਨ੍ਹਾਂ ਵਿਚੋਂ ਭਾਵ, ਰੁੱਤ, ਸਮਾਂ, ਥਾਂ ਵਿਸ਼ੇਸ਼ ਅਤੇ ਲਿੰਗ ਦਾ ਮਹੱਤਵ ਹੈ। ਹੁਣ ਅਸੀਂ ਇਨ੍ਹਾਂ ਤੱਤ੍ਵਾਂ ਦੇ ਆਧਾਰ ਤੇ ਗੁਰੂ ਰਾਮਦਾਸ ਕਾਵਿ ਵਿਚ ਪ੍ਰਯੁਕਤ ਰਾਗਾਂ ਦਾ ਅਧਿਐਨ ਕਰਾਂਗੇ।

### 1. ਸਿਰੀ ਰਾਗ

ਇਹ ਪੰਜਾਬ ਦਾ ਦੇਸੀ ਰਾਗ ਹੈ। ਆਦਿ ਗ੍ਰੰਥ ਵਿਚ ਇਸ ਨੂੰ ਸਰਵ ਪ੍ਰਥਮ ਰਾਗ ਦਾ ਸਨਮਾਨ ਮਿਲਿਆ ਹੈ ਅਤੇ ਇਹ ਸ਼ੁਧ ਰਾਗ ਦੇ ਤੌਰ ਤੇ ਮੰਨਿਆ ਗਿਆ ਹੈ।[37] ਸਖ਼ਤ ਗਰਮੀ ਜਾਂ ਸਖ਼ਤ ਸਰਦੀ ਵਿਚ ਗਾਉਣ ਯੋਗ ਇਸ ਰਾਗ ਨੂੰ ਤਪੱਸਵੀ ਲੋਕ ਬਨਾਂ ਵਿਚ ਗਾਉਂਦੇ ਸਨ। ਇਹ ਸ਼ਾਂਤੀ ਰਸ ਦਾ ਰਾਗ ਹੈ ਅਤੇ ਇਸ ਦੀ ਅਲਾਪਕਾਰੀ ਤੋਂ ਸ਼ਾਂਤੀ ਪ੍ਰਸੰਨਤਾ ਅਤੇ ਆਨੰਦ ਪ੍ਰਾਪਤ ਹੁੰਦਾ ਹੈ।

ਇਸ ਰਾਗ ਦੇ ਅੰਤਰਗਤ ਰਚੇ ਗੁਰੂ ਰਾਮਦਾਸ ਕਾਵਿ ਵਿਚ ਪ੍ਰਭੂ-ਮੇਲ ਤੋਂ ਆਨੰਦ ਅਤੇ ਸ਼ਾਂਤੀ ਦੇ ਭਾਵਾਂ ਦਾ ਵਰਣਨ ਹੈ:

ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਸੋਇ॥4॥5॥69॥ (ਆਦਿ ਗ੍ਰੰਥ, ਪੰ.41)

ਇਹ ਰਾਗ ਸ਼ਾਂਤੀ ਰਸ ਦਾ ਹੋਣ ਕਰਕੇ, ਉਦਾਸੀ, ਨਿਰਵੇਦਤਾ, ਉਪਰਾਮਤਾ ਦਾ ਪੂਰਨ ਅਸਰ ਰਖਦਾ ਹੈ। ਸ਼ਾਂਤੀ ਰਸ ਦਾ ਸਥਾਈ ਭਾਵ ਨਿਰਵੇਦ ਹੈ।[39] ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸੁਰ ਕੋਮਲ ਰੂਪ ਵਿਚ ਪ੍ਰਯੋਗ ਹੋਣ ਕਰਕੇ ਕੋਮਲ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਢੁਕਵੇਂ ਹਨ।[40]

ਗੁਰੂ ਰਾਮਦਾਸ ਰਚਿਤ ਇਸ ਰਾਗ ਦੇ ਕਾਵਿ ਵਿਚ ਕਿਤੇ ਕਿਤੇ ਸ਼ਿੰਗਾਰਕ ਭਾਵਾਂ ਦੀ ਝਲਕ ਵੀ ਹੈ। ਦਾਸ ਅਤੇ ਨਿਮਰ ਭਾਵ ਬਲਵਾਨ ਹਨ। ਜੀਵ ਆਤਮਾ ਨੂੰ ਇਸਤ੍ਰੀ ਰੂਪ ਵਿਚ ਚਿਤਵ ਕੇ

---

37. ਰਤਨ ਸਿੰਘ (ਡਾ.), 'ਗੁਰਮਤ ਸੰਗੀਤ ਨਿਰਣੈ', ਗੁਰਮਤ ਸੰਗੀਤ, ਭਾਗ ਪਹਿਲਾ, ਪੰ.23.
38. ਉਹੀ, ਭਾਗ ਚੌਥਾ, ਪੰ. 18.
39. ਵੀਰ ਸਿੰਘ (ਡਾ.), 'ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਅਸਰ', ਗੁਰਮਤ ਸੰਗੀਤ, ਭਾਗ ਪਹਿਲਾ, ਪੰ. 47.
40. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 75.

ਪ੍ਰਭੂ-ਪਤੀ ਲਈ ਵਿਛੋੜੇ ਦੇ ਭਾਵ ਪ੍ਰਗਟਾਏ ਗਏ ਹਨ:-

— ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ॥੧॥ (ਆਦਿ ਗ੍ਰੰਥ, ਪੰ. 78)

— ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮ ਮਿਲੈ ਘਰਿ ਆਇ॥

(ਆਦਿ ਗ੍ਰੰਥ, ਪੰ. 39)

## 2. ਮਾਝ ਰਾਗ

ਇਹ ਪੰਜਾਬ ਦੇ ਮਾਝੇ ਇਲਾਕੇ ਦੀ ਦੇਸੀ ਰਾਗਣੀ ਹੈ, ਹੋਰ ਕਿਸੇ ਮਤ ਦੇ ਪਰਿਵਾਰ ਵਿਚੋਂ ਨਹੀਂ ਹੈ।[41] ਇਸਦਾ ਹੇਮੰਤ ਰੁਤ ਵਿਚ ਸੰਧਿਆ ਵੇਲੇ ਗਾਉਣਾ ਉਪਯੁਕਤ ਮੰਨਿਆ ਗਿਆ ਹੈ।[42] ਇਹ ਰਾਗ ਸ਼ਿੰਗਾਰ, ਵਿਯੋਗ ਅਤੇ ਬੀਰ ਭਾਵਾਂ ਦੇ ਪ੍ਰਗਟਾਅ ਲਈ ਉਪਯੁਕਤ ਹੈ। ਇਸ ਰਾਗ ਵਿਚ ਰਿਸ਼ਭ ਸਥਾਈ ਸੁਰ ਹੈ ਅਤੇ ਜਿਹਨਾਂ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਹੋਣ ਉਹ ਰਾਗ ਸ੍ਰੀ ਭਾਤਖੰਡੇ ਅਨੁਸਾਰ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ।[43] ਗੁਰੂ ਰਾਮਦਾਸ ਜੀ ਨੇ ਇਸ ਰਾਗ ਦੀ ਬਾਣੀ ਵਿਚ ਸ਼ਿੰਗਾਰਕ ਭਾਵ ਅਤੇ ਵਿਯੋਗ ਦੇ ਭਾਵ ਵੀ ਪ੍ਰਗਟ ਕੀਤੇ ਹਨ। ਉਦਾਹਰਣ ਲਈ ਵੇਖੋ:-

— ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥੩॥

(ਆਦਿ ਗ੍ਰੰਥ, ਪੰ. 94)

— ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ॥੧॥ (ਆਦਿ ਗ੍ਰੰਥ, ਪੰ. 95)

## 3. ਰਾਗ ਗਉੜੀ:

ਇਹ ਮੱਧ ਪੰਜਾਬ ਦਾ ਦੇਸੀ ਰਾਗ ਹੈ।[44] ਰਾਗਮਾਲਾ ਅਨੁਸਾਰ ਇਹ ਸਿਰੀ ਰਾਗ ਦੀ ਰਾਗਣੀ ਹੈ। ਹਰ ਇਕ ਰੁਤ, ਖਾਸ ਤੌਰ ਤੇ ਸਰਦੀ ਵਿਚ ਸ਼ਾਮ ਵੇਲੇ ਗਾਇਣ ਯੋਗ ਹੈ।[45] ਭਾਰਤੀ

---

41. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪ.), ਭਾਗ ਪਹਿਲਾ, ਪੰ. 24.
42. ਧਰਮ ਪਾਲ ਸੈਨੀ, (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 58.
43. ਵੇਖੋ, ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 78.
44. ਧਰਮ ਪਾਲ ਸੈਨੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 71.
45. ਤਾਰਨ ਸਿੰਘ (ਡਾ.), 'ਪੰਜਾਬੀ ਕਵਿਤਾ – ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ, ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰ. 61.

ਕੋਸ਼ ਅਨੁਸਾਰ ਧਾਰਮਕ ਗਾਇਨ ਵਿਚ ਇਕ ਰੌਣਕਦਾਰ ਬਾਣੀ ਪ੍ਰਚਲਿਤ ਹੈ ਇਸ ਬਾਰੇ ਲਿਖਿਆ ਗਿਆ ਹੈ ਕਿ ਸਰਲ ਅਤੇ ਗੰਭੀਰ ਗੀਤ ਵਿਚ ਇਸ ਬਾਣੀ ਦਾ ਵਿਹਾਰ ਹੁੰਦਾ ਹੈ।[46] ਰਾਗ ਗਉੜੀ ਵਿਚ ਸਾਰੇ ਗੁਰੂ ਕਵੀਆਂ ਨੇ ਗੰਭੀਰ ਵਿਸ਼ਿਆਂ ਨਾਲ ਸੰਬੰਧਤ ਕਾਵਿ ਰਚਨਾ ਕੀਤੀ ਹੈ। ਇਸ ਵਿਚ ਮਨੁੱਖ ਦੀ ਅਸਲੀਅਤ, ਬ੍ਰਹਮ, ਆਤਮਾ, ਪ੍ਰਕ੍ਰਿਤੀ ਅਤੇ ਭਗਤੀ ਬਾਰੇ ਦਾਰਸ਼ਨਿਕ ਪੱਧਰ 'ਤੇ ਵਿਚਾਰ ਪ੍ਰਗਟ ਕੀਤੇ ਗਏ ਹਨ।[47]

ਗੁਰੂ ਰਾਮਦਾਸ ਜੀ ਨੇ ਇਸ ਰਾਗ ਵਿਚ ਸਭ ਤੋਂ ਵਧੇਰੇ ਕਾਵਿ ਲਿਖਿਆ ਹੈ। ਇਸ ਵਿਚ ਕਈ ਰਾਗ-ਰਾਗਨੀਆਂ ਦਾ ਸੁਮੇਲ ਕੀਤਾ ਗਿਆ ਹੈ ਜੋ ਆਪਣੀ ਉਦਾਹਰਣ ਵਿਚ ਵਿਲੱਖਣ ਹੈ। ਇਹ ਚਾਰ ਰਾਗ ਹਨ:- ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਅਤੇ ਗਉੜੀ ਮਾਝ। ਇਨ੍ਹਾਂ ਵਿਚ ਪਹਿਲੇ ਤਿੰਨ ਰਾਗਾਂ ਵਿਚ ਰਚੇ ਕਾਵਿ ਦੀ ਪ੍ਰਕ੍ਰਿਤੀ ਗੰਭੀਰ ਭਾਵਾਂ ਨੂੰ ਪ੍ਰਗਟ ਕਰਦੀ ਹੈ। ਇਨ੍ਹਾਂ ਰਾਗਾਂ ਵਿਚ ਰਚੇ ਕਾਵਿ ਵਿਚ ਬ੍ਰਹਮ, ਗੁਰੂ ਅਤੇ ਪਰਮਾਤਮਾ ਦੇ ਪ੍ਰੇਮ ਅਤੇ ਦੁਨਿਆਵੀ ਪ੍ਰੇਮ ਵਿਚ ਅੰਤਰ ਬਾਰੇ ਵਿਚਾਰ ਪ੍ਰਗਟਾਏ ਗਏ ਹਨ। ਰਾਗ ਗਉੜੀ ਮਾਝ ਵਿਚ ਪਰਮਾਤਮਾ ਦੇ ਪ੍ਰੇਮ ਦੀ ਬਿਹਬਲਤਾ ਰਾਹੀਂ ਸ਼ਿੰਗਾਰ ਦੇ ਭਾਵਾਂ ਵਿਚ ਵਿਛੋੜੇ ਦੇ ਭਾਵ ਪ੍ਰਮੁਖ ਰੂਪ ਵਿਚ ਵਿਅਕਤ ਹੋਏ ਹਨ। ਇਥੇ ਅਸੀਂ ਨਿਮਨਲਿਖਤ ਇਕ ਉਦਾਹਰਣ ਦੇ ਰਹੇ ਹਾਂ:-

— ਆਉ ਸਖੀ ਗੁਣ ਕਾਮਣ ਕਰੀਹਾ ਜੀਉ॥
ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ॥ (ਆਦਿ ਗ੍ਰੰਥ, ਪੰ. 173)

**4. ਰਾਗ ਆਸਾ:**

ਇਹ ਮੁਸਲਮਾਨਾਂ ਦਾ ਹਰਮਨ ਪਿਆਰਾ ਰਾਗ ਹੈ। ਹੇਮੰਤ ਰੁਤ ਦਾ ਇਹ ਰਾਗ ਪ੍ਰਭਾਤ ਵੇਲੇ ਗਾਉਣ ਯੋਗ ਹੈ। ਗੁਰਮਤਿ ਸੰਗੀਤ ਵਿਚ ਸੰਧਿਆ ਵੇਲੇ ਵੀ 'ਸੋਦਰੁ' ਦੀ ਧੁਨ ਲਗਦੀ ਹੈ। ਇਸ ਲਈ ਸਮੇਂ ਦੇ ਦ੍ਰਿਸ਼ਟੀਕੋਣ ਤੋਂ ਇਹ ਵਿਲਖਣਤਾ ਪਾਈ ਜਾਂਦੀ ਹੈ।[48] ਇਹ ਰਾਗ ਆਸ਼ਾ ਤੇ ਪ੍ਰਸੰਨਤਾ ਦੇ ਭਾਵ ਪ੍ਰਗਟਾਂਦਾ ਹੈ। ਰਾਗ ਮਾਲਾ ਅਨੁਸਾਰ ਇਹ ਮੇਘ ਰਾਗ ਦੀ ਰਾਗਣੀ ਹੈ। ਆਸਾਵਰੀ ਸ੍ਰੀ ਰਾਗ ਦੀ ਪਤਨੀ ਹੈ ਪਰ ਦੋਨੋ ਰਾਗ ਆਸਾ ਅਧੀਨ ਮਿਲਾਏ ਗਏ ਹਨ।[49]

---

46. ਵੇਖੋ, ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ, ਅਤੇ ਸੰਗੀਤ ਦਾ ਸੰਬੰਧ, ਪੰ. 80.
47. ਉਹੀ, ਪੰ. 77.
48. ਉਹੀ, ਪੰ. 33
49. Surinder Singh Kohli, (Dr.), A Critical Study of Adi Granth, p. 97.

ਭਾਰਤ ਦੇ ਸੰਗੀਤ ਸਿਧਾਂਤ ਅਨੁਸਾਰ ਇਸ ਰਾਗ ਵਿਚ ਰਿਸ਼ਭਵਾਦੀ ਸੁਰ ਲਗਦਾ ਹੈ। ਜਿਹਨਾਂ ਰਾਗਾਂ ਵਿਚ ਇਹ ਸੁਰ ਵਾਦੀ ਹੋਵੇ ਉਹ ਬੀਰ ਰਸੀ ਭਾਵਾਂ, ਜਿਹਨਾਂ ਦਾ ਸਥਾਈ ਭਾਵ ਉਤਸ਼ਾਹ ਹੈ, ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇਹਨ।[50] ਗੁਰੂ ਰਾਮਦਾਸ ਜੀ ਦੇ ਇਸ ਰਾਗ ਅਧੀਨ ਕਾਵਿ ਵਿਚ ਵੀ ਉਤਸ਼ਾਹ ਦੇ ਭਾਵ ਵਿਅਕਤ ਹੋਏ ਮਿਲਦੇ ਹਨ:-

— ਅਹਿਕਾਰੀਆ ਨਿੰਦਕਾ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ॥(ਆਦਿ ਗ੍ਰੰਥ,ਪੰ.45 1)

— ਵਿਜੋਗਿ ਮਿਲ ਵਿਛੁੜਿਆ ਸੰਜੋਗੀ ਮੇਲ।। (ਆਦਿ ਗ੍ਰੰਥ,ਪੰ. 365)

ਇਸ ਰਾਗ ਵਿਚ ਕਿਉਂਕਿ ਮਧਮ ਸੁਰਵਾਦੀ ਹੈ ਇਸ ਲਈ ਇਸ ਰਾਗ ਰਾਹੀਂ ਸ਼ਿੰਗਾਰ-ਰਸੀ ਭਾਵਾਂ ਦਾ ਪ੍ਰਗਟਾਉ ਕਰਨਾ ਬੇ-ਮੇਲ ਨਹੀਂ। ਇਸ ਵਿਚ ਕਰੁਣਾ ਦਾ ਅਭਾਵ ਹੁੰਦਾ ਹੈ। ਉਤਸ਼ਾਹ ਤੇ ਖੁਸ਼ੀ ਦਾ ਪ੍ਰਗਟਾਵਾ ਵਧੇਰੇ ਹੁੰਦਾ ਹੈ।[51] ਇਸ ਰਾਗ ਵਿਚ ਗੁਰੂ ਰਾਮਦਾਸ ਜੀ ਰਚਿਤ ਕਾਵਿ, ਸ਼ਿੰਗਾਰ ਦੇ ਭਾਵਾਂਨਾਲ ਓਤਪ੍ਰੋਤ ਹੈ। ਕਿਤੇ ਕਿਤੇ ਗੁਰੂ ਅਤੇ ਪਰਮਾਤਮਾ-ਪ੍ਰੇਮ ਵਿਚੋਂ ਪੈਦਾ ਹੋਏ ਵਿਛੋੜੇ ਦੇ ਭਾਵ ਅੰਕਿਤ ਹੋਏ ਹਨ, ਪਰ ਮੇਲ ਅਤੇ ਆਨੰਦ ਦੇ ਭਾਵ ਵਧੇਰੇ ਤੀਬਰ ਹਨ। ਇਥੇ ਅਸੀਂ ਉਨ੍ਹਾਂ ਦੇ ਇਸ ਰਾਗ ਅਧੀਨ ਕਾਵਿ ਵਿਚੋਂ ਕੁਝ ਉਦਾਹਰਣਾਂ ਦੇ ਰਹੇ ਹਾਂ:—

— ਗੁਰਮੁਖਿ ਪਿਆਰੇ ਆਇ ਮਿਲੁ ਮੈਂ ਚਿਰੀ 'ਵਿਛੁੰਨੇ ਰਾਮਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸ ਭਿੰਨੇ॥ (ਆਦਿ ਗ੍ਰੰਥ,ਪੰ.442)

— ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ॥(ਆਦਿ ਗ੍ਰੰਥ,ਪੰ.443)

— ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ॥(ਆਦਿ ਗ੍ਰੰਥ,ਪੰ. 449)

— ਰੰਗ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕ੍ਰਿਪਾ ਕਰੇ॥

5. ਰਾਗ ਗੂਜਰੀ:

ਇਹ ਪੰਜਾਬੀ ਗੁਜਰਾਂ ਦਾ ਰਾਗ ਹੈ। ਹਰ ਰੁਤ ਵਿਚ ਗਾਇਆ ਜਾਣ ਵਾਲਾ ਅਜਿਹਾ ਸ਼ਕਤੀ ਅਤੇ ਉਤਸ਼ਾਹ ਦਾ ਰਾਗ ਹੈ।[52] ਪਰ ਇਸ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਕਿਸੇ ਵਿਸ਼ੇਸ਼ ਭਾਵ ਲਈ ਸੀਮਤ ਨਹੀਂ।[53] ਕਈ ਗ੍ਰੰਥਾਂ ਵਿਚ ਇਸ ਦਾ ਵਾਦੀ ਸੁਰ ਧੈਵਤ ਦਸਿਆ ਗਿਆ ਹੈ, ਪਰ ਕਈ ਸੰਗੀਤ ਗ੍ਰੰਥ 'ਪੰਚਮ' ਨੂੰ ਇਸ ਦਾ ਵਾਦੀ ਸੁਰ ਮੰਨਦੇ ਹਨ। ਇਸ ਲਈ ਇਸ ਰਾਹੀਂ ਕਿਸੇ ਖਾਸ ਭਾਵ ਨੂੰ ਹੀ ਸੰਬੰਧਤ ਨਹੀਂ ਕੀਤਾ ਜਾ ਸਕਦਾ।[54] ਗੁਰੂ ਰਾਮਦਾਸ ਜੀ ਦਾ ਇਸ ਰਾਗ ਅਧੀਨ ਰਚਿਤ ਕਾਵਿ

---

50. ਜਗੀ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 82.
51. ਉਹੀ
52. ਧਰਮ ਪਾਲ ਮੈਨੀ, (ਡਾ.), ਸ੍ਰੀ ਗੁਰੂ ਗ੍ਰੰਥ, ਸਾਹਿਬ 'ਇਕ ਪਰਿਚਯ, ਪੰ. 58.
53. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 86.
54. ਉਹੀ, ਪੰਨੇ 85-86.

ਗੰਭੀਰ ਪ੍ਰਕ੍ਰਿਤੀ ਦਾ ਹੈ। ਗੁਰੂ ਪ੍ਰਤੀ ਅਨਿੰਨ ਸ਼ਰਧਾ, ਪ੍ਰਭੂ ਪ੍ਰੇਮ ਅਤੇ ਨਾਮ ਦਾ ਵਰਣਨ ਅਧਿਆਤਮ ਮੰਡਲ ਦੀ ਉਸਾਰੀ ਕਰਦਾ ਹੈ। ਸ਼ਰਧਾ ਦੇ ਭਾਵਾਂ ਨੂੰ ਪ੍ਰਮੁਖਤਾ ਦਿਤੀ ਗਈ ਹੈ:-

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ॥ (ਆਦਿ ਗ੍ਰੰਥ, ਪੰ. 494)

**6. ਰਾਗ ਦੇਵ ਗੰਧਾਰੀ :-**

ਰਾਗਮਾਲਾ ਅਨੁਸਾਰ ਇਹ ਮਾਲਕੌਸ ਦੀ ਰਾਗਣੀ ਹੈ। ਇਸ ਨੂੰ ਸਵੇਰ ਵੇਲੇ ਗਾਇਆ ਜਾਂਦਾ ਹੈ ਅਤੇ ਖੁਸ਼ੀ ਦੇ ਭਾਵ ਉਤਪੰਨ ਕਰਦਾ ਹੈ।[55] ਸਮੁੱਚੇ ਰੂਪ ਵਿਚ ਇਹ ਰਾਗ ਕਿਸੇ ਖਾਸ ਇਕ ਭਾਵ ਨਾਲ ਸੰਬੰਧਤ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰੂ ਕਵੀਆਂ ਰਾਹੀਂ ਇਸ ਰਾਗ ਦੀ ਬਾਣੀ ਵਿਚ ਪ੍ਰਗਟਾਏ ਭਾਵ ਆਸਾਨੀ ਨਾਲ ਇਸ ਰਾਗ ਨਾਲ ਸੰਬੰਧਤ ਕੀਤੇ ਜਾ ਸਕਦੇ ਹਨ। ਇਸ ਰਾਗ ਵਿਚ ਕੇਵਲ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਦੇ ਹੀ ਦਰਜ ਹਨ। ਭਗਤਾਂ ਦਾ ਕਾਵਿ ਇਸ ਰਾਗ ਵਿਚ ਨਹੀਂ ਮਿਲਦਾ। ਇਨ੍ਹਾਂ ਪਦਿਆਂ ਵਿਚ ਪਰਮਾਤਮਾ ਨਾਲ ਮਿਲਾਪ, ਉਸ ਦੇ ਗੁਣ ਗਾਉਣ ਅਤੇ ਉਪਦੇਸ਼ਮਈ ਭਾਵ ਪ੍ਰਗਟ ਕੀਤੇ ਗਏ ਹਨ।

ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ<br>
ਹਮਰਾ ਮਨੁ ਮੋਹਿਓ ਗੁਰ ਮੋਹਨਿ<br>
ਹਮ ਬਿਸਮ ਭਈ ਮੁਖ ਲਾਗੇ॥੧॥ (ਆਦਿ ਗ੍ਰੰਥ, ਪੰ. 527)<br>
ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ॥<br>
ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸ ਹਿਰਦੈ ਨਾਮੁ ਮੁਰਾਰੀ॥ (ਆਦਿ ਗ੍ਰੰਥ, ਪੰ. 528)

**7. ਰਾਗ ਬਿਹਾਗੜਾ:**

ਇਸ ਰਾਗ ਦਾ ਰਾਗਮਾਲਾ ਵਿਚ ਜ਼ਿਕਰ ਨਹੀਂ ਹੈ। 'ਨਾਦ ਬਿਨੋਦ' ਅਨੁਸਾਰ ਇਹ ਰਾਗ ਹੇਮੰਤ ਰੁਤ ਦੀ ਅੱਧੀ ਰਾਤ ਵਿਚ ਗਾਉਣਯੋਗ ਹੈ ਅਤੇ ਖੁਸ਼ੀ ਅਤੇ ਵਿਯੋਗ ਦੇ ਭਾਵ ਪੈਦਾ ਕਰਦਾ ਹੈ।[56] ਇਸ ਰਾਗ ਵਿਚ ਵਾਦੀ ਸੁਰ ਮਧਮ ਲੱਗਦਾ ਹੈ। ਜਿਨ੍ਹਾਂ ਰਾਗਾਂ ਵਿਚ ਮੱਧਮ ਸਥਾਈ ਸੁਰ ਹੋਵੇ, ਉਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਲਈ ਵਧੇਰੇ ਸਫਲ ਹੁੰਦੇ ਹਨ।[57] ਇਸ ਰਾਗ ਅਧੀਨ ਰਚਿਤ ਗੁਰੂ

---

55. ਧਰਮ ਪਾਲ ਸੈਨੀ, (ਡਾ.), ਉਹੀ ਰਚਨਾ ਪੰ. 74.

56. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪ.) ਭਾਗ ਚੌਥਾ, ਪੰ. 22.

57. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨੇ 89-90.

58.

ਰਾਮਦਾਸ ਕਾਵਿ ਵਿਚ ਵਿਛੋੜੇ ਦੇ ਭਾਵ ਅਤੇ ਆਪਾ ਵਾਰ ਦੇਣ ਦੀ ਭਾਵਨਾ ਵਿਅਕਤ ਹੋਈ ਹੈ:-

ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭ ਆਣਿ ਮਿਲਾਵੈ ਰਾਮ॥

ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੜੀਏ ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ॥

(ਆਦਿ ਗ੍ਰੰਥ, ਪੰ. 538)

ਵਿਛੋੜੇ ਦੇ ਭਾਵਾਂ ਦੇ ਨਾਲ ਨਾਲ ਮਿਲਾਪ ਦੇ ਭਾਵਾਂ ਦਾ ਵੀ ਵਰਣਨ ਹੈ:-

ਗੁਰਮਤਿ ਨਾਮ ਪਰਗਾਸੇ ਰਾਮ॥

ਹਉ ਹਰਿ ਬਾਝੁ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ॥

(ਆਦਿ ਗ੍ਰੰਥ, ਪੰ. 538)

8. ਰਾਗ ਵਡਹੰਸ:

ਰਾਗਮਾਲਾ ਵਿਚ ਇਸ ਰਾਗ ਦਾ ਜ਼ਿਕਰ ਨਹੀਂ। 'ਨਾਦ ਬਿਨੋਦ' ਵਿਚ ਮੇਘ ਰਾਗ ਦੀ ਰਾਗਨੀ ਵਡਹੰਸ ਕਰਕੇ ਲਿਖੀ ਮਿਲਦੀ ਹੈ, ਜੋ ਦੁਪਹਿਰ ਵੇਲੇ ਗਾਈ ਜਾਂਦੀ ਹੈ। ਸਰਦੀ ਰੁਤ ਦਾ ਇਹ ਰਾਗ, ਸੰਸਾਰ ਵਲੋਂ ਵੈਰਾਗ ਪੈਦਾ ਕਰਕੇ ਪਰਮਾਤਮਾ ਨੂੰ ਮਿਲਣ ਦੇ ਤਿੱਖੇ ਚਾਅ ਕਾਰਣ ਅਧਿਆਤਮਕ ਪੈਦਾ ਕਰਦਾ ਹੈ।[58] ਇਸ ਰਾਗ ਵਿਚ ਪੰਚਮ ਵਾਦੀ ਸੁਰ ਹੈ ਅਤੇ ਆਚਾਰੀਆ ਬ੍ਰਿਹਸਪਤੀ ਅਨੁਸਾਰ, ਜਿਹਨਾਂ ਰਾਗਾਂ ਵਿਚ ਪੰਚਮ ਸੁਰ ਸਥਾਈ ਹੋਵੇ ਉਹ ਰਾਗ ਵਿਯੋਗ-ਸ਼ਿੰਗਾਰ ਦੇ ਭਾਵਾਂ ਲਈ ਪ੍ਰਯੋਗ ਕੀਤੇ ਜਾ ਸਕਦੇ ਹਨ।[59] ਰਾਗ ਦੇ ਭਾਵ ਅਨੁਕੂਲ ਗੁਰੂ ਰਾਮਦਾਸ ਜੀ ਦੇ ਕਾਵਿ ਵਿਚ ਅਤਿ ਗ਼ਮੀ ਦੇ ਭਾਵ ਪ੍ਰਗਟ ਹੋਏ ਹਨ:-

ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ

ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ। (ਆਦਿ ਗ੍ਰੰਥ, ਪੰ. 561)

ਸਿਖਮਤ ਵਿਚ ਮ੍ਰਿਤਕ ਸਰੀਰ ਨੂੰ ਦਾਹ ਦੇਣ ਪਿਛੋਂ ਵਡਹੰਸ ਰਾਗ ਦੀਆਂ ਵਿਸ਼ੇਸ਼ ਤੌਰ ਤੇ ਅਲਾਹੁਣੀਆਂ ਗਾਈਆਂ ਜਾਂਦੀਆਂ ਹਨ, ਇਸ਼ਨਾਨ ਪਿਛੋਂ ਕੀਰਤਨ ਸੋਹਿਲਾ ਪੜ੍ਹਿਆ ਜਾਂਦਾ ਹੈ।[60] ਇਸ ਰਾਗ ਵਿਚ ਰਚੇ ਗੁਰੂ ਰਾਮਦਾਸ ਜੀ ਦੇ ਕਾਵਿ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਰਚੀਆਂ ਘੋੜੀਆਂ ਖ਼ੁਸ਼ੀ ਦਾ ਪ੍ਰਤੀਕ ਹਨ। ਜਿਨ੍ਹਾਂ ਨੂੰ ਵਿਆਹ ਵਿਚ ਘੋੜੀ ਚੜ੍ਹਨ ਵੇਲੇ ਗਾਇਆ ਜਾਂਦਾ ਹੈ। ਇਨ੍ਹਾਂ

---

58. ਧਰਮ ਪਾਲ ਸਿੰਗਲ, (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 75.
59. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 91.
60. ਚਰਨ ਸਿੰਘ (ਡਾ.), ਗੁਰਮਤ ਸੰਗੀਤ (ਸੰਪ.), ਭਾਗ ਚੌਥਾ, ਪੰ. 32.

ਘੋੜੀਆਂ ਦਾ ਵਿਸ਼ਾ ਮੌਤ ਨਾਲ ਸੰਬੰਧਿਤ ਹੈ। ਮਨੁੱਖੀ ਦੇਹ ਨੂੰ ਘੋੜੀ ਕਹਿ ਕੇ ਵਡਿਆਇਆ ਹੈ। ਇਸ ਨੂੰ ਸਾਧ ਕੇ ਗੁਰੂ ਦੀ ਸ਼ਰਨ ਆ ਕੇ ਹੀ ਪਰਮ-ਆਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਉਨ੍ਹਾਂ ਅਨੁਸਾਰ ਪ੍ਰਭੂ ਮੇਲ ਹੀ ਮੰਗ ਅਤੇ ਆਨੰਦਦਾਇਕ ਉਤਸਵ ਹੈ:-

ਰਥਿ ਦੇਹਰਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ।।
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥
ਜਨ ਨਾਨਕ ਹਰਿਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਧਾਈ॥

(ਆਦਿ ਗ੍ਰੰਥ, ਪੰ. 575)

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਰਾਗ ਦੇ ਭਾਵਾਂ ਨੂੰ ਇਕ ਅਨੋਖੀ ਸੇਧ ਦਿੱਤੀ ਹੈ।

## 9. ਰਾਗ ਸੋਰਠਿ:

ਰਾਗ ਮਾਲਾ ਅਨੁਸਾਰ ਇਹ ਮੇਘ ਰਾਗ ਦੀ ਰਾਗਣੀ ਹੈ। 'ਨਾਦ ਵਿਨੋਦ' ਵਿਚ ਸ਼੍ਰੀ ਰਾਗ ਦੀ ਰਾਗਨੀ ਸੋਰਠੀ ਲਿਖੀ ਹੈ।[61] ਇਹ ਸਰਦੀ ਦੀ ਅੱਧੀ ਰਾਤ ਨੂੰ ਗਾਉਣ ਯੋਗ ਹੈ। ਇਹ ਰਾਗ ਵੈਰਾਗ ਤੇ ਰੱਬ ਦੀ ਰਾਹ ਨੂੰ ਪੈਦਾ ਕਰਕੇ ਸ਼ਾਂਤੀ ਦੇ ਭਾਵ ਉਤਪੰਨ ਕਰਦਾ ਹੈ।[62] ਸੋਰਠਿ ਰਾਗ ਵਿਚ ਰਿਸ਼ਭ ਅਤੇ ਧੈਵਤ ਦਾ ਸ਼ੁਧ ਰੂਪ ਵਿਚ ਪ੍ਰਯੋਗ ਹੁੰਦਾ ਹੈ। ਸੁਰ-ਪ੍ਰਬੰਧ ਦੇ ਪੱਖੋਂ ਇਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਵਾਲਾ ਰਾਗ ਹੈ।[63] ਗੁਰੂ ਰਾਮਦਾਸ ਜੀ ਦੇ ਇਸ ਰਾਗ ਵਿਚ ਰਚੇ ਕਾਵਿ ਰਾਹੀਂ ਰਾਗ ਦੀ ਭਾਵ ਪਰੰਪਰਾ ਨੂੰ ਨਵੀਂ ਸੇਧ ਮਿਲੀ ਹੈ:-

ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮੁ ਢੰਢੋਲੇ॥
ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ।।
ਹਰਿ ਪ੍ਰੇਮ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ॥

(ਆਦਿ ਗ੍ਰੰਥ, ਪੰ. 642)

ਇਸ ਰਾਗ ਅਧੀਨ ਰਚੇ ਕਾਵਿ ਵਿਚ ਪਰਮਾਤਮਾ ਦੇ ਸਰੂਪ ਅਤੇ ਉਸਦੇ ਗੁਣਾਂ ਦਾ ਗਾਇਣ ਵਧੇਰੇ ਹੈ:-

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ।
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ।

(ਆਦਿ ਗ੍ਰੰਥ, ਪੰ. 650)

---

61. ਚਰਨ ਸਿੰਘ (ਡਾ.), ਗੁਰਮਤ ਸੰਗੀਤ (ਸੰਪ.), ਭਾਗ ਤੀਜਾ, ਪੰ. 25.
62. ਧਰਮ ਪਾਲ ਮੈਨ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 76.
63. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 93.

### 10. ਰਾਗ ਧਨਾਸਰੀ

ਰਾਗਮਾਲਾ ਅਨੁਸਾਰ ਇਹ ਮਾਲਕੌਸ ਦੀ ਰਾਗਣੀ ਹੈ। 'ਰਾਗ ਦੀਪਕਾ', 'ਬੁਧ ਪ੍ਰਕਾਸ਼' ਅਤੇ 'ਸਿਧ ਸਾਰਸੁਤ' ਦੇ ਮਤ ਅਨੁਸਾਰ ਇਹ ਮਾਲਕੌਸ ਦੀ ਰਾਗਨੀ (ਇਸਤ੍ਰੀ) ਧਨਾਸਰੀ ਹੈ, ਪਰ ਨਾਦ ਬਿਨੋਦ' ਵਿਚ ਇਹ ਦੀਪਕ ਦੀ ਇਸਤ੍ਰੀ ਕਰਕੇ ਲਿਖੀ ਗਈ ਹੈ।[64] ਹੇਮੰਤ ਰੁਤ ਵਿਚ ਦੁਪਿਹਰ ਪਿਛੋਂ ਗਾਉਣ ਯੋਗ ਇਹ ਰਾਗ, ਵੈਰਾਗ ਦੇ ਗੀਤਾਂ ਨਾਲ ਭਰਿਆ ਪਿਆ ਹੈ।[65] ਸੰਗੀਤ ਸ਼ਾਸਤਰ ਦੇ ਅਨੁਸਾਰ ਧਨਾਸਰੀ ਰਾਗ ਦਾ ਗਾਇਨ ਜ਼ਿਆਦਾਤਰ ਮੰਗਲਿਕ ਪ੍ਰਸੰਗ ਤੇ ਕੀਤਾ ਜਾਂਦਾ ਹੈ।[66] ਇਸ ਰਾਗ ਅਧੀਨ ਰਚਿਤ ਗੁਰੂ ਰਾਮਦਾਸ-ਕਾਵਿ ਵਿਚ ਸਮੁੱਚੇ ਤੌਰ ਤੇ ਗੰਭੀਰ ਭਾਵ ਵਿਅਕਤ ਹੋਏ ਹਨ। ਦਾਸ ਭਾਵ ਪ੍ਰਧਾਨ ਹੈ। ਇਸ ਰਾਗ ਵਿਚ ਪੰਚਮ ਸੁਰ ਸਹਾਈ ਹੈ ਇਸ ਲਈ ਇਸ ਰਾਗ ਵਿਚ ਵਿਯੋਗ-ਸ਼ਿੰਗਾਰ ਦੇ ਭਾਵਾਂ ਦੀ ਅਭਿਵਿਅਕਤੀ ਵੀ ਮਿਲਦੀ ਹੈ।[67] ਗੁਰੂ ਰਾਮਦਾਸ ਜੀ ਇਸ ਰਾਗ ਦੇ ਭਾਵ ਤੋਂ ਉਲਟ ਆਨੰਦ ਅਤੇ ਮੇਲ ਦੇ ਭਾਵ ਬਿਆਨ ਕਰਦੇ ਹਨ:-

ਸਦਾ ਅਨੰਦ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ॥ ਰਹਾਉ॥

(ਆਦਿ ਗ੍ਰੰਥ, ਪੰ. 669)

### 11. ਰਾਗ ਜੈਤਸਰੀ

ਰਾਗਮਾਲਾ ਵਿਚ ਇਸ ਰਾਗਣੀ ਦਾ ਜ਼ਿਕਰ ਨਹੀਂ। ਸਿਆਲਾਂ ਦੀ ਰਾਤ ਵਿਚ ਰਾਤ ਦੇ ਪਹਿਲੇ ਪਹਿਰ ਵਿਚ ਗਾਉਣ ਯੋਗ ਇਹ ਰਾਗ ਖ਼ੁਸ਼ੀ ਦਾ ਸੂਚਕ ਹੈ।[68] ਇਸ ਰਾਗ ਵਿਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਸੁਰ ਲਗਦੇ ਹਨ ਇਸ ਕਰਕੇ ਇਹ ਕਰੁਣਾ ਅਤੇ ਸ਼ਾਂਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੁੰਦੇ ਹਨ।[69] ਗੁਰੂ ਰਾਮਦਾਸ ਜੀ ਨੇ ਇਸ ਰਾਗ ਅਧੀਨ ਰਚੇ ਕਾਵਿ ਵਿਚ ਪ੍ਰਭੂ-ਮੇਲ ਦੀ ਖ਼ੁਸ਼ੀ ਦੇ ਭਾਵ ਪ੍ਰਗਟਾਏ ਹਨ:-

ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀਚਾ॥੧॥

(ਆਦਿ ਗ੍ਰੰਥ, ਪੰ. 698)

---

64. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪ.), ਭਾਗ ਪਹਿਲਾ, ਪੰ. 24.
65. ਧਰਮ ਪਾਲ ਮੈਣੀ (ਡਾ:), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 76.
66. ਉਸ਼ਾ ਗੁਪਤਾ (ਡਾ:), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 238.
67. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 95.
68. ਧਰਮ ਪਾਲ, ਮੈਣੀ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਪੰ. 78.
69. ਜਗੀਰ ਸਿੰਘ (ਡਾ:), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 97.

ਇਸ ਰਾਗ ਦੇ ਭਾਵ ਅਨੁਕੂਲ ਕਾਵਿ ਰਚਣ ਤੋਂ ਇਲਾਵਾ ਉਨ੍ਹਾਂ ਨੇ ਇਸ ਤੋਂ ਉਲਟ ਰੌਦਰ ਭਾਵਾਂ ਨੂੰ ਅਭਿਵਿਅਕਤ ਕੀਤਾ ਹੈ :

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ।।
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ
ਓਇ ਖਪਿ ਖਪਿ ਮੁਏ ਕਰਾਂਝਾ।। (ਆਦਿ ਗ੍ਰੰਥ, ਪੰ. 697)

**12. ਰਾਗ ਟੋਡੀ:**

'ਰਾਗਮਾਲਾ', 'ਬੁਧ ਪ੍ਰਕਾਸ਼ ਦਰਪਣ' ਅਨੁਸਾਰ ਇਹ ਦੀਪਕ ਰਾਗ ਦੀ ਰਾਗਣੀ (ਇਸਤ੍ਰੀ) ਹੈ।[70] ਸਰਦੀਆਂ ਵਿਚ ਇਕ ਪਹਰ ਦਿਨ ਚੜ੍ਹੇ ਸਮੇਂ ਤੇ ਗਾਉਣ ਯੋਗ ਇਹ ਰਾਗ, ਵਿਯੋਗ ਦਾ ਸੂਚਕ ਹੈ।[71] ਪਰ ਇਸ ਰਾਗ ਵਿਚ ਭਾਵਾਂ ਦੀ ਵੰਨ-ਸੁਵੰਨਤਾ ਪ੍ਰਗਟਾਉਣ ਦੀ ਸਮਰੱਥਾ ਹਾਸਲ ਹੈ।[72] ਗੁਰੂ ਰਾਮਦਾਸ ਜੀ ਨੇ ਵਿਛੋੜੇ ਦੀ ਹਾਲਤ ਦਾ ਵਰਣਨ ਕਰਦਿਆਂ ਮਿਲਣ ਦੀ ਤਾਂਘ ਦੇ ਭਾਵ ਦਰਸਾਏ ਹਨ:

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ।
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ।।
(ਆਦਿ ਗ੍ਰੰਥ, ਪੰ. 711)

**13. ਰਾਗ ਬੈਰਾੜੀ:**

ਰਾਗਮਾਲਾ ਵਿਚ ਇਹ ਸਿਰੀ ਰਾਗ ਦੀ ਰਾਗਣੀ ਹੈ। ਸਰਦ ਰੁਤ ਦੇ ਤੀਜੇ ਪਹਿਰ ਗਾਉਣ ਯੋਗ ਇਹ ਦੇਸੀ ਰਾਗ ਹੈ ਜੋ ਵਿਯੋਗ ਦੇ ਭਾਵ ਪ੍ਰਗਟ ਕਰਦਾ ਹੈ।[73] ਬੈਰਾੜੀ ਰਾਗ ਵਿਚ ਗੰਧਾਰਵਾਦੀ ਸੁਰ ਹੈ। ਇਸ ਲਈ ਇਹ ਰਾਗ ਕਰੁਣਾ ਰਸ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੈ।[74] ਗੁਰੂ ਰਾਮਦਾਸ ਜੀ ਰਾਹੀਂ ਇਸ ਰਾਗ ਅਧੀਨ ਰਚੇ ਕਾਵਿ ਵਿਚ ਹਰੀ ਦੇ ਗੁਣ ਗਾਉਣ ਦੀ ਪ੍ਰੇਰਣਾ ਰਾਹੀਂ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ ਗਿਆ ਹੈ-

ਹਰਿ ਜਨੁ ਰਾਮ ਨਾਮ ਗੁਨ ਗਾਵੈ। (ਆਦਿ ਗ੍ਰੰਥ, ਪੰਨੇ 719-720)

---

70. ਚਰਨ ਸਿੰਘ (ਡਾ.), ਗੁਰਮਤ ਸੰਗੀਤ, ਭਾਗ ਚੌਥਾ, ਪੰ. 26.
71. ਧਰਮਪਾਲ ਮੈਣੀ (ਡਾ.), ਉਹੀ ਸਥਾਨ
72. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 97.
73. ਧਰਮ ਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿ 'ਇਕ ਪਰਿਚਯ, ਪੰ. 78.
74. ਜਗੀਰ ਸਿੰਘ (ਡਾ.), ਉਹੀ, ਪੰ. 100.

**14. ਰਾਗ ਤਿਲੰਗ**

'ਰਾਗ ਮਾਲਾ' ਅਨੁਸਾਰ ਇਹ ਹਿੰਡੋਲ ਦੀ ਰਾਗਣੀ ਹੈ। 'ਰਾਗ ਦੀਪਕਾ', 'ਸੰਗੀਤ ਦਰਪਣ', 'ਬੁਧ ਪ੍ਰਕਾਸ਼ ਦਰਪਨ' ਵਿਚ ਹਿੰਡੋਲ ਦੀ ਇਸਤ੍ਰੀ ਕਰਕੇ ਲਿਖਿਆ ਹੈ।[75] ਇਹ ਰਾਗ ਮੁਸਲਮਾਨਾਂ ਦਾ ਮਨ ਭਾਉਂਦਾ ਰਾਗ ਹੈ।[76] ਬਰਖਾ ਰੁਤ ਵਿਚ ਗਾਇਆ ਜਾਣ ਵਾਲਾ ਵੈਰਾਗ ਦਾ ਰਾਗ ਹੈ।[77] ਇਸ ਰਾਗ ਦਾ ਵਾਦੀ ਸੁਰ ਗੰਧਾਰ ਹੈ, ਇਸ ਲਈ ਕਰੁਣਾ ਭਾਵ ਦਾ ਪ੍ਰਗਟਾਵਾ ਮਿਲਦਾ ਹੈ।[78] ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਤਿਲੰਗ ਰਾਗ ਵਿਚ ਰਚੀ ਬਾਣੀ ਭਾਵ ਅਤੇ ਰਾਗ ਪਖੋਂ ਸੁਮੇਲਤਾ ਰੱਖਦੀ ਹੈ। ਗੁਰੂ ਰਾਮਦਾਸ ਜੀ ਨੇ ਇਸ ਰੰਗ ਵਿਚ ਬਹੁਤ ਘਟ ਕਾਵਿ ਰਚਿਆ ਹੈ ਪਰ ਇਸ ਵਿਚ ਮੁਸਲਮਾਨੀ ਸ਼ਬਦਾਵਲੀ ਦਾ ਪ੍ਰਭਾਵ ਪ੍ਰਤਖ ਵੇਖਿਆ ਜਾ ਸਕਦਾ ਹੈ:-

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ॥
ਸਚੁ ਸਾਹਿਬੁ ਸਾਚਾ ਖੇਲ ਸਭ ਹਰਿ ਧਨੀ॥੧॥ (ਆਦਿ ਗ੍ਰੰਥ, ਪੰ. 723)

**15. ਰਾਗ ਸੂਹੀ**

ਰਾਗਮਾਲਾ ਵਿਚ ਮੇਘ ਰਾਗ ਦੀ ਰਾਗਣੀ ਸੂਹਬੀ ਹੈ। ਸੂਹੀ ਮੁਸਲਮਾਨਾਂ ਨੇ ਵਧ ਵਰਤਿਆ ਹੈ। ਬਸੰਤ ਰਿਤੂ ਇਸ ਦੇ ਗਾਉਣ ਦਾ ਉਪਯੁਕਤ ਵੇਲਾ ਹੈ।[79] ਸੂਹੀ ਰਾਗ 'ਆਦਿ ਗ੍ਰੰਥ' ਵਿਚ ਐਸਾ ਰਾਗ ਹੈ ਜਿਸ ਦਾ ਸੰਬੰਧ ਉਚੇਰੇ ਤੌਰ ਤੇ ਗ੍ਰਿਹਸਤ ਜੀਵਨ ਦੀ ਖੁਸ਼ੀ ਨਾਲ, ਤੇ ਵਿਆਹ ਦੀ ਰਸਮ ਨਾਲ ਹੈ ਜਿਸ ਤੋਂ ਗ੍ਰਿਹਸਤ ਜੀਵਨ ਦਾ ਆਰੰਭ ਹੁੰਦਾ ਹੈ।[80] ਗੁਰੂ ਰਾਮਦਾਸ ਜੀ ਰਚਿਤ ਲਾਵਾਂ ਨੂੰ ਸਮਾਜਕ ਰਸਮ ਬਨਣ ਦਾ ਇਹ ਮਾਣ ਪ੍ਰਾਪਤ ਹੈ। ਇਸ ਰਾਗ ਵਿਚ ਪੰਚਮ ਸੁਰ ਸਥਾਈ ਹੈ ਇਸ ਲਈ ਇਸ ਰਾਗ ਵਿਚ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ।[81] ਗੁਰੂ ਰਾਮਦਾਸ ਜੀ ਰਚਿਤ ਬਾਣੀ ਵਿਚ ਘਰੇਲੂ ਵਾਤਾਵਰਣ ਵੀ ਉਸਾਰੀ ਹੈ। ਇਸ ਦਾ ਭਾਵ-ਪ੍ਰਬੰਧ ਦੰਪਤੀ ਜੀਵਨ (ਪਤੀ ਪਤਨੀ) ਦੇ ਹੁਆਲੇ ਉਸਰਿਆ ਹੈ। ਸੂਹੀ ਰਾਗ ਹੀ ਵਿਸ਼ੇਸ਼ ਕਰਕੇ ਛੰਤਾਂ ਦਾ ਰਾਗ ਹੈ।[82] ਇਸ ਰਾਗ ਦੀ ਬਾਣੀ ਵਿਚ ਕਾਵਿ

---

75. ਚਰਨ ਸਿੰਘ (ਡਾ.), ਗੁਰਮਤ ਸੰਗੀਤ (ਸੰਪ.) ਭਾਗ ਪਹਿਲਾ, ਪੰਨੇ 26-27.
76. ਤਾਰਨ ਸਿੰਘ (ਡਾ.) 'ਪੰਜਾਬੀ ਕਵਿਤਾ-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ' ਪੰਜਾਬੀਸਾਹਿਤ ਅਤੇ ਸਾਹਿਤਕਾਰ, ਪੰਨੇ 61-62.
77. ਧਰਮ ਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 67.
78. ਜਗੀਰ ਸਿੰਘ (ਡਾ.), ਉਹੀ ਰਚਨਾ, ਪੰ. 101.
79. ਧਰਮ ਪਾਲ ਮੈਣੀ (ਡਾ.), ਉਹੀ ਰਚਨਾ, ਪੰ. 80.
80. ਤਾਰਨ ਸਿੰਘ (ਡਾ.) ਨੇਮ ਤੇ ਪ੍ਰੇਮ, (ਅੰਮ੍ਰਿਤਸਰ, 1964), ਪੰ. 273.
81. ਜਗੀਰ ਸਿੰਘ (ਡਾ), ਉਹੀ ਰਚਨਾ, ਪੰ. 103.
82. ਤਾਰਨ ਸਿੰਘ (ਡਾ.), ਉਹੀ ਰਚਨਾ, ਪੰ. 273.

ਭਾਵ ਅਤੇ ਰਾਗ ਦਾ ਸੁੰਦਰ ਸਮੇਲ ਹੋਇਆ ਹੈ:-

ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿਰਾਮ ਜੀਉ॥ (ਆਦਿ ਗ੍ਰੰਥ, ਪੰ.773)

ਹਰ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਰਾਮ ਜੀਉ॥ (ਆਦਿ ਗ੍ਰੰਥ, ਪੰ.773)

**16. ਰਾਗ ਬਿਲਾਵਲ:**

'ਰਾਗਮਾਲਾ' ਅਤੇ ਰਾਧਾ ਗੋਬਿੰਦ ਸੰਗੀਤ ਸਾਰ' ਅਨੁਸਾਰ ਬਿਲਾਵਲ ਭੈਰਵ ਰਾਗ ਦਾ ਪੁੱਤਰ ਹੈ। ਬਸੰਤ ਰੁਤ ਵਿਚ ਪ੍ਰਭਾਤ ਸਮੇਂ ਗਾਉਣ ਯੋਗ ਇਹ ਰਾਗ ਸਵੈ-ਸੰਤੁਲਨ ਤੋਂ ਉਤਪੰਨ ਹੋਈ ਸ਼ਾਂਤੀ ਤੇ ਜੀਵਨ ਵਿਚ ਸਫ਼ਲਤਾ ਦੀ ਆਸ਼ਾ ਦਾ ਸੂਚਕ ਹੈ।[83] ਇਸ ਰਾਗ ਦਾ ਸੁਰ-ਵਿਧਾਨ ਦਸਦਾ ਹੈ ਕਿ ਇਸ ਵਿਚ ਰਿਸ਼ਭ ਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਭਾਂਤ ਖੰਡੇ ਅਨੁਸਾਰ ਇਹ ਰਾਗ ਸ਼ਿੰਗਾਰ ਰਸੀ ਭਾਵਨਾ ਨੂੰ ਪ੍ਰਗਟਾਂਦਾ ਹੈ। ਗੁਰੂ ਰਾਮਦਾਸ ਜੀ ਦੇ ਰਾਹੀਂ ਇਸ ਰਾਗ ਬਾਰੇ ਹੇਠ ਲਿਖੇ ਭਾਵ ਪ੍ਰਗਟਾਏ ਗਏ ਹਨ:-

ਹਰਿ ਉਤਮੁ ਹਰਿਪ੍ਰਭੁ ਗਾਵਿਆ ਕਰ ਨਾਦੁ ਬਿਲਾਵਲੁ ਰਾਗ॥

.... .... ... .... .... ....

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗ॥

(ਬਿਲਾਵਲ ਕੀ ਵਾਰ, ਆਦਿ ਗ੍ਰੰਥ, ਪੰ.849)

ਗੁਰੂ ਰਾਮਦਾਸ ਜੀ ਦੀ ਕਵਿਤਾ ਦਾ ਬਹੁਤੇ ਹਿਸੇ ਵਿਚ, ਸ਼ਿੰਗਾਰਕ ਤੇ ਖੁਸ਼ੀ ਦੇ ਭਾਵਾਂ ਨੂੰ ਅਨੋਖੇ ਢੰਗ ਨਾਲ ਪ੍ਰਗਟਾਇਆ ਗਿਆ ਹੈ:

ਹਰਿ ਹਰਿ ਹਾਰ ਕੰਠਿ ਹੈ ਬਣਿਆ ਮਨੁ ਮੋਤੀ ਚੂਰ ਵਡ ਗਹਨ ਗਹਨਈਆ॥

(ਆਦਿ ਗ੍ਰੰਥ, ਪੰ. 836)

ਬਿਲਾਵਲ ਰਾਗ ਦੇ ਹੋਰ ਰੂਪਾਂ ਵਿਚੋਂ ਗੁਰੂ ਰਾਮਦਾਸ ਜੀ ਨੇ ਨਟ ਬਿਲਾਵਲ ਵਿਚ ਵੀ ਬਾਣੀ ਰਚੀ ਹੈ।

**17. ਰਾਗ ਗੌਂਡ**

'ਰਾਗਮਾਲਾ', 'ਸੁਰਤਾਲ' ਸਮੂਹ, 'ਰਾਧਾ ਗੋਬਿੰਦ ਸੰਗੀਤ ਸਾਰ' ਅਨੁਸਾਰ ਇਹ ਸਿਰੀ ਰਾਗ ਦਾ ਪੁੱਤਰ (ਰਾਗ) ਹੈ; ਹੇਮੰਤ ਰੁੱਤ ਵਿਚ ਦਿਨ ਦੇ ਤੀਜੇ ਪਹਿਰ ਅਤੇ ਬਰਸਾਤ ਰੁਤ ਵਿਚ ਕਿਸੇ ਵੀ ਵੇਲੇ ਗਾਉਣ ਯੋਗ ਖੁਸ਼ੀ ਅਤੇ ਸੰਜੋਗ ਦਾ ਰਾਗ ਹੈ।[84] ਇਸ ਰਾਗ ਵਿਚ ਰਿਸ਼ਭ

---

83. ਧਰਮ ਪਾਲ ਮੈਨੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 80.
84. ਚਰਨ ਸਿੰਘ (ਡਾ.), ਗੁਰਮਤ ਸੰਗੀਤ (ਸੰਪ.), ਭਾਗ ਦੂਜਾ, ਪੰ. 29.

ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਹੁੰਦੇ ਹਨ, ਇਸ ਲਈ ਇਸ ਰਾਗ ਵਿਚ ਸ਼ਿੰਗਾਰ-ਰਸੀ ਭਾਵ ਪ੍ਰਗਟ ਹੋ ਸਕਦੇ ਹਨ। ਇਸ ਦਾ ਸਥਾਈ ਸੁਰ ਸ਼ੜਜ ਹੈ ਇਸ ਲਈ ਰਾਗ ਵੀਰ ਰੌਦਰ ਅਤੇ ਅਦਭੁਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਵੀ ਅਨੁਕੂਲ ਹੈ।[85] ਗੁਰੂ ਰਾਮਦਾਸ ਰਚਿਤ ਬਾਣੀ ਵਿਚ ਵਿਛੋੜੇ ਦਾ ਦੁਖ, ਸੰਜੋਗ ਦੀ ਖੁਸ਼ੀ ਅਤੇ ਮੇਲ ਦੀ ਅਸਚਰਜਤਾ ਦੇ ਭਾਵ ਪ੍ਰਗਟਾਏ ਗਏ ਹਨ। ਬ੍ਰਿਹਾ ਦੀ ਤੜਪ ਦੇ ਭਾਵਾਂ ਦੀ ਇਕ ਉਦਾਹਰਣ ਵੇਖੋ:

ਮੇਰੇ ਮਨ ਪ੍ਰੇਮ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਜਾਨੈ ਮੇਰੇ ਮਨ ਅੰਤਰ ਕੀ ਪੀਰ॥੧॥ ਰਹਾਉ॥ (ਆਦਿ ਗ੍ਰੰਥ, ਪੰ.861)

## 18. ਰਾਗ ਰਾਮਕਲੀ

ਰਾਗਮਾਲਾ ਅਨੁਸਾਰ ਇਹ ਭਿੰਨ ਰਾਗਣੀ ਹੈ ਯੋਗੀਆਂ ਨੇ ਇਸ ਦਾ ਵਧੇਰੇ ਪ੍ਰਯੋਗ ਕੀਤਾ।[86] ਇਹ ਰਾਗ ਬਸੰਤ ਰਿਤੂ ਦੇ ਸਵੇਰੇ ਗਾਉਣ ਯੋਗ ਹੈ। ਵੈਰਾਗ ਤੇ ਅਧਿਆਤਮਕ ਮਿਲਨ ਦੀ ਆਸਾ ਉਤਪੰਨ ਕਰਦਾ ਹੈ।[87] ਰਾਮਕਲੀ ਰਾਗ ਭੈਰਵ ਠਾਟ ਤੋਂ ਉਤਪੰਨ ਹੁੰਦਾ ਹੈ। ਭੈਰਵ ਠਾਟ ਤੋਂ ਉਤਪੰਨ ਸਾਰੇ ਰਾਗਾਂ ਵਿਚ ਭਗਤੀ, ਤਿਆਗ, ਦੇਵੀ ਉਪਾਸ਼ਨਾ, ਪ੍ਰਾਰਥਨਾ ਅਤੇ ਖਰੀ ਪਿਆਰ ਦੀ ਭਾਵਨਾ ਨਿਹਿਤ ਰਹਿੰਦੀ ਹੈ। ਇਨ੍ਹਾਂ ਦੇ ਵਿਸ਼ੇ ਧਾਰਮਿਕ, ਗਹਨ, ਰਹੱਸਮਈ ਅਤੇ ਬੁਧੀ ਨੂੰ ਪ੍ਰਕਾਸ਼ ਦੇਣ ਵਾਲੇ ਹੁੰਦੇ ਹਨ। ਭੈਰਵ ਠਾਟ ਦਾ ਰਾਗ ਹੋਣ ਕਰਕੇ ਰਾਮਕਲੀ ਵਿਚ ਵੀ ਇਹ ਗੁਣ ਪਾਏ ਜਾਂਦੇ ਹਨ।[88] ਗੁਰੂ ਰਾਮਦਾਸ ਜੀ ਇਸ ਰਾਗ ਦੇ ਭਾਵਾਂ ਦੇ ਅਧੀਨ ਆਪਣੇ ਆਪ ਨੂੰ ਪਰਮਾਤਮਾ ਦੀ ਭਗਤੀ ਵਿਚ ਲੀਨ ਕਰਨ ਲਈ ਆਪਾ ਭਾਵ ਮਿਟਾ ਦੇਣ ਦੀ ਭਾਵਨਾ ਪ੍ਰਗਟ ਕਰਦੇ ਹਨ:-

ਮੋਕਉ ਧਾਰਿ ਕ੍ਰਿਪਾ ਜਗ ਜੀਵਨ ਦਾਤੇ ਹਰਿ ਸੰਤ ਪਗੀ ਲੇ ਪਾਵੈ॥
ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ॥4॥3॥
(ਆਦਿ ਗ੍ਰੰਥ, ਪੰ. 881)

---

85. ਜਗੀਰ ਸਿੰਘ (ਡਾ:) ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨੇ 106-107.
86. ਤਾਰਨ ਸਿੰਘ (ਡਾ.), ਪੰਜਾਬੀ ਕਵਿਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ, ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰ. 62.
87. ਧਰਮਪਾਲ ਮੈਣੀ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ.82.
88. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਗਤੀਕਾਲੀਨ ਸਾਹਿਤਯ ਮੇਂ ਸੰਗੀਤ, ਪੰਨੇ 257-58.

**19. ਰਾਗ ਨਟ-ਨਾਰਾਇਨ :**

ਰਾਗਮਾਲਾ ਅਨੁਸਾਰ ਇਹ ਮੇਘ ਰਾਗ ਦਾ ਪੁੱਤਰ ਹੈ, ਬਰਖਾ ਰੁਤ ਦੇ ਤੀਜੇ ਪਹਿਰ ਵਿਚ ਗਾਉਣਯੋਗ; ਪ੍ਰਸੰਨਤਾ ਦਾ ਸੂਚਕ ਹੈ।[89] ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿਚ ਲਗਦੀਆਂ ਹਨ; ਸ਼ਿੰਗਾਰ ਅਤੇ ਖੁਸ਼ੀ ਦੇ ਭਾਵ ਪ੍ਰਗਟ ਹੁੰਦੇ ਹਨ।[90] ਇਸ ਰਾਗ ਵਿਚ ਕੇਵਲ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਕਾਵਿ ਤੇ ਰਾਗ ਦੀਆਂ ਸੁੰਦਰ ਮਿਸਾਲਾਂ ਨਿਮਨਲਿਖਤ ਹਨ:-

— ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੈ॥3॥ (ਆਦਿ ਗ੍ਰੰਥ, ਪੰ.975)

— ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ॥ (ਆਦਿ ਗ੍ਰੰਥ, ਪੰ.977)

**20. ਰਾਗ ਮਾਲੀ ਗਉੜਾ:**

ਰਾਗਮਾਲਾ ਅਨੁਸਾਰ ਇਹ ਭਿੰਨ ਰਾਗ ਹੈ ਅਤੇ ਕਿਸੇ ਹੋਰ ਥੀਮਾਵਲੀ ਵਿਚ ਵੀ ਅੰਕਿਤ ਨਹੀਂ ਹੈ। ਦੁਪਹਿਰ ਨੂੰ ਗਾਉਣ ਯੋਗ ਇਹ ਰਾਗ ਉਮੰਗ ਅਰਥਾਤ ਪ੍ਰਸੰਨਤਾ ਦੇਣ ਵਾਲਾ ਹੈ।[91] ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ ਇਹੀ ਭਾਵ ਅੰਕਿਤ ਹਨ:-

ਪ੍ਰਭ ਕੇ ਮਸਤਕੇ ਧੁਰਿ ਲੇਖਿਆ ਗੁਰਮਤੀ ਹਰਿ ਲਿਵ ਲਾਇਓ
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ॥2॥
- - - - - - - - - - - -
ਮਨਿ ਅਨਦੁ ਭਇਆ ਗੁਰੁ ਪਾਇਆ ਜਨ ਨਾਨਕ ਸਬਦਿ ਨਿਹਾਲ॥4॥5॥
(ਆਦਿ ਗ੍ਰੰਥ, ਪੰ. 985)

**21. ਰਾਗ ਮਾਰੂ:**

ਰਾਗਮਾਲਾ ਅਨੁਸਾਰ ਇਹ ਮਾਲਕੌਸ ਰਾਗ ਦਾ ਪੁੱਤਰ ਹੈ। ਸਰਦੀਆਂ ਦੀ ਦੁਪਹਿਰ ਤੋਂ ਮਗਰੋਂ ਗਾਉਣ ਵਾਲਾ ਇਹ ਰਾਗ ਓਜ ਦੁਖਾਰ ਦੀ ਪ੍ਰੇਰਣਾ ਦਿੰਦਾ ਹੈ।[92] ਮਾਰੂ ਰਾਗਨੀ ਦਾ ਜੋ ਚਿਤ੍ਰ ਪ੍ਰਾਪਤ ਹੁੰਦਾ ਹੈ ਉਸ ਵਿਚ ਵੀ ਬੀਰ-ਰਸ ਅਤੇ ਬੀਰ ਵੇਸ-ਭੂਸ਼ਾ ਦਾ ਚਿਤਰਣ ਕੀਤਾ ਗਿਆ ਮਿਲਦਾ

---

89. ਧਰਮਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਪੰ. 83.
90. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨੇ 110-111
91. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪ.) ਭਾਗ ਚਾਰ, ਪੰ. 33.
92. ਧਰਮ ਪਾਲ ਮੈਣੀ (ਡਾ.), ਉਹੀ ਰਚਨਾ, ਪੰ. 84.

ਹੈ। ਸਿਖ ਮਤ ਵਿਚ ਮਨੁੱਖ ਦੇ ਅੰਤਮ ਸੰਸਕਾਰ ਵੇਲੇ ਜਦ ਤਕ ਮਨੁੱਖ ਦੀ ਦੇਹ ਦਾ ਸੰਸਕਾਰ ਨਹੀਂ ਕੀਤਾ ਜਾਂਦਾ ਮਾਰੂ ਦੇ ਸ਼ਬਦ ਤੇ ਵਾਰ ਗਾਈ ਜਾਂਦੀ ਹੈ।[93] ਗੁਰੂ ਰਾਮਦਾਸ ਜੀ ਰਚਿਤ ਸ਼ਬਦਾਂ ਵਿਚ ਉਦਾਸੀ ਦੇ ਭਾਵ ਨਹੀਂ ਹਨ, ਸਗੋਂ ਵੀਰ ਰਸ ਨਾਲ ਪਰਿਪੂਰਣ ਉਤਸ਼ਾਹ ਅਤੇ ਪ੍ਰੇਰਨਾ ਦੇ ਭਾਵ ਹਨ:-

ਨਿਰਭਉ ਨਿਰੰਕਾਰੁ ਸਤਿਨਾਮੁ॥
ਜਗ ਮਹਿ ਸ੍ਰੇਸਟੁ ਊਤਮ ਕਾਮੁ॥
ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ॥2॥

(ਆਦਿ ਗ੍ਰੰਥ, ਪੰ. 998)

## 22. ਰਾਗ ਤੁਖਾਰੀ

ਰਾਗਮਾਲਾ ਅਨੁਸਾਰ ਇਹ ਭਿੰਨ ਦੇਸੀ ਰਾਗਣੀ ਹੈ ਜੋ ਹੋਰ ਕਿਸੇ ਰਾਗਾਵਲੀ ਵਿਚ ਵੀ ਅੰਕਿਤ ਨਹੀਂ ਹੈ।[94] ਸਰਦ ਰਿਤੂ ਦੇ ਸਵੇਰੇ ਗਾਉਣ ਯੋਗ ਇਹ ਰਾਗ ਖੁਸ਼ੀ ਤੇ ਵਿਯੋਗ ਦੇ ਭਾਵ ਉਤਪੰਨ ਕਰਨ ਵਾਲਾ ਹੈ।[95] ਇਸ ਰਾਗ ਦਾ ਵਾਦੀ ਸੁਰ ਪੰਚਮ ਹੈ। ਇਸ ਲਈ ਅਚਾਰੀਆ ਬ੍ਰਿਹਸਪਤੀ ਦੇ ਸਿਧਾਂਤ ਅਨੁਸਾਰ ਇਹ ਰਾਗ ਵਿਯੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟ ਕਰਨ ਵਿਚ ਸਹਾਈ ਹੋ ਸਕਦਾ ਹੈ।[96] ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਅਨੁਭਵ ਤੇ ਰਾਗ ਦੀ ਏਕਤਾ ਵਿਦਮਾਨ ਹੈ। ਸ਼ਿੰਗਾਰਕ ਭਾਵਾਂ ਦੀ ਉਦਾਹਰਣ ਵੇਖੋ:-

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ॥ (ਆਦਿ ਗ੍ਰੰਥ, ਪੰ. 1113)

ਵਿਯੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਗੁਰੂ ਰਾਮਦਾਸ ਜੀ ਨੇ ਇਸ ਕਾਵਿ ਵਿਚ ਪਪੀਹੇ ਦੇ ਬਿੰਬ ਰਾਹੀਂ ਭਾਵ ਪ੍ਰਗਟ ਕੀਤੇ ਹਨ:-

ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ।

(ਆਦਿ ਗ੍ਰੰਥ, ਪੰ. 1113)

## 23. ਰਾਗ ਕੇਦਾਰਾ

ਰਾਗਮਾਲਾ, 'ਬੁਧ ਪ੍ਰਕਾਸ਼ ਦਰਪਨ', 'ਰਾਧਾ ਗੋਬਿੰਦ ਸੰਗੀਤ' ਵਿਚ ਰਾਗ ਮੇਘ ਦੇ ਪੁੱਤਰ ਦੇ ਤੌਰ ਤੇ ਲਿਖਿਆ ਹੈ।[97] ਇਸ ਨੂੰ ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ। ਇਸ

---

93. ਚਰਨ ਸਿੰਘ (ਡਾ.), ਗੁਰਮਤ ਸੰਗੀਤ (ਸੰਪਾ.), ਭਾਗ ਪਹਿਲਾ, ਪੰ 32.
94. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪਾ.), ਭਾਗ [illegible], ਪੰ. 32.
95. ਧਰਮ ਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਪੰ. 84.
96. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 112.
97. ਚਰਨ ਸਿੰਘ (ਡਾ.), ਉਹੀ ਰਚਨਾ, ਪੰ. 33.

ਦੇ ਮੁਖ ਭਾਵ ਖੁਸ਼ੀ ਤੇ ਵਿਯੋਗ ਦੇਣ ਵਾਲੇ ਹਨ।[98] ਕੇਦਾਰਾ ਕਲਿਆਨ ਠਾਟ ਦਾ ਰਾਗ ਹੈ।[99] ਇਸ ਦਾ ਜੋ ਚਿਤ੍ਰ ਉਪਲਬਧ ਹੁੰਦਾ ਹੈ ਉਸ ਵਿਚ ਵਿਯੋਗ ਦੀ ਭਾਵਨਾ ਚਿਤ੍ਰਤ ਕੀਤੀ ਗਈ ਹੈ।[100] ਇਸ ਰਾਗ ਵਿਚ ਮਧਮ ਸੁਰ ਵਾਦੀ ਹੈ ਇਸ ਲਈ ਇਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟ ਕਰਨ ਵਿਚ ਸਹਾਈ ਹੁੰਦਾ ਹੈ। ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ ਪ੍ਰਭੂ-ਮੇਲ ਅਤੇ ਪ੍ਰਭੂ ਮਿਲਾਪ ਦੇ ਭਾਵਾਂ ਨੂੰ ਪ੍ਰਗਟਾਇਆ ਗਿਆ ਹੈ:-

ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ॥4॥੧॥

(ਆਦਿ ਗ੍ਰੰਥ, ਪੰ. 1118)

## 24. ਰਾਗ ਭੈਰਉ

ਭੈਰਉ ਸਵੇਰ ਦੇ ਸਮੇਂ ਗਾਇਆ ਜਾਣ ਵਾਲਾ ਰਾਗ ਹੈ। ਇਹ ਭਗਤੀ ਰਸ ਦਾ ਰਾਗ ਹੈ। ਇਸ ਰਾਗ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਦੇ ਗਾਣ ਨਾਲ ਕੁਝ ਸਮੇਂ ਦੇ ਲਈ ਮਨੁੱਖੀ ਹਿਰਦੇ ਨੂੰ ਸੰਸਾਰ ਤੋਂ ਅਲਗਾਵ ਹੋ ਕੇ ਸ਼ਾਂਤੀ ਮਿਲਦੀ ਹੈ।[101] ਪੰਡਤ ਰਵੀ ਸ਼ੰਕਰ ਦਾ ਵਿਚਾਰ ਹੈ ਕਿ ਭੈਰਵ ਰਾਗ ਦੇ ਗਾਇਨ ਨਾਲ ਮਨੁੱਖ ਦੀ ਚੰਚਲ ਬਿਰਤੀ ਭਗਤੀ ਭਾਵਾਂ ਵਾਲੀ ਹੋ ਜਾਂਦੀ ਹੈ।[102] ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸੁਰ ਕੋਮਲ ਰੂਪ ਵਿਚ ਲਾਏ ਜਾਂਦੇ ਹਨ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਵਿਚ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ।[103] ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ ਪਰਮਾਤਮਾ ਦੇ ਨਾਮ ਸਿਮਰਨ ਉਤੇ ਜ਼ੋਰ ਦਿੱਤਾ ਗਿਆ ਹੈ। ਸਵੇਰ ਦੀ ਮੰਗਲ ਆਰਤੀ ਅਤੇ ਮੰਦਰ ਜਾਣ ਦੀ ਥਾਂ ਤੇ ਸਾਧ ਸੰਗਤ ਦੇ ਮੇਲ ਨੂੰ ਪ੍ਰੇਰਿਆ ਗਿਆ ਹੈ:-

ਸੰਗਤਿ ਸਾਧ ਮੇਲਿ ਹਰਿ ਗਾਇਣੁ॥
ਗੁਰਮਤੀ ਲੇ ਰਾਮ ਰਸਾਇਣੁ॥2॥ (ਆਦਿ ਗ੍ਰੰਥ, ਪੰ. 1134)

ਸਾਧ ਸੰਗਤ ਜਾਂ ਸਤਿ-ਸੰਗਤ ਨੂੰ ਤੀਰਥ ਅਸਥਾਨਾਂ ਦੇ ਇਸ਼ਨਾਨ ਦੀ ਪਦਵੀ ਦਿਤੀ ਹੈ:-

ਸਤ ਸੰਗਤਿ ਸਾਧ ਧੂਰਿ ਮੁਖਿ ਪਰੀ ਇਸਨਾਨੁ ਕੀਓ ਅਠਸਠਿ ਗੁਰਸਰੀ॥3॥

(ਆਦਿ ਗ੍ਰੰਥ, ਪੰ. 1134)

---

98. ਧਰਮ ਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 85.
99. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 282.
100. ਊਸ਼ਾ ਗੁਪਤਾ (ਡਾ.), ਉਹੀ ਰਚਨਾ, ਪੰ. 228.
101. ਊਸ਼ਾ ਗੁਪਤਾ (ਡਾ.), ਉਹੀ ਰਚਨਾ, ਪੰਨੇ 250-51.
102. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 118.
103. ਉਹੀ, ਪੰ. 117.

## 25. ਰਾਗ ਬਸੰਤ:

ਬਸੰਤ ਰਾਗ ਦਾ ਗਾਇਨ ਵਿਸ਼ੇਸ਼ ਰੂਪ ਵਿਚ ਬਸੰਤ ਰੁਤ ਵਿਚ ਕੀਤਾ ਜਾਂਦਾ ਹੈ। ਇਹ ਰਾਗ ਆਨੰਦ, ਖੁਸ਼ੀ ਅਤੇ ਆਸ਼ਾ ਦਾ ਪ੍ਰਤੀਕ ਹੈ।[104] ਇਸ ਰਾਗ ਵਿਚ ਲਗਾਂ ਵਾਲੇ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਇਸਨੂੰ ਕਰੁਣ ਅਤੇ ਸ਼ਾਂਤ ਭਾਵ ਪ੍ਰਗਟ ਕਰਨ ਦੇ ਯੋਗ ਬਣਾ ਦਿੰਦੇ ਹਨ।[105] ਗੁਰੂ ਰਾਮਦਾਸ ਜੀ ਨੇ ਇਸ ਰਾਗ ਦੇ ਰੂਪ, ਬਸੰਤ ਹਿੰਡੋਲ ਅਧੀਨ ਕਾਵਿ ਰਚਿਆ ਹੈ। ਹਿੰਡੋਲ ਰਾਗ, ਸੰਜੋਗ ਸ਼ਿੰਗਾਰ, ਪ੍ਰੇਮ ਅਤੇ ਖੁਸ਼ੀ ਦਾ ਪ੍ਰਤੀਕ ਹੈ।[106]

ਰਾਗਮਾਲਾ ਅਨੁਸਾਰ ਇਹ ਹਿੰਡੋਲ ਰਾਗ ਦਾ ਪੁੱਤਰ ਹੈ। ਗੁਰਮਤਿ ਸੰਗੀਤ ਵਿਚ ਬਸੰਤ ਹਿੰਡੋਲ ਮੰਨਿਆ ਹੈ ਹੋਰ ਕਿਸੇ ਮਤ ਵਿਚ ਨਹੀਂ ਮੰਨਿਆ ਗਿਆ।[107] ਬਸੰਤ ਸਾਰੀ ਕੌਮ ਦਾ ਰਾਗ ਹੈ।[108] ਗੁਰੂ ਰਾਮਦਾਸ ਜੀ ਨੇ ਇਸ ਰਾਗ ਦੇ ਭਾਵ ਅਨੁਕੂਲ ਖੁਸ਼ੀ ਅਤੇ ਆਸ਼ਾ ਦੇ ਭਾਵ ਪ੍ਰਗਟਾਏ ਹਨ:-

ਸਭੁ ਆਲਸੁ ਦੂਖਿ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ॥੧॥ ਰਹਾਉ॥
(ਆਦਿ ਗ੍ਰੰਥ, ਪੰ. 1177)

## 26. ਰਾਗ ਸਾਰੰਗ:

ਰਾਗਮਾਲਾ ਅਨੁਸਾਰ ਇਹ ਸਿਰੀ ਰਾਗ ਦਾ ਪੁੱਤਰ ਹੈ। ਬਰਖਾ ਰਿਤੂ ਦੇ ਦੁਪਹਿਰ ਨੂੰ ਗਾਉਣ ਯੋਗ ਰਾਗ ਹੈ ਇਹ ਬਰਖਾ ਤੇ ਪਿਆਸੇ ਸਾਰੰਗ ਦੀ ਯਾਦ ਦਿਵਾਉਂਦਾ ਹੈ। ਇਸ ਤਰੀਕੇ ਨਾਲ ਆਤਮਾ ਭੀ ਨਾਮ-ਰਸ ਪੀਣਾ ਚਾਹੁੰਦੀ ਹੈ। ਨਾਮ ਰੂਪੀ ਜਲ ਹੀ ਮਿਲਣ ਦੀ ਪਿਆਸ ਨੂੰ ਬੁਝਾ ਸਕਦਾ ਹੈ। ਇਸ ਰਾਗ ਦੀ ਬਾਣੀ ਵਿਚ ਚਾਤ੍ਰਿਕ ਅਤੇ ਮੋਰ ਦੇ ਪ੍ਰਤੀਕਾਂ ਰਾਹੀਂ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਅਤੇ ਦਰਸ਼ਨ ਹੋਣ ਤੇ ਮੋਰ ਵਰਗੀ ਵਾਲੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਨੇ ਇਸ ਰਾਗ ਦੀ ਕਵਿਤਾ ਵਿਚ ਪ੍ਰਭੂ-ਪ੍ਰੇਮ ਅਤੇ ਨਾਮ ਸਿਮਰਨ ਤੋ ਪੈਦਾ ਹੋਏ ਆਨੰਦ ਦਾ ਵਰਣਨ ਬਰਸਾਤ ਦੇ ਨਾਦ ਬਿੰਬ ਰਾਹੀਂ ਕੀਤਾ ਹੈ:-

ਸਾਵਣ ਆਇਆ ਝਿਮ ਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥ (ਆਦਿ ਗ੍ਰੰਥ, ਪੰ. 1250)

---

104. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇ ਸੰਗੀਤ, ਪੰਨੇ 254-55.
105. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 120.
106. ਊਸ਼ਾ ਗੁਪਤਾ (ਡਾ.), ਉਹੀ ਰਚਨਾ, ਪੰ. 265.
107. ਚਰਨ ਸਿੰਘ (ਡਾ.), ਗੁਰਮਤ ਸੰਗੀਤ, (ਸੰਪ.), ਭਾਗ ਪਹਿਲਾ, ਪੰ. 29.
108. ਤਾਰਨ ਸਿੰਘ (ਡਾ.), ਪੰਜਾਬੀ ਕਵਿਤਾ-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰ. 62.
109. ਧਰਮ ਪਾਲ ਮੈਨੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ' ਇਕ ਪਰਿਚਯ', ਪੰ. 88.

27. ਰਾਗ ਮਲਾਰ

ਇਹ ਮੇਘ ਰਾਗ ਦੀ ਪਹਿਲੀ ਰਾਗਨੀ ਮਲਾਰੀ ਹੈ।[110] ਬਰਖਾ ਰੁੱਤ ਵਿਚ ਅੱਧੀ ਰਾਤ ਵੇਲੇ ਬਰਖਾ ਹੁੰਦੇ ਹੋਏ ਇਹ ਰਾਗ ਗਾਇਆ ਜਾਂਦਾ ਹੈ। ਸਾਰੰਗ ਤ੍ਰੇਹ ਦਾ ਰਾਗ ਸੀ ਤੇ ਇਹ ਤ੍ਰੇਹ ਤ੍ਰਿਪਤੀ ਦਾ, ਉਸ ਦੀ ਆਸ਼ਾ ਵਿਚ ਪ੍ਰਸੰਨਤਾ ਸੀ, ਖੁਸ਼ੀ ਸੀ, ਤੇ ਇਸ ਦੀ ਤ੍ਰਿਪਤੀ ਵਿਚ ਹੈ।[111] ਰਾਗ ਮਲਹਾਰ' ਬਰਸਾਤ ਵਿਚ ਵਿਸ਼ੇਸ਼ ਰੂਪ ਵਿਚ ਗਾਇਆ ਜਾਂਦਾ ਹੈ। ਇਹ ਆਨੰਦ ਖੁਸ਼ੀ, ਪ੍ਰੇਮ ਅਤੇ ਸ਼ਿੰਗਾਰ ਦਾ ਪ੍ਰਤੀਕ ਹੈ।[112] ਗੁਰੂ ਰਾਮਦਾਸ ਰਚਿਤ ਕਾਵਿ ਵਿਚ ਇਸ ਰਾਗ ਦੇ ਅਨੁਕੂਲ ਹੀ ਭਾਵ ਪ੍ਰਗਟ ਹੋਏ ਹਨ:—

ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ॥੧॥ਰਹਾਉ॥

(ਆਦਿ ਗ੍ਰੰਥ, ਪੰ. 1264)

ਤਿਨ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ॥੧॥

(ਆਦਿ ਗ੍ਰੰਥ, ਪੰ. 1264)

ਰਾਗ ਮਲਾਰ ਵਿਚ ਵਰਖਾ, ਬੱਦਲ ਅਤੇ ਵਰਖਾ ਤੋਂ ਉਤਪੰਨ ਆਨੰਦ ਆਦਿ ਭਾਵਾਂ ਦਾ ਮਧੁਰ ਗਾਇਨ ਕੀਤਾ ਜਾਂਦਾ ਹੈ। ਮਲਾਰ ਰਾਗ ਦਾ ਜੋ ਚਿਤ੍ਰ ਪ੍ਰਾਪਤ ਹੁੰਦਾ ਹੈ ਉਸ ਵਿਚ ਆਕਾਸ਼ ਤੇ ਕਾਲੇ ਬੱਦਲ ਛਾਏ ਹੋਏ ਹਨ, ਬਿਜਲੀ ਚਮਕ ਰਹੀ ਹੈ ਅਤੇ ਬੱਦਲਾਂ ਦੀ ਕੜਕ ਤੋਂ ਘਨ-ਗਰਜਨ ਹੋ ਰਿਹਾ ਹੈ।[113] ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ ਵੀ ਕੁਝ ਇਹੋ ਜਿਹੇ ਹੀ ਭਾਵ ਪ੍ਰਗਟਾਏ ਗਏ ਹਨ।

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ॥2॥ (ਆਦਿ ਗ੍ਰੰਥ, ਪੰ. 1265)

28. ਰਾਗ ਕਾਨੜਾ

ਗਰਮੀਆਂ ਵਿਚ ਗਾਉਣ ਯੋਗ ਇਹ ਰਾਗ ਪ੍ਰਸੰਨਤਾ ਦਾ ਸੂਚਕ ਹੈ।[114] ਇਸ ਰਾਗ ਦਾ ਸੁਰ-ਸੰਦਰਭ ਅਤੇ ਪਰੰਪਰਾਗਤ ਭਾਵ ਵੀਰ ਰਸੀ ਹੈ।[115] ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ

---

110. ਰਤਨ ਸਿੰਘ (ਡਾ.), ਗੁਰਮਤ ਸੰਗੀਤ (ਸੰਪ.), ਭਾਗ ਦੋਕਾ, ਪੰ. 37.
111. ਧਰਮ ਪਾਲ ਸੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 88.
112. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 237.
113. ਊਸ਼ਾ ਗੁਪਤਾ (ਡਾ.), ਉਹੀ ਰਚਨਾ ਪੰ. 265.
114. ਧਰਮ ਪਾਲ ਸੈਣੀ (ਡਾ.), ਉਹੀ ਰਚਨਾ, ਪੰ. 89.
115. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨੇ 123-24.

ਮਿਲਾਪ ਦੀ ਖੁਸ਼ੀ ਦੇ ਭਾਵ ਪ੍ਰਗਟ ਹੋਏ ਮਿਲਦੇ ਹਨ:-

ਅਨਦਿਨੁ ਅਨਦੁ ਭਇਆ ਮਨੁ ਬਿਗਸਿਆ ਉਦਮ ਭਏ ਮਿਲਨ ਕੀ ਆਸ॥੧॥

(ਆਦਿ ਗ੍ਰੰਥ, ਪੰ. 1295)

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥3॥

(ਆਦਿ ਗ੍ਰੰਥ, ਪੰ. 1308)

ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਲਗਦੇ ਹਨ। ਇਸ ਲਈ ਇਹ ਸ਼ਿੰਗਾਰ ਭਾਵ ਪ੍ਰਗਟ ਕਰਨ ਵਿਚ ਸਹਾਈ ਹੁੰਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਰਾਗ ਅਧੀਨ ਰਚੇ ਕਾਵਿ ਵਿਚ ਪੌਰਾਣਿਕ ਪ੍ਰਤੀਕਾਂ ਰਾਹੀਂ ਪ੍ਰਗਟ ਕੀਤਾ ਹੈ ਕਿ ਮਨੁੱਖ ਦੀ ਜ਼ਿੰਦਗੀ ਵਿਚ ਨਾਮ ਹੀ ਸਹਾਈ ਹੋਵੇਗਾ। ਉਨ੍ਹਾਂ ਨੇ ਇਸ ਰਾਗ ਦੇ ਸ਼ਿੰਗਾਰ ਦੇ ਭਾਵਾਂ ਤੋਂ ਉਲਟ ਭਾਵ ਪ੍ਰਗਟ ਕਰਨ ਦਾ ਯਤਨ ਕੀਤਾ ਹੈ :-

— ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ॥ (ਆਦਿ ਗ੍ਰੰਥ, ਪੰ. 1318)

— ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ॥ (ਆਦਿ ਗ੍ਰੰਥ, ਪੰ. 1318)

— ਕਨਿਕ ਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰ ਆਵੈਗੋ॥5॥

(ਆਦਿ ਗ੍ਰੰਥ, ਪੰ. 1308)

## 29. ਰਾਗ ਕਲਿਆਨ

ਰਾਗਮਾਲਾ ਅਨੁਸਾਰ ਇਹ ਦੀਪਕ ਦਾ ਪੁੱਤਰ ਹੈ। ਗਰਮੀ ਦੇ ਮਗਰੋਂ ਬਰਖਾ ਰੁੱਤ ਦੀ ਰਾਤ ਵਿਚ ਗਾਉਣ ਵਾਲਾ ਇਹ ਰਾਗ ਖੁਸ਼ੀ ਪੈਦਾ ਕਰਦਾ ਹੈ।[116] ਇਸ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਲਗਦੇ ਹਨ, ਇਸ ਲਈ ਇਹ ਸ਼ਿੰਗਾਰ ਭਾਵ ਪ੍ਰਗਟ ਕਰਨ ਵਿਚ ਸਹਾਈ ਹੁੰਦਾ ਹੈ। ਪਰ ਕਈ ਵਿਦਵਾਨ ਇਸ ਨੂੰ ਗੰਭੀਰ ਪ੍ਰਕਿਰਤੀ ਦਾ ਅਤੇ ਸ਼ਾਂਤ ਰਸ ਪ੍ਰਧਾਨ ਰਾਗ ਕਹਿੰਦੇ ਹਨ।[117] ਗੁਰੂ ਰਾਮਦਾਸ ਜੀ ਨੇ ਗੁਰੂ-ਪ੍ਰੇਮ ਨੂੰ ਬੜੇ ਭਾਵ ਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ:-

ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸਰੀਜੈ
ਨਿਰਖਤ ਨਿਰਖਤ ਰੈਨਿ ਸਭ ਨਿਰਖੀ ਮੁਖ ਕਾਢੈ ਅੰਮ੍ਰਿਤੁ ਪੀਜੈ॥੧॥(ਆਦਿ ਗ੍ਰੰਥ, ਪੰ. 1326)

---

116. ਧਰਮ ਪਾਲ ਸੈਨੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰ. 89.

117. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰ. 124.

## 30. ਰਾਗ ਪ੍ਰਭਾਤੀ

ਰਾਗਮਾਲਾ ਅਨੁਸਾਰ ਇਹ ਭਿੰਨ ਰਾਗਣੀ ਹੈ। ਸਰਦੀਆਂ ਦੀ ਪ੍ਰਾਤਾਕਾਲ ਵਿਚ ਗਾਉਣ ਜੋਗ ਇਹ ਰਾਗ ਉਸ ਅਹਲਾਦ (ਅੰਦਰੂਨੀ ਆਨੰਦ) ਦਾ ਪਰਿਚਯ ਕਰਾਉਣ ਵਾਲਾ ਹੈ ਜਿਹੜਾ ਜੀਵ ਨੂੰ ਅੰਤਰ ਗਿਆਨ ਹੋਣ ਨਾਲ ਪ੍ਰਾਪਤ ਹੁੰਦਾ ਹੈ।[118] ਗੁਰੂ ਰਾਮਦਾਸ ਜੀ ਨੇ ਇਸ ਰਾਗ ਨਾਲ ਬਿਭਾਸ ਰਾਗ ਦਾ ਪ੍ਰਯੋਗ ਕੀਤਾ ਹੈ। ਬਿਭਾਸ (ਵਿਭਾਸ) ਸਵੇਰ ਦੀ ਰਾਗਿਨੀ ਹੈ ਅਤੇ ਇਹ ਸੰਯੋਗ -ਸ਼ਿੰਗਾਰ ਦੇ ਵਰਨਣ ਦੇ ਲਈ ਵਧੇਰੇ ਉਪਯੁਕਤ ਹੈ।[119] ਇਸ ਵਿਚ ਬਿਭਾਸ ਦਾ ਸ਼ਾਬਦਿਕ ਅਰਥ 'ਚਾਨਣ' ਹੈ ਇਸ ਲਈ ਇਸ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ।[120] ਗੁਰੂ ਰਾਮਦਾਸ ਜੀ ਰਚਿਤ ਕਾਵਿ ਵਿਚ ਇਸ ਰਾਗ ਦੇ ਸਮੇਂ ਦਾ ਖਿਆਲ ਰਖਿਆ ਗਿਆ ਹੈ:-

ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ॥

(ਆਦਿ ਗ੍ਰੰਥ, ਪੰ. 1335)

ਗੁਰੂ ਰਾਮਦਾਸ ਜੀ ਨੇ ਇਸ ਰਾਗ ਦੇ ਸੰਜੋਗ ਅਤੇ ਸ਼ਿੰਗਾਰ ਦੇ ਭਾਵ ਪ੍ਰਗਟ ਨਹੀਂ ਹੋਏ ਸਗੋਂ ਪਰਮਾਤਮਾ ਦੇ ਗੁਣਾਂ ਦੇ ਗਾਇਣ ਤੋਂ ਆਨੰਦ ਦੇ ਭਾਵ ਵਿਅਕਤ ਕੀਤੇ ਹਨ:-

ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ॥

(ਆਦਿ ਗ੍ਰੰਥ, ਪੰ. 1335)

## (ਅ) ਗੁਰੂ ਰਾਮਦਾਸ ਇਕ ਲੋਕ ਸੰਗੀਤਕਾਰ ਅਤੇ ਵਾਰਕਾਰ

ਗੁਰੂ ਰਾਮਦਾਸ ਜੀ ਦੇ ਕਾਵਿ ਦਾ ਰਾਗਦੇ ਤੱਤਾਂ ਦੇ ਆਧਾਰ ਤੇ ਅਧਿਅਨ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਗੁਰੂ ਰਾਮਦਾਸ ਜੀਨੇ ਰਾਗ ਦਾ ਪ੍ਰਯੋਗ ਬੜੀ ਕਲਾ ਪਰਬੀਨਤਾ ਨਾਲ ਕੀਤਾ ਹੈ। ਗੁਰੂ ਰਾਮਦਾਸ ਜੀ ਦੇ ਕਾਵਿ ਦੀ ਸੰਗੀਤਕਤਾ ਦਾ ਹੋਰ ਪਹਿਲੂ ਉਨ੍ਹਾਂ ਦਾ ਸਫ਼ਲਤਾ ਪੂਰਵਕ ਵਾਰਾਂ, ਛੰਤ, ਅਤੇ ਘੋੜੀਆਂ ਵਰਗੇ ਹਰਮਨ ਪਿਆਰੇ ਲੋਕ-ਕਾਵਿ ਰੂਪਾਂ ਨੂੰ ਸੰਗੀਤ ਦੇ ਨਾਲ ਮੇਲਣ ਦਾ ਹੈ। ਉਨ੍ਹਾਂ ਨੇ ਜਿਥੇ ਇਨ੍ਹਾਂ ਲੋਕ-ਕਾਵਿ -ਰੂਪਾਂ ਨੂੰ ਵਿਚਾਰ ਅਤੇ ਭਾਵਨਾਂ ਦੇ ਪਖ ਤੋਂ ਸੇਧ ਦਿੱਤੀ, ਉਥੇ ਇਨ੍ਹਾਂ ਕਾਵਿ-ਰੂਪਾਂ ਵਿਚ ਛੁਪੀ ਲੋਕ-ਸੰਗੀਤ ਦੀਆਂ ਧੁਨਾਂ ਅਤੇ ਧਾਰਨਾਵਾਂ ਨੂੰ ਸਾਹਿਤ ਦਾ ਅੰਗ ਬਣਾਕੇ ਸਥਾਪਤ ਕੀਤਾ। ਉਨ੍ਹਾਂ ਦੀਆਂ ਵਾਰਾਂ ਤੇ ਲੋਕ-ਕਾਵਿ-ਰੂਪਾਂ ਦੀਆਂ ਸੰਕੇਤਕ ਧੁਨੀਆਂ ਅਤੇ ਤਾਲ ਪ੍ਰਬੰਧ ਅਨੁਸਾਰ ਗਾਉਣਾ, ਇਹ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਨੇ ਸ਼ਾਸਤਰੀ ਸੰਗੀਤ ਨਾਲੋਂ

---

118. ਧਰਮਪਾਲ ਮੈਣੀ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ 'ਇਕ ਪਰਿਚਯ', ਪੰਨੇ 89-90

119. ਊਸ਼ਾ ਗੁਪਤਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 253.

120. ਆਦਿ ਗ੍ਰੰਥ, ਪੰ. 1335.

ਲੋਕ-ਸੰਗੀਤ ਨੂੰ ਵਧੇਰੇ ਮਹੱਤਤਾ ਦਿੱਤੀ। ਗੁਰੂ ਰਾਮਦਾਸ ਜੀ ਪੰਜਾਬੀ ਦੇ ਮਹਾਨ ਵਾਰਕਾਰ ਹਨ। ਆਦਿ ਗ੍ਰੰਥ ਵਿਚ ਸਭ ਤੋਂ ਵਧ ਵਾਰਾਂ ਉਨ੍ਹਾਂ ਦੀਆਂ ਹੀ ਹਨ। ਜਿਸ ਤਰ੍ਹਾਂ ਕਿ ਅਸੀਂ ਅਗੇ ਸੰਕੇਤ ਕੀਤਾ ਹੈ ਉਹ ਆਪਣੇ ਆਪਨੂੰ ਇਕ ਢਾਡੀ ਦੇ ਰੂਪ ਵਿਚ ਹੀ ਚਿਤਵਦੇ ਹਨ:-

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿਨਾਮੁ ਧਿਆਇਆ॥੧॥
ਹਰਿ ਦਾਤੈ ਹਰਿਨਾਮੁ ਜਪਾਇਆ ਨਾਨਕੁ ਪੈਨਾਇਆ॥੧॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 91)

ਉਹ ਇਕ ਐਸੇ ਰਹੱਸਵਾਦੀ ਕਵੀ ਹਨ ਜੋ ਪਰਮ-ਤੱਤ ਬਾਰੇ ਜਾਨਣ ਦੇ ਚਾਅਵੇ ਨਾਲੋਂ ਪਰਮਾਤਮਾ ਦੇ ਗੁਣਾਂ ਨੂੰ ਇਕ ਢਾਡੀ ਦੇ ਰੂਪ ਵਿਚ ਗਾਉਣ ਤੇ ਵਧੇਰੇ ਬਲ ਦਿੰਦੇ ਹਨ। ਅਸਲ ਵਿਚ ਪੁਰਾਣੇ ਸਮੇਂ ਵਿਚ ਕਵੀ, ਗਾਇਕ, ਢਾਡੀ ਸਮਾਨਾਰਥਕ ਸ਼ਬਦ ਸਨ। ਕਵੀ ਸ਼ਬਦ ਦਾ ਧਾਤੂਗਤ ਵੀ ਗਾਣਵਾਲਾ ਹੀ ਹੈ।[121] ਢਾਡੀ ਤਾਂ ਹੈ ਹੀ ਇਕ ਗਾਇਕ ਕਵੀ। ਗੁਰੂ ਰਾਮਦਾਸ ਜੀ ਦੇ ਸ਼ਬਦਾਂ ਦੇ ਅਨੁਰੂਪ ਉਨ੍ਹਾਂ ਦੀ ਰਚਨਾ ਵਿਚ ਕਾਵਿ ਅਤੇ ਗਾਣ ਦੇ ਤੱਤ੍ਵ ਇਕ ਦੂਜੇ ਨਾਲ ਮਿਲੇ ਹੋਏ ਹਨ।

**(ੲ) ਭਾਸ਼ਾਗਤ ਵਿਸ਼ੇਸ਼ਤਾ:**

ਜਿਸ ਤਰ੍ਹਾਂ ਕਿ ਅਸੀਂ ਪਹਿਲੇ ਸੰਕੇਤ ਕੀਤਾ ਹੈ ਕਾਵਿ ਅਤੇ ਸੰਗੀਤ ਉਨੇ ਹੀ ਲੈਅ ਤੇ ਅਵਲੰਬਿਤ ਹਨ। ਮੁਢ ਤੋਂ ਕਾਵਿ ਦੀ ਰਚਨਾ ਛੰਦਾਂ ਵਿਚ ਹੁੰਦੀ ਆਈ ਹੈ ਅਤੇ ਛੰਦਾਂ ਦੇ ਆਧਾਰ ਤੇ ਹੀ (ਵਿਸ਼ੇਸ਼ ਤੌਰ ਤੇ ਸਨਾਤਨੀ ਕਾਵਿ) ਕਵੀ ਆਪਣੇ ਭਾਵਾਂ ਨੂੰ ਕਾਵਿ ਦਾ ਰੂਪ ਦਿੰਦਾ ਰਿਹਾ ਹੈ। ਛੰਦ ਲੈਅ ਦੇ ਹੀ ਆਧਾਰ ਤੇ ਟਿਕਿਆ ਹੋਇਆ ਨਾਦ-ਵਿਧਾਨ ਹੈ। ਛੰਦ ਅਤੇ ਲੈਅ ਇਕ ਦੂਜੇ ਦੇ ਪੂਰਕ ਹਨ; ਬਿਨਾਂ ਇਕ ਦੂਜੇ ਦੇ ਗਤੀ ਸੰਭਵ ਨਹੀਂ। ਛੰਦਾਂ ਦੇ ਨਿਯਮ ਇਸ ਪ੍ਰਕਾਰ ਹਨ ਕਿ ਉਹ ਆਮ ਤੌਰ ਤੇ ਲੈਅ ਵਿਚ ਉਤਰਦੇ ਹੀ ਆਉਂਦੇ ਹਨ।[122] ਲੈਅ ਦੀ ਸਮਾਨਤਾ ਦੇ ਕਾਰਨ ਹੀ ਛੰਦਾਂ ਵਿਚ ਬੱਧੀ ਹੋਈ ਕਵਿਤਾ ਵਿਚ ਜੋ ਮਿਠਾਸ ਅਤੇ ਰਸਮਈ ਅਨੁਭੂਤੀ ਹੁੰਦੀ ਹੈ ਉਹੀ ਰਸ ਅਨੁਭੂਤੀ ਸੰਗੀਤ ਦੀ ਤਾਲ ਦੇ ਵਿਚ ਵੀ ਪੈਦਾ ਹੁੰਦੀ ਹੈ।[123]

---

121. ਊਸ਼ਾ ਗੁਪਤਾ(ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ, ਪੰ. 85.
122. ਉਹੀ, ਪੰਨੇ 85-86.
123. ਉਹੀ, ਪੰ. 87.

ਇਕ ਕਵੀ ਨੇਮ ਜਾਂ ਛੰਦ ਦੀ ਲੋੜ ਅਨੁਸਾਰ ਤੁਕ ਆਦਿ ਦੀਆਂ ਪਾਬੰਦੀਆਂ ਦੇ ਨਿਭਾਹ ਲਈ ਸ਼ਬਦਾਂ ਨੂੰ ਨਵਾਂ ਰੂਪ ਦਿੰਦਾ (ਵਿਆਕਰਣਕ ਭਾਸ਼ਾ ਵਿਚ ਸ਼ਬਦਾਂ ਵਿਚ ਵਿਕਾਰ ਪੈਦਾ ਕਰਦਾ) ਹੈ। ਅਸਲ ਵਿਚ ਛੰਦ-ਬੰਦੀ ਆਪਣੇ ਆਪ ਵਿਚ ਸੁਤੰਤਰ ਚੀਜ਼ ਨਹੀਂ ਇਸ ਦਾ ਮੰਤਵ ਕਵਿਤਾ ਨੂੰ ਵਧੇਰੇ ਮਧੁਰ ਤੇ ਰਾਗਾਤਮਕ ਬਣਾਉਣਾ ਹੈ।[124]

ਗੁਰੂ ਰਾਮਦਾਸ ਜੀ ਨੇ ਜਿਸ ਕਲਾ-ਪਰਬੀਨਤਾ ਨਾਲ ਬ੍ਰਜ ਅਤੇ ਲਹਿੰਦੀ ਭਾਸ਼ਾ ਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਉਹ ਇਹ ਸਿਧ ਕਰਦਾ ਹੈ ਕਿ ਗੁਰੂ ਰਾਮਦਾਸ ਜੀ ਇਨ੍ਹਾਂ ਭਾਸ਼ਾਵਾਂ ਦੀ ਮਿਠਾਸ ਕੋਮਲਤਾ ਅਤੇ ਸੁੰਦਰਤਾ ਨੂੰ ਕਾਵਿ ਵਿਚ ਸੰਗੀਤਕਤਾ ਦੀ ਪ੍ਰਵ੍ਰਿਧੀ ਲਈ ਪ੍ਰਯੋਗ ਕਰ ਰਹੇ ਸਨ। ਬ੍ਰਜ ਭਾਸ਼ਾ ਦੇ, 'ਹੋਊ', 'ਹਮਾਰੋ', 'ਮੇਰੋ', 'ਰਮਈਆ', 'ਲੋਚਨ' ਆਦਿ ਸ਼ਬਦ ਉਨ੍ਹਾਂ ਦੇ ਕਾਵਿ ਵਿਚ ਮਿਠਾਸ, ਕੋਮਲਤਾ ਅਤੇ ਸੁੰਦਰਤਾ ਦੇ ਗੁਣ ਭਰਦੇ ਅਤੇ ਇਸ ਤਰ੍ਹਾਂ ਹੀ ਉਨ੍ਹਾਂ ਦੇ ਕਾਵਿ ਵਿਚ ਲਹਿੰਦੀ ਦਾ ਸ਼ਬਦ-ਭੰਡਾਰ ਵੀ ਇਨ੍ਹਾਂ ਗੁਣਾਂ ਨੂੰ ਸਮੋਈ ਬੈਠਾ ਹੈ। ਉਦਾਹਰਣ ਲਈ ਉਨ੍ਹਾਂ ਦੀ ਭਾਸ਼ਾ ਵਿਚ ਆਏ 'ੜ' ਵਰਗ ਦੇ ਸ਼ਬਦ : ਸਾਹੁਰੜੈ', 'ਪੇਈਅੜੈ', 'ਰਤਿਅੜੇ', 'ਢੂਠੜਾ', ਆਦਿ ਇਸ ਦ੍ਰਿਸ਼ਟੀ ਤੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਉਪਰੋਕਤ ਸ਼ਬਦ ਉਸ ਵੇਲੇ ਹੀ ਮੂੰਹੋਂ ਨਿਕਲਦੇ ਜਾਂ ਲਿਖਤੀ ਰੂਪ ਵਿਚ ਆਉਂਦੇ ਹਨ ਜਦ ਹਿਰਦੇ ਵਿਚ ਪ੍ਰੇਮ, ਅਲਪਤਾ, ਅਤੇ ਤੁੱਛਤਾ ਦੇ ਭਾਵ ਹੋਣ।

ਪ੍ਰਿੰ. ਸੰਤ ਸਿੰਘ ਸੇਖੋਂ ਦੇ ਕਥਨ ਅਨੁਸਾਰ ਸੰਗੀਤਕਤਾ ਪੈਦਾ ਕਰਨ ਲਈ (ਗੀਤਮਈ ਪ੍ਰਭਾਵ) ਗੁਰੂ ਰਾਮਦਾਸ ਜੀ ਨੇ ਵਧੇਰੇ ਕਰਕੇ ਨਿਮਨਲਿਖਤ ਤਿੰਨ ਸਾਧਨ ਪ੍ਰਯੋਗ ਵਿਚ ਲਿਆਂਦੇ ਹਨ:-

1. ਇਕ ਸ਼ਬਦ ਜਾਂ ਉਕਤੀ ਕਈ ਵਾਰੀ ਉਸੇ ਰੂਪ ਜਾਂ ਕੁਝ ਭੇਦ ਨਾਲ ਦੁਹਰਾਈ ਜਾਂਦੀ ਹੈ।[125]

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨ ਹਰਿ ਅਗਮਾ ਅਗਮ ਅਪਾਰਾ
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪ ਸਮਾਸੀ।
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ॥3॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

2. 'ਸੰਗੀਤਕਤਾ ਉਤਪੰਨ ਕਰਨ ਲਈ ਹੋਰ ਯੁਕਤੀ ਤੁਕ ਦੇ ਮੁਢ ਜਾਂ ਮੱਧ, ਵਿਚ ਕਿਸੇ ਇਕ ਸ਼ਬਦ ਜਾਂ ਉਕਤੀ ਦੀ ਟੇਕ ਹੈ, ਜੋ ਬਹੁਤ ਮਨੋਹਰ ਭਾਵ ਪ੍ਰਗਟਾਂਦੀ ਹੈ।[126]

ਤੁਕ ਦੇ ਮਧ ਵਿਚ ਟੇਕ ਵਾਲੀਆਂ ਉਕਤੀਆਂ ਜਿਵੇਂ 'ਮੇਰੀ ਜਿੰਦੁੜੀਏ', 'ਮੇਰੇ ਪਿਆਰੇ'

---

124. ਤਾਰਨ ਸਿੰਘ (ਡਾ.), ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰਨੇ 62-63.

125. ਸ੍ਰੀ ਗੁਰੂ ਰਾਮਦਾਸ ਜੀ ਦੀ ਕਵਿਤਾ, ਪੰਜਾਬੀ ਕਾਵਿ ਸ਼ਿਰੋਮਣੀ, (ਲੁਧਿਆਣਾ 1964), ਪੰ.203.

126. ਉਹੀ.

'ਵਣਜਾਰਿਆ ਮਿਤ੍ਰਾ' ਆਦਿ ਹਨ ਉਦਾਹਰਣਾਂ ਵੇਖੋ:-

ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਐ ਗੁਰਮੁਖਿ ਨਾਮੁ ਅਮੋਲੇ ਰਾਮ॥

..... .... .... .... .... .... ....

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਐ ਅਨਤਨ ਨ ਕਾਹੂ ਡੋਲੇ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰਨੇ 537-38)

ਰਵਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥

ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 452)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ॥

ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ, ਹਰਿ ਹਰਿ ਨਾਮੁ ਸਮਾਰਿ॥

(ਸਿਰੀ ਰਾਗ, ਆਦਿ ਗ੍ਰੰਥ, ਪੰ. 76)

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥

..... .... .... .... ....

ਵੀਆਹੁ ਹੋਆ ਮੇਰੇਬਾਬੋਲਾ ਗੁਰਮੁਖੇ ਹਰਿ ਪਾਇਆ।

(ਸਿਰੀ ਰਾਗ, ਆਦਿ ਗ੍ਰੰਥ, ਪੰ. 78)

ਤੁਕ ਦੇ ਮੁਢ ਵਿਚ ਟੇਕ ਵਾਲੀਆਂ ਉਕਤੀਆਂ ਦੀ ਉਦਾਹਰਣ ਵੇਖੋ:-

— ਹਰਿ ਆਪੇ ਜੋਗੀ ਡੰਡਾਧਾਰੀ।
ਹਰਿ ਆਪੇ ਰਵਿ ਰਹਿਆ ਬਨਵਾਰੀ
ਹਰਿ ਆਪੇ ਤਪਿ ਤਾਪੈ ਲਾਇ ਤਾੜੀ।੧। (ਰਾਗ ਗਉੜੀ ਗੁਆਰੇਰੀ, ਆਦਿ ਗ੍ਰੰਥ, ਪੰ.165)

— ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ॥
ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 85)

— ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨ ਰਾਤੀ॥
ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 88)

— ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਆ ਕਾ॥

ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥੬॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 84)

ਸਤਿਗੁਰ ਜਿਨੀ ਧਿਆਇਆ ਸੇ ਕੜਿ ਨ ਸਵਾਹੀ॥
ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 88)

ਸੋ ਐਸਾ ਹਰਿਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮਿ ਚਲਾਏ॥
ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਇ॥

(ਸਿਰੀ ਰਾਗ ਕੀ ਵਾਰ, ਆਦਿ ਗ੍ਰੰਥ, ਪੰ. 89)

ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥ ਜਗਦੀਸੁ ਜਪਾਇਆ॥
ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ॥

(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ. 586)

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥

(ਰਾਗ ਆਸਾ, ਆਦਿ ਗ੍ਰੰਥ, ਪੰ. 366)

3. ਸੰਤ ਸਿੰਘ ਸੇਖੋਂ ਅਨੁਸਾਰ ਗੁਰੂ ਰਾਮਦਾਸ ਜੀ ਨੇ ਇਕ ਹੋਰ ਯੁਕਤੀ ਅਦਭੁਤ ਤੁਕਾਂਤ-ਮੇਲ ਦੀ ਵਰਤੀ ਹੈ। ਉਨ੍ਹਾਂ ਨੇ ਤੁਕਾਂਤ-ਮੇਲ ਰੂਪ ਵਿਚ ਕਈ ਥਾਈਂ ਸ਼ਬਦਾਂ ਦੇ ਅਜੇਹੇ ਰੂਪ ਬਣਾਏ ਹਨ, ਜੋ ਵਾਸਤਵਿਕ ਨਹੀਂ, ਅਰਥਾਤ ਕਿਧਰੇ ਬੋਲੇ ਜਾਂ ਲਿਖੇ ਨਹੀਂ ਗਏ। ਇਨ੍ਹਾਂ ਦੇ ਅਦਭੁਤ ਸੰਗੀਤਕ ਪ੍ਰਭਾਵ ਦਾ ਅਨੁਭਵ ਇਨ੍ਹਾਂ ਦੇ ਪਾਠ ਨਾਲ ਹੀ ਹੋ ਸਕਦਾ ਹੈ।[127] ਇਥੇ ਕੁਝ ਚੋਣਵੀਆਂ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ:—

ਐਸਾ ਹਰਿ ਸੇਵੀਐ ਨਿਤ ਧਿਆਈਐ ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ॥
ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ॥
ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ॥੧॥

(ਰਾਗ ਗੋਂਡ, ਆਦਿ ਗ੍ਰੰਥ, ਪੰ. 860)

---

127. 'ਗੁਰੂ ਰਾਮਦਾਸ ਜੀ ਦੀ ਕਵਿਤਾ', ਪੰਜਾਬੀ ਕਾਵਿ ਸ਼ਿਰੋਮਣੀ, ਪੰ. 211.

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਕੇ ਜਨ ਊਤਮ ਜਨਕ ਜਨਾਕ।।
ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਨ।।3।।

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1295)

ਭਜੁ ਰਾਮੋ ਮਨਿ ਰਾਮ।।
ਜਿਸੁ ਰੂਪ ਨ ਰੇਖ ਵਡਾਮ।।
ਸੰਤ ਸੰਗਤਿ ਮਿਲੁ ਭਜੁ ਰਾਮ।।
ਬਡ ਹੋ ਹੋ ਭਾਗ ਮਥਾਮ।।੧।। ਰਹਾਉ।। (ਰਾਗ ਕਾਨੜਾ, ਆਦਿ ਗ੍ਰੰਥ, ਪੰ. 1297)
ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਖਾ।।
ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਿਆ।।3।।

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ।।
ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਾਨਹੁ ਹਮ ਬਿਰਥੇ।।2।।

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1320)

ਹਮਰੇ ਦੋਖ ਬਹੁ ਜਨਮ ਜਨਕ ਕੇ ਦੁਖ ਹਉਮੈ ਮੈਲੁ ਲਗਈ।।
ਗੁਰ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭਿ ਕਿਲਬਿਖ ਪਾਪ ਗਈ।।2।

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1320)

ਤੁਕਾਂਤ ਮੇਲਾਂ ਅਤੇ ਮਾਤ੍ਰਾ ਤੋਲਾਂ ਬਾਰੇ ਅਸੀਂ ਅਗਲੇ ਅਧਿਆਇ ਦੇ ਛੰਦ ਵਾਲੇ ਭਾਗ ਵਿਚ ਜ਼ਿਕਰ ਕਰਾਂਗੇ। ਪਰ ਕਾਵਿ ਦੀ ਸੰਗੀਤਕਤਾ ਦੇ ਪਹਿਲੂ ਤੋਂ ਕੁਝ ਹੋਰ ਗੱਲਾਂ ਕਰਨੀਆਂ ਉਪਯੁਕਤ ਹੋਣਗੀਆਂ।

ਸੰਗੀਤਕਤਾ ਕਾਇਮ ਰਖਣ ਲਈ ਇਕ ਹੋਰ ਅਸਚਰਜਮਈ ਯੁਕਤੀ ਮਾਤਰਾ ਤੋਲ ਨੂੰ ਘਟਾਣ ਵਧਾਣ ਦੀ ਹੈ।

ਉਦਾਹਰਣ ਦੇ ਤੌਰ ਤੇ ਨਿਮਨਲਿਖਤ ਤੁਕ ਦੇ ਤੋਲ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੇ ਸੰਗੀਤਕਤਾ ਕਾਇਮ ਰਖਕੇ ਇਹ ਵਿਵਰਤੀਆਂ ਜਾਣ ਬੁਝਕੇ ਸੰਗੀਤਕ ਮਧੁਰਤਾ ਤੇ ਭਾਵਕ ਤੀਬਰਤਾ ਦੇ ਗੂੜ੍ਹਾ ਅਰਥ ਭਰਿਆ ਹੈ ਅਤੇ ਮਾਤਰਾ ਤੋਲ ਵਲੋਂ ਇਹ ਬੇਪਰਵਾਹੀ ਚਿੱਤ ਕੀਤੀਆਂ ਗਈਆਂ ਹਨ।[128]

ਜਿਤਨੇ ਪਾਤਿਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਨੇ ਸਭਿ ਹਰਿ ਕੇ ਕੀਏ।
ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ।

(ਬਿਲਾਵਲ ਕੀ ਵਾਰ, ਆਦਿ ਗ੍ਰੰਥ, ਪੰ. 851)

---

128. ਸੰਤ ਸਿੰਘ ਸੇਖੋਂ, ਗੁਰੂ ਰਾਮਦਾਸ ਜੀ ਦੀ ਕਵਿਤਾ', ਪੰਜਾਬੀ ਕਾਵਿ ਸ਼ਿਰੋਮਣੀ, ਪੰਨੇ 215-216.

ਇਸ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਨੇ ਕਾਵਿ ਵਿਚ ਕੁਝ ਸੰਬੋਧਨੀ ਸ਼ਬਦ, 'ਸੁਨਹੁ ਮੇਰੀ ਭੈਨਾ', 'ਮੇਰੀ ਜਿੰਦੁੜੀਏ', 'ਗੁਰੂ ਜੀ', 'ਭਾਈ ਰੇ', 'ਮੇਰੇ ਬਾਬਲਾ', 'ਮੇਰੇ ਮਨ', 'ਮੇਰੇ ਮਨ ਪਰਦੇਸੀ ਵੇ' ਆਦਿ ਰਾਹੀਂ ਬੋਲੀ ਵਿਚ ਮਧੁਰਤਾ ਪੈਦਾ ਕਰਕੇ ਸੰਗੀਤਕਤਾ ਉਤਪੰਨ ਕੀਤੀ ਹੈ। ਇਨ੍ਹਾਂ ਕੁਝ ਸੰਬੋਧਨੀ ਸ਼ਬਦਾਂ ਦੀਆਂ ਉਦਾਹਰਣਾਂ ਅਸੀਂ ਇਥੇ ਦੇ ਰਹੇ ਹਾਂ:-

- ਭਾਈ ਰੇ ਮੈਂ ਮੀਤੁ ਸਖਾ ਪ੍ਰਭੁ ਸੋਇ॥ (ਸਿਰੀ ਰਾਗ, ਆਦਿ ਗ੍ਰੰਥ, ਪੰ. 41)
- ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ॥ (ਰਾਗ ਆਸਾ, ਆਦਿ ਗ੍ਰੰਥ, ਪੰ. 366)
- ਮੇਰੇ ਮਨ ਰਾਮਨਾਮ ਨਿਤ ਗਾਵੀਐ ਰੇ॥ (ਰਾਗ ਕੇਦਾਰਾ, ਆਦਿ ਗ੍ਰੰਥ, ਪੰ. 1118)
- ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ (ਰਾਗ ਆਸਾ, ਆਦਿ ਗ੍ਰੰਥ, ਪੰ. 451)

ਇਸ ਤਰ੍ਹਾਂ ਹੀ 'ਜੀ' ਅਤੇ 'ਜੀਉ' ਸ਼ਬਦਾਂ ਰਾਹੀਂ ਮਧੁਰਤਾ ਪੈਦਾ ਕੀਤੀ ਹੈ:-

- ਇਕ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜਵਿਡਾਣਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

- ਜਿਨ ਸੇਵਿਆ ਜਿਨ੍ਹ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ॥

(ਰਾਗ ਆਸਾ, ਆਦਿ ਗ੍ਰੰਥ, ਪੰ. 11)

ਉਪਰੋਕਤ ਅਧਿਐਨ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਇਕ ਗਾਇਕ ਕਵੀ (ਬਾਣੀ) ਕਾਵਿ ਅਤੇ ਸੰਗੀਤ ਜਿਨ੍ਹਾਂ ਦੇ ਭਾਵੇਂ ਮੂਲ ਧਾਰੇ ਅਲਗ ਅਲਗ ਹਨ, ਵਿਚ ਇਕ ਸੰਤੁਲਨ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਰਾਮਦਾਸ-ਕਾਵਿ ਵਿਚ ਅਨੇਕਾਂ ਸ਼ਬਦ ਜੋ ਆਪਣੇ ਵੱਖਰੇ ਰੂਪ ਵਿਚ ਆਏ ਹਨ, ਇਹ ਸਿਧ ਕਰਦੇ ਹਨ ਕਿ ਗੁਰੂ ਰਾਮਦਾਸ ਜੀ ਨੇ ਸ਼ਬਦ ਰੂਪਾਂ ਦੇ ਉਚਾਰਨ ਵਿਚ ਧੁਨੀ ਵਿਗਿਆਨਕ ਸੰਤੁਲਨ ਲਿਆਉਣ ਲਈ ਸ਼ਬਦਾਂ ਨੂੰ ਮਾਂਜਿਆ ਸਵਾਰਿਆ ਹੈ ਅਤੇ ਇਸ ਤਰ੍ਹਾਂ ਸ਼ਬਦਾਂ ਵਿਚ ਲੋਚ ਲਿਆ ਕੇ ਕਾਵਿ ਨੂੰ ਵਧੇਰੇ ਸੰਗੀਤਮਈ ਬਣਾਇਆ ਹੈ। ਉਨ੍ਹਾਂ ਦੇ ਪਦਾਂ ਨਾਲ ਦਿਤਾ ਹੋਇਆ ਤਾਲ ਦਾ ਸੁਝਾਅ (ਪੜਤਾਲ) ਇਹ ਸਿਧ ਕਰਦਾ ਹੈ ਕਿ ਪਦਾਂ ਨੂੰ ਵਿਸ਼ੇਸ਼ ਰਾਗ ਦੇ ਵਿਸ਼ੇਸ਼ ਸੁਰਾਂ ਵਿਚ ਮੰਡਿਤ ਕਰਕੇ ਤਾਲ ਵਿਚ ਬੰਨ੍ਹ ਕੇ ਤਾਲ-ਬਧ ਰੂਪ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਨਾਲ ਹੋਇਆ ਸ਼ਬਦ ਪਰਿਵਰਤਨ ਅਤੇ ਸ਼ਬਦਾਂ ਦਾ ਲੋਚ ਯੁਕਤ ਪ੍ਰਯੋਗ ਉਨ੍ਹਾਂ ਦੇ ਕਾਵਿ ਦੇ ਸੌਂਦਰਯ ਵਿਚ ਵਾਧਾ ਕਰਦਾ ਹੈ।

ਗੁਰੂ ਰਾਮਦਾਸ ਜੀ ਨੇ ਕਾਵਿ ਵਿਚ ਸੰਗੀਤਕਤਾ ਪੈਦਾ ਕਰਨ ਲਈ ਸ਼ਬਦਾਂ ਦੇ ਪਰਸਪਰ ਆਕਰਸ਼ਨ ਨੂੰ ਪਹਿਚਾਨ ਕੇ ਅਨੇਕਾਂ ਸ਼ਬਦਾਂ ਦੇ ਮੇਲ ਰਾਹੀਂ ਅਪੂਰਵ ਸੰਗੀਤ ਧੁਨੀ ਪੈਦਾ ਕੀਤੀ ਹੈ। ਸ਼ਬਦਾਂ ਦੀ ਇਹ ਝੰਕਾਰ ਉਨ੍ਹਾਂ ਦੇ ਕਾਵਿ ਦੇ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਨੂੰ ਝੰਕਰਿਤ ਕਰਨ ਦੀ ਅਥਾਹ ਸ਼ਕਤੀ ਰਖਦੀ ਹੈ।

ਗੁਰੂ ਰਾਮਦਾਸ ਜੀ ਇਕ ਪਰਬੀਨ ਕਲਾਕਾਰ ਦੇ ਤੌਰ ਤੇ ਕਾਵਿ ਦੇ ਰਸ, ਭਾਵ ਅਤੇ ਗਤੀ

ਦੇ ਅਨੁਕੂਲ ਕੋਮਲ ਅਤੇ ਖਰ੍ਹਵੇ ਸ਼ਬਦਾਂ ਦਾ ਪ੍ਰਯੋਗ ਕਰਨ ਵਿਚ ਕਮਾਲ ਹਾਸਲ ਕਰਦੇ ਹਨ। ਉਹ ਸ਼ਬਦ ਅਲੰਕਾਰਾਂ ਰਾਹੀਂ ਕਾਵਿ ਦੀ ਭਾਸ਼ਾ ਵਿਚਲੇ ਸੰਗੀਤ ਨੂੰ ਪ੍ਰਗਟ ਕਰਨ ਵਿਚ ਵੀ ਪੂਰੇ ਹੀ ਸਫਲ ਹਨ। ਗੁਰੂ ਰਾਮਦਾਸ ਜੀ ਨੇ ਅਨੁਪ੍ਰਾਸ ਸ਼ਬਦ-ਅਲੰਕਾਰ ਦੇ ਸੰਜੋਗ ਨਾਲ ਕਵਿਤਾ ਵਿਚ ਜੋ ਅਨੂਪਮ ਸੰਗੀਤਕਤਾ ਰਾਹੀਂ ਕਾਵਿ ਸੌਂਦਰਯ ਵਿਚ ਵਾਧਾ ਕੀਤਾ ਹੈ ਉਸ ਦੀਆਂ ਉਦਾਹਰਣਾਂ ਪੰਜਾਬੀ ਕਾਵਿ ਵਿਚ ਘੱਟ ਮਿਲਦੀਆਂ ਹਨ।

ਅੰਤ ਵਿਚ ਅਸੀਂ ਸਿਟੇ ਵਜੋਂ ਕਹਿ ਸਕਦੇ ਹਾਂ ਕਿ ਗੁਰੂ ਰਾਮਦਾਸ ਜੀ ਦੇ ਕਾਵਿ ਦੀ ਸੰਗੀਤਕਤਾ ਦੀ ਆਧਾਰ – ਭੂਮੀ ਉਹਨਾਂ ਦਾ ਪ੍ਰੇਮ - ਮਈ ਅਤੇ ਭਾਵਨਾਮਈ ਜੀਵਨ ਹੈ। ਗੁਰੂ-ਪ੍ਰੇਮ ਅਤੇ ਪਰਮਾਤਮ-ਪ੍ਰੇਮ ਦੀ ਅਭਿਵਿਅਕਤੀ ਜਦ ਉਹਨਾਂ ਨੇ ਭਾਸ਼ਾ ਵਿਚ ਕੀਤੀ ਤਾਂ ਤੀਬਰ ਭਾਵਾਂ ਅਧੀਨ ਸ਼ਬਦ, ਆਪਣੀ ਰਸਾਤਮਕਤਾ ਅਤੇ ਸੌਂਦਰਯ ਨਾਲ ਸੁੰਦਰ ਕਾਵਿ ਭੂਸ਼ਣਾਂ ਵਿਚ ਸਜ ਕੇ, ਨਾਦ - ਸੌਂਦਰਯ ਨੂੰ ਜਗਾਉਣ ਵਾਲੇ ਕਾਵਿ ਦਾ ਰੂਪ ਅਖਤਿਆਰ ਕਰ ਗਏ।

## ਅਧਿਆਇ VII

## ਛੰਦ, ਕਾਵਿ ਰੂਪ, ਅਲੰਕਾਰ-ਵਿਧਾਨ ਅਤੇ ਰਸ

### 1. ਛੰਦ ਅਤੇ ਕਾਵਿ ਰੂਪ

ਇਸ ਤੋਂ ਪਹਿਲੇ ਅਧਿਆਇ ਵਿਚ ਅਸੀਂ ਗੁਰੂ ਰਾਮਦਾਸ-ਕਾਵਿ ਵਿਚ ਸੰਗੀਤ ਦੀ ਮਹੱਤਤਾ ਤੇ ਚਰਚਾ ਕਰ ਚੁਕੇ ਹਾਂ। ਅਸੀਂ ਇਹ ਸਿਧ ਕਰ ਚੁਕੇ ਹਾਂ ਕਿ ਗੁਰੂ ਪਰੰਪਰਾ ਅਨੁਸਾਰ ਗੁਰੂ ਰਾਮਦਾਸ ਜੀ ਦੀ ਕਾਵਿਤਾ ਵੀ ਰਾਗ (ਸੰਗੀਤ) ਪਰਧਾਨ ਹੈ। ਆਦਿ ਗ੍ਰੰਥ ਵਿਚ ਵੀ ਰਾਗਾਂ ਦਾ ਸੰਕੇਤ ਤਾਂ ਸਪਸ਼ਟ ਰੂਪ ਵਿਚ ਮਿਲਦਾ ਹੈ, ਪਰ ਛੰਦ-ਸੰਕੇਤ ਸਪਸ਼ਟ ਰੂਪ ਵਿਚ ਨਹੀਂ ਮਿਲਦੇ।[1] ਛੰਦ-ਯੋਜਨਾ ਕਿਸੇ ਕਵੀ ਦੀ ਕਾਵਿ-ਕਲਾ ਦੇ ਅਧਿਐਨ ਲਈ ਮਹੱਤਵਪੂਰਨ ਅੰਗ ਹੈ। ਛੰਦ ਨੂੰ ਕਾਵਿ ਦਾ ਇਕ ਸਜਾਵਟ ਦਾ ਰੂਪ ਸਮਝ ਲਿਆ ਜਾਂਦਾ ਹੈ, ਪਰ ਵੇਖਿਆ ਜਾਏ ਤਾਂ ਇਹ ਭਾਵ ਜਾਂ ਵਿਅਕਤਵਯ ਵਸਤੂ ਨੂੰ ਸਪਸ਼ਟ ਕਰਨ ਦੀ ਇਕ ਨਿਸਚਤ ਪ੍ਰਣਾਲੀ ਹੈ। ਕਵੀ ਛੰਦ ਅਤੇ ਸ਼ਬਦ ਦੇ ਮਾਧਿਅਮ ਤੋਂ ਹੀ ਆਪਣੀ ਅਨੁਭੂਤੀ ਨੂੰ ਦੂਜਿਆਂ ਤਕ ਪਹੁੰਚਾਂਦਾ ਹੈ।[2]

ਸੰਗੀਤ ਵਿਚ ਰਸ ਦੀ ਅਵਤਰਣਾ ਜਿਥੇ ਧੁਨੀ ਦੇ ਤਾਨ ਅਤੇ 'ਸ੍ਵਰ' ਦੇ ਕਲਾਤਮਕ ਆਰੋਹ ਅਤੇ ਅਵਰੋਹ ਦੇ ਮਾਧਿਅਮ ਨਾਲ ਪੇਸ਼ ਕਰ ਦਿਤੀ ਜਾਂਦੀ ਹੈ, ਇਸੇ ਤਰ੍ਹਾਂ ਕਾਵਿ ਵਿਚ ਰਸ ਦੀ ਉਤਪਤੀ ਸ਼ਬਦ-ਸ਼ਕਤੀ ਦੇ ਛੰਦ-ਬਧ ਕਲਾਤਮਕ ਸੰਜਮ ਨਾਲ ਸਿੱਧ ਹੁੰਦੀ ਹੈ।

ਅੱਖਰ, ਅੱਖਰਾਂ ਦੀ ਸੰਖਿਆ ਅਤੇ ਕ੍ਰਮ, ਮਾਤ੍ਰਾ, ਮਾਤ੍ਰਾ ਗਣਨਾ ਅਤੇ ਯਤੀ ਗਤੀ ਆਦਿ ਨਾਲ ਸੰਬੰਧਤ ਵਿਸ਼ਿਸ਼ਟ ਨਿਯਮਾਂ ਤੋਂ ਨਿਯੋਜਤ ਪਦ-ਰਚਨਾ ਛੰਦ ਕਹਿਲਾਂਦੀ ਹੈ।[3] ਛੰਦਾਂ ਵਿਚ ਸੰਗੀਤ ਤੱਤ੍ਵ ਹੁੰਦਾ ਹੈ। ਡਾ. ਰਾਜਿੰਦਰ ਪ੍ਰਸ਼ਾਦ ਸ੍ਰੀ ਵਾਸਤਵ ਅਨੁਸਾਰ ਕਵਿਤਾ ਦਾ ਸੁਭਾਅ ਹੀ ਛੰਦ ਵਿਚ ਲੈਅਮਾਨ ਹੋਣਾ ਹੈ।[4] ਅਸਲ ਵਿਚ ਕਵਿਤਾ ਵਿਚ ਪ੍ਰਯੋਗ ਹੋਣ ਵਾਲੀ ਲੈਅ ਨੂੰ ਜਦੋਂ ਕੁਝ ਵਰਗਿਆਂ ਵਿਚ ਬੰਨ੍ਹ ਦਿਤਾ ਜਾਂਦਾ ਹੈ, ਤਾਂ ਛੰਦ ਬਣ ਜਾਂਦਾ ਹੈ। ਸਾਡੀ ਛੰਦ-ਯੋਜਨਾ ਹੀ ਮੂਲ ਵਿਚ ਲੈਅ-ਬਧ ਹੈ। ਛੰਦਾਂ ਦੇ ਨਿਯਮ ਇਸ ਪ੍ਰਕਾਰ ਹਨ ਕਿ ਆਮ ਤੌਰ ਤੇ ਲੈਅ ਵਿਚ ਉਤਰਕੇ ਆਉਂਦੇ ਹਨ। ਭਾਵੇਂ ਅੱਜ ਦੀ ਕਵਿਤਾ ਛੰਦ-ਬਧਤਾ ਤਿਆਗ ਚੁਕੀ ਹੈ ਅਤੇ ਨਵੀਨ ਕਲਾਕਾਰ ਦੇ ਹੱਥਾਂ ਵਿਚ ਕਵਿਤਾ ਛੰਦ ਦੇ ਵਰਣਾਂ ਅਤੇ ਮਾਤ੍ਰਾਵਾਂ ਵਿਚ ਨਹੀਂ ਬੰਨ੍ਹੀ ਹੋਈ ਬਲਕਿ ਉਹ ਨਦੀ ਵਾਂਗ ਅਪਣੀ ਤਾਰ ਅਤੇ ਲੈਅ

---

1. ਕਾਨ੍ਹ ਸਿੰਘ ਨਾਭਾ, ਗੁਰੁਛੰਦ ਦਿਵਾਕਰ, (ਨਾਭਾ, ਮਿਤੀਹੀਨ), ਪੰ. 25.
2. ਨਜ਼ੀਰ ਮੁਹੰਮਦ (ਡਾ.), ਕਬੀਰ ਕੇ ਕਾਵ੍ਯ ਰੂਪ, (ਅਲੀਗੜ੍ਹ, 1971), ਪੰਨੇ 13-14
3. ਹਿੰਦੀ ਸਾਹਿਤ੍ਯ ਕੋਸ਼ (ਵਾਰਾਣਸੀ, ਸੰਮਤ 2020), ਭਾਗ ਪਹਿਲਾ, ਪੰ. 321.
4. ਵੇਖੋ: ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੀ.ਐਚ.ਡੀ. ਥੀਸਿਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1979, ਪੰ. 188.

ਦੇ ਨਾਲ ਵਹਿੰਦੀ ਹੈ।[5] ਪਰ ਪੁਰਾਤਨ ਸਨਾਤਨੀ ਕਾਵਿ ਦਾ, ਛੰਦ ਇਕ ਜ਼ਰੂਰੀ ਅੰਗ ਸਮਝਿਆ ਜਾਂਦਾ ਸੀ। ਕਵਿਤਾ ਵਿਚ ਛੰਦ ਦੇ ਬੰਧੇਜ ਦੇ ਮਹੱਤਵ ਤੇ ਬਲ ਦਿੰਦੇ ਹੋਏ ਹਿੰਦੀ ਦੇ ਪ੍ਰਸਿਧ ਕਵੀ ਸੁਮਿਤਰਾ ਨੰਦਨ ਪੰਤ ਲਿਖਦੇ ਹਨ:-

ਛੰਦ ਇਕ ਨਦੀ ਦੇ ਤਟ ਵਾਂਗ ਹਨ, ਜਿਵੇਂ ਨਦੀ ਦੇ ਤੱਟ ਆਪਣੇ ਬੰਧਨ ਨਾਲ ਵਗਦੀ ਨਦੀ ਦੀ ਧਾਰਾਗਤੀ ਨੂੰ ਸੁਰਖਿਅਤ ਰਖਦੇ ਹਨ ਤੇ ਇਸ ਤਰ੍ਹਾਂ ਦੇ ਨਿਯੰਤਰਣ ਨਾਲ ਰਾਗ ਨੂੰ ਗਤੀ ਅਤੇ ਵੇਗ ਪ੍ਰਦਾਨ ਕਰਕੇ ਨਿਰਜੀਵ ਸ਼ਬਦਾਂ ਵਿਚ ਕੋਮਲ ਸਜਲ ਆਵਾਜ਼ ਭਰਕੇ ਉਨ੍ਹਾਂ ਵਿਚ ਜਾਨ ਪਾ ਦਿੰਦੇ ਹਨ।[6] ਛੰਦ ਕਾਵਿ ਦੇ ਭਾਵਾਂ ਨੂੰ ਵਧੇਰੇ ਸਪਸ਼ਟ ਕਰਦੇ ਹਨ ਅਤੇ ਵਿਚਾਰਾਂ ਨੂੰ ਲੜੀਵਾਰ ਪਰੋਂਦੇ ਹਨ। ਛੰਦ-ਬਧ ਰਚਨਾ ਵਧੇਰੇ ਪ੍ਰੇਰਣਾਤਮਿਕ ਹੁੰਦੀ ਹੈ। ਛੰਦ ਕਵਿਤਾ ਦਾ ਨਿਰਾਲਾ ਸੁਹਜ ਤੇ ਨਿਰਾਲੀ ਸੁੰਦਰਤਾ ਹੁੰਦੀ ਹੈ। 'ਛੰਦ ਕਾਵਿ ਨੂੰ ਪ੍ਰਭਾਵਸ਼ਾਲੀ ਹੀ ਨਹੀਂ ਬਣਾਉਂਦੇ ਬਲਕਿ ਪਾਠਕ ਅਤੇ ਕਵੀ ਦੇ ਵਿਚਕਾਰ ਕੜੀਆਂ ਦਾ ਵੀ ਕੰਮ ਕਰਦੇ ਹਨ।[7]

ਪਿੰਗਲਾਚਾਰੀਆ ਦੇ 'ਛੰਦ: ਸੂਤਰ' ਅਤੇ 'ਅਗਨੀ ਪੁਰਾਣ' ਵਿਚ ਛੰਦਾਂ ਦੇ ਦੋ ਵਿਭਾਗ ਕੀਤੇ ਗਏ ਹਨ — ਇਕ ਵੈਦਿਕ ਅਤੇ ਦੂਜਾ ਲੌਕਿਕ। ਇਹਨਾਂ ਵਰਗਾਂ ਵਿਚ ਛੰਦਾਂ ਦੀ ਵੰਡ ਸ਼ਾਸਤਰੀ ਹੋਣ ਦੀ ਉਪੇਖਿਆ ਵਿਹਾਰਕ ਅਧਿਕ ਹੈ। ਇਸ ਵੰਡ ਦਾ ਮੁਖ ਆਧਾਰ ਛੰਦ-ਗਤ ਵਿਸ਼ੇਸ਼ਤਾ ਨਾ ਹੋ ਕੇ ਉਹ ਸਾਹਿਤ ਹੈ, ਜਿਸ ਵਿਚ ਵਰਗ ਵਿਸ਼ੇਸ਼ ਛੰਦਾਂ ਦਾ ਪ੍ਰਯੋਗ ਹੋਇਆ ਹੈ।[8]

ਪੁਰਾਤਨ ਕਾਵਿ ਵਿਚ ਕਾਵਿ-ਰੂਪ ਅਤੇ ਛੰਦ ਆਪਸ ਵਿਚ ਰਲੇ ਮਿਲਦੇ ਹਨ। ਗੁਰਬਾਣੀ ਉਸੇ ਛੰਦ ਪ੍ਰਬੰਧ ਅਨੁਸਾਰ ਰਚੀ ਹੋਈ ਹੈ ਜਿਸ ਅਨੁਸਾਰ ਇਸ ਤੋਂ ਕੋਈ ਪੁਰਾਣੀ ਕਵਿਤਾ। ਜੇ ਕੁਝ ਭੇਦ ਹੈ ਤਾਂ ਉਨ੍ਹਾਂ ਖੁਲਾਂ ਵਿਚ ਹੈ ਜੋ ਛੰਦ ਪ੍ਰਬੰਧ ਵਿਚ ਰਹਿੰਦੇ ਹੋਏ ਗੁਰਬਾਣੀ ਦੇ ਰਚੈਤਾ ਮਾਣਦੇ ਹਨ।[9] ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ ਲੋਕ-ਕਵੀ ਹੋਣ ਦੇ ਨਾਤੇ ਗੁਰੂ ਅਤੇ ਭਗਤ ਕਵੀਆਂ ਨੇ ਛੰਦ-ਸ਼ਾਸਤਰ ਦੇ ਨਿਯਮਾਂ ਨੂੰ ਸਖ਼ਤੀ ਨਾਲ ਨਹੀਂ ਅਪਣਾਇਆ।[10] ਉਨ੍ਹਾਂ ਨੇ ਲੋਕ-ਸੰਗੀਤ ਦੇ ਛੰਦਾਂ ਨੂੰ

---

5. ਊਸ਼ਾ ਗੁਪਤਾ (ਡਾ.) ਹਿੰਦੀ ਕੇ ਕ੍ਰਿਸ਼ਣ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ(ਲਖਨਊ,ਵਿਕਰਮਾਬਾਦ 2016), ਪੰਨੇ 85-86.
6. ਵੇਖੋ, ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨਭਿੰਨ ਛੰਦ ਤੇ ਕਾਵਿ ਰੂਪ,ਪੰ.188.
7. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਕਾਵਿ ਦੇ ਤੱਤ, (ਲੁਧਿਆਣਾ, 1970), ਪੰ. 289.
8. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰਨੇ 320-21.
9. ਸੰਤ ਸਿੰਘ ਸੇਖੋਂ, ਕਾਵਿ ਸ਼ਿਰੋਮਣੀ, (ਲੁਧਿਆਣਾ 1957), ਪੰਨੇ 65-66.
10. Surinder Singh Kohli(Dr.), A Critical Study of Adi Granth, (N. Delhi, 1961), p. 96.

ਅਪਨਾਇਆ। ਇਸ ਕਰਕੇ ਇਹਨਾਂ ਦੇ ਕਾਵਿ-ਰੂਪਾਂ ਦਾ ਛੰਦ ਕੇਵਲ ਵਰਣਾਂ ਤੇ ਮਾਤ੍ਰਾ ਦੀ ਗਿਣਤੀ ਤੇ ਆਧਾਰਤ ਨਹੀਂ ਸਗੋਂ ਇਹ ਸੰਗੀਤਕ ਲੰਬ ਦੇ ਆਸਰੇ ਚਲਦੇ ਹਨ।[11] ਉਦਾਹਰਣ ਦੇ ਲਈ ਉਨ੍ਹਾਂ ਨੇ ਵਾਰਾਂ ਆਦਿ ਵਿਚ ਲੋਕ ਬਹਿਰਾਂ, ਜਿਨ੍ਹਾਂ ਵਿਚ ਛੰਦ-ਬੰਦੀ ਦੇ ਰੂਪਾਂ ਤੇ ਤੁਕਾਂ ਆਦਿ ਦਾ ਖਾਸ ਧਿਆਨ ਨਹੀਂ ਰਖਿਆ ਜਾਂਦਾ ਸੀ ਤੇ ਨਾ ਹੀ ਮਾਤ੍ਰਾ ਆਦਿ ਦੇ ਕਰੜੇ ਨਿਯਮਾਂ ਨੂੰ ਅਪਨਾਇਆ ਜਾਂਦਾ ਸੀ ਅਨੁਸਾਰ ਹੀ ਆਪਣਾ ਕਾਵਿ ਰਚਿਆ।[12]

ਗੁਰੂ ਰਾਮਦਾਸ ਜੀ ਦਾ ਕਾਵਿ ਪਰਮਾਤਮਾ ਅਤੇ ਗੁਰੂ ਦੀ ਉਸਤਤੀ ਦੇ ਗੀਤ ਹੀ ਹਨ। ਪਰਮਾਤਮਾ ਦੇ ਨਾਮ ਵਿਚ ਲੀਨ ਹੋਣ ਲਈ ਹਿਰਦੇ ਵਿਚੋਂ ਉਠਦੇ ਹੋਏ ਭਾਵ ਪ੍ਰਵਾਹਾਂ ਨੂੰ ਜਦ ਗੁਰੂ ਰਾਮਦਾਸ ਜੀ ਦੇ ਕਾਵਿ ਦੇ ਰੂਪ ਵਿਚ, ਛੰਦਾਂ ਵਿਚ ਢਾਲਿਆ, ਤਾਂ ਉਨ੍ਹਾਂ ਨੇ ਛੰਦ-ਬੰਦੀ ਦੇ ਨਿਯਮਾਂ ਦੀ ਪਰਵਾਹ ਨਹੀਂ ਕੀਤੀ। ਕਾਵਿ ਰਚਦਿਆਂ ਉਨ੍ਹਾਂ ਦਾ ਉਦੇਸ਼ ਪਰਮਾਤਮਾ ਅਤੇ ਗੁਰੂ ਪ੍ਰਤੀ ਪੈਦਾ ਹੋਈ ਭਾਵਾਂ ਦੀ ਸੁਹਿਰਦ ਅਭਿਵਿਅੰਜਨਾ ਸੀ ਨਾ ਕਿ ਕਾਵਿ ਅਤੇ ਪਿੰਗਲ ਦੇ ਨਿਯਮਾਂ ਅਨੁਸਾਰ ਕਾਵਿ ਰਚਨਾ ।

ਪੁਰਾਤਨ ਕਾਵਿ ਵਿਚ ਕਾਵਿ-ਰੂਪ ਅਤੇ ਛੰਦ ਪ੍ਰਣਾਲੀ ਆਪਸ ਵਿਚ ਰਲੇ ਮਿਲਦੇ ਹਨ। ਗੁਰੂ ਸਾਹਿਬ ਨੇ ਭਾਰਤੀ ਕਾਵਿ ਵਿਚੋਂ ਛੰਦ-ਵਿਧੀ ਦਾ ਪ੍ਰਭਾਵ ਗ੍ਰਹਿਣ ਕੀਤਾ ਅਤੇ ਕਈ ਪੁਰਾਤਨ ਛੰਦ ਰੂਪਾਂ ਜਿਵੇਂ ਦੋਹਾ, ਕਬਿਤ ਅਤੇ ਪਦੇ, ਅਸਟਪਦੀਆਂ ਕਾਵਿ ਰੂਪ ਆਦਿ ਦੀ ਵਰਤੋਂ ਕੀਤੀ। ਇਸ ਤਰ੍ਹਾਂ ਹੀ ਉਨ੍ਹਾਂ ਨੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ, ਜੋ ਲੋਕ-ਸਾਹਿਤ ਦੇ ਹਰਮਨ ਪਿਆਰੇ ਰੂਪ ਸਨ । ਰਾਗ ਵਾਂਗ ਨਵੇਂ ਛੰਦ ਅਤੇ ਨਵੇਂ ਕਾਵਿ ਰੂਪ ਵੀ ਸਿਰਜੇ। ਉਨ੍ਹਾਂ ਦਾ ਲੋਕ ਕਾਵਿ-ਰੂਪ ਵਰਤਣ ਦਾ ਕਾਰਣ ਵੀ ਇਹੀ ਨਜ਼ਰ ਆਉਂਦਾ ਹੈ ਕਿ ਲੋਕ ਕਾਵਿ ਰੂਪ ਅਤੇ ਸੰਗੀਤ ਦਾ ਬਹੁਤ ਨਜ਼ਦੀਕ ਦਾ ਸੰਬੰਧ ਹੈ। ਇਹ ਕਾਵਿ ਰੂਪ ਵੀ ਗਾਉਣ ਲਈ ਹੀ ਰਚਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਲੋਕ ਵਾਰਾਂ ਦੀਆਂ ਧਾਰਨਾਵਾਂ ਤੇ ਰਚੀਆਂ ਵਾਰਾਂ, ਉਨ੍ਹਾਂ ਨੂੰ ਇਕ ਲੋਕ-ਕਵੀ ਦੇ ਤੌਰ ਤੇ ਸਥਾਪਤ ਕਰਦੀਆਂ ਹਨ।

ਪਦਾ, ਕਾਵਿ ਰੂਪ।

ਨਿਰਗੁਣੀਏ ਸੰਤਾਂ ਦੇ ਦੋਹੇ ਅਤੇ ਪਦ ਹੀ 'ਸਾਖੀ' ਅਤੇ 'ਸ਼ਬਦ' ਕਹੇ ਗਏ ਹਨ।[13] ਜਿਵੇਂ ਤੁਕਾਰਾਮ, ਨਾਮਦੇਵ ਅਤੇ ਭਗਤਾਂ ਦੀ ਪਦ ਰਚਨਾ 'ਅਭੰਗ' ਅਤੇ ਸੂਰਦਾਸ ਮੀਰਾਂਬਾਈ ਆਦਿ

---

11. ਪਿਆਰਾ ਸਿੰਘ ਪਦਮ, ਆਦਿ ਗ੍ਰੰਥ ਦਰਸ਼ਨ, (ਪਟਿਆਲਾ, 1973), ਪੰ. 316.
12. Surinder Singh Kohli(Dr.), A Critical Study of Adi Granth, p.96.
13. ਨਜ਼ੀਰ ਮੁਹੰਮਦ (ਡਾ:) ਕਬੀਰ ਕੇ ਕਾਵਯ ਰੂਪ, ਪੰ. 25.

ਦੀ 'ਵਿਸ਼ਨੁਪਦ' ਪ੍ਰਸਿਧ ਹੈ। ਤਿਵੇਂ ਹੀ ਗੁਰੂ ਸਾਹਿਬਾਨ ਦੇ ਛੰਦ ਰੂਪ ਵਾਕਯ 'ਸ਼ਬਦ' ਕਹਿਲਾਂਦੇ ਹਨ। ਸ਼ਬਦ ਛੰਦ ਦੀ ਖਾਸ ਜਾਤੀ ਨਹੀਂ। ਅਨੇਕਾਂ ਛੰਦਾਂ ਦਾ ਰੂਪ ਸ਼ਬਦ ਵਿਚ ਵੇਖਿਆ ਜਾਂਦਾ ਹੈ।[14]

ਪਦ ਨੂੰ ਆਮ ਤੌਰ ਤੇ ਇਕ ਕਾਵਿ ਰੂਪ ਮੰਨਿਆ ਜਾਂਦਾ ਹੈ, ਪਰ ਇਸਨੂੰ ਇਕ ਛੰਦ ਵਜੋਂ ਸਵੀਕਾਰ ਵੀ ਕੀਤਾ ਜਾਂਦਾ ਹੈ। ਪਦਾ ਭਾਰਤੀ ਸਾਹਿਤ ਵਿਚ ਪ੍ਰਯੋਗ ਹੋਇਆ ਬਹੁਤ ਪ੍ਰਾਚੀਨ 'ਕਾਵਿ ਰੂਪ' ਹੈ। ਪੁਰਾਤਨ ਭਾਰਤੀ ਧਾਰਮਕ ਸਾਹਿਤ ਦਾ ਕਾਫ਼ੀ ਹਿੱਸਾ ਪਦਿਆਂ ਦੇ ਰੂਪ ਵਿਚ ਹੀ ਰੂਪਮਾਨ ਹੋਇਆ ਮਿਲਦਾ ਹੈ। ਬਹੁਤੇ ਪਦੇ, ਉਪਾਸ਼ਨਾ, ਮਹਿਮਾ, ਉਸਤਤ, ਭਗਤੀ ਆਦਿ ਦੇ ਗੀਤਾਂ ਵਿਚ ਪ੍ਰਯੋਗ ਹੋਏ ਮਿਲਦੇ ਹਨ।[15]

ਆਪਦ ਗ੍ਰੰਥ ਵਿਚ ਕਵਿਤਾ ਜਾਂ 'ਸ਼ਬਦ' ਦੀ ਵੰਡ, ਪਦੇ, ਪਉੜੀਆਂ, ਸ਼ਲੋਕ, ਛੰਦ, ਅਤੇ ਸਵਧੀਏ ਵਿਚ ਹੈ।[16] ਆਦਿ ਗ੍ਰੰਥ ਦੀ ਬਾਣੀ ਦਾ ਬਹੁਤਾ ਭਾਗ ਪਦਿਆਂ ਵਿਚ ਰਚਿਆ ਗਿਆ ਹੈ। ਇਸ ਲਈ ਇਨ੍ਹਾਂ ਪਦਿਆਂ ਵਿਚ ਕਈ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਇਹ ਕਿਧਰੇ ਤੁਕ ਸੰਖਿਆ ਸੂਚਕ ਹੈ, ਕਿਧਰੇ ਛੰਦ ਸੂਚਕ ਹੈ ਤੇ ਕਿਧਰੇ ਸ਼ਬਦ ਦੇ ਬੰਦਾਂ ਦਾ ਸੂਚਕ ਹੈ।[17] ਇਕ ਪਦਾ ਇਕ ਜਾਂ ਇਸ ਤੋਂ ਵਧ ਤੁਕਾਂ ਦਾ ਹੈ। ਇਕ ਤੁਕ ਦੇ ਪਦੇ ਨੂੰ ਇਕ ਤੁਕਾ, ਦੋ ਦੇ ਨੂੰ ਦੋਤੁਕਾ, ਤਿੰਨ ਦੇ ਨੂੰ ਤਿਤੁਕਾ ਅਤੇ ਚਾਰ ਤੁਕ ਦੇ ਨੂੰ ਚਉਤੁਕੇ ਕਿਹਾ ਗਿਆ ਹੈ। ਆਦਿ ਗ੍ਰੰਥ ਵਿਚ ਪੰਜ ਤੁਕੇ, ਛੇ ਤੁਕੇ ਆਦਿ ਦਾ ਵਰਣਨ ਨਹੀਂ ਹੈ।[18] ਛੋਟੇ ਛੰਦ ਦੀਆਂ ਦੋ ਤੁਕਾਂ ਭਾਵੇਂ ਇਕੋ ਸਤਰ ਵਿਚ ਹੋਣ ਇਕ ਤੁਕ ਹੀ ਮੰਨੀਆਂ ਜਾਂਦੀਆਂ ਹਨ। ਉਦਾਹਰਣ ਲਈ ਰਾਗ ਸੂਹੀ ਵਿਚ ਗੁਰੂ ਰਾਮਦਾਸ ਜੀ ਦੀ ਇਕ ਲੰਮੀ ਤੁਕ ਜੋ ਅਸਲ ਵਿਚ 'ਇਕ ਤੁਕਾ' ਹੈ, ਇਸ ਲਈ ਸ਼ਬਦ 'ਇਕ ਤੁਕਾ' ਨਹੀਂ ਵਰਤਿਆ ਗਿਆ ਉਦਾਹਰਣ ਲਈ ਵੇਖੋ:—

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।੧।

(ਰਾਗ ਸੂਹੀ ਅਸਟਪਦੀਆ, ਆਦਿ ਗ੍ਰੰਥ, ਪੰ.757)

ਦਰਅਸਲ ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਬੰਦ ਭਾਵੇਂ ਉਹ ਕਿਤਨੀਆਂ ਹੀ ਤੁਕਾਂ ਜਾਂ ਚਰਣਾਂ ਦੇ ਹੋਣ ਸਾਰੇ ਹੀ ਪਦੇ ਕਹਿਲਾਂਦੇ ਹਨ। ਜਿਥੇ ਪਦਾ ਬੰਦਾਂ ਦੀ ਗਿਣਤੀ ਦੇ ਆਧਾਰ ਤੇ ਵਿਭਾਜਤ ਹੋਇਆ

---

14. ਕਾਨ੍ਹ ਸਿੰਘ ਨਾਭਾ, ਗੁਰੁਛੰਦ ਦਿਵਾਕਰ, ਪੰ. 83.
15. Surinder Singh Kohli, (Dr.), A Critical Study of Adi Granth, p.68
16. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ.35 7.
17. ਉਹੀ, ਪੰਨੇ 264-265.
18. Surinder Singh Kohli, (Dr.), op. cit., pp. 67-68.

ਹੈ, ਉਥੇ ਇਸਨੇ ਅਗੋਂ ਕਈ ਰੂਪ ਅਖਤਿਆਰ ਕਰ ਲਏ ਹਨ। ਜਿਵੇਂ ਦੋ ਬੰਦਾਂ ਜਾਂ ਪਦਿਆਂ ਦੀ ਰਚਨਾ ਦੁਪਦੇ, ਤਿੰਨ ਦੀ ਤਿਪਦੇ, ਚਾਰ ਦੀ ਚਉਪਦੇ, ਪੰਜ ਦੀ ਪੰਚਪਦੇ, ਅੱਠ ਦੀ ਅਸ਼ਟਪਦੀ ਤੇ ਸੋਲਾਂ ਦੇ ਸੋਲਹੇ ਕਹਿਲਾਉਂਦੀ ਹੈ। ਸੋਲਹੇ ਸਿਰਫ ਮਾਰੂ ਰਾਗ ਵਿਚ ਹਨ ਜਦ ਕਿ ਦੂਜੇ ਕਾਵਿ ਰੂਪ ਅਲੱਗ ਅਲੱਗ ਰਾਗਾਂ ਵਿਚ ਮਿਲਦੇ ਹਨ।[19] ਸੋ ਪਦ ਕਾਵਿ ਰੂਪ ਵਿਚ ਪਦੇ, ਅਸ਼ਟਪਦੀਆਂ ਅਤੇ ਸੋਲਹਿਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਕਿਉਂਕਿ ਪਦੇ, ਅਸ਼ਟਪਦੀਆਂ ਅਤੇ ਸੋਲਹਿਆਂ ਵਿਚ ਫਰਕ ਕੇਵਲ ਬੰਦਾਂ ਦੀ ਗਿਣਤੀ ਦਾ ਹੈ ਬਾਕੀ ਰੂਪ-ਵਿਧਾਨ ਸਾਂਝਾ ਹੈ।

ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੁਕਤ ਕਾਵਿ-ਰੂਪਾਂ, ਪਦੇ (ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ) ਅਸ਼ਟਪਦੀਆਂ, ਪਹਰੇ, ਛੰਤ, ਘੋੜੀਆਂ ਅਤੇ ਵਾਰਾਂ ਦੀ ਰਚਨਾ ਕੀਤੀ ਹੈ। ਦੋ ਬੰਦਾਂ ਦੇ ਪਦਿਆਂ ਅਤੇ ਛੰਤਾਂ ਦੇ ਛੇ ਛੇ ਜੁਟਾਂ ਨੂੰ ਛਕੇ ਦਾ ਨਾਮ ਦਿਤਾ ਗਿਆ ਹੈ। ਕਾਵਿ ਰੂਪਾਂ ਤੋਂ ਅਡਰੇ ਸਿਰਲੇਖ ਵਣਜਾਰੇ, ਕਰਹਲੇ ਵੀ ਦਿਤੇ ਹਨ। ਇਸ ਤਰ੍ਹਾਂ ਹੀ ਕਾਫੀ ਅਤੇ ਪੜਤਾਲ ਵਖਰੇ ਸਿਰਲੇਖ ਦੇ ਕੇ ਕਾਵਿ-ਰੂਪਾਂ ਅਤੇ ਗਾਇਣ ਸ਼ੈਲੀਆਂ ਦਾ ਸੁੰਦਰ ਸੁਮੇਲ ਪ੍ਰਗਟ ਕੀਤਾ ਹੈ।

ਗੁਰੂ ਰਾਮਦਾਸ ਜੀ ਨੇ ਪਦਿਆਂ ਵਿਚ ਵਧੇਰੇ ਚਉਪਦੇ ਲਿਖੇ ਹਨ, ਜਿਨ੍ਹਾਂ ਵਿਚ ਵਧੇਰੇ ਦੋਹਰਾ, ਦਵਈਆ ਅਤੇ ਚੌਪਈ ਦੇ ਤੋਲ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਜਿਨਾਂ ਹੋਰ ਛੰਦਾਂ ਦੇ ਤੋਲ ਮਿਲਦੇ ਹਨ, ਉਹ ਹਨ: ਅੰਮ੍ਰਿਤਘਟ, ਹਾਕਲ (ਹਾਕਲਾ), ਕਜਲ, ਗੀਤਾ, ਰਾਧਿਕਾ, ਅੜਿਲ ਮਾਤ੍ਰਿਕ ਸਵੈਯਾ ਅਤੇ ਸਾਰ ਛੰਦ ਆਦਿ। ਚਉਪਦਿਆਂ ਵਿਚ ਘਨਕਲਾ ਛੰਦ ਦਾ ਤੋਲ ਵੀ ਮਿਲਦਾ ਹੈ। ਇਸ ਦਾ ਨਾਮ ਚਿਤ੍ਰਕਲਾ ਵੀ ਹੈ। ਲੱਛਣ ਹਨ: ਚਾਰ ਚਰਣ, ਪ੍ਰਤਿ ਚਰਣ 63 ਮਾਤ੍ਰਾ। ਤਿੰਨ ਵਿਸ਼ਰਾਮ, ਸੋਲਾਂ ਸੋਲਾਂ ਮਾਤ੍ਰਾ ਉਤੇ, ਚੌਥੇ ਪਦੇ ਉਤੇ, ਅੰਤ ਗੁਰੂ ਲਘੂ। ਪਹਿਲੇ ਅਤੇ ਦੂਜੇ ਵਿਸ਼ਰਾਮ ਦਾ ਅਨੁਪ੍ਰਾਸ ਮਿਲਵਾਂ। ਉਦਾਹਰਣ ਲਈ ਨਿਮਨਲਿਖਤ ਚਾਰ ਸਤਰਾਂ ਦੀ ਇਕ ਤੁਕ ਹੈ:—

ਹਰਿ ਹਰਿ ਸਿਮਰਹੁ ਅਗਮ ਅਪਾਰਾ,———
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ,———
ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ———
ਗੁਰਿ ਮਿਲਿਐ ਸੁਖੁ ਹੋਈ ਰਾਮ॥੧॥[20] (ਜੈਤਸਰੀ, ਆਦਿ ਗ੍ਰੰਥ, ਪੰ. 98)

---

19. Surinder Singh Kohli (Dr.), A Critical Study of Adi Granth, p.68.

20. ਕਾਨ੍ਹ ਸਿੰਘ ਨਾਭਾ, ਗੁਰੁ ਛੰਦ ਦਿਵਾਕਰ, ਪੰ. 159.

ਗੁਰੂ ਗ੍ਰੰਥ ਵਿਚ ਅਸ਼ਟਪਦੀਆਂ ਕਾਵਿ ਰੂਪ ਵਿਚ ਅਨੇਕ ਜਾਤੀ ਦੇ ਛੰਦ ਮਿਲਦੇ ਹਨ।[21] ਰਾਗ ਕਾਨੜਾ ਦੀਆਂ ਅਸ਼ਟਪਦੀਆਂ ਵਿਚ ਗੁਰੂ ਰਾਮਦਾਸ ਜੀ ਨੇ ਤਾਟੰਕ ਛੰਦ ਦੇ ਤੋਲ ਦੀ ਵਰਤੋਂ ਕੀਤੀ ਹੈ। ਲੱਛਣ, 30 ਮਾਤ੍ਰਾ, ਚਾਰ ਚਰਣ ਪਹਿਲਾ ਵਿਸ਼ਰਾਮ 16 ਉੱਤੇ ਅਤੇ ਦੂਜਾ 14 ਉੱਤੇ ਅੰਤ ਮਗਣ ਤਿੰਨ ਗੁਰੂ।

ਗੁਰਮਤਿ ਹਰਿ ਹਰਿ ਮੀਠਾ ਲਾਗਾ।।
(ਗੁਰ) ਮੀਠੇ ਬਚਨ ਕਢਾਵੈ ਗੋ।।
ਸਤਿਗੁਰ ਬਾਣੀ ਪੁਰਖੁ ਪੁਰਖੋਤਮ।।
ਬਾਣੀ ਸਿਉ ਚਿਤ ਲਾਵੈਗੋ।। (ਆਦਿ ਗ੍ਰੰਥ, ਪੰ. 1308)

ਪਹਿਲੀ ਤੁਕ ਵਿਚੋਂ 'ਗੁਰ' ਕਢਕੇ ਤੋਲ ਪੂਰਾ ਹੁੰਦਾ ਹੈ। ਦੂਜੀ ਤੁਕ ਦੇ ਪਹਿਲੇ ਭਾਗ ਵਿਚ ਇਕ ਮਾਤ੍ਰਾ ਜ਼ਿਆਦਾ ਹੈ।[22]

ਗੁਰੂ ਰਾਮਦਾਸ ਜੀ ਦਾ ਸਮੁੱਚਾ ਕਾਵਿ ਹੀ ਪਰਮਾਤਮਾ ਅਤੇ ਗੁਰੂ ਦੀ ਉਸਤਤੀ ਦੇ ਗੀਤ ਹਨ। ਗੁਰੂ ਰਾਮਦਾਸ ਜੀ ਨੇ ਸਾਰੇ ਗੁਰੂ ਸਾਹਿਬਾਨ ਤੋਂ ਵਧੇਰੇ ਵਾਰਾਂ ਰਚੀਆਂ ਹਨ।[23] ਗੁਰੂ ਰਾਮਦਾਸ ਜੀ ਦੀਆਂ ਸਭ ਵਾਰਾਂ ਪਉੜੀਆਂ ਵਿਚ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਵਾਰਾਂ ਦੀਆਂ ਪਉੜੀਆਂ ਨਾਲ ਆਪ ਹੀ ਸਲੋਕ ਵੀ ਰਚਕੇ ਦਰਜ ਕਰ ਦਿਤੇ, ਪਰ ਪਹਿਲੇ ਗੁਰੂ ਸਾਹਿਬਾਨ ਦੀਆਂ ਵਾਰਾਂ ਪਉੜੀਆਂ ਵਿਚ ਹੀ ਰਚੀਆਂ ਗਈਆਂ ਸਨ। ਜਦ ਕਿ ਆਮ ਵਾਰਾਂ ਵਿਚ ਭੌਤਿਕ ਯੁੱਧ ਦੇ ਵੀਰਾਂ ਦਾ ਗਾਇਣ ਹੁੰਦਾ ਹੈ। ਆਦਿ ਗ੍ਰੰਥ ਦੀਆਂ ਵਾਰਾਂ ਦਾ ਖੇਤਰ ਆਤਮਕ ਹੈ, ਜਿਥੇ ਚੰਗਿਆਈ ਅਤੇ ਬੁਰਿਆਈ ਦਾ ਟਾਕਰਾ ਹੁੰਦਾ ਹੈ। ਆਮ ਵਾਰ ਵਿਚ ਆਮ ਮਨੁੱਖ ਦੀ ਉਸਤਤੀ ਕੀਤੀ ਹੁੰਦੀ ਹੈ। ਪਰ ਆਦਿ ਗ੍ਰੰਥ ਦੀਆਂ ਅਧਿਆਤਮਕ ਵਾਰਾਂ ਵਿਚ ਰੱਬ, ਸੱਚੇ ਗੁਰੂ ਦੀ ਉਸਤਤੀ ਹੈ।[24]

ਹੁਣ ਅਸੀਂ ਗੁਰੂ ਰਾਮਦਾਸ ਰਚਿਤ ਵਾਰਾਂ ਵਿਚ ਛੰਦ ਅਤੇ ਤੁਕਾਂਤ ਤੇ ਚਰਚਾ ਕਰਾਂਗੇ।

ਸਿਰੀ ਰਾਗ ਕੀ ਵਾਰ:

ਗੁਰੂ ਰਾਮਦਾਸ ਰਚਿਤ ਸਿਰੀ ਰਾਗ ਦੀ ਵਾਰ ਵਿਚ ਕੁਲ 21 ਪਉੜੀਆਂ ਹਨ ਅਤੇ ਹਰ

---

21. ਕਾਨ੍ਹ ਸਿੰਘ ਨਾਭਾ, ਗੁਰੁਛੰਦ ਦਿਵਾਕਰ, ਪੰ. 57.
22. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ.273.
23. Surinder Singh Kohli (Dr.), A Critical Study of Adi Granth, pp.69-70
24. ਅਮਰਜੀਤ ਸਿੰਘ (ਡਾ.), ਉਹੀ ਰਚਨਾ, ਪੰ. 271.

ਪਉੜੀ ਦੀਆਂ ਪੰਜ ਤੁਕਾਂ ਹਨ। ਸਾਰੀਆਂ ਪਉੜੀਆਂ ਵਿਚ ਪੰਜ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਹਨਾਂ ਪਉੜੀਆਂ ਵਿਚ ਨਿਮਨਲਿਖਤ ਮਾਤ੍ਰਾਂ ਵੇਖਣ ਵਿਚ ਆਉਂਦੀਆਂ ਹਨ:-11,9; 14,10; 15,10; 14,9; 15,14; 15,15; 13,9; 13,11; 16,10; 16,14; 16,15; 16,16; 13,10; 18,18; 16,18; 15,11; 11,11; ਅਤੇ 14,11;[25]

ਇਸ ਵਿਚ ਨਿਸ਼ਾਨੀ ਛੰਦ ਦੀ ਵਰਤੋਂ ਹੋਈ ਵੀ ਮਿਲਦੀ ਹੈ। ਉਦਾਹਰਣ ਲਈ ਵੇਖੋ:-

ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ।।
ਦਸਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।।
ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ।।
ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ।।
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ॥3॥

(ਆਦਿ ਗ੍ਰੰਥ, ਪੰ. 83, ਪਉੜੀ)

<u>ਗਉੜੀ ਕੀ ਵਾਰ:</u>

ਵਾਰ ਗਉੜੀ ਵਿਚ ਕੁਲ 33 ਪਉੜੀਆਂ ਹਨ। ਪਉੜੀ ਨੰਬਰ ਇਕ ਤੋਂ ਲੈ ਕੇ ਇਕੱਤੀ ਤਕ ਮਹਲਾ [illegible] ਦੇ ਨਾਮ ਹੇਠ ਦਰਜ ਹਨ ਅਤੇ ਬਾਕੀ ਮਹਲਾ 4 ਦੇ ਨਾਮ ਹੇਠ ਹਨ। ਪਉੜੀ ਨੰਬਰ ਗਿਆਰਾਂ ਅਜਿਹੀ ਪਉੜੀ ਹੈ ਜੋ ਪਹਿਲਾਂ ਮਹਲਾ 4 ਦੇ ਨਾਮ ਹੇਠ ਦਰਜ ਹੈ ਅਤੇ ਅਗੇ ਪਉੜੀ ਨੰਬਰ ਇਕੱਤੀ ਵਿਚ ਮਹਲਾ 5 ਦੇ ਨਾਮ ਹੇਠ ਦੁਹਰਾਈ ਗਈ ਹੈ। ਅਧਿਕਤਰ ਪਉੜੀਆਂ ਦੀਆਂ ਪੰਜ ਤੁਕਾਂ ਹਨ। ਗਿਆਰ੍ਹਵੀਂ ਪਉੜੀ ਵਿਚ ਅੰਤ ਵਿਚ ਅਧੀ ਤੁਕ ਵਾਧੂ, ਬਾਰ੍ਹਵੀਂ ਪਉੜੀ ਦੀਆਂ ਦਸ ਤੁਕਾਂ ਅਤੇ ਬੱਤੀਵੀਂ ਦੀਆਂ ਅੱਠ ਤੁਕਾਂ ਹਨ।[26] ਪੰਜ ਤੁਕੀਆਂ, ਅਠਤੁਕੀ ਤੇ ਦਸਤੁਕੀ ਪਉੜੀਆਂ ਵਿਚ ਆਈਆਂ ਤੁਕਾਂ ਦਾ ਆਪਸੀ ਤੁਕਾਂਤ ਮਿਲਦਾ ਹੈ। ਪੰਜ ਤੁਕੀ ਵਿਚ ਪੰਜਾਂ ਦਾ, ਅਠਤੁਕੀ ਵਿਚ ਅੱਠਾਂ ਦਾ ਅਤੇ ਦਸ ਤੁਕੀ ਵਿਚ ਦਸਾਂ ਦਾ। ਜਿਥੇ ਅਧੀ ਤੁਕ ਦੀ ਵਰਤੋਂ ਕੀਤੀ ਗਈ ਹੈ ਉਥੇ ਵੀ ਸਾਰੀਆਂ ਤੁਕਾਂ ਦਾ ਤੁਕਾਂਤ ਮਿਲਦਾ ਹੈ। ਉਦਾਹਰਣ ਦੇ ਤੌਰ ਤੇ ਵੇਖੋ, ਪਉੜੀ ਨੰਬਰ ਗਿਆਰਾਂ, ਜਿਸ ਵਿਚ ਪੰਜ ਤੁਕਾਂ ਪੂਰੀਆਂ ਤੇ ਛੇਵੀਂ ਅੱਧੀ ਹੈ। ਪਰ ਤੁਕਾਂਤ ਮਿਲਦਾ ਹੈ।[27]

ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।।

---

25. Surinder Singh Kohli, (Dr.) *A Critical Study of Adi Granth*, p.71.
26. Ibid, pp. 71-72.
27. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ, ਵਿਚ ਵਰਤੇ ਗਏ ਭਿੰਨ -ਭਿੰਨ ਛੰਦ ਤੇ ਕਾਵਿ ਰੂਪ, ਪੰ.470.

ਤੁਧੁ ਨੋ ਸਭਿ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥
ਜੋ ਬਿਨੁ ਸਤਿਗੁਰ ਸੇਵਾ ਖਾਂਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।
ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ।।

ਇਸ ਵਾਰ ਦੀਆਂ ਪਉੜੀਆਂ ਵਿਚ ਆਮ ਤੌਰ ਤੇ ਨਿਮਨ ਲਿਖਤ ਮਾਤ੍ਰਾ ਮਿਲਦੀਆਂ ਹਨ:- 14,10; 15,11; 14,11; 15,10; 13,10; 13,13; 15,15; 15,14; 13,11; 16,15; ,11,13; ਅਤੇ 14,9;

ਇਸ ਵਾਰ ਵਿਚ ਸਿਰਖੰਡੀ ਛੰਦ ਦੇ ਰੂਪ 'ਸੁਗੀਤਾ-ਸੁਗੀਤਿਕਾ' ਦੀ ਵਰਤੋਂ ਕੀਤੀ ਮਿਲਦੀ ਹੈ।[28] ਇਸਦੇ ਲਛਣ ਹਨ : ਹਰ ਚਰਣ 25 ਮਾਤ੍ਰਾ, ਪਹਿਲਾ ਵਿਸ਼ਰਾਮ 15 ਤੇ ਪਰ ਦੂਜਾ 10 ਤੇ, ਅੰਤ ਦੋ ਗੁਰੁ। ਉਦਾਹਰਣ ਵੇਖੋ:-

ਤੂ ਕਰਤਾ ਆਪ ਅਭੁੱਲ ਹੈ, ਭੁੱਲਣ ਵਿਚ ਨਾਹੀਂ,
ਤੂ ਕਰਹਿ ਸੁ ਸੱਚੇ ਭਲਾ ਹੈ, ਗੁਰੁ ਸਬਦਿ ਬੁਝਾਹੀ॥xxx[29]

ਇਸ ਵਾਰ ਦੀਆਂ ਕੁਝ ਅੰਸੀਆਂ ਪਉੜੀਆਂ ਹਨ ਜਿਨ੍ਹਾਂ ਵਿਚ ਬਿਖਮ ਦੰਡਕ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ।[30] । ਬਿਖਮ ਦੰਡਕ ਤੋਂ ਭਾਵ ਹੈ ਉਹ ਪਉੜੀ ਜਿਸ ਦੀਆਂ ਸਾਰੀਆਂ ਤੁਕਾਂ ਦਾ ਤੋਲ ਵੱਖਰਾ ਹੋਵੇ।

ਬਿਹਾਗੜਾ ਕੀ ਵਾਰ:

ਇਸ ਵਾਰ ਵਿਚ ਕੁਲ ਇਕੀ ਪਉੜੀਆਂ ਹਨ ਅਤੇ ਅਠਾਰਵੀਂ ਪਉੜੀ ਜੋ [illegible] ਤੁਕੀ ਹੈ, ਨੂੰ ਛਡਕੇ ਬਾਕੀ ਸਾਰੀਆਂ ਪਉੜੀਆਂ ਪੰਜ ਤੁਕੀਆਂ ਹਨ। ਇਸ ਵਾਰ ਵਿਚ ਨਿਮਨ-ਲਿਖਤ ਮਾਤ੍ਰਾ ਦਾ ਪ੍ਰਯੋਗ ਹੋਇਆ ਮਿਲਦਾ ਹੈ:-

13,11; 13,9; 18,11; 16,12; 16,14; 16,16; 16,11 ਅਤੇ 13,10;[31]

ਵਡਹੰਸ ਕੀ ਵਾਰ:

ਇਸ ਵਾਰ ਵਿਚ ਕੁਲ ਇੱਕੀ ਪਉੜੀਆਂ ਹਨ। ਹਰ ਪਉੜੀ ਪੰਜ ਤੁਕਾਂ ਦੀ ਹੈ। ਗੁਰੂ ਰਾਮਦਾਸ ਜੀ ਦਾ ਕੋਈ ਸਲੋਕ ਕਿਸੇ ਪਉੜੀ ਨਾਲ ਦਰਜ ਨਹੀਂ ਕੀਤਾ ਗਿਆ। ਇਸ ਵਿਚ ਬਿਖਮ ਦੰਡਕ

---

28. Surinder Singh Kohli(Dr.), A Critical Study of Adi Granth, p.71.
29. ਕਾਨ੍ਹ ਸਿੰਘ ਨਾਭਾ, ਗੁਰੁਛੰਦ ਦਿਵਾਕਰ, ਪੰਨੇ 115-116.
30. Surinder Singh Kohli(Dr.), op.cit. p.71.
31. Ibid. p. 72.

ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ। ਇਸ ਵਿਚ ਆਮ ਤੌਰ ਤੇ ਨਿਮਨਲਿਖਤ ਮਾਤ੍ਰਾ ਦਾ ਪ੍ਰਯੋਗ ਮਿਲਦਾ ਹੈ:- 16,10; 15,14; 15,16; 13,11; 16,12; 13,16; 15,17; 15,11; 13,10; 14,10; 9,10; ਅਤੇ 11,9.[32]

<u>ਸੋਰਠ ਕੀ ਵਾਰ:</u>

ਇਸ ਵਿਚ ਕੁਲ 29 ਪਉੜੀਆਂ ਹਨ ਜੋ ਪੰਜ ਤੁਕੀਆਂ ਹਨ। ਹਰ ਪਉੜੀ ਵਿਚ ਪੰਜਾਂ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਸ ਵਿਚ ਬਿਖਮ ਵੰਡਕ ਦੀਆਂ ਕਈ ਉਦਾਹਰਣਾਂ ਹਨ। ਇਸ ਵਿਚ ਆਮ ਤੌਰ ਤੇ ਨਿਮਨਲਿਖਤ ਮਾਤ੍ਰਾ ਦਾ ਪ੍ਰਯੋਗ ਮਿਲਦਾ ਹੈ:—13,9; 13,11; 16,12; 13,12; 11,11; 14,11; 13,10; 12,9; 11,10; 14,9; 16,10; 13,16; 16,14; 18,16; 16,16; 15,10; 14,10; ਅਤੇ 11,9[33]

<u>ਬਿਲਾਵਲ ਕੀ ਵਾਰ:</u>

ਇਸ ਵਿਚ ਕੁਲ ਤੇਰ੍ਹਾਂ ਪਉੜੀਆਂ ਹਨ। ਦਸਵੀਂ ਨੂੰ ਛੱਡ ਕੇ ਜੋ ਛੇ ਤੁਕਾਂ ਦੀ ਹੈ, ਬਾਕੀ ਸਭ ਪੰਜ ਤੁਕੀਆਂ ਹਨ। ਇਸ ਵਿਚ ਆਮ ਤੌਰ ਤੇ ਮਾਤ੍ਰਾ ਦੀ ਬਹੁ - ਵਿਵਧਤਾ ਵੇਖਣ ਨੂੰ ਨਹੀਂ ਮਿਲਦੀ ਸਗੋਂ 16,11; 14,9; 14,12; 11,10; ਅਤੇ 14,10 ਮਾਤ੍ਰਾ ਦੀ ਹੀ ਵਰਤੋਂ ਕੀਤੀ ਗਈ ਹੈ।[34]

<u>ਸਾਰੰਗ ਕੀ ਵਾਰ:</u>

ਗੁਰੂ ਰਾਮਦਾਸ ਜੀ ਦੀ ਇਹ ਵਾਰ ਬਾਕੀ ਸਾਰੀਆਂ ਵਾਰਾਂ ਤੋਂ ਲੰਮੀ ਵਾਰ ਹੈ। ਇਸ ਦੀਆਂ ਕੁੱਲ ਛੱਤੀ ਪਉੜੀਆਂ ਹਨ। ਇਨ੍ਹਾਂ ਵਿਚੋਂ ਪੈਂਤੀਵੀਂ ਪਉੜੀ ਗੁਰੂ ਅਰਜਨ ਦੇਵ ਜੀ ਦੀ ਰਚੀ ਹੈ। ਹਰ ਪਉੜੀ ਪੰਜ ਤੁਕੀ ਹੈ ਅਤੇ ਹਰ ਪਉੜੀ ਵਿਚ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਸ ਵਿਚ ਆਮ ਤੌਰ ਤੇ ਨਿਮਨਲਿਖਤ ਮਾਤ੍ਰਾ ਦਾ ਪ੍ਰਯੋਗ ਹੋਇਆ ਹੈ:—13,10; 13,11; 14,10; 11,9; 11,10; ਅਤੇ 13,9.[35]

<u>ਕਾਨੜਾ ਕੀ ਵਾਰ:</u>

ਇਸ ਵਾਰ ਦੀਆਂ ਕੁਲ ਪੰਦਰਾਂ ਪਉੜੀਆਂ ਹਨ। ਹਰ ਪਉੜੀ ਨਾਲ ਦੋ ਦੋ ਸਲੋਕ ਹਨ। ਸਾਰੇ ਸਲੋਕ ਗੁਰੂ ਰਾਮਦਾਸ ਜੀ ਰਚਿਤ ਹਨ। ਸਲੋਕ ਦੀਆਂ ਤੁਕਾਂ ਦੋ, ਤਿਨ, ਚਾਰ ਅਤੇ ਇਸ ਤੋਂ

---

32. Surinder Singh Kohli(Dr.), <u>A Critical Study of Adi Granth</u>,p.
33. Ibid, p. 73
34. Ibid,p. 73.
35. Ibid, p. 74.

ਵੀ ਵਧ ਹਨ। ਹਰ ਪਉੜੀ ਪੰਜ ਤੁਕੀ ਹੈ ਅਤੇ ਪੰਜਾਂ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਸ ਵਾਰ ਦੀਆਂ ਪਉੜੀਆਂ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਵਿਚ ਪਹਿਲੀ ਤੁਕ ਦੇ ਪਹਿਲੇ ਭਾਗ ਨੂੰ ਦੁਹਰਾਅ ਕੇ ਤੁਕ ਨੂੰ ਲੰਬਾ ਕੀਤਾ ਗਿਆ ਹੈ। ਕਈ ਥਾਵਾਂ ਤੇ ਚੌਥੀ ਤੁਕ ਵੀ ਪਹਿਲੇ ਭਾਗ ਦੇ ਅੰਤਲੇ ਸ਼ਬਦਾਂ ਦਾ ਦੁਹਰਾਅ ਹੈ। ਤੁਕਾਂ ਦੇ ਪਹਿਲੇ ਬੰਧ ਦੇ ਇਸ ਪ੍ਰਕਾਰ ਦੁਹਰਾਉਣ ਨਾਲ ਕਾਵਿਕ ਸੁੰਦਰਤਾ ਤੋਂ ਬਿਨਾਂ ਇਸ ਵਿਚ ਅਨੁਪ੍ਰਾਸ ਨਾਮਕ ਛੰਦ ਦੀ ਸਿਰਜਨਾ ਵੀ ਹੋ ਜਾਂਦੀ ਹੈ, ਜੋ ਕਾਵਿ ਦੇ ਹੁਸਨ ਨੂੰ ਹੋਰ ਵੀ ਵਧਾ ਦਿੰਦੀ ਹੈ।[36] ਉਦਾਹਰਣ ਵੇਖੋ:-

ਤੂੰ ਆਪੇ ਹੀ ਸਿਧ ਸਾਧਿਕੋ ਤੂੰ ਆਪੇ ਹੀ ਜੁਗ ਜੋਗੀਆ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥
ਸਤ ਸੰਗਤਿ ਸਤਿਗੁਰ ਧੰਨੁ ਧਨੁ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ॥
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤਿ ਸਭਿ ਪਾਪ ਲੁਹੋਗੀਆ॥੧॥

(ਆਦਿ ਗ੍ਰੰਥ, ਪੰ. 1313, ਪਉੜੀ)

ਇਸ ਵਾਰ ਵਿਚ ਆਮ ਤੌਰ ਤੇ ਨਿਮਨਲਿਖਤ ਮਾਤ੍ਰਾ ਦਾ ਪ੍ਰਯੋਗ ਹੋਇਆ ਹੈ:-15,16;16,15; 15,15; 16,14;15,14; 15,10,16,13; 13,10 ਅਤੇ 14,10[37]

ਸ਼ਾਬਦਿਕ ਤੌਰ ਤੇ ਪਉੜੀ ਅਤੇ ਪਦੇ ਵਿਚ ਕੋਈ ਭੇਦ ਨਹੀਂ ਇਕ ਕਵਿਤਾ ਜਾਂ ਵਾਰ ਵਿਚ ਹਰ ਪਉੜੀ ਵਿਚਾਰਾਂ ਨੂੰ ਅਗੇ ਵਧਾਉਂਦੀ ਹੈ। ਇਸ ਵਿਚ ਲੰਮੀਆਂ ਨਜ਼ਮਾਂ ਅਤੇ ਵਾਰਾਂ ਗਈਦੀਆਂ ਹਨ। ਲੰਮੀ ਕਵਿਤਾ ਜਾਂ ਵਾਰ ਵਿਚ ਪਉੜੀਆਂ ਜ਼ਰੂਰੀ ਨਹੀਂ ਕਿ ਇਕਸਾਰ ਹੋਣ, ਇਹ ਛੰਦ ਅਤੇ ਤੁਕਾਂ ਵਿਚ ਭਿੰਨ ਹੋ ਸਕਦੀਆਂ ਹਨ।[38] ਗੁਰੂ ਰਾਮਦਾਸ ਰਚਿਤ ਵਾਰਾਂ ਵਿਚ ਮਾਤ੍ਰਾ ਦੀ ਮਾਣੀ ਗਈ ਖੁਲ੍ਹ ਨਾਲ ਵਧੇਰੇ ਪ੍ਰਯੋਗ ਨਿਸ਼ਾਨੀ ਛੰਦ ਦਾ ਹੀ ਹੋਇਆ ਹੈ, ਜੋ ਕਿ ਵਾਰ ਵਿਚ ਪਉੜੀ ਦਾ ਪ੍ਰਮਾਣਿਕ ਛੰਦ ਵੀ ਮੰਨਿਆ ਜਾਂਦਾ ਹੈ। ਵਿਸ਼ੇਸ਼ ਤੌਰ ਤੇ ਇਸ ਛੰਦ ਦੀ ਵਰਤੋਂ ਗੁਰੂ ਰਾਮਦਾਸ ਰਚਿਤ ਵਾਰ ਗਉੜੀ, ਵਾਰ ਕਾਨੜਾ ਅਤੇ ਵਾਰ ਵਡਹੰਸ ਦੀਆਂ ਪਉੜੀਆਂ ਵਿਚ ਵੇਖੀ ਜਾ ਸਕਦੀ ਹੈ। ਪਉੜੀ ਕਈ ਛੰਦਾਂ ਵਿਚ ਲਿਖੀ ਗਈ ਹੈ, ਪਰ ਇਨ੍ਹਾਂ ਵਿਚ ਮਹੱਤਵਪੂਰਨ ਹਨ:-

---

36. ਅਮਰਜੀਤ ਸਿੰਘ(ਡਾ.), ਆਦਿ ਗ੍ਰੰਥ, ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ.477
37. Surinder Singh Kohli,(Dr.), A Critical Study of Adi Granth, p.68
38. Ibid, p. 68.

(ੲ) 11,9; 11,10;

(ਅ) 13,9; 13,10;13,11; 13,15;13,16

(ੲ) 14,9; 14,10

(ਸ) 16,12,16,14[39]

ਇਕ ਵਾਰ ਵਿਚ ਕਿੰਨੀਆਂ ਪਉੜੀਆਂ ਹੋਣੀਆਂ ਚਾਹੀਦੀਆਂ ਹਨ, ਇਸ ਉਤੇ ਕੋਈ ਬੰਦਸ਼ ਨਹੀਂ। ਇਹ ਤਿੰਨ ਪਉੜੀਆਂ ਤੋਂ ਲੈ ਕੇ ਛੱਤੀ ਤਕ ਹੋ ਸਕਦੀਆਂ ਹਨ। ਗੁਰੂ ਰਾਮਦਾਸ ਜੀ ਦੀ ਵਾਰ ਬਿਲਾਵਲ ਵਿਚ ਘਟ ਤੋਂ ਘਟ ਤੇਰਾਂ ਪਉੜੀਆਂ ਹਨ ਅਤੇ ਵਾਰ ਸਾਰੰਗ ਵਿਚ ਵਧ ਤੋਂ ਵਧ ਪੈਂਤੀ ਪਉੜੀਆਂ ਹਨ।[40] ਇਕ ਵਾਰ ਵਿਚ ਆਮ ਤੌਰ ਤੇ ਸ਼ਲੋਕ ਦੀ ਵਰਤੋਂ ਪਉੜੀ ਤੋਂ ਪਹਿਲਾਂ ਕੀਤੀ ਜਾਂਦੀ ਹੈ ਜੋ ਪਉੜੀਆਂ ਦੇ ਭਾਵ-ਅਰਥ ਨੂੰ ਨਿਖੇੜਨ ਵਿਚ ਸਹਾਈ ਹੁੰਦੀ ਹੈ। ਇਕ 'ਵਾਰ' ਵਿਚ ਪਉੜੀ ਦਾ ਛੰਦ ਅਤੇ ਤੁਕਾਂ ਦੀ ਗਿਣਤੀ ਉਹੀ ਰਹਿੰਦੀ ਹੈ।[41] ਆਮ ਤੌਰ ਤੇ ਪਉੜੀਆਂ ਵਾਰ ਲੇਖਕ ਦੀਆਂ ਹੀ ਹੁੰਦੀਆਂ ਹਨ। ਆਦਿ ਗ੍ਰੰਥ ਦੀਆਂ ਵਾਰਾਂ ਵਿਚ ਦੋ ਉਦਾਹਰਣਾਂ ਹਨ ਜਿਥੇ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਪਉੜੀਆਂ ਸ਼ਾਮਲ ਕੀਤੀਆਂ ਹਨ। ਇਕ ਗੁਰੂ ਨਾਨਕ ਦੇਵ ਜੀ ਦੀ ਮਲਾਰ ਕੀ ਵਾਰ ਵਿਚ ਸਤਾਈਵੀਂ ਪਉੜੀ ਹੈ। ਅਤੇ ਇਸ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਦੀ ਸਾਰੰਗ ਕੀ ਵਾਰ ਵਿਚ ਪੈਂਤੀਵੀਂ ਪਉੜੀ ਸ਼ਾਮਲ ਹੈ।

ਗੁਰੂ ਰਾਮਦਾਸ ਰਚਿਤ ਵਾਰਾਂ ਪਉੜੀ ਸਿਰਲੇਖ ਹੇਠ ਆਏ ਛੰਦਾਂ ਦੇ ਰੂਪ ਵੇਖੋ:-

<u>ਛੰਦ:</u>

ਪੰਜ ਚਰਣ, ਪ੍ਰਤਿ ਚਰਣ 24 ਮਾਤ੍ਰਾ। ਪਹਿਲਾ ਵਿਸ਼੍ਰਾਮ 13 ਉਤੇ, ਦੂਜਾ 11 ਉਤੇ ਅੰਤ ਰਗਣ SIS ਉਦਾਹਰਣ ਵੇਖੋ:

ਆਪੇ ਆਪ ਨਿਰੰਜਨਾ, ਜਿਨ ਆਪ ਉਪਾਇਆ।
ਆਪੇ ਖੇਲ ਰਚਾਇਓਨ, ਸਭ ਜਗਤ ਸਬਾਇਆ xxx[42]

(ਵਾਰ ਸਾਰੰਗ, ਆਦਿ ਗ੍ਰੰਥ, ਪੰ. 1236)

<u>ਛੰਦ:</u>

ਪੰਚ ਚਰਣ, ਪ੍ਰਤਿ ਚਰਣ 26 ਮਾਤ੍ਰਾ, 15-11 ਉਤੇ ਵਿਸ਼੍ਰਾਮ, ਅੰਤ ਰਗਣ SIS ਉਦਾਹਰਣ ਵੇਖੋ:-

ਤੂ ਹਰਿ ਪ੍ਰਭ ਆਪ ਅਗੰਮ ਹੈ, ਸਭ ਤੁਧ ਉਪਾਇਆ,
ਤੂ ਆਪੇ ਆਪ ਵਰਤਦਾ, ਸਭ ਜਗਤ ਸਬਾਇਆ॥ xxx[43]

(ਵਾਰ ਬਿਲਾਵਲ, ਆਦਿ ਗ੍ਰੰਥ, ਪੰ. 849)

39. Surinder Singh Kohli, (Dr.), <u>A Critical Study of Adi Granth</u>, p.75
40. Ibid, p. 76.
41. Ibid, p.60.
42. ਕਾਨ੍ਹ ਸਿੰਘ (ਨਾਭਾ), <u>ਗੁਰੁਛੰਦ</u> ਦਿਵਾਕਰ, ਪੰ. 228.

**ਲੱਛਣ:**

ਪੰਜ ਚਰਣ, ਤਿਨ ਚਰਣਾਂ ਦੀਆਂ ਇਕੱਤੀ ਇਕੱਤੀ ਮਾਤ੍ਰਾ, 15-16 ਉਤੇ ਵਿਸ਼ਰਾਮ, ਅੰਤ ਦੇ ਦੋ ਚਰਣਾਂ ਦੀਆਂ ਚਾਲੀ ਚਾਲੀ ਮਾਤ੍ਰਾ, 22-18 ਉਤੇ ਵਿਸ਼ਰਾਮ, ਅੰਤ ਸਭ ਦੇ ਮਗਣ ਉਦਾਹਰਣ ਦੇਖੋ:-

ਤੂ ਆਪੇ ਹੀ ਸਿਧ ਸਾਧਿਕੋ, ਤੂ ਆਪ ਹੀ ਜੁਗ ਜੋਗੀਆ,
ਸਭ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭ ਪਾਪ ਲਹੋਗੀਆ।[44]

ਨਿਮਨਲਿਖਤ ਪਉੜੀ ਵਿਚ ਬੀਰ ਛੰਦ ਦਾ ਰੂਪ ਹੈ। ਜਿਸ ਦਾ ਲੱਛਣ ਹੈ: ਪੰਜ ਚਰਣ, ਪ੍ਰਤਿ ਚਰਣ 31 ਮਾਤ੍ਰਾ, 16-15 ਉਤੇ ਵਿਸ਼ਰਾਮ, ਅੰਤ ਰਗਣ SIS ਇਸ ਵਿਚ ਗੁਰੂ ਲਘੂ ਦੀ ਥਾਂ ਰਗਣ ਹੈ:-

ਪੰਚੇ ਸਬਦ ਵਜੇ ਮਤਿ ਗੁਰਮਤਿ, ਵਡਭਾਗੀ ਅਨਹਦ ਵੱਜਿਆ,
ਅਨਦ ਮੂਲ ਰਾਮ ਸਭ ਦੇਖਿਆ, ਗੁਰ ਸਬਦੀ ਗੋਵਿਦੁ ਗਜਿਆxxx[45]
(ਵਾਰ ਕਾਨੜਾ, ਆਦਿ ਗ੍ਰੰਥ, ਪੰ.1315)

**ਸ਼ਲੋਕ:**

ਸਲੋਕ ਇਕ ਬਹੁਤ ਪੁਰਾਣਾ ਕਾਵਿ ਰੂਪ ਹੈ। ਇਹ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੀ ਦੇਣ ਹੈ। ਸ਼ਲੋਕ 'ਛੰਦ' ਅਤੇ ਕਾਵਿ ਦੋਹਾਂ ਰੂਪ ਵਿਚ ਵਰਤਿਆ ਗਿਆ ਹੈ।[46] ਗੁਰੂ ਰਾਮਦਾਸ ਜੀ ਦੀ ਰਚਨਾ ਵਿਚ ਪਉੜੀ ਤੋਂ ਬਾਦ ਸ਼ਲੋਕਾਂ ਦੀ ਗਿਣਤੀ ਹੈ। ਆਦਿ ਗ੍ਰੰਥ ਵਿਚ ਆਰੰਭ ਤੋਂ ਅੰਤ ਤਕ ਅਸੀਂ ਸ਼ਲੋਕਾਂ ਨੂੰ ਲੰਮੀਆਂ ਕਵਿਤਾਵਾਂ ਜਾਂ ਪਦਿਆਂ ਨਾਲ ਇਕੱਠੇ ਜੁੜੇ ਪਾਂਦੇ ਹਾਂ। ਸ਼ਲੋਕ ਪਉੜੀ ਵਾਂਗ ਇਕ ਬੰਦ (Stanza) ਨਹੀਂ ਬਲਕਿ ਇਹ ਇਕ ਨਿਕੀ ਕਵਿਤਾ ਹੈ। ਜੋ ਆਪਣੇ ਆਪ ਵਿਚ ਸੰਪੂਰਣ ਹੈ। ਇਸਦੀ ਵਿਸ਼ੇਸ਼ਤਾ ਇਸਦੀ ਵਿਚਾਰ ਦੀ ਸੰਖੇਪਤਾ ਹੈ। ਇਹ ਕਾਵਿ ਰੂਪ ਆਤਮਪਰਕ(Subjective )ਬਹੁਤ ਹੈ।[47] ਇਹ ਆਮ ਤੌਰ ਤੇ ਦੋਹਿਰਾ ਅਥਵਾ ਚੌਤੁਕਾ ਹੁੰਦਾ ਹੈ ਜਿਵੇਂ ਕਿ ਕਬੀਰ ਫਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕ ਹਨ। ਇਹ ਵੀ ਕੋਈ ਜ਼ਰੂਰੀ ਨਹੀਂ ਕਿ ਸ਼ਲੋਕ ਇਕ ਦੋਹੇ ਰੂਪ ਵਿਚ ਹੋਵੇ। ਆਦਿ ਗ੍ਰੰਥ ਵਿਚ ਸ਼ਲੋਕ ਕੋਈ ਗਿਣੇ ਮਿਥੇ ਛੰਦ ਦੇ ਰੂਪ ਵਿਚ ਵੀ ਨਹੀਂ; ਸਗੋਂ ਪੰਕਤੀਆਂ ਦਾ ਹੀ ਸਮੂਹ ਮੰਨਿਆ ਗਿਆ ਹੈ।[48] ਇਕ ਸ਼ਲੋਕ ਛੇਵੀ ਤੁਕਾਂ ਤਕ ਦਾ ਹੈ।

---

44. ਕਾਨ੍ਹ ਸਿੰਘ (ਨਾਭਾ), ਗੁਰੁਛੰਦ ਦਿਵਾਕਰ, ਪੰ. 238
45. ਉਹੀ, ਪੰਨੇ 38-39
46. ਅਮਰਜੀਤ ਸਿੰਘ (ਡਾ:), ਆਦਿ ਗ੍ਰੰਥ, ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ.84
47. Surinder Singh Kohli(Dr), A Critical Study of Adi Granth, p.77
48. Ibid, p. 78.

ਕਈ ਸ਼ਲੋਕ ਲੰਬੇ ਅਤੇ ਵਿਲਕਵੇਂ ਰੂਪ ਵਿਚ ਪਾਏ ਜਾਂਦੇ ਹਨ।[49]

ਗੁਰੂ ਰਾਮਦਾਸ ਜੀ ਦੇ ਰਚੇ ਬਹੁਤੇ ਸ਼ਲੋਕ ਉਨ੍ਹਾਂ ਦੀਆਂ ਰਚਿਤ ਵਾਰਾਂ ਵਿਚ ਹੀ ਪਾਏ ਜਾਂਦੇ ਹਨ। ਸ਼ਲੋਕ ਦੇ ਚਰਮਨ ਪਿਆਰਾ ਛੰਦ ਦੀਆਂ ਮਾਤ੍ਰਾ 13, 11 ਹਨ। ਛੰਦ ਸ਼ਾਸਤਰ ਵਿਚ ਇਸਨੂੰ ਦੋਹਾ ਵੀ ਕਿਹਾ ਜਾਂਦਾ ਹੈ। ਜਦ ਦੋਹਿਰਾ ਦੀਆਂ ਦੋਨੋ ਤੁਕਾਂ ਦੇ ਦੋਨੋ ਭਾਗ ਆਪਸ ਵਿਚ ਬਦਲ ਜਾਣ ਤਾਂ ਦੋਹਾ (Couplet )ਸੋਰਠਾ ਬਣ ਜਾਂਦਾ ਹੈ। ਇਸ ਲਈ ਸੋਰਠਾ ਦੀਆਂ ਮਾਤ੍ਰਾ ਹਨ 11,13.

ਗੁਰੂ ਰਾਮਦਾਸ-ਵਾਰਾਂ ਵਿਚ ਉਪਲਬਧ ਉਨ੍ਹਾਂ ਦੇ ਸ਼ਲੋਕਾਂ ਵਿਚ ਆਮ ਤੌਰ ਤੇ ਦੋਹਿਰਾ ਛੰਦ ਦੀ ਵਰਤੋਂ ਕੀਤੀ ਗਈ ਹੈ, ਪਰ ਕਿਤੇ ਕਿਤੇ ਚੌਪਈ ਤੇ ਦਵੱਈਆ ਛੰਦਾਂ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ। ਕਈ ਥਾਂ ਸ਼ਲੋਕਾਂ ਦੀ ਵਿਚ ਬਹੁਤ ਘਟ ਮਾਤ੍ਰਾ ਦੀ ਵੀ ਵਰਤੋਂ ਕੀਤੀ ਗਈ ਮਿਲਦੀ ਹੈ ਜੋ ਤੋਲ ਵਜੋਂ ਨਿਵੇਕਲੀ ਹੈ। ਦੋਹਿਰਾ (ਦੋਹਾ) ਦੇ ਲੱਛਣ ਹਨ:: ਦੋ ਚਰਣ ਪ੍ਰਤਿ ਚਰਣ 24 ਮਾਤ੍ਰਾ, ਪਹਿਲਾ ਵਿਸ਼ਰਾਮ 13 ਉਤੇ ਅਤੇ ਦੂਜਾ 11 ਉਤੇ, ਅੰਤ ਗੁਰੂ ਅਤੇ ਲਘੂ ਹੁੰਦਾ ਹੈ।[50] ਇਕ ਦੋਹਿਰਾ ਛੰਦ ਦੀ ਉਦਾਹਰਣ ਵੇਖੋ:-

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧ ਹੋਇ॥

(ਸ਼ਲੋਕ, ਗਉੜੀ ਕੀ ਵਾਰ, ਆਦਿ ਗ੍ਰੰਥ,ਪੰ.300)

ਦੋਹਾ ਅਤੇ ਸੋਰਠਾ ਦੋਵੇਂ ਦੋ ਦੋ ਤੁਕਾਂ ਦੇ ਬੰਦ ਹਨ ਅਤੇ ਸ਼ਲੋਕ ਦੇ ਕਾਵਿ-ਰੂਪ ਲਈ ਉਪਯੁਕਤ ਹਨ, ਕਿਉਂਕਿ ਸ਼ਲੋਕ ਦਾ ਆਮ ਤੌਰ ਤੇ ਇਕ ਬੰਦ (Couplet) ਦਾ ਰੂਪ ਹੈ। ਆਦਿ ਗ੍ਰੰਥ ਵਿਚ ਆਮ ਤੌਰ ਤੇ ਵਧੇਰੇ ਦੋਹਰਾ ਹੀ ਪ੍ਰਯੋਗ ਹੋਇਆ ਹੈ, ਸੋਰਠਾ ਬਹੁਤ ਘਟ ਹੋਇਆ ਹੈ।[51] ਇਕ ਹੋਰ ਸ਼ਲੋਕ ਵਿਚ ਉਗਾਹ ਛੰਦ ਦੀ ਉਦਾਹਰਣ ਵੇਖੋ: ਲੱਛਣ ਹਨ: ਦੋ ਚਰਣ, ਪ੍ਰਤਿ ਚਰਣ ਛੱਬੀ ਮਾਤ੍ਰਾ, ਪਹਿਲਾ ਵਿਸ਼ਰਾਮ 15 ਉਤੇ, ਦੂਜਾ 11 ਉਤੇ, ਅੰਤ ਗੁਰੂ ਲਘੂ।[52]

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਅਠੇ ਪਹਰ ਲਗੰਨਿ
ਜਨ ਨਾਨਕ ਕਿਰਪਾ ਧਾਰਿ, ਪ੍ਰਭ, ਸਤਿਗੁਰ ਸੁਖਿ ਵਸੰਨਿ,

(ਸਲੋਕ ਵਾਰ ਗਉੜੀ, ਆਦਿ ਗ੍ਰੰਥ,ਪੰ. 301)

---

49. Surinder Singh Kohli(Dr.),A Critical Study of Adi Granth,p.77
50. ਅਮਰਜੀਤ ਸਿੰਘ (ਡਾ.),ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਕਾਵਿ ਰੂਪ, ਪੰ. 95.
51. SurinderSingh Kohli (Dr.), op.cit., p.78.
52. ਕਾਨ੍ਹ ਸਿੰਘ ਨਾਭਾ, ਗੁਰੁਛੰਦ ਦਿਵਾਕਰ, ਪੰ. 51.

ਗੁਰੂ ਰਾਮਦਾਸ ਰਚਿਤ ਸ਼ਲੋਕ ਵਾਰਾਂ ਤੇ ਵਧੀਕ ਹੋਰ ਛੰਦ ਰੂਪਾਂ ਵਿਚੋਂ ਚੌਪਈ ਦਾ ਪ੍ਰਯੋਗ ਹੋਇਆ ਹੈ। ਉਦਾਹਰਣ ਲਈ ਚੌਪਈ ਦੀ ਥੋੜੀ ਬਹੁਤ ਮਾਤ੍ਰਾ ਦੀ ਢਿਲ ਵਰਤੀ ਗਈ ਚੌਪਈ ਦਾ ਤੋਲ ਵੇਖੋ:

ਗੁਰਮੁਖਿ ਹਸੈ ਗੁਰਮੁਖਿ ਰੋਵੈ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥
ਗੁਰਮੁਖਿ ਹੋਵੈ ਸੁ ਕਰੇ ਵੀਚਾਰੁ॥
ਗੁਰਮੁਖਿ ਨਾਨਕ ਪਾਵੈ ਪਾਰੁ॥ (ਆਦਿ ਗ੍ਰੰਥ, ਪੰ. 1422)

ਪਦ ਕਾਵਯ ਦਾ ਨਾਮ 'ਛੰਦ' ਹੈ ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰਬਾਣੀ ਵਿਚ ਪਾਏ ਜਾਂਦੇ ਹਨ, ਪਰ ਸਿਰਲੇਖ ਕੇਵਲ ਛੰਤ ਅਤੇ ਛੰਦ ਹੋਇਆ ਕਰਦਾ ਹੈ।[53] ਛੰਤ ਛੰਦ ਦਾ ਪ੍ਰਯਾਇਵਾਚੀ ਸ਼ਬਦ ਹੈ, ਪਰ ਇਸ ਦੀ ਸਮਾਨਤਾ ਛੰਦ ਸ਼ਾਸਤਰ ਦੇ ਛੰਦ ਸ਼ਬਦ ਨਾਲ ਨਹੀਂ ਹੈ। ਇਹ ਸ਼ਬਦ ਪੰਜਾਬ ਦੇ ਜਨ-ਮਾਨਸ ਵਿਚ ਵਿਅਕਤੀ ਦੀ ਕਾਵਿ-ਚੇਤਨਾ ਦੇ ਸੂਚਕ ਦੇ ਤੌਰ ਤੇ ਵਰਤਿਆ ਜਾਂਦਾ ਹੈ। ਵਾਸਤਵ ਵਿਚ 'ਛੰਤ' ਪੰਜਾਬ ਦੇ ਲੋਕ-ਗੀਤਾਂ ਦਾ ਕਾਵਿ ਰੂਪ ਹੈ ਜੋ ਵਿਆਹ ਦੇ ਸਮੇਂ ਗਾਇਆ ਤੇ ਸੁਣਾਇਆ ਜਾਂਦਾ ਹੈ।[54] ਆਦਿ ਗ੍ਰੰਥ ਵਿਚ 'ਛੰਤ' ਸ਼ਬਦ ਉਸ ਕਾਵਿ ਰੂਪ ਬਾਰੇ ਸੰਕੇਤ ਕਰਦਾ ਹੈ ਜਿਸ ਵਿਚ ਪ੍ਰਭੂ ਦੀ ਉਸਤਤ ਕੀਤੀ ਜਾਵੇ। ਛੰਤ 'ਛੰਦ' ਆਮ ਤੌਰ ਤੇ ਸ਼ਿੰਗਾਰ ਕਾਵਿ ਦਾ ਉੱਤਮ ਨਮੂਨਾ ਹੈ। ਗੁਰੂ ਰਾਮਦਾਸ ਰਚਿਤ ਛੰਤਾਂ ਵਿਚ ਜੀਵ-ਰੂਪੀ ਪਤਨੀ ਤੇ ਪਤੀ-ਰੂਪ ਪਰਮਾਤਮਾ ਦੇ ਵਿਛੋੜੇ ਦੀ ਕਸਕ, ਸਿਕ ਅਤੇ ਉਸਦਾ ਮਿਲਾਪ ਕਈ ਥਾਂ ਤੇ ਕਾਵਿ-ਕਲਾ ਦੀਆਂ ਸਿਖਰਾਂ ਛੂਹ ਜਾਂਦਾ ਹੈ। ਗੁਰੂ ਰਾਮਦਾਸ ਰਚਿਤ ਛੰਦਾਂ ਦੇ ਵਿਧਾਨ ਵਿਚ ਕੁਝ ਤੁਕਾਂ ਦਾ ਦੁਹਰਾਅ ਇਕ ਵਿਸ਼ੇਸ਼ਤਾ ਹੈ। ਆਮ ਤੌਰ ਤੇ ਪਹਿਲੀ ਤੁਕ ਦਾ ਦੁਹਰਾਉ ਬੰਦ ਦੇ ਅਖੀਰ ਵਿਚ ਕੀਤਾ ਜਾਂਦਾ ਹੈ, ਉਦਾਹਰਣ ਲਈ ਵੇਖੋ:-

ਵੀਆਹੁ ਹੋਇਆ ਮੇਰੇ ਬਾਬਲਾ ਗੁਰਮੁਖੇ ਹਰਿ ਪਾਇਆ।

.... .... .... .... ....

ਵੀਆਹੁ ਹੋਇਆ ਮੇਰੇ ਬਾਬਲਾ ਗੁਰਮੁਖੇ ਹਰਿ ਪਾਇਆ।(ਸਿਰੀ ਰਾਗ, ਆਦਿ ਗ੍ਰੰਥ, ਪੰ. 78)

ਗੁਰੂ ਰਾਮਦਾਸ ਜੀ ਦਾ ਇਹ ਹਰਮਨ ਪਿਆਰਾ ਕਾਵਿ ਰੂਪ ਹੈ। ਆਦਿ ਗ੍ਰੰਥ ਵਿਚ ਬਹੁਤ ਸਾਰੇ ਪਦੇ ਛੰਤ ਸਿਰਲੇਖ ਹੇਠ ਮਿਲਦੇ ਹਨ। ਛੰਤ ਇਕ ਜਾਂ ਪਦਿਆਂ ਦਾ ਵੀ ਹੋ ਸਕਦਾ ਹੈ। ਆਦਿ ਗ੍ਰੰਥ ਵਿਚ ਛੰਤ ਚਾਰ ਪਦਿਆਂ ਦਾ ਮਿਲਦਾ ਹੈ। ਛੰਤ ਦੇ ਪਦਿਆਂ ਵਿਚ ਚਾਰ ਤੋਂ ਛੇ ਤੁਕ ਦਾ ਪ੍ਰਯੋਗ

---

53. ਕਾਨ੍ਹ ਸਿੰਘ (ਨਾਭਾ), *ਗੁਰੁਛੰਦ ਦਿਵਾਕਰ*, ਪੰਨੇ 189-190
54. ਤਾਰਨ ਸਿੰਘ (ਡਾ.), *ਨੇਮ ਤੇ ਪ੍ਰੇਮ*(ਅੰਮ੍ਰਿਤਸਰ, 1964), ਪੰ. 273.

ਹੋਇਆ ਹੈ, ਪਰ ਵਧੇਰੇ ਛੰਤ ਦੇ ਪਦੇ ਛੇ ਤੁਕੇ ਹੀ ਹਨ।[55] ਛੰਤਾਂ ਵਿਚ ਵਧੇਰੇ ਕਲਸ ਛੰਦ ਦੀ ਹੀ ਵਰਤੋਂ ਮਿਲਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸਦਾ ਨਾਮ ਉਲਾਸ ਅਤੇ ਹੁਲਾਸ ਵੀ ਕਿਹਾ ਹੈ ਜੋ ਦੋ ਛੰਦਾਂ ਦੇ ਮੇਲ ਤੋਂ ਬਣਦਾ ਹੈ।[56] ਗੁਰੂ ਰਾਮਦਾਸ ਜੀ ਰਚਿਤ ਛੰਤਾਂ ਵਿਚ ਕਲਸ ਦੀ ਉਦਾਹਰਣ ਵੇਖੋ, ਜੋ ਨਿਤਾ ਅਤੇ ਸਾਰ ਛੰਦ ਦੇ ਤੋਲ ਦੇ ਮੇਲ ਤੋਂ ਬਣਿਆ ਹੈ। ਨਿਤਾ ਛੰਦ ਦੇ ਲੱਛਣ ਹਨ: ਚਾਰ ਚਰਣ, ਪ੍ਰਤੀ ਚਰਣ, 12 ਮਾਤ੍ਰਾ ਅੰਤ ਦੋ ਗੁਰੂ। ਸਾਰ ਛੰਦ ਦੇ ਲੱਛਣ ਹਨ: 28 ਮਾਤ੍ਰਾ ਪਹਿਲਾ ਵਿਸ਼ਰਾਮ 16 ਉਤੇ ਅਤੇ ਦੂਜਾ 12 ਉਤੇ, ਅੰਤ ਦੋ ਗੁਰੂ।[57] ਉਦਾਹਰਣ ਵੇਖੋ:-

ਗੁਰਮੁਖਿ ਹਰਿ ਗੁਣ ਗਾਏ॥
ਹਿਰਦੈ ਰਸਨ ਰਸਾਏ।। (ਰਾਗ ਸੂਹੀ, ਆਦਿ ਗ੍ਰੰਥ,ਪੰ. 774)

ਛੰਤਾਂ ਦੇ ਅੰਤਰਗਤ ਆਮ ਤੌਰ ਤੇ ਛੇਤੁਕੇ ਪਦੇ ਹਨ ਪਰ ਕਿਤੇ ਕਿਤੇ ਇਨ੍ਹਾਂ ਹੇਠ ਚਾਰ ਤੁਕੇ ਪਦੇ ਵੀ ਲਭ ਪੈਂਦੇ ਹਨ। ਗੁਰੂ ਰਾਮਦਾਸ ਜੀ ਰਚਿਤ ਰਾਗ ਬਿਲਾਵਲ ਦੇ ਛੰਤਾਂ ਵਿਚ ਸਾਰੇ ਪਦੇ ਚਾਰ ਤੁਕੇ ਹਨ। ਸਾਰਿਆਂ ਵਿਚ ਚਾਰ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਨ੍ਹਾਂ ਪਦਿਆਂ ਵਿਚ ਤੁਕਾਂ ਪਿਛੇ ਰਾਮ ਸ਼ਬਦ ਦੀ ਵਰਤੋਂ ਕੀਤੀ ਗਈ ਹੈ:-[58]

ਮੇਰਾ ਹਰਿ ਪ੍ਰਭ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ।।
.... .... .... .... ...
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ।।
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 844)

ਆਦਿ ਗ੍ਰੰਥ ਦੇ ਛੰਤਾਂ ਵਿਚ ਕੁੰਡਲੀਆਂ ਛੰਦ ਦੀ ਵਰਤੋਂ ਬਹੁਤ ਵਿਗੜਵੇਂ ਰੂਪ ਵਿਚ ਹੋਈ ਲਗਦੀ ਹੈ। ਇਥੇ ਛੰਦਾਂ ਦੇ ਕਰੜੇ ਨਿਯਮਾਂ ਨੂੰ ਸਵੀਕਾਰ ਨਾ ਕਰਦੇ ਹੋਏ ਮਾਤ੍ਰਾ ਵਰਤਣ ਵਿਚ ਕਾਫ਼ੀ ਖੁਲ੍ਹ ਲਈ ਗਈ ਹੈ। ਮੇਰੀ ਜਿੰਦੜੀਏ, 'ਰਾਮਰਾਜੇ' ਤੇ 'ਜੀਉ' ਆਦਿ ਸ਼ਬਦ ਛੰਤਾਂ ਵਿਚ ਤੋਲ ਤੋਂ ਵਾਧੂ ਵਰਤੇ ਮਿਲਦੇ ਹਨ।[59] ਬਹੁਤੇ ਛੰਤਾਂ ਦੇ ਪਦਿਆਂ ਵਿਚ ਦੂਜੀ ਤੁਕ ਦੇ ਅੰਤਲੇ ਭਾਗ ਨੂੰ ਤੀਜੀ ਤੁਕ ਦੇ ਮੁਢ ਵਿਚ ਦੁਹਰਾਇਆ ਗਿਆ ਹੈ ਤੇ ਇਹੀ ਲੱਛਣ ਇਸਨੂੰ ਕੁੰਡਲੀਆਂ ਛੰਦ ਦੇ ਜ਼ਿਆਦਾ ਨੇੜੇ ਲੈ ਜਾਂਦਾ ਹੈ।[60]

---

55. ਅਮਰਜੀਤ ਸਿੰਘ(ਡਾ.), ਆਦਿ ਗ੍ਰੰਥ ਵਿਚ ਵਰਤੇ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ. 275.
56. [redacted], ਗੁਰੁਛੰਦ ਦਿਵਾਕਰ, ਪੰ. 89.
57. ਉਹੀ, ਪੰਨੇ 73 ਅਤੇ 90.
58. ਅਮਰਜੀਤ ਸਿੰਘ (ਡਾ.), ਉਹੀ ਰਚਨਾ, ਪੰ. 481.
59. ਕਾਨ੍ਹ ਸਿੰਘ (ਨਾਭਾ), ਉਹੀ ਰਚਨਾ, ਪੰ. 23.
60. ਅਮਰਜੀਤ ਸਿੰਘ (ਡਾ.), ਉਹੀ ਰਚਨਾ, ਪੰ. 276.

**ਪਹਰੇ:**

ਇਹ ਕਾਵਿ ਰੂਪ ਦਿਨ ਦੇ ਚਾਰ ਪਹਿਰਾਂ ਨਾਲ ਸੰਬੰਧਿਤ ਹੈ। ਸਿਰੀ ਰਾਗ ਵਿਚ ਚਾਰ ਸ਼ਬਦ 'ਪਹਰੇ' ਸਿਰਲੇਖ ਹੇਠ ਦਰਜ ਹਨ। ਇਨ੍ਹਾਂ ਵਿਚੋਂ ਦੋ ਗੁਰੂ ਨਾਨਕ ਦੇਵ ਜੀ, ਇਕ ਗੁਰੂ ਅਰਜਨ ਦੇਵ ਜੀ ਅਤੇ ਇਕ ਗੁਰੂ ਰਾਮਦਾਸ ਜੀ ਦਾ ਹੈ।

**ਘੋੜੀਆਂ:**

ਇਹ ਪੰਜਾਬ ਦੇ ਲੋਕ-ਗੀਤਾਂ ਵਿਚ ਪ੍ਰਸਿਧ ਕਾਵਿ-ਰੂਪ ਹੈ। ਗੁਰੂ ਰਾਮਦਾਸ ਜੀ ਨੇ ਇਸ ਪ੍ਰਸਿਧ ਲੋਕ-ਕਾਵਿ-ਰੂਪ ਦਾ ਪ੍ਰਯੋਗ ਕੀਤਾ ਹੈ। ਗੁਰੂ-ਕਾਵਿ ਵਿਚ ਇਹ ਉਨ੍ਹਾਂ ਦੀ ਵਿਲੱਖਣ ਦੇਣ ਹੈ। ਆਮ ਤੌਰ ਤੇ ਲੋਕ-ਪਰੰਪਰਾ ਵਿਚ ਇਸ ਕਾਵਿ ਰੂਪ ਨੂੰ ਲੜਕੇ ਦੇ ਵਿਆਹ ਵੇਲੇ ਭੈਣ ਵਲੋਂ ਉਸਦੇ ਘੋੜੀ ਚੜ੍ਹਨ ਤੇ ਗਾਇਆ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਕਾਵਿ-ਰੂਪ ਨੂੰ ਅਧਿਆਤਮਕ ਰੰਗਣ ਦਿਤੀ ਹੈ। ਉਨ੍ਹਾਂ ਦੀਆਂ ਵਡਹੰਸ ਰਾਗ ਵਿਚ ਦੋ ਘੋੜੀਆਂ ਹਨ, ਜਿਨ੍ਹਾਂ ਦੇ ਚਾਰ ਪਦੇ ਹਨ। ਇਸ ਸਿਰਲੇਖ ਹੇਠ ਛੰਤ ਪਦੇ ਹੀ ਹਨ, ਇਸ ਲਈ ਛੰਦ ਵੀ ਛੰਤ ਦੇ ਪਦਿਆਂ ਵਾਂਗ ਕਲਸ ਹੀ ਲਗਦਾ ਹੈ। ਉਦਾਹਰਣ ਦੇ ਤੌਰ ਤੇ ਵੇਖੋ ਇਕ ਪਦਾ ਜਿਸ ਵਿਚ ਅੜਿਲ ਦੇ ਤੋਲ ਅਤੇ ਸਾਰ ਦੇ ਤੋਲ ਤੋਂ ਕਲਸ ਛੰਦ ਦਾ ਰੂਪ ਪੈਦਾ ਹੋ ਗਿਆ ਹੈ। ਅੜਿਲ ਦੇ ਲੱਛਣ ਹਨ : 16 ਮਾਤ੍ਰਾ ਅੰਤ ਦੋ ਗੁਰੂ, ਸਾਰ 28 ਮਾਤ੍ਰਾ 16,12 ਅੰਤ ਦੋ ਗੁਰੂ।

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ॥  
ਚੜਿ ਲੰਘਾ (ਜੀ) ਬਿਖਮੁ ਭੁਇਅੰਗਾ ਰਾਮ॥  
ਬਿਖਮੁ ਭੁਇਅੰਗਾ ਅਨਤ ਤਰੰਗਾ, ਗੁਰਮੁਖਿ ਪਾਰਿ ਲੰਘਾਏ॥  
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ॥  
ਅਨਦਿਨੁ ਹਰਿ ਰੰਗਿ (ਹਰਿ) ਗੁਣ ਗਾਵੈ ਹਰਿ ਰੰਗੀ ਹਰਿ ਰੰਗਾ॥  
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ॥2॥

(ਆਦਿ ਗ੍ਰੰਥ, ਪੰ. 575)

ਪਹਿਲੀਆਂ ਦੋ ਤੁਕਾਂ ਵਿਚ 'ਬਿਖਮ' ਤੇ ਅਧਿਕ ਪੜ੍ਹਨ ਨਾਲ ਚੌਪਾਈ ਦਾ ਤੋਲ ਪੂਰਾ ਹੁੰਦਾ ਹੈ। ਅਗਲੀਆਂ ਚਾਰ ਤੁਕਾਂ ਵਿਚ 'ਭੁਇਅੰਗਾ' ਦੀ ਟਿਪੀ ਛਡਕੇ ਅਤੇ 'ਲੰਘਾਏ' ਦੀ ਟਿਪੀ ਛਡਕੇ ਚੌਥੀ ਤੁਕ ਵਿਚ 'ਹਰਿ' ਤੋਲ ਤੋਂ ਬਾਹਰ ਰਖਕੇ ਅਤੇ 'ਗੁਰ' ਤੋਲ ਤੋਂ ਬਾਹਰ ਰਖਕੇ, ਪੰਜਵੀਂ ਤੁਕ ਵਿਚ 'ਹਰਿ' ਦੂਜਾ ਤੋਲ ਤੋਂ ਬਾਹਰ ਰਖਕੇ 'ਗੁਣ' ਤੇ ਅਧਿਕ ਪੜ੍ਹ ਕੇ ਛੇਵੀਂ ਤੁਕ ਵਿਚੋਂ 'ਜਨ' ਤੇ 'ਹਰ' ਤੋਲ ਤੋਂ ਬਾਹਰ ਰਖਕੇ 'ਉਤਮ' ਤੇ ਅਧਿਕ ਪੜ੍ਹਕੇ ਤੋਲ ਸਾਰ ਛੰਦ ਦਾ ਪੂਰਨ ਹੁੰਦਾ ਹੈ।[61]

---

61. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰਨੇ 234-35.

**ਕਰਹਲੇ:**

ਕਰਹਲੇ ਦਾ ਸ਼ਾਬਦਿਕ ਅਰਥ ਲੜਾਈ ਕਰਨੀ ਜਾਂ ਹਮਲਾ ਕਰਨਾ ਹੈ। ਇਹ ਉਦਮ ਲਈ ਵੀ ਸੂਚਕ ਹੈ। 'ਸ਼ਬਦ' ਵਿਚ ਮਨ ਨੂੰ ਆਤਮਕ ਜਗਤ ਵਿਚ ਉਦਮ ਕਰਨ ਲਈ ਕਿਹਾ ਗਿਆ ਹੈ। ਮਨ ਜੋ ਮਾਇਆ ਦੀ ਦੁਨੀਆਂ ਵਿਚ ਰਹਿੰਦਾ ਹੈ ਉਸਨੂੰ ਆਪਣੇ ਗ੍ਰਹਿ ਅਧਿਆਤਮਕ ਦੁਨੀਆਂ ਵਿਚ ਆ ਜਾਣ ਲਈ ਕਿਹਾ ਹੈ।[62] ਰਾਗ ਗਉੜੀ ਪੂਰਬੀ ਵਿਚ ਗੁਰੂ ਰਾਮਦਾਸ ਦੇ 26 ਦੁਤੁਕੇ ਪਦਿਆਂ ਦੀ ਇਸ ਰਚਨਾ ਵਿਚ ਮਨੁੱਖ ਨੂੰ ਉਠ ਦਾ ਰੂਪ ਦਿਤਾ ਗਿਆ ਹੈ। ਕਰਹਲੇ ਕਾਵਿ ਰੂਪ ਬਾਰੇ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ 'ਕਰਹਲਾ' ਸ਼ਬਦ ਸ਼ਾਇਦ ਸਿੰਧੀ 'ਕਰਹਾ' ਅਰਥਾਤ ਉਠ ਦਾ ਰੂਪਾਂਤਰ ਹੈ ਜਾਂ ਉਸਤੋਂ ਬਣਿਆ ਹੈ। ਇਸ ਦਾ ਅਰਥ ਉਠਾਂ ਵਾਲੇ ਅਤੇ ਕਾਫ਼ਲੇ ਦੇ ਅੱਗੇ ਗਾਏ ਜਾਣ ਵਾਲੇ ਗੀਤ ਹੋ ਸਕਦੇ ਹਨ।[63] ਇਸ ਵਿਚ ਮੂਲ ਰੂਪ ਵਿਚ 'ਦੋਹਰਾ' ਛੰਦ ਹੀ ਵਰਤਿਆ ਗਿਆ ਜਾਪਦਾ ਹੈ। ਕੁਝ ਸ਼ਬਦ ਤੋਲ ਤੋਂ ਬਾਹਰ ਰਖ ਕੇ ਅਤੇ ਕਈ ਥਾਵਾਂ ਤੇ ਲਘੂ, ਗੁਰੂ, ਗੁਰੂ ਲਘੂ ਪੜ੍ਹਕੇ ਤੋਲ ਪੂਰਾ ਹੁੰਦਾ ਹੈ। ਉਦਾਹਰਣ ਲਈ ਵੇਖੋ:

ਮਨ (ਕਰਹਲਾ) ਮੇਰੇ ਪਿਆਰਿਆ (ਇਕ) ਗੁਰ ਕੀ ਸਿਖ ਸੁਣਾਇ॥
(ਇਹੁ) ਮੋਹ ਮਾਇਆ ਪਸਰਿਆ, ਅੰਤਿ ਸਾਥ ਨ ਜਾਇ॥ (ਆਦਿ ਗ੍ਰੰਥ, ਪੰ. 234)

ਪਹਿਲੀ ਤੁਕ ਵਿਚੋਂ 'ਕਰਹਲਾ' ਤੇ ਇਕ ਤੋਲ ਤੋਂ ਬਾਹਰ ਰਖਕੇ ਤੇ 'ਮਨ' ਤੇ ਅਧਿਕ ਪੜ੍ਹਕੇ ਦੂਜੀ ਤੁਕ ਵਿਚੋਂ ਇਹ ਤੋਲ ਤੋਂ ਬਾਹਰ ਪੜ੍ਹ ਕੇ ਦੋਹਰੇ ਦਾ ਤੋਲ ਪੂਰਾ ਹੁੰਦਾ ਹੈ। 13+11 ਅੰਤ ਇਕ ਗੁਰੂ ਇਕ ਲਘੂ।[64] ਪਰ ਕਿਤੇ ਕਿਤੇ ਹੋਰ ਛੰਦਾਂ ਦੇ ਤੋਲਾਂ ਦੀ ਝਲਕ ਵੀ ਪੈਂਦੀ ਹੈ ਜਿਵੇਂ ਅੰਮ੍ਰਿਤਧੁਨਿ ਲਲਿਤਪਦ ਦਾ ਦੂਜਾ ਭੇਦ ਅਤੇ ਮਾਤ੍ਰਿਕ ਸਵੈਯੇ ਦਾ ਬੀਰ ਰੂਪ ਆਦਿ।

ਅੰਮ੍ਰਿਤਧੁਨਿ ਦੇ ਲੱਛਣ ਹਨ: 29 ਮਾਤ੍ਰਾ 16, 13 ਵਿਸ਼ਰਾਮ ਅੰਤ ਗੁਰੂ ਲਘੂ। ਤੋਲ ਵੇਖੋ:-

ਮਨ ਕਰਹਲਾ ਮੇਰੇ ਪ੍ਰੀਤਮਾ, ਦਿਨ ਰੈਣਿ ਹਰਿ ਲਿਵ ਲਾਇ॥
ਘਰ ਜਾਇ ਪਾਵਹਿ ਰੰਗ ਮਹਲੀ, ਗੁਰੁ ਮੇਲੇ ਹਰਿ ਮੇਲਾਇ॥
(ਆਦਿ ਗ੍ਰੰਥ, ਪੰ. 234)

ਪਹਿਲੀ ਤੁਕ ਵਿਚ 'ਲਿਵ' ਤੇ ਅਧਿਕ ਪੜ੍ਹਕੇ ਤੋਲ ਪੂਰਾ ਹੋ ਜਾਂਦਾ ਹੈ।[65]

---

62. Surinder Singh Kohli (dr.), A Critical Study of Adi Granth, p.90.
63. ਪੰਜਾਬੀ ਕਾਵਿ ਸ਼ਿਰੋਮਣੀ, ਪੰ. 197.
64. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ. 282.
65. ਉਹੀ,

ਲਲਿਤ ਪਦ ਦੇ ਦੂਜੇ[66] ਭੇਦ ਦਾ ਤੋਲ ਵੇਖੋ, ਲੱਛਣ 27 ਮਾਤ੍ਰਾ ਪਹਿਲਾ ਵਿਸ਼੍ਰਾਮ 15 ਉਤੇ ਦੂਜਾ 12 ਉਤੇ ਅਤੇ ਅੰਤ ਲਘੂ।

ਮਨ ਕਰਹਲਾ ਤੂੰ ਮੀਤ ਮੇਰਾ, ਪਾਖੰਡ ਲੋਭ ਤਜਾਇ।।
ਪਾਖੰਡਿ ਲੋਭੀ ਮਾਰੀਐ ਜਮ ਡੰਡ ਦੇਇ ਸਜਾਇ।। (ਆਦਿ ਗ੍ਰੰਥ, ਪੰ. 234)

'ਤੂੰ' ਨੂੰ ਤੇ 'ਤੂ' ਪੜ੍ਹਕੇ ਅਰਥਾਤ ਲਘੂ ਪੜ੍ਹਕੇ ਤੋਲ ਪੂਰਾ ਹੁੰਦਾ ਹੈ।

ਇਸ ਤਰ੍ਹਾਂ ਮਾਤ੍ਰਿਕ ਸਵੱਯੇ ਦਾ ਪਹਿਲਾ ਰੂਪ 'ਬੀਰ' ਦੀ ਉਦਾਹਰਣ ਮਿਲਦੀ ਹੈ। ਇਸ ਦੇ ਲੱਛਣ[67] ਹਨ : 31 ਮਾਤ੍ਰਾ ਪਹਿਲਾ ਵਿਸ਼੍ਰਾਮ 16 ਤੇ, ਦੂਜਾ ਵਿਸ਼੍ਰਾਮ 15 ਉਤੇ। ਅੰਤ ਗੁਰੂ ਲਘੂ।

ਮਨ ਕਰਹਲਾ ਮੇਰੇ ਪ੍ਰਾਨ ਤੂੰ,
ਮੈਲ ਪਾਖੰਡ ਭਰਮ ਗਵਾਇ।।
ਹਰਿ ਅਮ੍ਰਿਤਸਰ ਗੁਰਿ ਪੂਰਿਆ,
ਮਿਲਿ ਸੰਗਤੀ ਮਲੁ ਲਹਿ ਜਾਇ।। (ਆਦਿ ਗ੍ਰੰਥ, ਪੰ. 234)

## ਵਣਜਾਰਾ :

ਗੁਰੂ ਰਾਮਦਾਸ ਜੀ ਨੇ 'ਵਣਜਾਰਾ' ਸਿਰਲੇਖ ਹੇਠ ਸਿਰੀ ਰਾਗ ਵਿਚ ਛੇਪਦੇ ਪੰਜ ਤੁਕਿਆਂ ਵਿਚ ਰਚਨਾ ਕੀਤੀ ਹੈ। ਹਰ ਪਦੇ ਤੋਂ ਬਾਅਦ ਰਹਾਉ ਤੁਕ ਆਈ ਹੈ। 'ਵਣਜਾਰਿਆ ਮਿਤ੍ਰਾ' ਸ਼ਬਦ ਦਾ ਪ੍ਰਯੋਗ 'ਪਹਿਰਿਆਂ' ਵਾਂਗ ਹੀ ਕੀਤਾ ਹੈ। ਇਨ੍ਹਾਂ ਪਦਿਆਂ ਵਿਚ ਮਨੁੱਖੀ ਜੀਵ ਨੂੰ ਸੌਦਾਗਰ ਦੇ ਰੂਪ ਵਿਚ ਚਿਤਰਿਆ ਗਿਆ ਹੈ। ਉਹ ਇਸ ਸੰਸਾਰ ਵਿਚ ਸੱਚ ਦਾ ਸੌਦਾ ਕਰਨ ਆਇਆ ਹੈ ਪਰ ਮਾਇਆ ਦੇ ਜਾਲ ਵਿਚ ਫਸਕੇ ਸੱਚ ਦਾ ਵਪਾਰ ਕਰਨਾ ਭੁਲ ਗਿਆ ਹੈ।

ਗੁਰੂ ਰਾਮਦਾਸ ਰਚਿਤ ਕਾਵਿ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਇਕ ਗੱਲ ਨਿਸ਼ਚਿਤ ਹੁੰਦੀ ਹੈ ਕਿ ਗੁਰੂ ਰਾਮਦਾਸ ਜੀ ਨੇ ਮਾਤ੍ਰਿਕ ਛੰਦਾਂ ਦਾ ਹੀ ਪ੍ਰਯੋਗ ਕੀਤਾ ਹੈ। ਭਿੰਨ ਸਿਰਲੇਖਾਂ ਹੇਠ ਛੰਦਾਂ ਦੀ ਵਿਵਿਧਤਾ ਮਿਲਦੀ ਹੈ। ਜਿਸ ਨਾਲ ਕਵਿਤਾ ਦਾ ਹੁਸਨ ਤੇ ਸੰਗੀਤਕਤਾ ਵਧਦੀ ਹੈ।

---

66. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, ਪੰ. 283.
67. ਕਾਨ੍ਹ ਸਿੰਘ (ਨਾਭਾ), ਗੁਰੁਛੰਦ ਦਿਵਾਕਰ, ਪੰ. 60.

## 2. ਅਲੰਕਾਰ-ਵਿਧਾਨ

ਗੁਰੂ ਰਾਮਦਾਸ ਜੀ ਦੇ ਕਾਵਿ ਵਿਚ ਅਥਾਹ ਬਲ ਤੇ ਸੌਂਦਰਯ ਸ਼ਕਤੀ ਹੈ, ਜਿਸਦਾ ਆਧਾਰ ਅਲੌਕਿਕ ਕਾਵਿ-ਸ਼ਕਤੀ, ਸਵੈ-ਅਨੁਭਵ, ਭਾਵਾਂ ਦੀ ਤੀਬਰਤਾ ਤੇ ਅਧਿਆਤਮਕ ਤੌਰ ਤੇ ਉੱਨਤ ਹੋ ਚੁਕੀ ਚਾਤੇ ਅਵਸਥਾ ਹੈ।[1] ਉਨ੍ਹਾਂ ਦੀ ਕਵਿਤਾ ਦੇ ਸੌਂਦਰਯ ਦਾ ਆਧਾਰ ਜਿਥੇ ਭਾਵਾਂ ਦੀ ਵਿਭਿੰਨਤਾ ਅਤੇ ਕਲਪਨਾ ਦੀ ਵਿਸ਼ਾਲਤਾ ਹੈ, ਉਥੇ ਇਸ ਦੀ ਅਲੰਕ੍ਰਿਤ ਭਾਸ਼ਾ ਵੀ ਹੈ। ਗੁਰੂ ਰਾਮਦਾਸ ਜੀ ਆਪਣੇ ਅਨੇਕ ਦ੍ਰਿਸ਼ਟਾਂਤ, ਸਮਾਜਕ ਜੀਵਨ ਅਤੇ ਪ੍ਰਕ੍ਰਿਤੀ ਵਿਚੋਂ ਢੁਕਵੇਂ ਰੂਪਕ ਅਤੇ ਉਪਮਾਵਾਂ ਚੁਣਕੇ ਕਾਵਿ ਅਭਿਵਿਅਕਤੀ ਵਿਚ ਐਸੀ ਸ਼ਕਤੀ ਪੈਦਾ ਕੀਤੀ ਹੈ, ਜੋ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਤੇ ਤੀਖਣ ਪ੍ਰਭਾਵ ਪੈਦਾ ਕਰਨ ਦੇ ਸਮਰਥ ਹੈ।

ਉਨ੍ਹਾਂ ਨੇ ਗੁਰੂ ਕਵੀਆਂ ਅਤੇ ਭਗਤ ਕਵੀਆਂ ਵਾਂਗ ਪਰਮਾਤਮਾ ਦੀ ਪਰੋਖ ਅਨੁਭੂਤੀ ਦੀ ਲੀਨਤਾ ਵਿਚ ਜੀਵਨ ਦੀ ਉਤਮ ਉਪਲਬਧੀ ਮੰਨੀ। ਉਨ੍ਹਾਂ ਦੀ ਵਾਣੀ ਆਪਣੇ ਕੁਦਰਤੀ ਰੂਪ ਵਿਚ ਅਭਿਵਿਅਕਤੀ ਦਾ ਅਲੰਕਰਣ ਕਰਦੀ ਹੋਈ ਚਲਦੀ ਹੈ। ਉਨ੍ਹਾਂ ਦੀ ਭਾਸ਼ਾ ਉਨ੍ਹਾਂ ਦੇ ਹਿਰਦੇ ਦਾ ਸੁਭਾਵਿਕ ਉਦਗਾਰ ਮਾਤਰ ਹੈ, ਜੋ ਕਾਵਿ ਦਾ ਸਰੂਪ ਅਖਤਿਆਰ ਕਰ ਗਈ ਹੈ। ਇਸ ਲਈ ਉਨ੍ਹਾਂ ਦੇ ਕਾਵਿ ਵਿਚ ਪ੍ਰਾਪਤ ਹੋਣ ਵਾਲੇ ਅਲੰਕਾਰ ਵੀ ਸੁਭਾਵਿਕ ਰੂਪ ਵਿਚ ਹੀ ਪ੍ਰਯੁਕਤ ਹੋਏ ਹਨ, ਕਲਾ-ਕੁਸ਼ਲਤਾ ਦੇ ਪ੍ਰਦਰਸ਼ਣ ਹੇਤੁ ਨਹੀਂ। ਇਸੇ ਕਰਕੇ ਉਨ੍ਹਾਂ ਦੇ ਕਾਵਿ ਵਿਚ ਕਾਵਿ ਸ਼ਾਸਤਰ ਦੇ ਅਲੰਕਾਰਾਂ ਦੀ ਗਿਣਤੀ ਕਾਵਿ-ਸ਼ਾਸਤਰੀ ਰੂਪ ਵਿਚ ਨਹੀਂ ਮਿਲਦੀ। ਉਨ੍ਹਾਂ ਦੇ ਕਾਵਿ ਵਿਚ ਪ੍ਰਯੁਕਤ ਹੋਏ ਅਲੰਕਾਰ ਅਨੁਭੂਤੀ ਦੀ ਸਹਿਜ ਅਭਿਵਿਅਕਤੀ ਦੇ ਰੂਪ ਵਿਚ ਹੀ ਹੋਏ ਹਨ। ਉਨ੍ਹਾਂ ਦੇ ਕਾਵਿ ਵਿਚ ਪ੍ਰਯੁਕਤ ਅਲੰਕਾਰਾਂ ਦਾ ਅਧਿਅਨ ਕਰਨ ਤੋਂ ਪਹਿਲਾਂ ਅਲੰਕਾਰ ਬਾਰੇ ਸੰਖੇਪ ਰੂਪ ਵਿਚ ਚਰਚਾ ਕਰਨੀ ਉਪਯੁਕਤ ਹੋਵੇਗੀ।

### ਅਲੰਕਾਰ ਅਤੇ ਇਸਦਾ ਕਾਵਿ ਵਿਚ ਸਥਾਨ।

'ਅਲੰਕਾਰ' ਸ਼ਬਦ ਦਾ ਅਰਥ ਹੈ ਗਹਿਣਾ, ਸਜਾਵਟ ਜਾਂ ਸ਼ਿੰਗਾਰ। ਕਾਵਿ ਵਿਚ ਜੋ ਅਲੰਕ੍ਰਿਤ ਜਾਂ ਭੂਸ਼ਿਤ ਕਰੇ, ਉਹ 'ਅਲੰਕਾਰ' ਹੈ।[2] ਕਾਵਿ-ਸ਼ਾਸਤਰ ਅਨੁਸਾਰ ਅਲੰਕਾਰ ਅਜੇਹੇ ਸ਼ਬਦਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੁਆਰਾ ਅਭਿਵਿਅਕਤੀ ਵਿਚ ਸਪਸ਼ਟਤਾ, ਪ੍ਰਭਾਵਸ਼ੀਲਤਾ ਅਤੇ ਭਾਸ਼ਾ ਵਿਚ ਸੌਂਦਰਯ ਦਾ ਵਾਧਾ ਹੁੰਦਾ ਹੈ। ਸਪਸ਼ਟਤਾ ਅਤੇ ਪ੍ਰਭਾਵ ਪੈਦਾ ਕਰਨ ਹੇਤੂ ਵਾਣੀ ਅਲੰਕਾਰ ਦਾ ਸ੍ਵ ਰੂਪ ਧਾਰਣ ਕਰਦੀ ਹੈ। ਇਸ ਲਈ ਕਾਵਿ ਵਿਚ ਅਲੰਕਾਰਾਂ ਦਾ ਮਹੱਤਵਪੂਰਣ ਸਥਾਨ ਹੈ।[3]

---

1. ਤਾਰਨ ਸਿੰਘ (ਡਾ:), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, (ਅੰਮ੍ਰਿਤਸਰ, 1963) ਪੰ. 375.
2. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 67.
3. ਉਹੀ.

ਕਾਵਿ ਵਿਚ ਅਲੰਕਾਰ ਦੇ ਮਹੱਤਵ ਬਾਰੇ ਭਾਰਤੀ ਸਾਹਿਤ-ਆਚਾਰੀਆ ਨੇ ਆਪਣੇ ਭਿੰਨ ਭਿੰਨ ਮੱਤ ਦਿਤੇ ਹਨ। ਮੁਖ ਤੋਰ ਤੇ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਵਿਚ ਆਚਾਰੀਆ ਭਾਮਹ, ਆਚਾਰੀਆ ਦੰਡੀ, ਆਚਾਰੀਆ ਵਾਮਨ ਦੇ ਨਾਮ ਸ਼ਾਮਲ ਹਨ। ਆਚਾਰੀਆ ਭਾਮਹ ਨੇ ਵਕ੍ਰੋਕਤੀ ਨੂੰ ਸੰਪੂਰਣ ਅਲੰਕਾਰਾਂ ਵਿਚ ਵਿਆਪਕ ਦਸਦੇ ਹੋਏ ਇਸ ਨੂੰ ਅਲੰਕਾਰ ਦਾ ਇਕੋ ਇਕ ਆਸਰਾ ਮੰਨਿਆ ਹੈ। ਇਸ ਤਰੀਕੇ ਨਾਲ ਉਨ੍ਹਾਂ ਨੇ ਅਲੰਕਾਰਾਂ ਦੀ ਨੀਂਹ ਬਿਆਨ ਦੇ ਅੰਦਾਜ਼ (ਵਕ੍ਰੋਕਤੀ) ਉਤੇ ਰੱਖੀ। ਜਿਥੇ ਬਿਆਨ ਦਾ ਅਨੋਖਾ ਅੰਦਾਜ਼ ਹੈ, ਉਥੇ ਅਲੰਕਾਰ ਹੈ।[4] ਆਚਾਰੀਆ ਦੰਡੀ ਅਨੁਸਾਰ ਕਾਵਿ ਦੇ ਸੁਹਜ ਨੂੰ ਵਧਾਉਣ ਵਾਲੇ ਧਰਮ ਹੀ ਅਲੰਕਾਰ ਹਨ। ਆਚਾਰੀਆ ਵਾਮਨ ਨੇ ਆਪਣੇ 'ਕਾਵਿਲੰਕਾਰ ਸੂਤਰ' ਵਿਚ 'ਅਲੰਕਾਰ' ਸ਼ਬਦ ਦਾ ਪ੍ਰਯੋਗ ਦੋ ਅਰਥਾਂ ਵਿਚ ਕੀਤਾ ਹੈ। ਸੰਕੀਰਣ ਅਰਥਾਂ ਵਿਚ 'ਅਲੰਕਾਰ' ਕਾਵਿ ਦਾ ਉਹ ਧਰਮ ਹੈ ਜਿਨ੍ਹਾਂ ਨੂੰ ਆਚਾਰੀਆ ਦੰਡੀ ਨੇ 'ਸ਼ੋਭਾਕਰ' ਕਿਹਾ ਸੀ। ਵਿਆਪਕ ਅਰਥਾਂ ਵਿਚ ਸੌਂਦਰਯ ਮਾਤਰ ਨੂੰ ਅਲੰਕਾਰ ਕਹਿੰਦੇ ਹਨ, ਜਿਸਦੇ ਅੰਤਰਗਤ ਉਹ ਸਾਰੀਆਂ ਵਿਧੀਆਂ ਆ ਜਾਂਦੀਆਂ ਹਨ ਜਿਨ੍ਹਾਂ ਦੇ ਦੁਆਰਾ ਕਾਵਿ ਸਾਡੇ ਮਨ ਨੂੰ ਆਕ੍ਰਸ਼ਤ ਕਰਦਾ ਹੈ।[5]

ਦੂਜੀ ਸ਼੍ਰੇਣੀ ਦੇ ਆਲੋਚਕਾਂ ਨੇ ਅਲੰਕਾਰ ਨੂੰ ਗੌਣ ਸਮਝ ਕੇ ਅਲੰਕਾਰ ਦੀ ਪਰਿਭਾਸ਼ਾ ਲਿਖੀ ਹੈ। ਇਸ ਸ਼੍ਰੇਣੀ ਵਿਚ ਅਨੰਦਵਰਧਨ, ਮੰਮਟ ਤੇ ਵਿਸ਼ਵਨਾਥ ਦੇ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।[6] ਧੁਨੀਕਾਰ ਅਨੰਦ ਵਰਧਨ ਨੇ ਵਾਣੀ ਦੀਆਂ ਅਨੰਤ ਸ਼ੈਲੀਆਂ ਨੂੰ ਅਲੰਕਾਰ ਕਿਹਾ ਹੈ।[7] ਮੰਮਟ ਦੇ ਅਨੁਸਾਰ ਕਾਵਿ ਵਿਚ ਰਸ ਅੰਗੀ ਹੈ, ਉਸਦਾ ਉਤਮ ਦਰਸ਼ਨ ਨਿਤ ਧਰਮ 'ਗੁਣ' ਹੈ। ਇਹ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਵਿਅਕਤੀ ਵਿਚ ਸੂਰਬੀਰਤਾ ਆਦਿ। ਵਿਸ਼ਵਨਾਥ ਨੇ ਵੀ 'ਰਸ' ਨੂੰ ਮੁਖ ਰੱਖ ਕੇ ਅਲੰਕਾਰ ਦੀ ਪਰਿਭਾਸ਼ਾ ਕੀਤੀ ਹੈ। ਉਸਨੇ ਸ਼ਬਦ ਅਤੇ ਅਰਥ ਦੇ ਸੌਂਦਰਯ ਦੀ ਵਿਭੂਤੀ ਵਧਾਣ ਵਾਲੇ ਅਸਥਿਰ ਧਰਮਾਂ ਨੂੰ ਅਲੰਕਾਰ ਮੰਨਿਆ ਹੈ।[8] ਅਲੰਕਾਰਗਤ ਇਨ੍ਹਾਂ ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਕੁਝ ਅਚਾਰੀਆਂ ਨੇ ਕਾਵਿਗਤ ਸੰਪੂਰਣ ਸੌਂਦਰਯ ਨੂੰ 'ਅਲੰਕਾਰ' ਮੰਨਿਆ ਹੈ ਅਤੇ ਕੁਝ ਆਚਾਰੀਆਂ ਨੇ ਕਾਵਿ ਦੇ ਪ੍ਰਾਨਭੂਤ ਰਸ, ਗੁਣ ਆਦਿ ਦੇ ਪ੍ਰਭਾਵਕ ਅਤੇ ਉਤਮ ਧਰਮ ਨੂੰ ਅਲੰਕਾਰ ਕਿਹਾ ਹੈ।

---

4. ਪ੍ਰੇਮ ਪ੍ਰਕਾਸ਼ ਸਿੰਘ(ਡਾ.), ਕਾਵਿ ਦੇ ਤੱਤ,(ਲੁਧਿਆਣਾ,1970),ਪੰ.132.
5. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 67.
6. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਉਹੀ ਸਥਾਨ
7. ਹਿੰਦੀ ਸਾਹਿਤਯ ਕੋਸ਼, ਉਹੀ ਸਥਾਨ
8. ਉਹੀ ਸਥਾਨ

ਆਚਾਰੀਆ ਰਾਮਚੰਦਰ ਸ਼ੁਕਲ ਅਨੁਸਾਰ ਅਲੰਕਾਰ ਕਥਨ ਦੀ ਰੋਚਕ ਅਤੇ ਪ੍ਰਭਾਵਪੂਰਣ ਪ੍ਰਣਾਲੀ ਹੈ। ਵਰਣਨ ਕਰਨ ਦੀਆਂ ਕਈ ਤਰ੍ਹਾਂ ਦੀਆਂ ਚਮਤਕਾਰ-ਪੂਰਣ ਸ਼ੈਲੀਆਂ ਜਿਨ੍ਹਾਂ ਦੇ ਕਾਵਿ ਤੋਂ ਚੁਣ ਕੇ ਪ੍ਰਾਚੀਨ ਆਚਾਰੀਆਂ ਨੇ ਅਲੰਕਾਰਾਂ ਦੇ ਨਾਮ ਰਖੇ ਅਤੇ ਲੱਛਣ ਬਣਾਏ। ਦੇਸ਼ ਅਤੇ ਕਾਲ ਦੇ ਅਨੁਸਾਰ ਇਹ ਸ਼ੈਲੀਆਂ ਅਨੇਕ ਹੋ ਸਕਦੀਆਂ ਹਨ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਜਿਤਨੇ ਅਲੰਕਾਰ ਦੇ ਨਾਮ ਗ੍ਰੰਥਾਂ ਵਿਚ ਮਿਲਦੇ ਹਨ, ਉਤਨੇ ਹੀ ਅਲੰਕਾਰ ਹੋ ਸਕਦੇ ਹਨ। ਭਾਵਾਂ ਨੂੰ ਉਤਕਰਸ਼ ਦਿਖਾਣ ਅਤੇ ਵਸਤੂਆਂ ਦੇ ਰੂਪ, ਗੁਣ ਅਤੇ ਕ੍ਰਿਆ ਨੂੰ ਅਧਿਕ ਤੀਬਰ ਅਨੁਭਵ ਕਰਾਉਣ ਵਿਚ ਕਦੀ ਕਦੀ ਸਹਾਇਕ ਹੋਣ ਵਾਲੀ ਯੁਕਤੀ ਅਲੰਕਾਰ ਹੈ।[9]

ਵਾਸਤਵ ਵਿਚ ਅਲੰਕਾਰ ਇਕ ਸੁਨਿਸਚਿਤ ਯੋਜਨਾ ਹੈ। ਇਸ ਵਿਚ ਸੁੰਦਰਤਾ ਕਥਨ ਦੀ ਤਾਂ ਹੈ ਹੀ ਪਰ ਖਿਆਲ ਦੀ ਵੀ ਉਤਨੀ ਹੀ ਹੈ। ਇਸ ਯੋਜਨਾ ਦੇ ਮਾਧਿਅਮ ਨਾਲ ਕਾਵਿ ਸੰਬੰਧੀ ਸਭ ਰੂਪ ਸਪਸ਼ਟ ਹੋ ਕੇ ਮਨੁੱਖੀ ਹਿਰਦੇ ਨੂੰ ਇਕ ਅਲੌਕਿਕ ਆਨੰਦ ਦੀ ਭੂਮਿਕਾ ਵਿਚ ਲਿਜਾ ਕੇ ਉਸਨੂੰ ਰਹੱਸਮਈ ਕਰ ਦਿੰਦੇ ਹਨ। ਅਜੇਹੀ ਸਥਿਤੀ ਵਿਚ ਉਹ ਸੰਸਾਰਕ ਵਪਾਰ ਸੰਬੰਧਾਂ ਤੋਂ ਉਚਾ ਉਠਕੇ ਸ਼ੁਧ ਰੂਪ ਵਿਚ ਭਾਵਮਈ ਹੋ ਜਾਂਦਾ ਹੈ।[10]

ਅਰਥ ਸੌਂਦਰਯ ਨੂੰ ਪੈਦਾ ਕਰਨ ਦੇ ਵਿਚ ਸਹਾਇਕ ਹੋਣ ਦੇ ਕਾਰਣ ਕਾਵਿ ਵਿਚ ਅਲੰਕਾਰ ਦਾ ਮਹੱਤਵ ਹੈ, ਨਿਰਸੰਦੇਹ ਇਹ ਮਹੱਤਵ ਰਸ, ਧੁਨੀ ਅਤੇ ਗੁਣ ਰੀਤੀ ਤੋਂ ਬਾਦ ਦਾ ਹੀ ਹੈ। ਰਸ ਅਲੰਕਾਰ ਅਤੇ ਇਸੇ ਤਰ੍ਹਾਂ ਗੁਣ ਰੀਤੀ ਆਦਿ ਵਖ ਵਖ ਕਾਵਿ ਦੇ ਮੁਲਾਂਕਣ ਇਕ ਦੂਜੇ ਨਾਲ ਇਨੇ ਜੁੜੇ ਹੋਏ ਹਨ ਕਿ ਇਕ ਦਾ ਵਰਣਨ ਦੂਜੇ ਦੇ ਅਭਾਵ ਵਿਚ ਅਪੂਰਣ ਰਹਿੰਦਾ ਹੈ।[11] ਅਲੰਕਾਰ ਕਵਿਤਾ ਵਿਚ ਸਪਸ਼ਟਤਾ, ਪ੍ਰਭਾਵ ਵਿਚ ਤੀਖਣਤਾ, ਰਮਣੀਕਤਾ ਪੈਦਾ ਕਰਦੇ ਹਨ ਪਰ ਇਹ ਉਥੋਂ ਤਕ ਹੀ ਯੋਗ ਹਨ ਜਿਥੋਂ ਤਕ ਇਹ ਸਾਧਨ ਰੂਪ ਵਿਚ ਹੀ ਰਹਿਣ, ਸਾਧਯ ਨਾ ਬਣ ਜਾਣ। ਭਾਵ ਇਹ ਕਿ ਅਲੰਕਾਰ ਕਾਵਿ ਦੇ ਲਈ ਹੋਵੇ, ਕਾਵਿ ਅਲੰਕਾਰ ਦੇ ਲਈ ਨਾ ਹੋਵੇ।[12]

ਕਾਵਿ, ਸ਼ਬਦ ਅਤੇ ਅਰਥ ਨਾਲ ਸੰਬੰਧਤ ਹੈ। ਕਾਵਿ ਵਿਚ ਕਵੀ ਦਾ ਆਪਾ ਅਭਿਵਿਅਕਤ ਹੁੰਦਾ ਹੈ। ਇਸ ਲਈ ਕਵੀ ਕਾਵਿ ਵਿਚ ਸੁੰਦਰਤਾ ਪੈਦਾ ਕਰਨ ਲਈ ਤਿਆਰ ਰਹਿੰਦਾ ਹੈ। ਸ਼ਬਦ

---

9. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 68
10. ਪ੍ਰੇਮ ਨਾਰਾਇਣ ਸ਼ੁਕਲ (ਡਾ.), ਸੰਤ ਸਾਹਿਤਯ, (ਕਾਨਪੁਰ, 1965), ਪੰ. 357.
11. ਹਿੰਦੀ ਸਾਹਿਤਯ ਕੋਸ਼, ਉਹੀ ਸਥਾਨ
12. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ-ਕਲਾ, (ਨਵੀਂ ਦਿਲੀ, ਮਿਤੀ ਹੀਨ), ਪੰ. 89.

ਕਵਿਤਾ ਦਾ ਸ਼ਰੀਰ ਸ਼ਬਦ ਅਤੇ ਅਰਥ ਆਤਮਾ ਹੈ। ਸੋ ਆਤਮਾ ਅਤੇ ਸ਼ਰੀਰ ਦੋਹਾਂ ਦਾ 'ਸੁੰਦਰ' ਹੋਣਾ ਜ਼ਰੂਰੀ ਹੈ।[13] ਭਾਰਤੀ ਕਾਵਿ ਸ਼ਾਸਤਰ ਦੇ ਆਚਾਰੀਆਂ ਨੇ ਅਲੰਕਾਰ ਦੇ ਬੜੇ ਭੇਦ ਕੀਤੇ ਹਨ। ਪ੍ਰਮੁੱਖ ਰੂਪ ਵਿਚ ਇਹ ਭੇਦ ਸ਼ਬਦ ਅਤੇ ਅਰਥ ਦੇ ਆਧਾਰ ਤੇ ਹੀ ਕੀਤੇ ਗਏ ਹਨ। ਕਵਿਤਾ ਵਿਚ ਧੁਨੀ ਦੇ ਆਧਾਰ ਤੇ ਸ਼ਬਦ ਅਲੰਕਾਰ ਦੀ ਸਿਰਜਨਾ ਹੁੰਦੀ ਹੈ ਅਤੇ ਅਰਥ ਦੇ ਆਧਾਰ ਤੇ ਅਰਥ ਅਲੰਕਾਰ ਦੀ। ਇਹ ਦੋਵੇਂ ਹੀ ਕਾਵਿ ਸੌਂਦਰਯ ਦਾ ਵਾਧਾ ਕਰਦੇ ਹਨ। ਜੋ ਅਲੰਕਾਰ ਸ਼ਬਦ ਅਤੇ ਅਰਥ ਦੋਨਾਂ ਤੇ ਆਸ਼੍ਰਿਤ ਰਹਿ ਕੇ ਦੋਵਾਂ ਨੂੰ ਚਮਤਕ੍ਰਿਤ ਕਰਦੇ ਹਨ, ਉਹ ਉਭੈ ਅਲੰਕਾਰ ਕਹਿਲਾਂਦੇ ਹਨ। ਸੋ ਸਾਰੀਆਂ ਅਵਸਥਾਵਾਂ ਵਿਚ ਅਲੰਕਾਰਾਂ ਦਾ ਪ੍ਰਯੋਗ ਮੂਲ ਰੂਪ ਵਿਚ ਦੋ ਤਰ੍ਹਾਂ ਦਾ ਹੁੰਦਾ ਹੈ। ਸ਼ਬਦਾਂ ਦੇ ਦੁਆਰਾ ਚਮਤਕਾਰ ਅਥਵਾ ਸੌਂਦਰਯ ਦੇ ਵਾਧੇ ਹੋਣ ਤੇ ਸ਼ਬਦ ਅਲੰਕਾਰ ਕਹਿਲਾਂਦਾ ਹੈ ਅਤੇ ਜਦ ਅਰਥ ਦੀ ਚਮਤਕ੍ਰਿਤੀ ਹੁੰਦੀ ਹੈ ਤਾਂ ਅਰਥ ਅਲੰਕਾਰ ਅਤੇ ਜਦ ਸ਼ਬਦ ਅਤੇ ਅਰਥ ਦੋਨ੍ਹਾਂ ਦੇ ਮਾਧਿਅਮ ਤੋਂ ਕਾਵਿ ਸੰਬੰਧੀ ਆਨੰਦ ਦੀ ਸ੍ਰਿਸ਼ਟੀ ਹੁੰਦੀ ਹੈ ਤਦ ਉਸਦੀ ਸੰਗਿਆ ਉਭੈ ਅਲੰਕਾਰ ਦੀ ਹੁੰਦੀ ਹੈ।[14]

ਅਸੀਂ ਆਪਣੇ ਅਧਿਐਨ ਦਾ ਖੇਤਰ ਮੁਖ ਰੂਪ ਵਿਚ ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰ ਨੂੰ ਹੀ ਬਣਾ ਰਹੇ ਹਾਂ।

ਸ਼ਬਦ ਅਲੰਕਾਰ:

ਕਾਵਿ ਦੇ ਲੱਛਣ ਵਿਚ 'ਸ਼ਬਦ' ਪ੍ਰਥਮ ਹੈ ਅਤੇ 'ਅਰਥ' ਬਾਅਦ ਵਿਚ।[15] ਜਦੋਂ ਸ਼ਬਦਾਂ ਦੇ ਕਾਰਣ, ਚਮਤਕਾਰ, ਸੁਹਜ, ਸੌਂਦਰਯ ਅਤੇ ਸਰਸਤਾ ਉਤਪੰਨ ਹੁੰਦੀ ਹੈ ਤਾਂ ਉਨ੍ਹਾਂ ਨੂੰ ਸ਼ਬਦ ਅਲੰਕਾਰ' ਕਹਿੰਦੇ ਹਨ। ਸ਼ਬਦਾਂ ਦੇ ਇਕ ਵਿਸ਼ੇਸ਼ ਕ੍ਰਮ ਵਿਚ ਹੀ ਇਸ ਅਲੰਕਾਰ ਦੀ ਹੋਂਦ ਰਹਿੰਦੀ ਹੈ ਅਤੇ ਵਿਸ਼ੇਸ਼ ਸ਼ਬਦ ਕ੍ਰਮ ਦੇ ਟੁੱਟ ਜਾਣ ਨਾਲ ਸ਼ਬਦ ਅਲੰਕਾਰ ਦੀ ਹੋਂਦ ਵੀ ਖ਼ਤਮ ਹੋ ਜਾਂਦੀ ਹੈ। ਸ਼ਬਦ-ਰਚਨਾ ਦੇ ਚਮਤਕਾਰ ਰਾਹੀਂ ਕਾਵਿ ਨੂੰ ਸ਼ਿੰਗਾਰਣ ਵਾਲੇ (ਅਲੰਕ੍ਰਿਤ ਕਰਨ ਵਾਲੇ) ਅਲੰਕਾਰ ਮੋਟੇ ਤੌਰ ਤੇ ਅਨੁਪ੍ਰਾਸ, ਯਮਕ ਅਤੇ ਵੀਪਸਾ ਅਖੁੰਦੇ ਹਨ। ਅਲੰਕਾਰਾਂ ਵਿਚ ਅਨੁਪ੍ਰਾਸ ਨਾਲ ਜਿਥੇ ਭਾਸ਼ਾ ਵਿਚ ਝੰਕਾਰ ਪੈਦਾ ਹੁੰਦੀ ਹੈ, ਯਮਕ ਇਸ ਵਿਚ ਚਮਤਕਾਰ ਲਿਆਉਂਦਾ ਹੈ ਅਤੇ ਵੀਪਸਾ ਇਸ ਨੂੰ ਗਤੀ ਪ੍ਰਦਾਨ ਕਰਦਾ ਹੈ। ਸ਼ਬਦ ਅਲੰਕਾਰ ਵਿਚੋਂ ਅਸੀਂ ਆਪਣੇ ਅਧਿਐਨ ਦਾ ਖੇਤਰ ਅਨੁਪ੍ਰਾਸ ਅਲੰਕਾਰ ਨੂੰ ਹੀ ਬਣਾ ਰਹੇ ਹਾਂ।

ਅਨੁਪ੍ਰਾਸ:

ਅਨੁਪ੍ਰਾਸ ਨੂੰ ਸ਼ਬਦਾਂ ਦੀ ਜਾਦੂਗਰੀ ਕਿਹਾ ਜਾਂਦਾ ਹੈ ਅਤੇ ਗੁਰੂ ਰਾਮਦਾਸ ਜੀ ਪੰਜਾਬੀ ਕਵਿਤਾ

---

13. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ-ਕਲਾ, ਪੰ. 91.
14. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 68.
15. ਓਮ ਪ੍ਰਕਾਸ਼, ਹਿੰਦੀ ਅਲੰਕਾਰ, ਸਾਹਿਤ, (ਦਿੱਲੀ, 1956), ਪੰ.112.

ਵਿਚ ਅਨੁਪ੍ਰਾਸ ਦੇ ਜਾਦੂਗਰ ਹਨ। ਪਰ ਜਿਥੇ ਅਨੁਪ੍ਰਾਸ ਆਮ ਭਾਸ਼ਾ ਵਿਚ ਚਮਤਕਾਰ ਹੋ ਨਿਖਰਦਾ ਹੈ, ਗੁਰੂ ਰਾਮਦਾਸ ਕਾਵਿ ਵਿਚ ਇਹ ਨਾਮ - ਸਿਮਰਨ ਦੇ ਮਾਲਾ ਦੇ ਮਣਕਿਆਂ ਦੇ ਸਮਾਨ ਹੈ। ਗੁਰੂ ਰਾਮਦਾਸ ਕਾਵਿ ਵਿਚ ਅਨੁਪ੍ਰਾਸ ਰਾਹੀਂ ਭਾਵਾਂ ਦੀ ਤੀਖਣਤਾ ਪੈਦਾ ਹੋਈ ਹੈ। ਉਨ੍ਹਾਂ ਦੇ ਕਾਵਿ ਵਿਚ ਪ੍ਰਯੋਗ ਹੋਏ ਅਨੁਪ੍ਰਾਸਾਂ ਵਿਚ ਵ੍ਰਿਤ ਅਨੁਪ੍ਰਾਸ ਦੀ ਬਹੁਲਤਾ ਹੈ। ਸ਼ਬਦ ਅਲੰਕਾਰ ਦੇ ਵਿਭੇਦਾਂ ਵਿਚ ਨਾ ਜਾਂਦੇ ਹੋਏ ਅਸੀਂ ਉਨ੍ਹਾਂ ਦੇ ਕਾਵਿ ਅਨੁਪ੍ਰਾਸ ਅਲੰਕਾਰ ਦੀਆਂ ਉਦਾਹਰਣਾਂ ਨਿਮਨਲਿਖਤ ਦੇ ਰਹੇ ਹਾਂ।

ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ.1114)

ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥2॥

(ਰਾਗ ਮਾਰੂ, ਆਦਿ ਗ੍ਰੰਥ, ਪੰ.998)

ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.301)

ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਇਆ॥32॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 313)

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 313)

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮਾਰੇ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥7॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.981)

ਸਚੁ ਆਪਿ ਸਲਾਹੀ ਸਿਫਤਿ ਸਚੁ ਸਚੁ ਸਚੈ ਕੀ ਵਡਿਆਈ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 310)

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭ ਪਾਪ ਲਹੋਗੀਆ ॥੧॥

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1313)

ਹਰਿਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣ ਨਿਧਾਨਾ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 734)

— ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿੰਦ ਅੰਤ ਨ ਪਾਇਆ।।

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1319)

— ਗੋਵਿੰਦੁ ਗੋਵਿਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ॥

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ.1313)

— ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧ ਸੰਗਤਿ ਜਨ ਸੋਹੰ॥੧॥ਰਹਾਉ॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 492)

— ਜਪਿ ਜਪੇ ਹਰਿ ਜਪਿ ਜਪੇ ਜਪ ਜਾਪਉ ਜਗਦੀਸ।।

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1297)

— ਜੋਤੀ ਜੋਤ ਮਿਲਾਇ ਜੋਤਿ ਰਲਿ ਜਾਵਹਿਗੇ॥3॥(ਰਾਗ ਕਲਿਆਨ, ਆਦਿ ਗ੍ਰੰਥ, ਪੰ.1321)

— ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥

(ਰਾਗ ਸਿਰੀ ਰਾਗੁ, ਆਦਿ ਗ੍ਰੰਥ, ਪੰ. 79)

— ਨਾਨਕ ਦਇਆ ਦਇਆ ਕਰ ਦੀਨੀ ਦੁਖੁ ਦਾਲਦੁ ਭੰਜਿ ਸਮਾਵੈਗੋ॥8॥4॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1311)

— ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇਆ ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 310)

— ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 492)

— ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂੰ ਤਾਰੀ।।੧।।ਰਹਾਉ।।

(ਰਾਗ ਗਉੜੀ, ਆਦਿ ਗ੍ਰੰਥ, ਪੰਨੇ 163-64)

— ਗੁਰਿ ਮੋਹਨਿ ਮੋਹਿ ਮਨੁ ਲਈਆ॥ (ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

— ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ।।
ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ॥੧॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)

— ਰਸੁ ਅੰਮ੍ਰਿਤ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ॥

(ਰਾਗ ਸਿਰੀ ਰਾਗੁ, ਆਦਿ ਗ੍ਰੰਥ, ਪੰ. 41)

— ਹਰਿ ਰੰਗ ਚਲੂਲੇ ਜੋ ਰਤੇ ਤਿਨ ਭਿਨੀ ਹਰਿ ਰੰਗਿ ਰੋਲੀਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 311)

— ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪਨੋ॥

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

**ਅਰਥ ਅਲੰਕਾਰ:**

ਅਰਥ ਅਲੰਕਾਰ ਨੂੰ ਵੰਡਣ ਦੇ ਆਧਾਰ ਸਮਾਨਤਾ (ਸਾਦ੍ਰਿਸ਼ਗਰਭ), ਵਿਰੋਧ ਗਰਭ ਵਿਸ਼ੈ, ਕੜੀ ਬਧ (ਸ੍ਰਿੰਖਲਾ) ਨਿਆਇ ਮੂਲਕ ਅਤੇ ਗੂੜ੍ਹ ਅਰਥ ਪ੍ਰਤੀਤੀ ਹਨ। ਅਰਥ ਸਿਰਫ ਵਰਣਨ ਗੋਚਰੀ ਵਸਤੂ ਅਤੇ ਅਲੰਕਾਰ ਵਸਤੂ ਦੀ ਚੁਕਵੀਂ ਸਾਂਝ (ਸਾਦ੍ਰਿਸ਼ਯ) ਅਰਥਾਤ ਸਮਾਨਤਾ ਉਤੇ ਟਿਕੇ ਰਹਿੰਦੇ ਹਨ।[16] ਸਾਂਝ ਨਾ ਹੋਵੇ ਤਾਂ ਉਹ ਅਲੰਕਾਰ ਨਹੀਂ ਬਣ ਸਕਦੇ ਜਿਵੇਂ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ। ਇਨ੍ਹਾਂ ਸਾਰਿਆਂ ਦੇ ਮੂਲ ਵਿਚ ਇਕ ਸਾਂਝ ਵਰਤਮਾਨ ਰਹਿੰਦੀ ਹੈ ਜਿਹੜੀ ਅਲੰਕਾਰ ਦੀ ਨੀਂਹ ਹੈ, ਆਧਾਰ ਹੈ। ਇਸੇ ਤਰ੍ਹਾਂ ਵਿਰੋਧ ਅਲੰਕਾਰ ਆਦਿ ਦੀ ਗੱਲ ਹੈ।[17] ਅਰਥ ਅਲੰਕਾਰਾਂ ਤੋਂ ਬਿਨਾ ਕਾਵਿ ਸੌਂਦਰਯ ਉਤਪੰਨ ਨਹੀਂ ਹੁੰਦਾ ਅਤੇ ਇਨ੍ਹਾਂ ਅਲੰਕਾਰਾਂ ਵਿਚ ਸਮਾਨਤਾ ਦਾ ਪ੍ਰਮੁਖ ਸਥਾਨ ਹੈ।

ਉਪਮੇਯ ਤੇ ਉਪਮਾਨ ਵਿਚ ਕਿਸੇ ਤਰ੍ਹਾਂ ਦੀ ਸ-ਧਰਮਤਾ ਦੇ ਕਾਰਣ ਹੀ ਸਾਦ੍ਰਿਸ਼ਯ (ਸਮਾਨਤਾ) ਦਿਖਾਈ ਦਿੰਦਾ ਹੈ। ਰੂਪ, ਗੁਣ, ਕ੍ਰਿਆ ਅਥਵਾ ਪ੍ਰਭਾਵ ਕਿਸੇ ਵੀ ਦ੍ਰਿਸ਼ਟੀ ਵਿਚ ਇਕੋ ਜਿਹੇ ਹੋਣ ਤੇ ਹੀ ਉਪਮੇਯ – ਉਪਮਾਨ ਵਿਚ ਸਾਦ੍ਰਿਸ਼ਯ – ਨਿਬੰਧਨ ਹੁੰਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਦੋਨ੍ਹਾਂ ਵਸਤੂਆਂ ਵਿਚ ਪੂਰਨ ਸਮਾਨਤਾ ਹੋਵੇ। ਜੇ ਦੋਨ੍ਹਾਂ ਵਿਚ ਥੋੜੀ ਸਮਾਨਤਾ (ਸਾਮਯ) ਹੋਵੇਗੀ ਤਦ ਵੀ ਅਲੰਕਾਰ ਹੋ ਸਕਦਾ ਹੈ। ਉਪਮਾ ਨੂੰ ਭੇਦ ਪ੍ਰਧਾਨ ਸਾਦ੍ਰਿਸ਼ਯ ਅਲੰਕਾਰ ਕਿਹਾ ਜਾਂਦਾ ਹੈ ਅਰਥਾਤ ਇਸ ਵਿਚ ਦੋ ਪਦਾਰਥਾਂ ਦੇ ਭੇਦ ਦੇ ਰਹਿੰਦੇ ਵੀ ਉਨ੍ਹਾਂ ਵਿਚ ਅਭੇਦ ਦੀ ਯੋਜਨਾ ਕੀਤੀ ਜਾਂਦੀ ਹੈ। ਉਪਮਾ ਦਾ ਮੂਲ ਤੱਤ੍ਵ ਹੈ, ਸਾਦ੍ਰਿਸ਼ਯ।[18] ਉਪਮਾ ਅਲੰਕਾਰ ਵਿਚ ਕਵੀ ਸੌਂਦਰਯ–ਵਿਧਾਨ ਦੇ ਦੁਆਰਾ ਦੋ ਅਲੱਗ ਅਲੱਗ ਪਦਾਰਥਾਂ ਵਿਚ ਵੀ ਸਾਦ੍ਰਿਸ਼ਯ ਦੀ ਯੋਜਨਾ ਕਰਕੇ ਉਨ੍ਹਾਂ ਨੂੰ ਇਕ ਧਰਾਤੁਲ ਤੇ ਲਿਆ ਦਿੰਦਾ ਹੈ। ਦੋਨਾਂ ਪਦਾਰਥਾਂ (ਉਪਮੇਯ ਅਤੇ ਉਪਮਾਨ) ਵਿਚੋਂ ਇਕ ਵਿਚ ਸਿਫ਼ਤ ਦਾ ਅਧਿਕ ਹੋਣਾ ਜ਼ਰੂਰੀ ਹੈ। ਜੇ ਦੋਨ੍ਹਾਂ ਵਿਚ ਸਿਫ਼ਤ ਬਰਾਬਰ ਹੋਵੇ ਤਾਂ ਤੁਲਨਾ ਨਹੀਂ ਹੁੰਦੀ। ਇਸ ਲਈ ਸਾਮਯ (ਬਰਾਬਰੀ) ਦੇ ਖੇਤਰ ਦੇ ਅੰਤਰਗਤ ਉਪਮਾ ਅਲੰਕਾਰ ਵਿਚ ਸਿਫ਼ਤ ਦਾ ਅਧਿਕ ਹੋਣਾ ਦੂਜੀ ਵਸਤ ਦੀ ਕਮੀ ਜਾਂ ਹਾਨੀ ਦਾ ਭਾਵ ਦਿੰਦੀ ਹੈ। ਪਰ ਜੋ ਚੀਜ਼ ਸਾਂਝੀ ਹੈ, ਉਹ ਸਿਫ਼ਤ ਹੈ। ਇਸੇ ਲਈ ਦੋ ਪਦਾਰਥਾਂ (ਉਪਮੇਯ ਤੇ ਉਪਮਾਨ) ਵਿਚ ਭਿੰਨਤਾ ਹੁੰਦੇ ਹੋਏ ਵੀ ਸਾਮਯ-ਸਥਾਪਨਾ ਨੂੰ ਉਪਮਾ ਕਹਿੰਦੇ ਹਨ।[19]

---

16. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ, ਪੰ. 68.
17. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਕਾਵਿ ਦੇ ਤੱਤ, ਪੰ. 136.
18. ਰਾਜਵੰਸ਼ ਸਹਾਯ ਹੀਰਾ(ਡਾ.) ਅਲੰਕਾਰੋਂ ਕਾ ਐਤਿਹਾਸਿਕ ਵਿਕਾਸ,(ਪਟਨਾ, 1974), ਪੰ.89
19. ਉਹੀ ਸਥਾਨ

ਦੋ ਪਦਾਰਥਾਂ ਵਿਚ ਇਹ ਭਿੰਨਤਾ ਅਤੇ ਸਾਮਯ (ਸਮਾਨਤਾ) ਵਧਦੇ ਘਟਦੇ ਜ਼ਰੂਰ ਰਹਿੰਦੇ ਹਨ। ਜੇਕਰ ਅੰਤਰ ਵਧਦਿਆਂ ਵਧਦਿਆਂ ਐਸੀ ਸੀਮਾਂ ਤਕ ਪੁਜ ਜਾਵੇ, ਜਿਥੇ ਉਪਮੇਯ ਅਤੇ ਉਪਮਾਨ ਵੱਖ ਵੱਖ ਹੋ ਜਾਣ ਤਦ 'ਵਯਤਿਰੇਕ' ਅਲੰਕਾਰ ਹੁੰਦਾ ਹੈ ਅਤੇ ਜੇ ਅਭੇਦ ਵਧਦਿਆਂ ਵਧਦਿਆਂ ਐਸੀ ਸੀਮਾਂ ਤਕ ਪੁਜ ਜਾਵੇ ਜਿਥੇ ਉਪਮੇਯ ਅਤੇ ਉਪਮਾਨ ਇਕ ਹੋ ਜਾਣ ਤਦ ਰੂਪਕ ਅਲੰਕਾਰ ਹੁੰਦਾ ਹੈ।[20] ਮੁਖ ਰੂਪ ਵਿਚ ਉਪਮਾ ਦੇ ਦੋ ਭੇਦ ਕੀਤੇ ਜਾਂਦੇ ਹਨ :-

1. ਪੂਰਣ ਉਪਮਾ
2. ਲੁਪਤ ਉਪਮਾ

ਜਦ ਇਕ ਉਪਮੇਯ ਦੀ ਤੁਲਨਾ ਲਈ ਇਕ ਤੋਂ ਵਧ ਉਪਮਾਨ ਲਿਆਂਦੇ ਜਾਣ ਤਾਂ ਉਸਨੂੰ 'ਮਾਲ ਉਪਮਾ' ਕਹਿੰਦੇ ਹਨ। ਸਾਦ੍ਰਿਸ਼ਯਮੂਲਕ ਅਲੰਕਾਰਾਂ ਦੇ ਅੰਤਰਗਤ ਅਸੀਂ ਆਪਣੇ ਅਧਿਅਨ ਦਾ ਖੇਤਰ ਮੁਖ ਰੂਪ ਵਿਚ ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਨੂੰ ਬਣਾਇਆ ਹੈ।

ਗੁਰੂ ਰਾਮਦਾਸ ਜੀ ਨੇ ਰਹੱਸਾਤਮਕ ਸੱਤਾ ਦੇ ਅਨੁਭਵ ਨੂੰ ਪ੍ਰਗਟਾਉਣ ਲਈ ਅਤੇ ਮਨੁੱਖ ਨੂੰ ਨੈਤਿਕ ਕੀਮਤਾਂ ਦਾ ਅਨੁਸਾਰੀ ਬਣਾਉਣ ਲਈ, ਸਮਾਜਕ ਜੀਵਨ ਅਤੇ ਕੁਦਰਤ ਵਿਚੋਂ ਅਨੇਕ ਉਪਮਾਵਾਂ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਚੁਣੀਆਂ ਹਨ। ਪਰਮਾਤਮਾ ਦਾ ਪ੍ਰੇਮ, ਗੁਰੂ ਅਤੇ ਸਿਖ ਦਾ ਪਿਆਰ ਅਤੇ ਮਨਮੁਖ ਦੇ ਜੀਵਨ ਨੂੰ, ਉਹ ਬਹੁਤ ਸੁੰਦਰ ਘਰੋਗੀ ਉਪਮਾਵਾਂ ਰਾਹੀਂ ਸਪਸ਼ਟ ਕਰਦੇ ਹਨ। ਕੁਦਰਤ ਵਿਚੋਂ ਸੂਰਜ, ਧਰਤੀ, ਪਾਣੀ ਆਦਿ, ਇਸਤਰ੍ਹਾਂ ਪਦਾਰਥਾਂ ਵਿਚੋਂ ਲਕੜੀ, ਲੋਹਾ, ਪੰਛੀ ਅਤੇ ਜਾਨਵਰ ਵਰਗ ਵਿਚੋਂ ਹੰਸ, ਚਕਵੀ, ਮੱਛੀ (ਮੀਨ), ਪਾਲਕ ਪਸ਼ੂਆਂ ਵਿਚੋਂ ਗਊ, ਵੱਛਾ (ਬਛੜਾ) ਅਤੇ ਸਮਾਜਕ ਜੀਵਨ ਵਿਚੋਂ ਇਸਤਰੀ, ਮਾਂ (ਮਾਤਾ), ਪੁਤਰ, ਵੇਸਵਾ (ਬੇਸੁਆ) ਓੜ ਆਦਿ ਸੰਬੰਧੀ ਉਪਮਾਵਾਂ ਪ੍ਰਯੋਗ ਕੀਤੀਆਂ ਮਿਲਦੀਆਂ ਹਨ।

ਗੁਰੂ ਰਾਮਦਾਸ ਕਾਵਿ ਵਿਚ ਕੁਦਰਤ ਅਤੇ ਜੀਵ-ਜੰਤੂਆਂ ਦੀਆਂ ਉਪਮਾਵਾਂ ਵਿਚ ਪ੍ਰਯੋਗ ਹੋਏ ਉਪਮਾਨ ਭਗਤੀ ਕਾਵਿ ਅਤੇ ਵਿਸ਼ੇਸ਼ ਤੌਰ ਤੇ ਗੁਰੂ ਕਾਵਿ ਵਿਚ ਉਪਮਾਨ ਬਣੇ ਚਲੇ ਆ ਰਹੇ ਸਨ, ਪਰ ਜੋ ਉਪਮਾਵਾਂ ਉਨ੍ਹਾਂ ਨੇ ਸਮਾਜਕ ਜੀਵਨ ਵਿਚੋਂ ਲਈਆਂ ਹਨ ਉਨ੍ਹਾਂ ਵਿਚ ਇਕ ਤਾਜ਼ਗੀ ਵੀ ਹੈ। ਸਮੁਚੇ ਰੂਪ ਵਿਚ ਉਨ੍ਹਾਂ ਦੀਆਂ ਉਪਮਾਵਾਂ ਜੀਉਂਦੀਆਂ ਜਾਗਦੀਆਂ, ਮੰਨਣਯੋਗ, ਅਰਥ ਭਰਪੂਰ ਅਤੇ ਅਨੇਕ-ਪਖੀ ਪਸਾਰ ਦੀਆਂ ਹਨ। ਹੁਣ ਅਸੀਂ ਵਿਸ਼ੇਗਤ ਉਨ੍ਹਾਂ ਦੀਆਂ ਉਪਮਾਵਾਂ ਦਾ ਅਧਿਅਨ ਕਰਦੇ ਹਾਂ।

ਪੂਰਣ ਉਪਮਾ:

ਪਰਮਾਤਮਾ ਸੰਬੰਧੀ ਉਨ੍ਹਾਂ ਦੇ ਕਾਵਿ ਵਿਚ ਪ੍ਰਯੋਗ ਹੋਈਆਂ ਉਪਮਾਵਾਂ ਦੀ ਵੰਨਗੀ

---

20. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ-ਕਲਾ, ਪੰ. 90.

ਨਿਮਨਲਿਖਤ ਦਿਤੀ ਜਾ ਰਹੀ ਹੈ। ਇਹ ਉਤਕ੍ਰਿਸ਼ਟ ਉਪਮਾਵਾਂ ਹਨ ਕਿਉਂਕਿ ਉਪਮਾਨ ਅਤੇ ਉਪਮੇਯ ਵਿਚ ਭਾਵ ਸਮਾਨਤਾ ਹੈ:—

— ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮ ਰਵੀਸੈ......॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1326)

— ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ॥੧॥ ਰਹਾਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

— ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ॥
ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ॥2॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1179)

— ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ ਤਿਉ ਹਰਿ ਬਿਨੁ ਹਮ ਮਰ ਜਾਤੀ॥

(ਰਾਗਧਨਾਸਰੀ, ਆਦਿ ਗ੍ਰੰਥ, ਪੰ. 668)

— ਮੇਰਾ ਇਕੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸ ਗੀਧੇ॥
ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ॥੧॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1178)

— ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥

(ਰਾਗ ਗੋਂਡ, ਆਦਿ ਗ੍ਰੰਥ, ਪੰ. 861)

— ਸਚੁ ਸਦਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰਨੇ 310-11)

— ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ॥
ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 799)

ਉਪਰੋਕਤ ਉਪਮਾਵਾਂ ਸੰਪੂਰਣ ਉਪਮਾਵਾਂ ਹਨ ਜਿਨ੍ਹਾਂ ਵਿਚ ਉਪਮੇਯ, ਉਪਮਾਨ, ਸਮਾਨ ਧਰਮ ਅਤੇ ਵਾਚਕ ਦੇ ਸਾਰੇ ਅੰਗ ਹਨ। ਇਕ ਲੁਪਤ ਉਪਮਾ ਦੀ ਉਦਾਹਰਣ ਵੇਖੋ:-

'ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ॥'

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 669)

ਇਸ ਵਿਚ ਵਾਚਕ ਲੁਪਤ ਹੈ।

ਗੁਰੂ ਨਾਮ ਅਤੇ ਸਾਧ ਸੰਗਤ ਸੰਬੰਧੀ ਹੋਣਵੀਆਂ ਉਪਮਾਵਾਂ ਨਿਮਨਲਿਖਤ ਦਿਤੀਆਂ ਜਾ ਰਹੀਆਂ ਹਨ:—

— ਹਰਿ ਜਨਿ ਹਰਿ ਜਸੁ ਹਰਿ ਹਰਿ ਗਾਇਓ ਉਪਦੇਸੁ ਗੁਰੂ ਗੁਰ ਸੁਨੇ।।
ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵੇਂ ਖੇਤ ਕ੍ਰਿਸਾਨਿ ਲੁਨੇ॥੧॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 976)

— ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੁਰੀਜੈ
ਨਿਰਖਤ ਨਿਰਖਤ ਰੈਨਿ ਸਭ ਰਿਖੀ ਨ ਮੁਖ ਕਾਢੈ ਅੰਮ੍ਰਿਤ ਪੀਜੈ॥5॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1326)

— ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥੧੬॥

(ਰਾਗ ਸੂਹੀ, ਆਦਿ ਗ੍ਰੰਥ, ਪੰਨੇ 757-58)

— ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨ ਨ ਅਪਨਾ॥
ਜੈਸੇ ਮਕਤਿ ਸੂਰੁ ਬਹੁਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ॥੧॥ ਰਹਾਉ॥

(ਰਾਗ ਗੋਂਡ, ਆਦਿ ਗ੍ਰੰਥ, ਪੰ. 860)

— ਮਨਿ ਆਸ ਪੁਰੀਣੀ ਮੇਰੇ ਪਿਆਰੇ ਦੁਇ ਨੈਣ ਜੁੜੇ।।
ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥ 7॥

(ਰਾਗ ਆਸਾ, ਆਦਿ ਗ੍ਰੰਥ, ਪੰ. 452)

— ਜਿਉ ਓੜਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ॥ 2॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1179)

— ਮਨ ਗੁਰਮਤਿ ਚਾਲ ਚਲਾਵੈਗੋ॥
ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੈ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥੧॥ ਰਹਾਉ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1310)

— ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥
ਤਿਉ ਸਤਿਗੁਰ ਗੁਰਸਿਖ ਰਾਖਤ ਹਰਿ ਪ੍ਰੀਤਿ ਪਿਆਰਿ॥੧॥

(ਰਾਗ ਗਉੜੀ, ਆਦਿ ਗ੍ਰੰਥ, ਪੰ. 168)

— ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥24॥

(ਰਾਗ ਸੂਹੀ, ਆਦਿ ਗ੍ਰੰਥ, ਪੰ. 757)

ਮਨਮੁਖ ਜੀਵਨ ਸੰਬੰਧੀ ਉਪਮਾਵਾਂ ਦੀ ਉਦਾਹਰਣ ਨਿਮਨਲਿਖਤ ਹੈ:-

— ਜਿਉ ਪੰਖੀ ਕਪੋਤਿ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

— ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ॥
ਆਵੈ ਲਹਿਰ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ॥7॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

— ਹਰਿ ਕਿ ਨਾਮ ਬਿਨਾ ਸੁੰਦਰ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥੧॥ ਰਹਾਉ॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 528)

+ ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੈ॥3॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982)

— ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥2॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 800)

— ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭ ਗਲਾਵੈ॥3॥

(ਰਾਗ ਗਉੜੀ , ਆਦਿ ਗ੍ਰੰਥ,ਪੰ. 171)

— ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ॥
ਵੇਗਾਰਿ ਫਿਰੈ ਸਿਰਿ ਭਾਰਿ ਉਠਾਇਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 166)

— ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ।।

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982)

<u>ਮਾਲ ਉਪਮਾ:</u>

ਮਾਲ ਉਪਮਾ ਵਿਚ ਇਕ ਉਪਮੇਯ ਦੀ ਤੁਲਨਾ ਲਈ ਇਕ ਤੋਂ ਵਧ ਉਪਮਾਨ ਲਿਆਂਦੇ ਜਾਂਦੇ ਹਨ। ਗੁਰੂ ਰਾਮਦਾਸ ਕਾਵਿ ਵਿਚ ਮਾਲ ਉਪਮਾ ਦੇ ਪ੍ਰਯੋਗ ਦੀਆਂ ਉਦਾਹਰਣਾਂ ਨਿਮਨਲਿਖਤ ਦਿਤੀਆਂ ਜਾ ਰਹੀਆਂ ਹਨ:-

ਜਿਉ ਮਿਲਿ ਬਾਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥
ਹਰਿਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥2॥

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।।
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ।।
ਹਰਿਜਨ ਪ੍ਰੀਤਿ ਜਪੈ ਨਿਰੰਕਾਰਾ।।
ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ।।
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥4॥3॥41।।

(ਰਾਗ ਗਉੜੀ, ਆਦਿ ਗ੍ਰੰਥ, ਪੰ. 164)

ਨਿੰਮ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥
ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ।।
ਮਨਮੁਖੁ ਅਭਿੰਨ ਨ ਭਿਜਈ ਪਥਰੁ ਨਾਵਾਇਆ॥
ਬਿਖੁ ਮਹਿ ਅੰਮ੍ਰਿਤ ਸਿੰਚੀਐ ਬਿਖੁ ਕਾ ਫਲੁ ਪਾਇਆ॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1244)

ਖਿਨ ਆਵੈ ਖਿਨੁ ਜਾਵੈ ਦੁਰਗੰਧ ਮੜੰ ਚਿਤੁ ਲਾਇਆ ਰਾਮ॥
ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥
ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 442)

**ਰੂਪਕ:**

ਕਾਵਿ ਵਿਚ ਰੂਪਕ ਦੀ ਬਹੁਤ ਮਹੱਤਤਾ ਹੈ। ਉਪਮੇਯ (ਪ੍ਰਸਤੁਤ) ਵਿਚ ਉਪਮਾਨ (ਅਪ੍ਰਸਤੁਤ) ਦੇ ਨਿਸ਼ੇਧ-ਰਹਿਤ ਆਰੋਪ ਨੂੰ ਰੂਪਕ ਅਲੰਕਾਰ ਮੰਨਿਆ ਜਾਂਦਾ ਹੈ।[21] ਇਹ ਵੀ ਅਰਥ ਅਲੰਕਾਰ ਹੈ ਅਤੇ ਸਾਦ੍ਰਿਸ਼ਤਾ ਤੇ ਆਧਾਰਿਤ ਹੈ। ਉਪਮਾ ਵਿਚ ਜਿਥੇ ਦੋ ਪਦਾਰਥਾਂ ਦਾ ਸਾਦ੍ਰਿਸ਼ਯ ਹੁੰਦਾ ਹੈ ਉਥੇ ਰੂਪਕ ਵਿਚ ਦੋਹਾਂ ਦੀ ਇਕਰੂਪਤਾ।

ਰੂਪਕ ਦੇ ਦੋ ਭੇਦ ਹਨ:(1) ਰੂਪਕ (2) ਰੂਪਕਾਤਿਸ਼ਯੋਕਤਿ। ਰੂਪਕਾਤਿਸ਼ਯੋਕਤਿ ਵਿਚ ਸਿਰਫ ਉਪਮਾਨ ਦੇ ਕਥਨ ਰਾਹੀਂ ਉਪਮੇਯ ਦਾ ਬੋਧ ਕਰਾਇਆ ਜਾਂਦਾ ਹੈ।

ਗੁਰੂ ਰਾਮਦਾਸ ਕਾਵਿ ਵਿਚ ਪ੍ਰਯੋਗ ਹੋਏ ਰੂਪਕਾਂ ਵਿਚੋਂ ਇਸਤਰੀ ਅਤੇ ਮਰਦ ਦੇ ਵਿਆਹੁਤ ਜੀਵਨ ਨੂੰ ਲੈ ਕੇ ਆਤਮਾ ਅਤੇ ਪਰਮਾਤਮਾ ਦੇ ਮੇਲ ਸੰਬੰਧ ਅਤੇ ਮੇਲ ਅਵਸਥਾਵਾਂ ਦਾ ਵਰਣਨ

---

੨੧ ਪ੍ਰੇਮ ਨਰਾਇਣ ਸ਼ੁਕਲ (ਡਾ.), ਸੰਤ ਸਾਹਿਤਯ, ਪੰ. 361.

ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਹੋਰ ਰਹੱਸਵਾਦੀ ਕਵੀਆਂ ਵਾਂਗ ਰੂਪਕ ਦੀ ਸਹੂਲਤਾ ਦੇ ਰਾਹੀਂ ਸੂਖਮ ਭਾਵਾਂ ਨੂੰ ਪ੍ਰਗਟਾਉਣ ਦਾ ਯਤਨ ਕਰਦੇ ਹਨ। ਮਨੁੱਖੀ ਭਾਵਾਂ ਰਾਹੀਂ ਪਰਮ-ਸੱਤਾ ਦੇ ਅਗੰਮ ਅਤੇ ਅਗੋਚਰ ਸੰਬੰਧ ਨੂੰ ਭਾਵਨਾ ਦੇ ਪੱਧਰ ਤੇ ਮਾਨਣਯੋਗ ਬਣਾਉਣ ਵਿਚ ਉਹ ਸਫਲਤਾ ਪ੍ਰਾਪਤ ਕਰਦੇ ਹਨ। ਪਰਮਾਤਮਾ ਲਈ ਪ੍ਰਯੋਗ ਕੀਤੇ ਗਏ ਉਨ੍ਹਾਂ ਦੇ ਰੂਪਕਾਂ ਨੂੰ ਹੇਠ ਲਿਖੀ ਸ੍ਰੇਣੀ ਵਿਚ ਵੰਡਿਆ ਜਾ ਸਕਦਾ ਹੈ।

ਮੁਖ ਰੂਪ ਵਿਚ ਪਰਮਾਤਮਾ ਨੂੰ ਇਕ ਪੁਰਖ ਦੇ ਰੂਪਕ ਰਾਹੀਂ ਵਿਅਕਤ ਕੀਤਾ ਗਿਆ ਹੈ।[22] ਇਸਦੇ ਅੰਤਰਗਤ ਹੀ ਮਨੁੱਖ ਦੇ ਭਾਵਨਾਮਈ ਜੀਵਨ ਦੇ ਅਨੇਕ ਰੂਪਾਂ ਵਿਚ ਉਸਨੂੰ ਪਤੀ, ਖਸਮ, ਢੋਲਾ, ਪ੍ਰੀਤਮ, ਸੱਜਣ, ਪਿਰ, ਪਿਤਾ ਆਦਿ ਦੇ ਰੂਪਕ ਰਾਹੀਂ ਵਿਅਕਤ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਪੁਰਬਲੇ ਗੁਰੂ ਸਾਹਿਬਾਨ ਦੇ ਅਮੂਰਤ ਸੱਚ ਨੂੰ ਪ੍ਰਵਾਨ ਕਰਕੇ ਉਨ੍ਹਾਂ ਨਾਲੋਂ ਵਧੇਰੇ ਤੀਖਣਤਾ ਨਾਲ ਉਸ ਸੱਚ ਨੂੰ ਅਨੂਪਮ ਸੂਰਜ ਦੇ ਪੁੰਜ ਰੂਪ ਵਿਚ ਵਿਅਕਤ ਕਰਦੇ ਹਨ।[23] ਇਨ੍ਹਾਂ ਵਿਚੋਂ ਕੁਝ ਚੋਣਵੀਆਂ ਉਦਾਹਰਣਾਂ ਨਿਮਨਲਿਖਤ ਦਿਤੀਆਂ ਜਾ ਰਹੀਆਂ ਹਨ:-

<u>ਖਸਮ</u>: ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1244)

<u>ਪ੍ਰੀਤਮ</u>: ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰੁ॥ 2॥

(ਰਾਗ ਗੋਂਡ, ਆਦਿ ਗ੍ਰੰਥ, ਪੰ. 862)

<u>ਸਮਾਜਕ ਜੀਵਨਸੰਬੰਧੀ</u>:-

<u>ਰਾਹਕ</u>: ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥

ਬਿਹਾਗੜੇ ਕੀ ਵਾਰ, ਆਦਿ ਗ੍ਰੰਥ, ਪੰ.550)

<u>ਲਿਖਾਰੀ</u>: ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ॥੧॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 606)

<u>ਰਾਜ ਸੱਤਾ ਅਤੇ ਆਰਥਕ ਅਧਿਕਾਰੀ ਦੇ ਰੂਪ ਵਿਚ</u>:

ਪਾਤਸ਼ਾਹ, ਰਾਉ, ਸ਼ਾਹ, ਧਨੀ, ਸਰਾਫ਼, ਸਾਹਬ, ਸੁਆਮੀ ਆਦਿ ਰੂਪਕਾਂ ਰਾਹੀਂ ਵੀ ਜਿਵੇਂ ਕਿ ਅਸੀਂ ਰਹੱਸਵਾਦ ਦੇ ਅਧਿਆਇ ਵਿਚ ਪਿਛੇ ਜ਼ਿਕਰ ਕਰ ਆਏ ਹਾਂ, ਪਰਮਾਤਮਾ ਦੇ ਪ੍ਰਤਾਪ ਦਾ ਬੋਧ ਹੁੰਦਾ ਹੈ। ਕੁਝ ਚੋਣਵੀਆਂ ਉਦਾਹਰਣਾਂ ਨਿਮਨਲਿਖਤ ਦਿਤੀਆਂ ਜਾ ਰਹੀਆਂ ਹਨ:-

---

22. ਰਾਮਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ॥ (ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ.13 14)

23. ਖਤਰ ਸਿੰਘ (ਡਾ.), 'ਗੁਰੂ ਰਾਮਦਾਸ ਜੀ ਦੀ ਬਾਣੀ ਦਾ ਸੁਹਜਾਤਮਕ ਪੱਖ', <u>"ਸਾਹਿਤ ਸਮਾਚਾਰ"</u> (ਅਕਤੂਬਰ, 1962), ਪੰ. 205.

(1) ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਸਾਰਾ।।

(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)

(2) ਸਚੁ ਸਾਹਿਬੁ ਸਾਚਾ ਖੇਲੁ ਸਚੁ ਹਰਿ ਧਨੀ॥੧॥ (ਰਾਗ ਤਿਲੰਗ, ਆਦਿ ਗ੍ਰੰਥ, ਪੰ.723)

(3) ਸੁਆਮੀ ਪਾਰਬ੍ਰਹਮ ਪਰਮੇਸਰੁ ਤੁਮ ਖੋਜਹੁ ਜੁਗ ਜੁਗਨੇ॥

(ਰਾਗ ਨਟਨਰਾਇਨ, ਆਦਿ ਗ੍ਰੰਥ, ਪੰ. 976)

<u>ਕੁਦਰਤ, ਬਨਸਪਤੀ ਜੀਵ ਜੰਤੂ ਅਤੇ ਅਮੋਲਕ ਪਦਾਰਥਾਂ ਦੇ ਰੂਪ ਵਿਚ:</u>

ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੇ।।
ਤੂੰ ਆਪੇ ਜਾਲ ਵਛਾਇਦਾ ਆਪੇ ਵਿਚ ਸੇਬਾਲੁ।।

(ਸਿਰੀ ਰਾਗ, ਆਦਿ ਗ੍ਰੰਥ, ਪੰ. 85)

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ॥

(ਰਾਗ ਸੋਰਠਿ ਆਦਿ ਗ੍ਰੰਥ, ਪੰਨੇ 605-606)

ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ।।

(ਰਾਗ ਧਨਾਸਰੀ, ਆਦਿ ਗ੍ਰੰਥ, ਪੰ.668)

ਤੂ ਦਰੀਆਉ ਸਭ ਤੁਝ ਹੀ ਮਾਹਿ।। (ਰਾਗ ਆਸਾ, ਆਦਿ ਗ੍ਰੰਥ, ਪੰ. 365)

ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ॥

ਰਾਗ ਸੋਰਠਿ, ਆਦਿ ਗ੍ਰੰਥ, ਪੰ. 606)

ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ।।

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

<u>ਪ੍ਰਕਾਸ਼ ਦੇ ਰੂਪ ਵਿਚ:</u>

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਸਾਰਾ।।

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1314)

ਉਪਰੋਕਤ ਰੂਪਕ ਅਲੰਕਾਰਾਂ ਵਿਚ ਜਿਵੇਂ ਜਲ, ਮੀਨਾ, ਜਾਲ, ਧਰਤੀ, ਦਰਿਆ, ਕਾਸਟ ਅਤੇ ਜੋਤ ਰਾਹੀਂ ਜਿਥੇ ਕੇਵਲ ਉਪਮਾਨ ਦੇ ਕਥਨ ਰਾਹੀਂ ਉਪਮੇਯ ਦਾ ਬੋਧ ਕਰਾਇਆ ਗਿਆ ਹੈ, ਉਥੇ ਰੂਪਕਾਤਿਸ਼ਯੋਕਤੀ ਅਲੰਕਾਰ ਹੈ। ਇਸੇ ਤਰ੍ਹਾਂ ਪਰਮਾਤਮਾ ਦੇ ਨਾਮ ਨੂੰ ਇਕ ਪਦਾਰਥ ਰਤਨ, ਜਵਾਹਰ, ਲਾਲ, ਮਾਣਕ ਅਤੇ ਦੁਧ ਵਿਚ ਰਸਾਇਣ ਜਾਂ ਰਸ ਦੇ ਉਪਮਾਨ ਰਾਹੀਂ ਵਿਅਕਤ ਕੀਤਾ ਹੈ। ਵਧੇਰੇ ਵਿਸਤਾਰ ਵਿਚ ਨਾ ਜਾਂਦੇ ਹੋਏ ਇਸ ਗੱਲ ਤੇ ਬਲ ਦਿੰਦੇ ਹਾਂ ਕਿ ਗੁਰੂ ਰਾਮਦਾਸ ਜੀ ਦੇ ਕੁਦਰਤ ਤੋਂ

ਲਏ ਗਏ ਉਪਮਾਨ ਧਰਤੀ, ਸਮੁੰਦਰ, ਬਿਰਖ, ਕੰਵਲ, ਪੰਖੀ, ਮੋਰ ਆਦਿ ਅਤੇ ਇਸ ਤਰ੍ਹਾਂ ਹੀ ਪਾਲਤੂ ਜਾਨਵਰ ਵਰਗ ਵਿਚੋਂ ਬੈਲ, ਘੋੜੀ, ਊਠ (ਕਰਹਲਾ) ਆਦਿ ਗੁਰੂ ਰਾਮਦਾਸ ਜੀ ਦੀ ਕਵਿਤਾ ਨੂੰ ਸੁਕਤੀਵਰ ਬਣਾਂਦੇ ਹਨ ਅਤੇ ਸਜੀਵ ਬਿੰਬ ਉਘਾੜਕੇ ਅਭਿਵਿਅਕਤੀ ਵਿਚ ਸਪਸ਼ਟਤਾ ਲਿਆਉਂਦੇ ਹਨ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਰੂਪਕ ਅਲੰਕਾਰ ਦੀਆਂ ਕੁਝ ਹੋਰ ਸੁੰਦਰ ਉਦਾਹਰਣਾਂ ਨਿਮਨਲਿਖਤ ਦਿਤੀਆਂ ਜਾ ਰਹੀਆਂ ਹਨ:-

<u>ਬਾਲਕ:</u>

ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ॥
ਅਨਿਕ ਉਪਾਵ ਜਤਨਿ ਕਰ ਥਾਕੇ ਬਾਰੰਬਾਰ ਭਰਮਾਈ॥੧॥

(ਰਾਗ ਬਸੰਤਿ, ਆਦਿ ਗ੍ਰੰਥ, ਪੰ. 1191)

<u>ਮੋਰ:</u> ਮੋਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ॥4॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ,ਪੰ. 983)

<u>ਬੈਲ:</u> ਮਨੂਆ ਅਸਥਿਰੁ ਬੈਲ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੂ॥3॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

<u>ਊਠ(ਕਰਹਲਾ):</u> ਮਨ ਕਰਹਲਾ ਮੇਰੇ ਪ੍ਰੀਤਮਾ ਦਿਨ ਰੈਣਿ ਹਰਿ ਲਿਵ ਲਾਇ॥
ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ॥5॥

(ਰਾਗ ਗਉੜੀ, ਆਦਿ ਗ੍ਰੰਥ, ਪੰ. 234)

<u>ਮਿਰਗ:</u> ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙਾਰੇ॥
ਬਨੁ ਬਨੁ ਢੂਢਿ ਢੂਢ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥4॥

(ਰਾਗ ਨਟ-ਨਰਾਇਨ, ਆਦਿ ਗ੍ਰੰਥ, ਪੰ. 982)

<u>ਪੰਖੇਰੂ:</u> ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ॥ (ਸਾਰੰਗ ਕੀ ਵਾਰ,ਆਦਿ ਗ੍ਰੰਥ,ਪੰ.1239)

<u>ਘੋੜੀ:</u> ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

<u>ਧਰਤੀ:</u> ਤਨੁ ਧਰਤੀ ਹਰਿ ਬੀਜੀਐ ਵਿਚਿ ਸੰਗਤਿ ਹਰਿ ਪ੍ਰਭ ਰਾਖੁ॥

(ਰਾਗ ਮਾਰੂ, ਆਦਿ ਗ੍ਰੰਥ, ਪੰ. 997)

<u>ਸਮੁੰਦਰ:</u> ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥4॥7॥8॥

(ਰਾਗ ਆਸਾ, ਆਦਿ ਗ੍ਰੰਥ, ਪੰ. 442)

<u>ਸਰੋਵਰ:</u> ਸਰੀਰਿ ਸਰੋਵਰਿ ਗੁਣ ਪਰਗਟਿ ਕੀਏ॥ (ਰਾਗ ਆਸਾ, ਆਦਿ ਗ੍ਰੰਥ, ਪੰ. 367)

ਗੁਰੂ ਅਤੇ ਨਾਮ ਲਈ ਪ੍ਰਯੋਗ ਹੋਏ ਰੂਪਕਾਂ ਦੀਆਂ ਕੁਝ ਉਦਾਹਰਣਾਂ ਨਿਮਨਲਿਖਤ ਹਨ:-

<u>ਬਿਰਖ:</u> ਸਤਿਗੁਰ ਅੰਮ੍ਰਿਤ ਬਿਰਖ ਹੈ ਅੰਮ੍ਰਿਤ ਰਸ ਫਲਿਆ॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1245)

<u>ਪਾਰਸ:</u> ਗੁਰੁ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ॥ (ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1114)

<u>ਨਾਵ, ਬੋਹਿਥਾ:</u>

ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ॥੪॥੧॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

<u>ਦੀਪਕ:</u> ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ॥

ਹਰਿ ਤੁਠੈ ਢੂਲਿ ਢੂਲਿ ਮਿਲੀਆ ਜੀਉ॥੧॥ (ਰਾਗ ਗਉੜੀ, ਆਦਿ ਗ੍ਰੰਥ, ਪੰ. 173)

<u>ਉਦਕ:</u> ਰਾਮਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ॥੨॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1191)

ਗੁਰੂ ਰਾਮਦਾਸ ਕਾਵਿ ਵਿਚ ਮਾਇਆ ਅਤੇ ਅਗਿਆਨਤਾ ਲਈ ਪ੍ਰਯੋਗ ਹੋਏ ਰੂਪਕਾਂ ਦੀ ਉਦਾਹਰਣ ਵੇਖੋ:-

<u>ਸੱਪ (ਭੁਇਅੰਗ) :</u>

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰਬਚਨੀ ਬਿਸੁ ਹਰਿ ਕਾਢਿਆ॥੧॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

<u>ਪੜਦਾ:</u> ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥

(ਰਾਗ ਸਿਰੀ ਰਾਗ ਆਦਿ ਗ੍ਰੰਥ, ਪੰ. 40)

<u>ਦ੍ਰਿਸ਼ਟਾਂਤ ਅਲੰਕਾਰ:</u>

ਇਹ ਅਰਥ ਅਲੰਕਾਰ ਹੈ ਅਤੇ ਸਦ੍ਰਿਸ਼ਤਾ ਉਤੇ ਆਧਾਰਿਤ ਹੈ। ਜਿਥੇ ਦੋ ਵਾਕਾਂ ਜਾਂ ਕ੍ਰਿਆਵਾਂ ਵਿਚ ਵਰਣਤ ਉਪਮੇਯ ਅਤੇ ਉਪਮਾਨ ਦੇ ਗੁਣਾਂ ਦਾ ਬਿੰਬ ਪ੍ਰਤੀਬਿੰਬ ਭਾਵ ਹੁੰਦਾ ਹੈ, ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ।[24] ਗੁਰੂ ਰਾਮਦਾਸ ਕਾਵਿ ਵਿਚ ਪ੍ਰਯੋਗ ਹੋਏ ਦ੍ਰਿਸ਼ਟਾਂਤ ਅਲੰਕਾਰ ਦੀ ਵੰਨਗੀ ਨਿਮਨਲਿਖਤ ਹੈ:-

ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥

ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ॥

(ਰਾਗ ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 302)

---

24. ਪ੍ਰੇਮ ਪ੍ਰਕਾਸ਼ ਸਿੰਘ (ਡਾ.) <u>ਕਾਵਿ ਦੇ ਤੱਤ</u>, ਪੰ. 139.

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਅਲੰਕਾਰਾਂ ਦੀ ਰਤੀ ਅਤਿਅੰਤ ਸਹਜ ਅਤੇ ਸੁਭਾਵਕ ਰੂਪ ਵਿਚ ਵਿਦਮਾਨ ਹੈ। ਇਨ੍ਹਾਂ ਦੀ ਵਰਤੋਂ ਰਾਹੀਂ ਉਨ੍ਹਾਂ ਦੀ ਕਵਿਤਾ ਵਿਚ ਸਪਸ਼ਟਤਾ ਅਤੇ ਭਾਵਾਂ ਵਿਚ ਤੀਬਰਤਾ ਆਈ ਹੈ। ਗੁਰੂ ਰਾਮਦਾਸ ਜੀ ਨੇ ਇਕ ਸੱਚੇ ਰਹੱਸਵਾਦੀ ਕਵੀ ਦਾ ਕਰਤੱਵ ਨਿਭਾਉਂਦੇ ਹੋਏ ਅਰੂਪ ਸੱਚ ਨੂੰ ਮਨੁੱਖੀ ਅਨੁਭਵ ਵਿਚ ਲਿਆਉਣ, ਵਿਸ਼ੇਸ਼ ਸ਼ਬਦਾਂ ਜਾਂ ਵਿਸ਼ੇਸ਼ ਵਸਤਾਂ ਨੂੰ ਅਲੰਕਾਰਿਕ ਰੂਪ ਦੇ ਕੇ ਗੁਝਮਈ ਅਨੁਭਵ ਨੂੰ ਜਨ-ਜੀਵਨ ਦੀ ਪਕੜ ਵਿਚ ਆਉਣ ਦੇ ਯੋਗ ਬਣਾਇਆ। ਆਮ ਕਵੀਆਂ ਵਾਂਗ ਕਾਵਿ ਦੀ ਮਨੋਰਮਤਾ ਲਈ ਉਨ੍ਹਾਂ ਨੇ ਇਸ ਪਾਸੇ ਕੋਈ ਉਚੇਚ ਯਤਨ ਨਹੀਂ ਕੀਤਾ ਪਰ ਇਹ ਉਨ੍ਹਾਂ ਦੀ ਪ੍ਰਤਿਭਾ ਦਾ ਕਮਾਲ ਹੈ ਕਿ ਕਾਵਿ ਸੌਂਦਰਯ ਦੇ ਇਹ ਗੁਣ ਬੜੇ ਸਹਿਜ ਰੂਪ ਵਿਚ ਉਨ੍ਹਾਂ ਦੀ ਕਵਿਤਾ ਵਿਚ ਵਿਦਮਾਨ ਹਨ। ਇਹ ਗੁਣ ਉਨ੍ਹਾਂ ਦੀ ਕਵਿਤਾ ਨੂੰ ਪ੍ਰਭਾਵਸ਼ਾਲੀ ਅਤੇ ਭਾਵਪੂਰਣ ਬਣਾਉਂਦੇ ਹਨ।

.....o...o.....

## 3. ਰਸ

**ਰਸ ਦਾ ਸਰੂਪ :**

ਮਨੁੱਖ ਦੇ ਸਾਰੇ ਵਪਾਰਾਂ ਦੇ ਮੂਲ ਵਿਚ ਆਨੰਦ ਦੀ ਪ੍ਰਾਪਤੀ ਦੀ ਭਾਵਨਾ ਪ੍ਰਮੁਖ ਰਹਿੰਦੀ ਹੈ। ਅਸਲ ਵਿਚ ਸਾਰੇ ਸਾਧਨ ਆਨੰਦ ਉਪਲਬਧੀ ਦੇ ਲਈ ਹੀ ਇਕੱਠੇ ਕੀਤੇ ਜਾਂਦੇ ਹਨ। ਵਿਸ਼ੈ-ਆਨੰਦ, ਕਾਵਿ ਆਨੰਦ ਅਤੇ ਬ੍ਰਹਮ ਆਨੰਦ, ਇਹ ਤਿੰਨੇ ਹੀ ਅਖੰਡ ਤੱਤ ਦੇ ਭਾਗ ਹਨ।[1] ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਰਸ ਅਨੁਭੂਤੀ ਦੀਆਂ ਸਾਰੀਆਂ ਅਵਸਥਾਵਾਂ ਆਨੰਦਾਤਮਕ ਹਨ। ਐਂਦਰੀ-ਸੰਵੇਦਨ ਦੇ ਰੂਪ ਵਿਚ ਰਸ ਦਾ ਸੰਬੰਧ ਰਸ ਦੇ ਅਭਿਧਾਤਮਕ ਅਰਥ ਵਿਚ ਹੀ ਹੈ। ਇਹ ਇੰਦਰੀ ਜੀਭ ਹੀ ਹੈ, ਜਿਸ ਰਾਹੀਂ ਮਨੁੱਖ ਰਸ ਦਾ ਆਸਵਾਦਨ ਕਰਦਾ ਹੈ, ਪਰ ਵਿਆਪਕ ਅਰਥਾਂ ਵਿਚ ਮਨ ਅਤੇ ਆਤਮਾ ਨੂੰ ਵੀ ਅਸੀਂ 'ਰਸਨਾ' ਦੇ ਰੂਪ ਵਿਚ ਹੀ ਲਵਾਂਗੇ।[2]

ਰਸ ਅਨੁਭੂਤੀ ਲਈ ਸਭ ਵਿਦਵਾਨਾਂ ਨੇ ਦੋ ਤੱਤ ਸਵੀਕਾਰ ਕੀਤੇ ਹਨ, ਇਕ ਹੈ ਚਿੱਤ ਅਤੇ ਦੂਜਾ ਹੈ ਚੇਤੰਨ। ਚਿਤ ਜਾਂ ਮਨ ਦਾ ਸੰਬੰਧ ਚਿਤ-ਬਿਰਤੀ ਨਾਲ ਹੈ ਅਤੇ ਚੇਤੰਨ ਦਾ ਸੰਬੰਧ ਬ੍ਰਹਮ ਨਾਲ।[3]

ਕਾਵਿ ਦਾ ਪ੍ਰਧਾਨ ਉਦੇਸ਼ ਆਨੰਦ ਵਿਧਾਨ ਕਰਨਾ ਹੀ ਮੰਨਿਆ ਗਿਆ ਹੈ। ਕਾਵਿ ਪਰੰਪਰਾ ਅਤੇ ਸਾਰੀਆਂ ਸਾਹਿਤ ਪਰੰਪਰਾਵਾਂ ਆਨੰਦ ਅਤੇ ਸੁਖ ਵਲ ਪ੍ਰਵਿਰਤ ਰਹੀਆਂ ਹਨ, ਪਰ ਉਸ ਸੁਖ ਦੀ ਪ੍ਰਾਪਤੀ ਕਿਸਤਰ੍ਹਾਂ ਹੁੰਦੀ ਹੈ ਅਤੇ ਸਾਹਿਤ ਉਸਦਾ ਸਾਧਨ ਕਿਸ ਤਰ੍ਹਾਂ ਬਣਦਾ ਹੈ, ਇਸ ਉਤੇ ਵਿਦਵਾਨਾਂ ਦਾ ਮਤਭੇਦ ਹੈ। ਇਨ੍ਹਾਂ ਵਿਦਵਾਨਾਂ ਵਿਚੋਂ ਕਿਸੇ ਨੇ ਸ਼ਬਦਾਂ ਵਿਚ ਨਿਹਿਤ ਅਰਥ ਵਿਚਾਰ ਤੇ ਹੀ ਸੰਤੁਸ਼ਟੀ ਪ੍ਰਾਪਤ ਕੀਤੀ, ਕਿਸੇ ਨੇ ਸ਼ਬਦ ਦੇ ਪਰੰਪਰਾਗਤ ਅਰਥ ਨੂੰ ਮਹੱਤਤਾ ਦਿਤੀ ਅਤੇ ਕਿਸੇ ਨੇ ਸ਼ਬਦਾਂ ਦੇ ਪਰਸਪਰ ਸੰਗਠਨ ਤੇ ਵਿਚਾਰ ਕੀਤਾ। ਕੋਈ ਉਸਨੂੰ ਸਰੀਰਗਤ ਲਾਵਣਯ (ਸੁੰਦਰਤਾ) ਦੇ ਸਦ੍ਰਿਸ਼ ਮੰਨਦਾ ਰਿਹਾ, ਕੋਈ ਉਸਨੂੰ ਆਤਮਾ ਮੰਨਦਾ ਰਿਹਾ ਹੈ, ਕਿਸੇ ਨੇ ਉਸਨੂੰ ਚਮਤਕ੍ਰਿਤ ਮੰਨਿਆ ਅਤੇ ਕੋਈ ਮਨੋਰਮਤਾ ਨੂੰ ਕਾਵਿਗਤ ਆਨੰਦ ਸਮਝਦਾ ਰਿਹਾ ਹੈ।[4] ਕਾਵਿ ਆਨੰਦ ਦੀ ਉਪਲਬਧੀ ਦੇ ਲਈ ਸਾਧਨਾਂ ਦੀ ਦ੍ਰਿਸ਼ਟੀ ਤੋਂ ਜਿਨ੍ਹਾਂ ਵਿਭਿੰਨ ਸੰਪਰਦਾਵਾਂ ਦੀ ਸ੍ਰਿਸ਼ਟੀ ਹੋਈ, ਉਨ੍ਹਾਂ ਵਿਚ ਅਲੰਕਾਰ ਸੰਪ੍ਰਦਾਇ ਇਕ ਹੈ, ਜਿਸ ਉਤੇ ਅਸੀਂ ਪਿਛੇ ਚਰਚਾ ਕਰ ਆਏ ਹਾਂ।

---

1. ਰਾਮ ਸਵਾਰਥ ਚੌਧਰੀ ਅਭਿਨਵ (ਡਾ.), ਮਧੁਰ ਰਸ ਸ੍ਵਰੂਪ ਔਰ ਵਿਕਾਸ, (ਦਿੱਲੀ, 1968), ਪੰ. 44
2. ਰਾਜ ਕਮਲ ਬੋਰਾ (ਡਾ.), ਸੰਵੇਦਨਾ ਔਰ ਸੌਂਦਰਯ, (ਔਰੰਗਾਬਾਦ, 1976), ਪੰ. 32.
3. ਮਹਿੰਦਰ ਕੌਰ ਗਿੱਲ (ਡਾ.), ਗੁਰੂ ਅਰਜਨ ਦੇਵ-ਜੀਵਨ ਤੇ ਬਾਣੀ (ਦਿੱਲੀ, 1975), ਪੰ. 241.
4. ਪ੍ਰੇਮ ਨਰਾਇਣ ਸ਼ੁਕਲ (ਡਾ.), ਸੰਤ ਸਾਹਿਤਯ, (ਕਾਨਪੁਰ, 1965), ਪੰ. 356.

ਜਿਵੇਂ ਕਿ ਉਪਰ ਸੰਕੇਤ ਕੀਤਾ ਹੈ, 'ਰਸ' ਸ਼ਬਦ ਇਕ ਅਕਥ ਸਾਹਿਤਕ ਆਨੰਦ ਦਾ ਭਾਵ ਰਖਦਾ ਹੈ। ਰਸ ਤੋਂ ਬਿਨਾਂ ਸ਼ਬਦ ਤੇ ਅਰਥ, ਸਾਹਿਤ ਦੀ ਰਚਨਾ ਨਹੀਂ ਕਰ ਸਕਦੇ। ਇਸ ਲਈ 'ਰਸ' ਸਾਹਿਤ ਜਾਂ ਕਾਵਿ ਦੀ ਜਾਨ ਜਾਂ ਆਤਮਾ ਹੈ। ਰਸ ਵਿਹੀਨ ਕਾਵਿ ਨੂੰ ਨੀਰਸ ਅਤੇ ਨਿਰਾਰਥਕ ਕਿਹਾ ਗਿਆ ਹੈ।[5]

ਰਸ ਸਿਧਾਂਤ ਅਨੁਸਾਰ ਉਤਮ ਕਾਵਿ ਦੀ ਨਿਸ਼ਾਨੀ, ਉਸ ਦੇ ਰਸਾਤਮਕ ਪ੍ਰਭਾਵ ਤੋਂ ਹੈ, ਜਿਹੜਾ ਪ੍ਰਭਾਵ ਕੋਈ ਖਾਸ ਕਾਵਿ ਰਚਨਾ ਪਾਠਕ ਜਾਂ ਦਰਸ਼ਕ (ਸਾਮਾਜਕ) ਦੇ ਮਨ ਵਿਚ ਪ੍ਰਬੁਧ ਕਰਦੀ ਹੈ। ਇਸ ਲਈ ਇਹ ਰਸ ਹੀ ਕਾਵਿ ਦਾ ਕੇਂਦਰ ਹੈ, ਇਹੋ ਕਾਵਿ ਦੀ ਆਤਮਾ ਹੈ ਅਤੇ ਰਸ ਹੀ ਕਾਵਿ ਦਾ ਲਕਸ਼ ਹੈ।[6] ਭਰਤਮੁਨੀ ਨੇ ਰਸ ਦੀ ਵਿਆਖਿਆ ਇੰਝ ਕੀਤੀ ਹੈ: "ਵਿਭਾਵਾਨੁਭਾਵ ਵਯਭਚਾਰਿ ਸੰਯੋਗਾਦਿ ਰਸਨਿਸ਼ਪੱਤਿ"। ਇਸ ਤਰ੍ਹਾਂ ਰਸ ਸਾਮਗਰੀ ਦੇ ਰੂਪ ਵਿਚ ਚਾਰ ਅੰਗ ਮੰਨੇ ਗਏ ਹਨ, ਵਿਭਾਗ, ਅਨੁਭਵ, ਸੰਚਾਰੀ ਭਾਵ ਅਤੇ ਸਥਾਈ ਭਾਵ।[7] ਮਨੁੱਖੀ ਮਨ ਵਿਚ ਇਨ੍ਹਾਂ ਭਾਵਾਂ ਦੀ ਮਦਦ ਨਾਲ ਮੌਜੂਦ ਭਾਵ ਜਾਗ੍ਰਿਤ ਜਾਂ ਉਦੀਪਤ ਹੋ ਕੇ ਰਸ-ਅਵਸਥਾ ਵਿਚ ਨਿਸ਼ਪਨ ਹੋ ਜਾਂਦੇ ਹਨ। ਸੋ ਇਨ੍ਹਾਂ ਸਾਰਿਆਂ ਅੰਗਾਂ ਦਾ ਸੰਬੰਧ ਮਨ ਨਾਲ ਹੈ। ਰਸ ਦਾ ਮੂਲ ਆਧਾਰ ਸਥਾਈ ਭਾਵ ਹੈ, ਜੋ ਮਨੁੱਖਾਂ ਵਿਚ ਜਨਮ ਤੋਂ ਹੀ ਵਾਸਨਾ ਜਾਂ ਸੰਸਕਾਰ-ਰੂਪ ਵਿਚ ਵਿਦਮਾਨ ਰਹਿੰਦਾ ਹੈ। ਕੋਈ ਪ੍ਰਾਣੀ ਵੀ ਇਸ ਚਿਤ-ਬਿਰਤੀ ਤੋਂ ਸੁੰਨ ਨਹੀਂ ਹੁੰਦਾ।[8] ਆਨੰਦ ਦਾ ਉਪਭੋਗਤਾ ਅਹੰਭਾਵ ਹੈ। ਇਹ ਮਮਤਵ ਹੈ, ਜੋ ਸਾਰੇ ਰਸਾਂ ਦੇ ਮੂਲ ਵਿਚ ਪ੍ਰੇਰਕ ਤੱਤੂ ਹੈ। ਮਮਤਵਜਨਯ ਆਨੰਦ ਪ੍ਰਵਾਹ ਵਿਚ ਵਿਭਿੰਨ ਪ੍ਰਕਾਰ ਦੀ ਅਨੁਕੂਲ ਅਤੇ ਪ੍ਰਤੀਕੂਲ ਪ੍ਰਤਿਕ੍ਰਿਆਵਾਂ ਦੇ ਕਾਰਣ ਹੀ ਵਿਭਿੰਨ ਰਸਾਂ ਦਾ ਉਦਭਵ ਹੁੰਦਾ ਹੈ।[9]

<u>ਗੁਰੂ ਰਾਮਦਾਸ ਕਾਵਿ ਅਤੇ ਰਸ:</u>

ਸਨਾਤਨ ਕਾਵਿ ਵਿਚ ਛੰਦ, ਅਲੰਕਾਰ, ਰਸ ਜਾਂ ਧੁਨੀ ਪ੍ਰਧਾਨ ਮਤ। ਪਿਛਲੇ ਅਧਿਆਇ ਵਿਚ ਅਸੀਂ ਗੁਰੂ ਰਾਮਦਾਸ ਕਾਵਿ ਵਿਚ ਸੰਗੀਤ ਦੀ ਪ੍ਰਧਾਨਤਾ ਬਾਰੇ ਚਰਚਾ ਕਰ ਆਏ ਹਾਂ। ਗੁਰੂ ਕਾਵਿ ਵਿਚ ਰਾਗ ਦਾ ਪ੍ਰਧਾਨ ਸਥਾਨ ਹੈ ਕਿਉਂਕਿ ਰਾਗ ਆਪਣੀ ਉਤਪਤੀ ਅਤੇ ਲੈਅਤਾ ਵਿਚ ਰਸ ਰੂਪ ਹੈ, ਇਹ ਰਸ ਅਨਾਹਤ ਧੁਨੀ ਦਾ ਹੈ। ਧੁਨੀ ਆਪਣੇ ਸਥੂਲ ਰਸਤੇ ਵਿਚ ਰਾਗ ਰੂਪ ਹੈ। ਮਨੁੱਖੀ ਮਨ ਦਾ

---

5. ਪ੍ਰੇਮ ਪ੍ਰਕਾਸ਼ ਸਿੰਘ(ਡਾ.), <u>ਭਾਰਤੀ ਕਾਵਿ ਸ਼ਾਸਤ੍ਰ</u>, (ਲੁਧਿਆਣਾ, 1963), ਪੰ. 133.
6. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਆਲੋਚਨਾ ਪਰੰਪਰਾ <u>ਆਲੋਚਨਾ ਦੀਆਂ ਪ੍ਰਣਾਲੀਆਂ</u>(ਸੰਪਾ.), (ਪਟਿਆਲਾ, 1967), ਪੰ. 15.
7. ਉਹੀ, ਪੰ. 16.
8. ਕ੍ਰਿਸ਼ਨ ਦੇਵ (ਝਾਰੀ)(ਡਾ.), ਰਸ ਸਿਧਾਂਤ ਔਰ ਬੀਭਤਸ ਰਸ ਕਾ ਸ਼ਾਸਤ੍ਰੀਯ ਵਿਵੇਚਨ(ਨਈ ਦਿੱਲੀ, 1977
9. ਰਾਮ ਸਵਾਰਥ ਚੌਧਰੀ ..., ਪੁਰ ..., ਪੰ. 71.

ਸੁਭਾਵ ਹੈ 'ਰਸ' ਨੂੰ ਪਿਆਰ ਕਰਨਾ ਤੇ ਰਸ ਨੂੰ ਰੱਜ ਜਾਣਾ। ਇਸ ਕਰਕੇ ਗੁਰੂ ਸਾਹਿਬਾਨ ਨੇ ਨਿਰਾਸ, ਭੁੱਖੇ ਤੇ ਤਪ, ਹਠ ਦੇ ਬੇਸੁਆਦੇ ਸਾਧਨਾਂ ਦੀ ਲੋੜ ਮੁਕਾ ਕੇ ਸਭ ਤੋਂ ਸੁਆਦਲੇ ਰਸ 'ਨਾਦ' ਨੂੰ ਲਿਆ। ਪਿਆਰ ਅਤੇ ਵੈਰਾਗ ਦੋਵੇਂ ਇਸ ਰਸ ਨਾਲ ਵਧਦੇ ਹਨ। ਇਸ ਲਈ ਇਸ ਰਸ ਨੂੰ ਸਾਧਨ ਬਣਾਉਣ ਲਈ ਗੁਰੂ ਸਾਹਿਬ ਨੇ ਪ੍ਰਯੋਗ ਕੀਤਾ।[10]

ਗੁਰੂ ਕਵੀ ਮੂਲ ਰੂਪ ਵਿਚ ਰਹੱਸਵਾਦੀ ਕਵੀ ਹਨ। ਉਨ੍ਹਾਂ ਨੇ ਰਸ ਸ਼ਾਸਤਰ ਨੂੰ ਆਧਾਰ ਬਣਾ ਕੇ ਰਚਨਾ ਨਹੀਂ ਕੀਤੀ ਉਨ੍ਹਾਂ ਦਾ ਉਦੇਸ਼ ਪਰਮ-ਸੱਤਾ ਦੇ ਪ੍ਰੇਮ ਅਨੁਭਵ ਨੂੰ ਵਿਅਕਤ ਕਰਕੇ ਜਿਸ ਰਸ ਜਾਂ ਆਨੰਦ ਦੀ ਸਿਰਜਨਾ ਕਰਨੀ ਚਾਹੀ ਹੈ, ਉਹ ਰਸ ਨਾਮ-ਰਸ ਹੈ। ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਇਹ ਰਸ ਅਨਿਵਰਵਚਨੀਯ ਹੈ ਅਤੇ ਬਾਕੀ ਸਾਰੇ ਦੁਨਿਆਵੀ ਰਸਾਂ ਨਾਲੋਂ ਉੱਤਮ ਹੈ, ਪਰਮਾਤਮਾ ਦਾ ਨਾਮ ਸਿਮਰਨ ਹੀ ਇਸ ਦਾ ਰਸਾਇਣ ਹੈ।[11] ਗੁਰੂ ਰਾਮਦਾਸ ਜੀ ਦੇ 'ਰਸ' ਦੇ ਇਕ ਸੰਕਲਪ ਬਾਰੇ ਅਸੀਂ ਰਹੱਸਵਾਦ ਵਾਲੇ ਅਧਿਆਇ ਵਿਚ ਵਿਸਤ੍ਰਿਤ ਚਰਚਾ ਕਰ ਚੁਕੇ ਹਾਂ।

ਗੁਰੂ ਰਾਮਦਾਸ ਚਿਤ ਬਿਰਤੀ ਰਾਹੀਂ ਪੈਦਾ ਹੋਏ ਰਸ ਨੂੰ ਉੱਤਮ ਨਹੀਂ ਮੰਨਦੇ ਕਿਉਂਕਿ ਇਹ 'ਰਸ' ਮਨੁੱਖ ਦੇ ਮਨ ਨੂੰ 'ਸਵੈ' ਦੇ ਕੇਂਦਰ ਤੋਂ ਖਿੰਡਾਉਂਦਾ ਹੈ। ਇਸ ਲਈ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਮੂਲ ਭਾਵਾਂ ਨੂੰ ਦਬਾਉਣ ਦੀ ਥਾਂ ਤੇ ਉਨ੍ਹਾਂ ਦੇ ਉਦਾਤੀਕਰਨ ਤੇ ਹੀ ਜ਼ੋਰ ਦਿਤਾ ਹੈ। ਉਹ ਸਾਮਾਨਯ ਰਸ ਨੂੰ ਭੋਗਦੇ ਹੋਏ ਹੀ ਚੇਤੰਨਯ ਨਾਲ ਸੰਬੰਧਿਤ 'ਰਸ' ਵਲ ਮਨੁੱਖ ਦਾ ਰੁਝਾਣ ਕਰਦੇ ਹਨ। ਕਾਵਿ-ਜਗਤ ਵਿਚ ਰਸ ਇਕ ਪ੍ਰਤੀਤੀ ਵਿਸ਼ੇਸ਼ ਦੇ ਅਰਥ ਰਖਦਾ ਹੈ ਅਤੇ ਦਾਰਸ਼ਨਿਕ ਜਗਤ ਵਿਚ ਰਸ ਇਕ ਗਿਆਨ ਵਿਸ਼ੇਸ਼ ਅਨੁਭੂਤੀ ਨੂੰ ਸਾਕਾਰ ਕਰਦਾ ਹੈ। ਭਗਤੀ-ਰਸ

---

10. ਵੀਰ ਸਿੰਘ (ਡਾ. ਭਾਈ) ਗੁਰਮਤ ਸੰਗੀਤ, ਸੰਪਾ. (ਅੰਮ੍ਰਿਤਸਰ, 1958), ਭਾਗ ਪਹਿਲਾ, ਪੰਨੇ 6-7

11. (ੳ) ਹਰਿ ਰਸੁ ਜਨ ਚਾਖਹੁ ਜੇ ਭਾਈ।
ਤਉ ਕਤ ਅਨਤ ਸਾਦਿ ਲੋਭਾਈ॥ ਰਹਾਉ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 733)

(ਅ) ਸਚੁ ਸਰਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ॥
ਇਹ ਰਸਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰਨੇ 310-11)

(ੲ) ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖੁ ਰਸਹੁ॥੩॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.800)

(ਸ) ਹਰਿ ਹਰਿ ਹਰਿ ਰਸੁ ਆਪਿ ਹੈ ਹਰਿ ਰਸੁ ਹੋਇ॥ (ਰਾਗ ਸਿਰੀ ਰਾਗੁ, ਆਦਿ ਗ੍ਰੰਥ, ਪੰ.411)

(ਹ) ਰਸਾਇਣ ਰਾਮ ਨਾਮੁ ਰਸਾਇਣ ਹਰਿ ਰਾਮ ਨਾਮ ਰਾਮ ਰਮਹੁ ਰੇ॥੧॥
(ਰਾਗ ਕੇਦਾਰਾ, ਆਦਿ ਗ੍ਰੰਥ, ਪੰ.1118)

(ਕ) ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ॥

ਸ਼ਾਸਤਰ ਦਾ ਘੇਰਾ ਭਗਤ ਜਨਾਂ ਤਕ ਸੀਮਤ ਹੈ, ਸਾਮਾਨਯ ਰਸ ਸਮਾਜਕ ਹੈ। ਭਗਤੀ ਰਸ ਸਮਾਜ ਤੋਂ ਉਚੇਰਾ ਉਠ ਕੇ ਹੀ ਮਾਣਿਆ ਜਾ ਸਕਦਾ ਹੈ।[12]

ਇਕ ਰਹੱਸਵਾਦੀ ਆਪਣੇ ਅਨੁਭਵ ਦੇ ਅਵਿਅਕਤ ਅਤੇ ਵਿਲਖਣ ਸਰੂਪ ਨੂੰ ਪਹਿਚਾਣਦਾ ਹੋਇਆ ਵੀ ਲੌਕਿਕ ਭਾਸ਼ਾ ਦਾ ਆਸਰਾ ਲੈਂਦਾ ਹੈ ਅਤੇ ਆਪਣੇ ਅਨੁਭਵ ਨੂੰ ਲੋਕ-ਕਲਿਆਣ ਹਿਤ ਭਾਸ਼ਾ ਰਾਹੀਂ ਸਹਿਜ ਬਣਾਉਣ ਦਾ ਯਤਨ ਕਰਦਾ ਹੈ। ਉਹ ਪ੍ਰੇਮ ਵਰਗੇ ਭਾਵਾਂ ਨੂੰ ਉਦਾਤ ਰੂਪ ਵਿਚ ਪ੍ਰਗਟ ਕਰਦਾ ਹੈ। ਕਾਵਿ ਆਚਾਰੀਆ ਨੇ ਕਾਵਿ-ਅਨੁਭੂਤੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਭਾਵਾਂ ਨੂੰ ਸਥਾਈ ਭਾਵ ਦੱਸਿਆ ਹੈ।[13]

ਆਚਾਰੀਆ ਭਰਤਮੁਨੀ ਨੇ ਪ੍ਰਧਾਨ ਤੌਰ ਤੇ ਅਠ ਪ੍ਰਕਾਰ ਦੇ ਰਸਾਂ ਦਾ ਉਲੇਖ ਕੀਤਾ ਹੈ। ਭਾਵੇਂ 'ਨਾਟਯ ਸ਼ਾਸਤ੍ਰ ਵਿਚ ਨੌਵੇਂ 'ਸ਼ਾਂਤ ਰਸ' ਦਾ ਵੀ ਸੰਕੇਤ ਹੈ, ਪਰ ਇਹ ਅਪ੍ਰਧਾਨ ਵਰਣਨ ਹੈ। ਆਚਾਰੀਆ ਰੁਦ੍ਰਟ ਨੇ ਇਕ ਹੋਰ 'ਪ੍ਰੇਯਾਨ' ਰਸ ਮੰਨ ਕੇ ਉਨ੍ਹਾਂ ਦੀ ਗਿਣਤੀ ਦਸ ਕਰ ਦਿੱਤੀ ਹੈ। ਆਚਾਰੀਆ ਵਿਸ਼ਵਨਾਥ ਨੇ 'ਵਤਸਲ' ਨਾਮਕ ਇਕ ਹੋਰ ਰਸ ਦਾ ਕਥਨ ਕੀਤਾ ਹੈ। ਰੂਪ ਗੋਸਵਾਮੀ ਅਤੇ ਮਧੁਸੂਦਨ ਸਰਸਵਤੀ ਨੇ 'ਭਗਤੀ ਰਸ' ਦਾ ਵੀ ਵਰਣਨ ਕੀਤਾ ਹੈ। ਅਭਿਨਵ ਗੁਪਤ ਨੇ ਰਸ ਨੌਂ ਹੀ ਮੰਨੇ ਹਨ ਪਰ ਇਨ੍ਹਾਂ ਵਿਚੋਂ ਚਾਰ ਰਸਾਂ ਨੂੰ ਪ੍ਰਧਾਨ ਭਾਵ ਰਸ ਕਿਹਾ ਹੈ, ਬਾਕੀਆਂ ਨੂੰ ਅਪ੍ਰਧਾਨ ਰਸ। ਮੁਖ ਰਸ ਉਹ ਹਨ, ਜਿਨ੍ਹਾਂ ਦੁਆਰਾ, ਧਰਮ, ਅਰਥ, ਕਾਮ ਅਤੇ ਮੋਕਸ਼ ਪੁਰਸ਼ਾਰਥਾਂ ਵਿਚੋਂ ਕਿਸੇ ਇਕ ਦੀ ਪ੍ਰਾਪਤੀ ਹੁੰਦੀ ਹੈ।[14] ਇਹ ਰਸ ਇਸ ਪ੍ਰਕਾਰ ਹਨ:-

(1) ਸ਼ਿੰਗਾਰ (ਸਥਾਈ ਭਾਵ: ਰਤੀ)
(2) ਹਾਸ ਰਸ (ਸਥਾਈ ਭਾਵ ਹਾਸ ਉਲਾਸ)
(3) ਕਰੁਣ ਰਸ (ਸਥਾਈ ਭਾਵ : ਸ਼ੋਕ)
(4) ਰੌਦ੍ਰ ਰਸ (ਸਥਾਈ ਭਾਵ: ਕ੍ਰੋਧ)
(5) ਬੀਰ ਰਸ (ਸਥਾਈ ਭਾਵ: ਉਤਸ਼ਾਹ)
(6) ਬੀਭਤਸ ਰਸ (ਸਥਾਈ ਭਾਵ: ਉਤਸ਼ਾਹ)
(7) ਅਦਭੁਤ ਰਸ (ਸਥਾਈ ਭਾਵ: ਹੈਰਾਨੀ)
(8) ਭਿਆਨਕ ਰਸ (ਸਥਾਈ ਭਾਵ: ਭੈ)
(9) ਸ਼ਾਂਤ ਰਸ (ਸਥਾਈ ਭਾਵ: ਨਿਰਵੇਦ, ਵੈਰਾਗ)
(10) ਵਾਤਸਲਯ ਰਸ (ਸਥਾਈ ਭਾਵ: ਵਾਤਸਲਯ, ਪੁਰਣ ਸਨੇਹ)

---

12. ਮਹਿੰਦਰ ਕੌਰ ਗਿਲ (ਡਾ.), ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪੰ. 241.
13. ਕ੍ਰਿਸ਼ਨਦੇਵ ਝਾਰੀ(ਡਾ.), ਰਸ ਸਿਧਾਂਤ ਔਰ ਬੀਭਤਸ ਰਸ ਕਾ ਸ਼ਾਸਤ੍ਰੀਯਵਿਵੇਚਨ, ਪੰ.78
14. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਪੰ. 167.

### (11) ਭਗਤੀ ਰਸ (ਸਥਾਈ ਭਾਵ: ਈਸ਼ਵਰ ਅਨੁਰਾਗ)[15]

ਭਾਵੇਂ ਸ਼ਾਂਤ, ਵਾਤਸਲਯ ਅਤੇ ਭਗਤੀ ਰਸ ਦੀ ਗਣਨਾ ਮੰਮਟ ਵਰਗੇ ਸਾਹਿਤਕ ਆਚਾਰੀਆ ਰਸਾਂ ਵਿਚ ਨਹੀਂ ਕਰਦੇ। ਪਰ ਅਸੀਂ ਗੁਰੂ ਰਾਮਦਾਸ ਕਾਵਿ ਦਾ ਰਸਵਾਦੀ ਅਧਿਐਨ ਕਰਨ ਲਈ ਉਪਰੋਕਤ ਗਿਆਰਾਂ ਰਸਾਂ ਨੂੰ ਹੀ ਆਧਾਰ ਬਣਾਇਆ ਹੈ।

**1. ਸ਼ਿੰਗਾਰ ਰਸ:**

ਸ਼ਿੰਗਾਰ ਦਾ ਅਰਥ ਹੈ ਕਾਮੋਦ੍ਰੇਕ; ਇਸਦੇ ਆਗਮਨ ਅਰਥਾਤ ਉਤਪਤੀ ਦਾ ਕਾਰਣ ਹੀ ਸ਼ਿੰਗਾਰ ਕਹਿਲਾਂਦਾ ਹੈ।[17] ਕਾਮੋਦ੍ਰੇਕ ਦੀ ਗਤੀ ਦੀ ਸਿਥਤੀ ਅਨੁਰਾਗਵਾਨ ਪੁਰਖ ਇਸਤਰੀ ਵਿਚ ਹੁੰਦੀ ਹੈ। ਇਸਤਰੀ ਪੁਰਖ ਦੀ ਪਰਸਪਰ ਕੁਦਰਤੀ ਖਿੱਚ ਹੀ ਕਾਮ-ਰਤੀ ਹੈ। ਇਹ ਸ਼ਿੰਗਾਰ ਰਸ ਦਾ ਸਥਾਈ ਭਾਵ ਹੈ।[18] ਅਸਲ ਵਿਚ ਮਮਤਵ ਹੀ ਰਤੀ ਜਾਂ ਪ੍ਰੀਤ ਅਥਵਾ ਪ੍ਰੇਮ ਦਾ ਜਨਕ ਹੈ। ਪਰਮਾਤਮਾ ਪ੍ਰਤੀ ਸਖਯ ਭਾਵ ਭਗਤ ਵਿਚ ਪ੍ਰੀਤੀ ਦੀ ਭਾਵਨਾ ਨੂੰ ਪ੍ਰਧਾਨ ਕਰਨ ਦੀ ਵਿਸ਼ੇਸ਼ਤਾ ਰਹਿੰਦੀ ਹੈ। ਸ਼ਿੰਗਾਰ ਰਸ ਵਿਚ ਵਿਆਪਕ ਮਿਠਾਸ ਹੋਣ ਦੇ ਕਾਰਣ ਪ੍ਰੇਮ ਭਗਤੀ ਸਰਵ ਸ੍ਰੇਸ਼ਟ ਹੈ।

ਇਥੇ ਪ੍ਰੇਮ ਇਕ ਸਾਮਯਕ ਜਜ਼ਬਾ ਨਹੀਂ ਸਗੋਂ ਇਕ ਨਿਰੰਤਰ ਅੰਦਰਲੇ ਦੀ ਦਸ਼ਾ ਹੈ। ਪ੍ਰੇਮ ਵਿਚ ਪ੍ਰੇਮੀ ਤੇ ਪ੍ਰਭੂ ਭਿੰਨ ਨਹੀਂ ਹੁੰਦੇ ਜਿਵੇਂ ਕਿ ਸੰਸਾਰਕ ਪ੍ਰੇਮੀ ਅਤੇ ਪ੍ਰੇਮਿਕਾ ਹੁੰਦੇ ਹਨ, ਸਗੋਂ ਇਕਮਿੱਕ ਹੁੰਦੇ ਹਨ—ਪ੍ਰੇਮ ਪ੍ਰਭੂ ਆਪ ਹੀ ਹੈ।[19]

ਇਥੇ ਪ੍ਰੇਮ ਦੀ ਪੂਰਵ ਅਵਸਥਾ ਦਾ ਨਾਮ 'ਭਾਵ' ਜਾਂ 'ਰਤੀ' ਹੈ। ਸਾਧਨ ਭਗਤੀ ਦੇ ਰੂਪ ਵਿਚ ਅਥਵਾ ਭਗਵਾਨ ਦੀ ਕ੍ਰਿਪਾ ਵਿਚ ਭਾਵ-ਭਗਤੀ ਦਾ ਉਦੈ ਹੁੰਦਾ ਹੈ। ਪ੍ਰੀਤੀ ਦੇ ਕਾਰਣ ਜਦ ਇਸ਼ਟਦੇਵ ਵਿਚ ਮਨ ਸਲੰਗਨ ਰਹਿਣਾ ਚਾਹੁੰਦਾ ਹੈ, ਤਦ ਭਾਵ ਹੀ 'ਰਤੀ' ਨਾਮ ਨਾਲ ਸਜਿਆ ਹੁੰਦਾ ਹੈ। ਇਹ ਭਾਵ ਮਨ ਦੀ ਵਿਸ਼ੇਸ਼ ਅਵਸਥਾ ਦਾ ਨਾਮ ਹੈ। ਵਿਸ਼ੈ-ਰਸ-ਨਿਮਗਨ ਵਿਅਕਤੀ ਦਾ ਚਿਤ ਜਦ ਭਗਵਦ ਮੁਖ ਹੁੰਦਾ ਹੈ, ਤਥਾ ਭਗਵਦ ਭਾਵ ਵਿਚ ਵਿਭਾਵਿਤ ਹੁੰਦਾ ਹੈ, ਭਗਵਾਨ ਦੇ ਚਿੰਤਨ ਕਰਨ ਵਿਚ ਰਸ ਲੈਂਦਾ ਹੈ; ਤਦ ਕਹਿਣਾ ਪਏਗਾ ਕਿ ਉਸਦੇ ਅੰਦਰ ਭਾਵ ਉਤਪੰਨ ਹੋ ਗਿਆ। ਭਾਵ ਚਿਤ ਨੂੰ ਰੰਜਿਤ ਕਰਕੇ ਉਸਦੀ ਕਠੋਰਤਾ ਨੂੰ ਦੂਰ ਕਰਕੇ ਉਸਨੂੰ ਕੋਮਲ ਬਣਾਉਂਦਾ ਹੈ।[20] ਗੁਰੂ ਰਾਮਦਾਸ

---

15. ਮਹਿੰਦਰ ਕੌਰ ਗਿੱਲ (ਡਾ), ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪੰ. 250.
16. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਪੰ. 167.
17. ਨਗੇਂਦਰ, (ਡਾ.), ਸਿੰਗਾਰ ਰਸ' ਵਿਚਾਰ ਸ਼ੋਧ ਵਿਵੇਚਨ,(ਦਿੱਲੀ,1974),ਪੰ.34.
18. ਸੁਰਿੰਦਰ ਨਾਥ ਸਿੰਘ (ਡਾ.), ਪ੍ਰਸਾਦ ਦੇ ਕਾਵਿ ਦਾ ਸ਼ਾਸਤਰੀਯ ਅਧਿਐਨ,(ਦਿੱਲੀ,1972),ਪੰ.29.
19. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ,(ਅੰਮ੍ਰਿਤਸਰ,1963), ਪੰ. 87.
20. ਰਾਮ ਸੰਵਾਰਥ ਚੌਧਰੀ ਅਭਿਨਵ (ਡਾ), ਮਧੁਰ ਰਸ ਸਰੂਪ ਸ਼ੋਧ ਵਿਕਾਸ, ਪੰ. 36.

ਵਿਚ ਪ੍ਰੇਮ ਭਾਵ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀਆਂ ਤੋਂ ਸਬਲ ਹੈ।[21] ਇਸ ਲਈ ਉਨ੍ਹਾਂ ਦੇ ਕਾਵਿ ਰਾਹੀਂ ਪਰਮਾਤਮਾ ਲਈ ਤੀਬਰ ਅਨੁਭੂਤੀ ਦੀ ਕੋਮਲ ਵਿਅੰਜਨਾ ਹੋਈ ਮਿਲਦੀ ਹੈ।

ਗੁਰੂ ਰਾਮਦਾਸ ਜੀ ਦਾ ਪ੍ਰਧਾਨ ਰਸ, ਸ਼ਿੰਗਾਰ ਹੈ। ਉਨ੍ਹਾਂ ਦੇ ਕਾਵਿ ਵਿਚ ਜੀਵ-ਆਤਮਾ ਅਤੇ ਪਰਮਾਤਮਾ ਦੇ ਅਤਿ ਭੇਦਭਰੇ ਅਰਥਾਤ ਰਹੱਸਪੂਰਣ ਸੰਬੰਧ ਨੂੰ ਇਸਤਰੀ ਅਤੇ ਪੁਰਖ ਦੇ ਲੌਕਿਕ ਆਕ੍ਰਸ਼ਣ-ਪ੍ਰਤੀਆਕ੍ਰਸ਼ਣ ਰਾਹੀਂ, ਪ੍ਰਤੀਕ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਦੰਪਤੀ-ਪ੍ਰੇਮ, ਈਸ਼ਵਰੀ-ਪ੍ਰੇਮ ਦੀ ਭਾਵਾਤਮਕ ਅਭਿਵਿਅਕਤੀ ਹੈ। ਦੰਪਤੀ ਭਾਵ ਵਿਆਪਕ ਅਤੇ ਉਦਾਤ ਭਾਵ ਹੈ। ਗੁਰੂ ਰਾਮਦਾਸ ਜੀ ਨੇ ਪ੍ਰਭੂ ਅਤੇ ਗੁਰੂ ਦੇ ਅਥਾਹ ਪ੍ਰੇਮ ਨੂੰ ਇਸ ਰਸ ਵਿਚ ਪ੍ਰਗਟ ਕੀਤਾ ਹੈ। ਆਮ ਪਾਠਕ ਜਾਂ ਸਰੋਤੇ ਦੀ ਸੌਂਦਰਯ ਚੇਤਨਾ ਨੂੰ ਇਹ ਕਾਮ-ਰਤੀ ਦਾ ਸੁੰਦਰ ਵਰਣਨ ਲਗਦਾ ਹੈ। ਇਹ ਸੱਚ ਹੈ ਕਿ ਉਹਨਾਂ ਦੀ ਦ੍ਰਿਸ਼ਟੀ ਮਨੁੱਖ ਦੇ ਸੰਜੀਵ-ਜਗਤ ਦੇ ਆਧਾਰ, ਮਧੁਰ-ਭਾਵ-ਵਯਪਾਰ ਦਾ ਮਾਰਮਿਕ ਨਿਬੰਧਨ ਕਰਦੀ ਹੈ; ਪਰ ਇਸ ਦਾ ਉਦੇਸ਼ ਪਰਮਾਤਮਾ ਦੇ ਉਸ ਅਨੁਪਮ ਸੌਂਦਰਯ ਲਈ ਭਾਵ ਜਗਾਉਣੇ ਹਨ ਨਾ ਕਿ ਕੋਈ ਵਾਸ਼ਨਾਵਾਦੀ ਉਤੇਜਨਾ ਜਾਂ ਉਕਸਾਹਟ ਪੈਦਾ ਕਰਨੀ।

ਸ਼ਿੰਗਾਰ ਦੇ ਮੁਖ ਤੌਰ ਤੇ ਦੋ ਭੇਦ ਕੀਤੇ ਜਾਂਦੇ ਹਨ; ਜਿਸ ਭੇਦ ਨਿਰੂਪਨ ਵਿਚ ਨਾਇਕ ਨਾਇਕਾ ਦੇ ਸੰਬੰਧਾਂ ਦੀ ਕਲਪਨਾ ਕੀਤੀ ਗਈ ਹੈ। ਇਨ੍ਹਾਂ ਦੋ ਭੇਦਾਂ ਨੂੰ ਸੰਯੋਗ ਅਤੇ ਵਿਯੋਗ ਜਾਂ ਪਾਰਿਭਾਸ਼ਕ ਸ਼ਬਦਾਵਲੀ ਵਿਚ ਸੰਭੋਗ ਅਤੇ ਵਿਪ੍ਰਲੰਭ ਕਿਹਾ ਜਾਂਦਾ ਹੈ।

(ੳ) ਸੰਜੋਗ-ਸ਼ਿੰਗਾਰ:

ਗੁਰੂ ਰਾਮਦਾਸ ਜੀ ਨੇ ਨਿਰਗੁਣ ਭਗਤੀਧਾਰਾ ਅਤੇ ਗੁਰੂ ਕਾਵਿਧਾਰਾ ਦੀ ਪਰੰਪਰਾ ਅਨੁਸਾਰ ਪਰਮਾਤਮਾ ਨੂੰ ਪਤੀ-ਰੂਪ ਅਤੇ ਜੀਵ - ਆਤਮਾ ਨੂੰ ਸੋਹਾਗਣ ਇਸਤਰੀ ਦੀ ਭਾਵਨਾ ਰਾਹੀਂ ਪ੍ਰਗਟ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸ਼ਿੰਗਾਰ ਰਸ ਨੂੰ ਯੋਗ ਸਥਾਨ ਦਿੱਤਾ ਹੈ। ਉਹਨਾਂ ਦੀ ਕਾਵਿ ਰਚਨਾ ਵਿਚ 'ਛੰਤ' ਆਮ ਕਰਕੇ ਪਰਮਾਤਮਾ -ਮੇਲ ਦੇ, ਉਤਸ਼ਾਹ ਦੇ, ਭਾਵਾਂ ਨੂੰ ਪ੍ਰਗਟ ਕਰਦੇ ਹਨ।[22] ਜਦ ਗੁਰੂ ਅਤੇ ਸਾਧ-ਸੰਗਤ ਦੇ ਅਸਰ ਅਤੇ ਪ੍ਰਭੂ ਦੀ ਕ੍ਰਿਪਾ ਸਦਕਾ ਮਨ, ਪ੍ਰੇਮ ਵਿਚ ਰੰਗਿਆ ਜਾਂਦਾ ਹੈ ਤਾਂ ਸੋਹਾਗਣ ਇਸਤਰੀ ਵਾਂਗ ਜੀਵ-ਆਤਮਾ ਪ੍ਰਭੂ-ਪਤੀ ਨੂੰ ਖ਼ੁਸ਼ ਕਰਨ ਲਈ ਗੁਣਾਂ ਦੇ ਜਾਦੂ ਰਾਹੀਂ ਉਸਨੂੰ ਮੋਹਦੀ ਅਤੇ ਲੁਭਾਉਂਦੀ ਹੈ। ਮਨ ਦੀ ਸੇਜ ਉਤੇ ਆਪਣੇ ਆਪ ਨੂੰ ਪ੍ਰਭੂ-ਪਤੀ [illegible]

21. ਰਾਮ ਸਵਾਰਥ ਚੌਧਰੀ ਅਭਿਨਵ (ਡਾ.), ਮਧੁਰ ਰਸ ਸਰੂਪ ਔਰ ਵਿਕਾਸ, ਪੰ. [illegible]
22. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰ. 363.

ਅਰਪਿਤ ਕਰਕੇ ਆਨੰਦ ਦੀ ਭਾਗੀ ਬਣਦੀ ਹੈ। ਪ੍ਰਭੂ-ਪਤੀ ਦਾ ਮੇਲ ਪ੍ਰਾਪਤ ਕਰਕੇ ਆਨੰਦ ਅਤੇ ਹੁਲਾਸ ਤੋਂ ਇਲਾਵਾ ਕੁਝ ਨਹੀਂ ਰਹਿ ਜਾਂਦਾ। ਨਿਮਨਲਿਖਤ ਪੰਕਤੀਆਂ ਵਿਚ ਗੁਰੂ ਰਾਮਦਾਸ ਜੀ ਮਨੁੱਖੀ ਹਿਰਦੇ ਦੀਆਂ ਸੂਖਮ ਭਾਵਨਾਵਾਂ ਤਕ ਪਹੁੰਚ ਗਏ ਹਨ। ਨਿਰਗੁਣ ਭਗਤੀ-ਕਾਵਿ ਦੀ ਪਰੰਪਰਾ ਅਨੁਸਾਰ ਉਹ ਸਿਰਫ਼ ਪ੍ਰਭੂ ਮੇਲ ਦੇ ਅਨੁਭਵ ਨੂੰ ਇਸਤਰੀ ਅਤੇ ਮਰਦ ਦੇ ਮੇਲ ਰਾਹੀਂ ਪ੍ਰਗਟ ਕਰਦੇ ਹਨ ਚੇਤੰਨ ਤੌਰ ਤੇ ਸਰੀਰਕ ਸੁੰਦਰਤਾ ਦੇ ਵੇਰਵੇ ਵਿਚ ਨਹੀਂ ਪੈਂਦੇ:-

— ਗੁਰਮੁਖਿ ਰੰਗਿ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ॥

(ਸਿਰੀ ਰਾਗ, ਆਦਿ ਗ੍ਰੰਥ, ਪੰ. 77)

— ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਾਤਿ ਹਰਿ ਰੰਗਿ ਚੋਲੇ॥

(ਸੋਰਠ ਕੀ ਵਾਰ, ਆਦਿ ਗ੍ਰੰਥ, ਪੰ.642)

<u>ਸੰਜੋਗ:</u>

— ਵਡਭਾਗੀ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ॥
ਹਰਿ ਪ੍ਰਭੁ [illegible] ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ॥੧॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 844)

— ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ.527)

— ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 448)

— ਪ੍ਰਿਅ ਕੇ ਚਰਨ ਸੁਖਾਨੇ ਹੀਅਰੇ ਇਹ ਚਾਲ ਬਨੀ ਹੈ ਭਲੀ॥
ਲਟੂਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 527)

— ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 772

— ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤ ਬੁਰਕੇ ਰਾਮ ਰਾਜੇ॥ (ਰਾਗ ਆਸਾ, ਆਦਿ ਗ੍ਰੰਥ, ਪੰ.449)

— ਆਉ ਸਖੀ ਗੁਣ ਕਾਮਣ ਕਰੀਹਾ ਜੀਉ॥
ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 173)

— ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥
ਜਨ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥

(ਰਾਗ ਆਸਾ, ਆਦਿ ਗ੍ਰੰਥ, ਪੰਨੇ 448-49)

— ਰਸਿ ਰਸਿ ਭੋਗ ਕਰੇ ਪ੍ਰਭ ਮੇਰਾ ਹਮ ਤਿਸ ਆਗੈ ਜੀਉ ਕਟਿ ਕਟਿ ਪਈਆ॥੨॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

— ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ॥੧॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

— ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ॥ ਰਹਾਉ॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

— ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ॥ (ਰਾਗ ਗਉੜੀ, ਆਦਿ ਗ੍ਰੰਥ, ਪੰ.173)

— ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ॥

ਹਰਿ ਸਜਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ॥੧॥

(ਰਾਗ ਗਉੜੀ, ਆਦਿ ਗ੍ਰੰਥ, ਪੰ. 174)

— ਹਰਿ ਪ੍ਰਭੁ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥

ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੋਇ॥੧॥

(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ.1313)

— ਤੂੰ ਆਪੇ ਹੀ ਰਸ ਰਸੀਅੜਾ ਤੂੰ ਆਪੇ ਹੀ ਭੋਗ ਭੋਗੀਆ॥

(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1313)

— ਨਿਤ ਸੁਹਾਗਣਿ ਸਦਾ ਪਿਰੁ ਰਾਵੈ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ.561)

— ਤੇਰਾ ਹਰਿਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ॥

ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗ ਰਲੀਆ ਮਾਣਾ ਰਾਮ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 844)

— ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 77)

— ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 445)

— ਹਰਿ ਨਾਮੁ ਵਡਾਈ ਹਰਿਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 445)

— ਹਰਿਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 173)

— ਰੰਗ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 451)

— ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥4॥੧॥

(ਰਾਗ ਤੁਖਾਰੀ, ਆਦਿ ਗ੍ਰੰਥ,ਪੰ. 1114)

**(ਅ) ਵਿਜੋਗ:**

ਰਸ ਦੀਆਂ ਅਵਸਥਾਵਾਂ ਦੋ ਹਨ: ਸਾਧਨ ਅਵਸਥਾ ਅਤੇ ਸਿਧ ਅਵਸਥਾ। ਭਾਵੇਂ ਭੌਤਿਕ ਪ੍ਰੇਮ ਹੋਵੇ ਜਾਂ ਅਧਿਆਤਮਕ, ਵਿਜੋਗ (ਬ੍ਰਿਹਾ), ਸਾਧਨ ਅਵਸਥਾ ਹੈ। ਗੁਰੂ ਰਾਮਦਾਸ ਕਾਵਿ ਵਿਚ ਵਿਜੋਗ (ਬ੍ਰਿਹਾ) ਦੇ ਭਾਵਾਂ ਨੂੰ ਵਿਅਕਤ ਕਰਨ ਵਿਚ ਜਜ਼ਬੇ ਦੀ ਤੀਖਣਤਾ ਸਿਖਰ ਤੇ ਪਹੁੰਚਦੀ ਹੈ। ਮੁਖ ਰੂਪ ਵਿਚ ਇਹਨਾਂ ਭਾਵਾਂ ਅਧੀਨ ਉਨ੍ਹਾਂ ਦੀ ਪ੍ਰਭੂ ਲਈ ਸ਼ਰਧਾ, ਉਸਦੇ ਮੇਲ ਦੀ ਸਿੱਕ ਅਤੇ ਤੜਪ ਦਾ ਵਰਣਨ ਮਿਲਦਾ ਹੈ:-

— ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥
ਬੇਦਨ ਨਾਟਿਕ ਦੇਖਿ ਭੁਲਾਨੇ ਮੈਂ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥2॥

(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 836)

— ਜਿਨ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ॥
ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮ ਘੋਲੀਆ॥

(ਗਉੜੀ ਕੀ ਵਾਰ, ਆਦਿ ਗ੍ਰੰਥ,ਪੰ. 311)

— ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ॥(ਰਾਗ ਗਉੜੀ,ਆਦਿ ਗ੍ਰੰਥ,ਪੰ. 175)

— ਮੈ ਬਿਰਹੀ ਹਰਿਨਾਮੁ ਹੈ ਕੋਈ ਆਣਿ ਮਿਲਾਵੈ ਮਾਇ॥

(ਰਾਗ ਮਾਰੂ, ਆਦਿ ਗ੍ਰੰਥ, ਪੰ. 996)

— ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ॥

(ਰਾਗ ਗਉੜੀ, ਆਦਿ ਗ੍ਰੰਥ,ਪੰ. 174)

— ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ ਤਿਉ ਹਰਿ ਬਿਨ ਹਮ ਮਰ ਜਾਈ॥

(ਰਾਗ ਧਨਾਸਰੀ,ਆਦਿ ਗ੍ਰੰਥ,ਪੰ.668)

— ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਹਾਂ ਮਾਇ॥

(ਸਾਰੰਗ ਕੀ ਵਾਰ, ਆਦਿ ਗ੍ਰੰਥ,ਪੰ.1248)

— ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ॥
ਕੋਈ ਮੇਲੈ ਪ੍ਰੀਤਮ ਪਿਆਰਾ ਹਮ ਤਿਸ ਕੀ ਗੁਲ ਗੋਲੀਐ॥੧॥
(ਰਾਗ ਦੇਵ ਗੰਧਾਰੀ,ਆਦਿ ਪੰ. 527

— ਮੇਰਾ ਮਨ ਤਨ ਬਹੁਤ ਬੈਰਾਗਿਆ ਹਰਿ ਨੈਣ ਰਸ ਭਿੰਨੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

— ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮ ਖਾਤੀ॥੧॥

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

— ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮਰਾਜਿਆ ਹਰਿ ਸਰਧਾ ਸੇਜ ਵਿਛਾਈ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 776)

## 2. ਹਾਸ ਰਸ:

ਭਰਤ ਨੇ ਸ਼ਿੰਗਾਰ ਤੋਂ 'ਹਾਸਯ ਰਸ' ਦੀ ਉਤਪਤੀ ਮੰਨੀ ਹੈ। ਹਾਸ ਦੇ ਵਿਭਾਵਾਂ ਦੇ ਮੂਲ ਵਿਚ ਅਨੁਚਿਤਤਾ (ਅਨੌਚਿਤਯ) ਜਾਂ ਵਿਕ੍ਰਿਤੀ ਹੀ ਇਕ ਕਾਰਣ ਹੈ।[23] ਜਿਥੇ ਵਿਕ੍ਰਿਤ ਵੇਸ਼ ਭੂਸ਼ਾ, ਅੰਗ-ਭੰਗੀ (ਅੰਗਾਂ ਦੇ ਹਾਸੋਹੀਣੇ ਸੰਕੇਤ) ਆਦਿ ਨੂੰ ਦੇਖਣ ਸੁਣਨ ਤੋਂ 'ਹਾਸ' ਸਥਾਈ ਭਾਵ ਪੈਦਾ ਹੋਵੇ, ਉਥੇ 'ਹਾਸਯ ਰਸ' ਹੁੰਦਾ ਹੈ।[24] ਗੁਰੂ ਰਾਮਦਾਸ ਕਾਵਿ ਵਿਚ ਭਗਤੀ ਮਾਰਗ ਤੇ ਗਲਤ ਸਾਧਨਾਵਾਂ ਕਰਨ ਵਾਲੇ, ਧਾਰਮਕ ਭੇਖੀ, ਨਿੰਦਾ ਅਤੇ ਈਰਖਾਲੂ ਬਿਰਤੀਆਂ ਦੇ ਮਾਲਕ ਤਪੇ ਵਰਗੇ ਪੁਰਖ ਅਤੇ 'ਗੁਰੂ-ਘਰ' ਨਾਲ ਝੂਠਾ ਪਿਆਰ ਰੱਖਣ ਵਾਲਿਆਂ ਤੇ ਟਿਪਣੀ ਮਿਲਦੀ ਹੈ। ਉਦਾਹਰਣ ਲਈ ਵੇਖੋ:-

— ਹਥਿ ਕਰ ਤੰਤੁ ਵਜਾਵੇ ਜੋਗੀ ਥੋਥਰ ਵਾਜੇ ਬੇਨ।
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹ ਮਨੂਆ ਖੇਲੇ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧ ਉਠਿ ਬੈਲ ਗਏ ਚਰਿ ਬੇਲ॥

(ਰਾਗਆਸਾ, ਆਦਿ ਗ੍ਰੰਥ, ਪੰ. 368)

— ਤਪਾ ਨਾ ਹੋਵੇ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀਂ ਪਿਛੋਦੇ
ਪਛੁਤਾਇ ਕੈ ਆਣਿ ਤਪੈ ਪੁਤੁ ਵਿਚ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰਨੇ 315-16)

---

23. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ ਪੰਨੇ 174-75.
24. ਸਰੋਜ ਖੰਨਾ, ਹਿੰਦੀ ਕਵਿਤਾ ਮੇਂ ਹਾਸਯ ਰਸ(ਇਲਾਹਾਬਾਦ, 1961), ਪੰਨੇ 14-15.

— ਜੋ ਬਿਨੁ ਪਰਤੀਤੀ ਕਪਟੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।
(ਰਾਗ ਸੂਹੀ, ਆਦਿ ਗ੍ਰੰਥ, ਪੰ. 34)

**3. ਕਰੁਣ ਰਸ:**

ਆਚਾਰੀਆ ਵਿਸ਼ਵਨਾਥ ਨੇ ਲਿਖਿਆ ਹੈ ਕਿ ਮਨਚਾਹੀ (ਮਨਭਾਂਛਤ)ਵਸਤੂ ਦੀ ਹਾਨੀ ਅਤੇ ਅਨਚਾਹੀ ਵਸਤੂ ਦੀ ਪ੍ਰਾਪਤੀ ਤੋਂ ਜਿਥੇ ਸ਼ੋਕ ਭਾਵ ਦੀ ਪ੍ਰਗਟੀ ਹੋਵੇ ਉਥੇ ਕਰੁਣ ਰਸ ਨੂੰ ਸ਼ਿੰਗਾਰ ਰਸ ਨਾਲੋਂ ਵੀ ਪਹਿਲਾ ਦਰਜਾ ਦਿਤਾ ਗਿਆ ਹੈ। ਉਨ੍ਹਾਂ[25] ਅਨੁਸਾਰ ਅਸਲ ਰਸ ਇਕੋ ਹੀ ਹੈ ਅਤੇ ਉਹ ਕਰੁਣ ਹੈ, ਬਾਕੀ ਤਾਂ ਉਸਦੇ ਭੇਦ ਜਾਂ ਰੂਪ ਹਨ। ਗੁਰੂ ਰਾਮਦਾਸ ਕਾਵਿ ਵਿਯੋਗ ਦਾ ਭਾਵ ਮੇਲ ਦੀ ਤੀਖਣਤਾ ਅਤੇ ਵਿਛੋੜੇ ਦੇ ਅਸਰ ਥਲੇ ਹੁੰਦਾ ਹੈ। ਪ੍ਰਭੂ ਮੇਲ ਦੀ ਤੀਖਣਤਾ ਕਾਰਣ ਪੈਦਾ ਹੋਈ ਤੜਪ ਅਤੇ ਵੈਰਾਗ, ਕਰੁਣ ਰਸ ਦੀ ਨਿਸ਼ਪਤਿ ਕਰਦੇ ਹਨ। ਇਸ ਦੇ ਨਾਲ ਹੀ ਗੁਰੂ ਦੀ ਕ੍ਰਿਪਾ ਦੇ ਸ਼ੁਕਰਾਨੇ ਵਜੋਂ ਵੀ ਕਰੁਣ ਰਸ ਉਤਪੰਨ ਹੋਇਆ ਹੈ। ਨਿਮਨਲਿਖਤ ਕਰੁਣ ਰਸ ਦੀਆਂ ਕੁਝ ਉਦਾਹਰਣਾਂ ਵੇਖੋ:-

— ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 167)

— ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ।
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ॥
(ਰਾਗ ਗਉੜੀ, ਆਦਿ ਗ੍ਰੰਥ, ਪੰਨੇ 173-74)

— ਮੇਰਾ ਮਨੁ ਤਨੁ ਬਹੁਤ ਬੈਰਾਗਿਆ ਹਰਿ ਨੈਣ ਰਸ ਭਿੰਨੇ॥
(ਰਾਗ ਆਸਾ, ਆਦਿ ਗ੍ਰੰਥ, ਪੰ. 449)

— ਹਰਿ ਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 997)

— ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੈ॥
(ਰਾਗ ਆਸਾ, ਆਦਿ ਗ੍ਰੰਥ, ਪੰਨੇ 451-52)

— ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

— ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥3॥
(ਰਾਗ ਮਾਝ, ਆਦਿ ਗ੍ਰੰਥ, ਪੰ. 94)

— ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਰੋਟਾ ਖਾਇ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 234)

---

25. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਪੰ. 179.

**4. ਰੌਦ੍ਰ ਰਸ:**

ਰੌਦ੍ਰ ਰਸ ਦਾ ਸਥਾਈ ਭਾਵ ਕ੍ਰੋਧ, ਵੈਰ ਜਾਂ ਦ੍ਵੇਖ ਰੂਪ ਵਿਚ ਆਪਣੀ ਕਾਲ-ਪਰਿਧੀ ਬਣਾਈ ਰੱਖਦਾ ਹੈ, ਪਰ ਵੈਰ ਜਾਂ ਦ੍ਵੇਖ ਦਾ ਪ੍ਰਤਖ ਰੂਪ ਕ੍ਰੋਧਮਈ ਪ੍ਰਚੰਡਤਾ ਵਾਲਾ ਹੋਏਗਾ, ਤਦ ਹੀ ਉਹ ਰੌਦ੍ਰ ਰਸ ਦੇ ਅੰਤਰਗਤ ਆਏਗਾ।[27] ਜਿਥੇ ਵਿਰੋਧੀਆਂ ਦੀ ਛੇੜਖਾਨੀ, ਬੇਇਜ਼ਤੀ, ਅਪਮਾਨ ਵਡੇਰਿਆਂ ਦੀ ਨਿੰਦਾ, 'ਦੇਸ ਤੇ ਧਰਮ' ਦੇ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗਰਿਤ ਹੁੰਦੀ ਹੈ ਉਥੇ ਰੌਦ੍ਰ ਰਸ ਹੁੰਦਾ ਹੈ।[28] ਵਿਰੋਧ ਜਾਂ ਦ੍ਵੇਖ ਦੀ ਭਾਵਨਾ ਘ੍ਰਿਣਾ ਦੇ ਆਸ਼੍ਰਯ ਵਿਚ ਵੀ ਹੋ ਸਕਦੀ ਹੈ। ਘ੍ਰਿਣਾ ਦੇ ਆਲੰਬਨ ਦੇ ਪ੍ਰਤੀ ਘ੍ਰਿਣਾ-ਭਾਵ ਦੀ ਪ੍ਰਧਾਨਤਾ ਰਹਿੰਦੀ ਹੈ। ਕ੍ਰੋਧ ਦੇ ਆਵੇਗ ਵਿਚ ਘ੍ਰਿਣਾ ਵੀ ਹੋ ਸਕਦੀ ਹੈ, ਪਰ ਇਹ ਗੌਣ ਰਹਿੰਦੀ ਹੈ। ਗੁਰੂ ਰਾਮਦਾਸ ਕਾਵਿ ਵਿਚ ਕ੍ਰੋਧ ਦਾ ਇਹ ਉੱਦਾਤ ਰੂਪ, ਮਨਮੁਖ, ਸਾਕਤ, ਅਤੇ ਨਿੰਦਕਾਂ ਨੂੰ ਪਰਮਾਤਮਾ ਵਲੋਂ ਫਟਕਾਰ, ਜਮਦੂਤ ਦੇ ਅਤੇ ਤਸੀਹੇ ਆਦਿ ਦੇ ਡਰ ਰਾਹੀਂ ਰੌਦ੍ਰ ਰਸ ਵਿਚ ਪ੍ਰਗਟ ਹੋਇਆ ਹੈ। ਉਦਾਹਰਣ ਲਈ ਵੇਖੋ:-

— ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

— ਜਿਨ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥
ਹਰਿ ਜੀਉ ਤਿਨ ਕਾ ਦਰਸਨੁ ਨ ਕਰਹੁ ਪਾਪਿਸਟ ਹਤਿਆਰੀ॥

(ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 651)

— ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1263)

— ਸਾਕਤ ਮੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲ ਭਰੀਜੈ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1326)

— ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਰਾਖ॥2॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 696)

— ਹੋਈ ਜਾਹਿ ਮਿਲੇ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਸੇ ਸਤਿਗੁਰ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

---

26. ਕ੍ਰਿਸ਼ਨ ਦੇਵ ਝਾਰੀ, (ਡਾ.), ਰਸ ਸਿਧਾਂਤ ਔਰ ਬੀਭਤਸ ਰਸ ਕਾ ਸ਼ਾਸਤ੍ਰੀਯ ਵਿਵੇਚਨ, ਪੰ. 113.
27. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਪੰ. 185.

**5. ਬੀਰ ਰਸ।**

ਬੀਰ ਰਸ ਦਾ ਸਥਾਈ ਭਾਵ ਉਤਸ਼ਾਹ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦੇ ਮੇਲ ਨਾਲ ਬੀਰ ਰਸ ਵਿਚ ਪਰਿਣਤ ਹੋ ਜਾਂਦਾ ਹੈ।[28] ਜੋ ਵਿਅਕਤੀ ਧਨਹੀਨ ਵਿਅਕਤੀਆਂ ਨੂੰ ਦਾਨ ਬਖਸ਼ਣ, ਸਹਾਇਤਾ ਦੇਣ ਜਾਂ ਉਨ੍ਹਾਂ ਦੀ ਸੇਵਾ ਸਤਿਕਾਰ ਕਰਨ ਵਿਚ ਉਤਸ਼ਾਹ ਦਿਖਾਏਗਾ, ਉਸਦਾ ਉਤਸ਼ਾਹ ਸਥਾਈ ਭਾਵ ਕਿਹਾ ਜਾ ਸਕਦਾ ਹੈ।[29] ਦਾਨ ਦੇਣ ਅਤੇ ਦਇਆ ਦਿਖਾਉਣਵਿਚ ਮਨੁੱਖ ਆਪਣੀ ਸੰਪਤੀ ਆਦਿ ਦਾ ਹੀ ਦਾਨ ਦਿੰਦਾ ਹੈ, ਪਰ ਯੁੱਧ ਬੀਰ ਭਾਵ ਵਿਚ ਉਸਨੂੰ ਆਪਣੇ ਪ੍ਰਾਣ ਤਕ ਦੇ ਦੇਣੇ ਪੈਂਦੇ ਹਨ, ਇਸ ਲਈ ਇਸ ਵਿਚ ਉਤਸ਼ਾਹ ਦੇ ਭਾਵ ਦੀ ਬਾਕੀਆਂ ਨਾਲੋਂ ਪ੍ਰਧਾਨਤਾ ਰਹਿੰਦੀ ਹੈ। ਇਸ ਲਈ ਇਸ ਨੂੰ ਬੀਰ ਰਸ ਦਾ ਨਾਮ ਦਿਤਾ ਜਾਣਾ ਅਸਲੀ ਖਿਆਲ ਕੀਤਾ ਜਾਂਦਾ ਹੈ।[30] ਇਸ ਲਈ ਇਸ ਰਸ ਦੇ ਤਿੰਨ ਮੁਖ ਭੇਦਾਂ ਯੁਧ ਵੀਰ, ਦਾਨ ਵੀਰ, ਅਤੇ ਦਇਆ ਵੀਰ ਵਿਚੋਂ ਪ੍ਰਧਾਨਤਾ ਯੁਧਵੀਰ ਨੂੰ ਹੀ ਦਿਤੀ ਜਾਂਦੀ ਹੈ।

ਗੁਰੂ ਰਾਮਦਾਸ ਜੀ ਮਨੁੱਖੀ ਜ਼ਿੰਦਗੀ ਨੂੰ ਇਕ ਸੰਘਰਸ਼ ਮੰਨਦੇ ਹਨ। ਮਨੁੱਖੀ ਜ਼ਿੰਦਗੀ ਦਾ ਮੂਲ ਮਨੋਰਥ ਪ੍ਰਾਪਤ ਕਰਨ ਲਈ ਮਨੁੱਖ ਨੂੰ ਇਕ ਪਾਸੇ ਆਪਣੇ ਵਿਕਾਰਾਂ ਨਾਲ ਯੁੱਧ ਕਰਨਾ ਪੈਂਦਾ ਹੈ ਅਤੇ ਦੂਜੇ ਪਾਸੇ ਸਮਾਜਕ ਬੁਰਿਆਈਆਂ ਨਾਲ ਉਨ੍ਹਾਂ ਦੀਆਂ ਵਾਰਾਂ ਵਿਚ ਗੁਰਮੁਖ ਜਾਂ ਗੁਰਸਿਖ ਬਣਨ ਲਈ ਨੇਕੀ ਦੇ ਰਸਤੇ ਤੇ ਚਲਣ ਲਈ ਅਤੇ ਬੁਰਿਆਈਆਂ ਦਾ ਟਾਕਰਾ ਕਰਨ ਲਈ ਸਿਖਿਆ ਮਿਲਦੀ ਹੈ। ਗੁਰੂ ਰਾਮਦਾਸ ਜੀ ਮਨ ਅਤੇ ਸਰੀਰ ਦੋਨਾਂ ਦੇ ਅਰੋਗ ਰਹਿਣ ਉਤੇ ਬਲ ਦਿੰਦੇ ਹੋਏ ਆਪਣੇ ਕਾਵਿ ਰਾਹੀਂ ਉਤਸ਼ਾਹ ਦਾ ਸਥਾਈ ਭਾਵ ਜਗਾਉਂਦੇ ਹਨ। ਉਨ੍ਹਾਂ ਦੇ ਕਾਵਿ ਵਿਚੋਂ ਬੀਰ ਰਸ ਦੀਆਂ ਕੁਝ ਉਦਾਹਰਣਾਂ ਵੇਖੋ:—

— ਕਾਮ ਕਰੋਧ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

— ਮੇਰੀ ਜਿੰਦੁੜੀਏ ਸੇ ਡਰੇ ਜਿਨਿ ਪਾਪ ਕਮਾਤੇ ਰਾਮ॥
ਜਿਸ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ.540)

— ਤਿਨ ਜਨ ਕੇ ਸਭਿ ਪਾਪ ਗਏ ਸਭ ਦੋਖ ਗਏ ਸਭ ਰੋਗ ਗਏ।
ਕਾਮ ਕ੍ਰੋਧ ਲੋਭੁ ਮੋਹੁ ਅਭਿਮਾਨੁ ਗਏ ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1201)

---

28. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ ਕਲਾ, ਪੰ. 229.
29. ਕ੍ਰਿਸ਼ਣ ਦੇਵ ਝਾਰੀ (ਡਾ.), ਰਸ ਸਿਧਾਂਤ ਔਰ ਬੀਭਤਸ-ਰਸ ਕਾ ਸ਼ਾਸਤ੍ਰੀਯ ਵਿਵੇਚਨ, ਪੰ. 79.
30. ਕਾਲਾ ਸਿੰਘ ਬੇਦੀ (ਡਾ.), ਉਹੀ ਰਚਨਾ, ਪੰ. 229.

— ਗੁਰ ਸਤਿਗੁਰ ਕੇ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 305)

— ਸਤਿਗੁਰ ਗਿਆਨ ਖੜਗ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ. 574)

— ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ॥
ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ॥
ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ॥
ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ॥੧॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 307)

**6. ਬੀਭਤਸ ਰਸ:**

ਭਰਤਮੁਨੀ ਨੇ ਘਿਣਾ (ਜੁਗੁਪਸਾ) ਦੇ ਸਥਾਈ ਭਾਵਾਤਮਕ ਰੂਪ ਨੂੰ ਬੀਭਤਸ ਰਸ ਦੱਸਿਆ ਹੈ ਅਤੇ ਅਪ੍ਰਿਯ, ਅਪਵਿੱਤਰ ਅਤੇ ਨੀਚ ਨੂੰ ਦੇਖਣ ਸੁਣਨ ਅਤੇ ਉਦ੍ਵੇਜਨ (ਅਰਥਾਤ ਸਰੀਰ ਨੂੰ ਹਿਲਾਣ) ਆਦਿ ਰੂਪ ਵਿਭਾਵਾਂ ਤੋਂ ਉਸਦੀ ਉਤਪਤੀ ਦੱਸੀ ਗਈ ਹੈ।[31] ਸਾਡੀਆਂ ਸਮਾਜਕ, ਨੈਤਿਕ ਜਾਂ ਧਾਰਮਕ ਧਾਰਨਾਵਾਂ ਅਤੇ ਆਦਰਸ਼ਾਂ ਦੇ ਅਨੁਕੂਲ ਆਚਰਣ ਵਾਲੇ ਵਿਅਕਤੀ ਸਾਨੂੰ ਚੰਗੇ ਲਗਦੇ ਹਨ, ਪਰ ਉਹਨਾਂ ਆਦਰਸ਼ਾਂ ਨੂੰ ਤੋੜਨ ਵਾਲੇ, ਨੀਤੀ ਵਿਰੋਧੀ, ਅਤਿਆਚਾਰੀ-ਦੁਰਾਚਾਰੀ ਵਿਅਕਤੀ ਸਾਡੀ ਘ੍ਰਿਣਾ ਦੇ ਪਾਤਰ ਬਣਦੇ ਹਨ।[32] ਪਾਪੀਆਂ, ਅਤਿਆਚਾਰੀਆਂ ਦੇ ਪ੍ਰਤੀ ਘ੍ਰਿਣਾ 'ਘ੍ਰਿਣਾ' ਦਾ ਉਦਾਤ ਰੂਪ ਹੀ ਹੈ, ਕਿਉਂਕਿ ਕਾਵਿ ਵਿਚ ਕਵੀ ਦੀਆਂ ਅਨੁਭੂਤੀਆਂ ਉਦਾਤ ਰੂਪ ਵਿਚ ਹੀ ਪ੍ਰਗਟ ਹੁੰਦੀਆਂ ਹਨ। ਕਵੀ ਦੀ ਸਥਾਈ ਘ੍ਰਿਣਾ ਭਾਵਨਾ ਦਾ ਹੀ ਉਦਾਤੀਕਰਨ ਉਸਦੀਆਂ ਰਚਨਾਵਾਂ ਵਿਚ ਬੀਭਤਸ ਰਸ ਹੁੰਦਾ ਹੈ।[33] ਗੁਰੂ ਰਾਮਦਾਸ ਜੀ ਦੀ ਨਾਮ ਵਿਹੂਣੇ 'ਗੁਰੂ-ਘਰ' ਦੇ ਵਿਰੋਧੀਆਂ ਲਈ ਘ੍ਰਿਣਾ ਦੇ ਉਦਾਤ ਰੂਪ ਦੀਆਂ ਮਿਸਾਲਾਂ ਗਉੜੀ ਕੀ ਵਾਰ ਵਿਚ ਉਪਲਬਧ ਹਨ। ਇਥੇ ਉਹਨਾਂ ਦੇ ਕਾਵਿ ਵਿਚੋਂ ਕੁਝ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ:-

— ਹਰਿ ਕੇ ਨਾਮ ਬਿਨਾ ਸੁੰਦਰ ਹੈ ਨਕਟੀ।
ਜਿਉ ਬੇਸੁਆ ਕੇ ਘਰਿ ਪੂਤੁ ਜਮਤ ਹੈ
ਤਿਸੁ ਨਾਮ ਪਰਿਓ ਹੈ ਧ੍ਰਿਕਟੀ।

---

32. ਕ੍ਰਿਸ਼ਣ ਦੇਵ ਝਾਰੀ (ਡਾ.), ਰਸ ਸਿਧਾਂਤ ਔਰ ਬੀਭਤਸ ਰਸ ਕਾ ਸ਼ਾਸਤ੍ਰੀਯ ਵਿਵੇਚਨ, ਪੰ. 60
33. ਉਹੀ, ਪੰ. 64.
34. ਉਹੀ, ਪੰ. 79.

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ।

ਜਿਉ ਨਿਗੁਰਾ ਬਹੁ ਬਾਤਾ ਜਾਣੈ

ਓਹੁ ਹਰਿ ਦਰਗਹਿ ਹੈ ਭ੍ਰਿਸਟੀ। (ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 528)

— ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥

ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖ ਆਇਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 306)

— ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ॥

ਓਨਾ ਪਾਸਿ ਦੁਆਸਿ ਨ ਭਿਟੀਐ, ਜਿਨ ਅੰਤਰਿ ਕ੍ਰੋਧ ਚੰਡਾਲੁ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 40)

— ਕੂੜਿਆਰੀ ਰਜੈ ਕੂੜਿ ਵਿਸਟਾ ਕਾਗੁ ਖਾਵਈ॥

(ਰਾਗ ਸੋਰਠ ਦੀ ਵਾਰ, ਆਦਿ ਗ੍ਰੰਥ, ਪੰ.646)

— ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥

ਲਾਇਆ ਦੁਰਗੰਧ ਮੜੈ ਚਿਤ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 442)

7. ਅਦਭੁਤ ਰਸ:

ਕਿਸੇ ਅਨੋਖੀ ਤੇ ਅਸਚਰਜ-ਜਨਕ ਵਸਤੂ ਨੂੰ ਦੇਖਣ ਨਾਲ ਸਥਾਈ ਭਾਵ ਵਿਸਮਯ-ਹੈਰਾਨੀ, ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦੇ ਮੇਲ ਤੋਂ ਅਦਭੁਤ ਰਸ ਦੀ ਨਿਸਪਤਿ ਹੋ ਜਾਂਦੀ ਹੈ।[34] ਇਹ ਰਸ ਬੜੇ ਉਚ ਦਰਜੇ ਦੀ ਕਵਿਤਾ ਵਿਚ ਹੁੰਦਾ ਹੈ। ਕਵਿਤਾ ਦੁਆਰਾ ਮਨ ਤੇ ਅਜੇਹਾ ਅਸਰ ਕਰਦਾ ਹੈ ਕਿ ਮਨ ਤੇ ਅਸਚਰਜਤਾ ਅਤੇ ਹੈਰਾਨੀ ਛਾ ਜਾਂਦੀ ਹੈ।[35] ਗੁਰੂ ਰਾਮਦਾਸ ਕਾਵਿ ਵਿਚ ਇਸਦੀਆਂ ਕੁਝ ਉਦਾਹਰਣਾਂ ਵੇਖੋ:——

— ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥

.... .... .... .... ....

ਵਾਹੁ ਵਾਹੁ ਸਤਿਗੁਰੁ ਨਿਰੰਕਾਰ ਹੈ ਜਿਸ ਅੰਤ ਨ ਪਾਰਾਵਾਰੁ॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ.142 1)

— ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ

ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 167)

— ਗੁਨ ਗਾਵੈ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1335)

---

34. ਕਾਲਾ ਸਿੰਘ ਬੇਦੀ, (ਡਾ.), ਗੁਰੂ ਨਾਨਕ ਕਾਵਿ ਕਲਾ, ਪੰ. 250.

35. ਬਾਵਾ ਬੁਧ ਸਿੰਘ, ਕੋਇਲ ਕੂ (ਅੰਮ੍ਰਿਤਸਰ, 1927), ਪੰ. 43.

**8. ਭਿਆਨਕ ਰਸ:**

ਤਾਕਤਵਰ, ਸ਼ਕਤੀਸ਼ਾਲੀ ਅਤੇ ਬਲਵਾਨ ਦੁਸ਼ਮਣ (ਸ਼ਤਰੂ) ਜਾਂ ਕਿਸੇ ਭਿਆਨਕ ਵਸਤੂ ਦੇ ਦੇਖਣ, ਸੁਣਨ ਅਤੇ ਪਕੜਨ ਨਾਲ ਜਿਥੇ ਡਰ ਦਾ ਭਾਵ ਮਨ ਵਿਚ ਜਾਗ ਉਠੇ, ਉਥੇ ਭਿਆਨਕ ਰਸ ਦੀ ਨਿਸਪਤਿ ਹੁੰਦੀ ਹੈ।[36] ਗੁਰੂ ਕਾਵਿ ਵਿਚ ਭੈ ਅਤੇ ਭਾਉ ਨੂੰ ਪ੍ਰਭੂ-ਮੇਲ ਦਾ ਵਸੀਲਾ ਮੰਨਿਆ ਗਿਆ ਹੈ। ਗੁਰੂ ਰਾਮਦਾਸ ਜੀ ● ਭੈ ਦੇ ਭਾਵਾਂ ਦਾ ਉਦਾਤੀਕਰਨ ਦੋ ਰੂਪਾਂ ਵਿਚ ਕਰਦੇ ਹਨ। ਇਕ ਰੂਪ ਤਾਂ ਉਹ ਨਾਮ ਹੀਣ ਵਿਅਕਤੀਆਂ ਨੂੰ ਜੀਵਨ ਦੇ ਨਿਰਾਰਥਕ ਬਿਤਾਉਣ ਤੇ ਉਸਦੇ ਨਤੀਜੇ ਤੋਂ ਡਰਾਉਂਦੇ ਹਨ। ਪ੍ਰਭੂ ਮੇਲ ਦੀ ਉਸ ਅਵਸਥਾ ਦੇ ਵਰਣਨ ਸਮੇਂ, ਜਿਥੇ ਪਰਮਾਤਮਾ ਵਿਚ ਆਤਮਾ ਨੇ ਲੀਨ ਹੋਣਾ ਹੁੰਦਾ ਹੈ, ਸਰੀਰ ਦੇ ਜਾਮੇ ਵਿਚ ਰਹੀ ਆਤਮਾ ਨੂੰ ਉਸ ਦੇ ਕਰਮਾਂ ਪ੍ਰਤੀ ਚੇਤੀਤ ਕਰਕੇ 'ਭੈ' ਦੀ ਜਿਹੜੀ ਸਥਿਤੀ ਭਗਤੀ ਸਾਹਿਤ ਵਿਚ ਪੈਦਾ ਹੋਈ ਹੈ ਉਸਦੇ ਸੰਦਰਭ ਵਿਚ ਵੀ ਭਿਆਨਕ ਰਸ ਦਾ ਉਦ੍ਰੇਕ ਹੁੰਦਾ ਹੈ। ਮੋਹ ਮਾਇਆ ਦੇ ਇਸ ਜਗਤ ਵਿਚ ਰਹਿਣ ਕਾਰਣ ਆਤਮਾ ਨੂੰ 'ਭੈ' ਦੇ ਸੰਕੇਤਾਂ ਰਾਹੀਂ ਜਿਸ ਉਦਾਤ ਮਿਲਣੀ ਵਲ ਲਿਜਾਇਆ ਗਿਆ ਹੈ ਉਸ ਦੇ ਵਰਣਨ ਵਿਚ ਭਿਆਨਕ ਰਸ ਦੀ ਵਿਦਮਾਨਤਾ ਦੇਖੀ ਜਾ ਸਕਦੀ ਹੈ:—

— ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ● ਅਉਖਾ ਜਗ ਮਹਿ ਹੋਇਆ।।
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੈ ਓਹੁ ਅਉਖਾ ਹੋਇ ਹੋਇ ਰੋਇਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

— ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਵੈ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 171)

— ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ
ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾ ਹਤਿਆਰਿਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 316)

**9. ਸ਼ਾਂਤ ਰਸ:**

ਨਾਟਯ ਸ਼ਾਸਤਰ ਵਿਚ ਸ਼ਾਂਤ ਰਸ ਦੀ ਪ੍ਰਮੁਖ ਰਸਾਂ ਵਿਚ ਗਿਣਤੀ ਨਹੀਂ ਕੀਤੀ ਗਈ ਪਰ ਵਿਸ਼ਵਨਾਥ ਜਿਹੇ ਆਚਾਰੀਆਂ ਨੇ ਇਸ ਨੂੰ ਉਚਿਤ ਸਥਾਨ ਦਿਤਾ ਹੈ। ਸ਼ਾਂਤ ਰਸ ਦੇ ਰਸਤਵ ਬਾਰੇ ਸੰਸਕ੍ਰਿਤ ਵਿਚ ਬਹੁਤ ਚਰਚਾ ਹੋਈ ਹੈ ਅਤੇ ਇਸ ਦੇ ਆਮ ਉਦਾਹਰਣ ਵੀ ਹਨ। ਸੰਸਾਰਕ ਅਸਥਿਰਤਾ

---

36. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ ਕਲਾ, ਪੰ. 256.

ਦੇ ਕਾਰਣ ਜਾਂ ਤੱਤ ਗਿਆਨ ਰਾਹੀਂ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ, ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਗਈ ਹੈ।[37] ਸ਼ਾਂਤ ਭਾਵ ਵਿਚ ਵਿਰਕਤ, ਸੇਵਯ-ਸੇਵਕ ਭਾਵ ਵਿਚ ਅਨੁਵਿਰਤੀ ਦੀ ਪ੍ਰਧਾਨਤਾ ਹੈ। ਜਦ ਮਨੁੱਖ ਨੂੰ ਗਿਆਨ ਵੈਰਾਗ ਹੋ ਜਾਂਦਾ ਹੈ, ਤਦ ਉਸਨੂੰ ਇਹ ਸੰਸਾਰ ਚੰਗਾ ਨਹੀਂ ਲਗਦਾ ਅਤੇ ਉਸ ਅੰਦਰਲੀ ਕਾਮ ਵਾਸ਼ਨਾ ਤੇ ਹੋਰ ਵਾਸ਼ਨਾਵਾਂ ਠੰਢੀਆਂ ਪੈ ਜਾਂਦੀਆਂ ਹਨ। ਤ੍ਰਿਸ਼ਨਾ ਦੀ ਅੱਗ ਖਤਮ ਹੋਣ ਤੇ ਮਨ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ। ਤਦ ਇਹ ਸ਼ਾਂਤ ਭਾਵ ਹੀ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦੇ ਸੰਜੋਗ ਨਾਲ ਸ਼ਾਂਤ ਰਸ ਵਿਚ ਬਦਲ ਜਾਂਦਾ ਹੈ।[38] ਸਮੁੱਚੇ ਰੂਪ ਵਿਚ ਗੁਰੂ ਕਾਵਿ ਦਾ ਪ੍ਰਧਾਨ ਰਸ ਸ਼ਾਂਤ ਰਸ ਹੈ। ਗੁਰੂ ਰਾਮਦਾਸ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਸ਼ਾਂਤ ਰਸ ਦੇ ਨਾਲ ਸ਼ਿੰਗਾਰ ਰਸ ਦੇ ਸੰਜੋਗ ਰਾਹੀਂ ਇਕ ਐਸਾ ਆਤਮਕ ਵਾਯੂਮੰਡਲ ਸਿਰਜਦੇ ਹਨ ਜਿਸ ਦਾ ਪ੍ਰਭਾਵ ਜੀਵ ਆਤਮਾ ਨੂੰ ਭੌਤਿਕ ਮੰਡਲ ਵਿਚੋਂ ਕੱਢਕੇ ਮੂਲ ਆਨੰਦ ਦੇ ਸੋਮੇ ਵਲ ਮੁਖਰਿਤ ਕਰਦਾ ਹੈ। 'ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨ ਪ੍ਰੇਮ ਰਤੰਨਾ ਰਾਮਰਾਜੇ' ਵਰਗੀਆਂ ਪੰਕਤੀਆਂ ਮਨ ਅੰਦਰ ਸ਼ਾਂਤ ਰਸ ਦਾ ਠੰਡਾ ਅਤੇ ਇਕ-ਰਸ ਟਿਕਵਾਂ ਪ੍ਰਭਾਵ ਪੈਦਾ ਕਰਦੀਆਂ ਹਨ। ਉਹਨਾਂ ਦੇ ਕਾਵਿ ਵਿਚ ਸ਼ਾਂਤ ਰਸ ਦੀਆਂ ਕੁਝ ਹੋਰ ਉਦਾਹਰਣਾਂ ਨਿਮਨਲਿਖਤ ਹਨ:-

— ਸਾਵਣਿ ਵਰਸ ਅੰਮ੍ਰਿਤਿ ਜਗੁ ਛਾਇਆ ਜੀਉ
ਮਨ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ਜੀਉ॥
(ਰਾਗ ਗਉੜੀ, ਆਦਿ ਗ੍ਰੰਥ, ਪੰ. 73)

— ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸ਼ਾਂਤਿ ਸੀਤਲ ਮਨੁ ਅਪਨਾ॥
(ਰਾਗ ਗੋਂਡ, ਆਦਿ ਗ੍ਰੰਥ, ਪੰ. 860)

— ਹਰਿ ਹਰਿ ਹਰਿ ਨਾਮੁ ਬੂੰਦ ਮੁਖ ਪਾਈ॥ (ਰਾਗ ਮਾਝ, ਆਦਿ ਗ੍ਰੰਥ, ਪੰ.95)

— ਮਧੁਸੂਦਨ ਹਰਿ ਮਾਧੋ ਪ੍ਰਾਨਾ॥
ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ॥ (ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

— ਅਮਿਉ ਅਮਿਉ ਹਰਿ ਰਸੁ ਹੈ ਮੀਠਾ ਮਿਲਿ ਸੰਤ ਜਨਾ ਮੁਖ ਪਾਵੈ॥੧॥ ਰਹਾਉ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ.881)

— ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ.833)

---

37. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਪੰ. 195.
38. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ ਕਲਾ, ਪੰਨੇ 264-65.

— ਤਹ ਅਨਹਤ ਧੁਨੀ ਬਜਹਿ ਨਿਤ ਬਾਜਹਿ ਨੀਝਰ ਧਾਰ ਚੁਆਵੈਗੋ॥3॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

— ਝਿਮਿ ਝਿਮੇ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ॥

ਰਾਗ ਆਸਾ, ਆਦਿ ਗ੍ਰੰਥ, ਪੰਨੇ 442-43)

— ਗੁਰਮਤਿ ਮਨ ਭੁਛੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

10. ਵਾਤਸਲਯ ਰਸ:

ਵਾਤਸਲਯ ਜੀਵਨ ਦੀ ਰਾਗਾਤਮਕ ਬਿਰਤੀ ਹੈ ਜਿਸ ਵਿਚ ਮਨੁੱਖ ਦੀ ਮੂਲ ਪ੍ਰਵਿਰਤੀ ਆਤਮ-ਵਿਸਤਾਰ ਦੀ ਭਾਵਨਾ ਦੀ ਤ੍ਰਿਪਤੀ ਹੁੰਦੀ ਹੈ। ਪਿਤਾ ਦਾ ਪੁਤਰ ਲਈ ਜੋ ਪਿਆਰ ਹੈ ਉਥੇ 'ਵਤਸਲ ਰਸ' ਮੰਨਦੇ ਹਨ।[39] ਵਾਤਸਲਯ ਵਿਚ ਪ੍ਰੀਤੀ ਜਾਂ ਸਨੇਹ ਦੇ ਭਾਵਾਂ ਦੀ ਪ੍ਰਧਾਨਤਾ ਰਹਿੰਦੀ ਹੈ ਜਿਸ ਦਾ ਕਿ 'ਰਤੀ' ਦੇ ਭਾਵ ਨਾਲੋਂ ਅੰਤਰ ਹੈ। ਰਤੀ ਵਿਚ ਆਤਮੀਅਤਾ (ਇਸਤਰੀ-ਮਰਦ ਦੀ ਕੁਦਰਤੀ ਖਿੱਚ) ਪ੍ਰੇਮਿਕਾ ਦੇ ਪ੍ਰਤੀ ਹੋਵੇਗੀ।[40] ਆਚਾਰੀਆਂ ਨੇ ਇਸ ਭੇਦ ਨੂੰ ਸਪਸ਼ਟ ਕਰਦਿਆਂ ਹੋਇਆਂ ਲਿਖਿਆ ਹੈ ਕਿ ਪ੍ਰੀਤੀ 'ਪ੍ਰਿਆਤਮਿਕਾ' ਹੁੰਦੀ ਹੈ ਅਤੇ ਰਤੀ ('ਇਛਾਤਿਮਕਾ'। ਪ੍ਰੀਤੀ ਵਿਚ ਆਤਮਾ ਕਿਸੇ ਵੀ ਪ੍ਰਿਅ ਵਿਅਕਤੀ ਦੇ ਪ੍ਰਤੀ ਵਿਅਕਤ ਹੋ ਸਕਦੀ ਹੈ, ਵੱਡਿਆਂ ਦੀ ਛੋਟਿਆਂ ਦੇ ਪ੍ਰਤੀ ਇਸ ਆਤਮੀਅਤਾ ਨੂੰ ਵਾਤਸਲਯ ਭਾਵ ਕਿਹਾ ਗਿਆ ਹੈ।[41] ਭਗਤੀ ਸਾਹਿਤ ਦੇ ਕ੍ਰਿਸ਼ਣ ਅਤੇ ਰਾਮ-ਕਾਵਿ ਵਿਚ ਵਾਤਸਲਯ ਰਸ ਦੀਆਂ ਬੜੀਆਂ ਉਦਾਹਰਣਾਂ ਮਿਲਦੀਆਂ ਹਨ। ਗੁਰੂ ਰਾਮਦਾਸ ਕਾਵਿ ਵਿਚ ਸੰਜੋਗ ਵਾਤਸਲਯ ਭੌਤਿਕ ਜੀਵਨ ਦੀ ਪ੍ਰਸਥਿਤੀਆਂ ਰਾਹੀਂ ਵਿਅਕਤ ਹੁੰਦਾ ਹੋਇਆ ਅਧਿਆਤਮਕ ਸੰਜੋਗ ਦਾ ਸੂਚਕ ਹੈ। ਗੁਰੂ ਰਾਮਦਾਸ ਕਾਵਿ ਵਿਚ ਵਾਤਸਲਯ ਰਸ ਦੀਆਂ ਉਦਾਹਰਣਾਂ ਵੇਖੋ:-

— ਰਾਮਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ॥2॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1191)

— ਗੁਰੂ ਨਾਨਕ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥4॥

(ਰਾਗ ਆਸਾ, ਆਦਿ ਗ੍ਰੰਥ, ਪੰ. 452)

— ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ ਜਿਉ ਬਾਲਕ ਪਿਤ ਮਾਤਾ ਰਾਮ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 541)

---

39. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਪੰ. 196.

40. ਆਸ਼ਾ ਸਿਰੋਮਣੀ, ਹਿੰਦੀ ਕਾਵਯ ਮੇਂ ਵਾਤਸਲਯ ਰਸ, (ਦਿੱਲੀ, 1970) ਪੰ. 5

41. ਉਹੀ ਪੰ. 6.

— ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ॥ 2॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1295)

— ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥ 3॥

(ਰਾਗ ਗਉੜੀ, ਆਦਿ ਗ੍ਰੰਥ, ਪੰ. 167)

**11. ਭਗਤੀ ਰਸ:**

ਮਨੁੱਖ ਦਾ ਭਗਵਾਨ ਪ੍ਰਤੀ ਜੋ ਪ੍ਰੇਮ ਹੈ ਉਥੇ ਭਗਤੀ ਰਸ ਮੰਨਦੇ ਹਨ। ਭਗਤੀ ਦੀ ਵਿਆਖਿਆ 'ਉਜਵਲ ਨੀਲਮਣਿ' ਆਦਿ ਗ੍ਰੰਥਾਂ ਵਿਚ ਮਿਲਦੀ ਹੈ। ਜਿਥੇ ਇਸ਼ਟਦੇਵ ਵਿਸ਼ਯਕ ਪ੍ਰੇਮ, ਵਿਭਾਵ ਆਦਿ ਨਾਲ ਪਰਿਪੁਸ਼ਟ ਹੋ ਜਾਂਦਾ ਹੈ, ਉਥੇ ਭਗਤੀ ਰਸ ਦਾ ਪ੍ਰਗਟਾਅ ਹੁੰਦਾ ਹੈ। ਭਗਤੀ ਵਿਚ ਇਹ ਰਸ, ਭਗਤੀ -ਰਸ, ਹਰਿ -ਰਸ, ਨਾਮ-ਰਸ ਅਤੇ ਕਥਾ-ਅੰਮ੍ਰਿਤ ਬਣ ਕੇ ਅਧਿਆਤਮ ਕਰਨ ਵਾਲਾ ਹੈ। ਜਿਸਦਾ ਇਕ ਵਾਰ ਪਾਣ ਕਰ ਲੈਣ ਦੇ ਬਾਦ ਫਿਰ ਉਸਦੀ ਖੁਮਾਰੀ ਨਹੀਂ ਉਤਰਦੀ। ਭਗਤੀ ਰਸ ਕੋਈ ਸੁਤੰਤਰ ਰਸ ਨਹੀਂ ਹੈ, ਬਲਕਿ ਇਸ ਦੇ ਅੰਤਰਭਾਵ, ਸ਼ਾਂਤ, ਸ਼ਿੰਗਾਰ, ਅਦਭੁਤ ਰਸਾਂ ਵਿਚ ਹੀ ਹੋ ਜਾਂਦਾ ਹੈ, ਅਜਿਹਾ ਮੰਨਕੇ ਹੀ ਕਈ ਆਚਾਰੀਆਂ ਨੇ ਇਸਦਾ ਵਿਰੋਧ ਕੀਤਾ ਹੈ। ਬ੍ਰਹਮ ਦੇ ਸਰੂਪ-ਬੋਧ ਦੀ ਦ੍ਰਿਸ਼ਟੀ ਵਿਚ ਦਰਸ਼ਨ ਅਤੇ ਕਾਵਿ ਵਿਚ ਜੋ ਅੰਤਰ ਹੈ, ਉਹੀ ਅੰਤਰ ਗਿਆਨ ਮਾਰਗ ਅਤੇ ਉਪਾਸ਼ਨਾ ਮਾਰਗ ਵਿਚ ਹੈ। ਗਿਆਨ ਮਾਰਗ ਦੁਆਰਾ ਬ੍ਰਹਮ ਦਾ ਤੱਤ ਚਿੰਤਨ ਕੀਤਾ ਜਾਂਦਾ ਹੈ। ਪਰ ਉਪਾਸ਼ਨਾ ਦੁਆਰਾ ਉਸਦਾ ਨੇੜ ਪ੍ਰਾਪਤ ਕਰਕੇ ਪ੍ਰੇਮ-ਪਾਤ੍ਰ ਬਣਿਆ ਜਾ ਸਕਦਾ ਹੈ। ਉਪਾਸ਼ਕ ਨੂੰ ਪ੍ਰੇਮ ਪਾਤ੍ਰਤਾ ਤਦੇ ਹੀ ਪ੍ਰਾਪਤ ਹੁੰਦੀ ਹੈ ਜਦ ਉਪਾਸ਼ਯ ਭਾਵਧਰਮੀ ਬਣ ਜਾਂਦਾ ਹੈ। ਇਸ ਪ੍ਰਕਾਰ ਭਗਵਾਨ ਨੂੰ ਸਹਜਧਰਮੀ ਬਣਾਉਣ ਵਾਲਾ ਸਭ ਤੋਂ ਸਹਜ ਮਾਰਗ, ਭਾਵ ਮਾਰਗ ਹੈ, ਭਗਤੀ ਮਾਰਗ ਹੈ।[42] ਭਗਤੀ ਸਿਧਾਂਤਾਂ ਦੇ ਅੰਤਰਗਤ ਭਗਤੀ ਦੇ ਭਿੰਨ ਤੱਤ ਨਿਰਧਾਰਤ ਕੀਤੇ ਗਏ ਹਨ—ਅਨੁਰਾਗ, ਪ੍ਰੇਮ ਅਤੇ ਭਗਤੀ। ਇਸ ਵਿਚ ਸੇਵਕ ਭਾਵ, ਸਖਾ ਭਾਵ ਅਤੇ ਸਨੇਹ ਭਾਵ ਦੀ ਪ੍ਰਧਾਨਤਾ ਰਹਿੰਦੀ ਹੈ। ਸਨੇਹ ਹੀ ਸੰਸਾਰ ਵਿਚ ਸਾਰੇ ਸੰਬੰਧਾਂ ਦਾ ਮੂਲ ਸ੍ਰੋਤ ਹੈ। ਭਗਤੀ ਉਪਾਸ਼ਯ ਅਤੇ ਉਪਾਸ਼ਕ ਦਾ ਭਾਵਾਤਮਕ ਸੰਬੰਧ ਹੈ। ਭਗਤ ਅਤੇ ਭਗਵਾਨ ਦੇ ਵਿਚ ਇਕ ਅਜਿਹਾ ਸੰਬੰਧ ਸੂਤਰ ਹੈ। ਗੁਰੂ ਰਾਮਦਾਸ ਜੀ ਦੀ ਭਗਤੀ-ਰਸ ਦੀ ਕਵਿਤਾ ਦੀਆਂ ਉਦਾਹਰਣਾਂ ਅਸੀਂ ਉਨ੍ਹਾਂ ਦੇ ਕਾਵਿ ਦਾ ਰਸਵਾਦੀ ਵਿਵੇਚਨ ਕਰਦਿਆਂ ਹ ਹੋਇਆਂ ਪਹਿਲਾਂ ਦੇ ਚੁਕੇ ਹਾਂ। ਇਥੇ ਕੁਝ ਹੋਰ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ।

---

42. ਰਾਮ ਸਵਾਰਥ ਚੌਧਰੀ ਅਭਿਨਵ (ਡਾ.), ਮਧੁਰ ਰਸ ਸਰੂਪ ਔਰ ਵਿਕਾਸ, ਪੰ. 6.

— ਹਰਿਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

— ਰਾਮਾ ਨਾਮ ਸਚੁ ਹੈ ਰਾਮਨਾਮਾ ਰਸੁ ਗੁਰਮਤਿ ਰਸੁ ਰਸਕੇ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

— ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸਿ ਧਾਰੀ॥
ਨਾਨਕ ਹਰਿ ਬਿਨ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ॥੪॥੧॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)

— ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ॥੧॥

(ਰਾਗ ਮਾਰੂ, ਆਦਿ ਗ੍ਰੰਥ, ਪੰ. 997)

ਮੁਖ ਰੂਪ ਵਿਚ ਸ਼ਿੰਗਾਰ ਰਸ, ਸ਼ਾਂਤ ਰਸ ਅਤੇ ਵਾਤਸਲਯ ਰਸ ਰਾਹੀਂ ਭਗਤੀ ਰਸ ਦੀ ਨਿਸ਼ਪਤੀ ਹੀ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਰਹੱਸਾਤਮਕ ਸੱਤਾ ਦੇ ਪ੍ਰਤਖ ਅਨੁਭਵ ਨੂੰ ਸ਼ਬਦ ਰੂਪ ਰਾਹੀਂ ਕਵਿਤਾ ਵਿਚ ਕਿਹਾ ਗਿਆ ਹੈ। ਇਹ ਸ਼ਬਦ-ਰੂਪ ਹੀ ਪਰਮਾਤਮਾ ਦਾ ਨਾਮ-ਰੂਪ ਹੈ ਜੋ ਅਕਥ ਅਤੇ ਅਗਮ ਹੈ। ਇਹ ਕਵਿਤਾ ਕਾਵਿ-ਸ਼ਾਸਤਰ ਦੀ ਕੈਦ ਤੋਂ ਮੁਕਤ ਹੈ, ਪਰ ਜਿਵੇਂ ਕਿ ਅਸੀਂ ਆਰੰਭ ਵਿਚ ਜ਼ਿਕਰ ਕੀਤਾ ਸੀ ਕਿ ਇਕ ਅਖੰਡ ਤੱਤ੍ਵ ਦੇ ਅਲੱਗ ਅਲੱਗ ਪੱਧਰ ਦੇ ਆਨੰਦ ਖੇਤਰ ਹੁੰਦਿਆਂ ਹੋਇਆਂ ਇਨ੍ਹਾਂ ਵਿਚ ਮਨੁੱਖੀ ਵਿਆਪਾਰਾਂ ਦੀ ਅਭਿਵਿਅਕਤੀ ਵੀ ਲੱਭੀ ਜਾ ਸਕਦੀ ਹੈ। ਉਹ ਅਖੰਡ ਤੱਤਵ ਅਨਿਰਵਚਨੀਯ ਹੈ ਜਿਸ ਤਕ ਕਿਸੇ ਵਿਰਲੇ ਦੀ ਪਹੁੰਚ ਹੀ ਹੁੰਦੀ ਹੈ। ਗੁਰੂ ਰਾਮਦਾਸ -ਕਾਵਿ ਦਾ ਰਸਵਾਦੀ ਅਧਿਐਨ ਕਰਦਿਆਂ ਇਕ ਗੱਲ ਜੋ ਪ੍ਰਮੁਖ ਰੂਪ ਵਿਚ ਉਭਰਦੀ ਹੈ ਕਿ ਜਿਥੇ ਉਹਨਾਂ ਦੇ ਕਾਵਿ ਦੀ ਭਾਸ਼ਾ, ਅਲੰਕਾਰ ਆਦਿ ਕਾਵਿ ਦੇ ਸੁਹਜ ਵਿਚ ਵ੍ਰਿਧੀ ਕਰਦੇ ਹਨ, ਉਥੇ ਇਨ੍ਹਾਂ ਦੇ ਕਾਵਿ ਵਿਚ ਪ੍ਰਭੂ-ਪ੍ਰੇਮ ਲਈ ਤੀਬਰ ਭਾਵਾਂ ਤੋਂ ਪੈਦਾ ਹੋਇਆ ਸ਼ਿੰਗਾਰ ਰਸ, ਕਾਵਿ ਦੇ ਸੌਂਦਰਯ ਨੂੰ ਹੋਰ ਵੀ ਕਈ ਗੁਣਾਂ ਵਧਾਉਂਦਾ ਹੈ। ਇਹ ਕਾਵਿ ਇੰਦ੍ਰਿਆਵੀ ਪੱਖ ਤੋਂ ਜੇ ਸੁਹਜ ਸੁਆਦ ਭਰਪੂਰ ਹੈ ਤਾਂ ਮਨ ਅੰਦਰ ਦੀਆਂ ਭਟਕਣਾਵਾਂ ਨੂੰ ਮਿਟਾ ਕੇ ਮਨੁੱਖ ਦੇ ਅੰਦਰ ਚੰਗਿਆਈ ਅਤੇ ਨੇਕੀ ਦੇ ਸ੍ਰੋਤ ਵੀ ਜਗਾਂਦਾ ਹੈ।

## ਅਧਿਆਇ VXXI

## ਬਿੰਬ-ਵਿਧਾਨ ਅਤੇ ਪ੍ਰਤੀਕ - ਯੋਜਨਾ

### 1. ਬਿੰਬ ਵਿਧਾਨ

ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਬਿੰਬ ਅਤੇ ਅਲੰਕਾਰ ਦਾ ਨਜ਼ਦੀਕੀ ਸੰਬੰਧ ਹੈ। ਅਲੰਕਾਰ ਵਿਧਾਨ ਅਤੇ ਬਿੰਬ-ਵਿਧਾਨ ਦੋਵੇਂ ਅਨੁਭੂਤੀ ਵਾਚਕ ਹੋਣ ਕਰਕੇ ਕਿਸੇ ਹਦ ਤਕ ਸਮਾਨਾਰਥੀ ਵੀ ਬਣ ਜਾਂਦੇ ਹਨ। ਅਲੰਕਾਰ ਦੀ ਪਰਿਧੀ ਵਧੇਰੇ ਵਿਆਪਕ ਹੈ ਅਤੇ ਬਿੰਬ ਇਸ ਪਰਿਧੀ ਵਿਚ ਹੀ ਸਮਾ ਜਾਂਦਾ ਹੈ। ਅਲੰਕਾਰ ਦਾ ਮੂਲ ਸ਼ਬਦ-ਅਰਥ ਹੈ ਅਤੇ ਬਿੰਬ ਦਾ ਮਨੁੱਖੀ ਭਾਵ। ਬਿੰਬ ਸ਼ਬਦਾਰਥ ਦੀ ਸਾਰਥਕਤਾ ਨੂੰ ਰੂਪਮਾਨ ਕਰਦਾ ਹੈ, ਜੋ ਅਲੰਕਾਰ ਦੀ ਜਿੰਦ ਜਾਨ ਹੈ।[1] ਅਲੰਕਾਰ-ਵਿਧਾਨ ਜਿਥੇ ਇਕ ਨਿਸ਼ਚਿਤ ਪ੍ਰਣਾਲੀ ਮੰਨੀ ਜਾਂਦੀ ਹੈ ਉਥੇ ਬਿੰਬ ਨੂੰ ਸਮੁੱਚੇ ਕਾਵਿ ਦਾ ਇਕ ਆਵਸ਼ਕ ਤੱਤ੍ਹ ਸਮਝਿਆ ਜਾਂਦਾ ਹੈ, ਕਿਉਂਕਿ ਜਦ ਸਾਧਾਰਣ ਭਾਸ਼ਾ ਕਾਵਿ ਦੇ ਭਾਵ ਨੂੰ ਪ੍ਰਸਤੁਤ ਕਰਨ ਵਿਚ ਅਸਮਰਥ ਰਹਿੰਦੀ ਹੈ ਤਾਂ ਕਵੀ ਨੂੰ ਬਿੰਬਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ।[2]

ਪਿਛਲੇ ਅਧਿਆਇ ਵਿਚ ਅਸੀਂ ਗੁਰੂ ਰਾਮਦਾਸ ਜੀ ਦੀ ਕਵਿਤਾ ਦੇ ਅਲੰਕਾਰ-ਵਿਧਾਨ ਦਾ ਅਧਿਐਨ ਕਰ ਚੁਕੇ ਹਾਂ। ਉਨ੍ਹਾਂ ਦੇ ਕਾਵਿ ਦੇ ਬਿੰਬ-ਵਿਧਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਬਿੰਬ ਬਾਰੇ ਜਾਣ ਲੈਣਾ ਉਪਯੁਕਤ ਹੋਵੇਗਾ।

#### (੧)(ੳ) ਮਨੋਵਿਗਿਆਨਕ ਦ੍ਰਿਸ਼ਟੀ ਅਤੇ ਬਿੰਬ:

ਗਿਆਨ ਇੰਦਰਿਆਂ ਰਾਹੀਂ ਪ੍ਰਾਪਤ ਕੀਤੀ ਬਾਹਰੀ ਜਗਤ ਦੀ ਅਨੁਭੂਤੀ ਤੋਂ ਮਨੁੱਖ ਦੇ ਅਚੇਤ ਮਨ ਉਤੇ ਉਸ ਸੰਬੰਧੀ ਕਈ ਪ੍ਰਭਾਵ ਅੰਕਿਤ ਹੋ ਜਾਂਦੇ ਹਨ। ਉਹ ਜਦ ਬਾਹਰੀ ਜਗਤ ਦੇ ਪਦਾਰਥਾਂ ਦੀ ਅਣਹੋਂਦ ਵਿਚ ਉਨ੍ਹਾਂ ਦਾ ਧਿਆਨ ਕਰਦਾ ਹੈ ਤਾਂ ਉਸ ਸਮੇਂ ਉਹ ਮੂਰਤ ਰੂਪ, ਵਿਚ, ਉਸਦੇ ਧਿਆਨ ਦੇ ਕੇਂਦਰ ਵਿਚ ਅਚੇਤ ਅਵਸਥਾ ਤੋਂ ਚੇਤੰਨ ਪੱਧਰ ਉਤੇ ਆ ਖਲੋਂਦੇ ਹਨ। ਹਰ ਭਾਵ ਜਾਂ ਵਿਚਾਰ ਦੀ ਮਨੁੱਖੀ ਮਨ ਵਿਚ ਨਿਰੂਪਤਾ ਮਾਨਸਿਕ ਚਿਤਰ ਦੇ ਰੂਪ ਵਿਚ ਹੀ ਹੁੰਦੀ ਹੈ। ਮਨੁੱਖੀ ਮਨ ਵਿਚ ਅਤੀਤ ਦੀਆਂ ਕਈ ਵਸਤੂਆਂ ਅਤੇ ਘਟਨਾਵਾਂ ਦੀਆਂ ਪ੍ਰਤਿਮਾਵਾਂ ਰਹਿੰਦੀਆਂ ਹਨ। ਬਿੰਬ ਸ਼ਬਦ ਇਸੇ ਮਾਨਸ ਪ੍ਰਤਿਮਾ ਦਾ ਪ੍ਰਯਾਇ ਹੈ।[3] ਮਨੁੱਖੀ ਮਨ ਕਦੇ ਵੀ ਸ਼ੂਨਯ ਨਹੀਂ ਹੋ ਸਕਦਾ, ਉਥੇ ਬਿੰਬ ਨਿਰਮਾਣ ਕ੍ਰਿਆ ਨਿਰੰਤਰ ਜਾਰੀ ਰਹਿੰਦੀ ਹੈ। ਫਰਾਇਡ ਨੇ ਮਨ ਦੀਆਂ ਤਿੰਨ ਅਵਸਥਾਵਾਂ, ਚੇਤਨ, ਉਪਚੇਤਨ ਅਤੇ ਅਵਚੇਤਨ ਵਿਚੋਂ, ਅਵਚੇਤਨ ਨੂੰ ਕਲਪਨਾ ਦਾ ਉਦਗਮ ਸ੍ਰੋਤ ਮੰਨਿਆ ਹੈ। ਇਥੋਂ ਹੀ ਬਿੰਬ ਦੀ ਸਿਰਜਨਾ ਹੁੰਦੀ ਹੈ।

---

1. ਮਹਿੰਦਰ ਕੌਰ ਗਿਲ,(ਡਾ.), ਗੁਰੂ ਅਰਜਨ ਦੇਵ-ਜੀਵਨ ਤੇ ਬਾਣੀ,(ਦਿੱਲੀ,1975),ਪੰ.320.
2. ਦਲੀਪ ਸਿੰਘ ਦੀਪ(ਡਾ.), ਕਾਵਿ ਬਿੰਬ, (ਚੰਡੀਗੜ੍ਹ,1976),ਪੰ.9
3. ਹਿੰਦੀ ਸਾਹਿਤ ਕੋਸ਼, (ਵਾਰਾਣਸੀ,ਸੰਮਤ 2020),ਭਾਗ ਪਹਿਲਾ,ਪੰ.558.
4. ਦਲੀਪ ਸਿੰਘ ਦੀਪ(ਡਾ.), ਉਹੀ ਰਚਨਾ,ਪੰ. 4.

ਯਥਾਰਥ ਦੇ ਬਿੰਬ ਜਾਂ ਪ੍ਰਤਿਮਾਵਾਂ ਇਕ ਕਿਸਮ ਦੀਆਂ ਚੇਤੰਨ ਯਾਦਾਂ ਹਨ। ਇੰਦ੍ਰਿਆਵੀ ਬੋਧ ਦਾ ਪੁਨਰ-ਨਿਰਮਾਣ, ਸੰਪੂਰਣ ਜਾਂ ਖੰਡਿਤ ਰੂਪ ਵਿਚ, ਅਸਲੀ ਵਸਤੂ ਦੀ ਅਣਹੋਂਦ ਵਿਚ ਕੀਤਾ ਜਾਂਦਾ ਹੈ।[5] ਸੋ ਮਨ ਦੀ ਅੱਖ ਦੇ ਦੇਖਣ ਅਤੇ ਗ੍ਰਹਿਣ ਕਰਨ ਦੇ ਆਧਾਰ ਤੇ ਬਿੰਬ ਦੀ ਮਨੋਵਿਗਿਆਨਕ ਵਰਤੋਂ ਸ਼ੁਧ ਮਾਨਸਿਕ ਵਿਚਾਰ ਦੇ ਰੂਪ ਵਿਚ ਹੁੰਦੀ ਹੈ।

## (ਅ) ਬਿੰਬ ਤੇ ਕਲਪਨਾ:

ਮਨੁੱਖ ਦੇ ਜੀਵਨ ਵਿਚ ਕਲਪਨਾ ਦਾ ਬਹੁਤ ਮਹੱਤਵ ਹੈ। ਬਿੰਬ ਦਾ ਨਿਰਮਾਣ ਕਲਪਨਾ ਦੁਆਰਾ ਹੀ ਹੁੰਦਾ ਹੈ। ਕਲਪਨਾ ਸਾਡੀਆਂ ਨਿਸ਼ਕ੍ਰਿਯ ਸੁੱਤੀਆਂ ਯਾਦਾਂ ਨੂੰ ਜਗਾ ਕੇ ਮੂਰਤੀਮਾਨ ਕਰਦੀ ਹੈ।[6] ਮਨ ਦੀ ਕੋਈ ਵੀ ਅਜਿਹੀ ਕ੍ਰਿਆ ਨਹੀਂ ਜਿਸਦਾ ਸੰਬੰਧ ਯਾਦ ਨਾਲ ਨਾ ਹੋਵੇ। ਯਾਦ ਉਪਚੇਤਨ ਮਨ ਦਾ ਉਹ ਬਿੰਬ ਕੋਸ਼ ਹੈ, ਜਿਥੋਂ ਕਲਪਨਾ ਨੂੰ ਨਵੀਆਂ ਰਚਨਾਵਾਂ ਲਈ ਕੱਚਾ ਮਾਲ ਮਿਲਦਾ ਰਹਿੰਦਾ ਹੈ।[7] ਯਾਦ ਤੋਂ ਸੱਖਣੇ ਮਨ ਵਿਚ ਕਲਪਨਾ ਦੀ ਉਤਪਤੀ ਨਹੀਂ ਹੋ ਸਕਦੀ।[8] ਮਨੁੱਖੀ ਅਨੁਭਵ ਦੇ ਪ੍ਰਭਾਵਾਂ, ਦੇ ਚੇਤੰਨ ਪੱਧਰ ਤੇ ਆਉਣ ਦੀ ਕ੍ਰਿਆ ਹੀ ਯਾਦ ਕਹਿਲਾਂਦੀ ਹੈ।

ਲਿਵਿੰਗਸਟੋਨ ਨੇ ਬਿੰਬ ਦੀ ਸਿਰਜਨਾ ਲਈ ਤਿੰਨ ਸ਼ਕਤੀਆਂ ਦੇ ਸਹਿਯੋਗ ਨੂੰ ਜ਼ਰੂਰੀ ਮੰਨਿਆ ਹੈ:-

1. ਯਾਦਾਂ ਦਾ ਸਮੂਹ
2. ਅਲੌਕਿਕ ਰੀਝ
3. ਪ੍ਰੇਰਕ ਇੱਛਾ।

ਅਲੌਕਿਕ ਰੀਝ ਤੋਂ ਬਿਨਾ ਯਾਦਾਂ ਦਾ ਸਮੂਹ ਆਕਾਰਹੀਨ ਧੁੰਦੂਕਾਰਾ ਬਣਕੇ ਰਹਿ ਜਾਂਦਾ ਹੈ। ਇਸੇ ਤਰ੍ਹਾਂ [illegible] ਇੱਛਾ (ਜੋ ਅਲੌਕਿਕ ਰੀਝ ਦੀ ਆਗਿਆਕਾਰ ਬਣ ਜਾਂਦੀ ਹੈ) ਦੇ ਸਹਿਯੋਗ ਤੋਂ ਬਿਨਾਂ ਬਿੰਬ ਦੀ ਸਿਰਜਨਾ ਨਹੀਂ ਹੋ ਸਕਦੀ।[9] ਉਹ ਇਸ ਲਈ, ਕਿਉਂਕਿ ਜਦ ਅਸੀਂ ਕਲਪਨਾ ਕਰਦੇ ਹਾਂ ਤਾਂ ਉਸਦਾ ਸਰੂਪ ਲਾਜ਼ਮੀ ਤੌਰ ਤੇ ਸਾਡੀ ਇੱਛਾ ਦੇ ਅਨੁਰੂਪ ਹੀ ਹੁੰਦਾ ਹੈ।[10]

ਜਾਰਜ ਵੱਲੀ ਅਨੁਸਾਰ ਯਾਦਾਂ ਦਾ ਸੰਬੰਧ ਮਨੁੱਖੀ ਭਾਵਾਂ ਨਾਲ ਹੈ। ਪਰ ਸਾਧਾਰਨ ਭਾਵ ਅਤੇ ਮਹਾਨ ਭਾਵਾਂ ਵਿਚ ਨਿਸਚੇ ਹੀ ਅੰਤਰ ਹੈ। ਇਸ ਲਈ ਸਾਧਾਰਣ ਬਿੰਬ ਅਤੇ ਕਾਵਿ ਬਿੰਬ ਵਿਚਲਾ

---

5. Encyclopaedia Britanica, (London,1959), Vol.XII,p. 103.
6. ਦਲੀਪ ਸਿੰਘ ਦੀਪ (ਡਾ.), ਕਾਵਿ-ਬਿੰਬ, ਪੰ. 52.
7. ਕੇਦਾਰਨਾਥ ਸਿੰਘ (ਡਾ.), ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ,(ਦਿੱਲੀ, 1971),ਪੰ.23
8. ਦਲੀਪ ਸਿੰਘ ਦੀਪ, ਉਹੀ ਸਥਾਨ।
9. ਵੇਖੋ: ਬਲਬੀਰ ਸਿੰਘ ਦਿਲ(ਡਾ.), ਅਮਰ ਕਵੀ ਅਮਰਦਾਸ, ਪੀ.ਐਚ.ਡੀ.ਥੀਸਿਸ, ਚੰਡੀਗੜ੍ਹ, 1968, ਪੰਜਾਬ ਯੂਨੀਵਰਸਿਟੀ, ਪੰ. 249.
10. ਕੇਦਾਰਨਾਥ ਸਿੰਘ ਡਾ. [illegible]ਹੀ ਰਚਨਾ ਪੰ. 162.

ਅੰਤਰ ਸਾਧਾਰਣ ਭਾਵ ਅਤੇ ਮਹਾਨ ਭਾਵ ਵਾਲਾ ਅੰਤਰ ਹੈ। ਸੋ ਬਿੰਬ ਰਚਨਾ ਦੀ ਖੇਡ ਇਕ ਵਿਚਿਤਰ ਲੀਲ੍ਹਾ ਹੈ।[11]

(ੲ) ਕਵੀ ਤੇ ਕਲਪਨਾ:

ਕਵੀ ਜਾਗ੍ਰਿਤ ਰੂਪ ਵਿਚ ਜੋ ਕੁਝ ਦੇਖਦਾ ਅਤੇ ਅਨੁਭਵ ਕਰਦਾ ਹੈ, ਉਹ ਉਸਦੀ ਯਾਦ ਭੰਡਾਰ ਵਿਚ ਚਲਾ ਜਾਂਦਾ ਹੈ; ਫਿਰ ਭਾਵ ਜਾਂ ਵਿਚਾਰ ਦੇ ਆਵੇਸ਼ ਨਾਲ ਕਲਪਨਾ ਦੁਆਰਾ ਉਦੇ ਹੋ ਕੇ ਬਿੰਬ ਦਾ ਰੂਪ ਧਾਰਣ ਕਰਦਾ ਹੈ।[12] ਇਸ ਤਰ੍ਹਾਂ ਬਿੰਬ ਤੇ ਕਲਪਨਾ ਦਾ ਨੇੜੇ ਦਾ ਸੰਬੰਧ ਹੈ ਅਤੇ ਬਿੰਬ ਦੀ ਸਿਰਜਨਾ ਦਾ ਨਿਰਭਰ ਕਲਪਨਾ ਤੇ ਹੀ ਹੈ।

ਆਪਣੇ ਵਿਆਪਕ ਰੂਪ ਵਿਚ ਕਲਪਨਾ ਕੇਵਲ ਕਲਾਕਾਰ ਦੀ ਹੀ ਨਹੀਂ, ਉਹ ਮਨੁੱਖ ਮਾਤਰ ਦੀ ਸਹਿਜ ਪ੍ਰਵਿਰਤੀ ਹੈ। ਮਨੁੱਖ ਸੁਭਾਅ ਤੋਂ ਕਲਪਨਾਸ਼ੀਲ ਪ੍ਰਾਣੀ ਹੈ, ਪਰ ਆਮ ਮਨੁੱਖ ਦੀ ਕਲਪਨਾ ਵਿਚ ਸਿਰਜਨਾਤਮਕ ਸ਼ਕਤੀ ਨਹੀਂ ਹੁੰਦੀ ਅਤੇ ਨਾ ਹੀ ਉਸ ਪਾਸ ਕਲਾਕਾਰ ਜਾਂ ਸਾਹਿਤਕਾਰ ਵਾਲੀ ਪ੍ਰੇਰਣਾ ਹੁੰਦੀ ਹੈ।[13] ਕਿਸੇ ਕਵੀ ਦੀ ਜਿੰਨੀ ਉਚੇਰੀ ਅਤੇ ਸੂਖਮ ਕਲਪਨਾ ਹੋਵੇਗੀ ਉਨਾ ਹੀ ਉਹ ਅਧਿਕ ਸ਼ਕਤੀਸ਼ਾਲੀ ਬਿੰਬਾਂ ਦਾ ਨਿਰਮਾਣ ਕਰ ਸਕੇਗਾ।[14] ਇਸ ਤਰ੍ਹਾਂ ਕਵੀ ਮੂਰਤ ਬਿੰਬਾਂ ਅਰਥਾਤ ਰੂਪਾਂ ਦੀ ਸ੍ਰਿਸ਼ਟੀ ਵਿਚ ਸਮਰੱਥ ਹੋ ਜਾਂਦਾ ਹੈ। ਕਲਪਨਾ ਕਵੀ ਜਾਂ ਕਲਾਕਾਰ ਦੀ ਐਸੀ ਸੂਖਮ ਦ੍ਰਿਸ਼ਟੀ ਹੈ, ਜੋ ਕਾਵਿ ਦੇ ਭਾਵ ਉਦ੍ਰੇਕ ਵਿਚ ਸਹਾਇਕ ਹੋ ਕੇ, ਨਵੀਨ ਸ੍ਰਿਸ਼ਟੀ ਕਰਨ ਦੇ ਨਾਲ ਨਾਲ, ਸਰਵਭੂਮਿਕ ਸੱਚ ਤੇ ਸੌਂਦਰਯ ਦਾ ਸਮਾਵੇਸ਼ ਕਰਦੀ ਹੈ।[15] ਅਰਥਾਤ ਬਿੰਬ-ਵਿਧਾਇਕੀ ਸ਼ਕਤੀ ਹੀ ਕਲਪਨਾ ਹੈ। ਕਵੀ ਆਪਣੇ ਸੌਂਦਰਯ ਬੋਧ ਨੂੰ ਕਲਪਨਾ ਦੇ ਸਹਾਰੇ ਬਿੰਬਾਂ ਦੇ ਆਕਾਰ ਵਿਚ ਢਾਲ ਦਿੰਦਾ ਹੈ।[16] ਆਈ. ਏ. ਰਿਚਰਡ ਅਨੁਸਾਰ ਕਲਪਨਾ ਮਨੁਖ ਦੇ ਮਨ ਦੀਆਂ ਅਵਸਥਾਵਾਂ ਦਾ ਪੁਨਰ ਸਿਰਜਨ ਕਰਦੀ ਹੈ। ਕੋਈ ਕਵੀ ਕਿਸੇ ਵੀ ਵਸਤ ਵਿਚੋਂ ਬਿੰਬ ਪੈਦਾ ਕਰ ਸਕਦਾ ਹੈ, ਜੇ ਉਸਦੀ ਸੰਵੇਦਨਾ ਵਿਚ ਕਲਪਨਾ

---

11. ਵੇਖੋ, ਬਲਬੀਰ ਸਿੰਘ ਦਿਲ (ਡਾ.), ਅਮਰ ਕਵੀ ਅਮਰਦਾਸ, ਪੀ.ਐਚ.ਡੀ.ਥੀਸਿਸ, ਚੰਡੀਗੜ੍ਹ, 1968, ਪੰਜਾਬ ਯੂਨੀਵਰਸਿਟੀ, ਪੰ. 249.
12. ਦਲੀਪ ਸਿੰਘ ਦੀਪ(ਡਾ.), ਕਾਵਿ ਬਿੰਬ, ਪੰ. 52.
13. ਉਹੀ, ਪੰ. 53.
14. ਪੀ.ਆਦੇਸ਼ਵਰ ਰਾਵ (ਡਾ.), ਕਾਵਯ ਬਿੰਬ ਸੰਵੇਦਨਾ ਔਰ ਸੰਰਚਨਾ, (ਇਲਾਹਾਬਾਦ, 1978), ਪੰ.7
15. ਉਹੀ, ਪੰ. 13
16. ਉਹੀ, ਪੰ. 7.
17. ਵੇਖੋ, ਦਲੀਪ ਸਿੰਘ ਦੀਪ (ਡਾ.), ਉਹੀ ਰਚਨਾ, ਪੰ.53.

ਦੀ ਮਾਤਰਾ ਅਧਿਕ ਹੋਵੇ।[18] ਕਵੀ ਦੀ ਕਲਪਨਾ ਸ਼ਕਤੀ ਜਿੰਨੀ ਸੂਖਮ ਅਤੇ ਸੁਭਾਵਕ ਹੋਵੇਗੀ, ਉਸਦਾ ਬਿੰਬ ਵਿਧਾਨ ਵੀ ਉਨਾਂ ਹੀ ਪ੍ਰਭਾਵ ਪੈਦਾ ਕਰਨ ਵਾਲਾ ਹੋਵੇਗਾ।[19]

## (ਸ) ਕਾਵਿਆਤਮਕ ਦ੍ਰਿਸ਼ਟੀ ਅਤੇ ਬਿੰਬ:

ਕਵੀ ਬਿੰਬਾਂ ਰਾਹੀਂ ਆਪਣੀਆਂ ਅਨੁਭੂਤੀਆਂ ਨੂੰ ਰਸਿਕ ਪਾਠਕ ਤੀਕ ਪਹੁੰਚਾਉਣਾ ਚਾਹੁੰਦਾ ਹੈ। ਉਹ ਆਪਣੇ ਅਮੂਰਤ ਭਾਵਾਂ ਨੂੰ ਮੂਰਤੀਮਾਨ ਕਰਨਾ ਚਾਹੁੰਦਾ ਹੈ ਅਤੇ ਆਪਣੇ ਪ੍ਰਗਟਾਅ ਢੰਗ ਨੂੰ ਇਨ੍ਹਾਂ ਸਜੀਵ ਤੇ ਪੂਰਣ ਬਣਾਉਣਾ ਚਾਹੁੰਦਾ ਹੈ ਕਿ ਜਿਸ ਤੋਂ ਪਾਠਕ ਦਾ ਹਿਰਦਾ ਵੀ ਉਸਦੇ ਸਮਾਨ ਭਾਵ-ਪੂਰਨ ਬਣ ਸਕੇ।[20] ਅਸਲ ਵਿਚ ਭਾਵ ਤੋਂ ਬਿਨਾ ਬਿੰਬ-ਸਿਰਜਨਾ ਹੋ ਹੀ ਨਹੀਂ ਸਕਦੀ। ਬਿੰਬ ਭਾਵ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਵਿਅਕਤ ਕਰਦਾ ਹੈ।[21] ਕਾਵਿ ਬਿੰਬ ਦਾ ਪ੍ਰੇਰਕ ਤੱਤ੍ਵ ਹੈ ਹੀ ਭਾਵ। ਭਾਵ ਦੇ ਸਪਰਸ਼ ਤੋਂ ਬਿਨਾਂ ਕਾਵਿ-ਬਿੰਬ ਦਾ ਅਸਤਿਤਵ ਨਹੀਂ ਹੈ।[22] ਭਾਵ ਪ੍ਰੇਰਤ ਹੋ ਕੇ ਕਵੀ ਬਿੰਬਾਂ ਦਾ ਨਿਰਮਾਣ ਕਰਦਾ ਹੈ ਅਤੇ ਅਜਿਹੇ ਬਿੰਬ ਪਾਠਕਾਂ ਦੇ ਭਾਵਾਂ ਨੂੰ ਟੁੰਬਦੇ ਹਨ। ਅੰਤਰਮੁਖੀ ਭਾਵਾਂ ਦਾ ਨਿਰੂਪਣ ਹੀ ਬਿੰਬ ਦੀ ਵੱਡੀ ਵਿਸ਼ੇਸ਼ਤਾ ਹੈ ਅਤੇ ਇਹ ਹੀ ਬਿੰਬ ਨੂੰ ਸਜੀਵ ਬਣਾਉਂਦੇ ਹਨ। ਭਾਵਾਂ ਤੇ ਵਿਚਾਰਾਂ ਦਾ ਜਿਤਨਾ ਸਫਲ ਅਤੇ ਸਹਜ ਪ੍ਰਕਾਸ਼ਨ ਬਿੰਬਾਂ ਦੁਆਰਾ ਹੋ ਸਕਦਾ ਹੈ, ਉਤਨਾ ਹੋਰ ਕਿਸੇ ਸਾਹਿਤਕ ਵਿਧੀ ਨਾਲ ਨਹੀਂ। ਬਿੰਬ ਵਿਧਾਨ ਰਾਹੀਂ ਕਵੀ ਭਾਵਾਂ ਵਿਚ ਤੀਬਰਤਾ, ਅਭਿਵਿਅਕਤੀ ਵਿਚ ਕਾਵਿਕ ਕਲਾਤਮਿਕਤਾ ਅਤੇ ਸੰਵੇਦਨਸ਼ੀਲਤਾ ਲਿਆਉਂਦਾ ਹੈ। ਅਸਲ ਵਿਚ ਬਿੰਬ - ਵਿਧਾਨ ਹੀ ਕਾਵਿਕਲਾ ਦਾ ਮੂਰਤ ਪੱਖ ਉਜਾਗਰ ਕਰਦਾ ਹੈ।[23] ਇਹ ਮੂਰਤ ਪੱਖ ਹੀ ਕਾਵਿ ਦਾ ਕ੍ਰਿਆ ਪੱਖ ਹੈ। ਸੋ ਬਿੰਬ ਰਚਨਾ ਦਾ ਸੰਬੰਧ ਵਾਣੀ ਦੁਆਰਾ ਮੂਰਤਨ ਦੀ ਕ੍ਰਿਆ ਨਾਲ ਹੈ।[24] ਕਵੀ ਦੇ ਅਨੁਭਵ ਵਿਚ ਬਿੰਬ ਵਖਰੇ ਰੂਪ ਵਿਚ ਨਹੀਂ, ਸਗੋਂ ਕਾਵਿ ਅਨੁਭਵ ਤੇ ਬਿੰਬ ਇਕ-ਰੂਪ ਹੁੰਦੇ ਹਨ; ਉਸ ਤੋਂ ਅਲੱਗ ਉਸਦੀ ਕੋਈ ਹੋਂਦ ਨਹੀਂ ਹੁੰਦੀ। ਲਿਊਸ ਦੇ ਕਥਨ ਅਨੁਸਾਰ ਬਿੰਬ ਕਾਵਿ ਅਨੁਭਵ ਦਾ ਉਭਾਰ ਨਹੀਂ ਸਗੋਂ

---

18. C.Day Lewis, The Poetic Image (London, 1958), p.90.
19. ਆਸ਼ਾ ਨੰਦ ਵੋਹਰਾ (ਡਾ.), ਕਾਵਿ-ਸਿਰਜਨ-ਪ੍ਰਕ੍ਰਿਆ (ਅੰਬਾਲਾਕੈਂਟ, ਮਿਤੀਹੀਨ), ਪੰ.198.
20. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਕਾਵਿ ਕਲਾ, (ਨਵੀਂ ਦਿੱਲੀ, ਮਿਤੀਹੀਨ), ਪੰ.88.
21. ਕੁਲਦੀਪ ਸਿੰਘ ਧੀਰ (ਡਾ.), ਕਾਵਿ-ਬਿੰਬ, ਪੰ. 25
22. ਨਗੇਂਦਰ (ਡਾ.), ਕਾਵਯ ਬਿੰਬ, (ਦਿੱਲੀ, 1967), ਪੰ. 6.
23. ਆਸ਼ਾ ਨੰਦ ਵੋਹਰਾ (ਡਾ.), ਉਹੀ ਰਚਨਾ, ਪੰ. 197.
24. ਨਗੇਂਦ੍ਰ (ਡਾ.), ਬਿੰਬ ਰਚਨਾ ਪ੍ਰਕ੍ਰਿਆ, ਕਾਵਿ ਰਚਨਾ ਪ੍ਰਕ੍ਰਿਆ, ਸੰਪਾ: ਡਾ ਕੁਮਾਰ ਵਿਮਲ, (ਪਟਨਾ, 1974), ਪੰ. 14.

ਉਸਨੂੰ ਜਨਮ ਦੇਣ ਵਾਲੀ ਅਨਿਖੜ ਕੁੱਖ ਹੈ।[25] ਬਿੰਬ ਰਚਣਾ ਹੀ ਵਾਸਤਵ ਵਿਚ ਕਵੀ ਕਰਮ ਹੈ ਅਤੇ ਉਹੀ ਕਲਾ ਹੈ।[26]

(ਬ) ਕਾਵਿ ਬਿੰਬ:

ਕਾਵਿ ਬਿੰਬ ਸ਼ਬਦਾਂ ਦਾ ਅਜਿਹਾ ਚਿੱਤਰ ਹੈ, ਜਿਸ ਵਿਚ ਸਰੀਰਕ ਗੁਣਾਂ ਦੀ ਛੂਹ ਹੁੰਦੀ ਹੈ।[27] ਕਵਿਤਾ ਵਿਚ ਬਿੰਬ ਦੇ ਮਹੱਤਵ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਪਰ ਬਿੰਬ ਦਾ ਪ੍ਰਯੋਗ ਉਦੋਂ ਤਕ ਉਚਿਤ ਹੈ, ਜਦੋਂ ਤਕ ਉਹ ਮਨੁੱਖੀ ਭਾਵਾਂ ਨੂੰ ਚਿਤ੍ਰਣ ਕੇ ਕਵਿਤਾ ਵਿਚਲੇ ਸੱਚ ਨੂੰ ਵਧੇਰੇ ਸ਼ਕਤੀਵਰ ਬਣਾਵੇ। ਡਾ. ਪ੍ਰੇਮ ਪ੍ਰਕਾਸ਼ ਸਿੰਘ[28] ਕਾਵਿ-ਬਿੰਬ ਦੇ ਨਿਮਨਲਿਖਤ ਤੱਤ ਮੰਨਦੇ ਹਨ:-

(1) ਇੰਦ੍ਰਿਆਵੀ ਅਪੀਲ (Sensuousness)

(2) ਦਰਸ਼ਨੀ ਅਪੀਲ (Visual quality)

(3) ਅਲੰਕਾਰਕ ਅੰਸ਼ (Figurativeness)

(4) ਰਮਜ਼ਾਂ (suggestivity)

(5) ਤਾਜ਼ਗੀ (Freshness)

(6) ਸੰਘਣਾਪਨ ਜਾਂ ਤੀਬਰਤਾ (Intensity)

(7) ਬੋਧਕ ਜਾਂ ਉਭਾਰਨ ਸ਼ਕਤੀ (Evocative power).

ਬਿੰਬ ਦਾ ਵਿਸ਼ਾ ਮੂਰਤ ਅਤੇ ਅਮੂਰਤ ਦੋਵੇਂ ਤਰ੍ਹਾਂ ਦਾ ਹੋ ਸਕਦਾ ਹੈ, ਪਰ ਬਿੰਬ ਦਾ ਆਪਣਾ ਰੂਪ ਮੂਰਤ ਹੀ ਰਹਿੰਦਾ ਹੈ। ਬਿੰਬ ਅਸਲ ਵਿਚ ਕਿਸੇ ਅਮੂਰਤ ਭਾਵਨਾ ਦਾ ਪੁਨਰ-ਨਿਰਮਾਣ ਹੈ। ਅਥਵਾ ਬਿੰਬ ਮੂਲ ਸ੍ਰਿਸ਼ਟੀ ਨਹੀਂ, ਪੁਨਰ ਸ੍ਰਿਸ਼ਟੀ ਹੈ। ਬਿੰਬ ਪਦਾਰਥਾਂ ਦੇ ਅੰਤ੍ਰੀਵ ਸਾਦ੍ਰਿਸ਼ ਦੀ ਅਭਿਵਿਅਕਤੀ ਹੈ ਅਥਵਾ ਬਿੰਬ ਪਦਾਰਥ ਨਹੀਂ ਪ੍ਰਕ੍ਰਿਤੀ ਹੈ।[29]

ਆਧੁਨਿਕ ਰੂਪ ਵਿਚ ਬਿੰਬ ਦੀ ਵਰਤੋਂ ਪੱਛਮੀ ਸਾਹਿਤ ਦੀ ਦੇਣ ਹੈ। ਬਿੰਬ ਦਾ ਸਰੂਪ ਉਘਾੜਨ ਲਈ ਪੱਛਮੀ ਵਿਦਵਾਨਾਂ ਨੇ ਅਨੇਕਾਂ ਹੀ ਅਰਥ ਕੀਤੇ ਹਨ, ਜਿਸ ਨਾਲ ਬਿੰਬ ਦੇ ਅਰਥ

---

25. C.D. Lewis, The Poetic Image, p.32.

26. Ibid, P. 58.

27. Ibid, p.18.

28. ਮੋਹਨ ਸਿੰਘ ਦਾ ਕਾਵਿ ਲੋਕ, (ਜਲੰਧਰ, 1969), ਪੰ. 212.

29. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀ ਤੇ ਬਾਣੀ, (ਦਿੱਲੀ, 1975), ਪੰ. 320.

ਵਧੇਰੇ ਵਿਆਪਕ ਹੋ ਗਏ ਹਨ।[30] ਸਾਹਿਤ ਸਮੀਖਿਆ ਵਿਚ ਬਿੰਬ ਸਥੂਲ ਸ਼ਬਦ-ਚਿਤ੍ਰ ਦਾ ਬੋਧਕ ਨਾ ਰਹਿਕੇ, ਮਨੁੱਖ ਦੀ ਸੰਪੂਰਣ ਜਟਿਲ ਮਾਨਸਿਕ ਪ੍ਰਕ੍ਰਿਆ ਦਾ ਬੋਧਕ ਬਣ ਗਿਆ ਹੈ।[31] ਬਿੰਬ ਦੇ ਅਰਥ ਬੇਸ਼ਕ ਜਿੰਨੇ ਮਰਜ਼ੀ ਕੀਤੇ ਜਾਣ ਪਰ ਲਗਭਗ ਸਾਰੇ ਆਲੋਚਕ ਇਸ ਗੱਲ ਨਾਲ ਸਹਿਮਤ ਹਨ ਕਿ ਬਿੰਬ-ਕਾਵਿ ਅਨੁਭਵ ਨਾਲ ਇਕ ਜਾਨ ਹੁੰਦਾ ਹੈ ਅਤੇ ਉਸਦੀ ਅੱਡਰੀ ਕੋਈ ਹੈਸੀਅਤ ਨਹੀਂ ਹੁੰਦੀ। ਕਾਵਿ ਵਿਚ ਬਿੰਬ, ਭਾਵ ਤੋਂ ਲੈ ਕੇ ਸ਼ੈਲੀ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ।

(ਅ) <u>ਗੁਰੂ ਰਾਮਦਾਸ ਜੀ ਦਾ ਬਿੰਬ ਵਿਧਾਨ:</u>

ਅਧਿਆਤਮ ਸ਼ਾਸਤਰ ਵਿਚ ਬਿੰਬ ਦਾ ਅਰਥ ਪਰਮ-ਸੱਤਾ ਦੇ ਰੂਪ ਵਿਚ ਗ੍ਰਹਿਣ ਕੀਤਾ ਗਿਆ ਹੈ। ਜਿਵੇਂ ਦਰਪਨ ਵਿਚ ਹਰ ਇਕ ਰੂਪ ਦ੍ਰਿਸ਼ਟੀਗਤ ਹੁੰਦਾ ਹੈ, ਇਸ ਤਰ੍ਹਾਂ ਹੀ ਬ੍ਰਹਮ ਬਿੰਬ ਵਿਚ ਜਗਤ ਪ੍ਰਤੀਬਿੰਬ ਦੀ ਸੱਤਾ ਰਹਿੰਦੀ ਹੈ। ਇਥੇ ਬਿੰਬ ਅਮੂਰਤ ਅਤੇ ਅਰੂਪ ਹੈ ਅਤੇ ਪ੍ਰਤੀਬਿੰਬ ਮੂਰਤ ਤੇ ਸਰੂਪ ਹੈ।[32] ਅਧਿਆਤਮਕ ਖੇਤਰ ਵਿਚ ਬਿੰਬ ਦਾ ਬਹੁਤ ਮਹੱਤਵ ਹੈ, ਕਿਉਂਕਿ ਬਿੰਬ ਦੇ ਮਾਧਿਅਮ ਨਾਲ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ। ਅਧਿਆਤਮਕ ਬਿੰਬ ਸਾਹਿਤਕ ਬਿੰਬ ਦੇ ਬਹੁਤ ਨੇੜੇ ਹੈ। ਦੋਵੇਂ ਹੀ ਭਾਵਾਂ ਅਤੇ ਵਿਚਾਰਾਂ ਨੂੰ ਮੂਰਤ ਰੂਪ ਵਿਚ ਦਿੰਦੇ ਹਨ, ਪਰ ਸਾਹਿਤਕ ਬਿੰਬ ਜਿਥੇ ਭਾਵਪੂਰਨ ਹੁੰਦੇ ਹਨ ਉਥੇ ਅਧਿਆਤਮਕ ਬਿੰਬ ਵਿਚਾਰ ਪੂਰਣ ਅਰਥਾਤ ਤਰਕਪੂਰਣ ਹੁੰਦੇ ਹਨ।[33] ਦੋਵਾਂ ਵਿਚ ਇਹੀ ਭਿੰਨਤਾ ਹੈ। ਇਕ ਰਹੱਸਵਾਦੀ ਕਵੀ ਨੂੰ ਆਪਣੇ ਅਧਿਆਤਮਕ ਭਾਵਾਂ ਦੀ ਅਭਿਵਿਅਕਤੀ ਲਈ, ਪ੍ਰਤੀਕਾਂ ਅਤੇ ਬਿੰਬਾਂ ਦਾ ਸਹਾਰਾ ਲੈਣਾ ਪੈਂਦਾ ਹੈ, ਨਹੀਂ ਤਾਂ ਰਹੱਸਵਾਦੀ ਅਨੁਭਵ ਸਾਂਝ ਤੋਂ ਬਾਹਰ, ਗੂੰਗੇ ਦੇ ਗੁੜ ਖਾਣ ਵਾਂਗ ਹੈ।[34] ਇਸ ਲਈ ਬਿੰਬ ਰਹੱਸਾਤਮਕ ਅਨੁਭਵ ਨੂੰ ਪ੍ਰਗਟਾਉਣ ਵਾਲੇ ਸਹਾਇਕ ਸਾਧਨ ਹਨ। ਇਨ੍ਹਾਂ ਰਾਹੀਂ ਰਹੱਸਾਤਮਕ ਸੱਤਾ ਦੇ ਅਲੌਕਿਕ ਅਨੁਭਵ ਨੂੰ ਲੌਕਿਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਗੁਰੂ ਰਾਮਦਾਸ ਜੀ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਖੇਤਰ ਵਿਸ਼ਾਲ ਹੈ। ਉਨ੍ਹਾਂ ਦੇ ਵਰਤੇ ਬਿੰਬ ਇਕ ਵਿਆਪਕ ਪ੍ਰਤੀਕਾਤਮਕ ਅਰਥ ਬੋਧ ਵਲ ਮੁਖਰਿਤ ਹੁੰਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਉਨ੍ਹਾਂ ਦੇ ਭਾਵਾਂ ਨੂੰ ਉਘਾੜਨ ਦੇ ਨਾਲ ਵਿਚਾਰਾਂ ਉਤੇ ਵੀ ਉਨਾ ਹੀ ਬਲ ਦਿੱਤਾ ਹੈ। ਉਨ੍ਹਾਂ ਦੀ ਬਿੰਬਾਵਲੀ

---

30. ਦਲੀਪ ਸਿੰਘ ਦੀਪ (ਡਾ.), <u>ਕਾਵਿ-ਬਿੰਬ</u>, ਪੰ. 4.

31. ਕੇਦਾਰ ਨਾਥ ਸਿੰਘ (ਡਾ.), <u>ਆਧੁਨਿਕ ਕਵਿਤਾ ਮੇਂ ਬਿੰਬ ਵਿਧਾਨ</u>, (1971, ਦਿੱਲੀ), ਪੰ.2.

32. ਦਲੀਪ ਸਿੰਘ ਦੀਪ(ਡਾ.), ਉਹੀ ਰਚਨਾ, ਪੰ. 2.

33. ਸਿਵਚਰਣ ਸ਼ਰਮਾ ਮਧੁਰ, (ਡਾ.), <u>ਬਿਹਾਰੀ-ਸਤਸਈ ਮੇਂ ਬਿੰਬ-ਵਿਧਾਨ</u>, (ਮੇਰਠ, ਮਿਤੀਹੀਣ), ਪੰ.6 8.

34. ਗੁਰਮਤਿ ਨਾਮੁ ਧਿਆਇਆ ਹਰਿ ਹਰਿ ਨਾਮੁ ਉਰਿਧਾਰੇ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮਾਰੇ॥8॥
ਰਾਗ ਨਟ-ਨਾਰਾਇਨ ਆਦਿ

ਸਜੀਵ ਤੇ ਬਲਵਾਨ ਹੈ ਅਤੇ ਸ਼ਬਦ ਰੂਪਾਤਮਕਤਾ, ਐਂਦ੍ਰਕਤਾ ਅਤੇ ਤੀਬਰ ਭਾਵਾਤਮਕਤਾ ਇਸਦੇ ਮੁਖ ਗੁਣ ਹਨ। ਇਨ੍ਹਾਂ ਬਿੰਬਾਂ ਰਾਹੀਂ ਉਤਪੰਨ ਸੌਂਦਰਯ ਮਨੁੱਖ ਦੇ ਸਹਜ ਸੁਆਦ ਦਾ ਉਦਾਤ ਕਰਦਿਆਂ ਹੋਇਆਂ ਅਧਿਆਤਮ ਸੌਂਦਰਯ-ਮੰਡਲ ਵਲ ਪ੍ਰੇਰਦਾ ਹੈ। ਗੁਰੂ ਰਾਮਦਾਸ ਜੀ ਦੇ ਸਿਰਜੇ ਬਿੰਬ ਮਨੁੱਖੀ ਜੀਵਨ ਦੇ ਅਨੇਕ ਅਨੇਕ ਖੇਤਰਾਂ ਦਾ ਨਿਰੂਪਣ ਕਰਦੇ ਹਨ ਅਤੇ ਇਨ੍ਹਾਂ ਰਾਹੀਂ ਉਨ੍ਹਾਂ ਦੀ ਕਵਿਤਾ ਵਿਹਾਰਕ ਤੇ ਪਰਮਾਰਥਕ ਦੋਨ੍ਹਾਂ ਖੇਤਰਾਂ ਵਿਚ ਮਨੁੱਖਤਾ ਦੀ ਅਗਵਾਈ ਕਰਦੀ ਹੈ।

**ਵਰਗੀਕਰਨ:**

ਪੱਛਮੀ ਚਿੰਤਕਾਂ ਨੇ ਬਿੰਬ ਦਾ ਵਰਗੀਕਰਨ ਕਈ ਢੰਗਾਂ ਨਾਲ ਕੀਤਾ ਹੈ ਜਿਨ੍ਹਾਂ ਵਿਚ ਗਿਆਨ ਇੰਦਰਿਆਂ ਦੇ ਆਧਾਰ ਤੇ, ਪ੍ਰਸੰਗ ਦੇ ਆਧਾਰ ਤੇ ਅਤੇ ਸਿਰਜਨਾਤਮਕ ਕਲਪਨਾ ਦੇ ਆਧਾਰ ਤੇ ਆਦਿ ਅਨੇਕ ਭੇਦ ਕੀਤੇ ਗਏ ਹਨ। ਇਸ ਤਰ੍ਹਾਂ ਨਾਲ ਬਿੰਬ ਦੇ ਕਈ ਰੂਪਾਂ ਦੀ ਚਿੰਤਕਾਂ ਨੇ ਕਲਪਨਾ ਕੀਤੀ ਹੈ। ਪਰ ਇਹ ਅਨੇਕ ਤਰ੍ਹਾਂ ਦੇ ਬਿੰਬ ਇਕ ਦੂਜੇ ਦੀ ਹੱਦ ਵਿਚ ਜਾ ਸ਼ਾਮਲ ਹੋ ਜਾਂਦੇ ਹਨ।[35] ਇਸ ਲਈ ਕਿਸੇ ਵੀ ਇਕ ਵਰਗੀਕਰਨ ਨੂੰ ਬਿਲਕੁਲ ਠੀਕ ਨਹੀਂ ਮੰਨਿਆ ਜਾ ਸਕਦਾ। ਪਰ ਕਿਉਂਕਿ ਬਿੰਬਾਂ ਦਾ ਸੰਬੰਧ ਗਿਆਨ ਇੰਦਰਿਆਂ ਰਾਹੀਂ ਮਾਣੀਆਂ ਜਾਣ ਵਾਲੀਆਂ ਅਨੁਭੂਤੀਆਂ ਹਨ, ਇਸ ਲਈ ਅਸੀਂ ਗੁਰੂ ਰਾਮਦਾਸ-ਕਾਵਿ ਦੇ ਬਿੰਬ-ਵਿਧਾਨ ਦਾ ਅਧਿਐਨ ਗਿਆਨ ਇੰਦਰਿਆਂ ਦੇ ਆਧਾਰਤ ਵਰਗੀਕਰਨ ਦੇ ਅਨੁਸਾਰ ਹੀ ਕਰਨ ਦਾ ਯਤਨ ਕਰ ਰਹੇ ਹਾਂ। ਇਹ ਵੰਡ ਨਿਮਨ-ਲਿਖਤ ਅਨੁਸਾਰ ਕੀਤੀ ਜਾ ਸਕਦੀ ਹੈ:-

(i) ਦ੍ਰਿਸ਼ਟੀ ਪਰਕ (Visual)

(ii) ਸਪਰਸ਼ ਪਰਕ (Tactual)

(iii) ਨਾਦ ਪਰਕ (Auditory)

(iv) ਗੰਧ ਪਰਕ (Olfactory)

(v) ਰਸ ਪਰਕ (Gustatory)

ਵੇਖਿਆ ਜਾਵੇ ਤਾਂ ਕਵਿਤਾ ਲਈ ਸਿਰਜੇ ਜਾਂਦੇ ਬਿੰਬਾਂ ਦੇ ਖੇਤਰ ਨੂੰ ਦੋ ਮੁੱਖ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:-

1. ਪ੍ਰਾਕ੍ਰਿਤਕ ਬਿੰਬ
2. ਜੀਵਨ ਪਰਕ ਬਿੰਬ (ਸਮਾਜਕ ਅਤੇ ਰਾਜਨੀਤਕ ਖੇਤਰਾਂ ਸਮੇਤ)

ਹਰ ਬਿੰਬ ਵਿਚ ਕਿਉਂਕਿ ਰੂਪ ਗੁਣ (Visual quality )ਹੁੰਦਾ ਹੈ ਇਸ ਲਈ ਵਧੇਰੇ ਬਿੰਬ ਦ੍ਰਿਸ਼ਟੀਪਰਕ ਹੁੰਦੇ ਹਨ। ਗੁਰੂ ਰਾਮਦਾਸ ਜੀ ਦੇ ਕਾਵਿ ਦੀ ਬਿੰਬਾਵਲੀ ਦਾ ਅਧਿਐਨ ਕਰਨ ਲਈ ਜੀਵਨ ਨਾਲ ਸੰਬੰਧਤ ਇਨ੍ਹਾਂ ਬਿੰਬਾਂ ਨੂੰ ਅਸੀਂ ਸੁਖੈਨਤਾ ਲਈ ਦ੍ਰਿਸ਼ਟੀਪਰਕ ਬਿੰਬਾਂ ਦੇ ਵਰਗੀਕਰਨ ਵਿਚ ਹੀ ਰਖਿਆ ਹੈ।

---

35. ਕੇਦਾਰਨਾਥ ਸਿੰਘ (ਡਾ.), ਆਧੁਨਿਕ ਕਵਿਤਾ ਮੇਂ ਬਿੰਬ ਵਿਧਾਨ, ਪੰ. 2.

(੧) ਦ੍ਰਿਸ਼ਟੀਪਰਕ ਬਿੰਬ:

ਕਵੀ ਦੀ ਅਨੁਭੂਤੀ ਦੇ ਦੋ ਪ੍ਰਮੁਖ ਖੇਤਰ ਜੀਵਨ ਅਤੇ ਪ੍ਰਕ੍ਰਿਤੀ ਹੀ ਹਨ। ਜੀਵਨ ਖੇਤਰ ਦੇ ਇਨ੍ਹਾਂ ਦੋਹਾਂ ਹਿੱਸਿਆਂ ਨਾਲ ਬਿੰਬ-ਵਿਧਾਨ ਦਾ ਗੂੜ੍ਹਾ ਸੰਬੰਧ ਹੈ। ਗੁਰੂ ਰਾਮਦਾਸ ਜੀ ਰਹੱਸ-ਅਨੁਭੂਤੀ ਦੇ ਪ੍ਰਕਟਾਅ ਲਈ ਜਿਹੜੇ ਬਿੰਬ ਪ੍ਰਕ੍ਰਿਤੀ ਅਤੇ ਸਮਾਜਕ ਆਲੇ ਦੁਆਲੇ ਵਿਚੋਂ ਪ੍ਰਯੋਗ ਕਰਦੇ ਹਨ, ਉਹ ਜਨ-ਸਾਧਾਰਣ ਦੇ ਜਜ਼ਬਿਆਂ ਨੂੰ ਟੁੰਬਣ ਵਾਲੇ ਅਤੇ ਪ੍ਰਭਾਵਸ਼ਾਲੀ ਹਨ। ਇਹ ਬਿੰਬ ਆਪਣੇ ਰਸਭ ਭਰਪੂਰ ਗੁਣਾਂ ਰਾਹੀਂ ਪ੍ਰਤੀਕਾਤਮਕ ਅਰਥਾਂ ਦੇ ਬੋਧ ਵਲ ਪ੍ਰੇਰਿਤ ਕਰਦੇ ਹਨ।

ਬਿੰਬ ਦੀ ਸਿਰਜਨਾ ਵਿਚ ਸੁਣਨ, ਸੁੰਘਣ, ਚੱਖਣ ਅਤੇ ਛੂਹਣ ਨਾਲ ਸੰਬੰਧਤ ਗਿਆਨ-ਇੰਦਰਿਆਂ ਦਾ ਪੂਰਾ ਯੋਗਦਾਨ ਹੈ ਪਰ ਵੇਖਣ ਦੇ ਗਿਆਨ ਇੰਦਰੇ ਅੱਖਾਂ ਬਿੰਬ ਦੀ ਸਿਰਜਨਾ ਵਿਚ ਵਧੇਰੇ ਸਹਾਇਕ ਹੁੰਦੀਆਂ ਹਨ। ਇਸ ਲਈ ਪ੍ਰਕ੍ਰਿਤੀ ਅਤੇ ਜੀਵਨਪਰਕ ਬਿੰਬਾਂ ਦਾ ਵਧੇਰੇ ਖੇਤਰ ਦ੍ਰਿਸ਼ਟੀ ਪਰਕ ਬਿੰਬ ਦੇ ਵਰਗ ਵਿਚ ਹੀ ਆ ਜਾਂਦਾ ਹੈ। ਇਸ ਲਈ ਅਸੀਂ ਮੁਖ ਰੂਪ ਵਿਚ ਇਸ ਵਰਗ ਅਧੀਨ ਗੁਰੂ ਰਾਮਦਾਸ ਜੀ ਪ੍ਰਯੋਗ ਕੀਤੇ ਉਹ ਸਾਰੇ ਬਿੰਬ ਲਏ ਹਨ ਜੋ ਪ੍ਰਕ੍ਰਿਤੀ ਅਤੇ ਜੀਵਨ ਦੇ ਸਮਾਜਕ ਰਾਜਨੀਤਕ ਆਦਿ ਖੇਤਰਾਂ ਨਾਲ ਸੰਬੰਧਤ ਹਨ। ਇਨ੍ਹਾਂ ਬਿੰਬਾਂ ਦਾ ਅਧਿਐਨ ਅਸੀਂ ਨਿਮਨਲਿਖਤ ਸਿਰਲੇਖਾਂ ਅਧੀਨ ਕਰ ਰਹੇ ਹਾਂ:-

1) ਪ੍ਰਕ੍ਰਿਤੀ ਸੰਬੰਧੀ ਬਿੰਬ
2) ਪ੍ਰਾਣੀ ਸੰਬੰਧੀ ਬਿੰਬ
3) ਸਮਾਜਕ ਜੀਵਨ ਸੰਬੰਧੀ ਬਿੰਬ
4) ਰਾਜਨੀਤਕ ਜੀਵਨ ਸੰਬੰਧੀ ਬਿੰਬ
5) ਪੌਰਾਣਕ ਬਿੰਬ।

(1) ਪ੍ਰਕ੍ਰਿਤੀ ਸੰਬੰਧੀ ਬਿੰਬ:

ਗੁਰੂ ਰਾਮਦਾਸ ਜੀ ਸ੍ਰਿਸ਼ਟੀ ਵਿਚ ਵਿਆਪਕ ਸੱਤਾ ਨਾਲ ਰਾਗਾਤਮਕ ਸੰਬੰਧ ਸਥਾਪਤ ਕਰਦੇ ਹਨ ਅਤੇ ਉਹਨਾਂ ਨੂੰ ਬ੍ਰਹਮ ਦੇ ਪਸਾਰੇ ਵਿਚ ਪਰਮ-ਸਤਾ ਦੀ ਵਿਆਪਕਤਾ ਹੀ ਨਜ਼ਰ ਆਉਂਦੀ ਹੈ:-

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ॥
ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ॥2॥੧॥

(ਰਾਗ ਤਿਲੰਗ, ਆਦਿ ਗ੍ਰੰਥ, ਪੰ. 723)

ਉਹ ਪ੍ਰਕ੍ਰਿਤੀ ਵਿਚ ਬਿਰਖ, ਫੁਲ, ਸ਼ਾਖ, ਸਮੁੰਦਰ, ਲਹਿਰ, ਅਤੇ ਪਰਬਤ ਆਦਿ ਦੇ ਢੁਕਵੇਂ ਖੂਬਸੂਰਤ ਬਿੰਬਾਂ ਦੁਆਰਾ ਪਰਮ-ਸੱਤਾ ਦੀ ਵਿਆਪਕਤਾ, ਅਗਮਤਾ, ਅਨੰਤਤਾ, ਵਿਸ਼ਾਲਤਾ ਅਤੇ ਅਮੁਲਤਾ ਦੇ ਗੁਣਾਂ ਨੂੰ ਪ੍ਰਗਟਾਂਦੇ ਹਨ। ਇਸ ਤਰ੍ਹਾਂ ਇਕ ਗੰਭੀਰ ਵਿਚਾਰ ਮਨੁਖੀ ਬੁਧੀ ਦੀ ਸਮਝ ਵਿਚ ਆ ਜਾਣ ਵਾਲਾ ਸਰਲ ਤੇ ਸਹਜ ਹੋ ਕੇ ਅਨੋਖੇ ਸੌਂਦਰਯ ਨੂੰ ਪੈਦਾ ਕਰਦਾ ਹੈ। ਅਸੀਂ ਪਿਛੇ ਅਲੰਕਾਰ ਦੇ ਅੱਧਿਆਇ ਵਿਚ

ਜ਼ਿਕਰ ਕਰ ਆਏ ਹਾਂ ਕਿ ਗੁਰੂ ਰਾਮਦਾਸ ਜੀ ਪਰਮਾਤਮਾ ਦੀ ਅਦ੍ਵੈਤਤਾ ਨੂੰ ਪ੍ਰਗਟਾਉਣ ਲਈ ਕੁਦਰਤ ਵਿਚੋਂ ਅਨੇਕ ਉਪਮਾਨ ਜਿਵੇਂ ਸਮੁੰਦਰ, ਦਰਿਆ, ਮੱਛੀ, ਜਾਲ ਆਦਿ ਚੁਣਦੇ ਹਨ। ਇਥੇ ਉਸ ਭਾਗ ਦੇ ਦੁਹਰਾਉਣ ਦਾ ਲੋੜ ਨਾ ਸਮਝਦੇ ਹੋਏ ਗੁਰੂ ਜੀ ਦੇ ਕੁਦਰਤ ਲਈ ਪ੍ਰਯੋਗ ਕੀਤੇ ਗਏ ਬਿੰਬਾਂ ਨੂੰ ਮੋਟੇ ਰੂਪ ਵਿਚ ਅਸੀਂ ਨਿਮਨਲਿਖਤ ਭਾਗਾਂ ਵਿਚ ਵੰਡ ਸਕਦੇ ਹਾਂ:-

(ੳ) ਪਾਣੀ, ਆਕਾਸ਼ ਅਤੇ ਦਿਨ ਰਾਤ ਸੰਬੰਧੀ।

(ਅ) ਰੁਤਾਂ ਸੰਬੰਧੀ

(ੲ) ਬਨਸਪਤੀ ਸੰਬੰਧੀ।

<u>(ੳ) ਪਾਣੀ, ਆਕਾਸ਼ ਅਤੇ ਦਿਨ ਰਾਤ ਸੰਬੰਧੀ:-</u>

ਸਾਗਰ:- ਸਤਿਗੁਰ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥
(ਰਾਗ ਸੂਹੀ, ਆਦਿ ਗ੍ਰੰਥ, ਪੰਨੇ 758-59)

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
(ਰਾਗ ਆਸਾ, ਆਦਿ ਗ੍ਰੰਥ, ਪੰ. 442)

ਭਵਜਲੁ ਜਗਤੁ ਨ ਜਾਈ ਤਰਣਾ ਜਪਿ ਹਰਿ ਹਰਿ ਪਾਰਿ ਉਤਾਰੀ॥
(ਰਾਗ ਸਾਰੰਗ, ਆਦਿ ਗ੍ਰੰਥ, ਪੰ. 1198)

ਦਰਿਆ:- ਤੂ ਦਰਿਆ ਸਭ ਤੁਝ ਹੀ ਮਾਹਿ॥ (ਰਾਗ ਆਸਾ, ਆਦਿ ਗ੍ਰੰਥ, ਪੰ. 365)

ਸਰੋਵਰ:- ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ॥
(ਕਾਨੜਾ ਕੀ ਵਾਰ, ਆਦਿ ਗ੍ਰੰਥ, ਪੰ. 1316)

ਕੁੰਟ (ਚਸ਼ਮਾ)—ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ॥੧॥
ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)

ਧਾਰ:- ਨਿਜਘਰਿ ਧਾਰੁ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ॥6॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

ਝੁਲਾਰ:- ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ॥
(ਰਾਗ ਨਟ-ਨਾਰਾਇਣ, ਆਦਿ ਗ੍ਰੰਥ, ਪੰ.982)

ਲਹਿਰਾਂ: ਗੁਰੂ ਰਾਮਦਾਸ ਜੀ ਨਾਮ ਦੀ ਪਵਿੱਤਰਤਾ ਅਤੇ ਆਤਮ ਪਰਮਾਤਮ ਦੇ ਮੇਲ ਨੂੰ ਲਹਿਰਾਂ ਦੇ ਬਿੰਬ ਰਾਹੀਂ ਬਹੁਤ ਸੁੰਦਰ ਢੰਗ ਨਾਲ ਉਘਾੜਦੇ ਹਨ:-

ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ॥

(ਰਾਗ ਮਾਰੂ, ਆਦਿ ਗ੍ਰੰਥ, ਪੰ. 995)

ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ॥4॥3॥6॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ॥24॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.977)

ਘੁੰਮਨਘੇਰੀ:- ਘੁਮਨਘੇਰ ਪਰੇ ਬਿਖੁ ਬਿਖਿਆ ਸਤਿਗੁਰ ਕਾਢਿ ਲੀਏ ਦੇ ਹਾਥੁ॥੧॥ ਰਹਾਉ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1296)

ਬੱਦਲ:- ਚਾਤ੍ਰਿਕ ਮੋਰ ਬੋਲਤ ਦਿਨ ਰਾਤੀ ਸੁਨਿ ਘਨਿਹਰ ਕੀ ਘੋਰ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1265)

ਬਿਜਲੀ:- ਉਨਵੈ ਘਨੁ ਘਨੁ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 975)

ਛੱਪੜ:- ਛਪੜੁ ਛਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 757)

ਬਰਖਾ: ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ॥

(ਰਾਗ ਆਸਾ, ਆਦਿ ਗ੍ਰੰਥ, ਪੰਨੇ 442-43)

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ
ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰਨੇ 854-55)

ਸੂਰਜ:- ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਜਿਉ ਘਟਿ ਘਟਿ ਰਮਈਆ ਓਤਿ ਪੋਤਿ॥੧॥ (ਰਾਗ ਬਸੰਤ, ਆਦਿ ਗ੍ਰੰਥ, ਪੰ.1177)

ਪ੍ਰਭਾਤ:- ਉਗਵੈ ਸੂਰੁ ਗੁਰਮੁਖਿਹਰਿ ਬੋਲਹਿ ਸਭ ਰੈਨਿ ਸਮਾਲਹਿ ਹਰਿ ਗਾਲਿ॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1335)

ਸਸੀ (ਚੰਦ੍ਰਮਾ): ਹਰਿ ਜਨ ਸੋਭਾ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਰ॥2॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1336)

ਦਿਨ ਰਾਤ:- ਊਗਵੈ ਦਿਨਸੁ ਆਲੁ ਜਾਲੁ ਸਮਾਲੈ ਬਿਖੁ ਮਾਇਆ ਕੇ ਬਿਸਥਾਰੇ॥

ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੈ॥2॥2॥

(ਰਾਗ ਨਟ ਨਾਰਾਇਨ, ਆਦਿ ਗ੍ਰੰਥ,ਪੰ. 981)

(ਅ) ਰੁਤਾਂ ਸੰਬੰਧੀ

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥

(ਰਾਗ ਆਸਾ, ਆਦਿ ਗ੍ਰੰਥ,ਪੰ. 452)

ਸਾਵਣਿ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1250)

(ੲ) ਬਨਸਪਤੀ ਸੰਬੰਧੀ:

ਵਣ ਤ੍ਰਿਣ,(ਵਣ ਤੇ ਘਾਹ): ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ।

(ਰਾਗ ਬਿਹਾਗੜਾ, ਆਦਿ ਗ੍ਰੰਥ,ਪੰ. 540)

ਬਾਗ: ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 849)

ਬਿਰਖ: ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੇ ਤ੍ਰਿਪਤਾਨੀ॥

(ਰਾਗ ਧਨਾਸਰੀ, ਆਦਿ ਗ੍ਰੰਥ,ਪੰ. 667)

ਕੰਡਾ:- ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ॥6॥

(ਰਾਗ ਗਉੜੀ, ਆਦਿ ਗ੍ਰੰਥ, ਪੰ. 171)

ਫਲ: ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲੁ ਲਾਗਿਬਾ॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 697)

ਕੰਵਲ: ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥

(ਸਲੋਕ , ਆਦਿ ਗ੍ਰੰਥ, ਪੰਨੇ 1423-24)

ਕਸੁੰਭਾ: ਏਹੁ ਮਾਇਆ ਰੰਗੁ ਕੁਸੰਭ ਖਿਨ ਮਹਿ ਲਹਿ ਜਾਵਣਾ॥

(ਸੋਰਠ ਕੀ ਵਾਰ, ਆਦਿ ਗ੍ਰੰਥ, ਪੰ. 645)

ਵੇਲ: ਗੁਰਮੁਖਿ ਹਰਿ ਹਰਿ ਵੇਲਿ ਵਧਾਈ॥
ਫਲ ਲਾਗੇ ਹਰਿ ਰਸਕ ਰਸਾਈ॥੧॥ (ਰਾਗ ਆਸਾ, ਆਦਿ ਗ੍ਰੰਥ, ਪੰ. 367)

ਚੰਦਨ,ਨਿੰਮ ਤੇ ਰਿੰਡ: - ਜਿਉ ਚੰਦਨ ਸੰਗਿ ਵਸੈ ਨਿੰਮੁ ਬਿਰਖਾ ਗੁਣ ਚੰਦਨ ਕੇ ਬਸਮੇ।।

(ਰਾਗ ਨਟ ਨਾਰਾਇਨ, ਆਦਿ ਗ੍ਰੰਥ,ਪੰ. 976)

ਭਾਰ ਅਠਾਰਹ ਮਧਿ ਚੰਦਨੁ ਊਤਮੁ ਚੰਦਨ ਨਿਕਟਿ ਸਭ ਚੰਦਨੁ ਹੁਈਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ

ਸਤਸੰਗਤਿ ਮਿਲਿ ਪਤਿਤ ਪਰਵਾਣੁ॥3॥ (ਰਾਗ ਗੋਂਡ, ਆਦਿ ਗ੍ਰੰਥ, ਪੰ. 861)

ਪਿੱਪਲ: ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪਲ ਪਲਾਸ ਖਾਇ ਲੀਜੈ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

**(2) ਪ੍ਰਾਣੀ ਸੰਬੰਧੀ ਬਿੰਬ:**

ਇਸ ਵਰਗ ਦੇ ਬਿੰਬਾਂ ਨੂੰ ਅਸੀਂ ਨਿਮਨਲਿਖਤ ਸਿਰਲੇਖਾਂ ਵਿਚ ਵੰਡ ਸਕਦੇ ਹਾਂ:-

(ੳ) ਪੁਰਖ ਅਤੇ ਇਸਤਰੀ ਸੰਬੰਧੀ

(ਅ) ਪੰਛੀਆਂ ਸੰਬੰਧੀ

(ੲ) ਪਸ਼ੂਆਂ ਸੰਬੰਧੀ

(ਸ) ਕੀਟਾਂ ਸੰਬੰਧੀ।

ਗੁਰੂ ਰਾਮਦਾਸ ਜੀ ਪੁਰਖ ਇਸਤਰੀ, ਪਸ਼ੂ-ਪੰਛੀ ਅਤੇ ਕੀਟਾਂ ਦੇ ਬਿੰਬਾਂ ਰਾਹੀਂ ਪ੍ਰਭੂ ਪ੍ਰੇਮ ਅਤੇ ਵਿਕਾਰੀ ਜੀਵਨ ਦਾ ਸਜੀਵ ਚਿਤਰ ਪ੍ਰਸਤੁਤ ਕਰਦੇ ਹਨ। ਉਨ੍ਹਾਂ ਦੇ ਪੁਰਖ ਅਤੇ ਇਸਤਰੀ ਦੇ ਬਿੰਬ ਗੁਰੂ-ਕਾਵਿ ਵਿਚ ਆਪਣੀ ਭਾਵੁਕ ਤੀਬਰਤਾ ਕਰਕੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਪਸ਼ੂ ਵਰਗ ਦੇ ਬਿੰਬਾਂ ਵਿਚ ਪਾਲਤੂ ਪਸ਼ੂਆਂ ਦੇ ਬਿੰਬਾਂ ਦੀ ਵਰਤੋਂ ਵਧੇਰੇ ਹੋਈ ਹੈ। ਇਸ ਵਰਗ ਦੇ ਬਿੰਬਾਂ ਵਿਚ ਉਨ੍ਹਾਂ ਦਾ ਪ੍ਰਯੋਗ ਕੀਤਾ ਘੋੜੀ ਦਾ ਬਿੰਬ ਆਪਣੀ ਸਜੀਵਤਾ ਅਤੇ ਅਲੰਕ੍ਰਿਤ ਗੁਣਾਂ ਕਰਕੇ ਵਿਲੱਖਣ ਹੈ। ਭਾਵੇਂ ਗੁਰੂ ਅਮਰਦਾਸ ਜੀ ਨੇ ਵੀ ਇਸ ਬਿੰਬ ਦਾ ਪ੍ਰਯੋਗ ਕੀਤਾ ਹੈ, ਪਰ ਘੋੜੀ ਦੀ ਜੀਨ, ਲਗਾਮ ਆਦਿ ਰੂਪਕ-ਬਿੰਬਾਂ ਵਿਚ ਜੋ ਸਜੀਵਤਾ ਗੁਰੂ ਰਾਮਦਾਸ ਜੀ ਨੇ ਪ੍ਰਗਟ ਕੀਤੀ ਹੈ, ਅਜੇਹੀ ਉਦਾਹਰਣ ਪੰਜਾਬੀ ਕਾਵਿ ਵਿਚ ਘਟ ਹੈ। ਉਪਰੋਕਤ ਵਰਗ ਦੇ ਬਿੰਬਾਂ ਦੀਆਂ ਕੁਝ ਉਦਾਹਰਣਾਂ ਨਿਮਨਲਿਖਤ ਹਨ:-

**(ੳ) ਪੁਰਖ ਅਤੇ ਇਸਤਰੀ ਸੰਬੰਧੀ:-**

ਮਰਦ: ਸੁੰਦਰ ਪੁਰਖ: ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰੁ ਨ ਜਾਣੀ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ.561)

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 983)

ਬੱਚਾ (ਬਾਲਕ): ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ॥

ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ॥੧॥

(ਰਾਗ ਬਸੰਤ, ਆਦਿ ਗ੍ਰੰਥ, ਪੰ. 1178)

ਇਸਤਰੀ: ਪੰਧੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮਰਾਜੇ।।

(ਰਾਗ ਬਸੰਤ, ਆਦਿ ਗ੍ਰੰਥ, ਪੰ.449)

ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ।।
ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ।।੧।।

(ਰਾਗ ਦੇਵ-ਗੰਧਾਰੀ, ਆਦਿ ਗ੍ਰੰਥ, ਪੰ. 527)

ਮਨੁੱਖੀ ਸਰੀਰ ਦੇ ਅੰਗ:

ਜੀਭ, ਦੰਦ:- ਜੈਸੀ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸੁ ਰਤੁ ਕੇਰੀ।।
ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ।।

(ਰਾਗ ਗਉੜੀ, ਆਦਿ ਗ੍ਰੰਥ, ਪੰ. 168)

ਅੱਖਾਂ: ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮਰਾਜੇ।।

(ਰਾਗ ਆਸਾ, ਆਦਿ ਗ੍ਰੰਥ, ਪੰਨੇ 448-49)

(ਅ) ਪੰਛੀਆਂ ਸੰਬੰਧੀ:

ਪੰਛੀ: ਜਿਉ ਪੰਖੀ ਕਪੋਤਿ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੈ ਰਾਮ।।

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰਨੇ 538-39)

ਚਾਤ੍ਰਿਕ: ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ।।
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ।।੧।।

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

ਚਕਵੀ: ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ।।
ਮਿਲੈ ਪਿਆਰੇ ਸਭ ਦੁਖ ਤਿਆਗੈ।। (ਰਾਗ ਗਉੜੀ, ਆਦਿ ਗ੍ਰੰਥ, ਪੰਨੇ 164)

ਕੂੰਜ: ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।
ਓਹੁ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ।।

(ਰਾਗ ਗਉੜੀ, ਆਦਿ ਗ੍ਰੰਥ, ਪੰ. 168)

ਬਗਲਾ,ਕਾਂ: ਇਇਕ ਆਪਨੈ ਸੁਆਇ ਆਇ ਬਹਹਿ ਗੁਰ ਆਗੈਜਿਉ ਬਗੁਲ ਸਮਾਧਿ ਲਗਾਈਐ।।3।।

(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)

ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ ।।

(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)

ਮੁਰਗਾਬੀ: ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ।।2।।

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1324)

(ੲ) ਪਸ਼ੂਆਂ ਸੰਬੰਧੀ:

ਮੱਛੀ: ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥੧॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 607)

ਮਿਰਗ: ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ॥
ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥4॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982)

ਹਾਥੀ: ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੈ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥੧॥

(ਰਾਗ ਕਾਨੜਾ, ਆਦਿ ਗ੍ਰੰਥ, ਪੰ.1310)

ਊਠ: ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲਿ ਬੇਲਿ ਰੀਝਾਈ॥੧॥ਰਹਾਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 369)

ਘੋੜਾ, ਘੋੜੀ: ਹਰਿ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ॥

(ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 648)

ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

ਕੜੀਆਲੁ ਮੁਖੇ ਗੁਰਿ ਗਿਆਨ ਦ੍ਰਿੜਾਇਆ ਰਾਮ॥
ਤਨ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

ਬਲਦ: ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

ਗਊ, ਵੱਛਾ: ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ॥4॥੧॥

(ਰਾਗ ਕੇਦਾਰਾ, ਆਦਿ ਗ੍ਰੰਥ, ਪੰ. 1118)

ਕੁੱਤਾ: ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ॥7॥

(ਰਾਗ ਕਾਨੜਾ, ਆਦਿ ਗ੍ਰੰਥ, ਪੰਨੇ 1311-12)

ਬਿੱਲੀ, ਚੂਹਾ: ਧਨ [illegible] ਪ੍ਰੀਤਿ ਪਿਆਰੈ ਰਾਵੀਆ ਜਾ ਹਰਿ ਪ੍ਰਭ ਭਾਣੀ ਰਾਮ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 845)

(ਸ) ਕੀੜਾਂ ਸੰਬੰਧੀ:

ਸੱਪ: ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੇਠਾ॥

ਬਿਸੀਅਰੁ ਕਉ ਬਹੁ ਦੂਧੁ ਪਿਆਈਐ ਬਿਖੁ ਨਿਕਸੈ ਫੋਲਿ ਫੁਲੋਨਾ॥3॥

(ਰਾਗ ਗਉੜੀ, ਆਦਿ ਗ੍ਰੰਥ, ਪੰ. 171)

ਬਿੱਛੂ : ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੈ॥5॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.982)

ਮੱਖੀ: ਕੂੜੁ ਮਿਠਾ ਮਾਇਆ ਪਸਰਿਆ ਮਨਮੁਖਿ ਲਗ ਮਾਖੀ ਪਚੈ ਪਚਾਇ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 41)

ਪਤੰਗਾ: ਪਚਿ ਪਚਿ ਮੂਏ ਬਿਖੁ ਦੇਖਿ ਪਤੰਗਾ॥3॥(ਰਾਗ ਆਸਾ, ਆਦਿ ਗ੍ਰੰਥ, ਪੰ. 367)

6) ਸਮਾਜਕ ਜੀਵਨ ਸੰਬੰਧੀ ਬਿੰਬ:

ਗੁਰੂ ਰਾਮਦਾਸ ਜੀ ਆਤਮ-ਪਰਮਾਤਮ ਦੇ ਪ੍ਰੇਮ ਅਤੇ ਮੇਲ ਅਨੁਭਵ ਨੂੰ ਘਰੇਲੂ ਜੀਵਨ ਖੇਤਰ ਵਿਚੋਂ ਵਿਆਹੁਤਾ ਜੀਵਨ ਦੇ ਅਨੇਕ ਬਿੰਬਾਂ ਰਾਹੀਂ ਪ੍ਰਗਟ ਕਰਦੇ ਹਨ। ਵਿਆਹੁਤਾ ਜੀਵਨ ਦੇ ਸਜੀਵ ਅਤੇ ਭਾਵਮਈ ਚਿਤ੍ਰਣ ਨੇ ਉਨ੍ਹਾਂ ਦੇ ਕਾਵਿ ਵਿਚ ਸੌਂਦਰਯ ਦੇ ਅਨੂਠੇ ਗੁਣ ਭਰ ਦਿਤੇ ਹਨ। ਇਸ ਜੀਵਨ ਦੇ ਬਿੰਬਾਂ ਵਿਚ ਵਧੇਰੇ ਉਨ੍ਹਾਂ ਨੇ ਇਸਤਰੀ ਦੇ ਕਈ ਰੂਪਾਂ ਦਾ ਚਿਤਰਣ ਕੀਤਾ ਹੈ। ਇਸ ਤਰ੍ਹਾਂ ਹੀ ਘਰੇਲੂ ਜੀਵਨ ਦੇ ਹੋਰ ਪੱਖਾਂ ਜਿਨ੍ਹਾਂ ਵਿਚੋਂ ਆਮਲੀ ਦਾ ਬਿੰਬ ਆਪਣੀ ਸਮਾਜਕਤਾ ਦੇ ਅਰਥ-ਬੋਧ ਕਰਕੇ ਬਿਲਕੁਲ ਵੱਖਰਾ ਹੈ। ਉਹ ਸਮਾਜਕ ਜੀਵਨ ਵਿਚੋਂ ਪ੍ਰਮੁਖ ਰੂਪ ਵਿਚ ਵਣਜ ਦੇ ਕਿੱਤੇ [redacted] ਸੰਬੰਧੀ ਬਿੰਬ ਵੀ ਪੰਜਾਬੀ ਕਾਵਿ ਵਿਚ ਵਿਲੱਖਣ ਉਦਾਹਰਣ ਹਨ।

ਗੁਰੂ ਰਾਮਦਾਸ ਜੀ ਰਚਿਤ ਜੀਵਨ ਦੇ ਅਨੇਕ ਪੱਖਾਂ ਨਾਲ ਸੰਬੰਧ ਰਖਦੇ ਬਿੰਬਾਂ ਨੂੰ ਅਸੀਂ ਨਿਮਨਲਿਖਤ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ:-

(ੳ) ਘਰੇਲੂ ਜੀਵਨ ਸੰਬੰਧੀ

(ਅ) ਪਦਾਰਥਾਂ ਸੰਬੰਧੀ

(ੲ) ਵਣਜ ਅਤੇ ਵਪਾਰ ਸੰਬੰਧੀ

(ਸ) ਧਰਤੀ ਅਤੇ ਖੇਤੀਬਾੜੀ ਸੰਬੰਧੀ

(ਹ) ਲਲਿਤ ਕਲਾਵਾਂ ਅਤੇ ਖੇਡਾਂ ਸੰਬੰਧੀ

(ਕ) ਹਥਿਆਰਾਂ ਸੰਬੰਧੀ।

(ੳ) ਘਰੇਲੂ ਬਿੰਬ:

ਘਰੇਲੂ ਬਿੰਬਾਂ ਨੂੰ ਅਗੇ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ:-

(1) ਆਮ ਘਰੇਲੂ ਬਿੰਬ

(2) ਵਿਆਹੁਤਾ ਜੀਵਨ ਸੰਬੰਧੀ ਬਿੰਬ।

ਆਮ ਘਰੇਲੂ ਬਿੰਬ:

ਗੂੰਗਾ: ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿਧਾਰੇ॥
ਹਰਿ ਹਰਿ ਕਥਾ ਅਤਿ ਮੀਠੀ ਜਿਉ ਗੂੰਗਾ ਗਟਕ ਸਮਾਰੇ॥4॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ,ਪੰ. 980)

ਅਮਲੀ: ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥
(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

ਚੋਰ: ਏਕ ਗਿਰਹੁ ਦਸ ਦੁਆਰ ਹੈ ਜਾਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
(ਰਾਗ ਬਿਲਾਵਲ, ਆਦਿ ਗ੍ਰੰਥ,ਪੰ. 836)

ਸ਼ਰਾਬੀ: ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥19॥
(ਗਉੜੀ ਕੀ ਵਾਰ, ਆਦਿ ਗ੍ਰੰਥ,ਪੰ.1311)

ਓਡਾ: ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ॥2॥
(ਰਾਗ ਬਸੰਤ, ਆਦਿ ਗ੍ਰੰਥ, ਪੰ. 1179)

ਵੇਗਾਰੀ: ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ॥
ਵੇਗਾਰਿ ਫਿਰੈ ਸਿਰਿ ਭਾਰ ਉਠਾਇਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 166)

ਘੁਮਿਆਰ: ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰ ਭਵਾਈਐ॥
(ਰਾਗ ਆਸਾ, ਆਦਿ ਗ੍ਰੰਥ,ਪੰ. 442)

ਭਾਂਡੇ: ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ॥
ਜੋ ਪਾਵਹਿ ਭਾਂਡੇ ਵਿਚ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵਿਚਾਰਾ॥
(ਰਾਗ ਆਸਾ, ਆਦਿ ਗ੍ਰੰਥ, ਪੰ. 449)

ਕਪੜਾ: ਮਨੁ ਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗ ਨ ਹੋਇ॥
(ਰਾਗਸਿਰੀ ਰਾਗੁ, ਆਦਿ ਗ੍ਰੰਥ, ਪੰਨੇ 39-40 )

ਪਰਦਾ: ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ,ਪੰ. 1308)

ਤਾਕ: ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ॥੧ ॥
(ਰਾਗ ਕਾਨੜਾ, ਆਦਿ ਗ੍ਰੰਥ,ਪੰ. 1295)

ਇਸਤਰੀ ਦੇ ਰੂਪ:

ਸੋਹਾਗਣ: ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ॥ (ਰਾਗ ਸਿਰੀ ਰਾਗ,ਆਦਿ ਗ੍ਰੰਥ,ਪੰ.41)

ਜਨਨੀ: ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥

ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥ (ਰਾਗ ਗਉੜੀ, ਆਦਿ ਗ੍ਰੰਥ, ਪੰਨੇ 165-66)

ਗੋਲੀ: ਅਪੁਨੇ ਹਰਿਪ੍ਰਭ ਕੀ ਹਉ ਗੋਲੀ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 168)

ਦੋਹਾਗਣ: ਓਹ ਘਰਿ ਘਰਿ ਹੀਂਡੇ ਜਿਉ ਰੰਨ ਦੋਹਾਗਣਿ ਉਸੁ ਨਾਲਿ

ਮੁਹ ਜੋੜੇ ਓਸੁ ਭੀ ਲਛਣ ਲਾਇਆ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰਨੇ 303-304)

ਵੇਸਵਾ: ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥

ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥੧॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 528)

ਪਾਨ ਸੁਪਾਰੀਆਂ ਖਾਂਦੀਆਂ ਇਸਤਰੀਆਂ

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥

ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥

(ਰਾਗ ਤਿਲੰਗ, ਆਦਿ ਗ੍ਰੰਥ, ਪੰ. 726)

ਸ਼ਿੰਗਾਰ: ਜਿਸੁ ਕਾਰਣਿ ਹਉ ਸੀਗਾਰ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ. 561)

ਪਹਿਰਾਵਾ: ਹਰਿਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ॥

(ਰਾਗ ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰ. 593)

ਮਹਿੰਦੀ: ਪ੍ਰਭਿ ਆਪਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਾਈਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 837)

ਅੰਜਨ: ਹਰਿਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥

(ਕਾਨੜੇ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ. 1317)

ਚੋਲੀ: ਹਰਿ ਪ੍ਰੇਮ ਕਸਾਈ ਦਿਨਸੁ ਰਾਤ ਹਰਿ ਰਤੀ ਹਰਿ ਰੰਗਿ ਚੋਲੇ॥

(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰ. 1426)

ਗਹਿਣਾ (ਮੋਤੀ ਚੂਰ): ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀ ਚੂਰੁ ਵਡਗਹਨ ਗਹਨਈਆ॥

ਰਾਗ ਬਿਲਾਵਲ, ਆਦਿ ਗ੍ਰੰਥ, ਪੰ. 836)

<u>ਵਿਆਹ ਅਤੇ ਵਿਆਹੁਤਾ ਜੀਵਨ ਸੰਬੰਧੀ:</u>

ਵਿਆਹ: ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿਰਾਮ ਜੀਉ॥

ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿਰਾਮ ਜੀਉ॥

ਪਤੀ ਵਾਜਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥

ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 733)

ਜੰਞ: ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 775)

ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 775)

ਪੇਕਾ ਘਰ, ਸਹੁਰਾ ਘਰ:

ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ।

ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 78)

ਇਸਤਰੀ, ਮਰਦ: ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1263)

ਸੇਜ: ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 773)

<u>(ਅ) ਪਦਾਰਥਾਂ ਸੰਬੰਧੀ ਬਿੰਬ:</u>

ਧਨ, ਪੂੰਜੀ:- ਰਾਮਨਾਮੁ ਧਨੁ ਪੂੰਜੀ ਸਿਰੀ ਨ ਡੂਬੈ ਨ ਜਾਈ॥ (ਰਾਗ ਆਸਾ, ਆਦਿ ਗ੍ਰੰਥ, ਪੰ. 444)

ਮਣੀ: ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 446)

ਹੀਰਾ: ਹੀਰੇ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ॥੧॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 306)

ਰਤਨ, ਜਵਾਹਰ ਅਤੇ ਮਾਣਕ:

ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ॥

(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 880)

ਕਸਵਟੀ: ਮਨੁ ਨਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥ (ਰਾਗ ਆਸਾ, ਆਦਿ ਗ੍ਰੰਥ, ਪੰਨੇ 448-49)

ਪੱਥਰ: ਮਨਮੁਖ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1244)

ਲੋਹਾ: ਬਿਨੁ ਸਤਿਗੁਰੁ ਭੇਟੇ ਕੰਚਨੁ ਨ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥3॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 40)

ਕਾਗਜ਼: ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਵੈ॥3॥

(ਰਾਗ [illegible]ੜੀ ਆਦਿ [illegible] ਪੰ. 171

ਲੂਣ: ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ॥13॥

(ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

<u>(ਦ) ਵਣਜ ਅਤੇ ਵਾਪਾਰ ਸੰਬੰਧੀ:</u>

ਨਗਰ: ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ।

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1336)

ਕਿਲ੍ਹਾ, ਹੱਟੀਆਂ: ਕਾਇਆਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

ਹਟਵਾਣੀਆ, (ਲਾਲਾ) ਅਤੇ ਗੁਲਾਮ: ਬਿਖੁ ਸੰਚੈ ਹਟਵਾਣੀਆ ਬਹੁ ਹਾਟਿ ਕਮਾਇ॥
ਮੋਹੁ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 166)

ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ॥
ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿਨਾਮੁ ਕਢਾਈ॥

(ਰਾਗ ਗਉੜੀ, ਆਦਿ ਗ੍ਰੰਥ, ਪੰ. 166)

ਵਪਾਰੀ: ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝਣ ਕਢੈ
ਕੈ ਵਾਪਾਰੀਏ ਨਾਲ ਹਰਿ ਧਨੁ ਲਇਆ ਨ ਜਾਈ।2॥

(ਰਾਗ ਸੂਹੀ, ਆਦਿ ਗ੍ਰੰਥ, ਪੰ. 734)

ਜੌਹਰੀ: ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ॥3॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

ਸਰਾਫ਼: ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਸਾਰਾ॥

(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 720)

ਤਰਾਜੂ: ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 605)

ਵਣਜਾਰੇ: ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ.313)

ਸਉਦਾਗਰ: ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ॥
ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ॥(ਰਾਗ ਗਉੜੀ, ਆਦਿ ਗ੍ਰੰਥ, ਪੰ. 166)

ਜਹਾਜ਼: ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ॥
ਠਾਕ ਨ ਸਚੈ ਬੋਹਿਥੈ ਜੇ ਗੁਰ ਧੀਰਕ ਦੇਇ॥(ਰਾਗ ਮਾਰੂ, ਆਦਿ ਗ੍ਰੰਥ, ਪੰ. 1087)

ਬੇੜੀ: ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮ ਦ੍ਰਿੜਾਏ॥

(ਰਾਗ ਆਸਾ, ਆਦਿ ਗ੍ਰੰਥ, ਪੰ. 443)

(ਸ) ਧਰਤੀ ਅਤੇ ਖੇਤੀਬਾੜੀ ਸੰਬੰਧੀ:

ਕਿਰਸਾਨ, ਖੇਤ: ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ॥

ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 166)

ਹਰਿ ਪ੍ਰਭ ਕਾ ਸਭੁ ਖੇਤ ਹੈ ਹਰਿ ਆਪਿ ਕਿਰਸਾਣੀ ਲਾਇਆ॥

ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲ ਗਵਾਇਆ॥

ਸਭੁ ਕੋ ਬੀਜੈ ਆਪਣੇ ਭਲੇ ਕੋ ਹਰਿ ਭਾਵੈ ਸੋ ਖੇਤ ਜਮਾਇਆ॥

ਕਿਲਵਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਣਿ ਲੁਣੇ॥

(ਰਾਗ ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 304)

ਰਾਹਕ, ਧਰਤੀ: ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਈ ਪੀਸਾਵੈ॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 550)

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 302)

ਸਭ ਧਰਤਿ ਭਈ ਹਰਿਆਵਲੀ ਅੰਨੁ ਜੰਮਿਆ ਬੋਹਲਿ ਲਾਇ॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1250)

(ਹ) ਲਲਿਤ ਕਲਾਵਾਂ ਅਤੇ ਖੇਡਾਂ ਸੰਬੰਧੀ:

ਰਾਗੀ: [illegible], ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ॥

ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗ ਮੇਰਾ ਮਨੁ ਰਾਮ ਗੁਨ ਗਾਵੈ॥2॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

ਨ੍ਰਿਤਕ: ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ॥

ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ॥3॥

(ਰਾਗ ਆਸਾ, ਆਦਿ ਗ੍ਰੰਥ, ਪੰ. 368)

ਨਟੂਆ: ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 798)

ਸੂਤਰਧਾਰ: ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ॥7॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 507)

ਅਖਾੜਾ: ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 308)

ਬਾਜ਼ੀ: ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1311)

ਲੁੜੀ: ਜਨ ਨਾਨਕ ਨਾਮੁ ਸਲਾਹਿ ਤੂ ਲੁੜਿ ਲੁੜਿ ਦਰਗਹਿ ਵੰਞੁ॥੧॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1318)

ਘੂਮਰ: ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਉਮਾਹਾ ਰਾਮ॥2॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

(ਕ) ਹਥਿਆਰਾਂ ਸੰਬੰਧੀ:

ਤੀਰ: ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮਰਾਜੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

ਖੜਗ: ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ॥3॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1324)

(4) ਰਾਜਨੀਤਕ ਜੀਵਨ ਸੰਬੰਧੀ ਬਿੰਬ:

ਗੁਰੂ ਰਾਮਦਾਸ ਜੀ ਨੇ ਜਿਥੇ ਧਾਰਮਕ ਭੇਖੀਆਂ ਅਨੈਤਕ ਵਿਅਕਤੀਆਂ ਅਤੇ ਵਰਣ ਆਸ਼੍ਰਮ ਵਿਵਸਥਾ ਦੀ ਆਲੋਚਨਾ ਕੀਤੀ ਹੈ, ਉਥੇ ਹਾਕਮ ਅਤੇ ਅਮੀਰ ਸ਼੍ਰੇਣੀ ਦੀਆਂ ਪਦਾਰਥਕ ਪ੍ਰਾਪਤੀਆਂ ਦੀ ਖੁਸ਼ੀ ਦੀ ਅਸਥਿਰਤਾ ਨੂੰ ਦਰਸਾ ਕੇ ਪਰਮਾਤਮਾ ਦੇ ਨਾਮ ਦੇ ਆਸਰੇ ਨੂੰ ਲੋਕਾਂ ਦੇ ਮਨਾਂ ਵਿਚ ਦ੍ਰਿੜ ਕੀਤਾ ਹੈ। ਐਸ਼ਵਰਜ ਜੀਵਨ ਨੂੰ ਉਨ੍ਹਾਂ ਨੇ, ਰਾਜੇ, ਮਲੂਕ, ਪਾਤਿਸ਼ਾਹ, ਸ਼ਿਕਦਾਰ, ਨਰਪਤੀ, ਭੂਪਤੀ, ਖਾਨ, ਉਮਰਾਵ, ਧਨਵੰਤ, ਮਿਲਖਵੰਤ ਅਤੇ ਚੌਧਰੀ ਆਦਿ ਦੇ ਸੁੰਦਰ ਮਹਲਾਂ ਵਿਚ ਰਹਿੰਦਿਆਂ, ਵਧੀਆ ਨਸਲ ਦੇ ਘੋੜੇ ਅਤੇ ਤਰ੍ਹਾਂ ਤਰ੍ਹਾਂ ਦੀਆਂ ਖੁਰਾਕਾਂ ਖਾਂਦਿਆਂ ਦੇ ਸਜੀਵ ਚਿਤਰਾਂ ਨੂੰ ਅੱਖਾਂ ਸਾਹਮਣੇ ਪ੍ਰਗਟ ਕੀਤਾ ਹੈ। ਇਥੇ ਅਸੀਂ ਕੁਝ ਉਦਾਹਰਣਾਂ ਨਿਮਨਲਿਖਤ ਦੇ ਰਹੇ ਹਾਂ:-

— ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਖੜੇ ਸਭਿ ਕਲਿਆ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

— ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥ (ਸੋਰਠ ਕੀ ਵਾਰ, ਆਦਿ ਗ੍ਰੰਥ, ਪੰ. 645)

— ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ॥

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1200)

— ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ
ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥
(ਰਾਗ ਗੌਂਡ, ਆਦਿ ਗ੍ਰੰਥ, ਪੰ. 861)

— ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥ (ਰਾਗ ਗੌਂਡ, ਆਦਿ ਗ੍ਰੰਥ, ਪੰ. 861)

— ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ॥
ਕਰਿ ਕਰਿ ਹੇਤੁ ਵਧਾਇਦੇ ਪਰਦਰਬੁ ਚੁਰਾਇਆ॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1245)

— ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥
ਗੜ੍ਹ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ॥
ਸੋਇਨ ਸਾਖਤਿ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ॥
ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨੀ ਮਨਮੁਖਿ ਦੁਖੁ ਪਾਈ॥23॥
(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1246)

— ਗੜਿ ਕਾਇਆ ਸੀਗਾਰ ਬਹੁ ਭਾਂਤਿ ਬਣਾਈ॥
ਰੰਗ ਪਰੰਗ ਕਤੀਫਿਆ ਪਹਰਹਿ ਧਰਮਾਈ॥
ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ॥
ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ॥ (ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ.1246)

— ਸਾਹਿਬ ਜਿਸ ਕਾ ਨੰਗਾ ਹੋਵੈ ਤਿਸ ਕਾ ਨਫਰੁ ਕਿਥਹੁ ਰਜਿ ਖਾਇ॥
(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 306)

**(5) ਪੌਰਾਣਿਕ ਬਿੰਬ:**

ਗੁਰੂ ਰਾਮਦਾਸ ਜੀ ਇਕ ਸੰਵੇਦਨਸ਼ੀਲ ਸਜਗ ਕਲਾਕਾਰ ਸਨ। ਉਨ੍ਹਾਂ ਨੇ ਜੀਵਨ ਦੀਆਂ ਸਾਰੀਆਂ ਦਿਸ਼ਾਵਾਂ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ। ਗੁਰੂ ਰਾਮਦਾਸ ਜੀ ਪੌਰਾਣਕ ਵਿਰਸੇ ਵਿਚੋ ਵੀ ਬਿੰਬ ਸਿਰਜੇ ਹਨ। ਇਨ੍ਹਾਂ ਵਿਚੋਂ ਵੀ ਬਹੁਤੇ ਬਿੰਬ ਕ੍ਰਿਸ਼ਣ ਦੀ ਪੌਰਾਣਕ ਕਥਾ ਤੇ ਆਧਾਰਤ ਹਨ। ਇਨ੍ਹਾਂ ਬਿੰਬਾਂ ਰਾਹੀਂ ਉਨ੍ਹਾਂ ਨੇ ਡੂੰਘੇ ਵਿਚਾਰ ਅਤੇ ਜੀਵਨ ਦ੍ਰਿਸ਼ਟੀ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਉਹ ਪ੍ਰਕ੍ਰਿਤੀ ਨੂੰ ਬ੍ਰਹਮ ਦੇ ਪ੍ਰਤੀਕ ਰੂਪ ਵਿਚ ਲੈਂਦੇ ਹਨ। ਉਨ੍ਹਾਂ ਦੇ ਕਾਵਿ ਵਿਚ ਪ੍ਰਯੁਕਤ ਬ੍ਰਹਮ ਦਾ ਬਿੰਬ ਵੀ ਪਰਮਾਤਮਾ ਦੀ ਨਿਰਲੇਪਤਾ ਅਦ੍ਵੈਤਤਾ ਦਾ ਬੋਧਕ ਹੀ ਹੈ। ਇਸ ਵਰਗ ਦੇ ਬਿੰਬਾਂ ਦੀਆਂ ਨਿਮਨਲਿਖਤ ਕੁਝ ਕੋਣਵੀਆਂ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:—

ਕ੍ਰਿਸ਼ਨ: ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 606)

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥3॥

(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 986)

ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥2॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1309)

ਬ੍ਰਹਮਾ: ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚ ਗੁਲਾਲ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 85)

ਦ੍ਰਿਸ਼ਟੀਪਰਕ ਬਿੰਬਾਂ ਦੇ ਅੰਤਰਗਤ ਅਸੀਂ ਗੁਰੂ ਰਾਮਦਾਸ ਜੀ ਦੇ ਪ੍ਰਕ੍ਰਿਤੀ ਅਤੇ ਜੀਵਨਪਰਕ ਬਿੰਬਾਂ ਦਾ ਅਧਿਅਨ ਕੀਤਾ। ਇਨ੍ਹਾਂ ਸਾਰੇ ਬਿੰਬਾਂ ਵਿਚ ਰੂਪ ਦਾ ਗੁਣ ਸੀ, ਜੋ ਪਾਠਕਾਂ ਦੀ ਕਲਪਨਾ ਰਾਹੀਂ ਸਾਕਾਰ ਹੋ ਕੇ ਭਾਵਾਂ ਨੂੰ ਉਭਾਰਦਾ ਹੈ। ਇੰਦ੍ਰਿਆਵੀ ਅਨੁਭਵ ਜੋ ਮਨੁੱਖ ਦੀਆਂ ਰੂਪ, ਰਸ, ਨਾਦ ਅਤੇ ਗੰਧ ਪ੍ਰਾਪਤ ਕਰਨ ਦੀਆਂ ਸ਼ਕਤੀਆਂ ਤੇ ਨਿਰਭਰ ਹੈ ਵਿਚ ਰੂਪ ਜਾਂ ਰੰਗ ਦੀ ਪ੍ਰਧਾਨਤਾ ਹੈ। 'ਰੰਗ' ਸ਼ਬਦ ਆਪਣੇ ਆਪ ਵਿਚ ਪ੍ਰਭਾਵ ਦਾ ਦ੍ਯੋਤਕ ਹੈ। ਗੁਰੂ ਰਾਮਦਾਸ ਜੀ ਭਾਰਤੀ ਕਾਵਿ ਰੂੜ੍ਹੀ ਅਨੁਸਾਰ ਅਨੁਰਾਗ ਦੇ ਲਾਲ ਰੰਗ ਦਾ ਪ੍ਰਯੋਗ ਕਰਕੇ ਸਜੀਵ ਬਿੰਬ ਉਸਾਰਦੇ ਹਨ। ਇਹ ਲਾਲ, ਚਲੂਲਾ ਜਾਂ ਮਜੀਠ ਰੰਗ ਸੁਹਾਗ ਦਾ ਚਿੰਨ੍ਹ ਹੈ। ਇਸ ਲਈ ਜਿਥੇ ਇਹ ਦੁਨਿਆਵੀ ਪਿਆਰ ਦਾ ਸੂਚਕ ਹੈ ਉਥੇ ਪਰਮਾਤਮਾ ਦੇ ਪਰਮਾਤਮਾ ਪ੍ਰਤੀ ਅਨਿੰਨ ਪਿਆਰ ਦਾ ਬੋਧਕ ਵੀ ਹੈ। ਇਥੇ ਉਨ੍ਹਾਂ ਦੇ ਕਾਵਿ ਵਿਚੋਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:-

ਰੰਗ: ਸਤਿ ਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ॥
ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥3॥

(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥(ਰਾਗ ਆਸਾ, ਆਦਿ ਗ੍ਰੰਥ, ਪੰ.448)

ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਮੇਰੀ ਚੋਲੀਐ॥੧॥ ਰਹਾਉ॥

(ਰਾਗ ਦੇਵ ਗੰਧਾਰੀ, ਆਦਿ ਗ੍ਰੰਥ, ਪੰ. 537)

ਹਰਿ ਰਾਂਗਿਓ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ ਰਾਂਗਾ॥

(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

### 11. ਸਪਰਸ਼ ਬਿੰਬ:

ਸਪਰਸ਼ ਰੂਪ ਵਿਚ ਅਸੀਂ ਜਿੰਨੇ ਤਰ੍ਹਾਂ ਦੇ ਸੰਵੇਦਨਾਤਮਕ ਅਨੁਭਵ ਕਰਦੇ ਹਾਂ, ਉਨ੍ਹਾਂ

ਸਾਰਿਆਂ ਨੂੰ ਧੁਨਿਆਤਮ ਰੂਪ ਵਿਚ ਵਿਅਕਤ ਕਰਨਾ ਕਠਿਨ ਹੈ। ਸਪਰਸ਼ ਇਕ ਤਰ੍ਹਾਂ ਨਾਲ ਸੰਪਰਕ ਸਥਾਪਤ ਕਰਨਾ ਜਾਂ ਸੰਪਰਕ ਵਿਚ ਆਉਣਾ ਹੈ ਅਤੇ ਇਹ ਵੀ ਪ੍ਰਤਖ ਛੂਹਣ ਦੀ ਕ੍ਰਿਆ ਨਾਲ।[36] ਗੁਰੂ ਰਾਮਦਾਸ ਜੀਵਨ ਦੀ ਇਸ ਸਜਗ ਅਨੁਭੂਤੀ ਨੂੰ ਉਦਾਹਰਣ ਲਈ ਨਿਮਨਲਿਖਤ ਬਿੰਬਾਂ ਰਾਹੀਂ ਪ੍ਰਗਟ ਕਰਦੇ ਹਨ:-

ਸਪਰਸ਼ ਬਿੰਬ: ਗੁਰਮੁਖਿ ਪ੍ਰਗਾਸੁ ਭਇਆ ਸਾਂਤਿ ਆਈ ਦੁਰਮਤਿ ਬੁਧਿ ਨਿਵਾਰੀ॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 607)

ਨਾਨਕ ਗੁਰਮੁਖਿ ਹਰਿ ਸਾਲਾਹਿਆ ਤਨੁ ਮਨੁ ਸੀਤਲੁ ਹੋਇ॥2॥

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1313)

ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ॥ ਰਹਾਉ॥

(ਰਾਗ ਜੈਤਸਰੀ, ਆਦਿ ਗ੍ਰੰਥ, ਪੰ. 698)

(ਅ) ਨਾਦ ਬਿੰਬ:

ਨਾਦ ਦੇ ਸੰਵੇਦਨ ਨੂੰ ਗ੍ਰਹਿਣ ਕਰਨ ਵਾਲੀ ਇੰਦਰੀ ਕੰਨ ਹੀ ਹੈ। ਨਾਦ ਸੌਂਦਰਯ ਕਾਵਿ ਨੂੰ ਰਮਣੀਕ ਅਤੇ ਸਮਰਣੀਯ ਬਣਾਉਂਦਾ ਹੈ।[37] ਗੁਰੂ ਰਾਮਦਾਸ ਕਾਵਿ ਵਿਚ ਨਾਦ ਸੌਂਦਰਯ ਅਤੇ ਭਾਵ ਸੌਂਦਰਯ ਦਾ ਅਲੌਕਿਕ ਸੁਮੇਲ ਮਿਲਦਾ ਹੈ। ਉਨ੍ਹਾਂ ਦੇ ਪ੍ਰਯੋਗ ਕੀਤੇ ਅਨੁਪ੍ਰਾਸ ਅਲੰਕਾਰਾਂ ਵਿਚ ਨਾਦ ਬਿੰਬਾਂ ਦੀਆਂ ਅਨੇਕਾਂ ਸੁੰਦਰ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ। ਗੁਰੂ ਰਾਮਦਾਸ ਜੀ ਦੇ ਸਿਰਜੇ ਨਾਦ ਬਿੰਬ ਸਾਡੀ ਕਲਪਨਾ ਅਤੇ ਵਿਚਾਰ ਨੂੰ ਜਗਾਂਦੇ ਹਨ। ਦ੍ਰਿਸ਼ਯਾਤਮਕ ਬਿੰਬਾਂ ਦੇ ਮੁਕਾਬਲੇ ਤੇ ਨਾਦਾਤਮਕ ਬਿੰਬਾਂ ਦੀ ਵਰਤੋਂ ਘਟ ਹੋਈ ਹੈ। ਇਨ੍ਹਾਂ ਬਿੰਬਾਂ ਰਾਹੀਂ ਮੁਖ ਰੂਪ ਵਿਚ ਰਹੱਸਾਤਮਕ ਸੱਤਾ ਦੇ ਮੇਲ ਅਨੁਭਵ ਰਾਹੀਂ ਪੈਦਾ ਹੋਈ ਸਥਿਤੀ ਦਾ ਚਿਤਰਣ ਹੋਇਆ ਹੈ। ਨਿਮਨਲਿਖਤ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:-

— ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜਘਰਿ ਆਵੈਗੋ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥3॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ॥3॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 42)

---

36. ਰਾਜਕਮਲ, (ਡਾ.), ਸੰਵੇਦਨਾ ਔਰ ਸੌਂਦਰਯ, (1976) ਔਰੰਗਾਬਾਦ: ਨਮਿਤਾ ਪ੍ਰਕਾਸ਼ਨ, ਪੰਨੇ 21-23.
37. ਸ਼ਿਵਚਰਨ ਸ਼ਰਮਾ 'ਮਧੁਰ' (ਡਾ.), ਬਿਹਾਰੀ-ਸਤਸਈ ਮੇਂ ਬਿੰਬ ਵਿਧਾਨ, ਪੰ. 245.

— ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ॥

(ਰਾਗ ਗਉੜੀ, ਆਦਿ ਗ੍ਰੰਥ,ਪੰ. 172)

— ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥2॥

(ਰਾਗਸੂਹੀ, ਆਦਿ ਗ੍ਰੰਥ,ਪੰਨੇ 773–74)

— ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥

(ਕਾਨੜੇ ਕੀ ਵਾਰ, ਆਦਿ ਗ੍ਰੰਥ,ਪੰਨੇ 1315-16)

— ਜਿਹਵਾ ਹਰਿ ਰਸਿ ਰਹੀ ਅਘਾਇ॥ ਗੁਰਮੁਖਿ ਪੀਵੈ ਸਹਜਿ ਸਮਾਇ॥੧॥

(ਰਾਗ ਸੂਹੀ, ਆਦਿ ਗ੍ਰੰਥ, ਪੰ. 733)

— ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ ਘਰਿ ਵਾਜੇ ਸਬਦ ਘਨੇਰੇ ਰਾਮ॥2॥

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 538)

— ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ॥

(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1113)

— ਚਾਤ੍ਰਿਕ ਮੋਰ ਬੋਲਤੁ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ॥2॥
ਜੋ ਬੋਲਤ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਪਤ ਹੈ ਨਹੀਂ ਹੋਰ॥3॥

(ਰਾਗ ਮਲਾਰ, ਆਦਿ ਗ੍ਰੰਥ,ਪੰ. 1265)

— ਕਨਿਕ ਕਿਨਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

— ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੇ॥

(ਰਾਗ ਸੋਰਠ, ਆਦਿ ਗ੍ਰੰਥ, ਪੰ. 605)

(iv) ਗੰਧ ਬਿੰਬ:

ਗੁਰੂ ਰਾਮਦਾਸ ਜੀ ਨੇ ਥੋੜੀ ਮਾਤਰਾ ਵਿਚ ਗੰਧਾਤਮਕ ਬਿੰਬਾਂ ਦੀ ਸਿਰਜਨਾ ਕਰਕੇ ਆਪਣੀ ਦ੍ਰਿਸ਼ਟੀ ਦੀ ਗ੍ਰਹਿਣਸ਼ੀਲਤਾ ਅਤੇ ਤੀਬਰ ਕੋਮਲ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਗੰਧਾਤਮਕ ਬਿੰਬਾਂ ਦੀ ਗਿਣਤੀ ਦ੍ਰਿਸ਼ਯਾਤਮਕ ਬਿੰਬਾਂ ਨਾਲੋਂ ਘਟ ਹੈ। ਉਨ੍ਹਾਂ ਨੇ ਸੁਗੰਧਾਤਮਕ ਅਤੇ ਦੁਰਗੰਧਾਤਮਕ ਦੋਨਾਂ ਤਰ੍ਹਾਂ ਦੇ ਬਿੰਬਾਂ ਦੀ ਸਿਰਜਨਾ ਕੀਤੀ ਹੈ। ਨਿਮਨਲਿਖਤ ਕੁਝ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ:-

— ਨਾਮੇ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ॥੧॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ,ਪੰ. 981)

—

ਕ— ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਹਰਿ ਕੇ ਜਨ ਉਤਮ ਜਨਕ ਜਨਾਕ॥
ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ॥3।

(ਰਾਗ ਕਾਨੜਾ, ਆਦਿ ਗ੍ਰੰਥ,ਪੰ. 1295)

— ਸੰਗਤਿ ਸਤਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ॥
ਸਭ ਨਰ ਮਹਿ ਪ੍ਰਾਨੀ ਉਤਮੁ ਹੋਵੈ ਰਾਮਨਾਮੈ ਬਾਸੁ ਬਸੀਜੈ॥8॥

(ਰਾਗ ਕਲਿਆਨ, ਆਦਿ ਗ੍ਰੰਥ,ਪੰ. 1325)

— ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ॥੧॥

(ਰਾਗ ਕਲਿਆਣ,ਆਦਿ ਗ੍ਰੰਥ,ਪੰਨੇ 1319)

— ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮ ਧਨੁ ਧੰਨਾ॥੧॥

(ਰਾਗ ਆਸਾ, ਆਦਿ ਗ੍ਰੰਥ,ਪੰਨੇ 448-49)

— ਖਿਨ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮੁ॥
ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 442)

— ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ॥

(ਰਾਗ ਰਾਮਕਲੀ, ਆਦਿ ਗ੍ਰੰਥ,ਪੰ. 881)

**(੫) ਰਸ ਪਰਕ ਬਿੰਬ।**

ਰਸਨਾ ਇੰਦਰੀ ਤੋਂ ਪਦਾਰਥਾਂ ਦੀ ਸਵਾਦਗਤ ਵਿਸ਼ੇਸ਼ਤਾਵਾਂ ਦੀ ਪ੍ਰਤੀਤੀ ਹੁੰਦੀ ਹੈ। ਕਾਵਿ ਵਿਚ ਪਦਾਰਥਾਂ ਦੇ ਸਵਾਦਗਤ ਧਰਮ ਦਾ ਪ੍ਰਸੰਗ ਆਉਂਦੇ ਹੀ ਪਾਠਕ ਦੀ ਚੇਤਨਾ ਵਿਚ ਸਵਾਦ ਦਾ ਪ੍ਰਤਖੀਕਰਨ ਹੋਣ ਤੋਂ ਰਸਾਤਮਕ ਬਿੰਬ ਦੀ ਸ੍ਰਿਸ਼ਟੀ ਹੁੰਦੀ ਹੈ।[38] ਗੁਰੂ ਰਾਮਦਾਸ ਜੀ ਇਨ੍ਹਾਂ ਬਿੰਬਾਂ ਰਾਹੀਂ ਰਹੱਸ-ਅਨੁਭੂਤੀ ਦੀ ਲੀਨਤਾ ਦੀ ਅਵਸਥਾ ਦਾ ਰਸਾਤਮਕ ਚਿਤ੍ਰਣ ਕਰਦੇ ਹਨ। ਨਿਮਨਲਿਖਤ ਕੁਝ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ:-

ਰਸ ਬਿੰਬ: ਮਿਲਿ ਸਤ ਸੰਗਤਿ ਪਰਮਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ॥2॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982 )

-ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸ ਪੀਜੈ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1325)

---

38. ਸ਼ਿਵਚਰਣ ਸ਼ਰਮਾ ਮਧੁਰ,(ਡਾ.), ਬਿਹਾਰੀ-ਸਤਸਈ ਮੇਂ ਬਿੰਬਵਿਧਾਨ, ਪੰ. 285.

— ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤ ਛਕਿ ਛਕੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

— ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤ ਬੁਰਕੇ ਰਾਮਰਾਜੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

— ਗੁਰਮੁਖਿ ਨਾਮੁ ਸੀਤਲ ਜਲੁ ਪਾਇਆ ਹਰਿ ਹਰਿ ਨਾਮੁ ਪੀਆ ਰਸੁ ਝੋਕ॥੧॥ ਰਹਾਉ॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ. 1336)

— ਰਸੁ ਹਰਿ ਰਸੁ ਰਸ ਹਰਿ ਗਾਟ॥
ਹਰਿ ਹੋ ਹੋ ਲਿਖੇ ਲਿਲਾਟ॥੧॥ ਰਹਾਉ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1308)

— ਗੁਰ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੈ॥੧॥ ਰਹਾਉ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 731)

— ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 447)

— ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮਾਰੈ॥4॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.980)

— ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥

(ਰਾਗ ਵਡਹੰਸ, ਆਦਿ ਗ੍ਰੰਥ, ਪੰ. 593)

— ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥2॥

(ਰਾਗ ਗਉੜੀ, ਆਦਿ ਗ੍ਰੰਥ, ਪੰਨੇ 169-70)

ਗੁਰੂ ਰਾਮਦਾਸ ਜੀ ਦੀ ਕਵਿਤਾ ਦੀਆਂ ਸਤਰਾਂ ਇਕ ਨਰੋਏ ਬਿਰਖ ਦੀ ਤਰ੍ਹਾਂ ਕਾਵਿ-ਬਿੰਬਾਂ ਦੇ ਸ਼ਗੂਫਿਆਂ ਨਾਲ ਲੱਦੀਆਂ ਪਈਆਂ ਹਨ। ਇਹ ਰੂਪ-ਰਸ ਰੰਗ ਦੀਆਂ ਸੁੰਦਰ ਤਸਵੀਰਾਂ ਹਨ। ਗੁਰੂ ਰਾਮਦਾਸ ਜੀ ਨੇ ਹਰ ਆਤਮਕ, ਮਾਨਸਕ ਅਤੇ ਸਰੀਰਕ ਤਜਰਬੇ ਨੂੰ ਰੂਪਮਾਨ ਕੀਤਾ ਹੈ। ਬਿੰਬਾਂ ਦੇ ਇਸ ਰੂਪ ਨੂੰ ਅਸੀਂ ਵੇਖ, ਚੱਖ, ਸੁਣ ਸਕਦੇ ਹਾਂ।[39] ਉਹਨਾਂ ਦੀਆਂ ਕਾਵਿ ਸਤਰਾਂ ਦੇ ਸੰਗੀਤ ਦੀ ਸਾਡੇ ਮਨ ਅੰਦਰ ਝੰਕਾਰ ਹੁੰਦੀ ਰਹਿੰਦੀ ਹੈ। ਇਹ ਬਿੰਬ ਅੰਤਰ ਮਨ ਤਕ ਲਹਿ ਜਾਣ ਵਾਲੇ ਹਨ। ਗੁਰੂ ਰਾਮਦਾਸ ਜੀ ਦਾ ਕਾਵਿ ਬਿੰਬ-ਵਿਧਾਨ ਨਿਰਸੰਦੇਹ ਉਨ੍ਹਾਂ ਦੇ ਬਹੁਪਖੀ ਅਨੁਭਵ ਦਾ ਲਖਾਇਕ ਹੈ।

ਗੁਰੂ ਰਾਮਦਾਸ ਜੀ ਦੀ ਕਵਿਤਾ ਦੇ ਸੌਂਦਰਯ ਨੂੰ ਉਭਾਰਨ ਵਿਚ ਉਨ੍ਹਾਂ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਬੜਾ ਯੋਗਦਾਨ ਹੈ। ਉਨ੍ਹਾਂ ਦੇ ਸਿਰਜੇ ਬਿੰਬ ਮਨੁੱਖੀ ਭਾਵਾਂ ਨੂੰ ਹਲੂਣ ਕੇ ਕਵਿਤਾ ਵਿਚਲੇ

---

39. ਜੋਧ ਸਿੰਘ(ਡਾ.), 'ਗੁਰੂ ਰਾਮਦਾਸ' ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ, (ਚੰਡੀਗੜ੍ਹ, 1973), ਭਾਗ ਪਹਿਲਾ, ਪੰ. 244.

ਸੋਚ ਨੂੰ ਵਧੇਰੇ ਬਲਵਾਨ ਤੇ ਜੀਵੰਤ ਬਣਾਉਂਦੇ ਹਨ।

ਗੁਰੂ ਰਾਮਦਾਸ ਜੀ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਖੇਤਰ ਜੀਵਨ ਵਾਂਗ ਵਿਸ਼ਾਲ ਹੈ। ਉਨ੍ਹਾਂ ਨੇ ਆਤਮਾ ਪਰਮਾਤਮਾ ਅਤੇ ਜਗਤ ਦੇ ਰਹੱਸ ਨੂੰ ਵਿਅਕਤ ਕਰਨ ਲਈ ਬਿੰਬਾਂ ਨੂੰ ਮਾਧਿਅਮ ਵਜੋਂ ਪ੍ਰਯੋਗ ਕੀਤਾ ਹੈ। ਪ੍ਰਕ੍ਰਿਤੀ ਅਤੇ ਜੀਵਨ ਦੀ ਵਿਵਧਤਾ ਵਿਚੋਂ ਬਿੰਬ ਲੈ ਕੇ ਆਪਣੇ ਅਨੁਭਵ ਦੇ ਰਹੱਸ ਨੂੰ ਉਨ੍ਹਾਂ ਨੇ ਆਮ ਲੋਕਾਂ ਲਈ ਵਧੇਰੇ ਸਹਿਜ ਅਤੇ ਸੁੰਦਰ ਬਣਾਕੇ ਕਾਵਿ ਦੇ ਲੋਕ-ਕਲਿਆਣ ਮੰਤਵ ਨੂੰ ਦ੍ਰਿੜ ਕੀਤਾ ਹੈ। ਡਾ. ਜੋਧ ਸਿੰਘ ਦੇ ਸ਼ਬਦਾਂ ਵਿਚ, ਉਹ ਇਹੋ ਜਿਹੇ ਸੁਧਾਰਕ ਚਿਤਰ ਘੜਨ ਦੇ ਇਕ ਵੱਡੇ ਮਾਹਿਰ ਉਸਤਾਦ ਹਨ।[40] ਉਨ੍ਹਾਂ ਦੀ ਸਾਰੀ 'ਬਾਣੀ' ਵਿਚ ਇਹੋ ਜਿਹੇ ਚਿਤਰ ਪਾਣੀ ਦੇ ਬੂਰ ਵਾਂਗ ਖਿਲਰੇ ਹੋਏ ਹਨ।

ਗੁਰੂ ਰਾਮਦਾਸ ਜੀ ਪੂਰਬਲੇ ਗੁਰੂ-ਕਵੀਆਂ ਦੇ ਅਮੂਰਤ ਸੋਚ ਨੂੰ ਪਰਵਾਨ ਕਰਕੇ ਉਨ੍ਹਾਂ ਨਾਲੋਂ ਵਧੇਰੇ ਤੀਖਣਤਾ ਨਾਲ ਉਸ ਸੋਚ ਨੂੰ ਸੁਹਜ ਦੇ ਪੁੰਜ ਰੂਪ ਵਿਚ ਵਿਅਕਤ ਕਰਦੇ ਹਨ।[41] ਉਨ੍ਹਾਂ ਦੀ ਕਵਿਤਾ ਵਿਚ ਪਰਮਾਤਮਾ ਦਾ ਸੁੰਦਰ ਸਰੂਪ ਅਤੇ ਜੀਵ-ਆਤਮਾ ਦੀ ਪ੍ਰੇਮ ਦੇ ਭਾਵਾਂ ਨਾਲ ਪਰਿਪੂਰਣ ਅਵਸਥਾ ਅਮੂਰਤ ਨੂੰ ਅਨੁਪਮ ਸੁੰਦਰਤਾ ਰਾਹੀਂ ਪ੍ਰਗਟ ਕਰਕੇ, ਮਨੁੱਖੀ ਭਾਵਾਂ ਨੂੰ ਪਰਮ ਸੌਂਦਰਯ ਦੀ ਅਨੁਭੂਤੀ ਵਲ ਮੁਖਰਿਤ ਕਰਨ ਦਾ ਸਫਲ ਯਤਨ ਹੈ।

ਇਸ ਲਈ ਉਨ੍ਹਾਂ ਦੀ ਆਤਮਾ-ਪਰਮਾਤਮਾ ਦੇ ਮੇਲ ਸੰਬੰਧੀ ਪ੍ਰਯੋਗ ਕੀਤੀ ਬਿੰਬਾਵਲੀ ਵਿਚ ਪ੍ਰਗਟ ਹੋਈ ਭਾਵੁਕ ਤੀਬਰਤਾ, ਉਨ੍ਹਾਂ ਦੇ ਕਾਵਿ ਦਾ ਇਕ ਮੁਖ ਗੁਣ ਬਣ ਜਾਂਦੀ ਹੈ।

---

40. 'ਗੁਰੂ ਰਾਮਦਾਸ', ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ, ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ, ਭਾਗ ਪਹਿਲਾ, ਪੰਨੇ 243-44.
41. ਅਤਰ ਸਿੰਘ (ਡਾ.), ਗੁਰੂ ਰਾਮਦਾਸ ਜੀ ਦੀ ਬਾਣੀ ਦਾ ਸੁਹਜਾਤਮਕ ਪੱਖ' 'ਸਾਹਿਤ ਸਮਾਚਾਰ' ਅਕਤੂਬਰ, 1962, ਪੰ. 205.

## 2. <u>ਪ੍ਰਤੀਕ - ਯੋਜਨਾ</u>

### <u>(੧) ਪ੍ਰਤੀਕ ਦਾ ਸਰੂਪ :</u>

ਬਾਹਰੀ ਜਗਤ ਦੀ ਪ੍ਰਤਿਕ੍ਰਿਆ ਦੇ ਫਲਸਰੂਪ ਪ੍ਰਾਪਤ ਅਨੁਭਵ ਹੀ ਮਨੁੱਖੀ ਵਿਚਾਰਾਂ ਦੇ ਮੂਲ ਆਧਾਰ ਹਨ। ਮਨੁੱਖ ਮਸਤਕ ਵਿਚ ਇਨ੍ਹਾਂ ਅਨੁਭਵਾਂ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਇਨ੍ਹਾਂ ਵਿਚ ਕੁਝ ਪਰਿਵਰਤਨ ਕਰ ਦਿੰਦਾ ਹੈ। ਅਨੁਭਵਾਂ ਦਾ ਇਹ ਪਰਿਵਰਤਤ ਰੂਪ ਹੀ ਪ੍ਰਤੀਕ ਕਹਾਉਂਦੇ ਹਨ ਜੋ ਵਿਚਾਰਾਂ ਦੇ ਮੂਲ ਆਧਾਰ ਹਨ। ਮਨੁੱਖ ਦੇ ਮਸਤਕ ਵਿਚ ਪ੍ਰਤੀਕ ਨਿਰਮਾਣ ਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਰਿਟਸ਼ੇ ਆਪਣੀ ਪੁਸਤਕ 'ਦੀ ਨੈਚਰਲ ਹਿਸਟਰੀ ਆਫ ਮਾਈਂਡ' ਵਿਚ ਪ੍ਰਤੀਕ ਕ੍ਰਿਆ ਨੂੰ ਹੀ ਵਿਚਾਰ ਕ੍ਰਿਆ ਮੰਨਦਾ ਹੈ। ਪ੍ਰਤੀਕ ਨਿਰਮਾਣ-ਕ੍ਰਿਆ ਇਕ ਮਾਨਸਿਕ ਕ੍ਰਿਆ ਹੈ। ਇਹ ਪ੍ਰਤੀਕ ਹੀ ਮਨੁੱਖੀ ਮਸਤਕ ਨੂੰ ਸਮਝਣ ਦੀ ਕੁੰਜੀ ਹਨ।[1]

ਗਿਆਨ ਦੇ ਜਿੰਨੇ ਖੇਤਰ ਹਨ ਉਨ੍ਹਾਂ ਸਭ ਦਾ ਸੰਬੰਧ ਪ੍ਰਤੀਕ ਨਾਲ ਹੈ। ਮਨੁੱਖੀ ਗਿਆਨ ਨੂੰ ਮੁਖ ਰੂਪ ਵਿਚ ਕੁਝ ਵਿਭਾਗਾਂ ਵਿਚ ਵੰਡਕੇ ਉਸਦੇ ਪ੍ਰਤੀਕਵਾਦੀ ਦਰਸ਼ਨਾਂ ਦਾ ਵਿਵੇਚਨ ਕੀਤਾ ਜਾ ਸਕਦਾ ਹੈ। ਜਿਵੇਂ

ਧਾਰਮਿਕ ਪ੍ਰਤੀਕਵਾਦ, ਦਾਰਸ਼ਨਿਕ ਪ੍ਰਤੀਕਵਾਦ, ਮਨੋਵਿਗਿਆਨਕ, ਪ੍ਰਤੀਕਵਾਦ,
ਕਲਾਗਤ ਪ੍ਰਤੀਕਵਾਦ ਅਤੇ ਭਾਸ਼ਾਗਤ ਪ੍ਰਤੀਕਵਾਦ।

ਭਾਵੇਂ ਗਿਆਨ ਦੇ ਹੋਰ ਅਨੇਕ ਖੇਤਰ ਮੰਨੇ ਜਾ ਸਕਦੇ ਹਨ ਪਰ ਉਨ੍ਹਾਂ ਸਭ ਦਾ ਵਰਣਨ ਉਪਰੋਕਤ ਵਿਭਾਗਾਂ ਵਿਚ ਆ ਹੀ ਜਾਂਦਾ ਹੈ। ਵਿਸ਼ਵ ਪ੍ਰਕ੍ਰਿਤੀ, ਮਨੁਖ, ਸਭਿਅਤਾ, ਸੰਸਕ੍ਰਿਤੀ ਦਾ ਮਹੱਤਵ ਉਨ੍ਹਾਂ ਦੇ ਮਾਨਵ-ਮੂਲ ਸਾਪੇਖਕ ਹੋਣ ਵਿਚ ਹੈ। ਉਨ੍ਹਾਂ ਦੇ ਮਾਨਵ ਮੂਲ ਨੂੰ ਸਥਿਰ ਕਰਨ ਲਈ ਉਨ੍ਹਾਂ ਦੇ ਅਰਥ-ਤੱਤ ਨੂੰ ਰੂਪ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਕੰਮ ਪ੍ਰਤੀਕਾਂ ਦੁਆਰਾ ਹੀ ਸੰਭਵ ਹੈ।[2]

ਭਾਸ਼ਾ ਸ਼ਾਸਤਰੀਆਂ ਦੀ ਧਾਰਨਾ ਹੈ ਕਿ ਭਾਸ਼ਾ ਦਾ ਮੌਲਿਕ ਅਤੇ ਤਾਤਵਿਕ ਆਧਾਰ ਚਿੰਨ੍ਹ ਅਤੇ ਪ੍ਰਤੀਕ ਹਨ, ਜਿਨ੍ਹਾਂ ਨਾਲ ਵਿਚਾਰ, ਭੂਰਵੇਗ, ਇੱਛਾ ਆਦਿ ਦੀ ਹਮੇਸ਼ਾ ਅਭਿਵਿਅਕਤੀ ਹੁੰਦੀ ਰਹੀ ਹੈ। ਪ੍ਰਤੀਕਾਰਥ ਅਲੱਗ ਕਰ ਦੇਣ ਨਾਲ ਸ਼ਬਦਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ।[3]

---

1. ਮਿਥਿਲੇਸ਼ ਕਾਂਤੀ (ਡਾ.), <u>ਹਿੰਦੀ ਭਕਤੀ ਸ਼੍ਰਿੰਗਾਰ ਕਾ ਸ੍ਵਰੂਪ</u>, (ਕਾਨ੍ਹਪੁਰ, 1963), ਪੰ. 58.
2. ਲਖਸ਼ਮੀਆ ਬੀ. ਸੇਠੀ(ਡਾ.), <u>ਸੂਰ ਸਾਗਰ ਮੇਂ ਪ੍ਰਤੀਕ ਯੋਜਨਾ</u> (ਦਿੱਲੀ, ਮਿਤੀਹੀਨ), ਪੰ. 32.
3. ਪਦਮਾ ਅਗਰਵਾਲ (ਡਾ.) <u>ਪ੍ਰਤੀਕਵਾਦ</u>, (ਵਾਰਾਣਸੀ, ਸੰ. 2025 ਬਿ.), ਪੰ. 9.

ਮਨੁੱਖ ਆਪਣੀਆਂ ਅਨੁਭੂਤੀਆਂ ਦੀ ਵਧ ਤੋਂ ਵਧ ਵਿਸ਼ੁਧ ਅਭਿਵਿਅਕਤੀ ਚਾਹੁੰਦਾ ਹੈ। ਪਰ ਜਦੋਂ ਅਨੁਭਵ ਸਿੱਧੇ ਸਾਦੇ ਢੰਗ ਨਾਲ ਸਮੇਂ ਅਨੁਸਾਰ ਵਿਅਕਤ ਨਹੀਂ ਹੁੰਦਾ ਤਾਂ ਉਹ ਪ੍ਰਤੀਕਾਂ ਦਾ ਸਹਾਰਾ ਲੈਂਦਾ ਹੈ। ਮਨੁੱਖ ਦੀ ਵੈਖਰੀ ਬਾਣੀ ਕੇਵਲ ਵੈਖਰੀ ਹੈ, ਭੌਤਿਕ ਹੋਣ ਦੇ ਕਾਰਣ ਸੀਮਤ ਸਾਮਰਥ ਵਾਲੀ ਹੈ। ਇਸ ਲਈ ਉਸ ਵਿਚ ਸੰਪੂਰਣ ਅਨੁਭੂਤੀ ਨੂੰ ਵਿਅਕਤ ਕਰਨ ਦੀ ਸਮਰਥਾ ਨਾ ਕਦੇ ਸੀ ਅਤੇ ਨਾ ਅਜ ਹੈ।[4]

ਮਨੋਵਿਗਿਆਨਕਾਂ ਦਾ ਮੱਤ ਹੈ ਕਿ ਪ੍ਰਤੀਕ ਅਚੇਤਨ ਮਨ ਦੀਆਂ ਗੱਲਾਂ ਨੂੰ ਛੁਪਾ ਕੇ ਵਿਅਕਤ ਕਰਨ ਦੀ ਸਰਵੋਤਮ ਵਿਧੀ ਹੈ। ਫਰਾਇਡ ਆਦਿ ਅਨੁਸਾਰ ਇਹ ਸਦਾ ਕਾਮਾਤਮਕ ਹੁੰਦੇ ਹਨ। ਪਰ ਕੁਝ ਹੋਰ ਮਨੋਵਿਗਿਆਨਕਾਂ ਅਨੁਸਾਰ ਇਹ ਜ਼ਰੂਰੀ ਨਹੀਂ।[5] ਫਰਾਇਡ ਨੇ ਪ੍ਰਤੀਕਾਤਮਕ ਕਲਾ ਨੂੰ ਵਿਅਕਤੀਗਤ ਭਾਵਨਾਵਾਂ ਦੀ ਅਭਿਵਿਅਕਤੀ ਮਾਤਰ ਮੰਨਿਆ ਹੈ। ਯੁੰਗ ਉਸ ਕਲਾ ਨੂੰ ਪ੍ਰਤੀਕਾਤਮਕ ਮੰਨਦੇ ਹਨ ਜਿਸ ਵਿਚ ਮਾਨਵ ਦੀ ਜਾਤੀ ਵਿਸ਼ੇਸ਼ਤਾਵਾਂ ਦੀ ਛਾਇਆ ਦ੍ਰਿਸ਼ਟੀਗਤ ਹੋਵੇ।[6] ਫਰਾਇਡ ਪ੍ਰਤੀਕ ਨੂੰ ਰੂੜ੍ਹ ਮੰਨਦੇ ਹਨ। ਪਰ ਯੁੰਗ ਇਸ ਵਿਚਾਰ ਨਾਲ ਸਹਿਮਤ ਨਹੀਂ। ਉਹ ਪ੍ਰਤੀਕ ਨੂੰ ਗਤੀਸ਼ੀਲ ਮੰਨਦੇ ਹਨ। ਉਨ੍ਹਾਂ ਨੇ ਪ੍ਰਮਾਣਿਤ ਕੀਤਾ ਹੈ ਕਿ ਪ੍ਰਤੀਕ ਦੇ ਪ੍ਰਸੰਗ ਅਨੁਸਾਰ ਦੋ ਜਾਂ ਅਧਿਕ ਅਰਥ ਹੋ ਸਕਦੇ ਹਨ, ਅਰਥਾਤ ਪ੍ਰਤੀਕ ਦਾ ਨਿਸ਼ਚਤ ਅਰਥ ਨਹੀਂ ਹੁੰਦਾ।[7]

ਸਾਹਿਤ ਜਗਤ ਵਿਚ ਪ੍ਰਤੀਕਾਂ ਦਾ ਅਤਿ ਮਹੱਤਵ ਸਵੀਕਾਰ ਕੀਤਾ ਗਿਆ ਹੈ। ਸਾਹਿਤ ਵਿਚ ਜੋ ਭਾਸ਼ਾ ਦਾ ਸੁਸੰਘਟਿਤ, ਕਲਾਤਮਕ ਅਰਥਾਤ ਵਿਅੰਜਕ ਰੂਪ ਹੈ। ਉਸ ਵਿਚ ਪ੍ਰਤੀਕਾਂ ਦਾ ਅਧਿਕ ਮਾਤਰਾ ਵਿਚ ਪ੍ਰਯੋਗ ਹੁੰਦਾ ਹੈ।[8] ਸਾਹਿਤ ਵਿਚ ਮੁਖ ਤੌਰ ਤੇ ਪ੍ਰਤੀਕ ਦ੍ਰਿਸ਼ਯ ਜਗਤ ਨਾਲ ਹੀ ਸੰਬੰਧਿਤ ਹੁੰਦੇ ਹਨ। ਪ੍ਰਤੀਕ ਗਿਆਤ ਅਨੁਭਵਾਂ ਦੁਆਰਾ ਅਗਿਆਤ ਦੀ ਅਭਿਵਿਅਕਤੀ ਕਰਨ ਵਾਲੇ ਸਾਧਨ ਹਨ। ਧਿਆਨ ਰਖਣ ਦੀ ਗੱਲ ਹੈ ਕਿ ਜਿਥੇ ਉਹ ਅਗਿਆਤ ਦੀ ਅਭਿਵਿਅਕਤੀ ਤੋਂ ਦੂਰ ਹੋ ਕੇ ਸਰਵ-ਸਾਧਾਰਨ ਹੋ ਜਾਂਦੇ ਹਨ ਉਥੇ ਉਹ ਪ੍ਰਤੀਕ ਨਹੀਂ ਰਹਿੰਦੇ।

---

4. ਪ੍ਰੇਮ ਨਰਾਇਣ ਸ਼ੁਕਲ (ਡਾ.), ਸੰਤ ਸਾਹਿਤਯ, (ਕਾਨਪੁਰ, 1965), ਪੰ. 82
5. ਮਿਥਲੇਸ਼ ਕਾਂਤੀ (ਡਾ.) ਹਿੰਦੀ ਭਕਤੀ-ਸ਼ਿੰਗਾਰ ਕਾ ਸ੍ਵਰੂਪ, ਪੰ. 58.
6. ਲਖਸ਼ਮੀਆ ਬੀ.ਸ਼੍ਰੇਠੀ, (ਡਾ.), ਸੂਰਸਾਗਰ ਮੇਂ ਪ੍ਰਤੀਕ ਯੋਜਨਾ, ਪੰ. 34.
7. ਪਦਮਾ ਅਗਰਵਾਲ, (ਡਾ.), ਪ੍ਰਤੀਕਵਾਦ, ਪੰ. 15
8. ਉਹੀ, ਪੰ. 9.

ਪ੍ਰਤੀਕ ਦਾ ਸ਼ਾਬਦਿਕ ਅਰਥ ਚਿੰਨ ਜਾਂ ਸੰਕੇਤ ਹੈ। ਪਰ ਪ੍ਰਤੀਕ ਅਤੇ ਸੰਕੇਤ ਵਿਚ ਅੰਤਰ ਹੈ। ਪ੍ਰਤੀਕ ਜਿਥੇ ਅਦ੍ਰਿਸ਼ਯ ਪਦਾਰਥ ਨੂੰ ਵਿਅਕਤ ਕਰਨ ਵਾਲਾ ਹੈ, ਸੰਕੇਤ ਦ੍ਰਿਸ਼ਯ ਪਦਾਰਥ ਦਾ ਬੋਧਕ ਹੈ। ਦੂਜਾ ਭੇਦ ਇਹ ਹੈ ਕਿ ਜਿਥੇ ਪ੍ਰਤੀਕ ਵਿਚ ਕਲਾਤਮਿਕਤਾ ਹੁੰਦੀ ਹੈ, ਸੰਕੇਤ ਵਿਚ ਸਿਰਫ ਸੰਕੇਤਿਕਤਾ।[9] ਪਰ ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ (ਅਥਵਾ ਗੋਚਰ) ਵਸਤੂ ਦੇ ਲਈ ਕੀਤਾ ਜਾਂਦਾ ਹੈ, ਜੋ ਕਿਸੇ ਅਦ੍ਰਿਸ਼ (ਅਗੋਚਰ ਜਾਂ ਅਪ੍ਰਸਤੁਤ) ਵਿਸ਼ੇ ਦਾ ਪ੍ਰਤੀਵਿਧਾਨ ਉਸਦੇ ਨਾਲ ਆਪਣੇ ਸਹਿਚਾਰ ਦੇ ਕਾਰਨ ਕਰਦੀ ਹੈ। ਅਰਥਾਤ ਆਪਣੇ ਸਮਾਨ ਗੁਣਾਂ ਜਾਂ ਵਿਸ਼ੇਸ਼ਤਾਵਾਂ ਅਥਵਾ ਮਾਨਸਿਕ ਸੰਬੰਧ ਦੇ ਕਾਰਣ, ਜਿਸ ਵਸਤੂ ਨੂੰ ਦੇਖਦੇ ਜਾਂ ਸੁਣਦੇ ਹੀ ਕਿਸੇ ਹੋਰ ਨਖਸ਼ਿਕ ਵਸਤੂ ਤਤਕਾਲ ਹੀ ਯਾਦ ਆ ਜਾਂਦੀ ਹੋਵੇ ਉਸਨੂੰ ਪ੍ਰਤੀਕ ਕਹਿੰਦੇ ਹਨ।[10] ਪ੍ਰਤੀਕ ਦੀ ਸੰਵੇਦਨਾ ਇੰਦਰੀਯ ਸੰਵੇਦਨਾ ਹੁੰਦੀ ਹੈ। ਸ਼ਬਦ-ਸਪਰਸ਼-ਰਸ-ਰੂਪ-ਗੰਧ (ਇੰਦਰੀਯ ਸੰਵੇਦਨਾ) ਤੋਂ ਪਰ੍ਹੇ ਪ੍ਰਤੀਕਾਂ ਦੀ ਸੰਵੇਦਨਾ ਵੀ ਹੁੰਦੀ ਵੀ ਹੈ ਤਾਂ ਉਹ ਮਨ ਵਾਲੀ (ਭਾਵਨਾ ਪ੍ਰਧਾਨ ਹੋਣ ਦੇ ਕਾਰਣ) ਸਥਿਤੀ ਦੇ ਕਾਰਣ ਹੀ ਹੁੰਦੀ ਹੈ।[11]

ਇਕ ਕਵੀ ਆਪਣੇ ਅਨੁਭਵ ਨੂੰ ਭਾਸ਼ਾ ਦੇ ਵਾਹਨ ਰਾਹੀਂ ਪਾਠਕ ਤਕ ਪਹੁੰਚਾਣਾ ਚਾਹੁੰਦਾ ਹੈ, ਇਸ ਲਈ ਉਹ ਆਮ ਭਾਸ਼ਾ ਦਾ ਵਿਗਿਆਨਕ ਭਾਸ਼ਾ ਨਾਲੋਂ ਭਿੰਨ ਪ੍ਰਯੋਗ ਕਰਦਾ ਹੈ। ਕਵੀ ਭਾਵਾਂ ਵਿਚਾਰਾਂ ਨੂੰ ਮੂਰਤੀਮਾਨ ਕਰਨ ਲਈ ਪ੍ਰਤੀਕਾਂ ਦਾ ਸਹਾਰਾ ਲੈਂਦਾ ਹੈ। ਆਮ ਸ਼ਾਬਦਿਕ ਅਰਥਾਂ ਨਾਲੋਂ ਪ੍ਰਤੀਕਾਤਮਕ ਅਰਥ ਵਧੇਰੇ ਅਰਥ-ਬੋਧ ਕਰਾਉਂਦੇ ਹਨ। ਇਹ ਕਾਵਿ ਦੀ ਮਨੋਰਮਤਾ ਅਤੇ ਰਸ ਦੇ ਆਨੰਦ ਲਈ ਸਹਾਈ ਹੁੰਦੇ ਹਨ। ਕਵੀ ਪਾਠਕ ਜਾਂ ਸ੍ਰੋਤੇ ਦੇ ਭਾਵ ਨੂੰ ਜਗਾ ਕੇ ਬਾਹਰੀ ਜਗਤ ਦੀਆਂ ਵਸਤਾਂ ਰਾਹੀਂ ਅੰਦਰ ਦੀ ਇਕਸੁਰਤਾ ਜਗਾ ਦਿੰਦਾ ਹੈ।

ਪ੍ਰਤੀਕ ਕਵੀ ਦੀ ਭਾਵਮਈ ਭਾਸ਼ਾ ਵਿਚ ਸਪਸ਼ਟਤਾ ਲਿਆਉਣ ਲਈ ਸਾਧਨ ਬਣਦੇ ਹਨ। ਜੇ ਕੋਈ ਇਕ ਹੀ ਪ੍ਰਤੀਕ ਭਿੰਨ ਭਿੰਨ ਅਰਥ ਵਿਅਕਤ ਕਰਦਾ ਹੈ ਤਾਂ ਉਹ ਇਸ ਲਈ ਹੈ ਕਿ ਅਭਿਵਿਅਕਤੀ ਵਿਚ ਅੰਤਰ ਆਉਣ ਕਰਕੇ ਪ੍ਰਤੀਕਾਤਮਕ ਅਰਥ ਵਿਅਕਤੀ ਤੋਂ ਵਿਅਕਤੀ ਬਦਲ ਜਾਂਦੇ ਹਨ।

(ਅ) ਗੁਰੂ ਰਾਮਦਾਸ ਜੀ ਦੀ ਪ੍ਰਤੀਕ-ਯੋਜਨਾ :

ਗੁਰੂ ਰਾਮਦਾਸ ਜੀ ਨੇ ਲੋਕ ਜੀਵਨ ਦੇ ਉਨ੍ਹਾਂ ਰੂਪਾਂ, ਚਿਤਰਾਂ, ਵਸਤੂਆਂ ਅਤੇ ਬਿੰਬਾਂ ਨੂੰ ਆਪਣੀ ਰਹੱਸ-ਅਨੁਭੂਤੀ ਦੀ ਅਭਿਵਿਅਕਤੀ ਲਈ ਆਧਾਰ ਬਣਾਇਆ ਹੈ ਜੋ ਆਮ ਮਨੁੱਖ ਦੀ ਸਾਂਝ

---

9. ਲਖਸ਼ਮੀਆ ਬੀ. ਸ਼੍ਰੇਠੀ, (ਡਾ.), ਸੂਰ ਸਾਗਰ ਮੇਂ ਪ੍ਰਤੀਕ ਯੋਜਨਾ, ਪੰ. 22.

10. ਉਹੀ, ਪੰ. 21.

11. ਰਾਜਕਮਲ ਬੋਰਾ (ਡਾ. ), ਸੰਵੇਦਨਾ ਔਰ ਸੌਂਦਰਯ, (ਔਰੰਗਾਬਾਦ, 1976), ਪੰ. 142.

ਵਿਚ ਜਲਦੀ ਆ ਸਕਣ। ਰਹੱਸ-ਅਨੁਭੂਤੀ ਦਾ 'ਵਿਸ਼ੈ' ਤਾਂ ਹੋਰ ਵੀ ਅਨਿਰਵਚਨੀਯ ਹੈ, ਇਸ ਲਈ ਇਸ ਦੀ ਅਭਿਵਿਅਕਤੀ ਸਿਧੀ-ਸਾਦੀ ਭਾਸ਼ਾ ਰਾਹੀਂ ਵਿਅਕਤ ਕਰਨੀ ਅਤਿ ਮੁਸ਼ਕਲ ਹੈ, ਬਲਕਿ ਸੰਭਵ ਹੀ ਨਹੀਂ। ਪਰ ਅਧਿਆਤਮਕ ਜੀਵਨ ਦੇ ਮਾਰਗ ਉਤੇ ਚਲਣ ਵਾਲੇ ਸਾਧਕ ਦੇ ਹਿਰਦੇ ਵਿਚ ਸਾਧਨਾ ਪੂਰਤੀ ਦੇ ਛਿਣਾਂ, ਪਲਾਂ ਵਿਚ ਜੋ ਆਨੰਦ-ਹੁਲਾਸ ਉਤਪੰਨ ਹੁੰਦਾ ਹੈ, ਉਹ ਉਸਨੂੰ ਲੋਕ ਕਲਿਆਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਆਮ ਲੋਕਾਂ ਤਕ ਪਹੁੰਚਾਣਾ ਚਾਹੁੰਦਾ ਹੈ। ਜਦ ਉਹ ਉਸ ਭਾਵ-ਹੁਲਾਸ ਨੂੰ ਸਰਬ-ਸਾਧਾਰਣ ਦੇ ਸਮੁਖ ਪ੍ਰਚਲਿਤ ਸ਼ਬਦਾਂ ਦੇ ਮਾਧਿਅਮ ਨਾਲ ਠੀਕ ਠੀਕ ਵਿਅਕਤ ਨਹੀਂ ਕਰ ਸਕਦਾ ਤਾਂ ਉਸਨੂੰ ਭਾਸ਼ਾ ਹੀਣੀ ਜਿਹੀ ਲਗਦੀ ਹੈ ਤਾਂ ਉਹ ਪ੍ਰਤੀਕਾਂ ਦਾ ਆਸਰਾ ਲੈ ਕੇ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦਾ ਹੈ।[12]

ਗੁਰੂ ਰਾਮਦਾਸ ਜੀ ਨੇ ਵਖੋ ਵਖਰੀਆਂ ਧਾਰਮਕ ਸੰਪਰਦਾਵਾਂ ਦੀ ਪ੍ਰਚਲਤ ਸ਼ਬਦਾਵਲੀ ਜਿਹੜੀ ਕਿ ਜਨ-ਮਾਨਸ ਦੇ ਅਵਚੇਤਨ ਦਾ ਹਿੱਸਾ ਬਣ ਚੁਕੀ ਸੀ, ਦਾ ਪ੍ਰਯੋਗ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੇ 'ਗੁਰਬਾਣੀ' ਦੀ ਵਿਲਖਣ ਪ੍ਰਤੀਕਆਤਮਕ ਸ਼ੈਲੀ ਵਿਚ ਮਹਾਨ ਹਿੱਸਾ ਪਾਇਆ ਹੈ।

ਗੁਰੂ ਰਾਮਦਾਸ ਜੀ ਮੁਖ ਰੂਪ ਵਿਚ ਆਪਣੇ ਭਾਵ ਦੋ ਤਰ੍ਹਾਂ ਵਿਅਕਤ ਕਰਦੇ ਹਨ। ਇਕ ਪਾਸੇ ਤਾਂ ਉਹ ਪ੍ਰਾਚੀਨ ਪਰੰਪਰਾ ਤੋਂ ਚਲੀ ਆ ਰਹੀ ਕਾਵਿ ਰੂੜੀ ਨੂੰ ਵਿਆਪਕ ਅਰਥਾਂ ਵਿਚ ਵਿਅਕਤ ਕਰਕੇ ਆਮ ਲੋਕਾਂ ਦਾ ਵਿਸ਼ਵਾਸ ਕਾਇਮ ਕਰਦੇ ਹਨ। ਦੂਜੇ ਪਾਸੇ ਪਰਮਾਤਮਾ ਪ੍ਰਤੀ ਪ੍ਰੇਮ ਦੇ ਅਨੁਭਵ ਨੂੰ ਪ੍ਰਤੀਕਾਤਮਕ ਸ਼ਬਦਾਂ ਰਾਹੀਂ ਵਿਅਕਤ ਕਰਨ ਦਾ ਯਤਨ ਕਰਦੇ ਹਨ। ਉਹ ਭਾਵੇਂ ਬ੍ਰਹਮ ਦੇ ਨਿਰਾਕਾਰ ਰੂਪ ਨੂੰ ਹੀ ਮੰਨਦੇ ਸਨ ਪਰ ਆਪਣੇ ਯੁਗ ਤਕ ਬ੍ਰਹਮ ਦੇ ਲਈ ਪ੍ਰਚਲਿਤ ਸਾਰੇ ਨਾਵਾਂ ਦੇ ਪ੍ਰਤੀ ਉਦਾਰਤਾ ਦੇ ਭਾਵ ਰਖਦੇ ਹਨ। ਇਹੋ ਕਾਰਣ ਹੈ ਕਿ ਉਹ ਪਰਮ-ਸੱਤਾ ਜਾਂ ਬ੍ਰਹਮ ਨੂੰ ਨਿਰਗੁਣ, ਨਿਰਾਕਾਰ, ਅਗਮ ਅਗੋਚਰ ਕਹਿੰਦੇ ਹੋਏ ਵੀ ਉਸਨੂੰ 'ਸ੍ਰੀ ਰੰਗਿ' (ਵਿਸ਼ਨੂ) 'ਨਾਥ' (ਆਦਿ ਨਾਥ, ਸ਼ਿਵ), 'ਕ੍ਰਿਸ਼ਣ,' 'ਰਾਮ', ਹਰਿ' ਆਦਿ ਨਾਵਾਂ ਨਾਲ ਯਾਦ ਕਰਦੇ ਹਨ। ਇਸ ਤਰ੍ਹਾਂ ਉਹ ਇਨ੍ਹਾਂ ਪੁਰਾਣੇ ਪ੍ਰਤੀਕਾਂ ਦਾ ਨਵ ਨਿਰਮਾਣ ਕਰਕੇ ਨਵੇਂ ਅਰਥ ਪ੍ਰਤਿਸ਼ਠਤ ਕਰਦੇ ਹਨ।

ਗੁਰੂ ਰਾਮਦਾਸ ਕਾਵਿ ਵਿਚ ਪ੍ਰਯੋਗ ਹੋਏ ਪ੍ਰਤੀਕਾਂ ਦਾ ਅਧਿਐਨ ਕਰਨ ਲਈ ਅਸੀਂ ਇਸ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਰਹੇ ਹਾਂ:-

(1) ਦੈਵੀ ਅਤੇ ਦੇਵੀ ਦੇਵਤਿਆਂ ਸੰਬੰਧੀ ਪ੍ਰਤੀਕ

(2) ਭਗਤ-ਜਨਾਂ ਸੰਬੰਧੀ ਪ੍ਰਤੀਕ

(3) ਭਗਤੀ-ਸਾਧਨਾਵਾਂ ਸੰਬੰਧੀ ਪ੍ਰਤੀਕ

(4) ਯੁਗ ਬੋਧਿਕ ਪ੍ਰਤੀਕ

---

12. ਪ੍ਰੇਮ ਨਾਰਾਇਣ ਸ਼ੁਕਲ (ਡਾ.), ਸੰਤ ਸਾਹਿਤਯ, ਪੰ. 288

(5) ਸਮਾਜ ਸੰਬੰਧੀ ਪ੍ਰਤੀਕ

(6) ਪ੍ਰਕ੍ਰਿਤੀ ਸੰਬੰਧੀ ਪ੍ਰਤੀਕ

(1) ਦੈਵੀ ਜਾਂ ਦੇਵੀ ਦੇਵਤਿਆਂ ਸੰਬੰਧੀ ਪ੍ਰਤੀਕ।

(ੳ) ਵਿਸ਼ਨੂੰ: ਗੁਰੂ ਰਾਮਦਾਸ ਜੀ ਵਿਸ਼ਨੂੰ ਦੇ ਪ੍ਰਚਲਤ ਨਾਵਾਂ ਰਾਹੀਂ ਨਿਰਗੁਣ ਬ੍ਰਹਮ ਦੇ ਅਰਥਾਂ ਦਾ ਬੋਧ ਕਰਾਉਂਦੇ ਹਨ।

(ੳ) ਸ੍ਰੀ ਰੰਗ: ਜਿਸਦੇ ਸ਼ਾਬਦਿਕ ਅਰਥ ਹਨ ਲਛਮੀ (ਸ੍ਰੀ) ਤੋਂ ਰੰਗੁ (ਨਾਚ) ਕਰਾਉਣ ਵਾਲਾ, ਅਰਥਾਤ ਵਿਸ਼ਨੂੰ।[13]

ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀ ਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ।

(ਰਾਗ ਸਾਰੰਗ, ਆਦਿ ਗ੍ਰੰਥ, ਪੰ. 1201)

(ਅ) ਮਧੁਸੂਦਨ: ਲਛਮੀ ਦਾ ਪਤੀ ਅਤੇ ਮਧੂ ਰਾਖਸ਼ ਨੂੰ ਮਾਰਨਵਾਲਾ, ਵਿਸ਼ਨੂੰ।

ਮਧੁਸੂਦਨ ਜਪੀਐ ਉਰਧਾਰਿ॥ (ਰਾਗ ਭੈਰਉ, ਆਦਿ ਗ੍ਰੰਥ, ਪੰ. 1135)

(ੲ) ਜਗਨ ਨਾਥ: ਤੂ ਪਰੈ ਪਰੈ ਅਪਰੰਪਰੁ ਸੁਆਮੀ ਤੂ ਆਪਹਿ ਜਾਨਹਿ ਆਪ ਜਗੰਨਾਥ॥2॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1296)

(ਸ) ਨਰਹਰਿ (ਨਰ ਸਿੰਘ): ਇਹ ਵਿਸ਼ਨੂੰ ਦਾ ਚੌਥਾ ਅਵਤਾਰ ਮੰਨਿਆ ਜਾਂਦਾ ਹੈ, ਜਿਸ ਦਾ ਅੱਧਾ ਸਰੀਰ ਨ੍ਰਿ (ਆਦਮੀ) ਦਾ ਅਤੇ ਅੱਧਾ ਸਿੰਘ (ਸ਼ੇਰ) ਦਾ ਲਿਖਿਆ ਹੈ।[14]

ਬੂਝੈ ਵੇਦ ਪੁਰਾਨ ਨ ਸਾਸਤ੍ਰਾ ਆਪੇ ਹਰਿ ਨਰਹਰਿ॥ (ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 555)

(ਹ) ਸ਼ਿਵ: ਈਸ਼ (ਈਸ਼ਵਰ): ਸ਼ਿਵ ਦਾ ਨਾਮ ਈਸ਼ ਹੈ।[15] ਜਿਸ ਦਾ ਅਰਥ ਹੈ ਐਸ਼ਵਰਯ ਵਾਲਾ ਰਾਜਾ।

ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 983)

ਨਾਥ: ਚੌਦਾਂ ਬੈਕੁੰਠ ਦੇਵਾਂ ਵਿਚ ਇਕ ਬੈਕੁੰਠ ਦਾ ਦੇਵਤਾ, ਜੋ ਸਭ ਦੀ ਰਖਿਆ ਕਰਦਾ ਹੈ।[16] ਸ਼ਿਵ ਨੂੰ ਆਦਿਨਾਥ ਮੰਨਿਆ ਜਾਂਦਾ ਹੈ।

ਤੂੰ ਜਗ ਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ॥

(ਰਾਗ ਤੁਖਾਰੀ, ਆਦਿ ਗ੍ਰੰਥ, ਪੰ. 1115)

---

13. ਮਹਾਨ ਕੋਸ਼ (ਪਟਿਆਲਾ, 1960), ਪੰ. 188
14. ਉਹੀ, ਪੰ. 512.
15. ਪੌਰਾਣਕ ਕੋਸ਼ (ਸੰਪਾ. ਰਾਣਾ ਪ੍ਰਸਾਦ ਸ਼ਰਮਾ ਵਾਰਾਣਸੀ, ਸੰਮਤ 2027), ਪੰ 55.
16. ਉਹੀ, ਪੰ. 267.

(ਸ) ਕ੍ਰਿਸ਼ਨ:

ਨੌ ਕਾਲੇ ਵਸੁਦੇਵਾਂ ਵਿਚੋਂ ਇਕ ਵਸੁਦੇਵ ਦਾ ਨਾਮ। ਸ੍ਰੀ ਕ੍ਰਿਸ਼ਨ ਜੋ ਹਿੰਦੂ ਅਵਤਾਰ ਮਾਲਾ ਵਿਚ ਸੋਲਾਂ ਕਲਾਂ ਅਵਤਾਰ ਮੰਨਿਆ ਜਾਂਦਾ ਹੈ।[17] ਇਹ ਵਿਸ਼ਨੂੰ ਦਾ ਅਠਵਾਂ ਅਵਤਾਰ ਮੰਨਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਕ੍ਰਿਸ਼ਨ ਅਤੇ ਉਸਦੇ ਪ੍ਰਕਾਸ਼ਿਕਾਰੀ ਸ਼ਬਦਾਂ ਨੂੰ ਨਿਰਗੁਣ ਰੂਪ ਵਿਚ ਸਰਬ ਵਿਆਪਕ, ਅਗਮ ਅਗੋਚਰ ਅਤੇ ਸਗੁਣ ਰੂਪ ਵਿਚ ਨਿਆਏਸ਼ੀਲ, ਰੀਠ ਅਤੇ ਦਿਆਲੂ ਰੂਪ ਦੇ ਪ੍ਰਤੀਕ ਵਜੋਂ ਪ੍ਰਯੋਗ ਕਰਦੇ ਹਨ।

ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥2॥

(ਰਾਗ ਮਲਾਰ, ਆਦਿ ਗ੍ਰੰਥ, ਪੰ. 1263)

ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਰਾ॥

(ਰਾਗ ਸੋਰਠਿ ਆਦਿ ਗ੍ਰੰਥ, ਪੰ. 606)

ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ

ਤੂ ਅਮਿਤਿ ਅਤੋਲੁ ਅਪਰੰਪਰੁ ਸੁਆਮੀ ਬਹੁ ਜਪੀਐ ਥਾਹ ਨ ਪਾਇਆ॥2॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1319)

ਕਾਨ੍ਹ: ਆਪੇ ਗੋਪੀ ਆਪੇ ਕਾਨ੍ਹਾ ਆਪੇ ਗਊ ਚਰਾਵੈ ਬਾਨਾ॥

(ਰਾਗ ਮਾਰੂ ਸੋਲਹੇ, ਆਦਿ ਗ੍ਰੰਥ, ਪੰ. 1083)

ਗੋਪਾਲ: ਨੈਣੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਣ ਬਾਣੀ ਗੁਰ ਸਬਦੁ ਸੁਣਈਆ॥

ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ॥6॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 833)

ਗੁਸਾਈਂ: ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥ (ਰਾਗ ਗੋਂਡ, ਆਦਿ ਗ੍ਰੰਥ, ਪੰ. 859)

ਬਨਵਾਰੀ: ਹਰਿ ਆਪੇ ਰਵਿ ਰਹਿਆ ਬਨਵਾਰੀ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 165)

ਮੁਰਾਰੀ: ਹਰਿ ਕਿਰਦੇ ਜਪਿ ਨਾਮੁ ਮੁਰਾਰੀ॥ (ਰਾਗ ਭੈਰਉ, ਆਦਿ ਗ੍ਰੰਥ, ਪੰ. 1135)

(ਹ) ਬਲਿਰਾਮ:

ਵਾਸੁਦੇਵ ਦੇ ਇਕ ਪੁਤਰ ਅਤੇ ਸ੍ਰੀ ਕ੍ਰਿਸ਼ਨ ਦੇ ਵੱਡੇ ਭਾਈ ਜੋ ਰੋਹਿਣੀ ਦੇ ਗਰਭ ਤੋਂ ਉਤਪੰਨ ਹੋਏ ਸਨ। ਇਨ੍ਹਾਂ ਵਿਚ ਵਿਸ਼ਨੂੰ ਦਾ ਅੰਸ਼ ਸੀ। ਇਨ੍ਹਾਂ ਦੇ ਸੁੰਦਰ ਸਰੂਪ ਦੇ ਕਾਰਣ ਇਨ੍ਹਾਂ ਨੂੰ 'ਰਾਮ' ਅਤੇ ਅਪਾਰ ਸ਼ਕਤੀ ਦੇ ਕਾਰਣ ਬਲ ਕਹਿੰਦੇ ਸਨ।[18]

---

17. ਪਿਆਰਾ ਸਿੰਘ ਪਦਮ (ਡਾ.), ਗੁਰੂ ਗ੍ਰੰਥ ਸੰਕੇਤ ਕੋਸ਼ (ਪਟਿਆਲਾ, 1977), ਪੰ 106.

18. ਪੌਰਾਣਕ ਕੋਸ਼, ਪੰ. 348.

<u>(ੳ) ਰਾਮ:</u>

ਪਰਸੁਰਾਮ ਦਾ ਨਾਮ ਜੋ ਵਿਸ਼ਨੂ ਦੇ ਅਵਤਾਰ ਮੰਨੇ ਜਾਂਦੇ ਹਨ ਅਤੇ ਸੂਰਜਵੰਸੀ ਮਹਾਰਾਜ ਦਸਰਥ ਦੇ ਪੁੱਤਰ, ਜੋ ਦਸ ਅਵਤਾਰਾਂ ਵਿਚੋਂ ਇਕ ਮੰਨੇ ਜਾਂਦੇ ਹਨ।[19]

ਤੇ ਨਿਰਭਉ ਜਿਨ ਸ੍ਰੀ ਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ॥੧॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1321)

ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮਰਾਜੇ॥

(ਰਾਗ ਆਸਾ, ਆਦਿ ਗ੍ਰੰਥ, ਪੰ. 450)

ਹਰਿ, ਜਗਦੀਸ਼ ਅਤੇ ਪਰਮੇਸੁਵਰ ਆਦਿ ਇਕ ਤੋਂ ਵਧ ਨਾਵਾਂ ਦੇ ਸੰਕੇਤ ਰਾਹੀਂ ਵੀ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਅਰਥ ਬੋਧਹੁੰਦਾ ਹੈ।

<u>(ਅ) ਹਰਿ:</u>

ਵਿਸ਼ਨੂ ਅਥਵਾ ਸ੍ਰੀ ਕ੍ਰਿਸ਼ਨ ਤਥਾ ਸ੍ਰੀ ਰਾਮ ਦਾ ਨਾਮ। ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਸਰਬ-ਵਿਆਪਕ ਪਰਮਾਤਮਾ ਦੇ ਅਰਥ ਵਿਚ ਵਿਅਕਤ ਹੋਇਆ ਹੈ। ਉਦਾਹਰਣ ਵੇਖੋ:-

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ॥
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 82)

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ॥
ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰਿ॥

(ਰਾਗ ਬਿਹਾਗੜਾ, ਗ੍ਰੰਥ:,ਪੰ. 555)

<u>(ੲ) ਜਗਦੀਸ਼:</u>

ਇਸ ਤੋਂ ਅਰਥ ਹੈ ਜਗਤ ਦੇ ਈਸ਼ ਰਾਜੇ ਆਦਿ। ਬ੍ਰਹਮ ਵਿਸ਼ਨੂ ਆਦਿ ਦੇਵਤੇ। ਗੁਰੂ ਰਾਮਦਾਸ ਕਾਵਿ ਵਿਚ ਜੋ ਇਨ੍ਹਾਂ ਦਾ ਵੀ ਮਾਲਕ ਹੈ ਦੇ ਰੂਪ ਵਿਚ ਪ੍ਰਗਟ ਹੋਇਆ ਹੈ।-

ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵਨਿਧਿ ਪਾਰਿ ਪਰੇ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1321)

<u>(ਸ) ਪਰਮੇਸੁਵਰ: (ਪਰਮੇਸਰ)</u>

ਇਸ ਤੋਂ ਸ਼ਿਵ ਅਤੇ ਵਿਸ਼ਨੂ ਦਾ ਬੋਧ ਹੁੰਦਾ ਹੈ।[20] ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਸਰਬ ਵਿਆਪਕ ਪਰਮਾਤਮਾ ਦੇ ਰੂਪ ਵਿਚ ਵਿਅਕਤ ਹੋਇਆ ਹੈ, ਜਿਵੇਂ:-

---

19. <u>ਪੌਰਾਣਕ ਕੋਸ਼</u>, ਪੰ. 444.
20. ਉਹੀ, ਪੰ. 291.

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨ ਜੀਉ॥3॥

(ਰਾਗ ਆਸਾ, ਆਦਿ ਗ੍ਰੰਥ, ਪੰ. 448)

(ਙ) ਬ੍ਰਹਮ ਜਾਂ ਪਾਰਬ੍ਰਹਮ:

ਪਰਮਾਤਮਾ ਦੇ ਇਹ ਸਰੂਪ ਅਤੇ ਅਰੂਪ ਅਰਥਾਤ ਪਰ ਅਤੇ ਅਪਰ ਵੀ ਕਿਹਾ ਗਿਆ ਹੈ।[21] ਇਹ ਜਗਤ ਤੋਂ ਪਰੇ ਨਿਰਗੁਣ ਬ੍ਰਹਮ ਹੈ।[22] ਬ੍ਰਹਮ ਦੇ ਪ੍ਰਯਾਇ ਪਾਰਬ੍ਰਹਮ ਵੀ ਪ੍ਰਯੋਗ ਹੋਇਆ ਹੈ।

ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ.......(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 982)

ਤੂੰ ਪਾਰਬ੍ਰਹਮ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 348)

ਹਰਿ ਅਗਮ ਅਗੋਚਰ ਪਾਰਬ੍ਰਹਮ ਹੈ। (ਰਾਗ ਗਉੜੀ, ਆਦਿ ਗ੍ਰੰਥ, ਪੰ. 171)

(ਚ)ਓਅੰਕਾਰ:

ਭਾਰਤੀ ਅਧਿਆਤਮਕ ਸ਼ਬਦਾਵਲੀ ਵਿਚ ਪਰਮ-ਸੱਤਾ ਦਾ ਬੋਧਕ ਸਭ ਤੋਂ ਵਧ ਪ੍ਰਚਲਤ ਤੇ ਪ੍ਰਾਚੀਨ ਨਾਮ ਓਂਕਾਰ ਹੈ। ਵੈਦਿਕ ਰਚਨਾ ਵਿਚ 'ਓਮ' ਸ਼ਬਦ ਆਮ ਵਰਤਿਆ ਮਿਲਦਾ ਹੈ, ਪਰ ਓਅੰਕਾਰ ਸ਼ਬਦ ਪਹਿਲੇ ਪਹਿਲੇ ਉਪਨਿਸ਼ਦਾਂ ਵਿਚ ਹੀ ਮਿਲਦਾ ਹੈ। ਇਹ ਪ੍ਰਤੀਕ ਸ੍ਰਿਸ਼ਟੀ ਅਤੇ ਬ੍ਰਹਮ ਦੇ ਸੰਬੰਧ ਦੀ ਬਹੁਤ ਸੁਹਣੀ ਵਿਆਖਿਆ ਵੀ ਬਣਦਾ ਹੈ। ਗੁਰਬਾਣੀ ਵਿਚ ਇਸਨੂੰ ਇਸ ਪ੍ਰਕਾਰ ਲਿਖਿਆ ਹੈ—'ੴ'। '੧' ਦਾ ਅੰਕ 'ਇਕਾਈ' ਦਾ ਪ੍ਰਤੀਕ ਹੋ ਕੇ ਬ੍ਰਹਮ ਦੇ ਏਕਤਵ ਨੂੰ ਸਾਬਤ ਕਰਦਾ ਹੈ, ਪਰ 'ਓ' ਦਾ ਖੁਲ੍ਹਾ ਆਕਾਰ ਸ੍ਰਿਸ਼ਟੀ ਦੇ ਪਸਾਰੇ ਦਾ ਪ੍ਰਤੀਕ ਬਣਕੇ ਸਮੁੱਚੀ ਸ੍ਰਿਸ਼ਟੀ ਤੇ 'ਏਕ ਬ੍ਰਹਮ' ਦੇ 'ਏਕ ਅਧਿਕਾਰ' ਨੂੰ ਪ੍ਰਗਟ ਕਰਦਾ ਹੈ। ਗੁਰੂ ਰਾਮਦਾਸ ਜੀ ਸੰਤ-ਮਤ ਅਤੇ ਗੁਰ-ਕਾਵਿ ਦੇ ਅਸਰ ਥਲੇ ਇਸ ਸ਼ਬਦ ਨੂੰ ਪਰਮ-ਸੱਤਾ ਦੇ ਪ੍ਰਤੀਕ ਵਜੋਂ ਪ੍ਰਯੋਗ ਕਰਦੇ ਹਨ।:—

ਓਅੰਕਾਰਿ ਏਕੋ ਰਵਿ ਰਹਿਆ ਸਭੁ ਮਹਿ ਸਮਾਵੈਗੋ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1310)

(2) ਭਗਤ-ਜਨਾਂ ਸੰਬੰਧੀ ਪ੍ਰਤੀਕ:

ਗੁਰੂ ਰਾਮਦਾਸ ਜੀ ਮਨੁੱਖ ਨੂੰ ਨੈਤਿਕ ਤੌਰ ਤੇ ਦੋ ਸ਼੍ਰੇਣੀਆਂ ਵਿਚ ਵੰਡਦੇ ਹਨ। ਪਹਿਲੀ ਸ਼੍ਰੇਣੀ ਵਿਚ ਉਹ ਦੇਵੀ ਦੇਵਤੇ ਹਰਿ ਜਨ ਪੁਰਖ ਆਉਂਦੇ ਹਨ ਜੋ ਪਰਮਾਤਮਾ ਦੇ ਨਾਮ ਸਿਮਰਨ ਦੇ ਰਸਤੇ ਤੇ ਪਏ ਅਤੇ ਉਨ੍ਹਾਂ ਨੇ ਉਸ ਦੇ ਅਦ੍ਵੈਤ ਤੱਤ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਵਿਚ ਤੇਤੀਸ ਕ੍ਰੋੜ ਦੇਵਤੇ, ਵਿਸ਼ਨੂੰ ਬ੍ਰਹਮਾ, ਸੰਕਰ, ਨਾਰਦ ਬਿਆਸਾ (ਵਿਆਸ) ਮੁਨੀ ਜਨ, ਸੁਰ ਨਰ, ਗੰਧ੍ਰਬ,

---

21. ਪੌਰਾਣਕ ਕੋਸ਼, ਪੰ. 358.
22. ਮਹਾਨ ਕੋਸ਼, (ਪਟਿਆਲਾ, 1960), ਪੰ. 560.

ਮਹਾਤਮਾ ਬੁਧ, ਚਉਰਾਸੀ ਸਿਧ, ਬਿਦਰ, ਬਲਭਦ੍ਰ, ਸੁਦਾਮਾ, ਕੁਬਿਜਾ, ਦ੍ਰੋਪਦੀ, ਗਨਿਕਾ, ਧ੍ਰੂ, ਭਗਤ, ਪ੍ਰਹਿਲਾਦ, ਅਜਾਮਲ, ਉਗ੍ਰਸੈਨ, ਭਗੀਰਥ, ਬਾਲਮੀਕ, ਧੰਨਾ ਜਟ, ਨਾਮਦੇਵ, ਜੈਦੇਵ, ਤ੍ਰਿਲੋਚਨ ਅਤੇ ਰਵਿਦਾਸ ਆਦਿ ਆ ਜਾਂਦੇ ਹਨ।[23]

---

23. (ੳ) ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀਂ ਜਾਨਿਓ ਮਰਮਾਮ॥੧॥
(ਰਾਗ ਬੈਰਾੜੀ, ਆਦਿ ਗ੍ਰੰਥ, ਪੰ. 719)

(ਅ) ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 735)

(ੲ) ਸੁਰਿਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ॥
ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)

(ਸ) ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ॥ (ਰਾਗ ਕਲਿਆਨ, ਆਦਿ ਗ੍ਰੰਥ, ਪੰ.13

(ਹ) ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭ ਚਾਹਹਿ ਹਰਿ ਜੀਉ ਤੇਰੋ ਨਾਉ॥
(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 669)

(ਕ) ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ॥
ਜਤ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)

(ਖ) ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥
(ਰਾਗ ਸੂਹੀ, ਆਦਿ ਗ੍ਰੰਥ, ਪੰ. 733)

(ਗ) ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ॥੧॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.981)

(ਘ) ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ॥੧॥ ਰਹਾਉ॥
(ਰਾਗ ਨਟ -ਨਾਰਾਇਨ, ਆਦਿ ਗ੍ਰੰਥ, ਪੰ.982 )

(ਙ) ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸ ਮਰਾਹਾ॥
(ਰਾਗ ਸੋਰਠਿ, ਆਦਿ ਗ੍ਰੰਥ, ਪੰ. 606)

(ਚ) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥
(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ.981)

(ਛ) ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ।।
ਹਰਣਾਖੁਸ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ॥ (ਰਾਗ ਆਸਾ, ਆਦਿ ਗ੍ਰੰਥ, ਪੰ.451 )

(ਜ) ਧੋਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣ ਨਰਹਰੇ॥
ਨਾਮ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ॥੩॥
(ਰਾਗ ਮਾਰੂ, ਆਦਿ ਗ੍ਰੰਥ, ਪੰ. 995)

(ਝ) ਜਾਨ੍ਹਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥ (ਰਾਗ ਮਲਾਰ, ਆਦਿ ਗ੍ਰੰਥ, ਪੰ. 1263)

(ਞ) ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥

ਇਹ ਸਭ ਪ੍ਰਸੰਗ ਗਰਭਿਤ ਸ਼ਬਦ ਹਨ ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਹਰਿਜਨ ਅਰਥਾਤ ਅਧਿਆਤਮਕ ਪਥ ਦੇ ਪਾਂਧੀ ਅਤੇ ਪਰਮਾਤਮਾ ਦੀ ਮਿਹਰ ਦੇ ਪਾਤ੍ਰ ਮੰਨਦੇ ਹਨ। ਇਹ ਸਾਰੇ ਵਿਸ਼ੇਸ਼ ਨਾਂਵ ਪਰਮ ਤੱਤ੍ਵ ਦੇ ਖੋਜੀਆਂ ਦੇ ਪ੍ਰਤੀਕ ਹਨ। ਇਸ ਤਰ੍ਹਾਂ ਹੀ ਕੰਸ, ਧ੍ਰਿਸ਼ਟ-ਬੁਧੀ ਅਤੇ ਪਾਖੰਡੀ ਸਾਧਕ ਉਨ੍ਹਾਂ ਮਨੁੱਖਾਂ ਦੇ ਪ੍ਰਤੀਕ ਹਨ ਜੋ ਅਧਿਆਤਮਕ ਦਿਸ਼ਾ ਤੋਂ ਵਿਪਰੀਤ ਦਿਸ਼ਾ ਵਲ ਚਲਦੇ ਅ-ਮਨੁੱਖੀ ਕਦਰਾਂ - ਕੀਮਤਾਂ ਅਪਨਾਉਂਦੇ ਹਨ। ਗੁਰੂ ਰਾਮਦਾਸ ਜੀ ਮਿਥਿਹਾਸਕ ਕਥਾਵਾਂ ਨੂੰ ਨਵੇਂ ਢੰਗ ਨਾਲ ਪ੍ਰਗਟ ਕਰਕੇ ਇਕ ਨਵੇਂ ਅਰਥ-ਬੋਧ ਦਾ ਸੰਚਾਰ ਕਰਦੇ ਹਨ।

(3) ਭਗਤੀ-ਸਾਧਨਾਵਾਂ ਸੰਬੰਧੀ ਪ੍ਰਤੀਕ।

ਉਨਮਨੀ: ਹਠ ਯੋਗ ਦੀ ਇਕ ਕਠਨ ਸਾਧਨਾ ਹੈ। ਸੰਤ ਸਾਹਿਤ ਵਿਚ ਇਸ ਸੰਕੇਤ ਨੂੰ ਆਤਮਾ ਦੀ ਉੱਚੀ ਅਵਸਥਾ ਲਈ ਵਰਤਿਆ ਗਿਆ ਹੈ।[24] ਗੁਰੂ ਰਾਮਦਾਸ ਜੀ ਗੁਰੂ ਦੀ ਸਿਖਿਆ ਅਨੁਸਾਰ ਨਾਮ ਵਿਚ ਮੰਨਗਨ ਹੋਣ ਦੀ ਇਸ ਅਵਸਥਾ ਨੂੰ 'ਉਨਮਨਿ' ਦੇ ਸ਼ਬਦ ਤੋਂ ਅਰਥ ਬੋਧ ਕਰਾਉਂਦੇ ਹਨ।

ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵਉਨਮਨਿ ਨਾਮਿ ਲਗਾਨ॥

(ਰਾਗ ਪ੍ਰਭਾਤੀ, ਆਦਿ ਗ੍ਰੰਥ, ਪੰ.1335)

(ਅ) ਅੰਜੁਲੀ ਅਤੇ ਡੰਡਉਤ: ਪਿਤਰੀ ਪੂਜਾ ਜਾਂ ਦੇਵੀ ਦੇਵਤੇ ਨਮਿਤ ਅਰਪਣ ਕੀਤੀ ਪਾਣੀ ਦੀ ਚੁਲੀ ਜਾਂ ਤਿਲ ਚੌਲ ਆਦਿ ਦੀ ਬੁੱਕ ਅੰਜਲੀ ਕਹੀ ਜਾਂਦੀ ਹੈ।[25] ਡੰਡੇ ਵਾਂਗ ਸਿਧੇ ਸਤੋਲ ਲੇਟ ਕੇ ਪ੍ਰਣਾਮ ਕਰਨਾ ਡੰਡਉਤ, ਹੈ। ਗੁਰੂ ਰਾਮਦਾਸ ਜੀ ਬਾਹਰੀ ਕਾਰਜਾਂ ਤੇ ਜ਼ੋਰ ਨਾ ਦਿੰਦੇ ਹੋਏ ਆਤਮ-ਸਮਰਪਣ ਰਾਹੀਂ ਨਿਮਰ ਭਾਵਾਂ ਨੂੰ ਹੀ ਸਭ ਤੋਂ ਵੱਡਾ ਧਾਰਮਕ ਕਾਰਜ ਮੰਨਦੇ ਹਨ।

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ਕਰਿ ਡੰਡਉਤ ਪੁਨ ਵਡਾ ਹੇ।

(ਰਾਗ ਗਉੜੀ, ਆਦਿ ਗ੍ਰੰਥ, ਪੰ. 13)

(ੲ) ਆਗਮ ਨਿਗਮ: ਤਾਂਤ੍ਰਿਕ ਮਤ ਦੇ ਉਹ ਧਰਮ ਗ੍ਰੰਥ ਜੋ ਸ਼ਿਵ ਨੇ ਉਚਾਰੇ ਤੇ ਪਾਰਬਤੀ ਨੇ ਸੁਣੇ ਕੀਤੇ 'ਆਗਮ' ਕਹਿਲਾਂਦੇ ਹਨ। ਨਿਗਮ ਤੋਂ ਭਾਵ ਵੇਦ ਹੈ। ਆਗਮ ਨਿਗਮ ਤੋਂ ਭਾਵ ਵੇਦ ਵਿਪ੍ਰੀਤ ਤੇ ਵੇਦ ਅਨੁਸਾਰੀ ਸਮੂਹ-ਧਰਮ ਗ੍ਰੰਥ ਮੰਨੇ ਜਾਂਦੇ ਹਨ। ਇਸ ਸ਼ਬਦ ਦੀ 'ਪੂਰਨ ਪਰਮਾਰਥਕ ਗਿਆਨ' ਜਾਂ ਧਾਰਮਕ ਸ਼ਾਸਤਰ ਦੇ ਅਰਥਾਂ ਵਿਚ ਵੀ ਵਰਤੋਂ ਮਿਲਦੀ ਹੈ।[26] ਭਾਰਤੀ ਆਰੀਆਂ ਦੇ ਸਰਬ ਪ੍ਰਥਮ

---

24. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼ ਪੰ. 24.
25. ਉਹੀ, ਪੰ. 51.
26. ਉਹੀ, ਪੰ. 27.

ਗ੍ਰੰਥ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵੇਦ ਮੰਨੇ ਹਨ। ਗੁਰੂ ਰਾਮਦਾਸ ਜੀ ਧਾਰਮਕ ਪੁਸਤਕਾਂ ਦੇ ਪਾਠ ਨਾਲੋਂ ਨਾਮ ਸਿਮਰਨ ਦੇ ਸਿਧੇ ਅਤੇ ਸੌਖੇ ਮਾਰਗ ਨੂੰ ਅਪਨਾਉਣ ਲਈ ਜ਼ੋਰ ਦਿੰਦੇ ਹਨ ਅਤੇ ਇਕ ਗੁਰਮੁਖ ਲਈ ਗੁਰੂ ਦਾ ਬਚਨ ਹੀ ਸਭ ਤੋਂ ਵੱਡੀ ਧਾਰਮਕ ਪੁਸਤਕ ਮੰਨਦੇ ਹਨ:-

ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ।
ਪੂਰੇ ਗੁਰ ਕਾ ਬਚਨੁ ਉਪਰਿ ਆਇਆ॥ (ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 303)
ਪੰਡਿਤ ਸਾਸਤ ਸਿੰਮ੍ਰਿਤ ਪੜਿਆ
ਜੋਗੀ ਗੋਰਖੁ ਗੋਰਖੁ ਕਰਿਆ।
ਮੈ ਮੂਰਖ ਹਰਿ ਹਰਿ ਜਪੁ ਪੜਿਆ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 163)
ਉਥੈ ਵੇਦ ਪੁਰਾਨ ਨ ਸਾਸਤ੍ਰਾ ਆਪੇ ਹਰਿ ਨਰਹਰਿ॥
(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 555)

(ਸ) ਅੰਮ੍ਰਿਤ:

ਜਦੋਂ ਦੇਵਤਿਆਂ ਨੇ ਦੈਂਤਾਂ ਨਾਲ ਰਲ ਕੇ ਖੀਰ ਸੁਮੰਦਰ ਰਿੜਕਿਆ ਤਾਂ ਇਸ ਵਿਚੋਂ ਜੋ ਚੌਦਾਂ ਰਤਨ ਨਿਕਲੇ, ਉਨ੍ਹਾਂ ਵਿਚੋਂ ਇਕ ਅੰਮ੍ਰਿਤ ਵੀ ਸੀ। ਅੰਮ੍ਰਿਤ ਦਾ ਭਾਵ ਅਲੌਕਿਕ ਚੀਜ਼ ਤੋਂ ਹੈ, ਜਿਸ ਦੇ ਪੀਤਿਆਂ ਮੌਤ ਦਾ ਡਰ ਨਾ ਰਹੇ। ਵੈਦਿਕ ਰਿਸ਼ੀ ਮੁਨੀ ਸੋਮਰਸ ਨੂੰ ਅੰਮ੍ਰਿਤ ਕਹਿੰਦੇ ਆਏ ਹਨ। ਪੁਰਾਣੇ ਤਾਂਤ੍ਰਿਕ ਮਤਾਂ ਵਿਚ ਇਸ ਗੱਲ ਦਾ ਵਰਣਨ ਹੈ ਕਿ ਐਸੇ ਰਸ ਦੀ ਢੂੰਡ ਕਰੋ, ਜਿਸ ਨਾਲ ਮਨੁਖ ਚਿਰੰਜੀਵ ਹੋ ਜਾਵੇ। ਸਿਧ, ਹਠ ਯੋਗ ਸਾਧਨਾ ਦੁਆਰਾ ਦਸਮ ਦੁਆਰ ਤੋਂ ਝਰਦਾ ਅੰਮ੍ਰਿਤ ਪਾਨ ਕਰਦੇ ਦੱਸੇ ਜਾਂਦੇ ਹਨ।[27]

ਗੁਰੂ ਰਾਮਦਾਸ ਰਹੱਸਵਾਦੀ ਸੰਤਾਂ ਦੀ ਪਰੰਪਰਾ ਅਨੁਸਾਰ ਪਰਮਾਤਮਾ ਦੇ ਨਾਮ ਨੂੰ ਹੀ ਰਸ ਤੇ ਅੰਮ੍ਰਿਤ ਕਹਿੰਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਨਾਮ ਹੀਸਾਰੇ ਰਸਾਂ ਤੋਂ ਉੱਤਮ ਹੈ:--

ਜੋ ਜਨ ਮਰਿ ਜੀਵੇ ਤਿਨ ਅੰਮ੍ਰਿਤ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ॥
(ਰਾਗ ਆਸਾ, ਆਦਿ ਗ੍ਰੰਥ, ਪੰ. 447)
ਗੁਰਮਤਿ ਰਸੁ ਰਾਖਹੁ ਉਰਧਾਰਿ॥ (ਰਾਗ ਸੂਹੀ, ਆਦਿ ਗ੍ਰੰਥ, ਪੰ. 733)

(ਹ) ਅੰਮ੍ਰਿਤਸਰ:

ਪ੍ਰਾਚੀਨ ਤਾਂਤ੍ਰਿਕ ਮਤ ਅਤੇ ਯੋਗ ਮਤ ਦੀ ਮਨੌਤ ਅਨੁਸਾਰ ਮਨੁੱਖ ਅੰਦਰ ਇਕ ਅੰਮ੍ਰਿਤ ਦਾ ਤਲਾ ਹੈ ਜਿਸਨੂੰ ਪ੍ਰਾਣਾਯਾਮ ਤੇ ਹੋਰ ਸਾਧਨਾ ਦੁਆਰਾ 'ਕੁੰਡਲਨੀ' ਦੇ ਖੁਲ੍ਹਣ ਤੇ ਪਾਇਆ ਜਾ

---

27. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ.529.

ਸਕਦਾ ਹੈ। ਇਸ ਦਾ ਟਿਕਾਣਾ ਦਸਮ ਦੁਆਰ ਹੈ, ਜਿਥੋਂ ਅੰਮ੍ਰਿਤ ਝਰਦਾ ਹੈ ਤੇ ਸਾਧਕ ਇਸਨੂੰ ਪਾਨ ਕਰਕੇ ਅਮਰ ਹੋ ਜਾਂਦਾ ਹੈ। ਰਹੱਸਵਾਦੀ ਸੰਤਾਂ, ਭਗਤਾਂ ਨੇ ਨਾਮ ਨੂੰ ਅੰਮ੍ਰਿਤ ਮੰਨਿਆ ਤੇ ਇਸਦਾ ਭੰਡਾਰ ਸਰੋਵਰ ਵੀ ਅੰਤਰ ਆਤਮੇ ਦਸਿਆ ਹੈ।[28]

ਗੁਰੂ ਰਾਮਦਾਸ ਅੰਮ੍ਰਿਤਸਰ ਦਾ ਪ੍ਰਤੀਕ ਸਤਿਗੁਰੂ ਲਈ ਪ੍ਰਯੋਗ ਕਰਦੇ ਹਨ ਜਿਸ ਵਿਚ 'ਕਾਂ' ਵਰਗੀ ਮਲੀਨ ਆਤਮਾ ਵੀ ਹੰਸ ਵਾਂਗ ਸਵੱਛ ਹੋ ਜਾਂਦੀ ਹੈ।

ਅੰਮ੍ਰਿਤਸਰ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥

(ਰਾਗ ਗੂਜਰੀ, ਆਦਿ ਗ੍ਰੰਥ, ਪੰ. 493)

(ਕ) ਸ਼ਬਦ ਸੁਰਤਿ:

ਨਾਥ ਸਾਧਨਾ ਵਿਚ 'ਸ਼ਬਦ ਸੁਰਤਿ ਯੋਗ' ਇਕ ਵਿਧੀ ਸੀ ਜਿਸ ਦੁਆਰਾ ਇਹ ਬ੍ਰਹਿਮੰਡ ਵਿਆਪੀ ਧੁਨੀ ਸੁਣੀ ਜਾ ਸਕਦੀ ਸੀ। ਪਿਛੋਂ ਜਾ ਕੇ ਸੰਤ ਕਾਵਿ ਵਿਚ 'ਸੁਰਤਿ ਨਿਰਤੀ' ਦੇ ਅਰਥਾਂ ਵਿਚ ਇਸਦੀ ਆਮ ਵਰਤੋਂ ਕੀਤੀ ਗਈ। ਪ੍ਰਤੀਕਾਤਮਕ ਅਰਥਾਂ ਵਿਚ ਸ਼ਬਦ ਪਾਰਬ੍ਰਹਮ ਤੇ ਸੁਰਤਿ ਆਤਮਾ ਦੀ ਚੇਤਨਾ ਦੀ ਸੂਚਕ ਹੋ ਗਈ।[29]

ਗੁਰੂ ਰਾਮਦਾਸ ਜੀ ਗੁਰੂ ਪਰੰਪਰਾ ਅਨੁਸਾਰ ਸ਼ਬਦ ਦਾ ਭਾਵ ਯੋਗੀਆਂ ਵਾਲਾ ਨਾ ਲੈ ਕੇ ਪ੍ਰਭੂ-ਨਾਮ ਅਤੇ ਗੁਰਬਾਣੀ ਲੈਂਦੇ ਹਨ:—

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ॥2॥

(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 985)

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ।

(ਰਾਗ ਮਾਰੂ, ਆਦਿ ਗ੍ਰੰਥ, ਪੰ. 1069)

(ਖ) ਖਟ ਕਰਮ:

ਹਿੰਦੂ ਧਰਮ-ਗ੍ਰੰਥਾਂ ਅਨੁਸਾਰ ਜਗਿਆਸੂ ਲਈ ਕਰਨ ਯੋਗ ਛੇ ਕਰਮ ਗਿਣੇ ਗਏ ਹਨ।[30] ਅਲੱਗ ਅਲੱਗ ਗ੍ਰੰਥਾਂ ਅਨੁਸਾਰ ਇਨ੍ਹਾਂ ਵਿਚ ਭੇਦ ਹੈ। ਗੁਰੂ ਰਾਮਦਾਸ ਇਸ ਨੂੰ ਬਾਹਰੀ ਭੇਖ ਮੰਨਦੇ ਹਨ:—

---

28. ਪਿਆਰ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 53.
29. ਉਹੀ, ਪੰ. 63
30. ਉਹੀ, ਪੰ. 127.

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1297)

(ਗ) ਤ੍ਰਿਕੁਟੀ:-

ਯੋਗ ਮਤ ਅਨੁਸਾਰ ਮਸਤਕ ਵਿਚ ਜਿਥੇ ਇੜਾ ਪਿੰਗਲਾ ਤੇ ਸੁਖਮਨਾ ਤਿੰਨੇ ਨਾੜੀਆਂ ਇਕਠੀਆਂ ਹੁੰਦੀਆਂ ਹਨ, ਉਸ ਨੂੰ ਤ੍ਰਿਕੁਟੀ ਕਿਹਾ ਜਾਂਦਾ ਹੈ।[31] ਗੁਰੂ ਰਾਮਦਾਸ ਜੀ ਇਸ ਨੂੰ ਤਿੰਨ ਗੁਣਾਂ ਦੇ ਭਰਮ ਦੇ ਪ੍ਰਤੀਕ ਵਜੋਂ ਪ੍ਰਯੋਗ ਕਰਦੇ ਹਨ।[32]

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥੩॥

(ਰਾਗ ਮਾਲੀ ਗਉੜਾ, ਆਦਿ ਗ੍ਰੰਥ, ਪੰ. 986)

(ਘ) ਰਹਿਰਾਸਿ:

ਜੋਗੀਆਂ ਦੀ ਸੰਧਿਆ ਸਮੇਂ ਕੀਤੀ ਵਿਸ਼ੇਸ਼ ਪੂਜਾ ਉਪਾਸਨਾ ਰਹਰਾਸਿ ਹੈ, ਜੋ ਕਿ ਸ਼ਿਵਾਂ ਦੇ ਸਨਮੁਖ ਕੀਤੀ ਜਾਂਦੀ ਹੈ।[33] ਗੁਰੂ ਰਾਮਦਾਸ ਜੀ ਨੇ ਹਰਿ ਕੀਰਤਨ ਨੂੰ ਰਹਿਰਾਸਿ ਆਖਿਆ ਹੈ।-

(ਙ) ਸੁਨ ਅਵਸਥਾ:

ਪਰਮਾਤਮਾ ਦੀ ਨਿਰਗੁਣ ਅਵਸਥਾ ਨੂੰ ਸੂਨਯ ਕਿਹਾ ਜਾਂਦਾ ਹੈ।[34] ਗੁਰੂ ਰਾਮਦਾਸ ਜੀ ਸਾਧਕ ਦੀ ਲੀਨਤਾ ਦੀ ਅਵਸਥਾ ਨੂੰ 'ਸੁਨਿ' ਕਹਿੰਦੇ ਹਨ:-

ਸਹਜੇ ਸਹਜਿ ਮਿਲਿਆ ਜਗ ਜੀਵਨੁ ਨਾਨਕ ਸੁੰਨਿ ਸਮਾਏ।੧॥

(ਰਾਗ ਸੂਹੀ, ਆਦਿ ਗ੍ਰੰਥ, ਪੰ. 774)

ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ॥

(ਰਾਗ ਆਸਾ, ਸਬ: ਪੰ. 442)

(ਚ) ਤੁਰੀਆ ਅਵਸਥਾ:

ਯੋਗੀ ਪ੍ਰਾਣਾਯਾਮ ਦੀ ਸਾਧਨਾ ਰਾਹੀਂ ਕੁੰਡਲਨੀ ਨੂੰ ਜਗਾ ਕੇ ਸੁਖਮਨਾ ਵਿਚ ਲੈ ਜਾਂਦੇ ਸਨ, ਤੇ ਇਸ ਨੂੰ ਸਮਾਧੀ ਦੀ ਅਵਸਥਾ ਤਾਂ ਤੁਰੀਆ ਪਦ ਕਹਿੰਦੇ ਸਨ।[35] ਗੁਰੂ ਰਾਮਦਾਸ ਜੀ ਇਸ ਤੋਂ

---

31. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 192.
32. ਸ਼ਬਦਾਰਥ, (ਅੰਮ੍ਰਿਤਸਰ, 1964), ਪੋਥੀ ਤੀਜੀ, ਪੰ. 986.
33. ਪਿਆਰਾ ਸਿੰਘ ਪਦਮ, ਉਹੀ ਰਚਨਾ, ਪੰ. 283.
34. ਗਾਲਾ ਸਿੰਘ ਬੇਦੀ, ਗੁਰੂ ਨਾਨਕ ਕਾਵਿ ਕਲਾ, (ਨਵੀਂ ਦਿੱਲੀ ਮਿਤੀਹੀਨ), ਪੰ. 436.
35. ਪਿਆਰਾ ਸਿੰਘ ਪਦਮ, ਉਹੀ ਰਚਨਾ, ਪੰ. 151.

ਮਨ ਦੀ ਸਹਜ ਅਵਸਥਾ ਦਾ ਅਰਥ -ਬੋਧ ਪ੍ਰਗਟਾਂਦੇ ਹਨ:-

ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 833)

(ਛ) ਚਿੰਤਾਮਣੀ:

ਪੁਰਾਣਾਂ ਅਨੁਸਾਰ ਇਹ ਇਕ ਮਣੀ (ਰਤਨ) ਹੈ, ਜਿਸਨੂੰ ਸਾਹਮਣੇ ਰੱਖ ਕੇ ਜੋ ਚਿਤਵਨੀ ਕਰੀਏ, ਜੋ ਪੂਰੀ ਹੋ ਜਾਂਦੀ ਹੈ, ਇਸ ਨੂੰ ਦਿਵਯ ਰਤਨ ਵੀ ਕਹਿੰਦੇ ਹਨ।[36] ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਹੀ ਚਿੰਤਾਮਣੀ ਹੈ ਜੋ ਸਭ ਇਛਾਵਾਂ ਪੂਰੀਆਂ ਕਰਨਹਾਰ ਹੈ:-

ਸਭ ਭਗਤ ਜਾਚਹਿ ਸੁਖ ਸਾਗਰ ਭਵਨਿਧਿ ਤਰਣ ਹਰਿ ਚਿੰਤਾ ਮਣੇ॥੧॥ ਰਹਾਉ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1321)

(4) <u>ਯੁੱਗ ਬੋਧਕ ਪ੍ਰਤੀਕ:</u>

ਯੁੱਗ ਸਮੇਂ ਦਾ ਮਾਪ ਹੈ। ਪੁਰਾਣਾਂ ਅਨੁਸਾਰ ਕਾਲ ਦੇ ਚਾਰ ਵਿਭਾਗ ਹਨ ਜਿਸ ਵਿਚ ਇਕ ਹੀ ਪ੍ਰਕਾਰ ਦੀਆਂ ਘਟਨਾਵਾਂ ਜਾਂ ਕਾਰਜ ਹੁੰਦੇ ਰਹੇ ਹਨ। ਚਾਰ ਯੁੱਗ ਇਹ ਮੰਨੇ ਗਏ ਹਨ:- ਸਤਿਯੁਗ, ਤ੍ਰੇਤਾ, ਦਵਾਪਰ ਅਤੇ ਕਲਿਯੁਗ।[37] ਗੁਰੂ ਰਾਮਦਾਸ ਜੀ ਇਨ੍ਹਾਂ ਯੁਗਾਂ ਦੇ ਪ੍ਰਤੀਕਾਂ ਰਾਹੀਂ ਮਨੁੱਖ ਦੀ ਅਧਿਆਤਮਕ ਅਵਸਥਾ ਦੀ ਦਸ਼ਾ ਦਾ ਵਰਣਨ ਕਰਦੇ ਹਨ। ਮਾਇਆ-ਗ੍ਰਸੇ ਜਗਤ ਵਿਚ ਇਹ ਅਲਗ ਅਲਗ ਅਧਿਆਤਮਕ ਅਵਸਥਾਵਾਂ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਇਕ ਸਾਧਕ ਅਤੇ ਆਮ ਮਨੁੱਖ ਵਿਚਰਦਾ ਹੈ। ਵਧੇਰੇ ਵਿਸਤਾਰ ਵਿਚ ਨਾ ਜਾਂਦੇ ਹੋਏ ਇਥੇ ਨਿਮਨਲਿਖਤ ਉਦਾਹਰਣਾਂ ਦੇ ਰਹੇ ਹਾਂ:-

(੧) ਸਤਿਯੁਗ: ਸਤਿਜੁਗਿ ਸਤੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ॥

ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 445)

(੨) ਤ੍ਰੇਤਾ ਯੁਗ: ਤ੍ਰੇਤਾ ਜੁਗ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥

ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 445)

(੩) ਦੁਆਪਰ ਯੁਗ: ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ॥

ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ॥

---

36. ਪਿਆਰਾ ਸਿੰਘ ਪਦਮ, <u>ਗੁਰੂ ਗ੍ਰੰਥ ਸੰਕੇਤ</u>, ਕੋਸ਼, ਪੰ 165.

37. <u>ਪੌਰਾਣਕ ਕੋਸ਼</u>, ਪੰ. 436.

ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ॥

ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 445)

(੪) ਕਲਿਜੁਗ: ਕਲਿਜੁਗਿ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥

..... ..... .... .... .... .... ...

ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ॥

(ਰਾਗ ਆਸਾ, ਆਦਿ ਗ੍ਰੰਥ, ਪੰ. 446)

(5) ਸਮਾਜ ਸੰਬੰਧੀ ਪ੍ਰਤੀਕ:

ਸਮੁੱਚੇ ਭਗਤੀ ਕਾਵਿ ਵਿਚ ਆਤਮਾ ਅਤੇ ਪਰਮਾਤਮਾ ਦਾ ਸੰਬੰਧ ਇਸਤਰੀ ਅਤੇ ਮਰਦ ਦੇ ਪ੍ਰਤੀਕ ਰਾਹੀਂ ਵਿਅਕਤ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਇਸੇ ਪਰੰਪਰਾ ਅਨੁਸਾਰ ਜੀਵ-ਆਤਮਾ ਅਤੇ ਗੁਰਮੁਖ ਵਿਅਕਤੀਆਂ ਲਈ ਸੁਹਾਗਣ, ਅਤੇ ਪਰਮਾਤਮਾ ਲਈ ਸ਼ਹੁ, ਪਿਰ, ਪ੍ਰੀਤਮ, ਆਦਿ ਦਾ ਪ੍ਰਤੀਕ ਪ੍ਰਯੋਗ ਕਰਦੇ ਹਨ। ਸੰਤ ਵਿਕਟਰ ਦੇ ਅਨੁਯਾਈ ਰਿਚਰਡ ਮਹਾਨ ਨੇ ਆਤਮ-ਵਿਆਹ ਦੇ ਚਾਰ ਵਖ ਵਖ ਪੜਾ ਦਰਸਾਏ ਹਨ ਜਿਵੇਂ ਮੰਗਣੀ, ਵਿਵਾਹ, ਗੌਣ ਰਿਤਰਾਵਾ ਅਤੇ ਫਲ ਦੀ ਪ੍ਰਾਪਤੀ।[38] ਗੁਰੂ ਰਾਮਦਾਸ ਜੀ 'ਲਾਵਾਂ' ਵਿਚ ਅਧਿਆਤਮਕ ਵਿਆਹ ਦੀਆਂ ਚਾਰ ਅਵਸਥਾਵਾਂ ਦੇ ਪ੍ਰਤੀਕ ਨੂੰ ਸਿਰਜਦੇ ਹਨ। ਆਤਮਾ ਪਰਮਾਤਮਾ ਦੇ ਸੰਬੰਧ ਬਾਰੇ ਅਸੀਂ ਪਿਛੇ ਰਹੱਸਵਾਦ ਦੇ ਅਧਿਆਇ ਵਿਚ ਵਿਸਤ੍ਰਿਤ ਉਲੇਖ ਕਰ ਆਏ ਹਾਂ। ਇਸ ਲਈ ਵਿਸਤਾਰ ਵਿਚ ਨਾ ਜਾਂਦੇ ਹੋਏ ਇਥੇ ਪਰਮਾਤਮਾ ਦੇ ਹੋਰ ਸੰਬੰਧ-ਪਰਕ ਵਿਸ਼ਿਸ਼ਟ ਗੁਣਾਂ ਦੇ ਪ੍ਰਤੀਕਾਂ ਦਾ ਅਧਿਐਨ ਉਪਯੋਗੀ ਹੋਵੇਗਾ। ਗੁਰੂ ਰਾਮਦਾਸ ਕਾਵਿ ਵਿਚ ਪਰਮਾਤਮਾ ਦੇ ਪ੍ਰਿਅਤਵ ਦਾ ਬੋਧ ਕਰਾਉਣ ਵਾਲੇ ਹੋਰ ਸ਼ਬਦ ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰਤੀਕ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ, ਉਹ ਹਨ: ਸਾਹਿਬ, ਸੁਆਮੀ, ਸਰਾਫ, ਠਾਕਰ, ਵਣਜਾਰਾ, ਸਖਾ ਸਜਣ, ਪੁਰਖ, ਨਾਇਕ ਪੁਰਖ, ਪ੍ਰੀਤਮ, ਪਿਤਾ, ਬਾਬਲ ਅਤੇ ਮੀਤ ਆਦਿ।

(੬) ਪ੍ਰਮਾਤਮਾ ਦੇ ਸੰਬੰਧਪਰਕ ਵਿਸ਼ਿਸ਼ਟ ਗੁਣਾਂ ਦੇ ਪ੍ਰਤੀਕ:

ਸਾਹਿਬ: ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ।

(ਰਾਗ ਬਿਹਾਗੜਾ, ਆਦਿ ਗ੍ਰੰਥ, ਪੰ. 554)

ਸੁਆਮੀ: ਜਹ ਜਹ ਦੇਖਾ ਤਹ ਤਹ ਸੁਆਮੀ ਤੂ ਘਟਿ ਘਟਿ ਰਵਿਆ ਅੰਤਰਜਾਮੀ॥

(ਰਾਗ ਮਾਝ , ਆਦਿ ਗ੍ਰੰਥ, ਪੰ. 96)

---

38. See, Elywin Underhill, Mysticism, (New York No date), 16th Edition p. 139.

ਸੱਜਣ: ਹਉ ਢੂਢੇਦੀ ਸਜਣਾ ਸਜਣੁ ਮੈਡੈ ਨਾਲਿ॥ (ਕਾਨੜਾ ਕੀ ਵਾਰ, ਸਲੋਕ, ਆਦਿ ਗ੍ਰੰਥ, ਪੰ.1318)

ਖਸਮ: ਖਸਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਦੁਸ਼ਮਣ ਦੇ ਹਨ। ਪਰ ਸੰਤ ਅਤੇ ਗੁਰੂ ਕਾਵਿ ਵਿਚ ਪਰਮਾਤਮਾ ਲਈ, ਪਤੀ ਰੂਪ ਲਈ ਵਰਤਿਆ ਗਿਆ ਹੈ:—

ਹੁਕਮੁ ਪਛਾਣੈ ਖਸਮ ਕਾ ਤਾ ਸਚੁ ਭਾਵੈ ਸੋਇ॥

(ਸਾਰੰਗ ਕੀ ਵਾਰ, ਆਦਿ ਗ੍ਰੰਥ, ਪੰ. 1244)

ਠਾਕਰ: ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ॥ (ਰਾਗ ਆਸਾ, ਆਦਿ ਗ੍ਰੰਥ, ਪੰ.442)

ਧਨੀ: ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ॥੧॥ (ਰਾਗ ਤਿਲੰਗ, ਆਦਿ ਗ੍ਰੰਥ, ਪੰ.725)

ਵਣਜਾਰਾ: ਆਪਿ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਰੁ॥

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਚਾ ਸਾਹੁ॥

(ਰਾਗ ਸੋਰਠਿ, ਆਦਿ ਗ੍ਰੰਥ, ਪੰ. 604)

ਮਾਤਾ,ਪਿਤਾ: ਜਨ ਨਾਨਕ ਕੇ ਸਖਾ ਹਰਿ ਭਾਈ ਮਾਤਾ ਪਿਤਾ ਬੰਧਪੁ ਹਰਿ ਸਾਕ॥8॥18॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1295)

ਬਾਬਲ: ਹਰਿ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ (ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ.79)

ਪੁਰਖ: (ਨਾਇਕ ਪੁਰਖ) ਤੁਮ ਵਡ ਪੁਰਖ ਵਡ ਅਗਮ ਅਗੋਚਰ ਤੁਮ ਆਪੇ ਆਪਿ ਅਪਾਰੀ॥

(ਰਾਗ ਧਨਾਸਰੀ, ਆਦਿ ਗ੍ਰੰਥ, ਪੰ. 668)

ਰਾਮਨਾਮੁ [redacted] ਹੈ ਊਤਮੁ ਹਰਿ ਨਾਇਕ ਪੁਰਖੁ ਹਮਾਰਾ॥

(ਰਾਗ ਕਾਨੜਾ, ਆਦਿ ਗ੍ਰੰਥ, ਪੰ. 1314)

ਪ੍ਰੀਤਮ: ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥2॥

(ਰਾਗ ਗੋਂਡ, ਆਦਿ ਗ੍ਰੰਥ, ਪੰ. 862)

ਮੀਤ: ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ॥ (ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 41)

ਕਰਮ ਯੋਗ ਦੀ ਪ੍ਰਾਪਤੀ ਲਈ ਆਤਮਾ ਨੂੰ ਸਰੀਰ ਰੂਪੀ ਪਹਿਨਾਵਾ ਪਹਿਨਣਾ ਪੈਂਦਾ ਹੈ। ਕਰਮਯੋਗ ਦੀ ਇਸ ਸਥਿਤੀਵਿਚ ਜਿਵੇਂ ਕਿ ਅਸੀਂ ਪਹਿਲੇ ਜ਼ਿਕਰ ਕੀਤਾ ਹੈ ਗੁਰੂ ਰਾਮਦਾਸ ਜੀ ਇਸਤਰੀ (ਮੁੰਧ, ਧਨ) ਦਾ ਪ੍ਰਤੀਕ ਪ੍ਰਯੋਗ ਕਰਦੇ ਹਨ। ਇਹ ਜਗਤ ਪੇਕੇ ਘਰ ਦਾ ਪ੍ਰਤੀਕ ਹੈ, ਜਿਸ ਵਿਚ ਜੀਵ-ਆਤਮਾ ਸਹੁਰੇ-ਘਰ (ਪਰਲੋਕ) ਜਾਣ ਦੀ ਤਿਆਰੀ ਕਰਦੀ ਹੈ। ਇਸਤਰ੍ਹਾਂ ਗੁਰੂ ਰਾਮਦਾਸ ਜੀ ਇਕ ਪਾਸੇ ਇਸਤਰੀ ਅਤੇ ਮਰਦ ਦੇ ਸੰਬੰਧਾਂ ਦੇ ਪ੍ਰਤੀਕ ਰਾਹੀਂ ਅਤੇ ਦੂਜੇ ਪਾਸੇ ਇਕ ਵਪਾਰੀ, ਵਣਜਾਰੇ ਦੇ ਪ੍ਰਤੀਕ ਰਾਹੀਂ ਜੀਵਨ ਵਿਚ ਨਾਮ ਸਿਮਰਨ ਰਾਹੀਂ ਪਰਮਾਤਮਾ-ਮੇਲ ਦੇ ਮਹੱਤਵ ਤੇ ਬਲ ਦਿੰਦੇ ਹਨ। ਇਥੇ ਅਸੀਂ ਇਸ ਸੰਦਰਭ ਵਿਚ ਉਨ੍ਹਾਂ ਦੇ ਕੁਝ ਪ੍ਰਤੀਕਾਂ ਦੀਆਂ ਉਦਾਹਰਣਾਂ ਦੇ ਰਹੇ ਹਾਂ:—

ਮੁੰਧ: ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 78)

ਕਾਜ: ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨੁ ਹਿਰਦੈ ਨਾਮਿ ਵਿਗਾਸੀ॥

(ਰਾਗ ਸੂਹੀ, ਆਦਿ ਗ੍ਰੰਥ, ਪੰ. 774)

ਸੋਹਾਗਣ: ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ॥
ਅੰਤਰਿ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ॥3॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

ਚੋਲੀ: ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ॥੧॥

(ਰਾਗ ਗਉੜੀ, ਆਦਿ ਗ੍ਰੰਥ, ਪੰ. 168)

ਪਾਟ: ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ॥

(ਸੋਰਠਿ ਕੀ ਵਾਰ, ਆਦਿ ਗ੍ਰੰਥ, ਪੰ. 646)

ਸੇਜ: ਸੇਜ ਏਕ ਏਕੋ ਪ੍ਰਭੁ ਠਾਕੁਰੁ॥ (ਰਾਗ ਵਡਹੰਸ, ਆਦਿ ਗ੍ਰੰਥ, ਪੰ. 560)

ਗ੍ਰਿਹ: ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 977)

ਮਹਲ: ਦਰਿ ਸਚੈ ਸਚਿਆਰ ਮਹਲਿ ਬੁਲਾਇਆ॥੧॥ ਰਹਾਉ॥

(ਰਾਗ ਆਸਾ, ਆਦਿ ਗ੍ਰੰਥ, ਪੰ. 369)

ਦਰਬਾਰ: ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤ ਸਚੈ ਦਰਬਾਰਿ॥

(ਸਲੋਕ, ਆਦਿ ਗ੍ਰੰਥ, ਪੰ. 1422)

ਕੋਟ: ਕੰਚਨ ਕੋਟ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤ ਲਿਵ ਲਈਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 835)

ਨਗਰ: ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ॥2॥

(ਰਾਗ ਨਟ-ਨਾਰਾਇਨ, ਆਦਿ ਗ੍ਰੰਥ, ਪੰ. 975)

ਚੋਰ: ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥2॥

(ਰਾਗ ਬਸੰਤ, ਆਦਿ ਗ੍ਰੰਥ, 1178)

ਵਪਾਰੀ: ਧੰਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥

ਰਾਗਸਿਰੀ ਰਾਗ, ਆਦਿ ਗ੍ਰੰਥ, ਪੰ. 82)

ਟਕਸਾਲ: ਹਰਿ ਗੁਰਮੁਖਿ ਘੜਿ ਟਕਸਾਲ॥ (ਰਾਗੁ ਕਾਨੜਾ, ਆਦਿ ਗ੍ਰੰਥ, ਪੰ. 1296)

ਰਤਨ: ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

ਖਰਚ: ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ॥ (ਰਾਗ ਮਾਝ, ਆਦਿ ਗ੍ਰੰਥ, ਪੰ. 94)

ਲਾਹਾ: ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥

(ਗਉੜੀ ਕੀ ਵਾਰ, ਆਦਿ ਗ੍ਰੰਥ, ਪੰ. 309)

ਭਾਂਡੇ: ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ॥

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੈ ਵੇਚਾਰਾ॥

(ਰਾਗ ਆਸਾ, ਆਦਿ ਗ੍ਰੰਥ, ਪੰ. 449)

ਵਾਜੇ: ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ॥8॥2॥21॥

(ਰਾਗ ਬਿਲਾਵਲ, ਆਦਿ ਗ੍ਰੰਥ, ਪੰ. 834)

ਪੰਥ: ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥

(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 42)

(6) ਪ੍ਰਕ੍ਰਿਤੀ ਸੰਬੰਧੀ ਪ੍ਰਤੀਕ:

ਗੁਰੂ ਰਾਮਦਾਸ ਜੀ ਕੁਦਰਤ ਵਿਚੋਂ ਲਏ ਪ੍ਰਤੀਕਾਂ ਰਾਹੀਂ ਮਨੁੱਖੀ ਜੀਵਨ ਦੀ ਅਸਥਿਰਤਾ ਅਤੇ ਦਿਸਦੀਆਂ ਕਸੂੰਭੇ ਰੰਗੀਆਂ ਖੁਸ਼ੀਆਂ ਦੀ ਛਿਨ ਭੰਗਰਤਾ ਨੂੰ ਪ੍ਰਗਟ ਕਰਦੇ ਹਨ। ਗੁਰੂ ਰਾਮਦਾਸ ਜੀ ਮਨੁੱਖ ਨੂੰ ਪ੍ਰੇਰਦੇ ਹਨ ਕਿ ਉਹ ਮਨ ਅਤੇ ਸਰੀਰ ਨੂੰ ਸਾਧੇ। ਗੁਰੂ ਰਾਮਦਾਸ ਜੀ ਗੁਰੂ ਅਤੇ ਸੰਗਤ ਰਾਹੀਂ ਨਾਮ ਸਿਮਰਨ ਤੇ ਬਲ ਦਿੰਦੇ ਹੋਏ ਜੀਵਨ-ਸਿਧੀ ਦੀ ਪ੍ਰਾਪਤੀ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਪ੍ਰਗਟ ਕਰਦੇ ਹਨ। ਪ੍ਰਕ੍ਰਿਤੀ ਵਿਚੋਂ ਲਏ ਪ੍ਰਤੀਕਾਂ ਦੀਆਂ ਕੁਝ ਉਦਾਹਰਣਾਂ ਪ੍ਰਸਤੁਤ ਹਨ:—

ਲਕੜੀ: ਜਲ ਤੇ ਉਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ॥

ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ॥3॥

(ਕਾਨੜੇ ਕੀ ਵਾਰ, ਆਦਿ ਗ੍ਰੰਥ, ਪੰ. 1309)

ਧਰਤੀ: ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ॥

ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ॥

(ਰਾਗ ਸੋਰਠਿ, ਆਦਿ ਗ੍ਰੰਥ, ਪੰਨੇ 605-606 )

ਭਵਨਿਧ: ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵਨਿਧਿ ਪਾਰਿ ਪਰੇ॥

(ਰਾਗ ਕਲਿਆਨ, ਆਦਿ ਗ੍ਰੰਥ, ਪੰ. 1321)

ਭਵਸਿੰਧੁ: ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ
ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ॥ (ਰਾਗ ਕਾਨੜਾ, ਆਦਿ ਗ੍ਰੰਥ, ਪੰ. 1298)

ਸਾਗਰ: ਪਾਰਬ੍ਰਹਮਿ ਦਇਆਲ ਸਾਗਰੁ ਤਾਰਿਆ॥ (ਬਿਲਾਵਲ ਕੀ ਵਾਰ, ਆਦਿ ਗ੍ਰੰਥ, ਪੰ. 854)

ਹੰਸ: ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ॥4॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)

ਸਾਰੰਗ: ਬਿਨੁ ਹਰਿ ਨਾਵੈ ਕੋ ਬੇਲੀ ਨਾਹੀ ਹਰਿ ਜਪੀਐ ਸਾਰੰਗ ਪਾਣੀ ਹੇ॥7॥
(ਰਾਗਮਾਰੂ, ਆਦਿ ਗ੍ਰੰਥ, ਪੰ. 1070)

ਚਕਵੀ: ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥
ਮਿਲੈ ਪਿਆਰੇ ਸਭ ਦੁਖ ਤਿਆਗੈ॥ (ਰਾਗ ਗਉੜੀ, ਆਦਿ ਗ੍ਰੰਥ, ਪੰ. 164)

ਪਤੰਗਾ: ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ॥3॥ (ਰਾਗ ਆਸਾ, ਆਦਿ ਗ੍ਰੰਥ, ਪੰ. 367)

ਬਗਲਾ, ਕਾਗ: ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 881)

ਮੂਸਾ (ਚੂਹਾ): ਆਵ ਘਟੈ ਨਰੁ ਨ ਬੂਝੈ ਨਿਤ ਮੂਸਾ ਲਾਜ ਟੁਕਾਇ॥
(ਰਾਗ ਸਿਰੀ ਰਾਗ, ਆਦਿ ਗ੍ਰੰਥ, ਪੰ. 41)

ਤੁਖਾਈ (ਘੋੜੀ): ਜਿਤੁ ਹਰਿ ਪ੍ਰਭੁ ਜਾਪੈ ਸਾਧਨੁ [illegible] ਤੁਖਾਈਆ ਰਾਮ॥
(ਰਾਗ ਵਡਹੰਸ, ਆਦਿ ਗ੍ਰੰਥ, ਪੰ. 575)

ਮਜੀਠੀ ਰੰਗ: ਹਰਿਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥
(ਰਾਗ ਸੂਹੀ, ਆਦਿ ਗ੍ਰੰਥ, ਪੰ. 731)

ਕੁਸੰਭਾ: ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥
(ਰਾਗ ਗੋਂਡ, ਆਦਿ ਗ੍ਰੰਥ, ਪੰ. 861)

ਫਲ: ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ॥
(ਰਾਗ ਕਾਨੜਾ, ਆਦਿ ਗ੍ਰੰਥ, ਪੰ. 1309)

ਪ੍ਰਕਾਸ਼ (ਰੋਸ਼ਨੀ): ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ ਗੁਰਮਤਿ ਹਰਿ ਹਰਿ ਨਾਮਿ ਸਮਾਣੀ॥੧॥
(ਰਾਗ ਰਾਮਕਲੀ, ਆਦਿ ਗ੍ਰੰਥ, ਪੰ. 880)

ਗੁਰੂ ਰਾਮਦਾਸ ਜੀ ਦੀ ਪ੍ਰਤੀਕ ਯੋਜਨਾ ਦੇ ਉਪਰੋਕਤ ਅਧਿਐਨ ਤੋਂ ਕੁਝ ਗੱਲਾਂ ਸਪਸ਼ਟ ਰੂਪ ਵਿਚ ਉਭਰਕੇ ਸਾਹਮਣੇ ਆਉਂਦੀਆਂ ਹਨ ਕਿ ਉਨ੍ਹਾਂ ਦੇ ਪ੍ਰਤੀਕਾਂ ਦਾ ਮੂਲ ਸੋਮਾ, ਪੌਰਾਣਕ

ਕਾਵਿ ਰੂੜੀ, ਸਮਾਜਕ ਜੀਵਨ, ਕੁਦਰਤ ਅਤੇ ਵਿਅਕਤੀਗਤ ਜੀਵਨ ਹੈ। ਪੌਰਾਣਕ ਕਾਵਿ ਰੂੜੀ ਦੇ ਅੰਤਰਗਤ ਹੀ ਉਨ੍ਹਾਂ ਦੇ ਪ੍ਰਤੀਕਾਂ ਦਾ ਵੱਡਾ ਹਿਸਾ ਕ੍ਰਿਸ਼ਨ ਕਾਵਿ ਰੂੜੀ ਦਾ ਹੈ ਪਰ ਜੋ ਸਮਕਾਲੀ ਵੈਸ਼ਨਵ ਸੰਪਰਦਾ ਦੇ ਅਸਲ ਥਲੇ ਲਿਖੇ ਜਾ ਰਹੇ ਸਗੁਣੀ ਕਾਵਿ ਦੇ ਵਿਪਰੀਤ ਨਿਰਗੁਣ ਬ੍ਰਹਮ ਦੇ ਅਰਥਾਂ ਦਾ ਬੋਧ ਕਰਾਉਂਦਾ ਹੈ। ਸਮਾਜਕ ਜੀਵਨ ਵਿਚੋਂ ਲਏ ਗਏ ਉਨ੍ਹਾਂ ਦੇ ਪ੍ਰਤੀਕ ਨਾਗਰਕ ਜੀਵਨ ਦੇ ਵਪਾਰਕ ਜੀਵਨ ਨਾਲ ਵਧੇਰੇ ਸੰਬੰਧਤ ਹਨ ਅਤੇ ਪ੍ਰਕ੍ਰਿਤੀ ਵਿਚੋਂ ਲਏ ਗਏ ਬਹੁਤੇ ਪ੍ਰਤੀਕ ਭਗਤੀ ਕਾਵਿ ਅਤੇ ਗੁਰੂ ਕਾਵਿ ਦੇ ਅਸਰ ਥਲੇ ਹਨ। ਪ੍ਰਾਕ੍ਰਿਤਕ ਪ੍ਰਤੀਕਾਂ ਨਾਲ ਜੁੜੇ ਤੇ ਸਦਾਚਾਰਕ ਅਰਥਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਗਿਆ ਹੈ। ਪਰ 'ਤੁਖਾਈ' ਵਰਗੇ ਪ੍ਰਤੀਕਾਂ ਵਿਚ ਉਨ੍ਹਾਂ ਦੀ ਨਿਜੀ ਛਾਪ ਵੀ ਦੇਖੀ ਜਾ ਸਕਦੀ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੋ ਧਾਰਨਾ ਉਨ੍ਹਾਂ ਦੀ ਅਨੁਭੂਤੀ ਦਾ ਵਿਸ਼ਾ ਹੋਈ, ਉਹੀ ਉਨ੍ਹਾਂ ਦੇ ਕਾਵਿ ਵਿਚ ਪ੍ਰਗਟ ਹੁੰਦੀ ਹੈ। ਉਨ੍ਹਾਂ ਲਈ ਪਰਮ-ਸੱਤਾ ਦਾ ਸਰੂਪ ਅਨਿਰਵਚਨੀਯ ਹੈ। ਉਨ੍ਹਾਂ ਦੇ ਕਾਵਿ ਵਿਚ ਪਰਮਾਤਮਾ ਦੇ ਵਿਸ਼ੇ ਸੰਬੰਧੀ ਅਨੇਕ ਧਾਰਨਾਵਾਂ ਦਾ ਸਮਿਨਵੈ ਮਿਲਦਾ ਹੈ ਜੋ ਕਿ ਕਿਸੇ ਸੱਚੇ ਰਹੱਸਵਾਦੀ ਕਵੀ ਦੇ ਉਦਗਾਰਾਂ ਵਿਚ ਹੀ ਸੰਭਵ ਹੋ ਸਕਦਾ ਹੈ।

## ਨਿਸ਼ਕਰਸ਼

ਗੁਰੂ ਰਾਮਦਾਸ ਜੀ ਦੀ ਪ੍ਰੇਮ-ਭਾਵਾਂ ਦੇ ਵਿਚ ਪਰੁਚੀ ਹੋਈ ਕਵਿਤਾ ਆਪਣੇ ਅਨੇਕ ਪੱਖੀ ਗੁਣਾਂ ਕਰਕੇ ਪੰਜਾਬੀ ਸਾਹਿਤ ਵਿਚ ਸ੍ਰੇਸ਼ਟ ਸਥਾਨ ਰੱਖਦੀ ਹੈ। ਉਨ੍ਹਾਂ ਦੀ ਕਵਿਤਾ ਗਿਣਨਾਤਮਕ ਪੱਖੋਂ ਵੀ ਉੱਤਮ ਹੈ ਅਤੇ ਗੁਣਨਾਤਮਕ ਪੱਖੋਂ ਵੀ। ਆਦਿ ਗ੍ਰੰਥ ਵਿਚ ਸਭ ਤੋਂ ਵਧੇਰੇ ਰਾਗਾਂ ਵਿਚ ਰਚੀ ਆਪਜੀ 'ਬਾਣੀ' ਹੀ ਮਿਲਦੀ ਹੈ। ਆਦਿ ਗ੍ਰੰਥ ਦੇ ਹੋਰ ਸਾਰੇ ਕਵੀਆਂ ਨੇ ਮਿਲਕੇ ਚੌਦਾਂ ਵਾਰਾਂ ਲਿਖੀਆਂ ਅਤੇ ਇਸ ਵਿਚ ਸੱਤੇ ਬਲਵੰਡ ਦੀ ਵਾਰ ਵੀ ਸਮਿਲਿਤ ਹੈ। ਗੁਰੂ ਰਾਮਦਾਸ ਜੀ ਨੇ ਇਕੱਲਿਆਂ ਅਠ ਵਾਰਾਂ ਲਿਖੀਆਂ ਹਨ। ਆਪ ਦੇ ਰਚੇ ਛਕੇ, ਛੰਤਾਂ ਅਤੇ ਆਸਾ ਦੀ ਵਾਰ ਨਾਲ ਗਾਈਆਂ ਜਾਂਦੀਆਂ ਪਉੜੀਆਂ ਦੇ ਸੰਗੀਤਕ ਗੁਣਾਂ ਤੋਂ ਪੰਜਾਬੀ ਪਾਠਕ/ਸ੍ਰੋਤਾ ਪਰੀਚਿਤ ਹੈ।

ਸਿਖਮਤ ਨੂੰ ਸੰਗਠਤ ਕਰਨ ਵਿਚ, ਇਸਦੇ ਕੇਂਦਰੀਕਰਨ ਵਿਚ, ਸਮਕਾਲੀ ਧਰਮਾਂ ਨਾਲੋਂ ਇਕ ਵੱਖਰਤਾ ਦੀ ਚੇਤੰਨਤਾ ਦੇ ਪਸਾਰ, ਗੁਰਬਾਣੀ ਦੇ ਪ੍ਰਚਾਰ ਅਤੇ ਵਪਾਰ ਅਤੇ ਵਣਜ ਦੇ ਪਖ ਵਲ ਧਿਆਨ ਦੇਣ ਵਿਚ, ਉਨ੍ਹਾਂ ਦੀ ਦੇਣ ਮਹਾਨ ਹੈ। ਸਿਖਮਤ ਦੇ ਨਵੇਂ ਰੀਤੀ ਤਿਉਹਾਰਾਂ, ਸੰਸਕਾਰਾਂ ਦੀ ਸਥਾਪਤੀ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਹੈ। ਵਿਸ਼ੇਸ਼ ਰੂਪ ਵਿਚ ਗੁਰੂ ਰਾਮਦਾਸ ਜੀ ਨੇ ਵਿਆਹ ਦੀ ਰਸਮ ਨੂੰ ਨਵਾਂ ਰੂਪ ਦੇ ਕੇ ਅਧਿਆਤਮਕ ਅਤੇ ਸਮਾਜਕ ਤੱਤਾਂ ਦਾ ਸੁੰਦਰ ਸੁਮੇਲ ਸਥਾਪਤ ਕੀਤਾ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਦੇ ਆਲੋਚਨਾਤਮਕ ਅਧਿਐਨ ਤੋਂ ਅਸੀਂ ਨਿਮਨਲਿਖਤ ਨਿਸ਼ਕਰਸ਼ਾਂ ਤੇ ਪਹੁੰਚੇ ਹਾਂ।

1. ਗੁਰੂ ਰਾਮਦਾਸ ਜੀ ਅਜੇਹੇ ਤੱਤ੍ਵ-ਮੀਮਾਂਸੀ ਹਨ, ਜੋ ਸ੍ਰਿਸ਼ਟੀ ਦੀ ਰਚਨਾ ਦੇ ਦੈਵੀ ਪ੍ਰਯੋਜਨ ਦੀ ਤਲਾਸ਼ ਕਰਦੇ ਹਨ। ਕੁਦਰਤ ਦੇ ਅਟੱਲ ਨਿਯਮ ਇਸ ਗੱਲ ਦੀ ਗਵਾਹੀ ਹਨ ਕਿ ਸ੍ਰਿਸ਼ਟੀ ਦੀ ਰਚਨਾ ਦਾ ਕੋਈ ਮਨੋਰਥ ਜ਼ਰੂਰ ਹੈ। ਇਕ ਆਮ ਤੱਤ੍ਵ-ਮੀਮਾਂਸੀ ਲਈ ਇਹ ਗੱਲ ਗਿਆਨ-ਮੰਡਲ ਦੀ ਸਥਿਤੀ ਵਿਚ ਹੀ ਮਹੱਤਵ ਰੱਖਦੀ ਹੈ, ਪਰ ਗੁਰੂ ਰਾਮਦਾਸ ਜੀ ਅਜੇਹੇ ਸਿਧਾਂਤਵਾਦੀ ਨਹੀਂ ਹਨ। ਗੁਰੂ ਰਾਮਦਾਸ ਜੀ ਲਈ ਸ੍ਰਿਸ਼ਟੀ ਦੀ ਉਤਪਤੀ, ਵਿਕਾਸ, ਜੀਵ ਅਤੇ ਉਸਦਾ ਪਰਮ-ਸੱਤਾ ਜਾਂ ਬ੍ਰਹਮ ਨਾਲ ਸੰਬੰਧ, ਆਤਮਕ ਹੈ। ਗੁਰੂ ਰਾਮਦਾਸ ਜੀ ਦੇ ਵਿਸ਼ਵਾਸ ਅਨੁਸਾਰ ਮਨੁੱਖੀ ਗਿਆਨ-ਇੰਦਰੇ ਨਿਸਚੇ ਹੀ ਇਸ ਤਕ ਨਹੀਂ ਪਹੁੰਚ ਸਕਦੇ; ਪਰਮ-ਸੱਤਾ ਨੂੰ 'ਅਕਲ' ਬੁਧੀ ਅਤੇ ਦਲੀਲ ਦੇ ਮਾਧਿਅਮ ਰਾਹੀਂ ਨਹੀਂ ਜਾਣਿਆ ਜਾ ਸਕਦਾ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮ-ਸੱਤਾ ਜਾਂ ਅੰਤਿਮ-ਸਤਿ ਬਾਰੇ ਅੰਤਿਮ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਗੁਰੂ ਰਾਮਦਾਸ ਜੀ ਦੀ ਕਵਿਤਾ ਦਾ ਪ੍ਰਯੋਜਨ ਪਰਮਾਤਮਾ ਦੀ ਕ੍ਰਿਪਾ ਦੇ ਫਲ-ਸਰੂਪ ਗੁਰੂ ਦੇ ਦਿਤੇ ਆਤਮਕ ਗਿਆਨ ਰਾਹੀਂ ਪ੍ਰਾਪਤ ਕੀਤੇ ਸੱਚ ਨੂੰ, ਆਮ-ਪੱਧਰ ਦੀ ਚੇਤਨਾ ਤਕ ਪਹੁੰਚਾਣ ਦਾ ਹੈ।

ਮਨੁੱਖ ਵਿਚ ਐਸੀ ਅੰਤਰਪਰਕ ਸ਼ਕਤੀ ਹੈ, ਜਿਸਦੇ ਦੁਆਰਾ ਅਸੀਂ ਯਥਾਰਥ ਸੱਤਾ ਨੂੰ

ਉਸਦੀ ਅਧਿਕ ਡੂੰਘੀ ਅਤੇ ਅੰਤਰਿਕ ਵਿਅਕਤਿਤਾ ਦੇ ਨਾਲ ਅਨੁਭਵ ਕਰਦੇ ਹਾਂ, ਕੇਵਲ ਉਸ ਦੇ ਉਪਰਲੇ ਅਤੇ ਬਾਹਰਲੇ ਪਹਿਲੂਆਂ ਨੂੰ ਹੀ ਨਹੀਂ। ਜੋ ਨਿਯਮ ਇਸ ਸੰਸਾਰ ਨੂੰ ਚਲਾਉਂਦਾ ਹੈ, ਉਹ ਨਿਯਮ ਵਿਆਪਕ ਹੈ, ਉਸਦੇ ਪ੍ਰਯੋਜਨ ਦਾ ਕੁਝ ਪਤਾ ਨਹੀਂ ਲਗਦਾ, ਇਸ ਲਈ ਗੁਰੂ ਰਾਮਦਾਸ ਜੀ ਕੁਦਰਤ ਵਿਚ ਵੱਸੇ ਬ੍ਰਹਮ ਦੀ ਉਸਤਤ ਕਰਦੇ ਨਹੀਂ ਥਕਦੇ ਪਰ ਉਸਦੇ ਉਦੇਸ਼ਾਂ ਜਾਂ ਪ੍ਰਯੋਜਨਾਂ ਦੇ ਝਮੇਲੇ ਵਿਚ ਨਹੀਂ ਪੈਂਦੇ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਬ੍ਰਹਮ ਜਾਂ ਪਰਮਾਤਮਾ ਦਾ ਨਿਰਗੁਣ ਅਤੇ ਨਿਰਗੁਣ-ਸਗੁਣ ਰੂਪ ਵਿਅਕਤ ਹੋਇਆ ਹੈ। ਉਨ੍ਹਾਂ ਅਨੁਸਾਰ ਬ੍ਰਹਮ ਦਾ ਨਿਰਗੁਣ, ਨਿਰਾਕਾਰ ਰੂਪ ਵੀ ਸਗੁਣ ਸੰਪੰਨ ਹੈ, ਕਿਉਂਕਿ ਉਸ ਨਿਰੰਕਾਰ ਸਦਾ-ਥਿਰ ਵਿਆਪਕ ਪਰਮ-ਸੱਤਾ ਦੀ ਜੋਤਿ ਹੀ ਸ੍ਰਿਸ਼ਟੀ ਵਿਚ ਵਿਦਮਾਨ ਹੈ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਪਰਮਾਤਮਾ ਬੇਅੰਤ ਗੁਣਾਂ ਦਾ ਧਾਰਨੀ ਹੈ। ਗੁਰੂ ਰਾਮਦਾਸ ਜੀ ਅਨੁਸਾਰ ਨਿਰਾਕਾਰ ਪਰਮਾਤਮਾ ਆਪ ਹੀ ਆਪਣੇ ਆਪਨੂੰ ਰਚਣ ਵਾਲਾ ਹੈ। ਉਸਨੂੰ ਸਥਾਪਤ ਕਰਨ ਵਾਲਾ ਕੋਈ ਹੋਰ ਨਹੀਂ, ਉਹ ਆਪ ਹੀ ਹੈ। ਨਿਰਾਕਾਰ, ਨਿਰੰਜਨ ਸੱਤਾ ਆਪਣੇ ਆਪਣੇ ਆਪ ਵਿਚੋਂ ਹੀ ਜੀਵ-ਆਤਮਾਵਾਂ ਪ੍ਰਗਟ ਕਰਦੀ ਹੈ ਅਤੇ ਉਨ੍ਹਾਂ ਵਿਚ ਵਿਆਪਤ ਹੋ ਕੇ ਉਹਨਾਂ ਤੋਂ ਬਾਹਰ ਰਹਿੰਦੀ ਹੈ। ਇਹ ਉਸਦੀ ਅੰਤਰਯਾਮਤਾ ਅਤੇ ਸੁਘੜ-ਸਿਆਣਪਤਾ ਹੈ ਕਿ ਇਹ ਕਾਰਜ ਉਸ ਲਈ ਇਕ ਖੇਡ, ਇਕ ਰੋਜ ਦੀ ਤਰ੍ਹਾਂ ਹੈ। ਇਹ ਹੀ ਉਸਦੇ ਅਨਾਦਿ ਗੁਣਾਂ ਦਾ ਕਰਤੱਵ ਹੈ। ਪਰਮਾਤਮਾ ਸਗੁਣ ਰੂਪ ਅਖਤਿਆਰ ਕਰਕੇ ਆਪਣੀ ਨਿਰਗੁਣੀ ਅਵਸਥਾ ਤੋਂ ਬਾਹਰ ਨਹੀਂ ਆਉਂਦਾ। ਗੁਰੂ ਰਾਮਦਾਸ ਜੀ ਅਨੁਸਾਰ ਨਿਰਗੁਣ ਪਰਮਾਤਮਾ ਹੀ ਸ੍ਰਿਸ਼ਟੀ ਦਾ ਮੂਲ ਹੈ। ਸ੍ਰਿਸ਼ਟੀ ਦੇ ਤਿੰਨ ਗੁਣ, ਸਤ, ਰਜ ਅਤੇ ਤਮ ਉਸ ਦੇ ਪੈਦਾ ਕੀਤੇ ਹੋਏ ਹਨ। ਸੋ ਉਹ ਤ੍ਰੈਗੁਣਾਤਮਕ ਨਹੀਂ, ਸਗੋਂ ਨਿਰਗੁਣ ਹੈ। ਉਹ ਸ੍ਰਿਸ਼ਟੀ ਦਾ ਕਾਰਜ ਅਤੇ ਕਾਰਣ ਆਪ ਹੈ। ਪਰਮਾਤਮਾ ਸ੍ਰਿਸ਼ਟੀ ਪੈਦਾ ਕਰ ਕੇ ਉਸਦੇ ਅੰਦਰ ਬਾਹਰ ਰੈਂਹਦਾ ਹੈ। ਗੁਰੂ ਰਾਮਦਾਸ-ਕਾਵਿ ਵਿਚ ਬ੍ਰਹਮ ਪਰਮ-ਸੱਚਾਈ ਦੇ ਰੂਪ ਵਿਚ ਵਿਅਕਤ ਹੋਇਆ ਹੈ, ਜਿਸ ਤੋਂ ਅਨੇਕ ਪ੍ਰਕਾਰ ਦੀਆਂ ਆਕ੍ਰਿਤੀਆਂ ਪੈਦਾ ਹੁੰਦੀਆਂ ਹਨ। ਸਾਰੇ ਪ੍ਰਾਕ੍ਰਿਤਕ ਪਦਾਰਥ ਉਸ ਦੇ ਵਿਸਤਾਰ ਤੋਂ ਹੀ ਆਕਾਰ ਗ੍ਰਹਿਣ ਕਰਦੇ ਹਨ ਅਤੇ ਅੰਤ ਉਸ ਵਿਚ ਲੀਨ ਹੁੰਦੇ ਹਨ।

2. ਗੁਰੂ ਰਾਮਦਾਸ ਜੀ ਦਾ ਨੀਤੀ-ਸ਼ਾਸਤਰ ਉਨ੍ਹਾਂ ਨਿਯਮਾਂ ਤੇ ਆਧਾਰਿਤ ਹੈ, ਜਿਨ੍ਹਾਂ ਰਾਹੀਂ ਵਿਅਕਤੀ ਆਪਣੇ ਆਦਰਸ਼ ਨਾਲ ਜੁੜਕੇ ਨਾ ਕੇਵਲ ਆਪਣੇ ਸਦਾਚਾਰਕ ਅਨੁਸ਼ਾਸਨ ਨੂੰ ਅਰਥ ਦੇ ਸਕਦਾ ਹੈ, ਸਗੋਂ ਮਨੁੱਖੀ ਭਾਈ ਚਾਰੇ ਦੇ ਕਲਿਆਨ ਲਈ ਯਤਨਸ਼ੀਲ ਹੋ ਸਕਦਾ ਹੈ। ਇਸ ਲਈ ਉਹ ਅਧਿਆਤਮ ਤੱਤ੍ਵ ਦੇ ਨਾਲ ਨਾਲ ਇਸ ਤੱਤ੍ਵ ਨੂੰ ਅਪਨਾਉਣ ਲਈ ਜਿਹੜੀ ਜੀਵਨ-ਜਾਚ ਅਪਨਾਉਣੀ ਚਾਹੀਦੀ ਹੈ, ਉਸ ਉਤੇ ਵੀ ਬਲ ਦਿੰਦੇ ਹਨ। ਮੁਕਤੀ ਜਾਂ ਮੋਕਸ਼ ਗੁਰੂ ਰਾਮਦਾਸ ਜੀ ਅਨੁਸਾਰ ਇਕ ਸ੍ਰੇਸ਼ਟ ਆਤਮਕ ਦਰਜਾ ਹੈ। ਇਕ ਇਕ ਅਜੇਹੀ ਅਵਸਥਾ ਹੈ, ਜਿਥੇ ਆਤਮਕ ਸੂਝ ਰਾਹੀਂ ਆਪਾ ਚੀਨਣ ਤੇ ਮਨੁੱਖੀ ਰੂਹ ਆਪਣੀ ਪਹਿਲੀ ਅਗਿਆਨ-ਅਵਸਥਾ ਤੋਂ ਸੁਤੰਤਰਤਾ ਪ੍ਰਾਪਤ ਕਰਦੀ ਹੈ। ਇਹੀ ਪਰਮ-ਸੁਖ ਜਾਂ

ਪਰਮ-ਆਨੰਦ ਦੀ ਅਵਸਥਾ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖ ਦੀ ਸੰਪੂਰਣਤਾ ਉਸਦੇ ਸਰਬ-ਵਿਆਪਕ ਨਿਯਮ ਨੂੰ ਸਮਝਣ ਵਿਚ, ਉਸ ਅਨੁਸਾਰ ਆਪਣਾ ਆਪ ਢਾਲਣ ਵਿਚ ਹੈ। ਮਨੁੱਖ ਇਕ ਕਤਰੇ ਦੀ ਨਿਆਈਂ ਆਪਣੀ ਸਮੁਚੀ ਹਸਤੀ ਨੂੰ ਬ੍ਰਹਮੰਡ-ਸਮੁੰਦਰ ਵਿਚ ਦੀ ਵਿਆਪਕਤਾ ਵਿਚ ਲੀਨ ਕਰ ਸਕਦਾ ਹੈ, ਇਸ ਲਈ ਜੋ ਗੁਣ ਪਰਮ-ਸੱਤਾ ਦੇ ਹਨ, ਉਹੀ ਗੁਣ ਪ੍ਰਾਣੀ ਮਾਤਰ ਨੂੰ ਅਪਨਾਉਣ ਲਈ ਪ੍ਰੇਰਿਆ ਗਿਆ ਹੈ। ਪਰੰਪਰਾਗਤ ਲੀਕ ਤੋਂ ਹਟਕੇ ਨਵੇਂ ਢੰਗ ਨਾਲ ਸੋਚਦਿਆਂ ਵੈਦਿਕ ਧਰਮ ਦੇ ਪੁਰਸ਼ਾਰਥਾਂ (ਵਰਣ ਅਤੇ ਆਸ਼੍ਰਮ) ਨੂੰ ਮੁਖ ਰੱਖਣ ਦੀ ਥਾਂ ਤੇ ਗੁਰੂ ਰਾਮਦਾਸ ਜੀ ਪਰਮਾਤਮਾ ਦੇ ਭਗਤ ਨੂੰ ਕਾਮ, ਅਰਥ ਧਰਮ ਅਤੇ ਮੋਕਸ਼ ਤੋਂ ਉਪਰ ਦਾ ਸਥਾਨ ਦਿੰਦੇ ਹਨ।

ਗੁਰੂ ਰਾਮਦਾਸ ਜੀ ਦੀ ਧਾਰਣਾ ਹੈ ਕਿ ਮਨੁੱਖ ਨੂੰ ਵੱਖਰੀ ਹੋਂਦ ਦਾ ਅਹਿਸਾਸ ਹਉਮੈ ਕਾਰਣ ਹੀ ਹੁੰਦਾ ਹੈ। ਜੀਵ-ਆਤਮਾ ਉਸ 'ਅਸਲੇ' (ਪਰਮਾਤਮਾ) ਨਾਲੋਂ ਹਉਮੈ ਕਾਰਣ ਹੀ ਵਿਛੁੜੀ ਰਹਿੰਦੀ ਹੈ। ਇਹ ਹੀ ਕਾਰਣ ਹੈ ਕਿ ਜੀਵ ਵਿਚ ਔਗੁਣ ਪੈਦਾ ਹੁੰਦੇ ਹਨ ਅਤੇ ਦੁੱਖ ਕਾਇਮ ਰਹਿੰਦਾ ਹੈ।

ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਗਿਆਨ, ਕਰਮ ਅਤੇ ਭਗਤੀ ਦੇ ਸੁਮੇਲ ਤੇ ਜ਼ੋਰ ਦਿਤਾ ਗਿਆ ਹੈ। ਉਹ ਮਨੁੱਖੀ ਜੀਵਨ ਨੂੰ ਕਰਮ-ਰੂਪ ਬੀਜ ਬੀਜਣ ਦੀ ਭੂਮਿ ਮੰਨਦੇ ਹਨ। ਗੁਰੂ ਰਾਮਦਾਸ ਜੀ ਚੰਗੇ ਕਰਮਾਂ ਰਾਹੀਂ ਜੀਵਨ-ਮੁਕਤੀ ਦਾ ਆਸ਼ਾਵਾਦੀ ਮਾਰਗ ਦਿਖਾਉਂਦੇ ਹਨ। ਗ੍ਰਹਿਸਤ ਜੀਵਨ ਵਿਚ ਵਿਚਰਦਿਆਂ, ਸੱਚੇ ਅਤੇ ਸੁੱਚੇ ਜੀਵਨ ਦੇ ਪੰਥ ਤੇ ਚਲਣ ਲਈ ਕਿਰਤ-ਕਮਾਈ ਦੀ ਜੋਗ ਵਰਤੋਂ, ਪਰਮਾਤਮਾ ਦੀ ਸਿਫ਼ਤਿ-ਸਾਲਾਹ, ਨਾਮ ਸਿਮਰਨ ਅਤੇ ਗੁਰੂ ਦੀ ਸੰਗਤ ਦੀ ਲੋੜ ਹੈ। ਇਹ ਨਾ ਸਿਰਫ ਭਾਈਚਾਰਕ ਜੀਵਨ ਦੀ ਪੱਧਰ ਨੂੰ ਉੱਚਾ ਕਰਦੇ ਹਨ, ਸਗੋਂ ਅਧਿਆਤਮਕ ਆਦਰਸ਼ ਦੀ ਪ੍ਰਾਪਤੀ ਲਈ ਵੀ ਸਹਾਈ ਹੁੰਦੇ ਹਨ। ਨਾਮ-ਸਿਮਰਨ ਰਾਹੀਂ ਸਦਾਚਾਰ ਦੇ ਸਾਰੇ ਗੁਣ ਮਨੁੱਖ ਵਿਚ ਪ੍ਰਵੇਸ਼ ਕਰ ਜਾਂਦੇ ਹਨ; ਜਦ ਿ ਮਨੁੱਖ ਇਹ ਜਾਣ ਜਾਂਦਾ ਹੈ ਕਿ ਪਰਮਾਤਮਾ ਸਭ ਵਿਚ ਵਿਦਮਾਨ ਹੈ ਅਤੇ ਸਾਰੇ ਪ੍ਰਾਣੀ ਉਸਦੇ ਹੀ ਰੂਪ ਹਨ, ਤਾਂ ਉਹ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦਾ।

ਗੁਰਮੁਖ ਅਤੇ ਮਨਮੁਖ ਵਿਚਲੇ ਭੇਦ ਨੂੰ ਗੁਰੂ ਰਾਮਦਾਸ ਜੀ ਸਰਲ ਢੰਗ ਨਾਲ 'ਕਰਮ' ਦੇ ਆਧਾਰ ਤੇ ਨਬੇੜਦੇ ਹਨ। ਜਿਹੜੇ ਮਨੁੱਖ ਵਿਸ਼ਿਆਂ ਦੇ ਸੰਜਮ ਦਾ ਬੰਧੇਜ ਢਿਲਾ ਕਰ ਦਿੰਦੇ ਹਨ, ਉਹ ਮਨਮੁਖ ਜੀਵ ਹਨ; ਪਰ ਜੋ ਸਤਿ ਦਾ ਮਾਰਗ ਅਪਨਾ ਕੇ 'ਸਤਿ' ਨੂੰ ਜੀਵਨ ਕਰਮ ਵਿਚ ਜੀਵਨ-ਜੁਗਤੀ ਬਣਾ ਲੈਂਦੇ ਹਨ, ਉਹ ਗੁਰਮੁਖ ਜੀਵ ਹਨ।

ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਅਰਥ, ਸਦਾਚਾਰਕ ਜ਼ਿੰਦਗੀ ਵਿਚੋਂ ਇਕ ਵਾਰ ਹੀ ਪ੍ਰਾਪਤ ਕੀਤਾ ਆਦਰਸ਼ ਨਹੀਂ, ਸਗੋਂ ਇਸ ਲਈ ਮਨੁੱਖ ਨੂੰ ਨਿਰੰਤਰ ਸੰਘਰਸ਼ਸ਼ੀਲ ਰਹਿਣਾ ਪੈਂਦਾ ਹੈ ਅਤੇ ਔਗੁਣਾਂ ਦਾ ਵਿਰੋਧ ਕਰਦਿਆਂ, ਗੁਣਮਈ ਜ਼ਿੰਦਗੀ ਤੇ ਤੁਰਦਿਆਂ, ਅਧਿਆਤਮਕ ਆਦਰਸ਼ ਦੀ ਮੰਜ਼ਲ ਵਲ ਵਧਣਾ ਪੈਂਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਵਿਅਕਤ ਗੁਰਮੁਖ ਅਤੇ ਗੁਰਸਿਖ

ਵਿਚ ਕੋਈ ਤਾਤਵਿਕ ਭੇਦ ਨਹੀਂ। ਦੋਨੋਂ ਜੀਵ ਹੀ ਗੁਰੂ, ਸਾਧੂ, ਸੰਤ ਅਤੇ ਜਨ ਆਦਿ ਵਾਂਗ ਆਦਰਸ਼ਕ ਮਨੁੱਖ ਦੇ ਚਿੰਨ੍ਹ ਹਨ। ਗੁਰੂ ਸਾਹਿਬਾਨ ਜਿਸ ਆਦਰਸ਼ਕ ਮਨੁੱਖ ਦੀ ਸਿਰਜਣਾ ਵਿਚ ਸੰਲਗਨ ਸਨ, ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਉਸ ਨੂੰ ਗੁਰਸਿਖ ਸ਼ਬਦ ਰਾਹੀਂ ਬਿਆਨ ਕੀਤਾ ਗਿਆ ਹੈ। ਗੁਰਮੁਖ ਜਾਂ ਗੁਰਸਿਖ ਸੱਚੇ ਜੀਵਨ ਲਈ ਤਾਂਘਦਾ ਜੀਵ ਹੈ। ਪਰਮਾਤਮਾ ਦੇ ਅਨਾਦਿ ਗੁਣਾਂ ਦੀ ਸਿਫ਼ਤਿ-ਸਾਲਾਹ, ਉਹ ਸ਼ਰਧਾ ਅਤੇ ਸਿਦਕ ਦੇ ਗੁਣਾਂ ਨਾਲ ਕਰਦਾ ਹੈ। ਉਹ ਗੁਰੂ ਦੀ ਸਿੱਖਿਆ ਰਾਹੀਂ ਨਾਮ ਸਿਮਰਨ ਵਿਚ ਲੱਗ ਕੇ, ਵਿਕਾਰਾਂ, ਪਾਪਾਂ ਤੋਂ ਬਚ ਜਾਂਦਾ ਹੈ। ਗੁਰਮੁਖ ਲਈ ਪਹਿਲਾ ਆਗਮ ਨਿਗਮ ਗੁਰੂ ਦਾ ਬਚਨ ਜਾਂ ਸ਼ਬਦ ਹੈ, ਜੋ ਸਭ ਤੋਂ ਵਧੇਰੇ ਪ੍ਰਮਾਣਿਕ ਹੈ। ਉਹ ਪਰਮਾਤਮਾ ਦਾ ਨਾਮ ਸਿਮਰ ਕੇ ਹਉਮੈ ਨੂੰ ਨਵਿਰਤ ਕਰ ਲੈਂਦਾ ਹੈ। ਪਰਮਾਤਮਾ ਨੂੰ ਹਰ ਪਲ ਯਾਦ ਰਖਕੇ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ। ਅਜੇਹਾ ਮਨੁੱਖ ਹੀ ਪਰਮ-ਪਦ ਜਾਂ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।

3. ਗੁਰੂ ਰਾਮਦਾਸ ਜੀ ਪਰਮਾਤਮਾ ਨਾਲ ਮੇਲ ਦਾ ਕੋਈ ਤਾਤਵਿਕ ਸਿਧਾਂਤ ਪੇਸ਼ ਨਹੀਂ ਕਰਦੇ, ਸਗੋਂ ਉਸ ਦੇ ਪ੍ਰਤੱਖ ਅਨੁਭਵ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਅਨੁਸਾਰ ਪਰਮ-ਸੱਤਾ ਦਾ ਸਾਖਿਆਤਕਾਰ ਗੂੰਗੇ ਦੇ ਮਿਠਿਆਈ ਖਾਣ ਵਾਂਗ ਹੈ। ਗੁਰੂ ਰਾਮਦਾਸ ਜੀ ਦੀ ਕਵਿਤਾ ਦਾ ਆਧਾਰ ਪਰਮਾਤਮਾ ਪ੍ਰਤੀ ਪ੍ਰੇਮ ਹੈ, ਜੋ ਉਨ੍ਹਾਂ ਦੀ ਕਵਿਤਾ ਵਿਚ ਬਾਕੀ ਗੁਰੂ-ਕਵੀਆਂ ਨਾਲੋਂ ਵਧੇਰੇ ਪ੍ਰਬਲ ਰੂਪ ਵਿਚ ਪ੍ਰਗਟ ਹੋਇਆ ਮਿਲਦਾ ਹੈ। ਪਰਮਾਤਮਾ ਲਈ ਮਿਲਣ ਦੀ ਖਿੱਚ, ਤੜਪ, ਵਿਛੋੜਾ, ਮੇਲ ਆਦਿ ਸਥਿਤੀਆਂ ਦਾ ਵਰਣਨ, ਉਨ੍ਹਾਂ ਦੀ ਕਵਿਤਾ ਵਿਚ ਅਲੌਕਿਕ ਭਾਸ਼ਾ ਰਾਹੀਂ ਵਿਅਕਤ ਹੋਇਆ ਹੈ। ਗੁਰੂ ਰਾਮਦਾਸ ਜੀ ਨੇ ਆਪਣੀ ਤੀਬਰ ਰਹੱਸਾਤਮਕ ਅਨੁਭੂਤੀ ਨੂੰ ਪ੍ਰਗਟ ਕਰਨ ਲਈ, ਆਤਮ-ਪਰਮਾਤਮ ਮੇਲ ਦੇ ਦੰਪਤੀ ਭਾਵ ਦਾ ਜੋ ਵਰਣਨ, ਸ਼ਹੁ-ਸੋਹਾਗਣ ਦੇ ਪ੍ਰਤੀਕ ਰਾਹੀਂ ਕੀਤਾ ਹੈ, ਪੰਜਾਬੀ ਸਾਹਿਤ ਵਿਚ ਆਪਣੀ ਉਦਾਹਰਣ ਆਪ ਅਦੁੱਤੀ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਜੀਵ-ਆਤਮਾ ਜਗਤ ਦੇ ਵਿਸ਼ਿਆਂ ਦਾ ਭੋਗਤਾ ਰਹਿਣ ਦੇ ਕਾਰਣ, ਮਾਇਆ ਦੇ ਅਧੀਨ ਮੋਹ ਜਾਲ ਵਿਚ ਸੰਲਗਨ ਹੋ ਕੇ ਅਗਿਆਨਤਾ ਦੀ ਧਾਰਨੀ ਰਹਿੰਦੀ ਹੈ ਅਤੇ ਬੰਧਨ-ਯੁਕਤ ਜੀਵਨ ਬਿਤਾਂਦੀ ਹੈ। ਮਨੁੱਖ ਦਾ ਬੰਧਨਾਂ ਤੋਂ ਮੁਕਤ ਹੋਣਾ, ਦੂਜੇ ਸ਼ਬਦਾਂ ਵਿਚ ਸੰਸਾਰ ਦੀਆਂ ਦਵੰਧਤਾਵਾਂ ਤੋਂ ਉਪਰ ਉਠਣਾ ਹੀ ਜੀਵਣ ਦਾ ਪਰਮ ਲਕਸ਼ ਹੈ। ਜੀਵ-ਆਤਮਾ ਦਾ ਪਰਮ-ਆਤਮਾ ਵਿਚ ਲੀਨ ਹੋਣਾ ਹੀ ਮਨੁੱਖੀ ਜ਼ਿੰਦਗੀ ਦਾ ਮੂਲ ਮਨੋਰਥ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਜੇ ਮਨੁੱਖ 'ਬਿਬੇਕ ਬੁਧਿ' ਰਾਹੀਂ ਵਿਚਾਰੇ ਤਾਂ ਉਸਨੂੰ ਮਾਲੂਮ ਹੋ ਜਾਏਗਾ ਕਿ ਮਨੁੱਖੀ ਸਰੀਰ ਹੀ ਪਰਮਾਤਮਾ ਦਾ ਰੰਗ ਮਹਲ ਹੈ ਅਤੇ ਉਹ ਹਿਰਦੇ ਵਿਚ ਨਿਵਾਸ ਕਰਦਾ ਹੈ। ਜਦ ਜੀਵ-ਆਤਮਾ ਪਰਮ-ਸਤਿ ਨੂੰ ਜਾਣ ਜਾਂਦੀ ਹੈ ਤਾਂ ਫਿਰ ਉਹ ਸਮਝ ਜਾਂਦੀ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਪਰਮ-ਜੋਤਿ ਹੀ ਵਸ ਰਹੀ ਹੈ। ਗੁਰੂ ਰਾਮਦਾਸ ਜੀ ਪਰਮ-ਸੱਤਾ ਨੂੰ ਜੀਵਨ ਦੀ ਇਕੋ ਇਕ ਅਸਲੀਅਤ ਸਮਝਦੇ ਹਨ, ਕਿਉਂਕਿ ਜਿਸਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਨੇ

ਸਮੁੰਦਰ ਵਿਚ ਸਮਾ ਜਾਣਾ ਹੁੰਦਾ ਹੈ, ਉਸੇ ਤਰ੍ਹਾਂ ਸ੍ਰਿਸ਼ਟੀ ਨੇ ਉਸ ਪਰਮ-ਸੱਤਾ ਵਿਚ ਸਮਾ ਜਾਣਾ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਸੱਚ ਦੀ ਪ੍ਰਾਪਤੀ ਪਰਮਾਤਮਾ ਦੇ ਹੁਕਮ ਦੀ ਪਹਿਚਾਨ ਰਾਹੀਂ ਹੀ ਆਉਂਦੀ ਹੈ। ਉਸਦੇ ਹੁਕਮ ਦੀ ਪਹਿਚਾਨ, ਉਸਦੀ ਰਜ਼ਾ ਅਨੁਸਾਰ ਚਲਣ ਵਿਚ ਆਉਂਦੀ ਹੈ। ਪਰਮਾਤਮਾ ਮੇਲ ਲਈ ਅਭਿਲਾਸ਼ੀ ਜੀਵ-ਆਤਮਾ ਜੀਵਨ ਦੇ ਹਉਮੈ-ਸਮੁੰਦਰ ਨੂੰ ਲੰਘ ਕੇ ਹੀ ਆਪਣਾ ਨਾਤਾ ਪਰਮਾਤਮਾ ਨਾਲ ਜੋੜਦੀ ਹੈ। ਹੁਕਮ ਦੀ ਪਹਿਚਾਨ ਲਈ ਆਪਾ ਜਾਂ ਦੂਈ-ਭਾਵ ਨੂੰ ਮਿਟਾਣਾ ਬਹੁਤ ਮਹੱਤਵਪੂਰਣ ਕਦਮ ਹੈ; ਇਸ ਲਈ ਸਾਧਕ ਨੂੰ ਹਰ ਕੁਰਬਾਣੀ ਕਰਨ ਲਈ ਆਪਣੇ ਆਪ ਨੂੰ ਤਿਆਰ ਰੱਖਣਾ ਪੈਂਦਾ ਹੈ।

ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ-ਮੇਲ ਲਈ ਸ਼ਰਧਾ ਅਤੇ ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ। ਮਨੁੱਖ ਦੇ ਮਨ ਵਿਚ ਸ਼ਰਧਾ ਉਤਪੰਨ ਹੋ ਜਾਏ ਤਾਂ ਪਰਮਾਤਮਾ ਲਈ ਪਿਆਰ ਵਿਗਸ ਪੈਂਦਾ ਹੈ। ਪ੍ਰਭੂ-ਮੇਲ ਦੀ ਪ੍ਰੇਮ-ਤਾਂਘ ਦੇ ਮੁਕਾਬਲੇ ਤੇ ਬਾਕੀ ਸਾਰੀਆਂ ਤਾਂਘਾਂ, ਆਸ਼ਾਵਾਂ ਮਾਇਆਵੀ ਪ੍ਰਵਿਰਤੀ ਦੀਆਂ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਲਈ ਡਰ ਅਤੇ ਸ਼ਰਧਾ ਦੋਨੋਂ ਜ਼ਰੂਰੀ ਹਨ। ਪਰਮਾਤਮਾ ਲਈ ਆਪਾ ਵਾਰ ਦੇਣ ਦੀ ਭਾਵਨਾ ਤੋਂ ਹੀ ਸੇਵਾ ਦੀ ਭਾਵਨਾ ਜਾਗਦੀ ਹੈ, ਜੋ ਭਗਤੀ ਦੇ ਤੁਲ ਹੈ। ਸੋ ਮਨੁੱਖ ਨੂੰ ਆਪਣੇ ਸਵੈ-ਸਰੂਪ ਦੀ ਪਹਿਚਾਨ ਅਤੇ ਪਰਮਾਤਮਾ ਦੇ ਅਗਮ ਅਗਾਧ ਹੋਣ ਦੀ ਅਨੁਭੂਤੀ ਉਸਦੇ ਗੁਣਾਂ ਦੇ ਗਾਇਣ ਰਾਹੀਂ ਹੀ ਹੋ ਸਕਦੀ ਹੈ। ਇਸ ਲਈ ਉਨ੍ਹਾਂ ਦੀ ਕਵਿਤਾ ਵਿਚ ਨਾਮ-ਸਿਮਰਨ ਤੇ ਬਲ ਦਿਤਾ ਗਿਆ ਹੈ। ਇਸ ਨੂੰ ਉਹ ਮਨੁੱਖੀ ਜ਼ਿੰਦਗੀ ਦਾ ਸ੍ਰੇਸ਼ਟ ਕਰਮ ਮੰਨਦੇ ਹਨ। ਉਨ੍ਹਾਂ ਅਨੁਸਾਰ ਨਾਮ-ਸਿਮਰਨ ਹੀ ਭਗਤੀ ਹੈ। ਨਾਮ ਸੁਖਾਂ ਦਾ ਮੂਲ ਸ੍ਰੋਤ ਅਤੇ ਪ੍ਰੇਰਣਾ ਹੈ। ਜੀਵਨ ਵਿਚ ਸ਼ਾਂਤੀ ਅਨੰਤਤਾ, ਨਾਮ-ਰਸ ਰਾਹੀਂ ਹੀ ਮਿਲਦੀ ਹੈ। ਨਾਮ ਰਾਹੀਂ ਹਉਮੈ ਦਾ ਨਾਸ਼ ਹੁੰਦਾ ਹੈ। ਨਾਮ ਰਾਹੀਂ ਜੀਵ ਇਹ ਜਾਣ ਜਾਂਦਾ ਹੈ ਕਿ ਪ੍ਰਕ੍ਰਿਤੀ ਦੀ ਹਰ ਵਸਤ ਵਿਚ ਪਰਮਾਤਮਾ ਵਿਆਪਕ ਹੈ ਅਤੇ ਇਹ ਸਭ ਕੁਝ ਉਸਦੀ ਜਗਤ-ਖੇਡ ਦਾ ਹਿੱਸਾ ਹੈ।

ਇਕ ਅਧਿਆਤਮਵਾਦੀ ਮਨੁੱਖ ਆਪਣੇ ਆਪ ਨੂੰ ਉਸ ਪਰਮ-ਸੱਤਾ ਦਾ ਅਨੁਸਾਰੀ ਬਣਾ ਕੇ ਇਕ ਚੇਤੰਨਸ਼ੀਲ ਅਤੇ ਕਾਰਜਸ਼ੀਲ ਜੀਵਨ ਜੀਉਂਦਾ ਹੈ। ਉਸਦੇ ਇੰਦਰੇ, ਮਨ, ਬੁਧੀ ਅਤੇ ਸਰੀਰ ਕ੍ਰਿਆਸ਼ੀਲ ਰਹਿੰਦੇ ਹਨ। ਗੁਰੂ ਰਾਮਦਾਸ ਜੀ ਮਨ ਅਤੇ ਸਰੀਰ ਨੂੰ ਨਿਰੰਤਰ ਸਾਧਣ ਉਤੇ ਜ਼ੋਰ ਦਿੰਦੇ ਹਨ। ਪਰਮ-ਸੱਚ ਦਾ [illegible] ਮਿਲ ਤਾਂ ਭਾਵੇਂ ਇਕ ਪਲ, ਛਿਨ ਵਿਚ ਜਾਵੇ, ਪਰ ਉਸਨੂੰ ਨਿਰੰਤਰ ਜੀਵਨ ਦਾ ਵਾਸ ਕਰਾਉਣ ਲਈ ਮਨੁੱਖ ਨੂੰ ਸੰਘਰਸ਼ਸ਼ੀਲ ਜੀਵਨ ਜੀਉਣਾ ਪੈਂਦਾ ਹੈ। ਗ੍ਰਹਿਸਤ ਜੀਵਨ ਵਿਚ ਦੁਨੀਆਂ ਦੇ ਕੰਮ ਕਾਜ ਕਰਦਿਆਂ ਹੋਇਆਂ ਹੀ ਜਿਹੜਾ ਮਨੁੱਖ ਮਾਇਆ ਤੋਂ ਨਿਰਲਿਪਤ ਹੁੰਦਾ ਹੈ, ਉਹ 'ਜੀਵਨ-ਮੁਕਤਿ' ਕਹਿਲਾਂਦਾ ਹੈ।

ਤਾਤਵਿਕ ਸਿਧਾਂਤਾਂ ਦੁਆਰਾ ਆਪਣਾ ਮਤ ਪ੍ਰਗਟ ਕਰਨ ਦੀ ਪਰੰਪਰਾ ਤੋਂ ਮੁਕਤ, ਗੁਰੂ ਰਾਮਦਾਸ ਜੀ ਗੁਰੂ ਅਤੇ ਪਰਮਾਤਮਾ ਵਿਚਲੇ ਭੇਦ ਨੂੰ ਵੀ ਸਰਲ ਢੰਗ ਨਾਲ ਬਿਆਨ ਕਰਦੇ ਹਨ।

ਉਨ੍ਹਾਂ ਅਨੁਸਾਰ ਗੁਰੂ ਉਹ ਵਿਅਕਤੀ ਹੈ ਜਿਸਨੇ ਪਰਮ-ਸਤਿ ਨੂੰ ਪਾ ਲਿਆ ਹੁੰਦਾ ਹੈ। ਗੁਰੂ ਹੀ ਸਾਧਕ ਨੂੰ ਜੀਵਨ ਦੇ ਬਿਖੜੇ ਪੈਂਡੇ ਤੇ ਅਧਿਆਤਮਕ ਮੰਜ਼ਿਲ ਲਈ ਸੇਧ ਦਿੰਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਗੁਰੂ ਰਾਹੀਂ ਮਨ ਵਿਚ ਨਾਮ ਦ੍ਰਿੜ ਹੋਣ ਤੇ ਨਾਮ-ਰਸ ਅੰਦਰ ਵਰਦਾ ਹੈ, ਮਨ ਵਿਚ ਅਨੰਦ ਪੈਦਾ ਹੁੰਦਾ ਹੈ, ਇਕ ਖਿੜਾਉ ਅਤੇ ਉਮਾਹ ਦੀ ਅਵਸਥਾ ਉਤਪੰਨ ਹੁੰਦੀ ਹੈ। ਮਨ ਟਿਕ ਜਾਂਦਾ ਹੈ। ਸੁਰਤੀ ਪਰਮਾਤਮਾ ਵਿਚ ਲਗ ਜਾਂਦੀ ਹੈ। ਲਿਵ ਦੀ ਅਵਸਥਾ ਤਾਰੀ ਹੋ ਜਾਂਦੀ ਹੈ। ਮਨੁੱਖ ਆਪਣੀ ਪਹਿਲੀ ਅਗਿਆਨਤਾ ਦੀ ਨੀਂਦ ਵਿਚੋਂ ਜਾਗ ਪੈਂਦਾ ਹੈ। ਮਨੁੱਖ ਸਵੈ-ਕੇਂਦ੍ਰਿਤ ਨਹੀਂ ਰਹਿੰਦਾ। ਉਹ 'ਸਵੈ' ਦੇ ਕੇਂਦਰ ਦੀ ਪਹਿਚਾਨ ਕਰ ਲੈਂਦਾ ਹੈ। ਇਹ ਅਵਸਥਾ ਅਨੰਦ ਦੀ ਅਵਸਥਾ ਹੈ। ਇਸ ਅਵਸਥਾ ਵਿਚ ਹੀ ਅਧਿਆਤਮਕ ਜੀਵ ਰੋਜ਼ਾਨਾ ਜ਼ਿੰਦਗੀ ਦੇ ਕਰਮ ਕਰਦਾ ਹੋਇਆ ਵਿਚਰਦਾ ਹੈ। ਇਹ ਉਦਮ ਅਤੇ ਹਮੇਸ਼ਾ ਜਾਗ੍ਰਿਤ ਰਹਿਣ ਦੀ ਅਵਸਥਾ ਹੈ। ਅਜੇਹੀ ਅਵਸਥਾ ਵਿਚ ਜੀਵ-ਆਤਮਾ ਅਤੇ ਪਰਮਾਤਮਾ ਵਿਚ ਭੇਦ ਕਰਨਾ ਮੁਸ਼ਕਲ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਇਹ ਸੱਚ, ਨਾਮ ਅਤੇ ਗੁਣਾਂ ਵਿਚ ਲੀਨਤਾ ਦੀ ਅਵਸਥਾ ਹੈ।

4. ਗੁਰੂ ਰਾਮਦਾਸ ਜੀ ਨੇ ਭਾਸ਼ਾ ਨੂੰ ਭਾਵਾਂ ਦੇ ਪ੍ਰਵਾਹ ਵਿਚ ਸਹਿਜ ਭਾਵ ਨਾਲ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸ਼ਬਦਾਂ ਨੂੰ ਲੋੜ ਅਨੁਸਾਰ, ਭਾਵਾਂ ਦੀ ਗਤੀ ਅਨੁਸਾਰ ਢਾਲਿਆ, ਮਾਂਜਿਆ, ਨਿਸ਼ਕਾਰਿਆ ਅਤੇ ਤਰਾਸ਼ਿਆ ਹੈ। ਇਸ ਤਰ੍ਹਾਂ ਹੀ ਕਾਵਿ ਦੇ ਵਿਸ਼ੇ, ਰਾਗ, ਲੈਅ ਅਤੇ ਛੰਦ ਅਨੁਸਾਰ ਲੋੜ ਪੈਣ ਤੇ ਸ਼ਬਦਾਂ ਦੇ ਰੂਪ ਵਿਚ ਤਬਦੀਲੀ ਕਰ ਕੇ ਆਪਣੇ ਵਿਅਕਤਿਤਵ ਦੀ ਛਾਪ ਲਗਾਈ ਹੈ। ਉਹ ਇਕ ਪ੍ਰਬੀਨ ਕਲਾਕਾਰ ਦੇ ਤੌਰ ਤੇ ਕਾਵਿ ਦੇ ਰਸ, ਭਾਵ ਅਤੇ ਗਤੀ ਦੇ ਅਨੁਕੂਲ ਕੋਮਲ ਅਤੇ ਖਰ੍ਹਵੇ ਸ਼ਬਦਾਂ ਦਾ ਪ੍ਰਯੋਗ ਕਰਨ ਵਿਚ ਕਮਾਲ ਹਾਸਲ ਕਰਦੇ ਹਨ। ਉਨ੍ਹਾਂ ਦੀ ਭਾਸ਼ਾ ਵਿਚ ਮਿਠਾਸ ਅਤੇ ਰਸਮਈ ਅਨੁਭੂਤੀ ਹੈ। ਉਨ੍ਹਾਂ ਦੀ ਭਾਸ਼ਾ ਆਪਣੇ ਸਮੇਂ ਦੀ ਪੰਜਾਬੀ ਹੈ, ਜਿਸ ਉਤੇ ਬ੍ਰਜ ਭਾਸ਼ਾ ਦੀ ਪੁਠ ਚੜ੍ਹੀ ਹੋਈ ਹੈ। ਅਰਬੀ, ਫ਼ਾਰਸੀ ਦਾ ਪੇਤਲਾ ਪ੍ਰਭਾਵ ਹੀ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਭਾਸ਼ਾ ਵਿਚ ਪੰਜਾਬੀ ਭਾਸ਼ਾ ਦਾ ਮੁਢਲਾ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਮਾਝੀ ਦੀ ਸਥਾਨਕਤਾ ਦਾ ਰੰਗ ਗਉੜੀ ਦੀ ਰਚਨਾ ਵਿਚ ਵੇਖਿਆ ਜਾ ਸਕਦਾ ਹੈ।

5. ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਮਨੁੱਖੀ ਮਨ ਦੀ 'ਸੌਂਦਰਯ' ਪ੍ਰਤੀ ਲਾਲਸਾ ਦੀ ਜੋ ਆਤਮ-ਨਿਸ਼ਠ ਵਿਅੰਜਨਾ ਨਜ਼ਰ ਆਉਂਦੀ ਹੈ, ਉਸਦੇ ਆਧਾਰ ਤੇ ਉਨ੍ਹਾਂ ਨੂੰ ਦਾਰਸ਼ਨਿਕ ਸ਼ਬਦਾਵਲੀ ਵਿਚ ਇਕ ਮਹਾਨ ਸੁਹਜਵਾਦੀ ਅਤੇ ਸਾਹਿਤਕ ਸ਼ਬਦਾਵਲੀ ਵਿਚ ਮਹਾਨ ਗੀਤਕਾਰ ਕਹਿ ਸਕਦੇ ਹਾਂ।

ਗੁਰੂ ਰਾਮਦਾਸ ਜੀ ਦੀ ਕਵਿਤਾ ਆਪਣੀ ਸੰਗੀਤਕਤਾ ਕਰਕੇ ਪੰਜਾਬੀ ਕਾਵਿ ਵਿਚ ਨਿਵੇਕਲਾ ਸਥਾਨ ਰਖਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਸੰਗੀਤਕਤਾ ਦੇ ਤੱਤ ਨੂੰ ਉਭਾਰਨ ਵਾਲਾ ਪ੍ਰਮੁਖ ਤੱਤ ਪ੍ਰਭੂ-ਪ੍ਰੇਮ ਹੈ, ਜਿਸ ਵਿਚ ਗੁਰੂ-ਪ੍ਰੇਮ ਦਾ ਮਜੀਠੀ ਰੰਗ ਮਿਲਿਆ ਹੋਇਆ ਹੈ। ਰਹੱਸਵਾਦੀ ਅਨੁਭਵ

ਦੇ ਸੰਚਾਰ ਦੇ ਮੂਲ ਸਾਧਨਾ ਵਿਚ ਸ਼ਬਦ ਦੇ ਨਾਲ ਸੰਗੀਤ ਦੇ ਮਹੱਤਵ ਨੂੰ ਪਹਿਚਾਨਦੇ ਹੋਏ ਵੀ ਉਨ੍ਹਾਂ ਨੇ ਪਰਮਾਤਮਾ ਦੇ ਗੁਣ-ਗਾਇਣ ਉਤੇ ਵਧੇਰੇ ਬਲ ਦਿਤਾ ਹੈ। ਗੁਰੂ ਰਾਮਦਾਸ ਜੀ ਨੇ ਸੰਗੀਤ ਨੂੰ ਸਿਰਫ ਅਧਿਆਤਮਕ ਜੀਵਨ ਦੀ ਟੇਕ ਹੀ ਮੰਨਿਆ । ਵਧੇਰੇ ਮਹੱਤਤਾ ਉਨ੍ਹਾਂ ਨੇ ਪਰਮਾਤਮਾ ਪ੍ਰਤੀ ਸ਼ਰਧਾ ਅਤੇ ਪ੍ਰੇਮ ਨੂੰ ਹੀ ਦਿਤੀ। ਗੁਰੂ ਰਾਮਦਾਸ ਜੀ ਨੇ ਕਾਵਿ ਅਤੇ ਸੰਗੀਤ ਦਾ ਸੁੰਦਰ ਸੁਮੇਲ ਸਥਾਪਤ ਕੀਤਾ। ਗੁਰੂ ਰਾਮਦਾਸ ਜੀ ਸ਼ਾਇਦ ਭਾਰਤ ਦੇ ਪਹਿਲੇ ਐਸੇ ਕਵੀ ਹਨ, ਜਿਨ੍ਹਾਂ ਦੀ ਕਵਿਤਾ ਤੀਹ ਰਾਗਾਂ ਵਿਚ ਸੁਨਿਸ਼ਚਿਤ ਪ੍ਰਬੰਧ ਅਨੁਸਾਰ ਪ੍ਰਯੁਕਤ ਹੈ। ਸੰਗੀਤ ਦੇ ਰੰਜਿਤ ਗੁਣ ਨੂੰ ਅਧਿਆਤਮਕ ਜੀਵਨ ਦੇ ਉਚੇਰੇ ਟੀਚੇ ਲਈ ਪ੍ਰਯੋਗ ਕਰਨ ਲਈ, ਉਨ੍ਹਾਂ ਨੇ ਰਾਗ ਨੂੰ ਇਕ ਭਗਤੀ-ਸਾਧਨ ਦੇ ਰੂਪ ਵਿਚ ਪ੍ਰਯੋਗ ਕੀਤਾ। ਉਨ੍ਹਾਂ ਨੇ ਸੰਗੀਤ ਨੂੰ ਪਰੰਪਰਾਗਤ ਅਰਥਾਂ ਵਿਚ ਅਪਨਾਉਣ ਨਾਲੋਂ ਇਕ ਸਿਰਜਣਾਤਮਕ ਕਲਾਕਾਰ ਵਾਲਾ ਦ੍ਰਿਸ਼ਟੀਕੋਣ ਸਾਹਮਣੇ ਰਖਿਆ।

ਉਨ੍ਹਾਂ ਨੇ ਬੜੀ ਸਫਲਤਾ ਪੂਰਵਕ ਵਾਰਾਂ, ਛੰਤ ਅਤੇ ਘੋੜੀਆਂ ਵਰਗੇ ਹਰਮਨ ਪਿਆਰੇ ਲੋਕ-ਕਾਵਿ - ਰੂਪਾਂ ਨੂੰ ਵਿਚਾਰ ਅਤੇ ਭਾਵਨਾ ਦੇ ਪਖ ਤੋਂ ਵੀ ਸੇਧ ਦਿਤੀ ਅਤੇ ਇਨ੍ਹਾਂ ਵਿਚ ਛੁਪੀਆਂ ਲੋਕ -ਸੰਗੀਤ ਦੀਆਂ ਧੁਨਾਂ ਅਤੇ ਧਾਰਨਾਵਾਂ ਨੂੰ ਸਾਹਿਤ ਦਾ ਅੰਗ ਬਣਾ ਕੇ ਸਥਾਪਤ ਕੀਤਾ।

ਗੁਰੂ ਰਾਮਦਾਸ ਜੀ ਐਸੇ ਕਵੀ ਹਨ, ਜੋ ਪਰਮ-ਤੱਤ ਬਾਰੇ ਜਾਨਣ ਦੇ ਚਾਅਵੇ ਨਾਲੋਂ ਪਰਮਾਤਮਾ ਦੇ ਗੁਣਾਂ ਨੂੰ ਇਕ ਰਾਗੀ ਦੇ ਰੂਪ ਵਿਚ ਗਾਉਣ ਤੇ ਵਧੇਰੇ ਬਲ ਦਿੰਦੇ ਹਨ। ਕਵਿਤਾ ਨੂੰ ਵਧੇਰੇ ਰਾਗਾਤਮਕ ਬਨਾਉਣ ਲਈ ਸ਼ਬਦ-ਰੂਪਾਂ ਦੇ ਉਚਾਰਨ ਵਿਚ ਧੁਨੀ-ਵਿਗਿਆਨਕ ਸੰਤੁਲਨ ਲਿਆਉਣ ਲਈ ਉਨ੍ਹਾਂ ਨੇ ਸ਼ਬਦਾਂ ਨੂੰ ਮਾਂਜਿਆ, ਸੰਵਾਰਿਆ ਅਤੇ ਇਸ ਤਰ੍ਹਾਂ ਸ਼ਬਦਾਂ ਵਿਚ ਲੋਚ ਲਿਆ ਕੇ ਕਾਵਿ ਨੂੰ ਵਧੇਰੇ ਸੰਗੀਤਮਈ ਬਣਾਇਆ। ਉਕਤੀਆਂ ਦਾ ਦੁਹਰਾਅ, ਅਦਭੁਤ ਤੁਕਾਂਤ ਮੇਲ, ਮਾਤਰਾ ਤੋਲ ਨੂੰ ਘਟਾਉਣ ਵਧਾਉਣ ਦੀ ਯੁਕਤੀ ਅਤੇ ਸੰਬੋਧਨੀ ਸ਼ਬਦਾਂ ਰਾਹੀਂ ਸੰਗੀਤਕ ਮਧੁਰਤਾ ਪੈਦਾ ਕੀਤੀ। ਉਨ੍ਹਾਂ ਨੇ ਪ੍ਰਸਪਰ ਆਕ੍ਰਸ਼ਣ ਨੂੰ ਪਹਿਚਾਨ ਕੇ ਅਨੇਕ ਸ਼ਬਦਾਂ ਦੇ ਮੇਲ ਰਾਹੀਂ ਅਪੂਰਵ ਸੰਗੀਤ ਧੁਨੀ ਪੈਦਾ ਕੀਤੀ ਹੈ। ਸ਼ਬਦਾਂ ਦੀ ਇਹ ਝੰਕਾਰ ਉਨ੍ਹਾਂ ਦੀ ਕਵਿਤਾ ਦੇ ਪਾਠਕ/ਸਰੋਤਿਆਂ ਦੇ ਹਿਰਦਿਆਂ ਨੂੰ ਝੰਕਰਿਤ ਕਰਨ ਦੀ ਅਥਾਹ ਸ਼ਕਤੀ ਰਖਦੀ ਹੈ।

6\. ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਕਾਵਿ-ਰੂਪ ਅਤੇ ਛੰਦ ਆਪਸ ਵਿਚ ਰਲੇ-ਮਿਲੇ ਹਨ। ਗੁਰੂ ਰਾਮਦਾਸ ਜੀ ਦਾ ਕਾਵਿ-ਰੂਪ ਕੇਵਲ ਵਰਣਾਂ ਤੇ ਮਾਤ੍ਰਾ ਦੀ ਗਿਣਤੀ ਤੇ ਆਧਾਰਿਤ ਨਹੀਂ; ਸਗੋਂ ਸੰਗੀਤਕ ਲੋੜ ਦੇ ਆਸਰੇ ਚਲਦੇ ਹਨ। ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੇ ਨਾਮ ਵਿਚ ਲੀਨ ਹੋ ਕੇ ਹਿਰਦੇ ਵਿਚੋਂ ਉਠਦੇ ਹੋਏ ਭਾਵ-ਪ੍ਰਵਾਹਾਂ ਨੂੰ ਜਦ ਕਾਵਿ ਦੇ ਰੂਪ ਵਿਚ, ਬੰਦਾਂ ਵਿਚ ਢਾਲਿਆ ਤਾਂ ਛੰਦਾ-ਬੰਦੀ ਦੇ ਨਿਯਮਾਂ ਦੀ ਪਰਵਾਹ ਨਹੀਂ ਕੀਤੀ। ਉਨ੍ਹਾਂ ਦਾ ਉਦੇਸ਼ ਪਰਮਾਤਮਾ ਅਤੇ ਗੁਰੂ ਪ੍ਰਤੀ ਪੈਦਾ ਹੋਏ ਭਾਵਾਂ ਦੀ ਸੁਹਿਰਦ ਵਿਅੰਜਨਾ ਸੀ ਨਾ ਕਿ ਕਾਵਿ ਅਤੇ ਪਿੰਗਲ ਦੇ ਨਿਯਮਾਂ ਅਨੁਸਾਰ ਕਾਵਿ ਰਚਨਾ।

ਗੁਰੂ ਰਾਮਦਾਸ ਜੀ ਨੇ ਪੂਰਬਲੇ ਗੁਰੂ ਕਵੀਆਂ ਰਾਹੀਂ ਪ੍ਰਯੁਕਤ ਕਾਵਿ-ਰੂਪਾਂ ਪਦੇ (ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ), ਅਸਟਪਦੀਆਂ, ਪਹਰੇ, ਛੰਤ, ਘੋੜੀਆਂ ਅਤੇ ਵਾਰਾਂ ਦੀ ਰਚਨਾ ਕੀਤੀ ਹੈ। ਨਵਾਂ ਕਾਵਿ ਰੂਪ 'ਛਕਾ' ਸਿਰਜਿਆ ਅਤੇ ਇਸ ਤਰ੍ਹਾਂ ਹੀ ਕਾਵਿ-ਰੂਪਾਂ ਤੋਂ ਅਡਰੇ ਸਿਰਲੇਖ, ਵਣਜਾਰੇ, ਕਰਹਲੇ ਵੀ ਦਿਤੇ ਹਨ। ਗਾਡੀ ਅਤੇ ਪੜਤਾਲ ਦੇ ਵੱਖਰੇ ਸਿਰਲੇਖਾਂ ਰਾਹੀਂ ਕਾਵਿ-ਰੂਪਾਂ ਅਤੇ ਗਾਇਨ - ਸ਼ੈਲੀਆਂ ਦਾ ਸੁਮੇਲ ਪ੍ਰਗਟ ਕੀਤਾ ਹੈ।

ਗੁਰੂ ਰਾਮਦਾਸ ਜੀ ਨੇ ਪਦਿਆਂ ਵਿਚੋਂ ਵਧੇਰੇ ਚਉਪਦੇ ਲਿਖੇ ਹਨ, ਜਿਨ੍ਹਾਂ ਵਿਚੋਂ ਵਧੇਰੇ ਦੋਹਰਾ, ਦਵੱਈਆ ਅਤੇ ਚੌਪਈ ਦੇ ਤੋਲ ਮਿਲਦੇ ਹਨ। ਗੁਰੂ ਰਾਮਦਾਸ ਰਚਿਤ ਵਾਰਾਂ ਵਿਚ ਮਾਤ੍ਰਾ ਦੀ ਮਾਣੀ ਗਈ ਖੁਲ੍ਹ ਨਾਲੋਂ ਵਧੇਰੇ ਪ੍ਰਯੋਗ ਨਿਸ਼ਾਨੀ ਛੰਦ ਦਾ ਹੀ ਹੋਇਆ ਹੈ, ਜੋ ਕਿ ਵਾਰ ਵਿਚ ਪਉੜੀ ਦਾ ਪ੍ਰਮਾਣਿਕ ਛੰਦ ਮੰਨਿਆ ਗਿਆ ਹੈ। ਇਸੇ ਤਰ੍ਹਾਂ ਹੀ ਗੁਰੂ ਰਾਮਦਾਸ ਰਚਿਤ ਵਾਰਾਂ ਦੇ ਸ਼ਲੋਕਾਂ ਵਿਚ ਆਮ ਤੌਰ ਤੇ ਦੋਹਰਾ ਛੰਦ ਦੀ ਵਰਤੋਂ ਕੀਤੀ ਮਿਲਦੀ ਹੈ, ਪਰ ਕਿਤੇ ਕਿਤੇ ਚੌਪਈ ਅਤੇ ਦਵੱਈਆ ਛੰਦ ਦੀ ਵਰਤੋਂ ਕੀਤੀ ਗਈ ਮਿਲਦੀ ਹੈ, ਜੋ ਕਿ ਤੋਲ ਵਜੋਂ ਨਿਵੇਕਲੀ ਹੈ।

ਗੁਰੂ ਰਾਮਦਾਸ ਰਚਿਤ 'ਛੰਤਾਂ' ਵਿਚ ਜੀਵ-ਰੂਪੀ ਪਤਨੀਤੇ ਪਤੀ-ਰੂਪ ਪਰਮਾਤਮਾ ਦੇ ਵਿਛੋੜੇ ਦੀ ਕਸਕ ਅਤੇ ਸਿੱਕ ਅਤੇ ਉਸਦਾ ਮਿਲਾਪ ਕਈ ਥਾਂ ਤੇ ਕਾਵਿ-ਕਲਾ ਦੀਆਂ ਸਿਖਰਾਂ ਛੂਹ ਜਾਂਦਾ ਹੈ। ਘੋੜੀਆਂ ਕਾਵਿ ਰੂਪ ਦਾ ਪ੍ਰਯੋਗ ਗੁਰੂ ਕਾਵਿ ਵਿਚ ਉਨ੍ਹਾਂ ਦੀ ਵਿਲੱਖਣ ਦੇਣ ਹੈ। ਉਨ੍ਹਾਂ ਨੇ ਇਸ ਲੋਕ-ਕਾਵਿ ਰੂਪ ਨੂੰ ਅਧਿਆਤਮਕ ਰੰਗਣ ਦਿਤੀ ਹੈ, ਇਸਤਰ੍ਹਾਂ ਹੀ 'ਕਰਹਲੇ'— ਊਠਾਂ ਵਾਲੇ ਕਾਫ਼ਲੇ ਦੇ ਗਾਏ ਜਾਣ ਵਾਲੇ ਗੀਤ ਨੂੰ ਅਧਿਆਤਮਕ ਜਾਗ੍ਰਿਤੀ ਦੇ ਭਾਵ ਪ੍ਰਗਟਾਉਣਲਈ ਪ੍ਰਯੋਗ ਕੀਤਾ ਹੈ।

ਗੁਰੂ ਰਾਮਦਾਸ ਜੀ ਦੇ ਕਾਵਿ-ਸੌਂਦਰਯ ਦਾ ਆਧਾਰ ਜਿਥੇ ਭਾਵਾਂ ਦੀ ਵਿਭਿੰਨਤਾ ਅਤੇ ਕਲਪਨਾ ਦੀ ਵਿਸ਼ਾਲਤਾ ਹੈ, ਉਥੇ ਉਹ ਅਲੰਕ੍ਰਿਤ ਭਾਸ਼ਾ ਵੀ ਇਸਦਾ ਆਧਾਰ ਹੈ ਜਿਹੜੀ ਗੁਰੂ ਰਾਮਦਾਸ ਜੀ ਦੀ ਕਵਿਤਾ ਵਿਚ ਇਕ ਦਾਸੀ ਵਾਂਗ ਕਵੀ ਦੀ ਇੱਛਾ ਅਨੁਸਾਰ ਕਾਵਿ-ਖੇਲਾਂ ਵਿਚ ਢਲਦੀ ਰਹੀ ਹੈ। ਉਨ੍ਹਾਂ ਨੇ ਆਪਣੇ ਆਲੇ ਦੁਆਲੇ ਦੇ ਸਮਾਜਕ ਜੀਵਨ ਅਤੇ ਪ੍ਰਕ੍ਰਿਤੀ ਵਿਚੋਂ ਘਰੋਗੀ ਅਲੰਕਾਰ ਚੁਣ ਕੇ ਕਾਵਿ ਅਭਿਵਿਅਕਤੀ ਵਿਚ ਇਕ ਐਸੀ ਸ਼ਕਤੀ ਪੈਦਾ ਕੀਤੀ ਹੈ, ਜੋ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਤੇ ਅਮਿਟ ਪ੍ਰਭਾਵ ਪੈਦਾ ਕਰਨ ਦੇ ਸਮਰਥ ਹੈ।

ਗੁਰੂ ਰਾਮਦਾਸ ਜੀ ਪੰਜਾਬੀ ਕਵਿਤਾ ਵਿਚ ਅਨੁਪ੍ਰਾਸ ਪ੍ਰਯੋਗ ਕਰਨ ਦੇ ਪ੍ਰਬੀਨ ਕਵੀ ਹਨ। ਜਿਥੇ ਆਮ ਭਾਸ਼ਾ ਵਿਚਇਕ ਅਲੰਕਾਰ 'ਚਮਤਕਾਰ' ਹੋ ਨਿਬੜਦਾ ਹੈ, ਗੁਰੂ ਰਾਮਦਾਸ-ਕਾਵਿ ਵਿਚ ਇਹ ਅਲੰਕਾਰ ਨਾਮ-ਸਿਮਰਨ ਦੀ ਮਾਲਾ ਦੇ ਮਣਕਿਆਂ ਸਮਾਨ ਹੈ। ਇਸਤਰ੍ਹਾਂ ਹੀ ਗੁਰੂ ਰਾਮਦਾਸ ਜੀ ਨੇ ਮਨੁੱਖ ਨੂੰ ਨੈਤਿਕ ਕੀਮਤਾਂ ਦਾ ਅਨੁਸਾਰੀ ਬਣਾਉਣ ਲਈ ਸਮਾਜਕ ਜੀਵਨ ਅਤੇ ਕੁਦਰਤ ਵਿਚੋਂ ਅਨੇਕ ਉਪਮਾਵਾਂ ਚੁਣੀਆਂ ਹਨ। ਪਰਮਾਤਮਾ ਦੇ ਪ੍ਰੇਮ, ਗੁਰੂ ਅਤੇ ਸਿਖ ਦੇ ਪਿਆਰ ਨੂੰ, ਅਤੇ ਮਨਮੁਖ ਦੇ

ਜੀਵਨ ਨੂੰ ਉਹ ਸੁੰਦਰ ਅਰੋਗੀ ਉਪਮਾਵਾਂ ਰਾਹੀਂ ਸਪਸ਼ਟ ਕਰਦੇ ਹਨ। ਉਨ੍ਹਾਂ ਦੀਆਂ ਸਾਮਾਜਕ ਜੀਵਨ ਵਿਚੋਂ ਲਈਆਂ ਉਪਮਾਵਾਂ ਵਿਚ ਤਾਜ਼ਗੀ ਹੈ; ਉਨ੍ਹਾਂ ਦੀਆਂ ਉਪਮਾਵਾਂ ਜੀਉਂਦੀਆਂ ਜਾਗਦੀਆਂ, ਮਨੋਹਰ, ਅਰਥ ਭਰਪੂਰ ਅਤੇ ਅਨੇਕ ਪਖੀ ਪਸਾਰ ਦੀਆਂ ਹਨ।

ਮੁਖ ਰੂਪ ਵਿਚ ਉਹ ਪਰਮਾਤਮਾ ਨੂੰ ਪੁਰਖ ਦੇ ਰੂਪਕ ਰਾਹੀਂ ਬਿਆਨ ਕਰਨ ਵਿਚ ਭਾਵਨਾਮਈ ਜੀਵਨ ਦੇ ਅਲੱਗ ਅਲੱਗ ਰੂਪਾਂ ਵਿਚ, ਉਸਨੂੰ ਪਤੀ, ਖਸਮ, ਢੋਲਾ, ਪ੍ਰੀਤਮ, ਸੱਜਣ ਆਦਿ ਦੇ ਰੂਪਕਾਂ ਰਾਹੀਂ ਵਿਅਕਤ ਕਰਦੇ ਹਨ। ਪਾਲਤੂ ਜਾਨਵਰ-ਵਰਗ ਵਿਚੋਂ ਬੈਲ, ਗਊ, ਬਛੜਾ, ਘੋੜੀ ਅਤੇ ਊਠ ਦੇ ਪ੍ਰਯੋਗ ਕੀਤੇ ਉਪਮਾਨ ਵਿਸ਼ੇਸ਼ ਮਹੱਤਵ ਦੇ ਲਖਾਇਕ ਹਨ। ਇਹ ਸਾਰੇ ਰੂਪਕ ਉਨ੍ਹਾਂ ਕੀ ਕਵਿਤਾ ਨੂੰ ਸੁਕਤੀਵਰ ਬਣਾਉਂਦੇ ਹਨ ਅਤੇ ਅਭਿਵਿਅਕਤੀ ਵਿਚ ਸਪਸ਼ਟਤਾ ਲਿਆਉਂਦੇ ਹਨ।

੮. ਗੁਰੂ ਰਾਮਦਾਸ ਜੀ ਨੇ ਪਰਮਾਨੰਦ ਦੇ ਪ੍ਰੇਮ ਅਨੁਭਵ ਨੂੰ ਵਿਅਕਤ ਕਰਨ ਵਿਚ, ਜਿਸ ਰਸ ਜਾਂ ਅਨੰਦ ਦੀ ਸਿਰਜਨਾ ਕਰਨੀ ਚਾਹੀ ਹੈ, ਉਹ ਨਾਮ-ਰਸ ਹੈ। ਉਹ ਸਾਮਾਨਯ ਰਸ ਨੂੰ ਭੋਗਦੇ ਹੋਏ ਹੀ ਚੇਤੰਨ ਨਾਲ ਸੰਬੰਧਿਤ ਰਸ ਵਲ ਮਨੁੱਖ ਦਾ ਰੁਝਾਣ ਕਰਦੇ ਹਨ।

ਗੁਰੂ ਰਾਮਦਾਸ ਜੀ ਦਾ ਪ੍ਰਧਾਨ ਰਸ ਸ਼ਿੰਗਾਰ ਹੈ, ਜਿਸਦਾ ਉਦੇਸ਼ ਪਰਮਾਤਮਾ ਦੇ ਅਨੂਪਮ ਸੌਂਦਰਯ ਲਈ ਉਚ-ਭਾਵ ਜਗਾਉਣੇ ਹਨ। ਗੁਰੂ ਰਾਮਦਾਸ ਜੀ ਕਵਿਤਾ ਵਿਚ ਬਿਰਹ ਦੇ ਭਾਵਾਂ ਨੂੰ ਅਭਿਵਿਅਕਤ ਕਰਨ ਵਿਚ ਜਜ਼ਬੇ ਦੀ ਤੀਖਣਤਾ ਸਿਖਰ ਤੇ ਪਹੁੰਚਦੀ ਹੈ। ਮੁਖ ਰੂਪ ਵਿਚ ਇਨ੍ਹਾਂ ਭਾਵਾਂ ਅਧੀਨ ਉਨ੍ਹਾਂ ਦੀ ਪ੍ਰਭੂ ਲਈ ਸ਼ਰਧਾ, ਉਸ ਦੇ ਮੇਲ ਦੀ ਸਿੱਕ ਅਤੇ ਤੜਪ ਦਾ ਵਰਣਨ ਮਿਲਦਾ ਹੈ।

ਭਗਤੀ ਮਾਰਗ ਦੇ ਗ਼ਲਤ ਸਾਧਨਾਵਾਂ ਕਰਨ ਵਾਲੇ ਧਾਰਮਕ ਭੇਖੀ, ਨਿੰਦਾ ਅਤੇ ਈਰਖਾਲੂ ਬਿਰਤੀਆਂ ਦੇ ਮਾਲਕਾਂ ਤੇ ਟਿੱਪਣੀ ਰਾਹੀਂ ਹਾਸ ਰਸ, ਪ੍ਰਭੂ-ਮੇਲ ਦੀ ਤੀਬਰ ਇੱਛਾ ਕਾਰਣ ਪੈਦਾ ਹੋਈ ਤੜਪ, ਵੈਰਾਗ ਅਤੇ ਗੁਰੂ ਦੀ ਕ੍ਰਿਪਾ ਦੇ ਸੁਕਰਾਨੇ ਦੀ ਅਭਿਵਿਅਕਤੀ ਰਾਹੀਂ ਕਰੁਣ ਰਸ ਦੀ ਨਿਸ਼ਪਤਿ ਕਰਦੇ ਹਨ। ਕ੍ਰੋਧ ਦਾ ਉੱਦਾਤ ਰੂਪ, ਮਨਮੁਖ ਅਤੇ ਨਿੰਦਕਾਂ ਨੂੰ ਪਰਮਾਤਮਾ ਵਲੋਂ ਫਟਕਾਰ ਅਤੇ ਤਸੀਹੇ ਆਦਿ ਦੇ ਡਰ ਰਾਹੀਂ ਰੌਦਰ ਰਸ ਦੀ ਨਿਸ਼ਪਤਿ ਹੁੰਦੀ ਹੈ। ਗੁਰੂ ਰਾਮਦਾਸ ਜੀ ਮਨ ਅਤੇ ਸਰੀਰ ਨੂੰ ਅਰੋਗ ਰੱਖਣ ਲਈ ਸੰਘਰਸ਼ਸ਼ੀਲ ਜੀਵਨ ਜੀਉਣ ਲਈ ਆਪਣੀਆਂ ਵਾਰਾਂ ਵਿਚ ਉਤਸ਼ਾਹ ਦੇ ਭਾਵ ਪ੍ਰਗਟਾਅ ਕੇ ਬੀਰ ਰਸ ਦੀ ਨਿਸ਼ਪਤਿ ਕਰਦੇ ਹਨ। ਇਸ ਤਰ੍ਹਾਂ ਹੀ ਬੀਭਤਸ, ਅਦਭੁਤ, ਭਿਆਨਕ, ਸ਼ਾਂਤ ਅਤੇ ਵਾਤਸਲਯ ਰਸ ਦੀਆਂ ਉਦਾਹਰਣਾਂ, ਆਪਦੇ ਕਾਵਿ ਵਿਚ ਮਿਲਦੀਆਂ ਹਨ।

ਉਨ੍ਹਾਂ ਦੀ ਕਵਿਤਾ ਮਨ ਅੰਦਰ ਗੁਣਾਂ ਦੇ ਸ੍ਰੋਤ ਨੂੰ ਜਗਾਉਂਦੀ ਹੈ ਅਤੇ ਕਵਿਤਾ ਦੀ ਭਾਸ਼ਾ ਅਲੰਕਾਰ ਅਤੇ ਰਸ, ਕਾਵਿ-ਸੌਂਦਰਯ ਨੂੰ ਕਈ ਗੁਣਾ ਵਧਾਉਂਦੇ ਹਨ।

੯. ਗੁਰੂ ਰਾਮਦਾਸ ਜੀ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਖੇਤਰ ਵਿਸ਼ਾਲ ਹੈ, ਇਹ ਬਿੰਬ ਇਕ

ਵਿਆਪਕ ਪ੍ਰਤੀਕਾਤਮਕ ਅਰਥ-ਬੋਧ ਵਲ ਮੁਖਰਿਤ ਹੁੰਦੇ ਹਨ। ਗੁਰੂ ਰਾਮਦਾਸ ਜੀ ਨੇ ਭਾਵਾਂ ਨੂੰ ਉਘਾੜਨ ਦੇ ਨਾਲ ਵਿਚਾਰਾਂ ਉਤੇ ਵੀ ਓਨਾ ਹੀ ਬਲ ਦਿਤਾ ਹੈ। ਉਨ੍ਹਾਂ ਦੀ ਬਿੰਬਾਵਲੀ ਸਜੀਵ ਅਤੇ ਬਲਵਾਨ ਹੈ ਅਤੇ ਸ਼ਬਦ ਰੂਪਾਤਮਕਤਾ, ਏਕ੍ਰਿਤਾ ਅਤੇ ਤੀਬਰ ਭਾਵਾਤਮਕਤਾ, ਇਸਦੇ ਮੁਖ ਗੁਣ ਹਨ। ਇਨ੍ਹਾਂ ਬਿੰਬਾਂ ਰਾਹੀਂ ਉਤਪੰਨ ਸੌਂਦਰਯ ਮਨੁੱਖ ਦੇ ਸੁਹਜ ਸੁਆਦ ਦਾ ਉੱਦਾਤ ਕਰਦਿਆਂ ਹੋਇਆਂ ਅਧਿਆਤਮਕ ਸੌਂਦਰਯ-ਮੰਡਲ ਵਲ ਪ੍ਰੇਰਦਾ ਹੈ। ਗੁਰੂ ਰਾਮਦਾਸ ਜੀ ਦੇ ਸਿਰਜੇ ਬਿੰਬ ਮਨੁੱਖੀ ਜੀਵਨ ਦੇ ਅਨੇਕ ਅਨੇਕ ਖੇਤਰਾਂ ਦਾ ਨਿਰੂਪਣ ਕਰਦੇ ਹਨ ਅਤੇ ਇਨ੍ਹਾਂ ਰਾਹੀਂ ਉਨ੍ਹਾਂ ਦੀ ਕਵਿਤਾ ਵਿਹਾਰਕ ਅਤੇ ਪਰਮਾਰਥਕ ਦੋਨ੍ਹਾਂ ਖੇਤਰਾਂ ਵਿਚ ਮਨੁੱਖਤਾ ਦੀ ਅਗਵਾਈ ਕਰਦੀ ਹੈ। ਪਰਮਾਤਮਾ ਦੀ ਅਦ੍ਵੈਤਤਾ ਨੂੰ ਪ੍ਰਗਟਾਉਣ ਲਈ ਉਹ ਕੁਦਰਤ ਵਿਚੋਂ ਕਈ ਉਪਮਾਨਾਂ ਦੀ ਵਰਤੋਂ ਕਰਦੇ ਹਨ। ਇਸਤਰੀ ਅਤੇ ਪੁਰਖ ਦੇ ਬਿੰਬਾਂ ਰਾਹੀਂ ਭਾਵੁਕ ਤੀਬਰਤਾ ਉਤਪੰਨ ਹੋਈ ਵੇਖੀ ਜਾ ਸਕਦੀ ਹੈ। ਪਸ਼ੂ-ਵਰਗ ਦੇ ਬਿੰਬਾਂ ਪਾਲਤੂ ਪਸ਼ੂਆਂ ਦੇ ਬਿੰਬਾਂ ਦੀ ਵਰਤੋਂ ਵਧੇਰੇ ਹੋਈ ਹੈ। ਮੋਰੀ ਦਾ ਬਿੰਬ ਆਪਣੀ ਸਜੀਵਤਾ ਅਤੇ ਅਲੰਕ੍ਰਿਤ ਗੁਣਾਂ ਕਰਕੇ ਵਿਲੱਖਣ ਹੈ। ਘਰੇਲੂ ਜੀਵਨ ਵਿਚੋਂ 'ਆਮਲੀ' ਦਾ ਬਿੰਬ ਆਪਣੀ ਸਮਾਜਕਤਾ ਦੇ ਅਰਥ-ਬੋਧ ਕਰਕੇ ਬਿਲਕੁਲ ਵਖਰਾ ਹੈ। ਗੁਰੂ ਰਾਮਦਾਸ ਜੀ ਦੇ ਪ੍ਰਯੋਗ ਕੀਤੇ ਸਮਾਜਕ ਜੀਵਨ ਵਿਚੋਂ, ਹੋਰ ਵਣਜ ਦੇ ਕਿੱਤੇ ਸੰਬੰਧੀ ਅਨੇਕ ਬਿੰਬ ਆਪਣੀ ਮਿਸਾਲ ਵਿਚ ਵਿਲੱਖਣ ਹਨ। ਪੌਰਾਣਕ ਬਿੰਬਾਂ ਰਾਹੀਂ ਡੂੰਘੇ ਵਿਚਾਰ ਅਤੇ ਜੀਵ-ਦ੍ਰਿਸ਼ਟੀ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

ਗੁਰੂ ਰਾਮਦਾਸ-ਕਾਵਿ ਵਿਚ ਨਾਦ ਸੌਂਦਰਯ ਅਤੇ ਭਾਵ ਸੌਂਦਰਯ ਦਾ ਅਲੌਕਿਕ ਸੁਮੇਲ ਮਿਲਦਾ ਹੈ। ਉਨ੍ਹਾਂ ਦੇ ਪ੍ਰਯੋਗ ਕੀਤੇ ਅਲੰਕਾਰਾਂ ਵਿਚ ਨਾਦ ਬਿੰਬਾਂ ਦੀਆਂ ਅਨੇਕ ਉਦਾਹਰਣਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਉਨ੍ਹਾਂ ਦੇ ਸਿਰਜੇ ਨਾਦ ਬਿੰਬ, ਭਾਵ, ਕਲਪਨਾ ਅਤੇ ਵਿਚਾਰ ਨੂੰ ਜਗਾਂਦੇ ਹਨ। ਸਮੁੱਚੇ ਤੌਰ ਤੇ ਦ੍ਰਿਸ਼ਯਾਤਮਕ ਬਿੰਬਾਂ ਦੇ ਮੁਕਾਬਲੇ ਤੇ ਨਾਦਾਤਮਕ ਬਿੰਬਾਂ ਦੀ ਵਰਤੋਂ ਘਟ ਹੋਈ ਹੈ।

ਗੁਰੂ ਰਾਮਦਾਸ ਜੀ ਨੇ ਰੋਖੀ ਮਾਤਰਾ ਵਿਚ ਗੰਧਾਤਮਕ ਬਿੰਬਾਂ ਦੀ ਸਿਰਜਣਾ ਕਰਕੇ ਆਪਣੀ ਦ੍ਰਿਸ਼ਟੀ ਦੀ ਗ੍ਰਹਿਣਸ਼ੀਲਤਾ, ਕਲਾ ਕੌਸ਼ਲਤਾ ਅਤੇ ਸੂਖਮ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਰਸ ਪਰਕ ਬਿੰਬਾਂ ਰਾਹੀਂ ਅਨੁਭੂਤੀ ਦੀ ਲੀਨਤਾ ਦੀ ਅਵਸਥਾ ਦਾ ਰਸਾਤਮਕ ਚਿਤਰਣ ਕੀਤਾ ਗਿਆ ਹੈ।

ਗੁਰੂ ਰਾਮਦਾਸ ਜੀ ਦੀ ਕਵਿਤਾ ਦੀਆਂ ਸਤਰਾਂ ਨਰੋਏ ਬਿਰਖ ਦੀ ਤਰ੍ਹਾਂ ਕਾਵਿ-ਬਿੰਬਾਂ ਦੇ ਸ਼ਗੂਫਿਆਂ ਨਾਲ ਲੱਦੀਆਂ ਪਈਆਂ ਹਨ। ਇਹ ਰੂਪ, ਰਸ ਅਤੇ ਰੰਗ ਦੀਆਂ ਸੁੰਦਰ ਤਸਵੀਰਾਂ ਹਨ, ਜਿਨ੍ਹਾਂ ਵਿਚ ਹਿਰਦੇ ਦੀਆਂ ਅਨੇਕ ਸੂਖਮਾਵਿਕ ਬਿਰਤੀਆਂ ਤਥਾ ਵਿਸ਼ਾਦਾਂ ਦਾ ਚਿਤਰਣ ਮਿਲਦਾ ਹੈ। ਇਨ੍ਹਾਂ ਵਿਚ ਹਰ ਮਾਨਸਕ, ਸਰੀਰਕ ਤਜਰਬੇ ਨੂੰ ਰੂਪਮਾਨ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਦੇ ਸਿਰਜੇ ਬਿੰਬ ਮਨੁੱਖੀ ਭਾਵਾਂ ਨੂੰ ਹਲੂਣ ਕੇ ਕਵਿਤਾ ਵਿਚਲੇ ਸੱਚ ਨੂੰ ਵਧੇਰੇ ਬਲਵਾਨ ਅਤੇ ਜੀਵੰਤ

ਬਣਾਉਂਦੇ ਹਨ।

10. ਗੁਰੂ ਰਾਮਦਾਸ ਜੀ ਨੇ ਵਖੋ ਵੱਖਰੀਆਂ ਧਾਰਮਕ ਸੰਪਰਦਾਵਾਂ ਦੀ ਪ੍ਰਚਲਤ ਸ਼ਬਦਾਵਲੀ ਜਿਹੜੀ ਕਿ ਜਨ-ਮਾਨਸ ਦੇ ਅਵਚੇਤਨ ਦਾ ਹਿੱਸਾ ਬਣ ਚੁਕੀ ਸੀ, ਦਾ ਪ੍ਰਯੋਗ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਗੁਰਬਾਣੀ ਦੀ ਵਿਲੱਖਣ ਪ੍ਰਤੀਕਾਤਮਕ ਸ਼ੈਲੀ ਵਿਚ ਮਹੱਤਵਪੂਰਣ ਹਿੱਸਾ ਪਾਇਆ ਹੈ। ਉਹ ਭਾਰਤੀ ਪ੍ਰਾਚੀਨ ਪਰੰਪਰਾ ਤੋਂ ਚਲੀ ਆ ਰਹੀ ਕਾਵਿ-ਰੂੜ੍ਹੀ ਨੂੰ ਵਿਆਪਕ ਅਰਥਾਂ ਵਿਚ ਵਿਅਕਤ ਕਰਦੇ ਹਨ। ਉਨ੍ਹਾਂ ਦੀ ਪ੍ਰਤੀਕ-ਯੋਜਨਾ ਵਿਚ ਵੱਡਾ ਹਿੱਸਾ ਪੌਰਾਣਕ ਪ੍ਰਤੀਕਾਂ ਦਾ ਹੈ। ਸਮਾਜ ਸੰਬੰਧੀ ਪ੍ਰਤੀਕਾਂ ਵਿਚੋਂ ਪਰਮਾਤਮਾ ਲਈ, ਵਣਜਾਰਾ, ਸਰਾਫ਼, ਸ਼ਹੁ ਆਦਿ ਅਤੇ ਜੀਵ-ਆਤਮਾ ਲਈ ਮੁੰਧ ਜਾ ਸੌਦਾਗਰ ਦਾ ਪ੍ਰਤੀਕ ਮਹੱਤਵ ਦਾ ਲਖਾਇਕ ਹੈ। ਸਮਾਜਕ ਜੀਵਨ ਵਿਚੋਂ ਲਏ ਗਏ ਪ੍ਰਤੀਕ ਵਧੇਰੇ ਕਰਕੇ ਸਮਾਜ ਦੇ ਨਾਗਰਕ ਅਤੇ ਵਪਾਰਕ ਜੀਵਨ ਨਾਲ ਸੰਬੰਧਤ ਹਨ ਅਤੇ ਪੌਰਾਣਕ ਕਾਵਿ-ਰੂੜ੍ਹੀ ਦੇ ਅੰਤਰਗਤ ਉਨ੍ਹਾਂ ਦੇ ਪ੍ਰਤੀਕਾਂ ਦਾ ਵੱਡਾ ਹਿੱਸਾ ਕ੍ਰਿਸ਼ਣ -ਕਾਵਿ ਰੂੜ੍ਹੀ ਦਾ ਹੈ, ਪਰ ਇਹ ਸਮਕਾਲੀ-ਵੈਸ਼ਨਵ ਸੰਪਰਦਾ ਦੇ ਅਸਰ ਥਲੇ ਲਿਖੇ ਜਾ ਰਹੇ ਸਗੁਣੀ ਕਾਵਿ ਦੇ ਵਿਪਰੀਤ ਨਿਰਗੁਣ ਬ੍ਰਹਮ ਦੇ ਅਰਥਾਂ ਦਾ ਬੋਧ ਕਰਾਉਂਦੇ ਹਨ। ਉਨ੍ਹਾਂ ਦੀ ਕਵਿਤਾ ਵਿਚ ਪਰਮ-ਸੱਤਾ ਦੇ ਵਿਰ੍ਹੋ-ਸੰਬੰਧੀ ਅਨੇਕ ਧਾਰਨਾਵਾਂ ਦਾ ਸਮਿਨਵੈਂ ਮਿਲਦਾ ਹੈ, ਜੋ ਕਿਸੇ ਉੱਚੇ ਰਹੱਸਵਾਦੀ ਕਵੀ ਦੇ ਉਦਗਾਰਾਂ ਵਿਚ ਹੀ ਸੰਭਵ ਹੋ ਸਕਦਾ ਹੈ।

# ਪੁਸਤਕ – ਸੂਚੀ

## ਪੰਜਾਬੀ


1. ਅਮਰ ਜਸਪਾਲ ਸਿੰਘ, ਭਾਈ ਗੁਰਦਾਸ ਦੀ ਸ਼ੈਲੀ (ਵਾਰਾਂ ਵਿਚ), (ਅਣਛਪਿਆ), ਪੀ.ਐਚ.ਡੀ. ਥਿਸਿਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1973.

2. ਅਮਰਜੀਤ ਸਿੰਘ (ਡਾ.), ਆਦਿ ਗ੍ਰੰਥ ਵਿਚ ਵਰਤੇ ਗਏ ਭਿੰਨ ਭਿੰਨ ਛੰਦ ਤੇ ਕਾਵਿ ਰੂਪ, (ਅਣਛਪਿਆ), ਪੀ.ਐਚ.ਡੀ. ਥਿਸਿਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1979.

3. ਅਰੁਣ, ਵਿਦਿਆ ਭਾਸਕਰ (ਡਾ.), ਪੰਜਾਬੀ ਭਾਸ਼ਾ ਦਾ ਇਤਿਹਾਸ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1956.

4. ਅਸ਼ੋਕ, ਸ਼ਮਸ਼ੇਰ ਸਿੰਘ, ਸਿਖ ਤੇ ਸਿਖੀ ਇਤਿਹਾਸ, (ਸੰਪਾ.), ਲੁਧਿਆਣਾ, ਲਾਹੌਰ ਬੁਕ ਸ਼ਾਪ, 1951.

5. ਅਸ਼ੋਕ, ਸ਼ਮਸ਼ੇਰ ਸਿੰਘ, ਮਧਕਾਲੀਨ ਪੰਜਾਬ (712-1800ਈ.), ਅੰਮ੍ਰਿਤਸਰ, ਪੰਜਾਬੀ ਸਾਹਿਤ ਪ੍ਰਕਾਸ਼ਨ, ਮਿਤੀਹੀਨ।

6. ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਇੰਗਲਿਸ਼ ਐਂਡ ਪੰਜਾਬੀ ਟ੍ਰਾਂਸਲੇਸ਼ਨ), ਅਨੁ: ਮਨਮੋਹਨ ਸਿੰਘ, 8 ਜਿਲਦਾਂ, ਅੰਮ੍ਰਿਤਸਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਮਿਤੀਹੀਨ।

7. ਆਲੋਚਨਾ ਦੀਆਂ ਪ੍ਰਣਾਲੀਆਂ, ਸੰਪਾ. ਵਿਕਾਸ ਤੇ ਯੋਜਨਾ ਵਿਭਾਗ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1967.

8. ਸਾਹਿਬ ਸਿੰਘ (ਪ੍ਰੋ.), ਆਦਿ ਬੀੜ ਬਾਰੇ, ਅੰਮ੍ਰਿਤਸਰ, ਸਿੰਘ ਬ੍ਰਦਰਜ਼, 1977.

9. ਸਾਹਿਬ ਸਿੰਘ (ਪ੍ਰੋ.), ਗੁਰਬਾਣੀ ਤੇ ਇਤਿਹਾਸ ਬਾਰੇ (ਕੁਝ ਹੋਰ ਧਾਰਮਿਕ ਲੇਖ), ਅੰਮ੍ਰਿਤਸਰ, ਸਿੰਘ ਬ੍ਰਦਰਜ਼, 1960.

10. ਸਾਹਿਬ ਸਿੰਘ (ਪ੍ਰੋ.), ਗੁਰਬਾਣੀ ਵਿਆਕਰਨ, ਅੰਮ੍ਰਿਤਸਰ, ਕਰਤਾ, 1951.

11. ਸਾਹਿਬ ਸਿੰਘ (ਪ੍ਰੋ.), ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ ਤਕ), ਅੰਮ੍ਰਿਤਸਰ, ਸਿੰਘ ਬ੍ਰਦਰਜ਼, 1968.

12. ਸਿਖ ਫ਼ਲਸਫ਼ੇ ਦੀ ਰੂਪ-ਰੇਖਾ, ਸੰਪਾ. ਪ੍ਰੀਤਮ ਸਿੰਘ, ਅੰਮ੍ਰਿਤਸਰ, ਗੁਰੂ ਨਾਨਕ ਯੂਨੀਵਰਸਿਟੀ, 1975.

13. ਸਿਧੂ, ਉਜਾਗਰ ਸਿੰਘ, (ਡਾ.), ਗੁਰੂ ਨਾਨਕ ਦੇਵ ਜੀ ਦੀ ਭਾਸ਼ਾ,(ਅਣਛਪਿਆ), ਪੀ.ਐਚ.ਡੀ. ਥੀਸਿਸ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਮਿਤੀਹੀਨ।

14. ਸੀਤਲ, ਸੋਹਣ ਸਿੰਘ, ਮਨੁੱਖਤਾ ਦੇ ਗੁਰੂ, ਦੂਜਾ ਭਾਗ, ਲੁਧਿਆਣਾ, ਸੀਤਲ ਪੁਸਤਕ ਭੰਡਾਰ, 1971.

15. ਸੀਤਲ, ਜੀਤ ਸਿੰਘ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪਟਿਆਲਾ, ਪੈਪਸੂ ਬੁਕ ਡਿਪੋ, 1973.

16. ਸੂਰੀ, ਕਰਤਾਰ ਸਿੰਘ (ਡਾ.), ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਚੰਡੀਗੜ੍ਹ, ਪੰਜਾਬੀ ਲੇਖਕ ਸਦਨ, 1969.

17. ਸੇਖੋਂ, ਸੰਤ ਸਿੰਘ, ਪੰਜਾਬੀ ਕਾਵਿ ਸ਼ਿਰੋਮਣੀ, ਲੁਧਿਆਣਾ, ਲਾਹੌਰ ਬੁਕ ਸ਼ਾਪ, 1964.

18. ਸੇਖੋਂ ਸਾਹਿਤਿਆਰਥ, ਲੁਧਿਆਣਾ, ਲਾਹੌਰ ਬੁਕ ਸ਼ਾਪ, 1957.

19. ਸੋਢੀ, ਤੇਜਾ ਸਿੰਘ, ਜੀਵਨ ਚਰਿਤ੍ਰ - ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਗੁਰੂ ਕੇ (ਲਾਹੌਰ), ਕਰਤਾ, 1931.

20. ਸਤਿਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਜਲੰਧਰ, ਨਿਊ ਬੁਕ ਕੰਪਨੀ, 1957.

21. ਸਤਿਬੀਰ ਸਿੰਘ, ਜਪੁ ਤੇ ਉਹਦੇ ਪੱਖ, ਜਲੰਧਰ, ਨਿਊ ਬੁਕ ਕੰਪਨੀ, 1971.

22. ਸਰਦੂਲ ਸਿੰਘ (ਗਿਆਨੀ), ਤਵਾਰੀਖ ਦਸਗੁਰੂ ਸਾਹਿਬਾਨ ਅਰਥਾਤ 52 ਲੈਕਚਰ, ਅੰਮ੍ਰਿਤਸਰ, ਚਤਰ ਸਿੰਘ, ਜੀਵਨ ਸਿੰਘ ਮਿਤੀਹੀਨ।

23. ਸ੍ਰੀ ਸੋਢੀ ਚਮਤਕਾਰ (ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦਾ ਵਾਰਤਕ ਟੀਕਾ), ਟੀਕਾਕਾਰ; ਗਿਆਨੀ ਗਿਆਨ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ, ਅੰਮ੍ਰਿਤਸਰ, ਭਾਈ ਬੂਟਾ ਪ੍ਰਤਾਪ ਸਿੰਘ ਪੁਸਤਕਾਂ ਵਾਲੇ, 1960.

24. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਟੀਕਾਕਾਰ; ਪ੍ਰੋ. ਸਾਹਿਬ ਸਿੰਘ, 10 ਜਿਲਦਾਂ, ਜਲੰਧਰ, ਰਾਜ ਪਬਲਿਸ਼ਰਜ਼, 1962.

25. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਪੋਥੀਆਂ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1953–1964.

26. ਹੀਰਾ, ਭਗਤ ਸਿੰਘ, ੴ ਦਰਸ਼ਨ, ਨਵੀਂ ਦਿੱਲੀ, ਤਿਲਕ ਨਗਰ, ਲੇਖਕ, 1977.

27. ਕਰਮਜੀਤ ਸਿੰਘ, ਗੁਰੂ ਅਰਜਨ : ਬਾਣੀ ਵਿਚ ਸਰੋਦੀ ਅੰਸ਼, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 1978.

28. ਕਾਨ੍ਹ ਸਿੰਘ (ਨਾਭਾ), ਗੁਰਮਤ ਪ੍ਰਭਾਕਰ, ਅੰਮ੍ਰਿਤਸਰ, ਗੁਰਮਤ ਪ੍ਰੈਸ, 1922.

29. ਕਾਨ੍ਹ ਸਿੰਘ (ਨਾਭਾ), ਹਮ ਹਿੰਦੂ ਨਹੀਂ, ਅੰਮ੍ਰਿਤਸਰ, ਸਿੰਘ ਸਭਾ ਸ਼ਤਾਬਦੀ ਕਮੇਟੀ, 1973.

30. ਕਾਨ੍ਹ ਸਿੰਘ (ਨਾਭਾ), ਗੁਰੁਛੰਦ ਦਿਵਾਕਰ, ਨਾਭਾ, ਦਰਬਾਰ (ਨਾਭਾ), ਮਿਤੀਹੀਨ.

31. ਕਾਨ੍ਹ ਸਿੰਘ (ਨਾਭਾ) ਮਹਾਨ ਕੋਸ਼, ਪਟਿਆਲਾ, ਭਾਸ਼ਾ ਵਿਭਾਗ, 1960 ਅਤੇ 1974.

32. ਕ੍ਰਿਪਾਲ ਸਿੰਘ ਕਸੇਲ (ਅਤੇ ਹੋਰ), ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ, ਲੁਧਿਆਣਾ, ਲਾਹੌਰ ਬੁਕ ਸ਼ਾਪ, 1976.

33. ਕੋਹਲੀ, ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਲੁਧਿਆਣਾ, ਲਾਹੌਰ ਬੁਕ ਸ਼ਾਪ, 1950.

34. ਗਿਆਨ ਸਿੰਘ (ਗਿਆਨੀ), ਸ੍ਰੀ ਗੁਰੂ ਪੰਥ ਪ੍ਰਕਾਸ਼, ਪਟਿਆਲਾ, ਭਾਸ਼ਾ ਵਿਭਾਗ, 1970.

35. ਗਿਲ, ਮਹਿੰਦਰ ਕੌਰ (ਡਾ.), ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਦਿਲੀ, ਨੈਸ਼ਨਲ ਬੁਕ ਸ਼ਾਪ, 1975.

36. ਗਿਲ, ਮਹਿੰਦਰ ਕੌਰ (ਡਾ.), ਬਾਣੀ ਚਿੰਤਨ, ਦਿਲੀ, ਹੌਬੀ ਪ੍ਰਕਾਸ਼ਨ, 1977.

37. ਗੋਪਾਲ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਦੀ ਸਾਹਿਤਕ ਵਿਸ਼ੇਸ਼ਤਾ, ਪੰਜਾਬੀ ਅਕਾਡਮੀ, ਦਿਲੀ, 1958.

38. ਗੁਰ [illegible] ਰਤਨ ਪ੍ਰਕਾਸ਼, ਪਟਿਆਲਾ, ਭਾਸ਼ਾ ਵਿਭਾਗ, 1970.

39. ਗੁਰਮਤ ਸੰਗੀਤ ਪਰ ਮਿਲੀ ਗੁਣ ਤਕ ਖੋਜ, (ਸੰਪਾ.), ਪੰਜ ਭਾਗ, ਅੰਮ੍ਰਿਤਸਰ, ਚੀਫ ਖਾਲਸਾ ਦੀਵਾਨ, 1958.

40. ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ, ਚੰਡੀਗੜ੍ਹ, ਪਬਲੀਕੇਸ਼ਨ ਬਿਉਰੋ, ਪੰਜਾਬ ਯੂਨੀਵਰਸਿਟੀ, 1968.

41. ਜਗੀਰ ਸਿੰਘ (ਡਾ.), ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, (ਅਣਛਪਿਆ), ਪੀ.ਐਚ.ਡੀ. ਥੀਸਿਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1979.

42. ਜੋਗਿੰਦਰ ਸਿੰਘ (ਐਮ. ਏ), ਅਰਦਾਸ ਤੇ ਸਾਡਾ ਇਤਿਹਾਸ, ਦਿੱਲੀ, ਪ੍ਰੀਤ ਪ੍ਰਕਾਸ਼ਨ, 1967.

43. ਜੋਗਿੰਦਰ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਦਰਪਣ, ਨਵੀਂ ਦਿੱਲੀ, ਪੰਜਾਬੀ ਪ੍ਰਕਾਸ਼ਨ, 1966.

44. ਜੋਧ ਸਿੰਘ (ਡਾ. ਭਾਈ), ਗੁਰਮਤ ਨਿਰਣਯ, ਅੰਮ੍ਰਿਤਸਰ, ਕਰਤਾ, 1932.

45. ਜੱਗੀ ਰਤਨ ਸਿੰਘ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ, ਨਵਯੁਗ ਪਬਲਿਸ਼ਰਜ਼, 1969

46. ਜੱਗੀ ਰਤਨ ਸਿੰਘ (ਡਾ.), ਭਾਈ ਗੁਰਦਾਸ ਜੀਵਨੀ ਤੇ ਰਚਨਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1974.

47. ਜਗਬੀਰ ਸਿੰਘ, (ਡਾ.), ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973.

48. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1963.

49. ਤਾਰਨ ਸਿੰਘ (ਡਾ.), ਨੇਮ ਤੇ ਪ੍ਰੇਮ, ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1964.

50. ਤਾਰਨ ਸਿੰਘ (ਡਾ.), ਪੰਜਾਬੀ ਸਾਹਿਤ ਤੇ ਸਾਹਿਤਕਾਰ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1963.
51. ਤਾਰਨ ਸਿੰਘ (ਡਾ.), ਗੁਰੂ ਨਾਨਕ ਚਿੰਤਨ ਤੇ ਕਲਾ, ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸਨਜ਼, ਮਿਤੀਹੀਨ।
52. ਤ੍ਰਿਲੋਚਨ ਸਿੰਘ (ਡਾ), ਗੁਰੂ ਨਾਨਕ ਦਾ ਸਿਖ ਧਰਮ, ਦਿੱਲੀ, ਨਵਯੁੱਗ ਪਬਲਿਸ਼ਰਜ਼, 1969.
53. ਦਿਲ, ਬਲਬੀਰ ਸਿੰਘ (ਡਾ.), ਅਮਰ ਕਵੀ-ਗੁਰੂ ਰਾਮਦਾਸ (ਅਣਛਪਿਆ) ਪੀ.ਐਚ. ਡੀ. ਥੀਸਿਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1968.
54. ਦੀਪ, ਦਲੀਪ ਸਿੰਘ (ਡਾ.), ਕਾਵਿ ਬਿੰਬ, ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, 1976.
55. ਦੀਪ, ਦਲੀਪ ਸਿੰਘ (ਡਾ.), ਜਪੁਜੀ (ਇਕ ਤੁਲਨਾਤਮਕ ਅਧਿਐਨ), ਦਿੱਲੀ, ਪੰਜਾਬੀ ਬੁਕ ਸਟੋਰ, 1969.
56. ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਵਿਆਕਰਣ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1964.
57. ਨਾਰੰਗ, ਈਸ਼ਰ ਸਿੰਘ (ਗਿਆਨੀ), ਬਾਬਾ ਸ੍ਰੀ ਚੰਦ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ, ਨਵੀਂ ਦਿੱਲੀ, ਕਰਤਾ, 1975.
58. ਨਾਰੰਗ, ਈਸ਼ਰ ਸਿੰਘ (ਗਿਆਨੀ), ਗੁਰੂ ਰਾਮਦਾਸ ਪ੍ਰਕਾਸ਼, ਨਵੀਂ ਦਿੱਲੀ, ਕਰਤਾ, 1977.
59. ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪਟਿਆਲਾ, ਕਲਮ ਮੰਦਰ, 1973.
60. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1977.
61. ਪਦਮ, ਪਿਆਰਾ ਸਿੰਘ, ਆਦਿ ਗ੍ਰੰਥ ਦਰਸ਼ਨ, ਪਟਿਆਲਾ, ਕਲਮ ਮੰਦਿਰ, 1973.
62. ਪੂਰਨ ਸਿੰਘ (ਪ੍ਰੋ.), ਦਸਗੁਰ ਦਰਸ਼ਨ (ਅਨੁ. ਕਿਰਪਾਲ ਸਿੰਘ ਕਸੇਲ), ਪਟਿਆਲਾ, ਪੰਜਾਬੀ ਯੂਨੀਵਰਸਿਟੀ, 1972.
63. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤ੍ਰ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1963.
64. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਕਾਵਿ ਦੇ ਤੱਤ, ਲੁਧਿਆਣਾ, ਲਾਹੌਰ ਬੁਕ ਸ਼ਾਪ, 1970.
65. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਮੋਹਨ ਸਿੰਘ ਦਾ ਕਾਵਿ ਲੋਕ ਜਲੰਧਰ, ਨਿਊ ਬੁਕ ਕੰਪਨੀ, 1969.
66. ਪੰਜਾਬ ਦਾ ਇਤਿਹਾਸ, (ਸੰਪਾ.) ਡਾ. ਫੌਜਾ ਸਿੰਘ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1968.
67. ਬਲਬੀਰ ਸਿੰਘ (ਡਾ.), ਨੀਮੀ ਨਦਰ, ਅੰਮ੍ਰਿਤਸਰ, ਖਾਲਸਾ ਸਮਾਚਾਰ, 1975.

68. ਬਲਬੀਰ ਸਿੰਘ (ਡਾ.), 'ਸੁਰਤਿ-ਸ਼ਬਦ' ਵਿਚਾਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1972.

69. ਬੁਧ ਸਿੰਘ (ਬਾਵਾ), ਕੋਇਲ ਕੂ, ਅੰਮ੍ਰਿਤਸਰ, ਫੁਲਵਾੜੀ ਏਜੰਸੀ, 1927.

70. ਬੇਦੀ, ਕਾਲਾ ਸਿੰਘ (ਡਾ.), ਗੁਰੂ ਨਾਨਕ ਦਰਸ਼ਨ, ਦਿਲੀ, ਪੰਜਾਬੀ ਬੁਕ ਸਟੋਰ, 1965.

71. ਬੇਦੀ, ਕਾਲਾ ਸਿੰਘ (ਡਾ.), ਗੁਰੂ ਨਾਨਕ ਕਾਵਿ-ਕਲਾ ਨਵੀਂ ਦਿਲੀ, ਰਾਜ ਪ੍ਰਕਾਸ਼ਨ, ਮਿਤੀਹੀਨ।

72. ਬੇਦੀ, ਕਾਲਾ ਸਿੰਘ, (ਡਾ.), ਗੁਰੂ ਨਾਨਕ ਭਾਸ਼ਾ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, ਮਿਤੀਹੀਨ।

73. ਬੇਦੀ ਕਾਲਾ ਸਿੰਘ(ਡਾ.), ਵਾਰਕਾਰ ਗੁਰੂ ਨਾਨਕ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, ਮਿਤੀਹੀਨ।

74. ਬੈਨਰਜੀ, ਆਈ . ਬੀ., ਖਾਲਸੇ ਦੀ ਉਤਪਤੀ ਅਨੁ. ਪ੍ਰੀਤਪਾਲ ਸਿੰਘ, ਪਹਿਲੀ ਜਿਲਦ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976.

75. ਭੰਡਾਰੀ, ਸੁਜਾਨ ਰਾਏ, ਖੁਲਾਸਤੁਤ ਤਵਾਰੀਖ ਅਨੁ: ਰਣਜੀਤ ਸਿੰਘ ਗਿੱਲ, ਪਟਿਆਲਾ, ਪੰਜਾਬ ਇਤਿਹਾਸ ਅਧਿਅਨ ਵਿਭਾਗ, ਪੰਜਾਬੀ ਯੂਨੀਵਰਸਿਟੀ, 1972.

76. ਮਹਿ[illegible], ਗੁਰਚਰਨ ਸਿੰਘ, ਡਾ. ਭਾਈ ਵੀਰ ਸਿੰਘ ਜੀ ਦੀ ਕਵਿਤਾ, ਪਟਿਆਲਾ, ਭਾਸ਼ਾ ਵਿਭਾਗ, 1972.

77. ਮਹਿਤਾਬ ਸਿੰਘ (ਮਾਸਟਰ), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਨਾਵਾਂ ਤੇ ਥਾਵਾਂ ਦੀ ਕੋਸ਼, ਅੰਮ੍ਰਿਤਸਰ, ਮੇਹਰ ਸਿੰਘ, ਸੁਰਿੰਦਰ ਸਿੰਘ, ਪੁਸਤਕਾਂ ਵਾਲੇ, 1928.

78. ਮਨਮੋਹਨ ਸਿੰਘ (ਡਾ.), ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਨਵੀਂ ਦਿਲੀ, 1975.

79. ਮਨਮੋਹਨ ਸਿੰਘ (ਡਾ.), ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਨਵੀਂ ਦਿੱਲੀ, ਮਨਦੀਪ, 1970.

80. ਮੈਣੀ, ਧਰਮਪਾਲ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਲੁਧਿਆਣਾ, ਲਾਹੌਰ ਬੁਕ ਸ਼ਾਪ, ਮਿਤੀਹੀਨ।

81. ਰਾਮ ਸਿੰਘ, ਗੁਰੂ ਨਾਨਕ ਦੀ ਸੁਹਜ ਕਲਾ, (ਦਸ ਸ਼ਬਦਾਂ ਦੇ ਸਾਹਿਤਕ ਵਿਚਾਰ) ਅੰਮ੍ਰਿਤਸਰ, ਸਿੰਘ ਬ੍ਰਦਰਜ਼, 1968.

82. ਲਾਲ ਸਿੰਘ (ਗਿਆਨੀ), ਗੁਰਦਾਸ ਦਰਸ਼ਨ, ਸੰਗਰੂਰ, ਜਨਕ ਪੁਸਤਕ, 1952.

83. ਵੀਰ ਸਿੰਘ (ਡਾ.,ਭਾਈ), ਸ੍ਰੀ ਅਸ਼ਟ ਗੁਰ ਚਮਤਕਾਰ, ਨਵੀਂ ਦਿੱਲੀ, ਸਾਹਿਤ ਸਦਨ, 1971.

84. ਵੋਹਰਾ, ਆਸ਼ਾ ਨੰਦ (ਡਾ.), ਕਾਵਿ ਸਿਰਜਨ ਪ੍ਰਕ੍ਰਿਆ ਅੰਬਾਲਾ ਕੈਂਟ, ਮਿਤੀਹੀਨ.

## ਪੱਤ੍ਰਿਕਾਵਾਂ

1. ਸਾਹਿਤ ਸਮਾਚਾਰ, ਲੁਧਿਆਣਾ, ਅਕਤੂਬਰ, 1962.
2. ਪੰਜਾਬੀ ਦੁਨੀਆਂ— ਗੁਰੂ ਰਾਮਦਾਸ ਅੰਕ, ਪਟਿਆਲਾ, ਭਾਸ਼ਾ ਵਿਭਾਗ.
3. ਪੰਜਾਬ ਦੁਨੀਆਂ — ਪੰਜਾਬੀ ਉਤੇ ਹੋਰ ਭਾਸ਼ਾਵਾਂ ਦਾ ਪ੍ਰਭਾਵ— ਅੰਕ, ਪਟਿਆਲਾ, ਭਾਸ਼ਾ ਵਿਭਾਗ।

## ਹਿੰਦੀ

1. ਓਮ ਪ੍ਰਕਾਸ਼, ਹਿੰਦੀ ਅਲੰਕਾਰ ਸਾਹਿਤਯ, ਦਿੱਲੀ, ਭਾਰਤੀਯ ਸਾਹਿਤਯ ਮੰਦਿਰ, 1956.
2. ਅਗਰਵਾਲ, ਪਦਮਾ (ਡਾ.), ਪ੍ਰਤੀਕਵਾਦ, ਵਾਰਾਣਸੀ, ਨਾਗਰੀ, ਪ੍ਰਚਾਰਣੀ ਸਭਾ, ਸੰ. 2025 ਵਿ.
3. ਅਭਿਨਵ, ਰਾਮ ਸਵਾਰਥ ਚੌਧਰੀ (ਡਾ.), ਮਧੁਰ ਰਸ ਸ੍ਵਰੂਪ ਔਰ ਵਿਕਾਸ, ਦਿੱਲੀ, ਰਾਜਕਮਲ ਪ੍ਰਕਾਸ਼ਨ, 1968.
4. ਅਰੁਣ, ਸਰਨਾਮ ਸਿੰਘ ਸ਼ਰਮਾ (ਡਾ.), ਹਿੰਦੀ ਸਾਹਿਤਯ ਪਰ ਸੰਸਕ੍ਰਿਤ ਸਾਹਿਤਯ ਕਾ ਪ੍ਰਭਾਵ, ਇਲਾਹਾਬਾਦ, ਰਾਮ ਨਾਰਾਇਣ ਪ੍ਰਕਾਸ਼ਨ ਤਥਾ ਪੁਸਤਕ ਵਿਕ੍ਰੇਤਾ, 1952.
5. ਸਹਿਗਲ, ਮਨਮੋਹਨ (ਡਾ.), ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ: ਮੁਖਯਤ: ਗੁਰੂ ਨਾਨਕ ਕਾਵਯ ਕੇ ਸੰਦਰਭ ਮੇ, ਚੰਡੀਗੜ੍ਹ, ਭਾਰਤੇਂਦੁ ਭਵਨ, 1965.
6. ਸਹਿਗਲ, ਮਨਮੋਹਨ (ਡਾ.), ਗੁਰੂਬਾਣੀ - ਚਿੰਤਨ, ਲੁਧਿਆਣਾ, ਲਾਹੌਰ ਬੁਕ ਸ਼ਾਪ, 1972.
7. ਸਕਸੈਨਾ, ਸੁਧਾ (ਡਾ.), ਜਾਇਸੀ ਕੀ ਬਿੰਬ-ਯੋਜਨਾ, ਦਿੱਲੀ, ਅਸ਼ੋਕ ਪ੍ਰਕਾਸ਼ਨ, 1966.
8. ਸੰਗੀਤਗ ਕਵੀਓਂ ਕੀ ਹਿੰਦੀ ਰਚਨਾਏਂ, ਸੰਪਾ. ਨਰਮਦੇਸ਼ਵਰ ਚਤੁਰਵੇਦੀ, ਇਲਾਹਾਬਾਦ, ਸਾਹਿਤ ਭਵਨ ਲਿਮਟਿਡ, 1955.
9. ਸਰਨਾਮ ਸਿੰਘ (ਡਾ.), ਕਬੀਰ ਏਕ ਵਿਵੇਚਨ, ਦਿੱਲੀ, ਹਿੰਦੀ ਸਾਗਰ ਸੰਸਾਰ, 1960.
10. ਸੁਰੇਂਦਰ ਨਾਥ ਸਿੰਘ (ਡਾ.), ਪ੍ਰਸਾਦ ਕੇ ਕਾਵਿ ਕਾ ਸ਼ਾਸਤਰੀਯ ਅਧਿਅਨ, ਦਿੱਲੀ, ਰਾਧਾਕ੍ਰਿਸ਼ਣ ਪ੍ਰਕਾਸ਼ਨ, 1972.
11. ਸੇਠੀ, ਦਰਸ਼ਨ ਲਾਲ (ਡਾ.), ਜਾਇਸੀ ਕਾ ਕਾਵਯ ਸ਼ਿਲਪ, ਦਿੱਲੀ, ਹਿੰਦੀ ਅਨੁਸੰਧਾਨ ਪ੍ਰੀਸ਼ਦ, ਦਿਲੀ ਵਿਸ਼ਵ ਵਿਦਿਆਲਯ, 1970.
12. ਸ਼ਰਮਾ, ਗੇਂਦਾ ਲਾਲ (ਡਾ.), ਬ੍ਰਜ ਭਾਸ਼ਾ ਏਵੰ ਖੜੀ ਬੋਲੀ ਕੇ ਵਿਆਕਰਣ ਕਾ ਤੁਲਨਾਤਮਕ ਅਧਿਅਨ, ਮੇਰਠ, ਪ੍ਰਕਾਸ਼ਨ ਪ੍ਰਤਿਸ਼ਠਾਨ, 1965.

13. ਸ਼ਰਮਾ, ਮੁੰਸ਼ੀ ਰਾਮ (ਪੰ.), ਭਕਤੀ ਕਾ ਵਿਕਾਸ, ਵਾਰਾਣਸੀ, ਚੌਖੰਭਾ ਵਿਦਿਆ ਭਵਨ, 1958.

14. ਸ਼ਾਂਤੀ, ਸ੍ਰੀ ਖੰਡ, ਸੰਗੀਤ-ਸ਼ਾਸਤਰ-ਦਰਪਣ, ਇਲਾਹਾਬਾਦ, ਰਜਿਸਟਰਾਰ, ਪ੍ਰਯਾਗ ਸੰਗੀਤ ਸੰਮਤੀ, 1953.

15. ਸ਼ਿਰੋਮਣੀ, ਆਸ਼ਾ, ਹਿੰਦੀ ਕਾਵਯ ਮੇਂ ਵਾਤਸਲਯ ਰਸ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1970.

16. ਸ਼ੁਕਲ, ਪ੍ਰਭਾਕਰ (ਡਾ.), ਜਾਇਸੀ ਕੀ ਭਾਸ਼ਾ, ਲਖਨਊ, ਲਖਨਊ ਵਿਸ਼ਵਵਿਦਿਆਲਯ ਹਿੰਦੀ ਪ੍ਰਕਾਸ਼ਨ, ਸੰ. 2022 ਵਿ.

17. ਸ਼ੁਕਲ, ਪ੍ਰੇਮ ਨਾਰਾਇਣ, ਸੰਤ ਸਾਹਿਤਯ, ਕਾਨਪੁਰ, ਗ੍ਰੰਥਮ, 1965.

18. ਸ਼ੇਠੀ, ਬੀ. ਲਖਸ਼ਮੀਆ, ਸੂਰ ਸਾਗਰ ਮੇਂ ਪ੍ਰਤੀਕ ਯੋਜਨਾ, ਦਿਲੀ, ਰਿਚਰਡ
ਪਬੀ ਪਬਲੀਕੇਸ਼ਨਜ਼, ਮਿਤੀਹੀਨ।

19. ਸ਼ੇਠਾ, ਸਾਵਿਤ੍ਰੀ ਚੰਦਰ (ਡਾ.), ਸਮਾਜ ਔਰ ਸੰਸਕ੍ਰਿਤੀ, ਨਵੀਂ ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1976.

20. ਹਿੰਦੀ ਸਾਹਿਤਯ ਕੋਸ਼, ਭਾਗ 1, ਵਾਰਾਣਸੀ, ਗਿਆਨ ਮੰਡਲ ਲਿਮਟਿਡ, ਸੰਮਤ 2020.

21. ਹਿੰਦੀ ਕਥਾ-ਕੋਸ਼, ਇਲਾਹਾਬਾਦ, ਹਿੰਦੁਸਤਾਨੀ ਅਕੇਡਮੀ ਉੱਤਰ ਪ੍ਰਦੇਸ਼, 1954.

22. ਹੀਰਾ, ਰਾਜਵੰਸ਼ ਸਹਾਯ (ਡਾ.), ਅਲੰਕਾਰੋਂ ਕਾ ਐਤਿਹਾਸਕ ਵਿਕਾਸ, ਪਟਨਾ, ਬਿਹਾਰ ਹਿੰਦੀ ਗ੍ਰੰਥ ਅਕਾਦਮੀ, 1974.

23. ਕਬੀਰ, ਸੰਪਾ. ਵਿਜੇਂਦਰ ਸਨਾਤਕ, ਦਿੱਲੀ, ਰਾਧਾ ਕ੍ਰਿਸ਼ਣ ਪ੍ਰਕਾਸ਼ਨ, 1965.

24. ਕਾਵਿ -ਰਚਨਾ-ਪ੍ਰਕ੍ਰਿਆ, ਸੰਪਾ., ਡਾ. ਕੁਮਾਰ ਵਿਮਲ, ਪਟਨਾ, ਬਿਹਾਰ ਹਿੰਦੀ ਗ੍ਰੰਥ ਅਕਾਡਮੀ, 1974.

25. ਕੌਂਤੇ, ਮਿਥਿਲੇਸ਼ (ਡਾ.), ਹਿੰਦੀ ਭਕਤੀ-ਸ਼ਿੰਗਾਰ ਕਾ ਸ੍ਵਰੂਪ, ਕਾਨਪੁਰ, ਚੈਤਨਯ ਪ੍ਰਕਾਸ਼ਨ, 1963.

26. ਕੇਦਾਰਨਾਥ ਸਿੰਘ (ਡਾ.), ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ, ਦਿੱਲੀ, ਭਾਰਤੀਯ ਗਿਆਨਪੀਠ, 1971.

27. ਖੰਨਾ, ਸਰੋਜ, ਹਿੰਦੀ ਕਵਿਤਾ ਮੇਂ ਹਾਸਯ ਰਸ, ਇਲਾਹਾਬਾਦ, ਲੋਕ ਭਾਰਤੀ ਪ੍ਰਕਾਸ਼ਨ, 1961.

28. ਗੁਪਤਾ, ਪੁਸ਼ਾ (ਡਾ.), ਹਿੰਦੀ ਕੇ ਕ੍ਰਿਸ਼ਣ ਭਕਤੀਕਾਲੀਨ ਸਾਹਿਤਯ ਮੇਂ ਸੰਗੀਤ, ਲਖਨਊ, ਲਖਨਊ ਵਿਸ਼ਵਵਿਦਿਆਲਯ, ਵਿਕਰਮਾਬਾਦ 2016.

29. ਚੰਦਰਕਲਾ (ਡਾ.), ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕਵਾਦ, ਜੈਪੁਰ, ਮੰਗਲ ਪ੍ਰਕਾਸ਼ਨ, 1974.

30. ਚਤੁਰਵੇਦੀ, ਪਰਸ਼ੂਰਾਮ (ਆਚਾਰੀਆ), ਉਤਰੀ -ਭਾਰਤ ਕੀ ਸੰਤ ਪਰੰਪਰਾ, ਇਲਾਹਾਬਾਦ, ਭਾਰਤੀਯ ਭੰਡਾਰ, ਲੀਡਰ ਪ੍ਰੈਸ, 1972

31. [redacted]

32. ਛਾਂਦੋਗਯ ਉਪਨਿਸ਼ਦ, ਗੋਰਖਪੁਰ, ਗੀਤਾ ਪ੍ਰੈਸ, ਸੰ. 2023.

33. ਜਾਰਜ, ਐਮ. (ਡਾ.), ਭਕਤੀ ਅੰਦੋਲਨ ਔਰ ਸਾਹਿਤਯ ਆਗਰਾ, 1978.

34. ਜੋਸ਼ੀ, ਉਮੇਸ਼, ਭਾਰਤੀਯ ਸੰਗੀਤ ਕਾ ਇਤਿਹਾਸ, ਫੀਰੋਜ਼ਾਬਾਦ, ਮਾਨਸਰੋਵਰ ਪ੍ਰਕਾਸ਼ਨ,1969.

35. ਡਾਗੇ, ਕ੍ਰਿਸ਼ਨ ਦੇਵ (ਡਾ.), ਰਸ ਸਿਧਾਂਤ ਔਰ ਬੀਭਤਸ ਰਸ ਕਾ ਸ਼ਾਸਤ੍ਰੀਯ ਵਿਵੇਚਨ, ਨਵੀਂ ਦਿੱਲੀ, ਸ਼ਾਰਦਾ ਪ੍ਰਕਾਸ਼ਨ, 1977.

36. ਤਿਵਾਰੀ, ਭੋਲਾ ਨਾਥ (ਡਾ.), ਕਬੀਰ ਜੀਵਨ ਔਰ ਦਰਸ਼ਨ, ਇਲਾਹਬਾਦ, ਸਾਹਿਤ ਭਵਨ, 1978.

37. ਤ੍ਰਿਪਾਠੀ, ਰਾਮ ਮੂਰਤੀ, ਰਹੱਸਯਵਾਦ, ਦਿੱਲੀ, 1966.

38. ਦਯਾਲ, ਰਾਮੇਸ਼ਵਰ (ਡਾ.), ਮਧਯਯੁਗੀਨ ਕ੍ਰਿਸ਼ਨ-ਭਕਤੀ ਪਰੰਪਰਾ ਔਰ ਲੋਕ - ਸੰਸਕ੍ਰਿਤੀ, ਦਿੱਲੀ, ਪਾਂਡੁਲਿਪੀ ਪ੍ਰਕਾਸ਼ਨ, 1975.

39. ਦਿਨਕਰ, ਰਾਮਧਾਰੀ ਸਿੰਘ (ਡਾ.), ਸੰਸਕ੍ਰਿਤੀ ਕੇ ਚਾਰ ਅਧਿਆਇ, ਦਿੱਲੀ, ਰਾਜਪਾਲ ਐਂਡ ਸਨਜ਼, 1956.

40. ਦ੍ਵਿਵੇਦੀ, ਹਜ਼ਾਰੀ ਪ੍ਰਸ਼ਾਦ(ਡਾ.), ਕਬੀਰ, ਬੰਬਈ, ਹਿੰਦੀ ਗ੍ਰੰਥ, ਰਤਨਾਕਰ, 1960.

41. ਨਗੇਂਦ੍ਰ (ਡਾ.), ਕਾਵਯ ਬਿੰਬ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1967.

42. ਨਗੇਂਦ੍ਰ (ਡਾ.), ਰਸ ਸਿਧਾਂਤ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ 1974.

43. ਨਗੇਂਦ੍ਰ (ਡਾ.), ਵਿਚਾਰ ਔਰ ਵਿਵੇਚਨ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1974.

44. ਨਲਿਨ, ਜੈ ਨਾਥ (ਡਾ.), ਭਕਤੀ ਕਾਵਯ ਮੇਂ ਮਾਧੁਰਯ ਔਰ ਸਾਮਾਜਿਕ ਪਰਵੇਸ਼ ਮੇਂ ਉਸਕਾ ਮੂਲਿਆਂਕਣ, ਹਿਸਾਰ, ਲੇਖਕ, ਮਿਤੀਹੀਨ.

45. ਨਜ਼ੀਰ ਮੁਹੰਮਦ (ਡਾ.), ਕਬੀਰ ਕੇ ਕਾਵਯ ਰੂਪ ਅਲੀਗੜ੍ਹ, ਭਾਰਤ ਪ੍ਰਕਾਸ਼ਨ ਮੰਦਿਰ,1971.

46. ਪੌਰਾਣਕ ਕੋਸ਼, ਸੰਪਾ. ਰਾਣਾ ਪ੍ਰਸਾਦ ਸ਼ਰਮਾ, ਵਾਰਾਣਸੀ, ਗਿਆਨ ਮੰਡਲ ਲਿਮਟਿਡ, ਸੰਮਤ 2027.

47. ਪਾਂਡੇ, ਰਾਮ ਨਰਾਇਣ (ਡਾ.), ਭਕਤੀ ਕਾਵਯ ਮੇਂ ਰਹੱਸਯਵਾਦ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1966.

48. ਪਾਲੀ ਹਿੰਦੀ ਕੋਸ਼, ਸੰਪਾ. ਭਦੰਤ ਆਨੰਦ ਕੌਸਾਲਯਨ, ਦਿਲੀ, 1975.

49. ਬੜਥਵਾਲ, ਪੀਤਾਂਬਰ, (ਡਾ.), ਹਿੰਦ ਕਾਵਯ ਮੇਂ ਨਿਰਗੁਣ ਸੰਪਰਦਾਇ, ਅਨੁ: ਤਥਾ ਸੰਪਾ. ਪਰਸ਼ੁਰਾਮ ਚਤੁਰਵੇਦੀ ਤਥਾ ਭਗੀਰਥ ਮਿਸ਼ਰ, ਲਖਨਊ, ਅਵਧ ਪਬਲਿਸ਼ਿੰਗ, ਹਾਊਸ, ਮਿਤੀ ਹੀਨ।

50. ਬੇਰਾ, ਰਾਜਕਮਲ (ਡਾ.), ਸੰਵੇਦਨਾ ਔਰ ਸੌਂਦਰਯ, ਔਰੰਗਾਬਾਦ, ਨਿਮਿਤਾ ਪ੍ਰਕਾਸ਼ਨ, 1976.

51. ਬ੍ਰਜ ਕਾ ਇਤਿਹਾਸ, ਸੰਪਾ. ਸ੍ਰੀ ਕ੍ਰਿਸ਼ਣਦਤ ਵਾਜਪੇਈ, ਮਥੁਰਾ, ਅਖਿਲ ਭਾਰਤੀਯ ਬ੍ਰਜ ਸਾਹਿਤਯ ਮੰਡਲ, ਸ. 2015.

52. ਬ੍ਰਜ ਭਾਸ਼ਾ ਸੂਰ ਕੋਸ਼, ਸੰਪਾ. ਡਾ. ਪ੍ਰੇਮ ਨਾਰਾਇਣ ਟੰਡਨ, ਲਖਨਊ, ਹਿੰਦੀ ਵਿਭਾਗ, ਲਖਨਊ ਵਿਸ਼ਵਵਿਦਿਆਲਯ, ਮਿਤੀਹੀਨ।

53. ਭੰਡਾਰੀ, ਕਮਲਾ (ਡਾ.), ਹਿੰਦੀ ਕਾਵਯ ਔਰ ਸ਼ੈਵਮਤ ਕਾ ਪ੍ਰਭਾਵ, ਜੈਪੁਰ, ਪੰਚਸ਼ੀਲ ਪ੍ਰਕਾਸ਼ਨ, 1971.

54. ਮਹੇਂਦ੍ਰ, ਕਬੀਰ ਕੀ ਭਾਸ਼ਾ, ਦਿੱਲੀ, ਸ਼ਬਦਕਾਰ, 1969.

55. ਮੀਤਲ, ਮਿਥਿਲੇਸ਼ ਸ਼ਰਣ (ਡਾ.), ਨਿਰਗੁਣ ਸੰਪਰਦਾਇ ਕੇ ਕਵੀਓਂ ਮੇਂ ਮਧੁਰਾ ਭਕਤੀ, ਮਥੁਰਾ, ਰਾਮ ਸ੍ਰੀ ਪ੍ਰਕਾਸ਼ਨ, 1976-77.

56. ਮਜੀਠੀਆ, ਸੁਦਰਸ਼ਨ ਸਿੰਘ (ਡਾ.), ਸੰਤ ਸਾਹਿਤਯ, ਦਿੱਲੀ, ਕਮਲ ਪ੍ਰਕਾਸ਼ਨ, 1962.

57. ਮਧੁਰ, ਸ਼ਿਵਚਰਣ (ਡਾ.), ਬਿਹਾਰੀ ਸਤਸਈ ਮੇਂ ਬਿੰਬ-ਵਿਧਾਨ, ਮੇਰਠ, ਅਨੁ. ਪ੍ਰਕਾਸ਼ਨ, ਮਿਤੀਹੀਨ।

58. ਮਲਿਕ ਮੁਹੰਮਦ (ਡਾ.), ਵੈਸ਼ਣਵ ਭਕਤੀ ਅੰਦੋਲਨ ਕਾ ਅਧਿਅਨ, ਦਿਲੀ, 1974.

59. ਮਿਸ਼ਰ, ਜੈ ਰਾਮ (ਡਾ.), ਸ੍ਰੀ ਗੁਰੂ ਗ੍ਰੰਥ-ਦਰਸ਼ਨ, ਇਲਾਹਾਬਾਦ, ਸਾਹਿਤ ਭਵਨ, 1960.

60. ਮੈਕੈਂਜ਼ੀ, ਜੇ. ਐਸ., ਨੀਤੀ ਪ੍ਰਦੀਪਿਕਾ, ਦਿੱਲੀ, ਰਾਜਕਮਲ ਪ੍ਰਕਾਸ਼ਨ, 1964.

61. ਯਦੁਵੰਸ਼ੀ (ਡਾ.), ਸ਼ੈਵਮਤ, ਪਟਨਾ, ਬਿਹਾਰ ਭਾਸ਼ਾ ਪ੍ਰੀਸ਼ਦ, 1955.

62. ਰਾਘਵ, ਰਾਂਗੇਯ (ਡਾ.), ਭਾਰਤੀਯ ਸੰਤ ਪਰੰਪਰਾ ਔਰ ਸਮਾਜ, ਇਲਾਹਾਬਾਦ, ਕਿਤਾਬ ਮਹਲ, 1884 ਸ਼ਕਬਦ.

63. ਰਾਧਾ ਕ੍ਰਿਸ਼ਨਨ (ਡਾ.), ਜੀਵਨ ਕੀ ਅਧਿਆਤਮ ਦ੍ਰਿਸ਼ਟੀ, ਰੂਪਾਂ. ਕ੍ਰਿਸ਼ਨ ਚੰਦਰ, ਦਿੱਲੀ, ਰਾਜਕਮਲ ਪ੍ਰਕਾਸ਼ਨ, 1967.

64. (ਗੁਰੂ) ਰਾਮਦਾਸ ਵਾਣੀ, ਸੰ., ਪਿਆਰਾ ਸਿੰਘ ਪਦਮ, ਪਟਿਆਲਾ, ਭਾਸ਼ਾ ਵਿਭਾਗ, 1962.

65. ਲਾਲੀ, ਜਸਵੰਤ (ਡਾ.), ਆਦਿ ਗ੍ਰੰਥ ਮੇਂ ਸੰਕਲਿਤ ਗੁਰੁਬਾਣੀ ਮੇਂ ਬਿੰਬ-ਵਿਧਾਨ ਕਾ ਮੂਲ-ਯਾਂਕਨ (ਅਣਪ੍ਰਕਾਸ਼ਿਤ ਥੀਸਿਸ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1971.

<u>ਪਤ੍ਰਿਕਾ</u>

ਲੋਕ ਸੰਸਕ੍ਰਿਤੀ ਵਿਸ਼ੇਸ਼ਾਂਕ (ਸੰਮੇਲਨ-ਪਤ੍ਰਿਕਾ) ਸੰਪਾ. ਸ੍ਰੀ ਰਾਮਨਾਥ 'ਸੁਮਨ', ਪ੍ਰਯਾਗ, ਹਿੰਦੀ ਸਾਹਿਤ ਸੰਮੇਲਨ, 1973.

## ENGLISH


1. Avtar Singh (Dr.) Ethics of Sikhs, Unpublished Ph.D. Thesis, Chandigarh, Panjab University, 1966.
2. Augustnis, Frederick, The emperor Akbar Trans.Annette S. Beveridge, Vol. I, Patna, Academica Asiatica, 1973.
3. Bagi, Jagjit Singh, A critical study of Imagery in Adi-Granth, unpublished Ph.D. Thesis, Chandigarh, Panjab University, 1977.
4. Bannerjee, Anil Chandra, Guru Nanak and His Times, Patiala, Punjabi University, 1971.
5. Bradley, F.H., Appearance and Reality-A Metaphysical essay, London Oxford University, 1955.
6. Broglie, Louis De., Physics and Microphysics, Trans. Martin Davidson, New York, Pantheon, 1955.
7. Chabra, G.S., The Advanced study in theHistory of Panjab, Vol.I, Ludhiana, Parkashan, no date.
8. Chatterji, Suniti Kumar, Indo-Aryan and Hindi-Eight Lectures Ahmdabad, Gurarat Vernacular Society, 1942.
9. Chopra Pran Nath, Social Life during the Moghul Age,Agra, Shiv Lall and Co., 1963.
10. Cunningham, Joseph Pavey, A History of the Sikhs, Delhi, S. Chand and Co., 1955.
11. Das Gupta, S.N. Hindu Mysticism, New York, Frederick Ungar Publishing co.,1959.
12. Dewan Singh (Dr.), Mysticism of Guru Nanak,unpublished Ph.D. Thesis, Chandigarh, Panjab University, 1973.
13. Dictionary of the History of Ideas, (ed.)Philip P.Wiener, V.III, New York, Charles Scribner's Sons, 1973.

14. Eliot, T.S., Selected Prose,(ed.),John Hayward, Panguin Books, Reprint, 1965.

15. Encyclopaedia Britanica, Vol.XIV, XVI London, Encyclopaedia Britannica, Lt., 1959.

16. Encyclopaedia of Philosophy, Vol V, New York,Macmillan,1967

17. Encyclapeadia of Religion and Ethics, Vol.IX, Vol.IX, Edinburgh, T. and T. Clark, 1961.

18. Flugel, J.C., Man, morals and Society, Harmondsworth, Penguin books, 1962.

19. Farquchar, J.N. An Outlines of Religions literature of India, Delhi, Moti Lal, Bnarsi Das, 1967.

20. Greenless, Duncan, The Gospel of the Guru Granth, Madras, Theosophical Publishing house, 1952 & 1968.

21. Grewal, J.S. (Dr.), From Guru Nanak to Maharaja Ranjit Singh (Essys in Sikh History), Amritsar, Guru Nanak University, 1972.

22. Gurrey, P. The Appreciation of Poetry, Oxford University, Press, 1968.

23. Guru Granth Ratnavali, Panjabi University, Patiala,no date.

24. Heideggar, Martin, Kant and the Problem of Metaphysics, trans. James S. Churchill, Bllomington and London,1972.

25. Holden, Edward S., The Moughal Emperors of Hinduism, Delhi, Metropolitan Book co., PVt. Ltd., 1975.

26. Hussain, Yousuf., Glimpses of medieval Indian Culture, Bombay, Asia Publication House, 1962.

27. Chamber's Encyclopaedia, Vol.IX, New York,Pergamon Press,1959

28. Collier's Encyclopaedia, Vol. XIV, New York, P.F. Collier and son Corporation, 1959.

29. Inge,William Ralph,Christian Mysticism,London,Methuen,1948.

30. James, William, The varieties of Religions Experience, London, Longmans, green and co.,1952.

31. Jordon, E., The Good Life Chicago, The University of Chicago Press, 1949.

32. Kennick, W.E., and Lazerowitz, Morris.,Metaphysics, New Jersey, Englewood Cliffs, Printice Hall, Inc., 1966.

33. Khan, Mohammad, Walihllah Khan, Sikh Shrines in West Pakistan, Department of Archeology, Ministry of Education and information, Govt. of Pakistan, 1962.

34. Khazan Singh, History of the Sikh Religion, Patiala,Department of Languages, 1970.

35. Khazan Singh, Philosophy of the Sikh Religion, Patiala Department of Languages, 1970.

36. Khushwant Singh, A History of the Sikhs (1469-1839), Vol.I, New Jersey Princeton University Press, 1963.

37. Kohli, Surinder Singh (Dr.), A Critical Study of Adi-Granth, New Delhi, Panjabi Writers Co-operative Industrial Society Ltd., 1961.

38. Kohli, Surinder Singh (dr), Philosophy of Guru Nanak, Chandigarh, Panjab University Publication Bureou, 1969.

39. Kohli, Surinder Singh(Dr.), Outlines of Sikhs Thought, New Delhi, Panjab Parkashak, 1969.

40. Latif, Syad Mohmmad, History of Panjab, New Delhi, Eurasia Publishers, 1964.

41. Lewis, C.D., the Poetic Image, London, Jonathan Cape, Thirty Redford Square, 1958.

42. Lewis, C.D. The lyric Impulse, London, Chalto Windus,1965.

43. Macaullife, Max Arthur, The Sikh Religion Vol.II, New Delhi, S.Chand and Co. Ram Na ar, 1967.

44. Maritain, Jacques, Approaches to God, London, Macmillan and co. ltd. St. Martin's street, No date.

45. Mohan Singh (Dr)., An Introduction to Panjabi Literature, Amritsar, Nanak Singh Pustakmala, 1951.

46. M. Gregor, W.L., History of Sikhs, London Madden, 1846.

47. Moreland, W.H., From Akbar to Aurangzeb, New Delhi, Oriental Reprint, 1972.

48. Mukerjee, Radha Kamal (Dr.), The Dynamics of Morals, London, Macmillan and Co. Ltd. St. Martin Street, No date.

49. Narain Singh, Guru Nanak and his Images, Amritsar, Author, 197

50. Narang, Gokal Chand, Transformation of Sikhism, New Delhi, New Book Society of India, 1956.

51. Nelson, Leonard, System of Ethics Trans. Norbert Guterman, New Haven, Yale University Ganterman Press, 1956.

52. Nijjar, Bakhshish Singh, Panjab under the Great Mughals (1526-1707 A.D), Bombay, Thacker and co., 1968.

53. Pandit, M.P., Sri Aurbindo-Studies in Ethics in light of his thought, Pondicherry, Aurbindo Asharam, 1961.

54. Philosophy, ed. Hirst. R.J., London Routledge and Kgan Paul, 1968.

55. Prabhavananda, Swami, Religion in Practice, Londo. Allen and Unwin, 1968.

56. Princeton Encyclopeadia of Poetry and Poetics, d. Alex Preminger, New York, Princeton University Pre. 1975.

57. Ray, Niharranjan The Sikh Gurus and the Sikh ociety, Patiala, Punjabi University, 1970.

58. Russel, Bertrand, Our Knowledge of the Extnal World, London George Allen and Unwin Ltd., 1949.

59. Russel, Bertrand, Mysticism and Logic and Other Essays, London, George Allen and Unwin Ltd., 1951.

60. Russel, Bertrand, The Analysis of Matter, London, George Allen and Unwin Ltd., 1954.

61. Russel, Bertrand, The Analysis of Mind, London, George Allew nd Unwing Ltd., 1956.

62. Self, Religion and Metaphysics, ed. Myers, G.E. New York, Macknillan, 1961.

63. Spratt., P., Hindu Culture and Personality a Psycho analytic study, Bombay, Manaktalas, 1966

64. Sullinan, J.W.N., The Limitations of Science, New York, Mentor Book Publication, 1952.

65. Taran Singh (Dr.), The Ideal man of the Guru Granth, Patiala, Punjabi, University, 1966.

66. Tyyler, A.E., Elements of Metaphysics, London, Methuen, 1946

67. The Concise Encyclopedia of English and Ameraican Poets and Poetry, London, Hutchinson, 1970.

68. The Cultural Heritage of India, Vol. I, Calcutta, The Rama Krishna Mission, Institute of Culture, 1958.

69. The metaphysical foundations fo Modern Science, ed., Burtt, E.A., London Routledge, 1959.

70. [redacted] The Range of Literature, ed. Schneyder, Elisabeth, etc. al, New York, AmericanBook Company, 1960.

71. Sri Aurbindi, Collected Works Pondicherry, Shri Aurbindo Ashram, 1971.

72. Sri Gurugranth Sabib (English Version) Vol.I, Trans. Dr. Gopal Singh, Delhi, Gurdas Kapur and Sons Pvt., Ltd., 1960.

73. Underhill Elwin, Mysticims, New York, Dutton, no date.

74. Vivekanand, Swami, Complete works, Vol. I, Calcutta, Advaita Ashram, 1972.

75. World University Encyclopaedia, Vol. X, New York, Books, Inc. 1969.

....**..**....